ਹਰਨਾਮ ਦਾਸ ਸਹਿਰਾਈ

ਲੋਹ ਗੜ੍ਹ



LOHGARH (in Punjabi)

Harnam Das Sehrai

ਲੋਹਗੜ੍ਹ

ਹਰਨਾਮ ਦਾਸ ਸਹਿਰਾਈ

ਸਾਲ : 1988

ਕਾਪੀਆਂ : 5,000

ਮੁੱਲ : — ਰੁਪਏ — ਪੈਸੇ

Rs. 12—20

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

ਛਾਪਕ : ਸਵਿਫਟ ਪ੍ਰਿੰਟਿੰਗ ਪ੍ਰੈਸ, ਜਲੰਧਰ ਸ਼ਹਿਰ

ਰਾਹੀਂ : ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ, ਚੰਡੀਗੜ੍ਹ

ਸਰਨਾਵੇਂ

ਜਨਮ

11 ਅਪ੍ਰੈਲ, 1920 ਨੂੰ ਰਾਜਾਸਾਂਸੀ ਜ਼ਿਲ੍ਹਾ ਅੰਮ੍ਰਿਤਸਰ ।

ਸਭ ਤੋਂ ਪਹਿਲਾਂ ਮੇਰੇ ਅਭੋਲ ਕੰਨਾ ਨੇ ਜਲ੍ਹਿਆਂ ਵਾਲੇ ਬਾਗ਼ ਦੇ ਖ਼ੂਨੀ ਸਾਕੇ ਦੀਆਂ ਕਹਾਣੀਆਂ ਸੁਣੀਆਂ ।

ਮਿਡਲ ਤਕ ਸਨਦ ਹਾਸਲ ਕੀਤੀ ਤੇ ਫੇਰ ਪਤਾ ਨਹੀਂ ਕਿੰਨੀ ਵਾਰ ਘੁੰਮ ਫਿਰ ਕੇ ਬੀ. ਏ. ਤੇ ਐਮ. ਏ ਦੀਆਂ ਡਿਗਰੀਆਂ ਲਈਆਂ ।

ਜੀ ਭਰ ਕੇ ਮਜ਼ਦੂਰੀ ਕੀਤੀ ਤੇ ਭੁੱਖੇ ਰਹਿ ਕੇ ਵੀ ਆਨੰਦ ਮਾਣਿਆ ਤੇ ਹੁਣ ਕਾਰਖਾਨਾ ਲਗਾ ਕੇ ਵੀ ਦੇਖ ਲਿਆ ।

ਜੋ ਸੁਖ ਛਜੂ ਦੇ ਚੁਬਾਰੇ, ਉਹ ਬਲਖ ਨਾ ਬੁਖਾਰੇ ।

ਮੈਨੂੰ ਲਾਹੌਰ ਤੇ ਲਾਇਲਪੁਰ ਦੀ ਧਰਤੀ ਨਾਲ ਅਜੇ ਵੀ ਇਸ਼ਕ ਹੈ । ਸਿੱਖਾਂ ਨਾਲੋਂ ਉਹਨਾਂ ਦੇ ਜੋਧਿਆਂ ਨਾਲ ਬੇ-ਹੱਦ ਪਿਆਰ ਹੈ ਜਿਨ੍ਹਾਂ ਨੇ ਪੰਜਾਬ ਨੂੰ ਜੀਉਣਾ ਸਿਖਾਇਆ ।

ਸਹਿਰਾਈ ਦਾ ਕਥਨ ਹੈ :—

''ਮੈਨੂੰ ਸਾਜ਼ਿਓ ਝਨਾ ਦੇ ਕੰਢੇ ਰੰਗਾ ਦਾਨ ਮੰਗਾਦੀ ।''

ਜੈ ਜੈ ਗੁਦਾਵਰੀ

ਗੁਦਾਵਰੀ ਦੇ ਤਟ ਤੇ ਭਾਵੇਂ ਰੋਜ਼ ਮੇਲੇ ਲਗਦੇ ਹਨ, ਪਰ ਸ਼ਿਵਰਾਤ੍ਰੀ ਦੇ ਦਿਨ ਜਿਹੜਾ ਮੇਲਾ ਗੁਦਾਵਰੀ ਦੇ ਕੰਢੇ ਭਰਦਾ ਹੈ, ਉਹ ਕੋਈ ਗੁੱਝਾ ਛਿਨ੍ਹਾ ਨਹੀਂ। ਦੱਖਣ ਦੇਸ ਦੇ ਬੱਚੇ ਬੱਚੇ ਦੀ ਜ਼ਬਾਨ ਤੇ ਇਸ ਮੇਲੇ ਦੇ ਚਰਚੇ ਗੂੰਜਦੇ ਹਨ। ਬੁੱਢੇ ਤੇ ਜਵਾਨ ਇਸ ਮੇਲੇ ਦਾ ਨਾਂ ਸੁਣ ਕੇ ਨੱਚਣ ਲੱਗ ਪੈਂਦੇ ਹਨ। ਉਹਨਾਂ ਅੰਦਰ ਮੇਲੇ ਦਾ ਚਾਅ ਚੂੰਢੀਆਂ ਵੱਢਦਾ ਹੈ। ਮੁਟਿਆਰਾਂ ਬਣ ਠਣ ਬਹਿੰਦੀਆਂ ਹਨ। ਸਾਰੇ ਸਾਲ ਵਿਚ ਇਕ ਦਿਨ ਹੀ ਤਾਂ ਮੇਲਾ ਵੇਖਣਾ ਹੈ। ਜੀਵਨ ਵਿਚ ਕੋਈ ਕਿੰਨੇ ਕੁ ਮੇਲੇ ਵੇਖ ਲਵੇਗਾ ?

ਅੱਧੀ ਰਾਤ ਤੋਂ ਮੇਲਾ ਭਰ ਰਿਹਾ ਸੀ। ਗੁਦਾਵਰੀ ਦੀਆਂ ਲਹਿਰਾਂ ਵਿਚ ਜਿਵੇਂ ਨੱਚਣ ਦਾ ਚਾਅ ਕੁੱਤ-ਕਤਾਰੀਆਂ ਕੱਢ ਰਿਹਾ ਹੋਵੇ, ਉਹ ਵੀ ਸ਼ਾਇਦ ਝਾਂਜਰਾਂ ਪਾਉਣ ਦੀਆਂ ਤਿਆਰੀਆਂ ਕਰ ਰਹੀ ਸੀ। ਮੇਲੇ ਤੇ ਜੋਬਨ ਆ ਰਿਹਾ ਸੀ। ਆਕੜ ਆਕੜ ਚਲਣ ਵਾਲੀਆਂ ਲਹਿਰਾਂ ਇਸ ਤਰ੍ਹਾਂ ਮੱਧਮ ਪੈ ਰਹੀਆਂ ਸਨ, ਜਿਸ ਤਰ੍ਹਾਂ ਇਕ ਤਾਰੇ ਦੀ ਲੋ ਨੇ ਉਹਨਾਂ ਨੂੰ ਲਟ-ਬਾਵਰਾ ਕਰ ਦਿੱਤਾ ਹੋਵੇ ਜਾਂ ਫਿਰ ਸੋਮ ਰਸ ਦੇ ਨਸ਼ੇ ਵਿਚ ਝੂਮ ਰਹੀਆਂ ਹੋਣ। ਨੀਲ-ਕੰਠ (ਸ਼ਿਵ ਸ਼ੰਕਰ) ਦੇ ਮੰਦਰ ਨਾਲ ਲਹਿਰਾਂ ਖਹਿ ਰਹੀਆਂ ਸਨ ਇਸ ਲਈ ਉਹਨਾਂ ਦੇ ਧਤੂਰੇ ਤੇ ਭੰਗ ਦੇ ਨਸ਼ੇ ਦਾ ਜਾਦੂ ਸਿਰ ਚੜ੍ਹ ਕੇ ਬੋਲ ਰਿਹਾ ਸੀ। ਪਰ ਕਦੀ ਕਦੀ ਉਹ ਲਹਿਰਾਂ ਭੂਤਰੇ ਬੋਲਦ ਵਾਂਗ ਮਰਮਸਤੀ ਕਰਨ ਲੱਗ ਪੈਂਦੀਆਂ, ਜਿਵੇਂ ਨੰਦੀ ਦਾ ਰੂਪ ਲਹਿਰਾਂ ਵਿਚ ਪ੍ਰਵੇਸ਼ ਕਰ ਰਿਹਾ ਹੋਵੇ। ਲਹਿਰਾਂ ਕਦੀ ਮਸਤ ਸੁਰ ਦੀ ਲੈ ਵਿਚ ਗਾਉਂਦੀਆਂ ਜਾਂਦੀਆਂ ਤੇ ਕਦੀ ਕੰਨ ਪਾੜ ਅਲਾਪ ਕਰਨ ਵਿਚ ਰੁਝ ਪੈਂਦੀਆਂ। ਗੁਦਾਵਰੀ ਅੱਜ ਮੈਨੂੰ ਆਪਣੀ ਸੁਧ ਵਿਚ ਨਹੀਂ ਸੀ ਜਾਪਦੀ। ਮੇਲੇ ਦਾ ਚਾਅ ਉਹਦੇ ਪੈਰਾਂ ਵਿਚ ਘੁੰਗਰੂ ਪਾ ਰਿਹਾ ਸੀ। ਝਾਂਜਰਾਂ ਛਨਕਣ ਤੇ ਧਰਤੀ ਝੂਮ ਜਾਵੇ, ਪਰ ਵਿਚਾਰੇ ਯਾਤਰੀਆਂ ਦਾ ਕੀ ਬਣੇ ? ਗੁਦਾਵਰੀ ਨੱਚਣਾ ਨਹੀਂ ਸੀ ਚਾਹੁੰਦੀ ਆਸਾਵਰੀ ਦੀ ਲੈ ਦੇ ਅਲਾਪ ਤੇ ਉਹਦਾ ਮਨ ਰੀਝ ਪੈਂਦਾ ਤੇ ਯਾਤਰੀ ਆਪਣੀ ਧੁਨ ਵਿਚ ਨੱਚਦੇ ਗਾਉਂਦੇ ਕੋਲ ਦੀ ਲੰਘਦੇ ਜਾਂਦੇ ਤੇ ਉਹਨਾਂ ਦੇ ਬੋਲ ਗੂੰਜਦੇ "ਮੈਂ ਤੌ ਰਾਮ ਨਾਮ ਧਰ ਧਾਊਂ।"

ਗੁਦਾਵਰੀ ਸ਼ਹਿਦ-ਸੀ ਜਾਂ ਮਿਕਨਾਤੀਸ, ਮੈਂ ਕੁਝ ਨਾ ਜਾਣ ਸਕਿਆ। ਯਾਤਰੀ ਉਹਦੇ ਵੱਲ

ਇਸ ਤਰ੍ਹਾਂ ਖਿੱਚੇ ਆਉਂਦੇ ਸਨ, ਜਿਸ ਤਰ੍ਹਾਂ ਲੋਹਾ ਮਿਕਨਾਤੀਸ ਵੱਲ ਤੇ ਮੱਖੀਆਂ ਸ਼ਹਿਦ ਵੱਲ। ਮੇਲੇ ਦੀ ਲਗਨ ਤੇ ਸ਼ਿਵ-ਭਗਤੀ ਉਹਨਾਂ ਦੇ ਕਦਮਾਂ ਵਿਚ ਫੁਰਤੀ ਭਰ ਰਹੀ ਸੀ ਤੇ ਯਾਤਰੀ ਜੁੱਟ ਰਹੇ ਸਨ। ਜਿਸ ਤਰ੍ਹਾਂ ਮੁਟਿਆਰ ਦੀ ਪਾਇਲ ਦੀ ਛਣਕਾਰ ਅਖਾੜੇ ਵਿਚ ਆਪਣੇ ਹਾਣੀਆਂ ਨੂੰ ਲਲਕਾਰੇ ਤੇ ਉਹ ਘਰੋਂ ਹੀ ਭੰਗੜਾ ਪਾਉਣ ਲੱਗ ਪੈਣ ਤੇ ਨੱਚਦੇ ਨੱਚਦੇ ਗਿੱਧੇ ਦੇ ਪਿੜ ਵਿਚ ਜਾ ਪੁੱਜਣ, ਘੁੰਗਰੂਆਂ ਦੀ ਛੈਣਕਾਰ ਤੇ ਅੱਡੀ ਦੀ ਤਾਲ ਮੁਟਿਆਰਾਂ ਦੇ ਨਾਚ ਨਾਲ ਇਕ-ਸੁਰ ਹੋ ਜਾਣ। ਮੁਟਿਆਰਾਂ ਦੀ ਟੋਲੀ ਗਿੱਧੇ ਦਾ ਸ਼ਿੰਗਾਰ ਬਣ ਜਾਵੇ। ਇਸ ਤਰ੍ਹਾਂ ਯਾਤਰੀ ਗੁਦਾਵਰੀ ਲਈ ਸ਼ਿੰਗਾਰ ਸਨ। ਗਹਿਣਿਓਂ ਬਗੈਰ ਸੁੰਦਰੀ ਤੇ ਯਾਤਰੀਆਂ ਬਿਨਾਂ ਤੀਰਥ ਸ਼ੋਭਾ ਨਹੀਂ ਦੇਂਦਾ।

ਗੁਦਾਵਰੀ ਇਕ ਨਦੀ ਦਾ ਨਾਂ ਹੈ ਜਿਹੜੀ ਦੱਖਣ ਦੇਸ਼ ਵਿਚ ਪਵਿੱਤਰਤਾ ਲਈ ਪ੍ਰਸਿੱਧ ਹੈ। ਭਾਵੇਂ ਜਲ ਸਾਰੀਆਂ ਨਦੀਆਂ ਦਾ ਪਵਿੱਤਰ ਹੁੰਦਾ ਹੈ ਪਰ ਤਪਸਵੀਆਂ ਦੀ ਭਗਤੀ ਨੇ ਗੁਦਾਵਰੀ ਨੂੰ ਉੱਤਮ ਪਦਵੀ ਬਖਸ਼ ਦਿੱਤੀ ਹੈ, ਜਿਸ ਤਰ੍ਹਾਂ ਗੰਗਾ ਤੇ ਜਮਨਾ ਦੂਜੀਆਂ ਨਦੀਆਂ ਵਿਚੋਂ ਸਿਰਕੱਢ ਤੇ ਪਵਿੱਤਰ ਮਨੀਆਂ ਜਾਂਦੀਆਂ ਹਨ।

ਦੱਖਣ ਦੇਸ਼ ਦੇ ਸਾਰੇ ਤੀਰਥ ਗੁਦਾਵਰੀ ਦੇ ਕੰਢੇ ਤੇ ਹਨ। ਥੰਕੇਸ਼ਵਰ ਤੋਂ ਲੈ ਕੇ ਨਾਸਕ ਤਕ ਤੇ ਨਾਸਕ ਤੋਂ ਲੈ ਕੇ ਨਾਂਦੇੜ ਦੱਖਣ ਤੱਕ ਇਹ ਪਤਿਤ ਪਾਵਨ ਗੰਗਾ ਮਈਆ ਯਾਤਰੀਆਂ ਦਾ ਦਿਲ ਖਿੱਚ ਲੈਂਦੀ ਹੈ। ਮ੍ਰਿਗ ਨੈਣੀ ਦੇ ਯਾਤਰੀਆਂ ਲਈ ਤੇ ਕਿਸਾਨਾਂ ਲਈ ਜਨਮ ਦਾਤੀ। ਇਹ ਯਾਤਰੀਆਂ ਨੂੰ ਨਿਰਵਾਨ, ਸ਼ਕਤੀ ਤੇ ਪਵਿੱਤਰਤਾ ਦਾ ਦਾਨ ਦੇਂਦੀ ਹੈ ਤੇ ਕਿਸਾਨਾਂ ਨੂੰ ਅੰਨ, ਜਿਸ ਦੇ ਆਸਰੇ ਸੁਆਸਾਂ ਦੀ ਮਾਲਾ ਘੁੰਮਦੀ ਹੈ।

ਨਾਂਦੇੜ ਦੀ ਧਰਤੀ ਅਜ ਯਾਤਰੀਆਂ ਨਾਲ ਭਰੀ ਹੋਈ ਸੀ ਜਿਵੇਂ ਜਾਲ ਨੇ ਮੱਛੀਆਂ ਨੂੰ ਨੱਥ ਕੇ ਰੱਖਿਆ ਹੋਵੇ, ਇਵੇਂ ਗੁਦਾਵਰੀ ਨੇ ਯਾਤਰੀਆਂ ਦੇ ਨੱਕ ਵਿਚ ਨਕੇਲ ਪਾਈ ਹੋਈ ਸੀ। ਗਹਿਮਾ ਗਹਿਮ ਕਰਦੇ ਯਾਤਰੀ ਨਾਂਦੇੜ ਦੀ ਧਰਤੀ ਤੇ ਇਸ ਤਰ੍ਹਾਂ ਵੱਧ ਰਹੇ ਸਨ ਜਿਵੇਂ ਤੂਫ਼ਾਨ ਦੀਆਂ ਲਹਿਰਾਂ ਦੇ ਕਾਫ਼ਲੇ ਦਾ ਜੋਸ਼।

ਨਾਂਦੇੜ ਤੀਰਥ ਅਸਥਾਨ ਹੈ। ਇਥੇ ਉਨੇ ਲੋਕ ਨਹੀਂ ਰਹਿੰਦੇ ਜਿੰਨੇ ਦੇਵਤੇ ਵਸਦੇ ਹਨ। ਜ਼ਮਾਨੇ ਦਾ ਰੁਖ ਬਦਲਿਆ, ਭਾਵੀ ਦੇ ਚੱਕਰ ਨੇ ਮਾਲਾ ਦੇ ਮਣਕੇ ਉਲਟੇ ਫੇਰਨੇ ਸ਼ੁਰੂ ਕਰ ਦਿੱਤੇ। ਮੰਦਰ ਵਿਚੋਂ ਸੰਖਾਂ ਦੀ ਗੂੰਜ ਦਾ ਗਲ ਘੁੱਟ ਦਿੱਤਾ ਗਿਆ। ਸੰਖਾਂ ਦੀ ਜ਼ਬਾਨ ਸੰਘ ਵਿਚੋਂ ਖਿੱਚੀ ਗਈ। ਕੰਨ ਵਿਚੋਂ ਸੁਰ ਦੀ ਲੈ ਨੂੰ ਹਲਾਲ ਕੀਤਾ ਗਿਆ ਤੇ ਪੁਜਾਰੀਆਂ ਨੇ ਚੂੰ ਨਾ ਕੀਤੀ। ਉਨ੍ਹਾਂ ਦੇ ਤਿਲਕਾਂ ਵਿਚ ਮਹਿਰਾਬਾਂ ਦੇ ਚਿਟਾਕ ਚਮਕ ਉਠੇ, ਜਿਵੇਂ ਸਵਰਨ ਦੀ ਮੁੰਦਰੀ ਵਿਚ ਸਿੱਕੇ ਦਾ ਨਗ। ਆਰਤੀ ਅਜ਼ਾਨ ਦੀ ਜ਼ਬਾਨ ਵਿਚ ਗੂੰਜੀ ! ਮੰਦਰਾਂ ਮਸੀਤਾਂ ਦਾ ਬੁਰਕਾ ਪਾ ਲਿਆ ਪਰ ਅਜੇ ਵੀ ਸ਼ਿਵ ਮੰਦਰ ਗੁਦਾਵਰੀ ਦੀ ਹੱਦ ਵਿਚ ਉਸੇ ਤਰ੍ਹਾਂ ਖੜਾ ਸੀ। ਪਵਿੱਤਰ ਭਗਤੀ ਦੇ ਬਲ-ਬੋਤੇ ਦੇ ਜ਼ੋਰ ਨਾਲ ਪੁਜਾਰੀ ਗ਼ੁਲਾਮ ਹੋ ਗਏ ਸਨ, ਲਕਸ਼ਮੀ ਦੇ। ਉਹ ਤਿਆਗੀ ਰਾਮ ਨਹੀਂ ਸਨ ਰਹੇ ਸਗੋਂ ਵਿਸ਼ਨੂੰ ਦੀ ਪਦਵੀ ਦੇ ਸੁਪਨੇ ਦੇਖ ਰਹੇ ਸਨ।

—ਦੁਨੀਆਂ ਵਿਚ ਹਰ ਕੋਈ ਵਿਸ਼ਨੂੰ ਬਣਨਾ ਚਾਹੁੰਦਾ ਹੈ, ਲਕਸ਼ਮੀ ਉਹਦੇ ਘਰ ਦੀ ਅਰਧੰਗਣੀ ਬਣ ਕੇ ਰਹੇ, ਉਹ ਰੰਗ ਰਲੀਆਂ ਮਾਣਦਾ ਰਹੇ, ਗੋਪੀਆਂ ਸੰਗ ਕਾਹਨ ਬਣ ਕੇ। ਤਿਆਗੀ ਦਾ ਇਸ ਦੁਨੀਆਂ ਵਿਚ ਕੋਈ ਟਿਕਾਣਾ ਨਹੀਂ, ਦੁਨੀਆਂ ਠੂੰਗੇ ਮਾਰ ਮਾਰ ਕੇ ਗੰਜਾ ਕਰ ਦੇਂਦੀ ਹੈ, ਪਰ ਉਹ ਉੱਚੀ ਸਾਹ ਨਹੀਂ ਲੈ ਸਕਦਾ'' ਗੁਪਾਲਨ ਇਕ ਯਾਤਰੀ ਨੂੰ ਕਹਿ ਰਿਹਾ ਸੀ।

—ਮੇਲਾ ਭਰ ਰਿਹਾ ਸੀ, ਯਾਤਰੀ ਹੜ੍ਹ ਵਾਂਗੂ ਅੱਗੇ ਵਧ ਰਹੇ ਸਨ। ਭੀੜ ਨਾਲ ਦਮ ਘੁੱਟਣ ਦਾ ਪੈਰ ਪੈਰ ਤੇ ਡਰ ਸੀ, ਪਰ ਯਾਤਰੀ ਮਾਰੋ-ਮਾਰ ਕਰਦੇ ਗੁਦਾਵਰੀ ਵਲ ਵਧ ਰਹੇ ਸਨ। ਤੂਫ਼ਾਨ ਦੀਆਂ ਲਹਿਰਾਂ ਜਿਸ ਤਰ੍ਹਾਂ ਧਰਤੀ ਦੀ ਹਿੱਕ ਤੇ ਖਿੱਲਰ ਜਾਣ।

—''ਅਜੇ ਤਕ ਕੀ ਜਲ ਵੀ ਨਹੀਂ ਚੜ੍ਹਾ ਸਕਿਆ ? ਅਸ਼ਕੇ ਈ, ਓ ਜਵਾਨਾਂ ! ਚੌਰ ਪੂਰੀਆਂ ਪਾਏਂਗਾ। ਮੁਗਲਾਂ ਦੀ ਫੌਜ ਵਿਚ ਭਰਤੀ ਹੋ ਕੇ। ਛੱਡ ਓਏ ਸੂਰਮਿਆਂ, ਕਿਉਂ ਬਣੀ ਬਣਾਈ ਇੱਜ਼ਤ ਨੂੰ ਖੂਹ ਵਿਚ ਪਾਉਣ ਲੱਗਾ ਏਂ ? ਭੈ ਬਣਿਆ ਰਹਿਣ ਦੇ, ਨਿੱਘਰਿਆ ?'' ਰੇਡੀ ਨੇ ਗੁਪਾਲਨ ਨੂੰ ਆਖਿਆ।

—''ਅੱਜ ਕਿਸੇ ਦੀ ਜਾਹ ਥੋੜ੍ਹੀ ਏ ਕਿ ਮੰਦਰ ਤਕ ਪੁਜ ਜਾਵੇ। ਸਾਰੇ ਯਾਤਰੀ ਕਿਤੇ ਤਿੰਨਾਂ ਦਿਨਾਂ ਵਿਚ ਜਲ ਚੜ੍ਹਾ ਸਕਣਗੇ। ਮੇਲਾ ਕੋਈ ਮੁਟਿਆਰਾਂ ਦਾ ਪਿੜ ਨਹੀਂ ? ਅੱਜ ਤਾਂ ਏਥੇ ਵੱਡਿਆਂ ਵੱਡਿਆਂ ਦੀ ਫਟਕੜੀ ਫੁੱਲ ਹੋ ਜਾਂਦੀ ਏ, ਅਸੀਂ ਕੀਹਦੇ ਪਾਣੀ ਹਾਰ ਹਾਂ। ਵੱਡੇ ਵੱਡੇ ਖ਼ਾਨਾਂ ਦੀਆਂ ਘੋੜੀਆਂ ਚੌਂਕ ਤੋਂ ਪਰੇ ਹੀ ਰੁਕੀਆਂ ਹੋਈਆਂ ਹਨ। ਮੰਦਰ ਤੇ ਪੁੱਜਣਾ ਬਦਰੀ ਨਾਥ ਦੀ ਯਾਤਰਾ ਤੋਂ ਘਟ ਨਹੀਂ। ਅਣ-ਗਿਣਤ ਆਦਮੀਆਂ ਦੇ ਵਿਚ ਦੀ ਲੰਘ ਕੇ ਜਲ ਚੜ੍ਹਾਉਣਾ ਏ। ਜਣੇ ਖਣੇ ਦਾ ਕੰਮ ਥੋੜ੍ਹਾ ਏ ? ਤੂੰਏਂ ਹੋ ਖਾਂ ਵੱਡਾ ਰੁਸਤਮ ਪਹਿਲਵਾਨ ! ਜ਼ਰਾ ਵੇਖ ਤੇ ਸਹੀ ਜਲ ਚੜ੍ਹਾ ਕੇ ?'' ਗੁਪਾਲਨ ਨੇ ਰੇਡੀ ਨੂੰ ਤਾਹਨੇ ਭਰੀ ਟੋਨ ਵਿਚ ਆਖਿਆ।

ਰੇਡੀ ਦੇ ਮਥੇ ਤੇ ਗੁਸੇ ਨਾਲ ਤਿਊੜੀਆਂ ਪੈ ਰਹੀਆਂ ਸਨ। ਫਿਕੀਆਂ ਤਿਊੜੀਆਂ, ਬੁਜ਼ਦਿਲ ਗੁਸਾ ਜਿਵੇਂ ਅਣਖ ਦੀ ਰੱਸੀ ਸੜ ਗਈ ਹੋਵੇ ਤੇ ਉਸ ਦੀ ਆਕੜ ਦੇ ਵਲ ਅਜੇ ਵੀ ਵਿਸ ਘੋਲ ਰਹੇ ਹੋਣ। ਸੜੀ ਹੋਈ ਰੱਸੀ ਦੇ ਵੱਟ ਵਾਂਗ ਤਿਊੜੀਆਂ ਉਭਰ ਉਭਰ ਰਹੀਆਂ ਸਨ। ਰੇਡੀ ਦਾ ਚਿਹਰਾ ਲਾਲ ਪੀਲਾ ਹੋ ਰਿਹਾ ਸੀ। ਖ਼ੂਨ ਦਾ ਉਤਾਰ ਚੜ੍ਹਾ ਗੁੱਸੇ ਵਿਚ ਉਬਾਲੇ ਖਾਣ ਲਗ ਪਿਆ। ਪਰ ਯਾਤਰੀਆਂ ਦਾ ਹਜੂਮ ਵੇਖ ਕੇ ਉਨ੍ਹਾਂ ਦੀ ਕਮਰ ਦੇ ਫੀਤੇ ਢਿੱਲੇ ਹੋ ਗਏ ਉਸ ਦੇ ਹੌਸਲੇ ਯਾਤਰੀਆਂ ਦੀ ਫ਼ੌਜ ਅੱਗੇ ਮਾਤ ਪੈ ਗਏ। ਉਹ ਅਜੇ ਹਥਿਆਰ ਸੁੱਟਣਾ ਹੀ ਚਾਹੁੰਦਾ ਸੀ ਕਿ ਇਕ ਬੁੱਢੇ ਯਾਤਰੀ ਨੇ ਉਹ ਦੇ ਮੋਢੇ ਤੇ ਹੱਥ ਮਾਰਦਿਆਂ ਆਖਿਆ, ''ਕਿਉਂ ਓਏ ਰੇਡੀ, ਜਲ ਚੜ੍ਹਾਉਣ ਨਹੀਂ ਉਂ ਜਾਣਾ ?''

—''ਏਨੀ ਭੀੜ ਵਿਚ ? ਰਾਮ ਰਾਮ'', ਰੇਡੀ ਨੇ ਯਾਤਰੀਆਂ ਵਲ ਵੇਖ ਕੇ ਕੰਬਦਿਆਂ ਜਵਾਬ ਦਿਤਾ।

—''ਤੁਸੀਂ ਤੇ ਬੁਢਿਆਂ ਠੇਰਿਆਂ ਤੋਂ ਵੀ ਗਏ ਗੁਜ਼ਰੇ ਓ। ਓਏ ਭੀੜ ਦੇ ਡਰ ਤੋਂ ਜਲ

ਚੜ੍ਹਾਉਣਾ ਛੱਡ ਬੈਠਾ ਏ ? ਗੱਭਰੂ ਬਣ, ਸ਼ਿਵ ਸ਼ੰਭੂ ਨੂੰ ਜਲ ਚੜ੍ਹਉਣ ਨਾਲ ਸ਼ਕਤੀ ਮਿਲੇਗੀ, ਆਤਮਾ ਵਿਚ ਪਵਿੱਤਰਤਾ ਆਏਗੀ। ਜਗਤ ਰਾਖਾ ਮਿਹਰਾਂ ਦੀ ਨਜ਼ਰ ਕਰੇਗਾ। ਵਰਤ ਪੁੰਨ ਓਨਾ ਚਿਰ ਫਲੀਂ ਲੱਗਦਾ ਜਦ ਤਕ ਜਲ ਨਾ ਚੜ੍ਹੇ। ਕੀ ਵਰਤ ਤੋੜ ਬੈਠਾ ਏਂ ?" ਬੁੱਢਾ ਯਾਤਰੀ ਆਖ ਰਿਹਾ ਸੀ।

—"ਨਹੀਂ ਬਾਬਾ, ਅਜੇ ਤੇ ਮੈਂ ਅੰਨ ਦਾ ਭੋਰਾ ਮੂੰਹ ਨੂੰ ਨਹੀਂ ਲਾਇਆ। ਮੈਂ ਤੇ ਐਵੇਂ ਠੱਠਾ ਕਰ ਰਿਹਾ ਸਾਂ। ਮੈਂ ਵੇਖਣਾ ਚਾਹੁੰਦਾ ਸਾਂ ਕਿ ਭੀੜ ਵੇਖ ਕੇ ਬੁੱਢੇ ਦੀ ਪ੍ਰਤਿਗਿਆ ਕਿਤੇ ਢਿਲੀ ਤਾਂ ਨਹੀਂ ਪੈ ਗਈ, ਜਵਾਨੀ ਦੇ ਢਲਣ ਨਾਲ ਕਿਤੇ ਖੂਨ ਪਤਲਾ ਨਹੀਂ ਪੈ ਰਿਹਾ, ਪ੍ਰਤਿਗਿਆ ਦੇ ਬੰਧਨ ਵਿਚ ਕਿਤੇ ਕਈ ਗੰਢ ਸਰਕਣ ਤੇ ਨਹੀਂ ਲੱਗ ਪਈ ?" ਰੇੜੀ ਨੇ ਗੁਦਾਵਰੀ ਵਲ ਵੇਖਦਿਆਂ ਜੁਆਬ ਦਿਤਾ।

—ਜਵਾਨਾਂ ਦੀ ਕੱਚੀ ਹੱਡੀ ਵਿਚ ਲਹੂ ਦਾ ਜੋਸ਼ ਹੁੰਦਾ ਹੈ ਪਰ ਬੁੱਢੇ ਦੀ ਹੱਡੀ ਲਹੂ ਦਾ ਰਸ ਚੂਸ ਚੂਸ ਕੇ ਪੱਕੀ ਹੋ ਜਾਂਦੀ ਹੈ। ਕੱਚੀ ਧਰੇਕ ਵਾਂਗੂੰ ਟੁੱਟਦੀ ਨਹੀਂ ਸਗੋਂ, ਸ਼ਹਿਤੂਤ ਵਾਂਗੂੰ ਲਚਕ ਖਾ ਜਾਂਦੀ ਹੈ। ਪੁੰਗਾਰੂ ਰੁੱਖ ਦਾ ਤੇ ਕੋਈ ਸ਼ਤੀਰ ਵੀ ਨਹੀਂ ਪਾਉਂਦਾ ਸੁੱਕੇ ਰੁੱਖ ਦਾ ਬਾਜ਼ਾਰ ਵਿਚ ਮੁੱਲ ਪੈਂਦਾ ਹੈ। ਭੀੜ ਮੇਰੀ ਪ੍ਰਤਿਗਿਆ ਨੂੰ ਡੁਲਾ ਨਹੀਂ ਸਕਦੀ। "ਜੈ ਗੁਦਾਵਰੀ ਮਾਤਾ ਜੈ ਮਹਾਂ ਦੇਵ !" ਬੁਢੇ ਯਾਤਰੀ ਨੇ ਜੋਸ਼ ਵਿਚ ਆ ਕੇ ਜੈਕਾਰਾ ਮਾਰਿਆ। ਹਵਾ ਵਿਚ ਬੁੱਢੇ ਦੀ ਦਾੜ੍ਹੀ ਉੱਡ ਰਹੀ ਸੀ।

ਜਿਵੇਂ ਜਿਵੇਂ ਦਿਨ ਚੜ੍ਹ ਰਿਹਾ ਸੀ ਭੀੜ ਵਧ ਰਹੀ ਸੀ, ਦੂਰ ਤਕ ਆਦਮੀਆਂ ਦਾ ਇਕ ਹੜ੍ਹ ਵਗਦਾ ਜਾਪਦਾ ਸੀ। ਆਦਮੀ ਲੰਘਣਾ ਤੇ ਦਰਕਿਨਾਰ ਤਿਲ ਸੁੱਟੇ ਡਿਗਣਾ ਮੁਸ਼ਕਲ ਹੋ ਰਿਹਾ ਸੀ। ਮੈਨੂੰ ਇੰਜ ਜਾਪਦਾ ਸੀ ਕਿ ਕਈ ਯਾਤਰੀਆਂ ਦੇ ਪੈਰ ਧਰਤੀ ਨਾਲ ਛੂੰਹਦੇ ਵੀ ਨਹੀਂ। ਧੱਕਾ ਉਨ੍ਹਾਂ ਨੂੰ ਆਪਣੇ ਨਾਲ ਲਈ ਜਾ ਰਿਹਾ ਸੀ। ਇਸੇ ਤਰ੍ਹਾਂ ਉਹ ਆਪਣੀ ਮੰਜ਼ਿਲ ਤੇ ਪੁੱਜਣ ਦਾ ਹੌਸਲਾ ਰਖਦੇ ਸਨ।

ਗੁਦਾਵਰੀ ਵਿਚ ਜਲ ਚੜ੍ਹ ਰਿਹਾ ਸੀ ਜਿਵੇਂ ਗੁਦਾਵਰੀ ਵੀ, ਯਾਤਰੀਆਂ ਨਾਲ ਰਲ ਕੇ ਗਿੱਧਾ ਪਾਉਣਾ ਚਾਹੁੰਦੀ ਹੋਵੇ। ਕਿਸ ਦਾ ਜੀਅ ਨਹੀਂ ਕਰਦਾ ਮੇਲਾ ਵੇਖਣ ਨੂੰ ? ਜ਼ਿੰਦਗੀ ਵਿਚ ਮੇਲਾ ਹੀ ਤੇ ਇਕ ਸਵਰਗ ਹੈ। ਜਵਾਨੀ ਵਿਚ ਮੇਲੇ ਤੇ ਬੁਢਾਪੇ ਵਿਚ ਪੂਜਾ ਦਾ ਹੀ ਆਨੰਦ ਆਉਂਦਾ ਹੈ।

—'ਬਾਬਾ, ਗੁਦਾਵਰੀ ਵਿਚ ਪਾਣੀ ਚੜ੍ਹ ਰਿਹਾ ਏ। ਯਾਤਰੀਆਂ ਦਾ ਕੀ ਬਣੇਗਾ ?' ਰੇੜੀ ਨੇ ਬੁੱਢੇ ਯਾਤਰੀ ਨੂੰ ਆਖਿਆ।

—"ਫਿਕਰ ਨਾ ਕਰ ਰੇੜੀ, ਸ਼ਿਵ ਸ਼ੰਭੂ ਸਾਰਿਆਂ ਦਾ ਰਾਖਾ ਹੈ। ਹਰ ਸਾਲ ਮੇਲੇ ਤੇ ਪਾਣੀ ਚੜ੍ਹਦਾ ਹੈ। ਜਦ ਜਲ ਲਹਿਰਾਂ ਦੀਆਂ ਛਿਟਾਂ ਮੰਦਰ ਦੇ ਸ਼ਿਵਲਿੰਗ ਤਕ ਪੁਜ ਜਾਣ, ਸ਼ਿਵਲਿੰਗ ਨੂੰ ਜਲ ਲਹਿਰਾਂ ਇਕ ਵਾਰ ਇਸ਼ਨਾਨ ਕਰਵਾ ਲੈਂਦੀਆਂ ਹਨ ਤਦ ਪਾਣੀ ਲੱਥ ਜਾਂਦਾ ਹੈ ਤੇ ਫਿਰ

ਗੁਦਾਵਰੀ ਦੀਆਂ ਲਹਿਰਾਂ ਆਪਣੇ ਵੇਗ ਵਿਚ ਵਗਣ ਲਗ ਪੈਂਦੀਆਂ ਹਨ। ਇਹਦੇ ਵਿਚ ਡਰਨ ਵਾਲੀ ਕੋਈ ਗੱਲ ਨਹੀਂ। ਪਾਣੀ ਏ, ਕਦੀ ਲੱਥਦਾ ਤੇ ਕਦੀ ਚੜ੍ਹਦਾ ਹੈ। 'ਇਹ ਸ਼ਿਵ ਸ਼ੰਭੂ ਦੀ ਮਾਇਆ ਹੈ। ਉਹਦੀ ਲੀਲਾ ਨਿਆਰੀ ਹੈ। ਉਹਦੀ ਲੀਲਾ ਨੂੰ ਤਾਂ ਦੇਵਤੇ ਨਾ ਜਾਣ ਸਕੇ ਅਸੀਂ ਕੌਣ ਹਾਂ ?" ਬੁੱਢੇ ਯਾਤਰੀ ਨੇ ਬੜੇ ਵਿਸ਼ਵਾਸ ਤੇ ਭਗਤੀ ਭਰੇ ਰਸ ਵਿਚ ਉੱਤਰ ਦਿੱਤਾ।

"ਭੂਤਰੇ ਬਲਦ ਤੇ ਚੜ੍ਹਦੇ ਪਾਣੀ ਅੱਗੇ ਕਿਸੇ ਦੀ ਪੇਸ਼ ਨਹੀਂ ਜਾਂਦੀ। ਕੌਣ ਜਾਣੇ ਕਿਸ ਵੇਲੇ ਇਨ੍ਹਾਂ ਦੀ ਨਸ਼ ਮੱਠੀ ਪੈ ਜਾਵੇ। ਬਲਦ ਦੀ ਮਸਤੀ ਤੇ ਪਾਣੀ ਦਾ ਚੜ੍ਹਾ ਬੇ-ਵੱਸ ਨਸ਼ੇ ਹਨ। ਤਾਕਤ ਇਹਦੇ ਅੱਗੇ ਕੰਮ ਨਹੀਂ ਦੇਂਦੀ। ਤਦਬੀਰਾਂ ਦੀਆਂ ਚਾਲਾਂ ਮਾਤ ਪੈ ਜਾਂਦੀਆਂ ਹਨ, ਅਨਜਾਣੂ ਯਾਤਰੀ ਕਿਤੇ ਪਾਣੀ ਦੀ ਲਪੇਟ ਵਿਚ ਨਾ ਆ ਜਾਣ। ਮੇਲਾ ਕਿਤੇ ਮੌਤ ਦੀ ਗਲਵਕੜੀ ਨਾ ਪਾ ਲਵੇ।" ਰੇਡੀ ਅੰਦਰੋਂ ਤੇ ਘਬਰਾ ਰਿਹਾ ਸੀ, ਪਰ ਬਾਹਰ ਉਹਦੇ ਚਿਹਰੇ ਤੇ ਵਿਸ਼ਵਾਸ਼ ਦੀ ਸ਼ਕਤੀ ਪ੍ਰਗਟ ਹੋ ਰਹੀ ਸੀ। ਦੂਰੋਂ ਜੈਕਾਰਿਆਂ ਦੀਆਂ ਆਵਾਜ਼ਾਂ ਆ ਰਹੀਆਂ ਸਨ। "ਬੰਮ ਬੰਮ ਭੋਲੇ ਕੈਲਾਸ਼ ਪਤੀ ਤੇਰੀ ਸਦਾ ਹੀ ਜੈ।"

ਅੱਜ ਜੁਮਾ ਸੀ ਤੇ ਨੇੜੇ ਦੇ ਹਾਕਮ ਨੇ ਅੱਜ ਸ਼ਾਹੀ ਮਸੀਤ ਵਿਚ ਨਮਾਜ਼ ਪੜ੍ਹਨ ਲਈ ਆਉਣਾ ਸੀ। ਜਿਸ ਰਸਤੇ ਉਸ ਦੀ ਸਵਾਰੀ ਲੰਘਣੀ ਸੀ ਉਸ ਰਾਹ ਵਿਚ ਯਾਤਰੀਆਂ ਦਾ ਹਜੂਮ ਗੋਦਾਵਰੀ ਵਲ ਵਧ ਰਿਹਾ ਸੀ। ਅਜੇ ਸਵਾਰੀ ਆਉਣ ਵਿਚ ਚਾਰ ਘੰਟੇ ਬਾਕੀ ਸਨ। ਤੁਰਕ ਸਿਪਾਹੀ ਹੁਣ ਤੋਂ ਹੀ ਰਸਤਾ ਬਣਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਇਧਰ ਸ਼ਿਵ ਭਗਤੀ ਦੀ ਲਗਨ ਸੀ ਤੇ ਉਧਰ ਹਕੂਮਤ ਦਾ ਨਸ਼ਾ। ਉਨ੍ਹਾਂ ਦੇ ਚਾਬਕ ਯਾਤਰੀਆਂ ਤੇ ਇਸ ਤਰ੍ਹਾਂ ਵਰ੍ਹ ਰਹੇ ਸਨ ਜਿਸ ਤਰ੍ਹਾਂ ਅੜਬ ਘੋੜੇ ਤੇ ਬੇਰਹਿਮ ਕੋਚਵਾਨ ਦੇ ਛਾਂਟੇ। ਭੀੜ ਅੱਗੇ ਉਨ੍ਹਾਂ ਦੀ ਕੋਈ ਪੇਸ਼ ਨਹੀਂ ਸੀ ਜਾਂਦੀ। ਕਿਸੇ ਦਾ ਗੰਗਾ ਜਲ ਵਾਲਾ ਘੜਾ ਸਿਰ ਤੋਂ ਡਿਗ ਰਿਹਾ ਸੀ ਤੇ ਕੋਈ ਉਤੋਂ ਡਿਗਦਿਆਂ ਹੀ ਪੈਰਾਂ ਵਿਚ ਚੂਰ ਚੂਰ ਹੋ ਗਿਆ। ਕਿਸੇ ਦਾ ਮਟਕਾ ਸਿਰੋਂ ਉੱਲਰ ਕੇ ਮਸਾਂ ਡਿਗਣੋਂ ਬਚਿਆ। ਤੁਰਕ ਸਿਪਾਹੀ ਰਸਤਾ ਚਾਹੁੰਦੇ ਸਨ ਭਾਵੇਂ ਯਾਤਰੀਆਂ ਦਾ ਪਾਣੀ ਚੜ੍ਹੇ ਜਾਂ ਨਾ ਚੜ੍ਹੇ। ਸ਼ਿਵ ਸ਼ੰਭੂ ਦੇ ਮਤਵਾਲੇ ਰਾਹ ਛੱਡ ਕੇ ਜਾਣ ਵੀ ਕਿਧਰ ? ਹੋਰ ਰਾਹ ਵੀ ਤੇ ਕੋਈ ਨਹੀਂ ਸੀ ਲੱਭਦਾ। ਸਾਰਾ ਨਾਂਦੇੜ ਯਾਤਰੀਆਂ ਦੀ ਗੋਦੀ ਵਿਚ ਸੀ।

—"ਅੱਗੇ ਤੇ ਜੁਮੇ ਨੂੰ ਨਮਾਜ ਜਾਮਾ ਮਸਜਿਦ ਵਿਚ ਪੜ੍ਹੀ ਜਾਂਦੀ ਸੀ, ਅੱਜ ਕੀ ਗੱਲ ਏ ? ਸ਼ਾਹੀ ਮਸੀਤ ਵਿਚ ਨਮਾਜ਼ ਪੜ੍ਹਨ ਦੀ ਡੌਂਡੀ ਪਿਟ ਹੋ ਰਹੀ ਏ, ਕੀ ਤੁਰਕ ਯਾਤਰੀਆਂ ਦੀ ਯਾਤਰਾ ਭੰਗ ਕਰਨਾ ਚਾਹੁੰਦੇ ਹਨ ? ਨਾਂਦੇੜ ਦੀ ਇੱਟ ਨਾਲ ਇੱਟ ਵਜਾਉਣ ਦਾ ਖਿਆਲ ਏ ? ਕੀ ਹਕੂਮਤ ਦਾ ਨਸ਼ਾ ਭਗਵਾਨ ਤੋਂ ਨਹੀਂ ਡਰਦਾ ਬਾਬਾ ? ਕੀ ਇਹ ਹਨੇਰ ਨਹੀਂ ?" ਰੇਡੀ ਨੇ ਘਬਰਾ ਕੇ ਬੁੱਢੇ ਯਾਤਰੀ ਤੋਂ ਪੁਛਿਆ।

—"ਗਰਮ ਲਹੂ ਵਿਚ ਜੋਸ਼ ਦੇ ਉਬਾਲੇ ਆਉਂਦੇ ਹਨ। ਜਵਾਨੀ ਵਿਚ ਗਭਰੂ ਦਾ ਨਸ਼ਾ ਮਨਮਸਤੀਆਂ ਕਰਦਾ ਹੈ, ਦੀਵਾਨੀ ਜਵਾਨੀ ਸੁਝਦੀ ਨਹੀਂ, ਕਰਨਾ ਚਾਹੁੰਦੀ ਏ ਸੋਚਣਾ ਨਹੀਂ।

ਪਛਤਾਉਂਦੀ ਏ ਵੇਲਾ ਬੀਤਣ ਤੋਂ ਬਾਅਦ ਆਪਣੇ ਰੂਪ ਅੱਗੇ ਕਿਸੇ ਦੀ ਦਾਲ ਇਸ ਲਈ ਨਹੀਂ ਗਲਣ ਦੇਂਦੀ ਕਿ ਉਸਦਾ ਸਿਰ ਨੀਵਾਂ ਹੁੰਦਾ ਏ। ਉਹਦੀ ਆਕੜ ਦੇ ਮੱਥੇ ਤੇ ਵਲ ਪੈਂਦੇ ਹਨ। ਵਕਤ ਆਪੇ ਹੀ ਰਾਹ ਤੇ ਲੈ ਆਉਂਦਾ ਹੈ। ਭਗਵਾਨ ਬੜਾ ਬੇਅੰਤ ਏ," ਬੁੱਢੇ ਯਾਤਰੀ ਨੇ ਸਿਪਾਹੀਆਂ ਵਲ ਵੇਖਿਆ ਤੇ ਫਿਰ ਨੀਵੀਂ ਪਾ ਲਈ।

—"ਬਾਬਾ, ਇਸ ਪੁਰਾਣੀ ਸੋਚ ਨੇ ਕਈਆਂ ਦੇ ਗਲ ਤੇ ਛੁਰੀ ਚਲਾ ਦਿਤੀ ਤੇ ਭਗਤੀ ਦੇ ਮਤਵਾਲਿਆਂ ਸੀ ਨਾ ਕੀਤੀ। ਸੋਮ ਨਾਥ ਦੇ ਮੰਦਰ ਦੇ ਟੁਕੜੇ ਟੁਕੜੇ ਹੋ ਗਏ। ਉਹਦੇ ਜਵਾਹਰਾਤ ਬੇਗਮਾਂ ਦੇ ਸ਼ਿੰਗਾਰ ਦੇ ਕੰਮ ਆਏ। ਗਜ਼ਨੀ ਦੀਆਂ ਨਰਤਕੀਆਂ ਦੇ ਪੈਰਾਂ ਵਿਚ ਉਹ ਹੀਰੇ ਚਮਕੇ ਜਿਹੜੇ ਭਗਵਾਨ ਸੋਮ ਨਾਥ ਦੇ ਗਲੇ ਵਿਚ ਸ਼ੋਭਦੇ ਸਨ ਤੇ ਪੁਜਾਰੀਆਂ ਦੀ ਅੱਖ ਮੈਲੀ ਨਾ ਹੋਈ। ਮਾਸੂਮ ਗਊਆਂ ਇਸ ਲਈ ਜ਼ਿਬ੍ਹਾ ਕੀਤੀਆਂ ਗਈਆਂ ਕਿ ਉਹ ਪੁਜਾਰੀਆਂ ਦੀਆਂ ਪਵਿਤਰ ਤੇ ਪੂਜਣ-ਯੋਗ ਦੇਵੀਆਂ ਸਨ। ਗਜ਼ਨੀ ਦੇ ਤੁਰਕਾਂ ਨੇ ਮਸਾਲੇ ਲਾ ਲਾ ਕੇ ਕਬਾਬ ਬਣਾਏ। ਅਲ੍ਹੜ ਕੁੜੀਆਂ, ਮੁਟਿਆਰਾਂ ਤੇ ਸ਼ਰਮਾਕਲ ਰੂਪਵਤੀਆਂ ਦਾ ਸਰੇ-ਬਾਜ਼ਾਰ ਨੀਲਾਮ ਹੋਇਆ। ਕੋਈ ਕਿਸੇ ਦੀ ਬਗਲ ਦਾ ਸ਼ਿੰਗਾਰ ਬਣੀ ਤੇ ਕੋਈ ਰਾਜ ਦਰਬਾਰ ਵਿਚ ਨਾਚੀਆਂ ਦੇ ਰੂਪ ਵਿਚ ਨਚੀਆਂ ਪਰ ਸਾਡੇ ਪੁਜਾਰੀਆਂ ਦੇ ਮੱਥੇ ਤੇ ਤਿਊੜੀਆਂ ਦਾ ਵਟ ਵੀ ਨਾ ਉਭਰਿਆ, ਸਗੋਂ ਉਹ ਝਾਂਜਰਾਂ ਦੀ ਛਣਕਾਰ ਤੇ ਲੱਟਬਾਵਰੇ ਹੋ ਹੋ ਪਏ। ਉਨ੍ਹਾਂ ਹਰ ਗੱਲ ਤੇ ਇਸ ਲਈ ਸਿਰ ਨਿਵਾ ਦਿਤਾ ਕਿ ਉਹ ਸੋਮ ਨਾਥ ਦੇ ਪੁਜਾਰੀ ਹਨ। ਉਹ ਕਿਸੇ ਦਾ ਖ਼ੂਨ ਕਰਨਾ ਪਾਪ ਸਮਝਦੇ ਹਨ, ਪਰ ਇਨ੍ਹਾਂ ਲੜਕੀਆਂ, ਭੈਣਾਂ ਤੇ ਇਸਤਰੀਆਂ ਦੀ ਬੇਇੱਜ਼ਤੀ ਹੋਣੀ ਕੋਈ ਪਾਪ ਨਹੀਂ ਕਿਉਂ ਜੁ ਔਰਤ ਆਦਮੀ ਦੇ ਐਸ਼ ਦਾ ਸਮਾਨ ਹੈ। ਉਹ ਕਿਸੇ ਨਾ ਕਿਸੇ ਦਿਨ ਕਿਸੇ ਦੀ ਬਗਲ ਦਾ ਸ਼ਿੰਗਾਰ ਬਣੇਗੀ, ਭਾਵੇਂ ਉਹ ਤੁਰਕ ਹੋਵੇ ਭਾਵੇਂ ਸੋਮ ਨਾਥ ਦੇ ਮੰਦਰ ਦਾ ਮਹੰਤ।" ਰੋਡੀ ਦੇ ਗੁੱਸੇ ਦੀ ਜਵਾਲਾ ਵਿਚ ਤੂਫ਼ਾਨ ਛਾਤੀਆਂ ਮਾਰ ਰਿਹਾ ਸੀ।

—"ਜਵਾਨੀ ਦਾ ਜੋਸ਼ ਮੂਧੜੇ ਮੂੰਹ ਡਿੱਗਦਾ ਏ ਕਾਕਾ! ਠੇਡੇ ਜਵਾਨੀ ਵਿਚ ਹੋਸ਼ ਭੁਲਾ ਦੇਂਦੇ ਹਨ। ਕਾਹਲੀ ਅੱਗੇ ਟੋਏ। ਹਕੂਮਤ ਅੱਗੇ ਧੌਣ ਅਕੜਾਉਣਾ ਮਣਕਾ ਤੁੜਾਉਣ ਵਾਲੀ ਗੱਲ ਏ। ਨੀਤੀ ਦੀ ਸ਼ਕਤੀ ਤਾਕਤ ਤੋਂ ਬਲਵਾਨ ਏ। ਨੀਤੀਵਾਨ ਨੀਤੀ ਤੋਂ ਕੰਮ ਲੈਂਦੇ ਹਨ ਤਾਕਤ ਤੋਂ ਨਹੀਂ। ਕਾਹਲੀ ਮੂਰਖਤਾ ਦਾ ਰੂਪ ਏ ਧੀਰਜ ਸਫਲਤਾ ਦੀ ਸ਼ਕਤੀ। ਦੂਰੋਂ ਕਿਸੇ ਚਿੱਤਰ ਦਾ ਅੰਦਾਜ਼ਾ ਲਾਉਣਾ ਤੇ ਸੋਚ ਕੇ ਪੈਰ ਅੱਗੇ ਪਾਉਣਾ ਫ਼ਤਹਿ ਦੀ ਨਿਸ਼ਾਨੀ ਏ। ਬਲਦੇ ਭਾਂਬੜ ਵਿਚ ਕੁੱਦ ਪੈਣਾ ਹਾਰ ਦਾ ਮੂੰਹ ਵੇਖਣਾ ਹੈ। ਤੂੰ ਜਲ ਚੜ੍ਹਾਉਣ ਦਾ ਜਤਨ ਕਰ, ਖੜਾ ਹੋ ਕੇ ਤਮਾਸ਼ਾ ਨਾ ਵੇਖ। ਇਕ ਕੰਮ ਤੋਂ ਵਿਹਲਾ ਹੋਣਾ ਤੇ ਫਿਰ ਦੂਸਰੇ ਕੰਮ ਵਲ ਧਿਆਨ ਦੇਣਾ ਅਕਲਮੰਦੀ ਏ। ਵਕਤ ਦਾ ਇੰਤਜ਼ਾਰ ਕਰ। ਚੱਲ ਰੋਡੀ ਅੱਗੇ ਵੱਧ", ਬੁੱਢੇ ਯਾਤਰੀ ਨੇ ਰੋਡੀ ਦੀ ਪਿੱਠ ਠਕਦਿਆਂ ਆਖਿਆ।

—"ਇਹ ਕੌਣ ਹਨ ਬਾਬੂ ਲਾਲ ਨੀਲੀਆਂ ਪੱਗਾਂ ਵਾਲੇ? ਬੜੇ ਬੇਰਹਿਮ ਤੇ ਨਿਰਦਈ

ਜਾਪਦੇ ਹਨ । ਕੀ ਬਾਬਾ ਇਨ੍ਹਾਂ ਨੂੰ ਭਗਵਾਨ ਦਾ ਡਰ ਨਹੀਂ ? ਕੀ ਇਹ ਮਹਾਂਦੇਵ ਦੇ ਕ੍ਰੋਧ ਤੋਂ ਨਹੀਂ ਡਰਦੇ ?'' ਇਕ ਹੋਰ ਪ੍ਰਦੇਸੀ ਯਾਤਰੀ ਬੋਲ ਰਿਹਾ ਸੀ ।

—ਬੁੱਢਾ ਯਾਤਰੀ ਬੋਲਿਆ, ''ਇਨ੍ਹਾਂ ਲਈ ਮਹਾਂਦੇਵ ਪੱਥਰ ਦੀ ਇਕ ਮੂਰਤੀ ਏ, ਛੋਰੂ ਵੱਟਾ ਏ । ਪੰਸੇਰੀ ਤੇ ਮਹਾਂਦੇਵ ਵਿਚ ਇਨ੍ਹਾਂ ਲਈ ਕੋਈ ਫ਼ਰਕ ਨਹੀਂ, ਗੂੰਗਾ ਪੱਥਰ ਜੀਹਨੇ ਨਾ ਮੂੰਹੋਂ ਬੋਲਣਾ ਏ ਤੇ ਨਾ ਹਿੱਲਣਾ ਏ । ਉਹ ਕਿਸੇ ਦੀ ਰੱਖਿਆ ਕੀ ਕਰੇਗਾ ਜਿਹੜਾ ਆਪਣੀ ਆਪ ਰੱਖਿਆ ਨਹੀਂ ਕਰ ਸਕਦਾ । ਇਹ ਇਸ ਗੱਲ ਤੇ ਈਮਾਨ ਲਿਆਉਂਦੇ ਹਨ । ਮੱਕਾ ਭਾਵੇਂ ਦੁਨੀਆਂ ਦਾ ਸਭ ਤੋਂ ਵੱਡਾ ਬੁੱਤ ਖ਼ਾਨਾ ਸੀ, ਉਹਦੇ ਪੁਜਾਰੀ ਇਸਲਾਮ ਦੇ ਉੱਘੇ ਆਗੂ ਸਨ । ਉਨ੍ਹਾਂ ਨੇ ਤੋੜ ਭੰਨ ਕੇ ਉਹਨੂੰ ਕਾਬਾ ਸ਼ਰੀਫ ਦੇ ਨਾਂ ਨਾਲ ਪੁਕਾਰਿਆ । ਉਹ ਹੁਣ ਸਾਥੋਂ ਵਖ ਹੋ ਬੈਠੇ ਹਨ । ਚੌਣਿਉਂ ਵਿਛੜਿਆ ਵੱਛਾ ਸਾਹਨ ਬਣ ਕੇ ਚੌਣੇ ਦਾ ਮਾਰੂ ਬਣ ਜਾਂਦਾ ਹੈ । ਯਾਤਰੀ ਮਹਾਂਦੇਵ ਦੇ ਯਾਤਰੀ ਹਨ, ਇਸਲਾਮ ਦੇ ਨਹੀਂ ਜਿਹੜੇ ਇਸਲਾਮ ਦੇ ਨਬੀ ਤੋਂ ਨਬੀ ਆਲ ਉਲਾਦ ਤੇ ਰਸੂਲ ਤੇ ਈਮਾਨ ਨਹੀਂ ਲਿਆਉਂਦਾ ਉਹ ਕਾਫ਼ਰ ਹੈ । ਭਾਵੇਂ ਭਰਾ ਤੇ ਭਾਵੇਂ ਪਿਓ । ਮੁਗਲ ਸ਼ਾਹੀ ਏ, ਕੋਈ ਬੱਚੇ ਦਾ ਰਾਜ ਥੋੜ੍ਹਾ ਹੈ । ਮੁਗਲ ਸਮਰਾਟ ਦੀ ਅਮਲਦਾਰੀ ਵਿਚ ਇਹ ਤਰਕੀਬ ਨਵੀਂ ਨਹੀਂ ਆਈ । ਇਹੋ ਜਿਹੀਆਂ ਗੱਲਾਂ ਨਾ ਕਰਨ ਤਾਂ ਸਿੱਕਾ ਕਿਸ ਤਰ੍ਹਾਂ ਜੰਮੇ ਰਾਜ ਦਾ । ਨਰਮੀ ਰਾਜ ਲਈ ਸਿਉਂਕ ਹੈ ਤੇ ਸਖਤੀ ਰਾਜ ਦਾ ਥੰਮ੍ਹਾ । ਯਾਤ੍ਰੀਓ ਤੁਸੀਂ ਆਪਣਾ ਕੰਮ ਕਰੋ ਤੇ ਇਨ੍ਹਾਂ ਨੂੰ ਆਪਣਾ ਕੰਮ ਕਰਨ ਦਿਓ ।'' ਬੁੱਢੇ ਯਾਤਰੀ ਦੀਆਂ ਅੱਖਾਂ ਅਜੇ ਵੀ ਮੁਗਲ ਸਿਪਾਹੀਆਂ ਦੇ ਛਾਂਟਿਆਂ ਵਲ ਲੱਗੀਆਂ ਹੋਈਆਂ ਸਨ ।

—''ਹੋ ਸਕਦਾ ਏ ਬਾਬਾ ਅਸੀਂ ਵੀ ਇਸ ਤੂਫ਼ਾਨ ਦੀ ਲਿਪੇਟ ਵਿਚ ਆ ਜਾਈਏ ਤੇ ਫੇਰ ਕੀਹਦੀ ਮਾਂ ਨੂੰ ਵਾਜ ਮਾਰਾਂਗੇ । ਜੇ ਹੁਣ ਤੋਂ ਹੀ ਆਪਣੇ ਬਚਣ ਦੀਆਂ ਕਾਢਾਂ ਕੱਢ ਲਈਏ ਤੇ ਫਿਰ ਕਿਸੇ ਦਾ ਡਰ ਨਾ ਰਹੂ । ਭਾਵੇਂ ਅਸੀਂ ਵੀ ਇਕ ਦੋ ਦਿਨ ਦੇ ਮੁਸਾਫਰ ਹਾਂ ਪਰ ਫਿਰ ਵੀ ਸਾਨੂੰ ਨਾਦੇੜ ਨਾਲ ਹਮਦਰਦੀ ਹੋਣੀ ਚਾਹੀਦੀ ਹੈ । ਦੇਵ ਅਸਥਾਨ ਏ । ਭੋਲੀਆਂ ਭੋਲੀਆਂ ਗਊਆਂ ਦਾ ਰੂਪ ਹਨ ਯਾਤਰੀ । ਕਿਹੜਾ ਇਨ੍ਹਾਂ ਇਥੇ ਬਹਿ ਰਹਿਣਾ ਹੈ । ਅੰਤ ਤੇ ਰਬ ਦਾ ਵੈਰ ਏ ।'' ਹੈਰਾਨੀ ਵਿਚ ਯਾਤਰੀ ਦੀ ਆਵਾਜ਼ ਸੰਘ ਵਿਚ ਹੀ ਰੁਕ ਗਈ, 'ਵੇਖ ਬਾਬਾ ਇਸ ਤੁਰਕ ਦਾ ਚਾਬਕ ਕਿਵੇਂ ਕੰਬ ਰਿਹਾ ਏ, ਜਿਵੇਂ ਜੱਟੀ ਛਿਮਣੀ ਨਾਲ ਕਪਾਹ ਦੀਆਂ ਫੁਟੀਆਂ ਝੰਬ ਰਹੀ ਹੋਵੇ ਬਾਬਾ ਇਹ ਬੜਾ ਅਨਰਥ ਹੈ ।' ਮਸਾਂ ਮਸਾਂ ਉਸ ਯਾਤਰੀ ਦੀਆਂ ਅੱਖਾਂ ਵਿਚੋਂ ਗਲੇਡੂ ਆਉਂਦੇ ਆਉਂਦੇ ਰੁਕੇ ।

ਜੈ ਗੰਗੇ, ਜੈ ਗੁਦਾਵਰੀ, ਜੈ ਸ਼ਿਵ ਸ਼ੰਭੂ ਦੇ ਜੈਕਾਰੇ ਦੂਰ ਤੋਂ ਯਾਤਰੀਆਂ ਦੇ ਸੁਣਾਈ ਦੇ ਰਹੇ ਸਨ । ਗਹਿਮਾ ਗਹਿਮੀ ਵਿਚ ਇਹ ਜੈਕਾਰੇ ਕਦੇ ਮੱਠੇ ਪੈ ਜਾਂਦੇ ਤੇ ਮੱਧਮ ਜਿਹੀ ਆਵਾਜ਼ ਗੂੰਜਦੀ। ਯਾਤਰੀਆਂ ਦੇ ਜੈਕਾਰਿਆਂ ਵਿਚ ਭਗਤੀ ਪ੍ਰੇਮ ਦਾ ਜੋਸ਼ ਸੀ। ਯਾਤਰੀ ਗੁਦਾਵਰੀ ਵੱਲ ਵਧ ਰਹੇ ਸਨ । ਪੈਰ ਪੈਰ ਤੇ ਯਾਤਰੀ ਧਕਿਆਂ ਨਾਲ ਡਿਗਦੇ ਉਠਦੇ ਸੰਭਲਦੇ ਤੇ ਫਿਰ ਡਿੱਗ

ਪੈਂਦੇ। ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਉਨ੍ਹਾਂ ਦੇ ਦਿਲ ਵਿਚ ਅੱਗੇ ਵਧਣ ਦੀ ਧੁਨ ਸਵਾਰ ਸੀ। ਇਹ ਤਾਣਾ ਬਾਣਾ ਤਣਿਆ ਜਾ ਰਿਹਾ ਸੀ ਸਾਰੀ ਨਾਂਦੇੜ ਵਿਚ। ਇਸ ਤਾਣੇ ਬਾਣੇ ਦਾ ਟਿੱਡੀ ਦਲ ਵਿਛਿਆ ਹੋਇਆ ਸੀ। ਸੂਰਜ ਦੀ ਸੁਨਹਿਰੀ ਧੁੱਪ ਯਾਤਰੀਆਂ ਤੇ ਸੋਨੇ ਦੀ ਵਰਖਾ ਕਰ ਰਹੀ ਸੀ। ਇਕ ਪਾਸਿਉਂ ਜੈਕਾਰਿਆਂ ਦੀ ਆਵਾਜ਼ ਆਉਂਦੀ ਤੇ ਦੂਜੇ ਪਾਸਿਉਂ ਹਾਹਾਕਾਰ ਦੇ ਵੈਣ ਸੁਣਾਈ ਦੇਂਦੇ। ਆਉਣ ਵਾਲੇ ਯਾਤਰੀਆਂ ਦੇ ਜੈਕਾਰੇ ਜੋਸ਼ੀਲੇ ਤੇ ਕੜਕਦੀ ਆਵਾਜ਼ ਵਿਚ ਹੁੰਦੇ ਹਨ। ਇਸ ਤਰ੍ਹਾਂ ਮੇਲੇ ਦੀ ਗੂੰਜ ਨੇ ਸਾਰੇ ਨਾਦੇੜ ਨੂੰ ਆਪਣੀ ਬੁੱਕਲ ਵਿਚ ਲਿਆ ਹੋਇਆ ਸੀ।

ਬੁੱਢੇ ਯਾਤਰੀ ਨੂੰ ਕੰਬਣੀ ਜਿਹੀ ਆ ਗਈ ਤੇ ਉਸ ਨੇ ਫਿਰ ਆਪਣੀ ਨਜ਼ਰ ਦੂਸਰੇ ਪਾਸੇ ਘੁਮਾਈ। ਚਾਬਕਾਂ ਦੀ ਸ਼ੂਕਰ ਦੂਰ ਤਕ ਸੁਣਾਈ ਦੇ ਰਹੀ ਸੀ। ਜੈਕਾਰਿਆਂ ਵਿਚ ਉਹ ਸ਼ੂਕਰ ਇਸ ਤਰ੍ਹਾਂ ਜਜ਼ਬ ਹੋ ਜਾਂਦੀ ਸੀ ਜਿਸ ਤਰ੍ਹਾਂ ਸੰਖਾਂ ਤੇ ਘੜਿਆਲਾਂ ਦੀ ਗੂੰਜ ਵਿਚ ਪੁਜਾਰੀ ਦੇ ਬੋਲ।

ਚਾਬਕਾਂ ਹਵਾ ਵਿਚ ਨਚ ਰਹੀਆਂ ਸਨ, ਜ਼ਹਿਰੀਲੇ ਨਾਗ ਜਿਸ ਤਰ੍ਹਾਂ ਵਰਮੀ ਦੇ ਚੁਗਿਰਦੇ ਗੇੜੇ ਕੱਢ ਰਹੇ ਹੋਣ। ਯਾਤਰੀਆਂ ਦੀਆਂ ਚੀਕਾਂ ਮੇਲੇ ਦੀ ਖਪ ਵਿਚ ਜਜ਼ਬ ਹੋ ਰਹੀਆਂ ਸਨ। ਚਾਬਕ ਖਾ ਕੇ ਲੋਕ ਅੱਗੇ ਵਧ ਜਾਂਦੇ ਦੂਸਰੇ ਯਾਤਰੀ ਉਨ੍ਹਾਂ ਦੀ ਥਾਂ ਆਣ ਪੂਰੀ ਕਰਦੇ। ਸਿਪਾਹੀਆਂ ਦੇ ਡੌਲੇ ਫੁੱਲ ਚੁਕੇ ਸਨ ਪਰ ਯਾਤਰੀਆਂ ਦਾ ਹਜੂਮ ਕਾਬੂ ਵਿਚ ਨਹੀਂ ਸੀ ਆ ਰਿਹਾ। ਸਿਪਾਹੀਆਂ ਦੀ ਤਾਕਤ ਜਵਾਬ ਦੇ ਰਹੀ ਸੀ ਪਰ ਯਾਤਰੀ ਆਪਣੀ ਧੁਨ ਵਿਚ ਵਧੀ ਜਾ ਰਹੇ ਸਨ। ਦੂਰ ਤਕ ਯਾਤਰੀਆਂ ਦਾ ਇਕ ਲੰਮਾ ਸਾਰਾ ਜਾਲ ਵਿਛਿਆ ਹੋਇਆ ਸੀ।

—'ਅਜ ਰਸਤਾ ਬਣ ਨਹੀਂ ਸਕਦਾ। ਸਾਡੇ ਤੇ ਡੌਲੇ ਵੀ ਯਾ-ਅਲੀ ਮਦਦ ਪੁਕਾਰ ਰਹੇ ਹਨ। ਇਨ੍ਹਾਂ ਦਾ ਭੌਣਾ ਬੈਠ ਗਿਆ ਹੈ। ਥੱਕੇ ਡੌਲੇ ਯਾਤਰੀ ਨਹੀਂ ਰੋਕ ਸਕਦੇ। ਯਾਤਰੀ ਵਧਦੇ ਆ ਰਹੇ ਹਨ। ਘੱਟ ਹੁੰਦੇ ਤੇ ਕਿਤੇ ਨਜ਼ਰ ਨਹੀਂ ਸਨ ਆਉਂਦੇ। ਯਾ ਅੱਲ੍ਹਾ ਮਰਦੂਦ ਸਾਡੀ ਜਾਨ ਛਡਣਗੇ ਵੀ ਕਿ ਨਾ? ਕਿਉਂ ਬਈ ਨਵਾਬ ਬਖਸ਼ ਹੁਣ ਕੀ ਕਰੀਏ, ਇਕ ਪਠਾਣ ਸਿਪਾਹੀ ਦੂਜੇ ਨੂੰ ਆਖ ਰਿਹਾ ਸੀ।

—''ਇਨ੍ਹਾਂ ਅੱਗੇ ਤੇ ਸਾਡੀ ਕੋਈ ਪੇਸ਼ ਨਹੀਂ ਜਾ ਸਕਦੀ। ਚੰਗੀ ਕੁੜਿੱਕੀ ਵਿਚ ਜਾਨ ਆ ਗਈ ਏ, ਜੇ ਹਿੰਮਤ ਹਾਰ ਲਈਏ ਤਾਂ ਡੌਲਿਆਂ ਦੀ ਫਟਕੜੀ ਫੁੱਲ। ਸੱਪ ਦੇ ਮੂੰਹ ਕੋਹੜ ਕਿਰਲੀ ਖਾਵੇ ਤਾਂ ਕੋਹੜੀ, ਛੱਡੇ ਤਾਂ ਕਲੰਕੀ'', ਤੁਰਕ ਸਿਪਾਹੀ ਨੇ ਆਪਣੀ ਪੱਗ ਸੰਭਾਲਦਿਆਂ ਆਖਿਆ।

—''ਪਤਾ ਨਹੀਂ ਅੱਜ ਇਸ ਹਾਕਮ ਦੇ ਸਿਰ ਤੇ ਕੀ ਭੂਤ ਸਵਾਰ ਹੋ ਗਿਆ ਹੈ? ਜਾਮਾ ਮਸਜਿਦ ਛੱਡ ਕੇ ਸ਼ਾਹੀ ਮਸੀਤ ਵਿਚ ਨਮਾਜ਼ ਪੜ੍ਹਨ ਦਾ ਚਾਅ ਚੜ੍ਹ ਪਿਆ ਸੂ। ਜਾਮਾ ਮਸਜਿਦ ਵਿਚ ਨਮਾਜ਼ ਪੜ੍ਹਨਾ ਸਵਾਬ ਏ, ਖੁਦਾ ਦੇ ਬੰਦਿਆਂ ਨਾਲ ਜਾਣ ਪਛਾਣ ਹੁੰਦੀ ਹੈ। ਪਰਜਾ ਤੇ ਹਾਕਮ ਇਕ ਕਤਾਰ ਤੇ ਆਉਂਦੇ ਹਨ। ਹਦੀਸ ਦੀ ਸ਼ਰਹ ਤੇ ਚਲ ਕੇ ਆਦਮੀ ਹਾਜੀ ਤੇ ਵਲੀ

ਅੱਲਾ ਬਣਦਾ ਹੈ'', ਇਕ ਮੌਲਵੀ ਟਾਈਪ ਸਿਪਾਹੀ ਆਖ ਰਿਹਾ ਸੀ।

—''ਹਜੂਮ ਅੱਜ ਰੁਕ ਨਹੀਂ ਸਕਦਾ ਮਜ਼ਹਬੀ ਜੋਸ਼ ਅੱਗੇ ਕਿਸੇ ਦੀ ਤਾਕਤ ਨਹੀਂ ਚਲਦੀ। ਤਲਵਾਰਾਂ ਖੁੰਢੀਆਂ ਹੋ ਜਾਂਦੀਆਂ ਹਨ ਪਰ ਮਜ਼੍ਹਬ ਦਾ ਝੱਖੜ ਨਹੀਂ ਰੁਕਦਾ ਇਸ ਤੋਂ ਲਾਂਭੇ ਹੋ ਜਾਣਾ ਹੀ ਅਕਲਮੰਦੀ ਹੈ। ਥੋੜ੍ਹੀ ਜਿਹੀ ਗੱਲ ਵਾਸਤੇ ਆਪਣੇ ਦੁਸ਼ਮਣ ਖੜੇ ਕਰ ਲੈਣਾ ਬੁਨਿਆਦਾਂ ਖੋਖਲੀਆਂ ਕਰ੍ਹਨਾ ਹੈ। ਘਰ ਦੇ ਭੇਤੀ ਤੇ ਪੜੋਸੀ ਸੰਗੀਨ ਹਮਲਾ-ਆਵਰਾਂ ਤੋਂ ਖਤਰਨਾਕ ਹਨ। ਆਲਮਗੀਰੀ ਰਾਜ ਦੇ ਉੱਚੇ ਬੁਰਜ ਤਾਹੀਉਂ ਖੜੇ ਰਹਿ ਸਕਦੇ ਹਨ, ਜਦ ਪੜੋਸੀ ਉਹਦੇ ਰਖਵਾਲੇ ਤੇ ਮਿੱਤਰ ਹੋਣ। ਦਿੱਲੀ ਦੇ ਰਾਜ ਮੁਨਾਰਿਆਂ ਦਾ ਚਾਨਣਾ ਤਾਹੀਂ ਦੱਖਣ ਤਕ ਪੁੱਜ ਸਕਦਾ ਹੈ, ਜਦ ਉਹਦੇ ਰਾਹ ਵਿਚ ਇਕ ਵੀ ਦੁਸ਼ਮਣ ਨਾ ਹੋਵੇ। ਦਿੱਲੀ ਦੂਰ ਹੈ। ਦੱਖਣ ਦੂਸਰਾ ਦੇਸ਼ ਹੈ। ਪਰਦੇਸ਼ ਵਿਚ ਆਪਣੀ ਤਾਕਤ ਦੇ ਡੰਕੇ ਆਪਣੀ ਚਾਲ ਨਾਲ ਤੇ ਵਜ ਸਕਦੇ ਹਨ ਪਰ ਜ਼ੁਲਮ ਤੇ ਮੂਰਖਤਾ ਨਾਲ ਨਹੀਂ। ਪੌਲੀ ਵਾਰ ਦੇ ਸਿਰ ਤੇ ਝੂਲਦੀ ਏ, ਆਪਣੀ ਤਾਕਤ ਦੇ ਘੁਮੰਡ ਵਿਚ ਨਹੀਂ'', ਨਵਾਬ ਬਖਸ਼ ਨੇ ਨਸਵਾਰ ਦੀ ਡੱਬੀ ਦੂਜੇ ਸਿਪਾਹੀ ਵਲ ਕਰਦਿਆਂ ਆਖਿਆ।

ਧੱਕੇ ਨਾਲ ਨਸਵਾਰ ਦੀ ਡੱਬੀ ਜ਼ਮੀਨ ਤੇ ਡਿੱਗੀ, ਨਸਵਾਰ ਹਵਾ ਵਿਚ ਉੱਡੀ ਤੇ ਯਾਤਰੀ ਛਿੱਕਾਂ ਮਾਰਨ ਵਿਚ ਰੁੱਝ ਗਏ।

—ਇਕ ਯਾਤਰੀ ਬੋਲਿਆ, ''ਬੱਲੇ ਬੱਲੇ ਨਸਵਾਰ ਕੀ ਏ ਤੁਆਂ ਏਂ। ਅਸਾਂ ਤੇ ਹਵਾ ਵਿਚ ਨਸਵਾਰ ਸੁੰਘੀ ਏ ਜੇ ਭੁਲ ਭੁਲੇਖੇ ਇਕ ਨਾਸ ਲੈ ਲੈਂਦੇ ਤੇ ਭਾਵੇਂ ਘਰ ਤਕ ਛਿੱਕਾਂ ਨਾਲ ਹੀ ਕੁਸ਼ਤੀ ਕਰਦੇ ਰਹਿੰਦੇ। ਪਈ ਵਾਰੇ ਵਾਰੇ ਜਾਈਏ ਇਸ ਕਾਬਲੀ ਨਸਵਾਰ ਦੇ !''

—''ਕੀ ਹੋਇਆ ਏ ਸ਼ਰਮ ਨਹੀਂ ਆਉਂਦੀ। ਨਸਵਾਰ ਸੁੰਘਦਿਆਂ। ਮੁਠ ਭਰ ਯਾਤਰੀ ਭੀ ਰਸਤੇ ਤੋਂ ਲਾਂਭੇ ਨਹੀਂ ਕਰ ਸਕੇ। ਸ਼ਰਮ ਕਰੋ, ਡੁੱਬ ਮਰੋ ਮਰਦੂਦੋ'', ਸਿਪਾਹੀਆਂ ਦੇ ਜਮਾਂਦਾਰ ਨੇ ਕੜਕਦੀ ਆਵਾਜ਼ ਵਿਚ ਆਖਿਆ।

ਇਕ ਦਮ ਚਾਬਕਾਂ ਹਵਾ ਵਿਚ ਫਿਰ ਨੱਚ ਉਠੀਆਂ। ਧੱਕੇ ਖਾਦੇ ਸਿਪਾਹੀ ਇਕ ਦਮ ਅਟੈਨਸ਼ਨ ਹੋ ਗਏ। ਚਾਬਕਾਂ ਦੀ ਵਰਖਾ ਯਾਤਰੀਆਂ ਤੇ ਫੇਰ ਹੋਣ ਲੱਗ ਪਈ। ਯਾਤਰੀਆਂ ਦਾ ਹਜੂਮ ਆਪਣੀ ਧੁਨ ਵਿਚ 'ਜੈ ਗੰਗੇ, ਜੈ ਗੁਦਾਵਰੀ, ਜੈ ਸਿਵ ਸ਼ੰਭੂ' ਦੇ ਜੈਕਾਰੇ ਮਾਰਦਾ ਉਸੇ ਤਰ੍ਹਾਂ ਵਧਦਾ ਆ ਰਿਹਾ ਸੀ, ਜਿਸ ਤਰ੍ਹਾਂ ਰਾਤ ਤੋਂ ਉਨ੍ਹਾਂ ਦੀਆਂ ਟੋਲੀਆਂ ਲੰਘ ਰਹੀਆਂ ਸਨ। ਕੀੜੀਆਂ ਦੇ ਭੌਣ ਵਿਚ ਇਕ ਅੱਧ ਕਾਵੇ ਦੀ ਦਾਲ ਨਹੀ ਗਲਦੀ, ਇਹੋ ਹਾਲ ਤੁਰਕ ਸਿਪਾਹੀਆਂ ਦਾ ਯਾਤਰੀਆਂ ਵਿਚ ਸੀ।

—''ਹਮੀਦ ਖਾਂ, ਗੁਲਾਮ ਹੈਦਰ, ਅਮੀਰ ਬੇਗ, ਅਫ਼ਜ਼ਲ ਖਾਂ, ਹੈਦਰ ਅਲੀ, ਸ਼ਮਸ਼ੇਰ ਖਾਂ ਤੁਸੀਂ ਸਾਹਮਣੇ ਸਿਪਾਹੀਆਂ ਦੀ ਮਦਦ ਕਰੋ, ਤੇ ਮੈਂ ਇਥੇ ਘੋੜ ਸਵਾਰ ਭੇਜਦਾ ਹਾਂ ਤੇ ਵੇਂਹਦਾ ਹਾਂ ਕਿ ਕਿਸ ਤਰ੍ਹਾਂ ਇਹ ਮਰਦੂਦ ਰਸਤਾ ਨਹੀਂ ਛੱਡਦੇ ?'' ਜਲਦੀ ਕਰੋ, ਗੁੱਸੇ ਵਿਚ ਜਮਾਂਦਾਰ ਕੜਕ

ਰਿਹਾ ਸੀ ਜਿਵੇਂ ਸੱਪ ਵਿੱਸ ਘੋਲ ਰਿਹਾ ਹੋਵੇ।

—"ਨੌਕਰ ਕੀ ਤੇ ਨਖਰਾ ਕੀ", ਇਕ ਸਿਪਾਹੀ ਨੇ ਭੱਜਦਿਆਂ ਦੂਜੇ ਨੂੰ ਆਖਿਆ।

ਚੌਂਕ ਵਾਲੇ ਸਿਪਾਹੀ ਚੌਂਕ ਛੱਡ ਕੇ ਦੂਜਿਆਂ ਸਿਪਾਹੀਆਂ ਦੀ ਮਦਦ ਲਈ ਚਲੇ ਗਏ। ਚੌਂਕ ਵਿਹਲਾ ਸੀ ਯਾਤਰੀ ਭਜਨ ਗਾਉਣ ਵਾਲੀਆਂ ਟੋਲੀਆਂ ਲੰਘ ਰਹੀਆਂ ਸਨ। ਰੋੜੀ, ਗੁਪਾਲਨ ਤੇ ਬੁੱਢਾ ਯਾਤਰੀ ਅਜੇ ਵੀ ਆਪਣੀ ਜਗ੍ਹਾ ਤੇ ਖੜੇ ਸਨ। ਉਨ੍ਹਾਂ ਗੁਦਾਵਰੀ ਵੱਲ ਅਜੇ ਪੈਰ ਵੀ ਨਹੀਂ ਸੀ ਪੁਟਿਆ। ਮੁਗਲ ਸਿਪਾਹੀਆਂ ਦੀ ਬਹਾਦਰੀ ਦੇ ਕਾਰਨਾਮੇ ਉਹ ਉਸ ਥਾਂ ਖੜੇ ਕੇ ਵੇਖ ਰਹੇ ਸਨ। ਹਕੂਮਤ ਦੇ ਨਸ਼ੇ ਦੀ ਖੁਮਾਰੀ ਦਾ ਨੰਗਾ ਨਾਚ ਚੁਰਾਹੇ ਤੇ ਨਚਿਆ ਜਾ ਰਿਹਾ ਸੀ। ਯਾਤਰੀ ਜਾਂਦੇ ਤੇ ਜਾਪਦੇ ਸਨ ਪਰ ਵਾਪਸ ਆਉਂਦੇ ਘੱਟ ਹੀ ਨਜ਼ਰੀ ਪੈਂਦੇ। ਸ਼ਾਇਦ ਰਾਹ ਜਾਮ ਹੋ ਗਿਆ ਸੀ ਜਾਂ ਮੁਗਲ ਸਿਪਾਹੀਆਂ ਦਾ ਕੋਈ ਦਸਤਾ ਉਥੇ ਵੀ ਆਣ ਗੱਜਿਆ ਹੋਣਾ ਏ। ਰੋੜੀ ਜਾਣਾ ਚਾਹੁੰਦਾ ਸੀ ਤੇ ਬੁੱਢਾ ਯਾਤਰੀ ਰੋਕ ਰਿਹਾ ਸੀ।

—"ਤੂੰ ਤੇ ਬਾਬਾ ਜਲ ਚੜ੍ਹਾਉਣ ਜਾਣਾ ਵੀ ਏ ਕਿ ਨਹੀਂ? ਸਾਨੂੰ ਕਾਹਨੂੰ ਫਾਕੇ ਮਾਰਨ ਲੱਗਾ ਹੈਂ। ਅਸੀਂ ਧਕਿਆਂ ਦੀ ਬੁਛਾੜ ਸਹਾਰ ਸਕਦੇ ਹਾਂ। ਸਾਨੂੰ ਨਾ ਰੋਕ। ਸੂਰਜ ਸਿਰ ਤੇ ਆਉਣ ਵਾਲਾ ਹੈ। ਕੱਲ੍ਹ ਦੀ ਰੋਟੀ ਖਾਧੀ ਏ ਹੁਣ ਤੇ ਆਂਦਰਾਂ ਵੀ ਨੱਕੀ ਪੂਰ ਖੇਡ ਰਹੀਆਂ ਹਨ। ਚੱਲ ਉਏ ਗੁਪਾਲਨ ਚਲੀਏ", ਰੋੜੀ ਨੇ ਗੁਪਾਲਨ ਨੂੰ ਵੰਗਾਰ ਕੇ ਆਖਿਆ।

ਗੁਪਾਲਨ ਅੱਗੇ ਹੀ ਅੱਗ ਦੀ ਨਾੜ ਸੀ। ਝੱਟ ਟਿੱਬੇ ਤੋਂ ਛਾਲ ਮਾਰ ਕੇ ਯਾਤਰੀਆਂ ਵਿਚ ਜਾ ਰਲਿਆ। ਰੋੜੀ ਵੀ ਉਹਦੇ ਨਾਲ ਸੀ। ਬੁੱਢੇ ਯਾਤਰੀ ਨੇ ਰੋਕਣ ਦਾ ਬਥੇਰਾ ਟਿੱਲ ਲਾਇਆ ਪਰ ਉਹਦੀ ਕਿਸੇ ਨਾ ਮੰਨੀ। ਹੁਣ ਗੁਪਾਲਨ ਤੇ ਰੋੜੀ ਯਾਤਰੂਆਂ ਦੇ ਵਿਚਕਾਰ ਸਨ ਜਿਥੇ ਧੱਕਿਆਂ ਦੀ ਭਰਮਾਰ ਸੀ। ਧਰਤੀ ਨਾਲ ਕਿਤੇ ਪੈਰ ਵੀ ਨਹੀਂ ਛੂੰਹਦਾ। ਉਹ ਹੁਣ ਦੂਰ ਨਿਕਲ ਗਏ ਸਨ। ਬੁੱਢਾ ਤੇ ਇਕ ਹੋਰ ਯਾਤਰੀ ਖੜੇ ਅੱਖਾਂ ਦੀ ਛਤਰੀ ਜਿਹੀ ਬਣਾ ਕੇ ਉਨ੍ਹਾਂ ਵਲ ਨੀਝ ਨਾਲ ਵੇਖ ਰਹੇ ਸਨ। ਘੋੜ ਸਵਾਰ ਚੌਂਕ ਤੇ ਪਹੁੰਚ ਚੁਕੇ ਸਨ। ਬਲਮਾਂ ਸੂਰਜ ਦੀਆਂ ਕਿਰਨਾਂ ਵਿਚ ਚਮਕਾਰੇ ਮਾਰ ਰਹੀਆਂ ਸਨ। ਜੰਗੀ ਲਿਬਾਸ ਦੀ ਚਮਕ ਧੁੱਪ ਵਿਚ ਝੱਲੀ ਨਹੀਂ ਸੀ ਜਾਂਦੀ। ਜ਼ਰ੍ਹਾ-ਬਕਤਰ ਦੂਰੋਂ ਲਿਸ਼ਕਾਰੇ ਮਾਰ ਰਹੇ ਸਨ।

ਸਵਾਰ ਕੀ ਸਨ ਦੇਵ ਸਨ ਕੋਹਕਾਫ ਦੇ। ਕੁੰਢੀਆਂ ਮੁੱਛਾਂ, ਲਾਲ ਸੂਹੇ ਚੇਹਰੇ ਘੂੰਨੀ ਅਤੇ ਹੱਥਾਂ ਵਿਚ ਚਮਕਦੀਆਂ ਬਲਮਾਂ ਥੱਲੇ ਮਛੇਰੂ ਘੋੜੇ ਜਿਨ੍ਹਾਂ ਦਾ ਪੈਰ ਧਰਤੀ ਤੇ ਨਹੀਂ ਸੀ ਲੱਗਦਾ। ਘੋੜੇ ਇਸ ਤਰ੍ਹਾਂ ਨੱਚ ਰਹੇ ਸਨ ਜਿਸ ਤਰ੍ਹਾਂ ਤੱਤੀ ਜ਼ਮੀਨ ਤੇ ਕਿਸੇ ਦੇ ਨੰਗੇ ਪੈਰ ਨਾ ਲਗਣ। ਕਦੀ ਚੁੱਕੇ ਤੇ ਕਦੀ ਥੱਲੇ ਰਖੇ। ਲਗਾਮਾਂ ਖਿੱਚੀ ਸੂਰਮੇਂ ਘੋੜਿਆਂ ਨੂੰ ਥੰਮ੍ਹਦੇ ਪਰ ਉਹ ਫਿਰ ਵੀ ਕਾਠੀਓਂ ਬਾਹਰ ਨਿਕਲ ਰਹੇ ਸਨ। ਜਦ ਘੋੜੇ ਹਜੂਮ ਵਿਚ ਪੁੱਜੇ ਤਦ ਯਾਤਰੀਆਂ ਦਾ ਹੜ੍ਹ ਵਗ ਰਿਹਾ ਸੀ। ਘੋੜਿਆਂ ਦੇ ਸੁੰਮਾਂ ਥੱਲੇ ਯਾਤਰੀ ਮੂਧੜੇ ਮੂੰਹ ਡਿੱਗ ਰਹੇ ਸਨ, ਚੀਕਾਂ ਰੌਲੇ ਵਿਚੋਂ ਨਿਕਲ ਰਹੀਆਂ ਸਨ। ਕਿਸੇ ਦੀ ਜਲ ਵਾਲੀ ਮਟਕੀ ਡਿਗਦੀ ਤੇ ਕੋਈ ਆਪ ਮੂਧੜੇ ਮੂੰਹ ਜਾ

ਡਿੱਗਦਾ। ਕਿਸੇ ਦੀ ਹਿੱਕ ਤੇ ਘੋੜੇ ਦੇ ਸੁੰਮ ਹੁੰਦੇ ਤੇ ਕੋਈ ਘੋੜੇ ਦੇ ਪੈਰਾਂ ਨੂੰ ਜੱਫੀ ਪਾ ਲੈਂਦਾ। ਯਾਤਰੀ ਇਕ ਦੂਜੇ ਉਤੇ ਡਿੱਗ ਰਹੇ ਸਨ। ਕਿਸੇ ਵੇਲੇ ਧੱਕਾ ਜ਼ੋਰ ਵਿਚ ਆਉਂਦਾ ਤੇ ਘੋੜੇ ਥੰਮ ਜਾਂਦੇ। ਯਾਤਰੀ ਖ਼ੂਨ ਵਿਚ ਲੱਥ ਪੱਥ ਸਨ ਤੇ ਘੋੜਿਆਂ ਦੇ ਸੁੰਮਾਂ ਯਾਤਰੀਆਂ ਦੇ ਖ਼ੂਨ ਦੀ ਮਹਿੰਦੀ ਲਾਈ ਹੋਈ ਸੀ। ਉਨ੍ਹਾਂ ਘੋੜਿਆਂ ਥਾਂ ਤਾਂ ਵਿਹਲੀ ਕਰ ਦਿੱਤੀ ਪਰ ਜੋਸ਼ ਨਾ ਰੁਕਿਆ। ਜਦ ਘੋੜੇ ਇਕ ਪਾਸਿਓਂ ਦੂਜੇ ਪਾਸੇ ਜਾਂਦੇ ਤਾਂ ਉਹ ਥਾਂ ਫਿਰ ਯਾਤਰੀਆਂ ਨਾਲ ਭਰ ਜਾਂਦੀ। ਇਸ ਤਰ੍ਹਾਂ ਯਾਤਰੀ ਤੇ ਮੁਗ਼ਲ ਕਬੱਡੀ ਖੇਡ ਰਹੇ ਸਨ। ਬੁੱਢਾ ਯਾਤਰੀ ਖੜਾ ਤਮਾਸ਼ਾ ਵੇਖ ਰਿਹਾ ਸੀ ਦੂਰ ਟਿੱਬੇ ਤੇ। ਜਦ ਹਜੂਮ ਨਾ ਰੁਕਿਆ ਤਦ ਉਨ੍ਹਾਂ ਨੇ ਬੱਲਮਾਂ ਨਾਲ ਯਾਤਰੀ ਵਿੰਨ੍ਹਣੇ ਸ਼ੁਰੂ ਕਰ ਦਿੱਤੇ। ਬਲਮ ਵਿਚ ਕੋਈ ਪਰੁਚਿਆ ਹੋਇਆ ਸੀ ਤੇ ਕਿਸੇ ਦੀ ਹਿੱਕ ਵਿਚ ਖੁਭੀ ਹੋਈ ਸੀ। ਯਾਤਰੀਆਂ ਦਾ ਕਤਲੇਆਮ ਵੇਖ ਕੇ ਜਮਾਂਦਾਰ ਹਸ ਰਿਹਾ ਸੀ।

—"ਸੂਬੇਦਾਰ ਦੀ ਸਵਾਰੀ ਆ ਰਹੀ ਹੈ ਜਵਾਨੋਂ ਰਸਤਾ ਰੋਕ ਰੱਖੋ। ਹੁਸ਼ਿਆਰ ਕੋਈ ਯਾਤਰੀ ਅੱਗੇ ਨਾ ਵਧੇ।" ਜਮਾਂਦਾਰ ਉੱਚੀ ਆਵਾਜ਼ ਵਿਚ ਗੱਜ ਰਿਹਾ ਸੀ।

ਸੂਬੇਦਾਰ ਦਾ ਝੂਲਦਾ ਹਾਥੀ ਆ ਰਿਹਾ ਸੀ। ਨਗਾਰੇ ਵੱਜ ਰਹੇ ਸਨ। ਸ਼ਹਿਨਾਈ ਦਾ ਮੂੰਹ ਚੁੰਮਿਆ ਜਾ ਰਿਹਾ ਸੀ। ਸ਼ਹਿਨਾਈ ਵਜਾਉਣ ਵਾਲਾ ਇੰਜ ਦਿੱਸ ਰਿਹਾ ਸੀ ਜਿਵੇਂ ਕੋਈ ਮਾਸਖੋਰਾ ਗੋਸ਼ਤ ਵਿਚੋਂ ਹੱਡੀ ਚੂਸ ਰਿਹਾ ਹੋਵੇ। ਘੋੜ ਸਵਾਰਾਂ ਦੇ ਪਿੱਛੇ ਉਨ੍ਹਾਂ ਦੀ ਕਤਾਰ ਸੀ ਉਹਦੇ ਮਗਰ ਸੂਬੇਦਾਰ ਦਾ ਹਾਥੀ। ਅੰਮਾਰੀ ਵਿਚ ਸੂਬੇਦਾਰ ਸੀ ਨਾਂਦੇੜ ਨੂੰ ਵੇਖ ਰਿਹਾ ਸੀ ਬਾਂਸ ਦੀ ਲੰਮੀ ਜਿਹੀ ਦੂਰਬੀਨ ਨਾਲ। ਯਾਤਰੀਆਂ ਦਾ ਜੋਸ਼ ਉਹਦੀਆਂ ਅੱਖਾਂ 'ਚ ਰੜਕਦਾ ਸੀ।

—"ਹੋਸ਼ਿਆਰ, ਬਾ-ਮੁਲਾਹਜ਼ਾ ਹੋਸ਼ਿਆਰ। ਆਲੀ ਹਜ਼ਰਤ ਸੂਬੇਦਾਰ ਵਾਲੀਏ ਔਰੰਗਾਬਾਦ ਕੀ ਸਵਾਰੀ ਆ ਰਹੀ ਹੈ।" ਦੂਰੋਂ ਇਹ ਆਵਾਜ਼ ਸੁਣਾਈ ਦੇ ਰਹੀ ਸੀ। ਮੁਗ਼ਲ ਰਾਜ ਦੇ ਆਲਮ ਹਵਾ ਵਿਚ ਪੈਲਾਂ ਪਾ ਰਹੇ ਸਨ। ਹਜੂਮ ਕਦੇ ਰੁਕਦਾ ਤੇ ਕਦੇ ਕਾਬੂ ਤੋਂ ਬਾਹਰ ਹੋ ਜਾਂਦਾ। ਸਵਾਰੀ ਹੁਣ ਬੁੱਢੇ ਯਾਤਰੀ ਦੇ ਕੋਲੋਂ ਦੀ ਲੰਘ ਚੁਕੀ ਸੀ। ਇਕ ਦਮ ਹਾਥੀ ਰੁਕਿਆ, ਹਜੂਮ ਦਾ ਧੱਕਾ ਵੱਜਾ ਤੇ ਗੁਪਾਲਨ ਮੂਧੇ ਮੂੰਹ ਹਾਥੀ ਦੇ ਪੈਰਾਂ ਥੱਲੇ ਜਾ ਡਿੱਗਾ। ਗਜ-ਰਾਜ ਦੇ ਪੈਰ ਥੱਲੇ ਉਹਦੀਆਂ ਹੱਡੀਆਂ ਚੂਰ ਚੂਰ ਹੋ ਗਈਆਂ। ਤੜਫਦਾ ਗੁਪਾਲਨ ਇਕ ਘੜੀ ਵਿਚ ਠੰਢਾ ਹੋ ਗਿਆ। ਹਜੂਮ ਵਿਚੋਂ ਰੇਡੀ ਨੇ ਕਾਫ਼ੀ ਕੋਸ਼ਿਸ਼ ਕੀਤੀ ਪਰ ਘੋੜ-ਸਵਾਰਾਂ ਉਹਦੀ ਕੋਈ ਪੇਸ਼ ਨਾ ਜਾਣ ਦਿੱਤੀ। ਵਿਚਾਰੇ ਦੇ ਅਰਮਾਨ ਦਿਲ ਵਿਚ ਹੀ ਰਹਿ ਗਏ ਤੇ ਜੋਸ਼ ਉਹਦੇ ਪੈਰਾਂ ਵਿਚ ਹੀ ਠੰਢਾ ਹੋ ਗਿਆ। ਹਾਥੀ ਤੇ ਲੰਘ ਗਿਆ, ਊਠ, ਘੋੜੇ ਤੇ ਸਿਪਾਹੀ ਸਾਰੇ ਹੀ ਉਨ੍ਹਾਂ ਪੱਬਾਂ ਦੇ ਚਿੰਨ੍ਹਾਂ ਦੇ ਉਤੋਂ ਦੀ ਗਏ। ਕਿਸੇ ਨੇ ਵੇਖਣ ਦੀ ਖੇਚਲ ਵੀ ਨਾ ਕੀਤੀ।

ਰੇਡੀ ਹੁਣ ਲਾਸ਼ ਦੇ ਕੋਲ ਸੀ, ਯਾਤਰੀ ਥੰਮ੍ਹੇ ਹੋਏ ਸਨ। ਖ਼ੂਨ ਵਿਚ ਲੱਥ ਪੱਥ ਲਾਸ਼ ਉਨ੍ਹਾਂ ਚੁਕ ਲਈ ਤੇ ਨਿਡਰ ਹੋਕੇ ਲੈ ਗਏ। ਰੇਡੀ ਦੇ ਸਿਰ ਖ਼ੂਨ ਚੜ੍ਹਿਆ ਹੋਇਆ ਸੀ ਉਹਦੇ ਮੱਥੇ ਤਿਊੜੀਆਂ ਉਤਰ ਪਈਆਂ।

ਬੁੱਢੇ ਯਾਤਰੀ ਨੇ ਰੇਡੀ ਦੇ ਮੋਢੇ ਤੇ ਹੱਥ ਮਾਰਦਿਆਂ ਆਖਿਆ, "ਧੀਰਜ ਕਰ ਬੱਚਾ, ਇਸ ਖ਼ੂਨ ਨੂੰ ਬੇਅਰਥ ਨਾ ਸਮਝ। ਇਹਦੇ ਵਿਚ ਦੇਸ਼ ਦੀ ਆਜ਼ਾਦੀ ਲੁਕੀ ਹੋਈ ਏ।"

—"ਨਹੀਂ ਬਾਬਾ, ਧੀਰਜ ਤੇ ਸੱਚ ਨੇ ਖ਼ੂਨ ਤੇ ਪਾਣੀ ਨੂੰ ਇਕ ਥਾਂ-ਤੋਲ ਦਿੱਤਾ ਹੈ। ਝੂਮਦਾ ਮਸਤ ਹਾਥੀ ਗੁਪਾਲਨ ਨੂੰ ਪੈਰਾਂ ਵਿਚ ਮਧੋਲ ਕੇ ਚਲਾ ਗਿਆ ਪਰ ਝੂਠ ਮੂਠ ਕਿਸੇ ਨੇ ਪਿੱਛੇ ਮੁੜ ਕੇ ਵੀ ਨਾ ਵੇਖਿਆ। ਹਾਥੀ ਕੀ ਲੰਘਿਆ ਕਿ ਯਾਤਰੀਆਂ ਨੂੰ ਸੱਪ ਸੁੰਘ ਗਿਆ। ਬਾਬਾ, ਇਹ ਕੀ ਹੋ ਗਿਆ, ਇਹ ਖਾਮੋਸ਼ੀ ਇਹ ਚੁੱਪ, ਉਦਾਸੀ ਵਿਚ ਕਿਉਂ ਬਦਲ ਗਿਆ। ਬਾਬਾ ਬੋਲਦਾ ਕਿਉਂ ਨਹੀਂ, ਬੋਲ ਬਾਬਾ, ਇਹ ਕੀ ਕਾਰਨ ਏ," ਰੇਡੀ ਬਾਬੇ ਨੂੰ ਫੜ ਕੇ ਹਿਲਾ ਰਿਹਾ ਸੀ।

—ਉਹਦੇ ਬੁਲ੍ਹ ਖੁਲ੍ਹੇ ? "ਖਾਮੋਸ਼ੀਆਂ ਤੂਫਾਨਾਂ ਨੂੰ ਜਨਮ ਦੇਂਦੀਆਂ ਨੇ ਬਗਾਵਤਾਂ ਚੁੱਪ ਦੀ ਗੋਦ ਵਿਚ ਪਲਦੀਆਂ ਹਨ। ਗੱਜਦੇ ਬੱਦਲ ਵਰ੍ਹਦੇ ਨਹੀਂ। ਰੌਲਾ ਰੱਪਾ ਪਾ ਕੇ ਲੰਘ ਜਾਂਦੇ ਨੇ। ਤਿੱਤਰ ਖੰਭੜੀਆਂ ਬਦਲੀਆਂ ਵਿਚ ਹੀ ਤੇਜ਼ਕੀਆਂ ਨੇ ਜਿਹੜੀਆਂ ਘੜੀ ਦੀ ਘੜੀ ਵਿਚ ਜਲ ਥਲ ਕਰ ਦੇਂਦੀਆਂ ਨੇ ਤੇ ਕਿਸੇ ਨੂੰ ਕੰਨੋ ਕੰਨੀ ਖਬਰ ਨਹੀਂ ਹੁੰਦੀ। ਗੁੱਸਾ ਪੀਂਦੇ ਜਾਉ ਤੇ ਸੀ ਨਾ ਕਰੋ। ਦੱਬੀਆਂ ਚਿੰਗਿਆੜੀਆਂ ਅੰਗਿਆਰ ਬਣ ਜਾਣਗੀਆਂ ਤੇ ਅੰਗਿਆਰ ਸ਼ੋਲ੍ਹਿਆਂ ਦਾ ਰੂਪ ਧਾਰ ਲੈਣਗੇ। ਸ਼ੋਲ੍ਹੇ ਜਵਾਲਾ ਬਣ ਕੇ ਘੜੀ ਵਿਚ ਉਚੇ ਉਚੇ ਬੁਰਜਾਂ ਨੂੰ ਭੁਬਲ ਬਣਾ ਦੇਂਦੇ ਨੇ। ਗੁੱਸਾ ਚੰਡਾਲ ਹੁੰਦਾ ਏ। ਕੀੜੀ ਹਾਥੀ ਦਾ ਮੁਕਾਬਲਾ ਨਹੀਂ ਕਰ ਸਕਦੀ ਪਰ ਜੇ ਧੀਰਜ ਤੋਂ ਕੰਮ ਲਵੇ ਤੇ ਰਾਜਨੀਤੀ ਨਾ ਹਥੋਂ ਜਾਣ ਦੇਵੇ ਤੇ ਫਿਰ ਜਾਣਨਾ ਏਂ ਫਿਰ ਕੀ ਹੁੰਦਾ ਹੈ ? ਹਾਥੀ ਦੀ ਮੌਤ ਦਾ ਕਾਰਨ ਫਿਰ ਉਹੀ ਕੀੜੀ ਬਣਦੀ ਏ।" ਬੁੱਢੇ ਯਾਤਰੀ ਨੇ ਰੇਡੀ ਨੂੰ ਧੀਰਜ ਦੇਂਦਿਆਂ ਆਖਿਆ।

—"ਇਹ ਹਨੇਰ ਏ, ਜ਼ੁਲਮ ਏ, ਹਾਥੀ ਦੇ ਪੈਰ ਥਲੇ ਗਰੀਬ ਪਿਸ ਜਾਣ ਤੇ ਹਾਕਮ ਨੂੰ ਖਬਰ ਨਾ ਹੋਵੇ ! ਸਿਪਾਹੀ ਹਸਦੇ ਕੋਲੋਂ ਲੰਘ ਜਾਣ ਤੇ ਹਾਕਮ ਮੁੜ ਕੇ ਵੀ ਨਾ ਵੇਖੇ ?" ਇਕ ਹੋਰ ਯਾਤਰੀ ਨੇ ਆਖਿਆ।

ਯਾਤਰੀ ਲੰਘ ਰਹੇ ਸਨ ਆਪਣੀ ਧੁਨ ਵਿਚ ਬੁੱਢੇ ਨੇ ਗੁਪਾਲਨ ਦੇ ਖ਼ੂਨ ਦਾ ਰੇਡੀ ਨੂੰ ਤਿਲਕ ਲਾਇਆ ਤੇ ਆਖਿਆ—'ਰੇਡੀ ! ਤੈਨੂੰ ਇਸ ਖ਼ੂਨ ਦੀ ਕਸਮ ਏ, ਜੇ ਤੂੰ ਇਸ ਖ਼ੂਨ ਨੂੰ ਭੁਲ ਗਿਉਂ ਤੇ। ਇਹਦਾ ਬਦਲਾ ਵੇਲਾ ਆਉਣ ਤੇ ਲੈਣਾ ਈ। ਕਾਹਲੀ ਵਿਚ ਨਹੀਂ, ਬਦਲੇ ਦੀ ਅੱਗ ਨੂੰ ਅਣਖ ਨਾਲ ਵਿਆਹ ਦੇਵੀਂ ਤੇ ਸੀ ਨਾ ਕਰੀਂ। ਜਦ ਤਕ ਤੂੰ ਇਹਦੇ ਖ਼ੂਨ ਦਾ ਬਦਲਾ ਨਹੀਂ ਲਵੇਂਗਾ ਇਹਦੀ ਆਤਮਾ ਭਟਕਦੀ ਰਹੇਗੀ।'

ਗੁਪਾਲਨ ਦੀ ਲਾਸ਼ ਉਹਨਾਂ ਅਰਥੀ ਤੇ ਪਾ ਲਈ। ਚਾਰ ਆਦਮੀ ਅਰਥੀ ਚੁੱਕੀ ਜਾ ਰਹੇ ਸਨ ਤੇ ਬੁੱਢਾ ਯਾਤਰੀ ਆਖ ਰਿਹਾ ਸੀ—"ਬੋਲੋ ਰਾਮ ਭਈ ਬੋਲੋ ਰਾਮ", ਮਗਰ ਯਾਤਰੀਆਂ ਦੀ ਆਵਾਜ਼ ਗੂੰਜ ਰਹੀ ਸੀ—"ਰਾਮ ਨਾਮ ਸਤਿ ਹੈ, ਹਰਿ ਕਾ ਨਾਮ ਸਤਿ ਹੈ।"

ਸ਼ਾਹੀ ਮਸਜਿਦ ਵਿਚ ਨਮਾਜ਼ ਪੜ੍ਹੀ ਜਾ ਰਹੀ ਸੀ। ਭਜਨ ਕੀਰਤਨ ਵਾਲੀਆਂ ਟੋਲੀਆਂ ਮਸਜਿਦ ਦੇ ਕੋਲ ਦੀ ਲੰਘ ਰਹੀਆਂ ਸਨ। "ਮੈਂ ਤੋ ਰਾਮ ਨਾਮ ਧੁਨ ਪਾਊਂ" ਨਗਰ ਕੀਰਤਨ ਵਾਲੀਆਂ ਟੋਲੀਆਂ ਗੁਦਾਵਰੀ ਵਲ ਮਹਾਂਦੇਵ ਦੀ ਮਹਿਮਾ ਦੇ ਗੀਤ ਗਾਉਂਦੀਆਂ ਮੰਦਰ ਵੱਲ ਜਾ ਰਹੀਆਂ ਸਨ। ਮੱਧਮ ਸੁਰੀਲੀ ਤੇ ਲੈ ਭਰੀ ਆਵਾਜ਼ ਵਿਚ ਗਾਉਂਦੀਆਂ ਅਲਮਸਤ ਮਲਵੈਣਾਂ ਗਭਰੂ ਤੇ ਮੁਟਿਆਰਾਂ ਦਾ ਸੋਹਜ ਭਰਿਆ ਨਾਚ ਹੋ ਰਿਹਾ ਸੀ। ਘੁੰਗਰੂਆਂ ਦੀ ਆਵਾਜ਼ ਅੱਡੀ ਦੇ ਛਣਕਣ ਨਾਲ ਗੂੰਜਦੀ ਏ। ਦੋ ਸੁਰਾ ਰਾਗ ਗੂੰਜਿਆ, ਕਮਰਾਂ ਝੂੰਕਦੀਆਂ ਲੱਕ ਵਲ ਖਾ ਜਾਂਦੇ। ਕਦੀ ਮਲਵੈਣਾਂ ਉੱਚੀਆਂ ਹੋ ਕੇ ਨੱਚਦੀਆਂ ਤੇ ਕਦੀ ਧਰਤੀ ਦੇ ਸਿਰਵਾਰਨੇ ਕਰਦੀਆਂ। ਗੇਂਡੇ ਵਾਂਗੂ ਉਹਨਾਂ ਦੀ ਕਮਰ ਵਿਚ ਲੱਚਕ ਸੀ ਤੇ ਪੈਰਾਂ ਵਿਚ ਤਾਲ। ਸੰਗੀਤ ਦੀ ਰਾਗਨੀ ਤੇ ਪੱਬ ਨੇ ਉਹਨਾਂ ਦੇ ਘੁੰਗਰੂਆਂ ਵਿਚ ਲੈ ਭਰ ਦਿੱਤੀ ਸੀ। ਘੁੰਗਰੂਆਂ ਦੀ ਛਣਕਾਰ ਤੇ ਗਿੱਧੇ ਦੀ ਤਾਲ ਤੇ ਕੀਹਦਾ ਜੀਅ ਨਹੀਂ ਨੱਚ ਉਠਦਾ। ਭਗਤੀ ਰਸ ਵਿਚ ਭਰੇ ਗੀਤ ਮਸਤੀ ਵਿਚ ਗਾਏ ਜਾਂਦੇ। ਸੁਧ ਬੁਧ ਵਿਸਾਰ ਕੇ ਉਹ ਮਸਤ ਗੱਭਰੂ ਤੇ ਲੱਗਰਾਂ ਮੁਟਿਆਰਾਂ ਨੱਚਦੀਆਂ ਗਾਉਂਦੀਆਂ ਮਸਜਿਦ ਦੇ ਕੋਲੋਂ ਦੀ ਲੰਘਣਾ ਚਾਹੁੰਦੀਆਂ ਸਨ। ਮਸਜਿਦ ਤੋਂ ਅਜੇ ਟੋਲੀਆਂ ਦੂਰ ਹੀ ਸਨ ਕਿ ਸਿਪਾਹੀਆਂ ਦੀ ਹਿੱਕ ਤੇ ਸੱਪ ਲੇਟਣੇ ਸ਼ੁਰੂ ਹੋ ਗਏ। ਗੁੱਸਾ ਉਹਨਾ ਦੀਆਂ ਤਿਊੜੀਆਂ ਵਿਚ ਕੁੰਡਲ ਆਣ ਮਾਰ ਬੈਠਾ। ਅੱਖਾਂ ਸੂਹੀਆਂ ਕੇਸੂਆਂ ਵਰਗੀਆਂ ਹੋ ਗਈਆਂ।

"ਮਰਦੂਦ ਕਾਫ਼ਰਾਂ ਦੀ ਜ਼ਬਾਨ ਖਿੱਚ ਲਓ। ਇਨ੍ਹਾਂ ਸਾਡੀ ਨਮਾਜ਼ ਵਿਚ ਖੱਲਲ ਪਾਇਆ ਹੈ। ਘੋੜਿਆਂ ਦੀਆਂ ਸੁੰਮਾਂ ਥਲੇ ਇਨ੍ਹਾਂ ਦਾ ਸੁਰਮਾ ਬਣਾ ਦਿਉ। ਜ਼ਬਾਨ ਹਲਕ ਵਿਚੋਂ ਖਿੱਚ ਲਓ। ਤਾਕਿ ਮੁੜ ਇਨ੍ਹਾਂ ਦੀ ਜ਼ਬਾਨ ਕਿਆਮਤ ਤਕ ਨਾ ਬੋਲ ਸਕੇ। ਖਿੱਚ ਦਿਉ ਸਿਪਾਹੀਓ; ਗਿੱਠ ਲੰਮੀ ਜੀਭ। ਗੂੰਗੇ ਐਂ ਐਂ, ਹੈਂ ਹੈਂ ਪਏ ਕਰਦੇ ਫਿਰਨ।" ਜਮਾਂਦਾਰ ਸ਼ਾਹੀ ਮਸਜਿਦ ਦੇ ਦਰਵਾਜ਼ੇ ਤੇ ਖੜਾ ਆਖ ਰਿਹਾ ਸੀ।

ਘੋੜਿਆਂ ਨੇ ਪੈਰਾਂ ਤੋਂ ਛਾਲਾਂ ਮਾਰੀਆਂ ਸੁਰਾਂ ਵਿਚ ਸੁਰੀਲਾ ਨੱਚਣ ਵਾਲਾ ਨਾਚ ਖ਼ੂਨ ਦੀ ਹੋਲੀ ਖੇਡਣ ਲੱਗ ਪਿਆ। ਮਧੁਰਤਾ ਚੀਕਾਂ ਵਿਚ ਬਦਲ ਗਈ, ਤਾਲ ਵਿਚ ਵਜਣ ਵਾਲਾ ਗਿੱਧਾ ਦੁਹੱਥੜਾਂ ਵਿਚ ਗੂੰਜ ਉਠਿਆ। ਘੁੰਗਰੂ ਖ਼ੂਨ ਵਿਚ ਲੱਥ ਪੱਥ ਹੋ ਗਏ। ਸ਼ਾਹੀ ਮਸਜਿਦ ਵਿਚ ਨਮਾਜ਼ ਪੜ੍ਹੀ ਜਾ ਰਹੀ ਸੀ। ਮੋਮਨਾਂ ਦੀ ਜਮਾਤ ਖ਼ੁਦਾ ਤਾਲਾ ਦੇ ਹਜ਼ੂਰ ਵਿਚ ਸੱਜਦੇ ਲਈ ਝੁਕ ਰਹੀ ਸੀ। ਇਧਰ ਭਗਵਾਨ ਦੇ ਦਰਬਾਰ ਵਿਚ ਹਾਹਾਕਾਰ ਦੀਆਂ ਚੀਕਾਂ ਵੱਜ ਰਹੀਆਂ ਸਨ। ਤਾਜ਼ਾ ਦਮ ਘੋੜਿਆਂ ਨੇ ਰਹਿੰਦੀਆਂ ਖੋਹਿੰਦੀਆਂ ਚੀਕਾਂ ਦਾ ਗਲਾ ਵੀ ਘੁਟ ਦਿੱਤਾ। ਉਹ ਗਿੱਧਾ, ਮਧੁਰ ਗੀਤ ਤੇ ਮਤਵਾਲੀ ਲੈ ਹਮੇਸ਼ਾਂ ਲਈ ਮੌਤ ਦੀ ਬੁਕਲ ਵਿਚ ਸੌਂ ਗਈ। ਰੇਡੀ ਤੇ ਬੁੱਢਾ ਪੁਜਾਰੀ ਚੁਪ ਚਪੀਤੇ ਕੋਲੋਂ ਦੀ ਲੰਘ ਰਹੇ ਸਨ। ਜਿਵੇਂ ਪਿੰਡ ਵਾਲੇ ਕਿਸੇ ਦਾ ਨੜੋਇਆ ਨਹਾ ਕੇ ਆਉਣ। ਗੁਦਾਵਰੀ ਦੀਆਂ ਲਹਿਰਾਂ ਵਿਚ ਜੋਸ਼ ਵੱਧ ਰਿਹਾ ਸੀ। ਉੱਮੜ ਉੱਮੜ ਕੇ ਗੁਦਾਵਰੀ ਦੀਆਂ ਲਹਿਰਾਂ ਸ਼ਿਵਲਿੰਗ ਤਕ ਪੁਜ ਰਹੀਆਂ ਸਨ।

ਮੁੱਲਾਂ ਨੇ ਮੈਂਬਰ ਤੋਂ ਵਾਹਜ਼ ਦਾ ਆਖਰੀ ਫਿਕਰਾ ਆਖਿਆ ਤੇ ਜਮਾਤ 'ਚੋਂ 'ਆਮੀਨ ਆਮੀਨ' ਦੀ ਸਦਾ ਮਸਜਿੱਦ ਵਿਚ ਗੂੰਜ ਉਠੀ। ਗਾਜ਼ੀ ਮਸਜਿੱਦ ਤੋਂ ਬਾਹਰ ਨਿਕਲ ਰਹੇ ਸਨ, ਖ਼ੂਨ ਨਾਲ ਸ਼ਾਹੀ ਮਸਜਿੱਦ ਦੀਆਂ ਪੌੜੀਆਂ ਤੇ ਹੋਲੀ ਖੇਡੀ ਹੋਈ ਸੀ।

—"ਕਾਫਰਾਂ ਨੇ ਖ਼ੂਨ ਨਾਲ ਸ਼ਾਹੀ ਮਸਜਿੱਦ ਦੀਆਂ ਸੀਹੜੀਆਂ ਨਾਪਾਕ ਕਰ ਦਿੱਤੀਆਂ ਹਨ।" ਇਕ ਮੌਲਵੀ ਨੇ ਆਖਿਆ, ਤੇ ਘੂਰੀ ਜਿਹੀ ਵੱਟ ਕੇ ਥੱਲੇ ਉੱਤਰ ਗਿਆ।

ਬੀਰ ਬੈਰਾਗੀ ਤੇ ਕੁਝ ਉਹਦੇ ਸਾਥੀ ਵੀ ਇਹ ਤਮਾਸ਼ਾ ਵੇਖ ਰਹੇ ਸਨ। ਚੁਪ ਉਨ੍ਹਾਂ ਦੇ ਚਿਹਰਿਆਂ ਤੇ ਵਰਤੀ ਹੋਈ ਸੀ। ਬੈਰਾਗੀ ਦੇ ਸੰਘਣੇ ਵਾਲਾਂ ਵਿਚੋਂ ਚਿਹਰਾ ਚੰਗੀ ਤਰ੍ਹਾਂ ਲੱਭਦਾ ਨਹੀਂ ਸੀ। ਬੈਰਾਗੀ ਨੇ ਇਕ ਵਾਰ ਕਚੀਚੀ ਵੱਟੀ, ਉਹਦੇ ਮਥੇ ਤੇ ਤਿਊੜੀਆਂ ਵੀ ਉਭਰੀਆਂ। ਫਿਰ ਖਬਰੇ ਉਹ ਚੁਪ ਕਿਵੇਂ ਹੋ ਗਿਆ। ਉਹਦੀ ਜ਼ਬਾਨ ਨੂੰ ਜਿਵੇਂ ਕਿਸੇ ਜੰਦਰਾ ਮਾਰ ਦਿੱਤਾ ਹੋਵੇ। ਸੱਪ ਸੁੰਘੇ ਚਿਹਰੇ ਤੇ ਮੁਰਦਿਹਾਨੀ ਜਿਹੀ ਛਾ ਗਈ। ਹੁਣ ਉਹਦਾ ਮਸਤਕ ਤਿਊੜੀਆਂ ਤੋਂ ਵਿਹਲਾ ਹੋ ਰਿਹਾ ਸੀ। ਉਸ ਹੋਲੀ ਹੋਲੀ ਆਪਣੇ ਪੈਰ ਪੁਟੇ ਤੇ ਰਾਹੇ ਰਾਹੇ ਤੁਰ ਪਿਆ।

—"ਵਲੀ ਅੱਲਾ, ਮਸਜਿੱਦ ਦੇ ਕੋਲ ਦੀ ਲੰਘ ਰਿਹਾ ਹੈ। ਬਗੈਰ ਕਿਸੇ ਸਦਾ ਤੋਂ ਬੈਰਾਗੀ ਮੁਰਸ਼ਦ ਤੇਰੇ ਚਿਹਰੇ ਤੇ ਉਦਾਸੀ ਦੇ ਆਸਾਰ ਹਨ। ਕੌਣ ਹੈ ਜੋ ਉਦਾਸੀ ਦਾ ਕਾਰਨ ਬਣਿਆ ਹੈ।" ਜਮਾਂਦਾਰ ਦਾ ਲਾਲ ਸੂਹਾ ਚਿਹਰਾ ਮੁਸਕਰਾ ਰਿਹਾ ਸੀ ਤੇ ਉਹਦੀ ਜ਼ਬਾਨ ਚੱਲ ਰਹੀ ਸੀ।

ਬੈਰਾਗੀ ਦੀ ਮੰਨਤ ਮੁਸਲਮਾਨਾਂ ਵਿਚ ਵੀ ਉੱਨੀ ਸੀ ਜਿੰਨੀ ਹਿੰਦੂਆਂ ਵਿਚ। ਹਿੰਦੂ ਸੰਤ ਮਹਾਤਮਾ ਤੇ ਜੋਗੀ ਮੰਨਦੇ ਤੇ ਮੁਸਲਮਾਨ ਬਜ਼ੁਰਗ ਤੇ ਫੱਕਰ ਸਮਝਦੇ। ਉਹਦੇ ਸਾਹਮਣੇ ਕੋਈ ਸਿਰ ਨਾ ਚੁਕਦਾ। ਬੈਰਾਗੀ ਦੇ ਹਰ ਹੁਕਮ ਤੇ ਫੁਲ ਚੜ੍ਹਾਏ ਜਾਂਦੇ।

—"ਨਿਹੱਥੇ ਤੇ ਬੇਦੋਸ਼ਿਆਂ ਦਾ ਖ਼ੂਨ ਮੁਸੀਬਤ ਨਾ ਬਣ ਜਾਏ।" ਬੈਰਾਗੀ ਨੇ ਸਰਸਰੀ ਜਿਹੀ ਆਖਿਆ ਤੇ ਅੱਗੇ ਵਧ ਗਿਆ।

—"ਨਮਾਜ ਵਿਚ ਖ਼ੱਲਲ ਪਾਉਣ ਵਾਲਿਆਂ ਨੂੰ ਮਾਫ ਨਹੀਂ ਕੀਤਾ ਜਾ ਸਕਦਾ ਭਾਵੇਂ ਕੋਈ ਕਿੰਨਾ ਹੀ ਅਜ਼ੀਜ਼ ਕਿਉਂ ਨਾ ਹੋਵੇ। ਰਸੂਲ ਪਾਕ ਦੀ ਦਰਗਾਹ ਵਿਚ ਉਹ ਆਦਮੀ ਮੁਜਰਿਮ ਹੈ ਜਿਹੜਾ ਸ਼ਰੀਅਤ ਵਿਚ ਖ਼ੱਲਲ ਅੰਦਾਜ਼ੀ ਕਰਦਾ ਹੈ। ਕਲ੍ਹ ਨੂੰ ਮੈਂ ਜੇ ਕੋਈ ਇਹੋ ਜਿਹੀ ਹਰਕਤ ਕਰਾਂਗਾ ਤਾਂ ਮੇਰਾ ਵੀ ਇਹੋ ਹਸ਼ਰ ਹੋਵੇਗਾ।" ਜਮਾਂਦਾਰ ਨੇ ਆਖਿਆ।

—"ਅੱਛਾ! ਤੁਹਾਡੇ ਕਰਮ ਤੁਹਾਡੇ ਨਾਲ ਅੱਜ ਕੀ ਸੂਬੇਦਾਰ ਦੀ ਸਵਾਰੀ ਸ਼ਹਿਰ ਦਾ ਦੋਰਾ ਕਰੇਗੀ? ਹੋਣੀ ਬੜੀ ਬਲਵਾਨ ਏ। ਜੈ ਸ਼ਿਵ ਸ਼ੰਭੂ ਜੈ ਮਹਾਂਦੇਵ।" ਤੜਫਦੀ ਲਾਸ਼ ਬੈਰਾਗੀ ਦੇ ਪੈਰਾਂ ਨੂੰ ਲੱਗੀ। "ਅਜੇ ਤਕ ਇਹ ਲਾਸ਼ਾਂ ਠੰਢੀਆਂ ਨਹੀਂ ਹੋਈਆਂ। ਕਿੰਨਾ ਜ਼ੁਲਮ ਏ? ਪਾਪ ਦਾ ਘੜਾ ਭਰ ਕੇ ਟੁਟਦਾ ਹੈ।" ਬੈਰਾਗੀ ਅਜੇ ਵੀ ਬੁੜਬੁੜਾ ਰਿਹਾ ਸੀ ਉਹਦੇ ਬੁਲ੍ਹ ਚੂਹੇ ਹਿਲਦੇ ਜਾਪਦੇ ਸਨ।

ਗੁਦਾਵਰੀ ਦੀ ਇਕ ਲਹਿਰ ਬਦਲ ਵਾਂਗ ਉਮਡੀ ਤੇ ਹਨੇਰੀ ਵਾਂਗੂੰ ਛਾ ਗਈ। ਕਈ ਸਿਪਾਹੀ ਤੇ ਯਾਤਰੀ ਆਪਣੀ ਗੋਦ ਵਿਚ ਲੈ ਕੇ ਉਹ ਮੁੜ ਗੁਦਾਵਰੀ ਵਿਚ ਅਲੋਪ ਹੋ ਗਈ।

ਬੁੱਢਾ ਤੇ ਰੋਡੀ ਜਾ ਰਹੇ ਸਨ ਆਪਣੇ ਆਸ਼ਰਮ ਵੱਲ। ਸੂਰਜ ਢਲ ਰਿਹਾ ਸੀ। ਜ਼ੁਲਮ ਵੇਖ ਕੇ ਗੁਦਾਵਰੀ ਦੀਆਂ ਲਹਿਰਾਂ ਵਿਚ ਤੂਫਾਨ ਛਲਕ ਰਿਹਾ ਸੀ। ਬੈਰਾਗੀ ਦੇ ਪੈਰ ਆਪਣੀ ਕੁਟੀਆ ਵੱਲ ਮੁੜੇ। ਗੁਦਾਵਰੀ ਪੁੰਨ ਤੇ ਪਾਪ ਆਪਣੀ ਗੋਦ ਵਿਚ ਲੈ ਗਈ।

—"ਕਣਕ ਨਾਲ ਘੁਨ ਪਿਸ ਗਿਆ" ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਆਖ ਰਹੇ ਸਨ।

—"ਸਤਿਗੁਰੂ ਅੱਜ ਦਾ ਖੂੰਨੀ ਕਾਂਡ ਸੂਰਜ ਵੇਖ ਵੇਖ ਕੇ ਭੀ ਅੱਕ ਗਿਆ। ਉਹਦੇ ਕੋਲੋਂ ਵੀ ਕੁਝ ਨਾ ਹੋ ਸਕਿਆ। ਆਖਰ ਉਸ ਵੀ ਰਾਤ ਦੀ ਰਜਾਈ ਵਿਚ ਮੂੰਹ ਲੁਕੋ ਲਿਆ। ਅੰਧੇਰ ਨਗਰੀ ਚੌਪਟ ਰਾਜਾ", ਭਾਈ ਦਇਆ ਸਿੰਘ ਆਖ ਰਿਹਾ ਸੀ।

ਸਾਰੇ ਜਾ ਰਹੇ ਸਨ ਆਪਣੇ ਆਪਣੇ ਵਿਸ਼ਰਾਮ ਵਲ। ਸੂਰਜ ਸੰਘਣੇ ਰੁੱਖਾਂ ਦੇ ਪਿਛਵਾੜੇ ਦਮ ਤੋੜ ਰਿਹਾ ਸੀ। ਸੂਰਜ ਦੀਆਂ ਕਿਰਨਾਂ ਆਖਰੀ ਨਾਚ ਨੱਚ ਕੇ ਬੇ ਸੁਧ ਹੋ ਗਈਆਂ।

ਦੇਵਤੇ ਦੀ ਮੌਤ

ਬਦਲਾਂ ਦੀ ਸੰਘਣੀ ਕਨਾਤ ਗੁਦਾਵਰੀ ਤੇ ਸਾਰੀ ਨਾਂਦੇੜ 'ਤੇ ਤਣੀ ਹੋਈ ਸੀ। ਮਿੱਠੀਆਂ ਮਿੱਠੀਆਂ ਭੂਰਾਂ ਪੈ ਰਹੀਆਂ ਸਨ। ਗੁਦਾਵਰੀ ਨਦੀ ਦਾ ਪਾਣੀ ਉੱਛਲ ਉੱਛਲ ਕੇ ਕੰਢਿਆਂ ਦਾ ਮੂੰਹ ਚੁੰਮ ਰਿਹਾ ਸੀ। ਲਹਿਰਾਂ ਵਿਚ ਮਸਤੀ ਗੁਣਗੁਣਾ ਰਹੀ ਸੀ ਮਸਤੀ ਦੀਆਂ ਝਾਂਜਰਾਂ ਲਹਿਰਾਂ ਦੀ ਬੁਕਲ ਵਿਚ ਛਣਕ ਰਹੀਆਂ ਸਨ। ਗੁਦਾਵਰੀ ਫੋਕੇ ਹੀ ਛਣਕਣੇ ਨਹੀਂ ਸੀ ਛਣਕਾ ਰਹੀ ਉਹਦੇ ਪਿੰਡੇ ਤੇ ਜ਼ੁਲਮ ਦੀਆਂ ਲਾਸਾਂ ਉਭਰ ਰਹੀਆਂ ਸਨ। ਉਹ ਨਾਂਦੇੜ ਦੀ ਨਗਰੀ ਨੂੰ ਹੀ ਨਹੀਂ ਸਗੋਂ ਜਿਥੋਂ ਦੀ ਲੰਘ ਰਹੀ ਸੀ, ਵੰਗਾਰ ਵੰਗਾਰ ਕੇ ਆਖਦੀ, ਤਾਹਨੇ ਦੇਂਦੀ। ਸੁਤਿਆਂ ਗਭਰੂਆਂ ਨੂੰ ਛਿੱਬੀਆਂ ਦੇਂਦੀ ਤੇ ਹੁਜਾਂ ਮਾਰ ਮਾਰ ਕੇ ਉਠਾਉਂਦੀ। ਗੁੱਸੇ ਨਾਲ ਉਸ ਦੀਆਂ ਤਿਊੜੀਆਂ ਚੜ੍ਹ ਰਹੀਆਂ ਸਨ ਪਰ ਗਭਰੂ ਅਜ ਵੀ ਸੌਂ ਰਹੇ ਸਨ। ਉਹ ਫੇਰ ਵੀ ਨਾਂਦੇੜ ਤੋਂ ਲੈ ਕੇ ਰਾਮੇਸ਼ਵਰਮ ਤਕ ਨੂੰ ਸੁਣਾਉਣਾ ਚਾਹੁੰਦੀ ਸੀ। ਉਹ ਜ਼ੁਲਮ ਦੇ ਖਿਲਾਫ ਬਗਾਵਤ ਦੇ ਝੰਡੇ ਖੜੇ ਕਰਨੇ ਚਾਹੁੰਦੀ ਸੀ। ਉਹ ਚਾਹੁੰਦੀ ਸੀ ਸੂਰਬੀਰ ਮੁੜ ਕੇ ਤਲਵਾਰਾਂ ਦੇ ਕਬਜ਼ਿਆਂ ਤੇ ਰੀਝ ਪੈਣ। ਨੇਜ਼ੇ, ਸੁੰਮਾਂ ਵਾਲੀਆਂ ਡਾਂਗਾਂ ਵਾਂਗੂੰ ਸਿਰ ਤੋਂ ਦੋ ਦੋ ਗਿੱਠ ਉੱਚੇ ਚਮਕਣ। ਉਸ ਜ਼ਹਿਰ ਦੀ ਪੁਠ ਸਾਰੇ ਦੱਖਣ ਦੇ ਕੋਨੇ ਕੋਨੇ ਵਿਚ ਦੇ ਦਿੱਤੀ। ਲਾਂਬੂ ਤੇ ਲਾ ਦਿੱਤਾ, ਪਰ ਅੱਗ ਧੁਖ ਰਹੀ ਸੀ। ਉਹਦਾ ਉਦਮ ਧੁਖਦੀ ਅੱਗ ਨੂੰ ਫੂਕਾਂ ਮਾਰ ਮਾਰ ਕੇ ਜਵਾਲਾ ਬਣ ਰਿਹਾ ਸੀ।

ਗੁਦਾਵਰੀ ਪਵਿਤਰਤਾ ਦੀ ਦੇਵੀ ਹੈ। ਦੁਰਗਾ ਭਵਾਨੀ ਵੀ ਹੈ, ਰਣਵਾਸ ਵਿਚ ਸ਼ਿੰਗਾਰ ਰਸ ਦੀ ਮੇਨਕਾ ਵੀ ਏ ਤੇ ਰਣ-ਭੂਮੀ ਵਿਚ ਬੀਰ-ਰਸ ਦੀ ਸ਼ਕਤੀ ਵੀ। ਉਹਦੀਆਂ ਲਹਿਰਾਂ ਵਿਚ ਗੁਝੇ ਭਾਂਬੜ ਮੱਚ ਮੱਚ ਉਠਦੇ ਪਰ ਉਹ ਮੂੰਹੋਂ ਨਹੀਂ ਬੋਲ ਸਕਦੀ ਸੀ ਉਹਦੇ ਇਸ਼ਾਰਿਆਂ ਵਿਚ ਬਗਾਵਤ ਦੀਆਂ ਝਲਕਾਂ ਸਨ, ਪਰ ਉਹ ਸੀ ਉਹਦੀ ਪੁਕਾਰ ਕਿਸੇ ਨਾ ਸੁਣੀ। ਉਹਦਾ ਜੋਸ਼ ਅੰਦਰ ਹੀ ਅੰਦਰ ਉਬਾਲੇ ਖਾਣ ਲਗ ਪਿਆ। ਉਹ ਉਬਾਲੇ ਜਿਨ੍ਹਾਂ ਨੂੰ ਲੋਕੀ ਤੂਫਾਨ ਆਖਦੇ ਹਨ। ਹੜ੍ਹ ਜੀਹਦੇ ਵਿਚ ਬਗਾਵਤ ਅਗਨੀ ਏ ਉਹ ਸਾਰੇ ਦੇਸ਼ ਤੇ ਖਿਲਰ ਜਾਣਾ ਚਾਹੁੰਦੀ ਸੀ। ਇਸ ਅਗਨੀ ਨੂੰ ਸਾਰੇ ਦੇਸ਼ ਵਿਚ ਵੰਡ ਦੇਵੇ। ਅਨਾਜ ਵਿਚ ਬਗਾਵਤ ਦੇ ਜਰਾਸੀਮ ਭਰ ਦੇਵੇ। ਅੰਨ ਖਾਣ ਵਾਲਿਆਂ ਵਿਚ ਬਗਾਵਤ ਦਾ ਹੜ੍ਹ ਆ ਜਾਵੇ ਤੇ ਉਹ ਟੁਟ ਪੈਣ ਉਸ ਜ਼ੁਲਮ ਦੇ ਖਿਲਾਫ ਜਿਹੜਾ

ਉਨ੍ਹਾਂ ਦੇ ਦੇਸ਼ ਲਈ ਕਲੰਕ ਏ। ਜਿਹੜਾ ਉਨ੍ਹਾਂ ਦੀ ਪਵਿੱਤਰਤਾ ਨੂੰ ਅਸ਼ੁਧ ਕਰਦਾ ਹੈ। ਉਹ ਰਾਜ ਦੇਸ਼ ਲਈ ਲਾਹਨਤ ਏ, ਜੀਹਦੇ ਵਿਚ ਇਨਸਾਨ ਦੀ ਜ਼ਮੀਰ ਦਾ ਖ਼ੂਨ ਕੀਤਾ ਜਾਵੇ, ਜੀਹਦੇ ਵਿਚ ਆਤਮਾ ਦੀ ਸ਼ਕਤੀ ਦੇ ਟੋਟੇ ਹੋ ਜਾਣ। ਜੀਹਦੇ ਵਿਚ ਪੁੰਨ ਪਾਪ ਬਣ ਜਾਵੇ ਗੁਦਾਵਰੀ ਮਾਂ ਏ, ਉਹ ਆਪਣੇ ਪੁਤਾਂ ਨੂੰ ਲਲਕਾਰ ਰਹੀ ਹੈ। ਉਹਨਾਂ ਵਿਚ ਸ਼ਕਤੀ ਭਰੇਗੀ, ਅੰਨ ਦਾ ਦਾਨ ਦੇ ਕੇ। ਜੀਹਦੇ ਵਿਚ ਅਣਖ ਤੇ ਆਕੀ ਹੋਣ ਦੇ ਚਮਕ ਪੱਥਰ ਦੀ ਤਾਸੀਰ ਹੋਵੇ। ਉਹ ਆਪਣੇ ਵਲ ਸਾਰਿਆਂ ਨੂੰ ਖਿੱਚ ਲਵੇਗੀ। ਸਾਰੇ ਇਕ ਵਾਰ ਭਗਵੇਂ ਝੰਡੇ ਦੇ ਥੱਲੇ ਇਕਠੇ ਹੋ ਕੇ ਆਖਣਗੇ— "ਜੈ ਗੁਦਾਵਰੀ, ਜੈ ਹਿੰਦੂ ਧਰਮ" ਤੇ ਫੇਰ ਉਹਦੇ ਕੰਢੇ ਮੇਲੇ ਲਾਉਣਗੇ ਆਜ਼ਾਦ ਤੇ ਸੁਤੰਤਰ ਮੇਲੇ ਤੇ ਫੇਰ ਉਹਨਾਂ ਦਾ ਕੋਈ ਰਾਹ ਨਹੀਂ ਰੋਕੇਗਾ। ਯਾਤਰੀ ਨਿਰਭੈ ਕੀਰਤਨ ਕਰਦੇ ਮਹਾਂ ਦੇਵ ਦੇ ਮੰਦਰ ਤਕ ਜਲ ਚੜ੍ਹਾ ਸਕਣਗੇ। ਉਹਨਾਂ ਵੱਲ ਕੋਈ ਅੱਖ ਪੁਟ ਕੇ ਵੀ ਨਾ ਵੇਖੇਗਾ। ਦੂਰ ਕਾਹੀ ਦੇ ਸਰਕੜੇ ਨੂੰ ਹਵਾ ਚੂੰਢੀਆਂ ਵੱਢ ਰਹੀ ਸੀ ਗੁਦਾਵਰੀ ਦਾ ਪਾਣੀ ਬੱਦਲ ਦੀ ਅੱਗ ਵਿਚ ਰਿਝ ਰਿਹਾ ਸੀ। ਗੁਦਾਵਰੀ ਦੀ ਹਿਕ ਤੇ ਲਹਿਰਾਂ ਤੇ ਇਸ ਤਰ੍ਹਾਂ ਵਟ ਪੈ ਗਏ ਸਨ, ਜਿਸ ਤਰ੍ਹਾਂ ਕਿਸੇ ਜਟ ਨੇ ਧਰਤੀ ਦੀ ਹਿਕ ਚੀਰ ਕੇ ਤਾਜ਼ਾ ਤਾਜ਼ਾ ਹਲ ਵਾਹ ਕੇ ਛਡਿਆ ਹੋਵੇ। ਜਾਂ ਫੇਰ ਕਿਸੇ ਮੁਟਿਆਰ ਦੀਆਂ ਜ਼ੁਲਫਾਂ ਖੁਲ੍ਹੀਆਂ ਜਾਪਦੀਆਂ ਸਨ। ਕਿਸੇ ਤੁਰਕ ਨੇ ਉਸਦੀ ਜਵਾਨੀ ਚੂਸ ਕੇ ਫੋਕ ਸੁੱਟ ਦਿਤਾ ਹੋਵੇ ਉਹਦੀ ਸ਼ਗਨਾਂ ਵਾਲੀਆਂ ਗੁਤ ਦੀਆਂ ਲਿਟਾਂ ਉਸ ਤੁਰਕ ਦੇ ਹਥੋਂ ਖੁਲ੍ਹ ਗਈਆਂ ਹੋਣ। ਉਹ ਵਿਸ ਘੋਲ ਰਹੀਆਂ ਸਨ। ਉਹ ਮੁਟਿਆਰ ਸ਼ਾਇਦ ਪ੍ਰਤਿਗਿਆ ਕਰ ਬੈਠੀ ਹੋਵੇ ਜਦ ਤਕ ਉਹਦੀਆਂ ਜ਼ੁਲਫਾਂ ਵਿਚ ਉਸ ਜ਼ਾਲਮ ਦੇ ਤੱਤੇ ਤੱਤੇ ਲਹੂ ਦਾ ਤੇਲ ਨਾ ਪਵੇ, ਫਿਰ ਉਹ ਕੰਘੀ ਕਰੇਗੀ ਉਹਨਾਂ ਜ਼ੁਲਫਾਂ ਵਿਚ। ਵਾਹੀਆਂ ਜ਼ੁਲਫਾਂ ਆਪਣੀਆਂ ਧੀਆਂ ਦੀ ਭੇਟਾ ਚੜ੍ਹਾਵੇਗੀ। ਜਦ ਤਕ ਇਹ ਨਹੀਂ ਹੁੰਦਾ ਤਦ ਤਕ ਉਹ ਆਪਣੇ ਆਪ ਨੂੰ ਵਿਧਵਾ ਮੰਨੇਗੀ। ਉਸ ਆਪਣੀ ਮਾਂਗ ਵਿਚੋਂ ਸੰਧੂਰ ਪੂੰਝ ਦਿੱਤਾ। ਸ਼ਾਇਦ ਉਸੇ ਦੀ ਬੱਦ-ਦੁਆ, ਲਹਿਰਾਂ ਨੂੰ ਆਰਾਮ ਨਾਲ ਨਹੀਂ ਬਹਿਣ ਦੇਂਦੀ। ਉਸ ਜਬਰ-ਦਸਤੀ ਕੀਤਾ ਹੋਇਆ ਗੁਨਾਹ ਦਾ ਸਾਰਾ ਖ਼ੂਨ ਗੁਦਾਵਰੀ ਦੀਆਂ ਲਹਿਰਾਂ ਵਿਚ ਧੋਤਾ ਸੀ। ਪਾਪ, ਗੁਨਾਹ ਬਣ ਕੇ ਲਹਿਰਾਂ ਨੂੰ ਨਿਚੱਲਿਆਂ ਨਹੀਂ ਸੀ ਬੈਠਣ ਦੇਂਦਾ। ਉਹ ਤੜਪ ਰਹੀਆਂ ਸਨ। ਸਤੀ ਦੀ ਬੱਦ-ਦੁਆ ਤੇ ਕੈਲਾਸ਼ ਹਿਲਾ ਦੇਂਦੀ ਹੈ। ਇਹ ਗੁਦਾਵਰੀ ਸੀ। ਦਰੋਪਦੀ ਨੇ ਸਿਰਫ ਬੇਣੀ ਸ਼ਿੰਗਾਰ ਲਈ, ਮਹਾਂਭਾਰਤ ਦੇ ਭਿਆਨਕ ਯੁਧ ਨੂੰ ਜਨਮ ਦਿੱਤਾ। ਹੁਣ ਲਹਿਰਾਂ ਵਿਚ ਜੋਸ਼ ਸੀ ਉਹ ਕੰਢਿਆਂ ਨਾਲ ਇਸ ਤਰ੍ਹਾਂ ਟੱਕਰਾਂ ਮਾਰਦੀਆਂ ਸਨ ਜਿਸ ਤਰ੍ਹਾਂ ਕੋਈ ਸਾਨ੍ਹ ਢੁੱਡ ਮਾਰ ਕੇ ਕੰਧ ਢਾਹ ਰਿਹਾ ਹੋਵੇ। ਸ਼ਰਮਿੰਦਗੀ ਨਾਲ ਉਹ ਆਪਣਾ ਮੱਥਾ ਭੰਨਣਾ ਚਾਹੁੰਦੀਆਂ ਸਨ। ਕੰਢਿਆਂ ਤੋਂ ਪਾਣੀ ਉਛਲ ਉਛਲ ਕੇ ਫਿਰ ਗੁਦਾਵਰੀ ਵਿਚ ਰਲਦਾ। ਸੂਰਜ ਚੜ੍ਹ ਰਿਹਾ ਸੀ ਬਦਲੀ ਉਹਦਾ ਮੂੰਹ ਵਿਖਾਲੀ ਲੈਣਾ ਚਾਹੁੰਦਾ ਸੀ।

ਸ਼ਿਵ ਮੰਦਰ ਦੇ ਚੁਗਿਰਦੇ ਵਿਚ ਲਹਿਰਾਂ ਗੇੜੇ ਮਾਰ ਰਹੀਆਂ ਸਨ। ਆਰਤੀ ਅਰੰਭ ਹੋ ਰਹੀ ਸੀ। ਭਗਤ ਮੰਦਰ ਵਲ ਜਾ ਰਹੇ ਸਨ, ਸੰਖ ਪੂਰਿਆ ਜਾ ਰਿਹਾ ਸੀ। ਘੜਿਆਲਾਂ ਦੀ ਹਿੱਕ

ਤੇ ਵਦਾਣਾਂ ਦੀ ਸੱਟ ਪੈ ਰਹੀ ਸੀ। ਪੁਜਾਰੀ ਸ਼ਿਵ ਸ਼ੰਭੂ ਦੀ ਆਰਤੀ ਦਾ ਗਾਇਨ ਕਰ ਰਹੇ ਸਨ। ਲਹਿਰਾਂ, ਘੁੰਗਰੂ ਵਜਾ ਰਹੀਆਂ ਸਨ। ਕਦੀ, ਕਦੀ ਤੂਫਾਨ ਜੋਸ਼ ਵਿਚ ਆ ਜਾਂਦਾ, ਪਰ ਪੁਜਾਰੀ ਆਪਣੀ ਲਗਨ ਵਿਚ ਆ ਕੇ ਆਰਤੀ ਗਾਈ ਜਾ ਰਹੇ ਸਨ।

—"ਸ਼ਾਇਦ ਇਹ ਅੱਜ ਸ਼ਿਵ ਮੰਦਰ ਦੀ ਆਖਰੀ ਆਰਤੀ ਹੈ।" ਬੁੱਢੇ ਯਾਤਰੀ ਨੇ ਆਪਣੀ ਕੁਟੀਆ ਵਿਚੋਂ ਬਾਹਰ ਨਿਕਲਦਿਆਂ ਆਖਿਆ। "ਕਿਉਂ ਬਾਬਾ ! ਇਹ ਕੀ ਆਕਾਸ਼ ਬਾਣੀ ਹੈ ! ਸਦੀਆਂ ਤੋਂ ਚਲਿਆ ਆਉਂਦਾ ਮੰਦਰ ਕੀ ਅੱਜ ਆਖਰੀ ਵਾਰ ਆਰਤੀ ਹੋਵੇਗੀ ? ਇਹ ਕਿਵੇਂ ਹੋ ਸਕਦਾ ? ਮਰਯਾਦਾ ਕਿਵੇਂ ਬਦਲ ਸਕਦੀ ਹੈ।" ਰੋਡੀ ਆਖ ਰਿਹਾ ਸੀ। ਰੋਡੀ ਫਿਰ ਬੋਲਿਆ, ਬਾਬਾ ! ਤੂੰ ਕਿਦਾਂ ਬੁਝ ਲਿਆ ਹੈ।

—"ਧਾਈਆਂ ਦਾ ਪਿੰਡ ਪਰਾਲੀਓਂ ਲਭ ਪੈਂਦਾ ਹੈ", ਬੁੱਢੇ ਯਾਤਰੀ ਨੇ ਆਖਿਆ ਤੇ ਫਿਰ ਉਸ ਇਕ ਵਾਰ ਰੋਡੀ ਨੂੰ ਸਮਝਾਉਣ ਦੀ ਗਰਜ਼ ਨਾਲ ਆਖਿਆ।

—"ਮੈਨੂੰ ਅੱਜ ਲਹਿਰਾਂ ਦੀ ਨੀਅਤ ਵਿਗੜਦੀ ਜਾਪਦੀ ਹੈ। ਇਸ ਦੇ ਵਿਚ ਤੂਫਾਨ ਤੇ ਭੁਚਾਲ ਦੀ ਸ਼ੈ ਦਾ ਅੰਗ ਏ। ਮੈਂ ਆਪਣੇ ਜੀਵਨ ਵਿਚ ਕਦੀ ਇਹੋ ਜਿਹਾ ਹੜ੍ਹ ਨਹੀਂ ਵੇਖਿਆ। ਮੈਨੂੰ ਵੀ ਅੱਜ ੨੦ ਸਾਲ ਹੋਏ ਹਨ, ਇਸ ਨਦੀ ਦੇ ਕੰਢੇ ਵਸਦਿਆਂ ਮੈਂ ਇਹਨਾਂ ਲਹਿਰਾਂ ਦੀ ਇੰਨੀ ਖਰਮਸਤੀ ਕਦੇ ਨਹੀਂ ਵੇਖੀ। ਸੌਣ ਭਾਦੋਂ ਵਿਚ ਛੇੜਖਾਨੀਆਂ ਕੁਤਕਤਾਰੀਆਂ ਲਹਿਰਾਂ ਜ਼ਰੂਰ ਕਢਦੀਆਂ ਹਨ। ਇਹਦੇ ਵਿਚ ਨਾ ਪੁਜਾਰੀਆਂ ਦਾ ਨੱਕ ਵਿਚ ਦਮ ਹੁੰਦਾ ਏ ਤੇ ਨਾ ਨਗਰ ਵਾਸੀਆਂ ਦਾ ਪਰ ਅੱਜ ਤੇ ਪੁਜਾਰੀ ਵੀ ਘਬਰਾ ਉਠੇ ਹਨ। ਉਹ ਵੇਖ ਆਰਤੀ ਤਾਂ ਕਰ ਰਹੇ ਹਨ ਪਰ ਲਹਿਰਾਂ ਦੇ ਧੱਕੇ ਉਹਨਾਂ ਨੂੰ ਕਿਸ ਤਰ੍ਹਾਂ ਬੇਹਾਲ ਕਰ ਰਹੇ ਹਨ। ਰੋਡੀ ਜੇ ਲਹਿਰਾਂ ਦਾ ਇਹੋ ਹਾਲ ਰਿਹਾ ਤਾਂ ਨਾਂਦੇੜ ਵਿਚ ਬੇੜ੍ਹਿਆਂ ਘੰਟਿਆਂ ਵਿਚ ਦੇਓ ਫਿਰ ਜਾਵੇਗਾ।" ਬੁੱਢੇ ਨੇ ਜ਼ਰਾ ਪਰੇਸ਼ਾਨੀ ਦੀ ਹਾਲਤ ਵਿਚ ਆਖਿਆ।

ਰੋਡੀ ਆਖ ਰਿਹਾ ਸੀ।

ਤੂਫਾਨ ਲਹਿਰਾਂ ਦੀ ਗੋਦ ਵਿਚ ਹੈ ਤੇ ਲਹਿਰਾਂ ਦੀ ਬੁੱਕਲ ਵਿਚ ਮੰਦਰ ਹੈ। ਸ਼ਾਇਦ ਕੱਲ੍ਹ ਤਿਰਕਾਲਾਂ ਦੀ ਛਾਂ ਵਿਚ ਕੋਈ ਘੋਰ ਪਾਪ ਹੋਇਆ ਹੈ। ਬੇਦੋਸੇ ਯਾਤਰੀਆਂ ਵਿਧਵਾਵਾਂ ਤੇ ਗੁਪਾਲਨ ਦੀ ਸਜ ਵਿਆਹੀ ਮੁਟਿਆਰ ਵਹੁਟੀ ਦੇ ਕੀਰਨੇ ਉਹਦੀ ਬੁੱਢੀ ਮਾਂ ਦੇ ਵੈਣ। ਅਜੇ, ਤੇ ਉਹਦੀਆਂ ਭੈਣਾਂ ਨੇ ਭਰਜਾਈ ਦਾ ਰਾਂਗਲਾ ਚੂੜਾ ਰੀਝ ਭਰ ਕੇ ਵੀ ਨਾ ਵੇਖਿਆ ਤੇ ਉਹਦੀ ਬਾਂਹ ਕੋਰੀ ਹੋ ਗਈ। ਉਹਦੀ ਮਾਂਗ ਦਾ ਸੰਧੂਰ ਇਸ ਤਰ੍ਹਾਂ ਪੂੰਝਿਆ ਗਿਆ ਜਿਸ ਤਰ੍ਹਾਂ ਕਿਸੇ ਪੁਜਾਰੀ ਨੇ ਚੌਂਕ ਪੂਰ ਕੇ ਤੁਰਕਾਂ ਦੇ ਡਰ ਤੋਂ ਸਾਫ ਕਰ ਦਿੱਤਾ ਹੋਵੇ। ਸੂਭਰ ਚੋਲੇ ਦਾ ਚਾਅ ਵੀ ਅਜੇ ਨਹੀਂ ਸੀ ਲੱਥਾ। ਅਜੇ ਤੇ ਉਹਦੀ ਮਹਿੰਦੀ ਦਾ ਰੰਗ ਮੱਠਾ ਨਹੀਂ ਸੀ ਪਿਆ। ਰੀਝਾਂ ਦਾ ਗਲ ਘੁਟ ਦਿੱਤਾ ਗਿਆ। ਜਿਸ ਤਰ੍ਹਾਂ ਕਿਸੇ ਸ਼ਿਕਾਰੀ ਨੇ ਤਿਲੀਅਰ ਦੀ ਧੌਣ ਮਰੋੜ ਦਿੱਤੀ ਹੋਵੇ, ਉਹਦੇ ਚਾਅ ਕੰਵਾਰੇ ਹੀ ਰਹਿ ਗਏ। ਉਹਦਾ ਦਿਨ ਦਿਹਾੜੇ ਸੁਹਾਗ ਲੁਟਿਆ ਗਿਆ। ਦੁਨੀਆਂ ਉਹਦੇ ਲਈ

ਅਲ੍ਹੜੀ ਹੋ ਗਈ, ਬਹਾਰਾਂ ਉਹਦੇ ਲਈ ਖਿਜ਼ਾਂ ਬਣ ਗਈਆਂ, ਸੁਹਾਗ ਦੇ ਫੁੱਲ ਕੰਡੇ ਬਣ ਕੇ ਚੁਭਣ ਲੱਗ ਪਏ ਕੀ ਉਸ ਗਰੀਬ ਦੇ ਹੰਝੂ, ਕੀ ਉਸ ਦੀਆਂ ਆਹਾਂ ਫੋਕੀਆਂ ਭੰਗ ਦੇ ਭਾੜੇ ਹੀ ਚਲੀਆਂ ਜਾਣਗੀਆਂ। ਮੋਏ ਬਕਰੇ ਦੀ ਖੱਲ ਨਾਲ ਲੋਹਾ ਭਸਮ ਹੋ ਜਾਂਦਾ ਹੈ ਪਰ ਗਰੀਬ ਦੀ ਆਹ ਤੇ ਨਾਂਦੇੜ ਫੂਕ ਕੇ ਰੱਖ ਦੇਵੇਗੀ। ਰਾਜ ਉਲਟ ਜਾਵੇਗਾ, ਧਰਤੀ ਨੂੰ ਕਾਂਬਾ ਛਿੜ ਪਵੇਗਾ।

ਸੂਰਜ ਸਿਰ ਤੇ ਆ ਗਿਆ ਪਰ ਲਹਿਰਾਂ ਦਾ ਜੋਸ਼ ਮੱਠਾ ਨਾ ਹੋਇਆ। ਸੂਰਜ ਕਦੀ ਬਦਲੀਆਂ ਦੀ ਚਾਦਰ ਵਿਚੋਂ ਮੂੰਹ ਕਢਦਾ ਤੇ ਫਿਰ ਬਦਲੀਆਂ ਦੀ ਚਾਦਰ ਵਿਚ ਆਪਣਾ ਮੂੰਹ ਲੁਕੋ ਲੈਂਦਾ ਹੈ। ਪੁਜਾਰੀ ਪਾਣੀ ਦੀਆਂ ਇੰਨੀਆਂ ਚਪੇੜਾਂ ਖਾ ਕੇ ਵੀ ਆਰਤੀ ਕਰੀ ਜਾ ਰਹੇ ਸਨ। ਲਹਿਰਾਂ ਇਸ ਤਰ੍ਹਾਂ ਵੱਧ ਰਹੀਆਂ ਸਨ ਜਿਸ ਤਰ੍ਹਾਂ ਤੈਮੂਰ ਦੀਆਂ ਫੌਜਾਂ ਦੇ ਬਦਲ ਪੰਜਾਬ ਤੇ ਛਾ ਜਾਣ ਤੇ ਪੰਜਾਬ ਵਾਲੇ ਆਪਣੀਆਂ ਅੱਖਾਂ ਬੰਦ ਕਰ ਕੇ ਬੈਠ ਜਾਣ ਜਿਵੇਂ ਬਿੱਲੀ ਦੇ ਡਰ ਤੋਂ ਕਬੂਤਰ। ਅੰਧ ਵਿਸ਼ਵਾਸ਼ੀ ਤੈਮੂਰ ਦਾ ਸਿੱਕਾ ਇਸ ਲਈ ਮੰਨਦੇ ਗਏ ਕਿ ਭਗਵਾਨ ਆਪ ਵੇਖੇਗਾ। ਉਹ ਸਰਬ ਸ਼ਕਤੀਮਾਨ ਅਵਤਾਰ ਧਾਰ ਕੇ ਭਗਤਾਂ ਦਾ ਕਲਿਆਣ ਕਰੇਗਾ। ਇਸੇ ਤਰ੍ਹਾਂ ਪੁਜਾਰੀ ਵਿਚਾਰੇ ਭੀ ਮਗਨ ਸਨ ਆਰਤੀ ਵਿਚ। ਉਹ ਨਾ ਤੇ ਪਾਣੀ ਤੋਂ ਬਚਣਾ ਚਾਹੁੰਦੇ ਸਨ ਤੇ ਨਾ ਕਿਸੇ ਮੁਗਲ ਸਿਪਾਹੀ ਅੱਗੇ ਅੱਖ ਪੁਟਣਾ। ਮਹਿਮੂਦ ਗਜ਼ਨਵੀ ਨੇ ਸੋਮਨਾਥ ਦਾ ਸਾਰਾ ਮੰਦਰ ਲੁਟ ਲਿਆ, ਪਰ ਕਿਸੇ ਪੁਜਾਰੀ ਨੇ ਕਿਸੇ ਸਿਪਾਹੀ ਦੀ ਬਾਂਹ ਵੀ ਨਾ ਫੜੀ। ਇਹੋ ਹਾਲ ਨਾਂਦੇੜ ਦੇ ਸ਼ਿਵ ਮੰਦਰ ਦੇ ਪੁਜਾਰੀਆਂ ਦਾ ਸੀ। ਉਹ ਵਿਹਲੇ ਦਾਨ ਖਾਣਾ ਚਾਹੁੰਦੇ ਸਨ। ਦਾਨ ਤੇ ਹੱਡ ਖੋਰ ਦਿੰਦਾ ਹੈ ਦਾਨ ਲੈ ਕੇ ਦਾਨ ਨਾ ਦੇਣ ਨਾਲ ਬੁੱਧੀ ਮਲੀਨ ਹੋ ਜਾਂਦੀ ਹੈ। ਹੱਡੀਆਂ ਵਿਚ ਪਾਣੀ ਪੈ ਜਾਂਦਾ ਹੈ। ਅਣਖ ਮਰ ਜਾਂਦੀ ਹੈ। ਬੁੱਢਾ ਯਾਤਰੀ ਆਖ ਰਿਹਾ ਸੀ।

—"ਲੈ ਬਾਬਾ! ਆਰਤੀ ਦੀ ਸਮਾਪਤੀ ਹੋ ਗਈ ਹੈ ਹੁਣ ਪੁਜਾਰੀ ਵਾਪਸ ਆ ਰਹੇ ਹਨ। ਪਾਣੀ ਵੀ ਮੰਦਰ ਦੀਆਂ ਪ੍ਰਕਰਮਾਂ ਵਿਚ ਫਿਰ ਰਿਹਾ ਹੈ। ਲਹਿਰਾਂ ਭੂਤਰਦੀਆਂ ਜਾ ਰਹੀਆਂ ਹਨ। ਇੰਨੇ ਜ਼ੋਰ ਵਿਚ ਚਲਣ ਵਾਲਾ ਮੁਸਾਫਰ ਤੇ ਥੱਕ ਹੀ ਜਾਂਦਾ ਹੈ ਪਰ ਇਹਨਾਂ ਲਹਿਰਾਂ ਦੀ ਕੋਈ ਮੰਜ਼ਲ ਨਹੀਂ। ਇਹ ਤੇ ਕਿਤੇ ਸਾਹ ਲੈਣ ਦਾ ਨਾਂ ਹੀ ਨਹੀਂ ਲੈਂਦੀਆਂ। ਇਹ ਆਖਰੀ ਲਹਿਰਾਂ ਕੋਈ ਚੰਦ ਹੀ ਨਾ ਚੜ੍ਹਾਉਣ-ਬਾਬਾ! ਇਨ੍ਹਾਂ ਲਹਿਰਾਂ ਦੇ ਸਿਰ ਖੂਨ ਚੜ੍ਹ ਗਿਆ ਹੈ।

ਇਹਨਾਂ ਦੇ ਮੂੰਹ ਲਹੂ ਜੋ ਲੱਗਾ ਹੈ, ਇਹ ਖੂਨੀ ਹਨ। ਇਹ ਜ਼ਰੂਰ ਕੋਈ ਉਪੱਦਰ ਮਚਾਣਗੀਆਂ। "ਬਾਬਾ! ਫਿਰ ਕੀ ਹੋਵੇਗਾ? ਸਾਰੇ ਨਾਂਦੇੜ ਤੇ ਸ਼ਿਵ ਮੰਦਰ ਦਾ?" ਰੇਡੀ ਘਬਰਾਈ ਆਵਾਜ਼ ਵਿਚ ਆਖ ਰਿਹਾ ਸੀ।

"ਅਜੇ ਪਾਣੀ ਕੰਢਿਆਂ ਦੇ ਬੁਲ੍ਹਾਂ ਤੀਕ ਨਹੀਂ ਸੀ ਆਇਆ। ਜਦ ਕੰਢਿਆਂ ਤੋਂ ਉਛਲ ਪਵੇਗਾ, ਤਦ ਭਾਵੇਂ ਮੁਸ਼ਕਲ ਬਣ ਜਾਵੇ ਨਾਂਦੇੜ ਥੇਹ ਤੇ ਵਸਿਆ ਹੋਇਆ ਹੈ ਨਿਵਾਣ ਵਿਚ ਨਹੀਂ। ਪਾਣੀ ਨਿਵਾਣ ਵੱਲ ਆਉਂਦਾ ਹੈ ਚੜ੍ਹਾਈ ਵੱਲ ਪਾਣੀ ਮੂੰਹ ਵੀ ਨਹੀਂ ਕਰਦਾ। ਤਾਕਤ ਵਾਲਿਆਂ ਦਾ ਸੱਤੀ ਵੀਹੀਂ ਸੌ। ਵੇਖਿਆਂ ਤਕੜੇ ਅੱਗੇ ਸਿਰ ਵੀ ਨਹੀਂ ਪੁਟਦਾ। ਪਾਣੀ ਵੀ

ਹੁਣ ਚੜ੍ਹਦੇ ਵਲ ਚੜ੍ਹਨ ਦੀ ਕੋਸ਼ਿਸ਼ ਕਰਨ ਤੋਂ ਡਰਦਾ ਹੈ।'' ਬੁੱਢਾ ਇਕ ਦਮ ਤ੍ਰਬਕ ਪਿਆ, ਹੁਣ ਹਵਾ ਵਿਚ ਤੇਜ਼ੀ ਹੈ ਦਰਖਤ ਝੁਕ ਕੇ ਜ਼ਮੀਨ ਨਾਲ ਲੱਗ ਰਹੇ ਹਨ ਮੈਨੂੰ ਇਉਂ ਜਾਪਦਾ ਹੈ ਜੇ ਹੋਰ ਦੋ ਘੜੀਆਂ ਇਹੋ ਹਾਲ ਰਿਹਾ ਤਾਂ ਦਰਖਤ ਮੁੱਢੋਂ ਪੁੱਟੇ ਜਾਣਗੇ। ਧਰਤੀ ਪਾਟ ਜਾਏਗੀ, ਤੂਫਾਨ ਤੇ ਭੁਚਾਲ ਮਚ ਜਾਵੇਗਾ। ਇਸ ਤਰ੍ਹਾਂ ਨਾਂਦੇੜ ਦੀ ਕਿਸਮਤ ਵਿਚ ਅਜੇ ਦੁਖ ਹੀ ਦੁਖ ਹਨ। ਇਸ ਮੁਗਲਾਂ ਵਾਂਗੂ ਮੋਤੀ ਦਾਨ ਨਹੀਂ ਕੀਤੇ, ਸਗੋਂ ਪਾਪ ਦੀਆਂ ਚੂਲੀਆਂ ਪਾਈਆਂ ਹੋਈਆਂ ਹਨ। ਚਲ ਰੇਡੀ ਖਾਣ ਪੀਣ ਦਾ ਪ੍ਰਬੰਧ ਕਰ, ਦਿਨ ਸਿਰ ਤੇ ਆ ਗਿਆ। ਤੇਰੇ ਸਿਰ ਤੇ ਅੱਜ ਹੀ ਆਏ ਹਾਂ ਤੇ ਅੱਜ ਹੀ ਦਿਡ ਵਿਚ ਚੂਹੇ ਨੱਚਣ ਲੱਗ ਪਏ ਹਨ। ਗੁਪਾਲਨ ਇਸ ਗੱਲ ਨੂੰ ਤਾਂ ਚੰਗਾ ਸੀ। ਜਾ ਓਏ ਬੋਲਿਆ, ਘਰ ਜਾ ਕੇ ਮੌਜਾਂ ਮਾਣ ਸਾਧੂ ਸੰਤਾਂ ਨਾਲ ਕੀ ਲੈਣਾ ਹੈ ਭਗਵੀਆਂ ਅਲਫੀਆਂ ਤੇ ਮਾਲਾ ਦੇ ਮਣਕੇ ਤੋਂ ਖਿੱਡ ਨੂੰ ਸੌਖਾ। ਦੂਜੇ ਯਾਤਰੀ ਨੇ ਆਖਿਆ।

ਰੇਡੀ ਬੋਲਿਆ—''ਮੈਨੂੰ ਘਰ ਦੀਆਂ ਹਵੇਲੀਆਂ ਚੰਗੀਆਂ ਨਹੀਂ ਲਗਦੀਆਂ, ਖੁਲ੍ਹੇ ਖੁਲ੍ਹੇ ਵਿਹੜੇ ਮੈਨੂੰ ਪੌਂਦੇ ਹਨ।''

ਰੇਡੀ ਭਾਵੇਂ ਸੰਤ ਹੋ ਗਿਆ ਸੀ। ਪਰ ਫੇਰ ਵੀ ਉਹਦੇ ਅੰਦਰ ਘਰ ਲਈ ਪ੍ਰੇਮ ਸੀ। ਉਹ ਨਿਤਨੇਮ ਨਾਲ ਘਰ ਆਉਂਦਾ, ਉਹ ਹਲ ਦੇ ਜੋਤਰੇ ਤੋਂ ਨੱਠ ਕੇ ਸੰਤ ਨਹੀਂ ਸੀ ਬਣਿਆ, ਅਸਲ ਵਿਚ ਉਹਦੀ ਸੰਗਤ ਮੁਢ ਤੋਂ ਹੀ ਸਾਧੂਆਂ ਨਾਲ ਸੀ ਭਗਤੀ ਦੀ ਲੋ ਵਿਚ ਉਸ ਗੇਰੂਏ ਕਪੜੇ ਨਹੀਂ ਸਨ ਪਾਏ, ਭਬੂਤ ਨਹੀਂ ਸੀ ਮਲੀ, ਜਟਾਂ ਨਹੀਂ ਸਨ ਵਧਾਈਆਂ। ਰੇਸ਼ਮ ਤੇ ਸਿਲਕ ਹੰਢਾਉਂਦਾ ਸੀ। ਰੇਡੀ ਕੋਈ ਮਾੜਾ ਮੋਟਾ ਜ਼ਿਮੀਂਦਾਰ ਨਹੀਂ ਸੀ, ਸਗੋਂ ਉਹਦੇ ਸਿਰ ਤੇ ਚੰਗੀ ਜਾਗੀਰ ਦਾ ਭਾਰ ਸੀ। ਅਜੇ ਵੀ ਉਹਦੇ ਵੀਹ ਹਲ ਚਲਦੇ ਹਨ। ਭਗਤੀ ਰਸ ਵਿਚ ਉਸ ਆਪਣੀ ਜਾਨ ਦੇਵਤੇ ਤੇ ਅਰਪਨ ਕਰ ਦਿੱਤੀ ਸੀ ਤੇ ਜ਼ੁਲਮ ਨੂੰ ਬਲੀ ਦੇਣ ਦੀ ਪ੍ਰਤਿੱਗਿਆ ਕੀਤੀ ਸੀ ਉਸ ਆਪਣੇ ਵਿਹੜੇ ਵਿਚ ਹੀ ਬਲੀਦਾਨ ਦੇ ਬੂਟੇ ਦੀ ਪਨੀਰੀ ਲਾ ਦਿੱਤੀ ਸੀ। ਅਣਖ ਨਾਲ ਜੀਉਣਾ ਤੇ ਜ਼ੁਲਮ ਦੇ ਖਿਲਾਫ਼ ਤਲਵਾਰ ਉਠਾਉਣ ਦੀ ਉਹਦੇ ਸਾਥੀ ਨੇ ਸ਼ਹਿ ਦੇ ਦਿੱਤੀ ਸੀ। ਗੁਪਾਲਨ ਜਾਂਦੀ ਵਾਰ ਆਜ਼ਾਦੀ ਦੇ ਰਾਹ ਵਿਚ ਪੂਰਨੇ ਪਾ ਗਿਆ ਸੀ ਕਿ ਮੇਰੇ ਮਗਰੋਂ ਕਿਸੇ ਨੂੰ ਰਾਹ ਪੁਛਣ ਦੀ ਲੋੜ ਨਾ ਪਵੇ। ਗੁਪਾਲਨ ਦੀ ਜਲਦੀ ਚਿਤਾ ਦਾ ਸੇਕ ਅਜੇ ਵੀ ਰੇਡੀ ਦੀਆਂ ਰਗਾਂ ਵਿਚ ਜੋਸ਼ ਭਰ ਦੇਂਦਾ।

—''ਬੱਚਾ ਤੂੰ ਗੱਲ ਗੱਲ ਤੇ ਗੁਪਾਲਨ ਨੂੰ ਯਾਦ ਕਰ ਬਹਿਨਾ ਏਂ। ਮੈਨੂੰ ਡਰ ਹੈ ਕਿ ਕਿਤੇ ਕਾਹਲੀ ਵਿਚ ਤੂੰ ਭੀ ਜਾਨ ਦਾ ਸੌਦਾ ਨਾ ਕਰ ਬੈਠੇਂ। ਮੁਗਲ ਨਰੇਸ਼ ਦੀ ਸੈਨਾ ਵਿਚ ਇਨਸਾਨ ਦੇ ਲਹੂ ਦਾ ਕੋਈ ਮੁਲ ਨਹੀਂ। ਜੀਹਦੇ ਹੱਥ ਵਿਚ ਤਲਵਾਰ ਹੈ, ਜਿਹਦੀ ਚਾਹੇ ਗਿੱਚੀ ਨੱਪ ਲਵੇ। ਆਦਮੀ ਨਾਲੋਂ ਘੋੜੇ ਦਾ ਮੁੱਲ ਜ਼ਿਆਦਾ ਹੈ ਫੌਜੀ ਆਦਮੀ ਪੰਦਰਾਂ ਰੁਪਏ ਦੇ ਗੁਲਾਮ ਹਨ ਪਰ ਘੋੜਾ ਪੰਜਾਹ ਮੋਹਰਾਂ ਦਾ ਅਉਂਦਾ ਹੈ। ਚੰਗੀ ਨਸਲ ਦਾ ਘੋੜਾ ਲੱਭਣ ਲਈ ਈਰਾਨ ਦੀਆਂ ਖੂਹਾਂ ਫੋਲਣੀਆਂ ਪੈਂਦੀਆਂ ਹਨ, ਪਰ ਜਆਨ ਸਿਪਾਹੀ ਕਾਲਣ ਲਈ ਪੰਦਰਾਂ ਰੁਪਏ ਦੀ ਲੋੜ ਹੈ,

ਉਹ ਵੀ ਮਹੀਨੇ ਪਿਛੋਂ। ਮੁਗਲ ਸੈਨਾ ਘੋੜੇ ਦਾ ਖਿਆਲ ਰਖਦੀ ਹੈ ਤੇ ਆਦਮੀ ਦਾ ਘੱਟ। ਬੇਕਾਰੀ ਕਈਆਂ ਗਭਰੂਆਂ ਨੂੰ ਪੰਦਰਾਂ ਰੁਪਏ ਤੇ ਵਿਕਣ ਲਈ ਮਜਬੂਰ ਕਰ ਦੇਂਦੀ ਹੈ। ਰੁਪਿਆਂ ਪਿਛੇ ਭਰਾ ਭਰਾ ਦਾ ਲਹੂ ਪੀਂਦੇ ਹਨ। ਭੁਖ ਸਭ ਕੁਝ ਕਰਵਾ ਲੈਂਦੀ ਹੈ। ਮੁਸਲਮਾਨ ਕਾਬਲ, ਕੰਧਾਰ, ਗਜ਼ਨੀ ਤੇ ਈਰਾਨ ਵਿਚੋਂ ਨਹੀਂ ਆਏ, ਸਗੋਂ ਸਾਡੇ ਛੇਕੇ ਹੋਏ ਭਰਾ ਹੀ ਮੁਸਲਮਾਨ ਬਣ ਗਏ ਹਨ। ਸਾਡੇ ਆਗੂਆਂ ਦੀਆਂ ਮਿਹਰਬਾਨੀਆਂ ਨੇ ਮੁਗਲ ਰਾਜ ਦੀਆਂ ਨੀਹਾਂ ਪਤਾਲ ਵਿਚ ਲਾ ਦਿੱਤੀਆਂ ਹਨ। ਮੁਹੰਮਦ ਬਿਨ ਕਾਸਮ ੭੨ ਮੁਸਲਮਾਨ ਲੈਕੇ ਹਿੰਦੁਸਤਾਨ ਵਿਚ ਆਇਆ ਸੀ। ਫਿਰ ਜਿਹੜਾ ਵੀ ਲੁਟੇਰਾ ਆਇਆ, ਉਹਦੇ ਨਾਲ ਗਿਣਤੀ ਮਿਣਤੀ ਦੇ ਸਾਥੀ ਸਨ। ਕੀ ਇਹਨਾਂ ਮੁੱਠੀ ਭਰ ਮੁਸਲਮਾਨਾਂ ਨੇ ਹਿੰਦੁਸਤਾਨ ਤੇ ਆਪਣੇ ਰਾਜ ਦੀ ਕਨਾਤ ਨਹੀਂ ਤਾਣੀ। ਸਗੋਂ ਸਾਡੇ ਭਰਾਵਾਂ ਇਹਨਾਂ ਦੀਆਂ ਡੋਰੀਆਂ ਨੂੰ ਪੱਕੀਆਂ ਗੰਢਾਂ ਮਾਰੀਆਂ ਹਨ। ਰਾਜਪੂਤ ਜਿੰਨੇ ਲੜਾਕੇ ਸਨ ਉਤਨੇ ਨਰਮ ਦਿਲ ਵੀ ਸਨ। ਅਕਬਰ ਦੇ ਝਾਸੇ ਵਿਚ ਆ ਗਏ ਤੇ ਉਨ੍ਹਾਂ ਆਪਣੀਆਂ ਭੈਣਾਂ ਤੇ ਲਾਡਲੀਆਂ ਦੀਆਂ ਡੋਲੀਆਂ ਮੁਗਲਾਂ ਨੂੰ ਦੇ ਦਿੱਤੀਆਂ ਤੇ ਉਹ ਅਣਖ ਤੇ ਵੀਰਤਾ ਦੀਆਂ ਚਾਰੇ ਕੰਨੀਆਂ ਝਾੜ ਕੇ ਡੋਲੀ ਵਿਚ ਆ ਬੈਠੀਆਂ। ਰਾਜਪੂਤ ਇਹ ਚਾਹੁੰਦੇ ਸਨ ਕਿ ਉਹਨਾਂ ਦੇ ਭਣੇਵੇਂ ਰਾਜ ਸਿੰਘਾਸਨ ਦੇ ਵਾਰਸ ਬਣ ਜਾਣ। ਹਿੰਦੂ ਲਕਸ਼ਮੀ ਦੇ ਪੁਜਾਰੀ ਹਨ, ਅਣਖ ਦੇ ਨਹੀਂ। ਦੌਲਤ ਦੇ ਹੱਥ ਉਹ ਆਪਣਾ ਸਭ ਕੁਝ ਵੇਚ ਦੇਣਾ ਚਾਹੁੰਦੇ ਹਨ। ਭਾਵੇਂ ਬਹਾਦਰੀ ਰਾਜਪੂਤਾਂ ਨੂੰ ਵਿਰਸੇ ਵਿਚ ਮਿਲੀ ਹੈ, ਪਰ ਉਹਨਾਂ ਨੂੰ ਦੌਲਤ ਦੇ ਲੋਭ ਦੀ ਗੁੜ੍ਹਤੀ ਵੀ ਚਟਾਈ ਗਈ ਹੈ। ਦੌਲਤ ਦੇ ਲੋਭ ਵਿਚ ਭਰਾ, ਭਰਾ ਦਾ ਸਾਥ ਛੱਡ ਦੇਂਦਾ ਹੈ, ਪਿਉ ਪੁਤ ਦਾ। ਪ੍ਰਤਾਪ ਅਣਖ ਵਿਚ ਮਰ ਗਿਆ ਪਰ ਅਕਬਰ ਅੱਗੇ ਨਾ ਝੁਕਿਆ। ਜੇ ਚਾਹੁੰਦਾ ਤਾਂ ਕੋਈ ਮੱਲ ਮਾਰ ਬਹਿੰਦਾ। ਉਸ ਆਜ਼ਾਦੀ ਦੀ ਇਕ ਦਿਨ ਦੀ ਜ਼ਿੰਦਗੀ ਨੂੰ ਸੌ ਸਾਲ ਦੀ ਗੁਲਾਮੀ ਤੋਂ ਚੰਗਾ ਸਮਝਿਆ। ਮਾਨ ਸਿੰਘ ਵਾਂਗੂ ਆਪਣੇ ਆਪ ਦਾ ਸੌਦਾ ਨਹੀਂ ਕੀਤਾ। ਅਮਰ ਸਿੰਘ ਰਾਠੌਰ, ਦੁਰਗਾ ਦਾਸ ਤੇ ਆਲਾ ਊਦਲ ਵੀ ਪ੍ਰਤਾਪ ਦੀ ਮਾਲਾ ਦੇ ਮਣਕੇ ਸਨ। ਲੜਦਿਆਂ ਆਪਣੀ ਜਾਨ ਦੇ ਦਿੱਤੀ ਪਰ ਆਪਣੀ ਇੱਜ਼ਤ ਦਾ ਸਰੇ-ਬਾਜ਼ਾਰ ਨਾਚ ਹੁੰਦਾ ਨਹੀਂ ਵੇਖਿਆ। ਦੌਲਤ ਉਹਨਾਂ ਹੱਥ ਦੀ ਮੈਲ ਸਮਝੀ, ਗੁਲਾਮੀ ਪੈਰ ਦੀ ਜੁੱਤੀ ਤੇ ਅਣਖ ਉਹਨਾਂ ਦੇ ਸਿਰ ਤੇ ਕਲਗੀ ਬਣ ਕੇ ਚਮਕੀ। 'ਗੁਲਾਮੀ ਦੀ ਸੋਨੇ ਦੀ ਜ਼ੰਜੀਰੀ ਨਾਲੋਂ ਆਜ਼ਾਦੀ ਦੇ ਤੁਲਸੀ ਦੇ ਮਣਕੇ ਚੰਗੇ ਹਨ। ਵੱਢ ਵੱਢ ਤੇ ਨਹੀਂ ਖਾਂਦੇ। ਜਾਨ ਸਦਾ ਦੀ ਰੋਗਣ ਤੇ ਨਹੀਂ ਰਹਿੰਦੀ। ਆਜ਼ਾਦ ਮਰਨਾ ਮਨੁਖਤਾ ਹੈ। ਗੁਲਾਮੀ ਦੀ ਮੌਤੇ ਤਾਂ ਪਸ਼ੂ ਮਰਦੇ ਹਨ। ਮਰਦ ਤੇ ਆਜ਼ਾਦ ਜੀਉਂਦੇ ਹਨ ਤੇ ਆਜ਼ਾਦ ਮਰਦੇ ਹਨ।" ਬੁੱਢੇ ਯਾਤਰੀ ਨੇ ਰੇਡੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਆਖਿਆ।

ਰੇਡੀ ਦੇ ਮੱਥੇ ਤੇ ਤਿਊੜੀਆਂ ਇਸ ਤਰ੍ਹਾਂ ਚੜ੍ਹ ਰਹੀਆਂ ਸਨ ਜਿਸ ਤਰ੍ਹਾਂ ਗੁਦਾਵਰੀ ਦੀ ਹਿੱਕ ਤੇ ਲਹਿਰਾਂ ਦੇ ਵੱਟ। ਮੱਠੀਆਂ ਮੱਠੀਆਂ ਕੂਰਾਂ ਮੋਟੀਆਂ ਮੋਟੀਆਂ ਕਣੀਆਂ ਦੇ ਰੂਪ ਵਿਚ ਵਰ੍ਹਨ ਲੱਗ ਪਈਆਂ। ਆਕੜਾਂ ਭੰਨਦਾ ਦਰਿਆ ਜਾਣ ਬੁਝ ਕੇ ਮੰਦਰ ਨਾਲ ਢਿੱਡ ਅੜੀਆਂ ਲੈ ਰਿਹਾ ਸੀ। ਹਵਾ, ਲਹਿਰਾਂ ਤੇ ਮੀਂਹ ਤੇ ਜੋਬਨ ਚੜ੍ਹ ਰਿਹਾ ਸੀ। ਅਜੇ ਦੁਪਹਿਰਾਂ ਢਲੀਆਂ ਨਹੀਂ

ਸਨ। ਕਾਹੀ ਤੇ ਸਰਕੜੇ ਨਾਲ ਹਵਾ ਰਲ ਕੇ ਗਿੱਧਾ ਪਾ ਰਹੀ ਸੀ। ਜਿਵੇਂ ਜਿਵੇਂ ਕਣੀਆਂ ਮੱਠੀਆਂ ਹੋਈਆਂ ਤਾਂ ਨਦੀ ਦੇ ਕੰਢੇ ਦੇ ਵਸਨੀਕਾਂ ਬਾਹਰ ਝਾਤੀ ਪਾਈ। ਜਿਹਨਾਂ ਵਿਚੋਂ ਮਾਧੋ ਦਾਸ ਬੈਰਾਗੀ ਵੀ ਸੀ ਤੇ ਕੁਝ ਦੂਰ ਹੱਟ ਕੇ ਸਿੱਖਾਂ ਦਾ ਡੇਰਾ ਵੀ। ਉਹ ਸਫ਼ਰ ਨਾਲ ਇੰਨੇ ਥੱਕੇ ਟੁੱਟੇ ਸਨ ਕਿ ਉਹਨਾਂ ਦਾ ਕੋਈ ਆਦਮੀ ਆਪਣੇ ਤੰਬੂ ਤੋਂ ਬਾਹਰ ਨਹੀਂ ਸੀ ਨਿਕਲ ਰਿਹਾ। ਸਿਰਫ ਦੋ ਚਾਰ ਸਰਦਾਰ ਤੇ ਇਕ ਕਲਗੀ ਵਾਲਾ ਮਹਾਂਪੁਰਖ ਬੈਠਾ ਹੋਇਆ ਸੀ। ਜੀਹਨੂੰ ਸਿੱਖ ਗੁਰੂ ਗੋਬਿੰਦ ਸਿੰਘ ਆਖਦੇ ਸਨ। ਦੂਰੋਂ ਸਿਰਫ ਬਾਣੇ ਨਜ਼ਰ ਆਉਂਦੇ ਸਨ। ਆਪਸ ਵਿਚ ਗੱਲਾਂ ਕਰ ਰਹੇ ਸਨ।

"ਅੱਲੇ ਜ਼ਖਮਾਂ ਵਿਚ ਸਾਡਾ ਨਾਂਦੇੜ ਛਡਣਾ ਕਿਸੇ ਖ਼ਤਰੇ ਤੋਂ ਖਾਲੀ ਨਹੀਂ ਸਤਿਗੁਰ। ਬਹਾਦਰ ਸ਼ਾਹ ਨੇ ਬੜੀ ਅਕਲ ਤੋਂ ਕੰਮ ਲਿਆ। ਸਾਨੂੰ ਨਾਂਦੇੜ ਵਿਚ ਆਰਾਮ ਲਈ ਮਜਬੂਰ ਕੀਤਾ ਹੈ। ਜੇ ਅਸੀਂ ਕਾਹਲੀ ਤੋਂ ਕੰਮ ਲੈਂਦੇ ਤਾਂ ਹੋ ਸਕਦਾ ਸੀ ਕਿ ਇਹ ਅੱਲੇ ਜ਼ਖਮ ਮੁੜ ਹਰੇ ਹੋ ਜਾਂਦੇ ਤੇ ਫਿਰ ਸ਼ਾਹੀ ਜਰਾਹ ਇਨ੍ਹਾਂ ਨੂੰ ਸੀਊਣ ਦੀ ਹਿੰਮਤ ਨਾ ਕਰਦੇ। ਫੇਰ ਕੀ ਹੁੰਦਾ ਸਾਡਾ ਤੇ ਕਰਤਾਰ ਹੀ ਰਾਖਾ ਸੀ ਨਾ।" ਭਾਈ ਦਇਆ ਸਿੰਘ ਆਖ ਰਿਹਾ ਸੀ।

—"ਭਾਈ ਦਇਆ ਸਿੰਘ, ਤੂੰ ਤੇ ਗੱਲ ਗੱਲ ਤੇ ਪਰੇਸ਼ਾਨ ਹੋ ਜਾਂਦਾ ਏਂ। ਇਹ ਪਰਦੇਸ ਹੈ, ਘਰ ਨਹੀਂ ਇਥੇ ਦੁਸ਼ਮਣ ਤੋਂ ਹਰ ਵੇਲੇ ਖ਼ਬਰਦਾਰ ਰਹਿਣਾ ਪੈਂਦਾ ਹੈ। ਸਾਡੀ ਥੋੜ੍ਹੀ ਜਿਹੀ ਨਰਮੀ ਤੇ ਲਾਪਰਵਾਹੀ ਨੇ ਉਸ ਪਠਾਣ ਦੇ ਪੁਤ ਨੂੰ ਹਿੰਮਤ ਦੇ ਦਿੱਤੀ ਕਿ ਉਸ ਨੂੰ ਛੁਰਾ ਮਾਰਦਿਆਂ ਜ਼ਰਾ ਵੀ ਕੰਬਣੀ ਨਾ ਆਈ। ਅਸੀਂ ਤਾਂ ਉਸ ਨੂੰ ਬਹਾਦਰ ਮੰਨਦੇ ਹਾਂ, ਜਿਸ ਨੇ ਜਾਣ ਬੁਝ ਕੇ ਅੱਗ ਵਿਚ ਹੱਥ ਪਾ ਦਿੱਤਾ, ਇਸ ਗੱਲ ਦਾ ਖਿਆਲ ਛੱਡ ਕੇ ਕਿ ਉਸ ਵਿਚ ਬਾਂਹ ਲੂਸ ਜਾਵੇਗੀ। ਕੀ ਹੋਇਆ ਕਿ ਅਸਾਂ ਦਲੀਜ ਵੀ ਨਾ ਟੱਪਣ ਦਿੱਤੀ ਤੇ ਢੇਰੀ ਕਰ ਲਿਆ ਪਰ ਉਸ ਦੀ ਜਾਂ-ਬਾਜ਼ੀ ਦੀ ਦਾਦ ਦੇਣੀ ਪੈਂਦੀ ਹੈ। ਉਸ ਆਪਣੀ ਜਾਨ ਦਾ ਸੌਦਾ ਕਰ ਕੇ ਆਲਮ-ਗੀਰ ਹਕੂਮਤ ਦੀ ਇਕ ਅੜਚਣ ਨੂੰ ਕੱਢਣਾ ਚਾਹਿਆ। ਇਹ ਵੱਖਰੀ ਗੱਲ ਹੈ ਕਿ ਉਸ ਕਰਤਾਰ ਨੇ ਸਾਡੀ ਬਾਂਹ ਫੜ ਲਈ ਪਰ ਉਸ ਦੀ ਮਨਚਲੇ ਦੇ ਝੰਡੇ ਸਾਡੇ ਦਿਲ ਅੰਦਰ ਫ਼ਤਿਹ ਦੀ ਪਰਕਰਮਾ ਵਾਂਗੂ ਲਹਿਰਾਂ ਮਾਰ ਰਹੇ ਹਨ। ਵਾਹ ਓਏ ਪੈਂਦੇ ਖਾਨਾ! ਧੰਨ ਹੈ ਉਹ ਮਾਂ ਜਿੰਨ ਤੈਨੂੰ ਜਨਮ ਦਿੱਤਾ ਤੇ ਵਾਰ ਜਾਈਏ ਉਸ ਮਾਂ ਦੇ ਜਿਸ ਸਾਡੇ ਸ਼ਤਰੂ ਨੂੰ ਪਾਲਿਆ ਪੋਸਿਆ।" ਗੁਰੂ ਗੋਬਿੰਦ ਸਿੰਘ ਦਇਆ ਸਿੰਘ ਨਾਲ ਗੱਲਾਂ ਕਰਦੇ ਚੁਪ ਹੋ ਜਾਂਦੇ ਤੇ ਫਿਰ ਕਈ ਵਾਰਾਂ ਉਹ ਕਿਸੇ ਦੀ ਉਪਮਾ ਕਰਨ ਵਿਚ ਰੁਝ ਪੈਂਦੇ। ਭਾਈ ਦਇਆ ਸਿੰਘ ਬੋਲਿਆ, 'ਸਤਿਗੁਰ ਇਹ ਤੇ ਧੋਖਾ ਹੈ। ਸੁੱਤੇ ਪਏ ਆਦਮੀ ਤੇ ਵਾਰ ਕਰਨਾ ਕਿਥੇ ਦੀ ਬਹਾਦਰੀ ਹੈ? ਸ਼ੇਰ ਏਨਾ ਖੂੰਖਾਰ ਹੁੰਦਾ ਹੈ, ਪਰ ਉਹ ਵੀ ਸੁੱਤੇ ਸ਼ਿਕਾਰ ਨੂੰ ਨਹੀਂ ਖਾਂਦਾ। ਜਗਾ ਕੇ ਲਲਕਾਰਦਾ ਹੈ ਤੇ ਫਿਰ ਭਾਵੇਂ ਹਮਲਾ ਕਰੇ। ਜੰਗਲ ਦੇ ਪਸ਼ੂਆਂ ਵਿਚ ਏਨੀ ਸੂਝ ਹੈ ਤਾਂ ਇਨਸਾਨ ਕਿਸ ਤਰ੍ਹਾਂ ਬਹਾਦਰੀ ਸਮਝਦੇ ਹਨ। ਮੱਛਰ ਜੀਹਦੀ ਆਪਣੀ ਜਾਨ ਹਵਾ ਦੀ ਇਕ ਚਪੇੜ ਵੀ ਨਹੀਂ ਸਹਾਰ ਸਕਦੀ ਉਹ ਵੀ ਸੁੱਤੇ ਪਏ ਇਨਸਾਨ ਨੂੰ

ਲਲਕਾਰਦਾ ਹੈ। ਉਹਦੇ ਕੰਨ ਵਿਚ ਡੰਕੇ ਦੀ ਚੋਟ ਵਾਂਗੂੰ ਆਖਣੋਂ ਨਹੀਂ ਮੁੜਦਾ : ਮੈਂ ਕੱਟਣ ਲੱਗਾ ਈ, ਜਿਹੜਾ ਜ਼ੋਰ ਲਗਦਾ ਈ ਲਾ ਲੈ। ਫਿਰ ਨਾ ਆਖੀਂ ਮੈਨੂੰ ਕਿਸੇ ਜਗਾਇਆ ਨਹੀਂ। ਕੀ ਉਸ ਤੁਹਾਡੀ ਛਾਤੀ ਵਿਚ ਛੁਰਾ ਮਾਰਕੇ ਆਪਣੀ ਬਹਾਦਰੀ ਦੇ ਝੰਡੇ ਗੱਡ ਦਿੱਤੇ ਹਨ ? ਨਹੀਂ ! ਉਸ ਬਹਾਦਰੀ ਦਾ ਸਦਾ ਲਈ ਸਿਰ ਨੀਵਾਂ ਕਰ ਦਿੱਤਾ। ਉਹ ਜਾਣ ਬੁਝਕੇ ਬਹਾਦਰਾਂ ਦੀ ਟੋਲੀ ਨੂੰ ਛੱਡ ਕੇ ਕਾਇਰਾਂ ਦੀ ਕਤਾਰ ਵਿਚ ਜਾ ਖਲੋਤਾ। ਕੀ ਉਸ ਦੀ ਸੰਤਾਨ ਉਸ ਨੂੰ ਬਹਾਦਰ ਦੇ ਨਾਂ ਨਾਲ ਯਾਦ ਕਰੇਗੀ। ਕਦੀ ਨਹੀਂ ਚੋਰ ਧੋਖੇਬਾਜ਼ ਅੱਖ ਭਾਵੇਂ ਸੱਦੇ।" ਪੰਜਾਂ ਪਿਆਰਿਆਂ ਵਿਚੋਂ ਇਕ ਨੇ ਆਖਿਆ।

—"ਆਪਣੇ ਤੋਂ ਡਾਢਿਆਂ ਨੂੰ ਮਾਰਨ ਵਾਸਤੇ ਧੋਖੇ ਤੋਂ ਕੰਮ ਲੈਣਾ ਰਾਜਨੀਤੀ ਹੈ। ਤੂੰ ਨਹੀਂ ਜਾਣਦਾ, ਆਲਮਗੀਰ ਦੀਆਂ ਫੌਜਾਂ ਦਾ ਸ਼ਿਵਾ ਜੀ ਮੁਕਾਬਲਾ ਕਰ ਸਕਦਾ ਸੀ ? ਕਦੀ ਨਹੀਂ ਮੁਕਾਬਲਾ ਕਰਨਾ ਤੇ ਦਰ ਕਨਾਰ, ਨਾਂ ਲੈਣਾ ਉਹਦੇ ਲਈ ਮੌਤ ਤੋਂ ਘੱਟ ਨਹੀਂ ਸੀ। ਉਸ ਨੇ ਰਾਜਨੀਤੀ ਤੋਂ ਕੰਮ ਲਿਆ। ਔਰੰਗਜ਼ੇਬ ਦਾ ਨੱਕ ਵਿਚ ਦਮ ਕਰ ਛਡਿਆ। ਸ਼ਿਵਾ ਜੀ ਦੀ ਦਿੱਤੀ ਸ਼ਹਿ ਔਰੰਗਜ਼ੇਬ ਕੋਲੋਂ ਸਾਰੀ ਉਮਰ ਵਿਚ ਨਾ ਨਿਕਲੀ। ਬੀਜਾਪੁਰ ਦੀ ਆਦਲ ਸ਼ਾਹੀ ਹੁਕੂਮਤ ਦੀਆਂ ਬੁਨਿਆਦਾਂ ਖੋਖਲੀਆਂ ਕਰ ਦਿੱਤੀਆਂ। ਔਰੰਗਜ਼ੇਬ ਨੇ ਬੀਜਾਪੁਰ ਦੇ ਮੁਹਾਸਰੇ ਲਈ ਸਾਰਾ ਜ਼ੋਰ ਲਾਇਆ, ਸਾਰੀ ਦਿੱਲੀ ਬੀਜਾਪੁਰ ਤੇ ਟੁਟ ਪਈ ਪਰ ਬੀਜਾਪੁਰ ਦਾ ਵਾਲ ਵਿੰਗਾ ਨਾ ਕਰ ਸਕੀ। ਸ਼ਿਵਾ ਜੀ ਦੇ ਇਕ ਹੀ ਹਮਲੇ ਨੇ ਆਦਲਸ਼ਾਹੀ ਰਾਜ ਦੀਆਂ ਜੜ੍ਹਾਂ ਵੱਢਕੇ ਰੱਖ ਦਿੱਤੀਆਂ। ਸ਼ਿਵਾ ਜੀ ਦੇ ਨਾਂ ਤੋਂ ਬੀਜਾਪੁਰ ਦਾ ਬੱਚਾ ਬੱਚਾ ਡਰਦਾ ਸੀ। ਸ਼ਿਵਾ ਜੀ ਦੀ ਤਾਕਤ ਸਾਹਮਣੇ ਸ਼ਾਹੀ ਹਕੂਮਤ ਨਾ ਡੋਲੀ, ਪਰ ਉਹਦੀ ਰਾਜਨੀਤੀ ਦੀ ਧਾਕ ਨੇ ਆਦਲਸ਼ਾਹੀ ਹਕੂਮਤ ਨੂੰ ਮੂਧਕੇ ਮੂੰਹ ਸੁੱਟ ਦਿੱਤਾ। ਚਾਣਕਯ ਦੀ ਰਾਜਨੀਤੀ ਦੇ ਪਰਤਾਪ ਨੇ ਚੰਦਰ ਗੁਪਤ ਨੂੰ ਭਾਰਤ ਦਾ ਸਮਰਾਟ ਬਣਾ ਦਿੱਤਾ। ਸਿਲੂਕਸ ਨੇ ਆਪਣੀ ਲੜਕੀ ਦੀ ਡੋਲੀ ਦੀ ਭੇਟਾ ਕਰਕੇ ਜਾਨ ਬਚਾਈ। ਚਾਣਕਯ ਦੀ ਰਾਜਨੀਤੀ ਤੇ ਚੱਲਣ ਵਾਲਾ ਮੁਗਲਾਂ ਦੇ ਦੰਦ ਖੱਟੇ ਕਰ ਸਕਦਾ ਹੈ। ਬਹਾਦਰ ਸ਼ਾਹ ਭਾਵੇਂ ਯਾਰਾਂ ਦਾ ਯਾਰ ਹੈ, ਪਰ ਹੈ ਤਾਂ ਸਪੋਲੀਆ। ਸੱਪ ਦੇ ਪੁੱਤਾਂ ਨੂੰ ਦੁੱਧ ਪਿਲਾਉਣ ਨਾਲ ਕੀ ਤੁਸੀਂ ਇਹ ਆਸ ਰੱਖ ਸਕਦੇ ਹੋ ਕਿ ਉਹ ਡੰਗ ਮਾਰਨੋਂ ਰੁਕ ਜਾਵੇਗਾ ? ਕਦੀ ਨਹੀਂ। ਉਹਦੇ ਖਮੀਰ ਨੂੰ ਡੰਗ ਮਾਰਨ ਦੀ ਪੁੱਠ ਦਿੱਤੀ ਗਈ ਹੈ। ਸੱਜਣ ਤੇ ਦੁਸ਼ਮਣ ਨਹੀਂ ਦੇਖਦਾ ਮੁਗਲ ਭਾਵੇਂ ਕਿੰਨੇ ਵੀ ਇਤਬਾਰੀ ਬਣ ਜਾਣ ਪਰ ਉਨ੍ਹਾਂ ਦਾ ਕੋਈ ਵਿਸਾਹ ਨਹੀਂ ਕਿ ਉਨ੍ਹਾਂ ਦੀ ਕਦ ਤੇ ਕਿਸ ਵੇਲੇ ਨੀਅਤ ਬਦਲ ਜਾਵੇ। ਦੋਸਤੀ ਦੁਸ਼ਮਣੀ ਦਾ ਚੋਲਾ ਪਾ ਲਵੇ। ਪਠਾਣ ਦਾ ਪੁਤ ਸਾਨੂੰ ਛੁਰਾ ਮਾਰ ਕੇ ਗਾਜ਼ੀ ਬਣ ਗਿਆ। ਕਾਜ਼ੀ ਉਹਦੇ ਜ਼ੁਲਮ ਨੂੰ ਸਵਾਬ ਮੰਨਦੇ ਹਨ, ਮੱਕਾ ਮਨੱਵਰ ਦਾ। ਉਹ ਦੋਸਤੀ ਦਾ ਅੰਗ ਪਾਲਣਾ ਤੇ ਵੇਲੇ ਸਿਰ ਰਹਿਮ ਕਰਨਾ ਗੁਨਾਹ ਸਮਝਦੇ ਹਨ। ਰਾਜ ਵਿਚ ਰਹਿਮ ਕਰਨਾ ਬੁਜ਼ਦਿਲੀ ਹੈ। ਮਿੱਤਰਤਾ ਵਿਚ ਵਿਸ਼ਵਾਸ਼-ਘਾਤ ਕਰਨਾ ਉਨ੍ਹਾਂ ਲਈ ਕੋਈ ਗੁਨਾਹ ਨਹੀਂ। ਉਹ ਸਮਝਦੇ ਹਨ ਕਿ ਦੁਸ਼ਮਣ ਵਿਸ਼ਵਾਸ਼ ਘਾਤ ਨਾਲ ਹੀ ਮਰ ਸਕਦਾ ਹੈ, ਦੁਸ਼ਮਣੀ ਨਾਲ ਨਹੀਂ। ਜੇ ਉਹ ਰਹਿਮ ਦਿਲ ਹੁੰਦੇ ਤਾਂ ਅੱਜ ਭਾਰਤ ਦਾ

ਸਮਰਾਟ ਕੋਈ ਹੋਰ ਹੁੰਦਾ। ਮੁਗਲਾਂ ਦਾ ਸਿਰ ਸ਼ਾਹੀ ਤਾਜ ਤੋਂ ਖਾਲੀ ਹੁੰਦਾ।'' ਗੁਰੂ ਗੋਬਿੰਦ ਸਿੰਘ ਦੀ ਆਵਾਜ਼ ਵਿਚ ਜੋਸ਼ ਉਮਡ ਰਿਹਾ ਸੀ।

—''ਸਤਿਗੁਰ ਅਜੇ ਤੋਪੇ ਕੱਚੇ ਹਨ। ਜੇ ਇਸੇ ਤਰ੍ਹਾਂ ਸੀਤੇ ਤੋਪੇ ਹਿਲ ਗਏ ਤਾਂ ਏਥੋਂ ਕੰਮ ਦਾ ਜਰਾਹ ਵੀ ਨਹੀਂ ਮਿਲਣਾ। ਤੁਸੀਂ ਆਰਾਮ ਕਰੋ। ਜ਼ਰਾ ਜੋਸ਼ੀਲੀ ਆਵਾਜ਼ ਵਿਚ ਬੋਲਣ ਦੀ ਕੋਸ਼ਿਸ਼ ਨਾ ਕੀਤਾ ਕਰੋ। ਪੰਜਾਬ ਤੋਂ ਦੂਰ ਵਿੰਧਿਆਚਲ ਦੀ ਗੋਦ ਵਿਚ ਜੇ ਏਥੇ ਕੁਝ ਹੋ ਗਿਆ ਤੇ ਫੇਰ ਸਾਡਾ ਕੌਣ ਰਾਖਾ।'' ਦੂਜਾ ਸਿੱਖ ਕੋਲੋਂ ਬੋਲਿਆ।

—''ਕਰਤਾਰ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣਾ ਚਾਹੀਦਾ ਹੈ। ਹੁਣ ਤੇ ਸਾਡੇ ਜ਼ਖਮਾਂ ਵਿਚ ਅੰਗੂਰੀ ਆ ਗਈ ਏ ਅਸੀਂ ਇਕ ਦੋ ਦਿਨਾਂ ਵਿਚ ਚੰਗੇ ਹੋ ਜਾਵਾਂਗੇ। ਘਬਰਾਉਣ ਦੀ ਕੋਈ ਗੱਲ ਨਹੀਂ। ਸ਼ੇਰਾਂ ਦੇ ਪੁੱਤਰ ਥੋਹੜੀ ਜਿਹੀ ਗੱਲ ਤੇ ਹੌਸਲਾ ਨਹੀਂ ਹਾਰ ਦੇਂਦੇ।'' ਦਿਲਾਸਾ ਦੇਂਦਿਆਂ ਗੁਰੂ ਗੋਬਿੰਦ ਸਿੰਘ ਨੇ ਇਕ ਵਾਰ ਫਿਰ ਆਖਿਆ।

—''ਸਤਿਗੁਰੂ ਗੁਦਾਵਰੀ ਦੀਆਂ ਲਹਿਰਾਂ ਵਿਚ ਤੂਫਾਨ ਭੰਗੜਾ ਪਾ ਰਿਹਾ ਏ। ਉਹ ਮੰਦਰ ਨੂੰ ਢੁੱਡਾ ਮਾਰ ਮਾਰ ਕੇ ਢਾਹੁਣਾ ਚਾਹੁੰਦਾ ਹੈ। ਅੱਜ ਤਾਂ ਕੰਢੇ ਵੀ ਉਹਦੀਆਂ ਲਹਿਰਾਂ ਤੋਂ ਪਨਾਹ ਮੰਗ ਰਹੇ ਹਨ। ਉਹਦੇ ਬੁਲ੍ਹਾਂ ਵਿਚੋਂ ਝੱਗ ਛੁਟ ਪਈ ਹੈ। ਰੱਬ ਜਾਣੇ ਅੱਜ ਐਨਾ ਪਾਣੀ ਗੁਦਾਵਰੀ ਵਿਚ ਕਿਥੋਂ ਆ ਗਿਆ ਏ? ਪਾਣੀ ਦੀ ਕੋਈ ਅਥਾਹ ਹੀ ਨਹੀਂ ਲਗਦੀ।'' ਇਕ ਗੁਰਸਿੱਖ ਮਲਾਹ ਨੇ ਆਣ ਕੇ ਆਖਿਆ ਤੇ ਪਿੱਛੇ ਹੋ ਕੇ ਖੜਾ ਹੋ ਗਿਆ।

—o—

ਬੈਰਾਗੀ ਦੇ ਆਸ਼ਰਮ ਵਿਚ ਵੀ ਗੁਦਾਵਰੀ ਦੇ ਹੜ੍ਹ ਦੀਆਂ ਗੱਲਾਂ ਹੋ ਰਹੀਆਂ ਸਨ। ਸਿੱਖਾਂ ਦਾ ਡੇਰਾ ਬੈਰਾਗੀ ਦੇ ਆਸ਼ਰਮ ਤੋਂ ਦੂਰ ਸੀ। ਬੁੱਢਾ ਯਾਤਰੀ ਤੇ ਰੋੜੀ ਵੀ ਗੁਦਾਵਰੀ ਦੇ ਕੰਢੇ ਦੇ ਵਸਨੀਕ ਸਨ ਤੇ ਉਨ੍ਹਾਂ ਦੀਆਂ ਝੁੱਗੀਆਂ ਵੀ ਬੈਰਾਗੀ ਦੇ ਆਸ਼ਰਮ ਤੋਂ ਦੂਰ ਸਨ। ਬੈਰਾਗੀ ਦਾ ਆਸ਼ਰਮ ਹੁਣ ਜਿਸਨੂੰ ''ਨਗੀਨਾ ਘਾਟ'' ਆਖਦੇ ਹਨ ਉਥੇ ਸੀ। ਗੁਦਾਵਰੀ ਦਾ ਪਾਣੀ ਹੜ੍ਹ ਵਿਚ ਕਦੀ ਕਦੀ ਆਸ਼ਰਮ ਦਾ ਮੂੰਹ ਚੁੰਮ ਲੈਂਦਾ। ਗੁਦਾਵਰੀ ਦੇ ਹੜ੍ਹ ਦੇ ਚਰਚੇ ਥਾਂ ਥਾਂ ਹੋ ਰਹੇ ਸਨ। ਜਿੰਨੇ ਵੀ ਆਸ਼ਰਮ ਤੇ ਸਾਧੂ ਸੰਤਾਂ ਦੀਆਂ ਝੁੱਗੀਆਂ ਸਨ, ਉਹ ਸਾਰੀਆਂ ਦੀਆਂ ਸਾਰੀਆਂ ਗੁਦਾਵਰੀ ਦੇ ਕੰਢੇ ਤੇ ਹੀ ਸ਼ਸ਼ੋਭਿਤ ਸਨ। ਸਾਰੇ ਸ਼ਿਵਮੰਦਰ ਨੂੰ ਵੇਖ ਰਹੇ ਸਨ। ਜਿਹੜਾ ਵੀ ਝੁੱਗੀਆਂ ਜਾਂ ਆਸ਼ਰਮ ਤੋਂ ਬਾਹਰ ਨਿਕਲਦਾ ਸ਼ਿਵਮੰਦਰ ਉਹਦੇ ਮੱਥੇ ਲਗਦਾ। ਇਸ ਲਈ ਊਸ਼ਾ ਦੀ ਪਹਿਲੀ ਕਿਰਨ ਨਾਲ ਹੀ ਸ਼ਿਵਮੰਦਰ ਦੇ ਦਰਸ਼ਨ ਹੋ ਜਾਂਦੇ। ਪਾਣੀ ਦੀ ਸ਼ੂਕਰ ਇਸ ਤਰ੍ਹਾਂ ਫੁੰਕਾਰੇ ਮਾਰ ਰਹੀ ਸੀ ਜਿਸ ਤਰ੍ਹਾਂ ਕੋਈ ਫਨੀਅਰ ਬੀਨ ਤੇ ਲੱਟ ਬਾਵਰਾ ਹੋ ਕੇ ਝੂਮੇ।

—''ਪਾਣੀ ਏਨਾ ਆ ਗਿਆ ਹੈ ਕਿ ਅਤਿ ਹੋ ਗਈ ਹੈ। ਗੁਦਾਵਰੀ ਤੋਂ ਪਾਣੀ ਝੱਲਣਾ ਵੀ ਮੁਸ਼ਕਲ ਹੋ ਰਿਹਾ ਹੈ। ਜੇ ਗੁਦਾਵਰੀ ਉਛਲ ਪਈ ਤਾਂ ਰੱਬ ਹੀ ਰਾਖਾ ਹੈ।'' ਇਕ ਬੈਰਾਗੀ ਦੇ ਚੇਲੇ ਨੇ ਦੂਜੇ ਨੂੰ ਆਖਿਆ।

—"ਤੇਰੀ ਕਿਹੜੀ ਪੈਲ੍ਹੀ ਡੁਬ ਚਲੀ ਹੈ ? ਜਿਹੜਾ ਏਨਾ ਫ਼ਿਕਰ ਕਰ ਰਿਹਾ ਹੈਂ। ਨਾ ਅੱਗਾ ਨਾ ਪਿੱਛਾ ਮਸਤ ਮਲੰਗ, ਸ਼ਰਦਾਈ ਨੂੰ ਘੋਟਾ ਮਾਰ ਮਾਰ ਕੇ ਮਹਿੰਦੀ ਬਣਾ ਦੇ। ਜੇ ਅੱਜ ਵੀ ਭੰਗ ਮੋਟੀ ਰਹਿ ਗਈ ਤੇ ਫੇਰ ਕੂੰਡੇ ਨਾਲ ਕਿਤੇ ਤੇਰਾ ਵੀ ਕੂੰਡਾ ਹੀ ਨਾ ਬਣ ਜਾਵੇ। ਭੰਗ ਪੀ ਕੇ ਸਵਰਗ ਦੇ ਝੂਟੇ ਲੈ ਲੈ ਬੇਲੀਆ, ਇਹ ਵੇਲਾ ਮੁੜ ਮੁੜ ਹੱਥ ਨਹੀਂ ਆਉਣਾ।" ਦੂਜੇ ਚੇਲੇ ਨੇ ਜਵਾਬ ਦਿੱਤਾ।

"ਪੀਓ ਭੰਗਾਂ ਸਵੇਂ ਬਾਗੀਂ,
ਪਿਛਲੇ ਜੀਉਣ ਆਪਣੀ ਭਾਗੀਂ।"

—"ਅਸ਼ਕੇ ਞੀ ਓ ਜਵਾਨਾ ਤੈਨੂੰ ਲਕੜਾਂ ਪਾੜਨ ਭੇਜਿਆ ਸੀ, ਭੰਗ ਵੇਖ ਕੇ ਲੇਸ ਈ ਬਣ ਗਿਆ ਹੈਂ। ਭੰਗ ਉਤੇ ਤੂੰ ਲਸੂੜੇ ਵਾਂਗੂੰ ਚੰਬੜ ਜਾਨਾਂ ਏ ਐਨਾ ਲਟੂ ਨਾ ਬਣਿਆ ਕਰ।" ਤੀਸਰੇ ਚੇਲੇ ਨੇ ਆਖਿਆ।

—"ਅਜੇ ਤੇ ਮੈਂ ਹੁਣੇ ਹੀ ਆਣ ਕੇ ਬੈਠਾ ਹਾਂ। ਤੂੰ ਤੇ ਮੇਰੇ ਬੜਾ ਖਹਿੜੇ ਪੈ ਗਿਆ ਹੈਂ। ਡੰਡੇ ਦੀ ਆਵਾਜ਼ ਸੁਣ ਕੇ ਤੇਰੇ ਮੂੰਹ ਵਿਚ ਵੀ ਪਾਣੀ ਆ ਗਿਆ ਹੈ। ਆਹ ਲੈ ਘੋਟਣਾਂ, ਇਕ ਇਕ ਛੰਨਾ ਪੀ ਚਲਦੇ ਹਾਂ।" ਪਹਿਲੇ ਨੇ ਜਵਾਬ ਦਿੱਤਾ।

—"ਉਦੇ ਹੜ੍ਹ ਕੰਢਿਆਂ ਨਾਲ ਜਫੀਆਂ ਪਾ ਰਿਹਾ ਹੈ ਤੇ ਤੁਸੀਂ ਭੰਗ ਪੀਣ ਵਿਚ ਰੁਝੇ ਹੋਏ ਹੋ। ਕੋਈ ਅਕਲ ਨੂੰ ਹੱਥ ਮਾਰੋ।" ਇਕ ਹੱਟੇ ਕੱਟੇ ਚੇਲੇ ਨੇ ਡਾਂਟਦਿਆਂ ਹੋਇਆਂ ਆਖਿਆ।

ਬੈਰਾਗੀ ਆਖ ਰਿਹਾ ਸੀ।

—"ਅੱਜ ਗੁਦਾਵਰੀ ਦਾ ਹੜ੍ਹ ਕੋਈ ਚੰਨ ਜ਼ਰੂਰ ਚੜ੍ਹਾਵੇਗਾ। ਗੁਦਾਵਰੀ ਦੀਆਂ ਮਛਰੀਆਂ ਲਹਿਰਾਂ ਲਲਕਾਰ ਲਲਕਾਰ ਕੇ ਆਖ ਰਹੀਆਂ ਹਨ ਕਿ ਜਿਹੜਾ ਸਾਡੀ ਜ਼ਦ ਵਿਚ ਆ ਗਿਆ ਉਹਦੀ ਵਿੱਥਰੀ ਟੋਟ ਕਰ ਦੇਵਾਂਗੀਆਂ। ਮੁੜ ਉਹਨੂੰ ਕਿਸੇ ਥਾਂ ਜੋਗਾ ਨਹੀਂ ਰਹਿਣ ਦਿੰਦੀਆਂ। ਗੁਦਾਵਰੀ ਦੀਆਂ ਲਹਿਰਾਂ ਨੇ ਜੀਹਦੇ ਨਮਦੇ ਕਸ ਦਿੱਤੇ ਉਹ ਫਿਰ ਕੌਡੇ ਸ਼ਾਹ ਹੀ ਬਣੇਗਾ, ਕਿਸੇ ਮਸਜਿਦ ਦਾ ਅਮਾਮ ਨਹੀਂ ਰਹਿ ਸਕਦਾ। ਗੁਦਾਵਰੀ ਦੀਆਂ ਲਹਿਰਾਂ ਵਿਚ ਮੈਨੂੰ ਅਣਖ ਤੇ ਗ਼ੈਰਤ ਜਾਪਦੀ ਹੈ। ਨਿਰਮਲ ਤੇ ਪਵਿਤਰ ਜਲ ਵਿਚ ਐਨਾਂ ਪਾਪ ਧੋਤਾ ਗਿਆ ਹੈ, ਕੀ ਉਹਦਾ ਪਾਣੀ ਗੰਦਾ ਤੇ ਮੈਲਾ ਨਹੀਂ ਹੋ ਗਿਆ ? ਏਸੇ ਲਈ ਉਹਦੀ ਪਵਿਤਰਤਾ ਦੀ ਸ਼ਕਤੀ ਤੇ ਪਾਪ ਨੇ ਰਾਜ ਸਿੰਘਾਸਨ ਵਿਛਾ ਲਿਆ ਏ। ਉਹ ਇਸ ਪਾਪ ਦੀ ਮਦਰਾ ਨੂੰ ਉਗਲੱਛ ਦੇਣਾ ਚਾਹੁੰਦੀ ਹੈ ਤਾਂ ਜੋ ਉਹ ਫਿਰ ਪਵਿਤਰਤਾ ਦਾ ਦਾਨ ਦੇ ਸਕੇ। ਗੰਗਾ, ਗੁਦਾਵਰੀ, ਪ੍ਰਯਾਗ ਤੇ ਕਾਂਸ਼ੀ ਦੇ ਤੀਰਥਾਂ ਵਾਂਗੂੰ ਹਰੀਦਵਾਰ ਵਿਚ ਪਾਪ ਕੱਟਦੇ ਹਨ। ਜੇ ਇਹਦੀ ਮੰਨਤਾ ਜ਼ਰਾ ਵੀ ਡੋਲ ਗਈ ਤਾਂ ਉਹਦਾ ਜੀਵਨ ਮੌਤ ਤੋਂ ਵੀ ਬੱਦਤਰ ਹੋ ਜਾਵੇਗਾ। ਇਹ ਤਪੋਬਨ ਹੈ ਜਿਥੇ ਦੇਵਤਿਆਂ ਦਾ ਨਿਵਾਸ ਹੈ, ਪਰ ਹੁਣ ਮਲੇਛਾਂ ਦਾ ਰਾਜ ਹੋ ਗਿਆ। ਯਥਾ ਰਾਜਾ ਤਥਾ ਪਰਜਾ। ਇਕ ਪਾਪੀ ਹੋਵੇ ਤਾਂ ਮੋੜੀਏ ਇਥੇ ਤਾਂ ਆਵਾ ਹੀ ਊਤ ਗਿਆ ਹੈ। ਗੁਦਾਵਰੀ ਦੇ ਕੰਢੇ ਤੇ ਹੁਣ ਤਪਸਵੀ

ਨਹੀਂ ਚੰਡਾਲ ਵਸਣੇ ਸ਼ੁਰੂ ਹੋ ਗਏ ਹਨ। ਔਰੰਗਜ਼ੇਬ ਨੇ ਦੱਖਣ ਵਿਚ ਪੈਰ ਕੀ ਪਾਏ ਹਨ। ਦੁਨੀਆਂ ਨੂੰ ਮਰਯਾਦਾ ਤੋਂ ਹਿਲਾ ਦਿੱਤਾ ਹੈ। ਭਾਵੇਂ ਆਪ ਵੀ ਚੈਨ ਨਾਲ ਨਹੀਂ ਬੈਠ ਸਕਿਆ, ਪਰ ਦੱਖਣ ਵਾਲਿਆਂ ਦੀ ਫੱਟਕੜੀ ਫੁਲ ਕਰ ਛੱਡੀ ਸੂ। ਗੋਲਕੁੰਡੇ ਨਾਲ ਉਹਦੀ ਜਾਨ ਦੀ ਬਾਜ਼ੀ ਸੀ। ਤਾਨਾਂ ਸ਼ਾਹ ਨੇ ਵੀ ਤੀਹ ਸਾਲ ਅੱਖ ਚੁਕਣ ਨਾ ਦਿੱਤੀ। ਪਰ ਜਦੋਂ ਹਥਿਆਰ ਸੁਟੇ ਉਦੋਂ ਔਰੰਗਜ਼ੇਬ ਦਾ ਘੁਗੂ ਬੋਲ ਚੁਕਾ ਸੀ। ਅਹਿਮਦ ਨਗਰ ਵਿਚ ਜਿਹਾ ਤਾਪ ਚੜ੍ਹਿਆ ਨਾਲ ਹੀ ਲੈ ਗਿਆ। ਦੌਲਤਾਬਾਦ ਕਿਲੇ ਵਿਚ ਸੁੱਤਾ ਅਜੇ ਵੀ ਗੋਲਕੁੰਡੇ ਤੇ ਬੀਜਾ ਪੁਰ ਦੇ ਸ਼ੀਸ਼ ਮਹਿਲਾਂ ਦੇ ਖ਼ਾਬ ਦੇਖ ਰਿਹਾ ਹੈ। ਨਾਂਦੇੜ ਵਿਚ ਉਪਦਰਵ ਮਚਾਣ ਵਾਲੇ ਉਸੇ ਦੇ ਹੀ ਤੇ ਚੇਲੇ ਚਾਟੇ ਹਨ। ਬਹਾਦਰ ਸ਼ਾਹ ਭਰਾਵਾਂ ਦੇ ਖੂਨ ਦੀ ਮਹਿੰਦੀ ਲਾ ਕੇ ਅੱਜ ਪਾਰਸਾ ਬਣ ਬੈਠਾ ਹੈ। ਉਹਦੇ ਗੁਨਾਹ ਦੀ ਤੌਬਾ ਅੱਜ ਸਾਨੂੰ ਕਰਨੀ ਪੈ ਰਹੀ ਹੈ। ਸਾਥੋਂ ਸਾਡੀ ਖੁਦਾਵਰੀ ਰੁੱਸ ਰਹੀ ਹੈ। ਸਾਡਾ ਇਸ਼ਟ ਸਾਥੋਂ ਪੱਲਾ ਛੁੜਾ ਕੇ ਜਾ ਰਿਹਾ ਹੈ। ਇਹ ਆਪਣੇ ਗੁਨਾਹ ਦੀ ਚਾਦਰ ਨੂੰ ਸਵਾਬ ਦੇ ਸਾਬਣ ਨਾਲ ਸਾਫ ਨਹੀਂ ਕਰਦੇ, ਸਗੋਂ ਗੁਨਾਹ ਦੀ ਮਾਇਆ ਹੋਰ ਦੇ ਰਹੇ ਹਨ। ਤਪੋਬਨ ਵਿਚ ਜਦੋਂ ਦੇ ਇਨ੍ਹਾਂ ਦੇ ਪੈਰ ਪਏ ਹਨ ਕੋਈ ਹਰਨ ਚੌਂਕੜੀਆਂ ਭਰਦਾ ਨਜ਼ਰ ਨਹੀਂ ਆਉਂਦਾ। ਇਨ੍ਹਾਂ ਦੇ ਡਰ ਨਾਲ ਮੁਟਿਆਰਾਂ ਦੇ ਪਿੰਡਿਆਂ ਤੇ ਮਾਸ ਸੁਕ ਗਿਆ ਹੈ। ਕੋਈ ਚੰਗੀ ਗਾਂ ਦੁੱਧ ਪੀਣ ਵਾਲੀ ਦਿਖਾਈ ਨਹੀਂ ਦੇਂਦੀ। ਇਹ ਸਾਥੋਂ ਦੁੱਧ, ਪੁਤ, ਜੁਆਨੀ, ਗੈਰਤ ਤੇ ਇੱਜ਼ਤ ਸਭ ਕੁਝ ਖੋਹ ਰਹੇ ਹਨ। ਕੀ ਗਜ਼ਨੀ ਵਿਚ ਇਹੋ ਜਿਹੇ ਇਨਸਾਨ ਵਸਦੇ ਹਨ? ਪਰ ਕੋਈ ਗੱਲ ਨਹੀਂ, ਆਪ ਮੋਇਉਂ ਪੰਡਤਾ ਨਾਲ ਜਜਮਾਨ ਵੀ ਗਾਲੇ। ਇਹ ਆਪ ਤੇ ਮਰਨਗੇ ਪਰ ਨਾਲ ਸਾਨੂੰ ਵੀ ਲੈ ਡੁਬਣਗੇ। ਮੈਨੂੰ ਦਿੱਲੀ ਦੇ ਉੱਚੇ ਬੁਰਜਾਂ ਦੀਆਂ ਦੀਵਾਰਾਂ ਖੋਖਲੀਆਂ ਨਜ਼ਰ ਆਉਂਦੀਆਂ ਹਨ। ਮਾਹੀਗੀਰ ਲਾਲਚ ਵਿਚ ਲੰਮਾ ਜਾਲ ਤਾਂ ਸੁਟ ਲੈਂਦਾ ਹੈ ਪਰ ਖਿੱਚਣ ਲਗਿਆਂ ਉਹ ਦੀਆਂ ਬਾਹਾਂ ਜੁਆਬ ਦੇ ਦੇਂਦੀਆਂ ਹਨ। ਮੱਛੀਆਂ ਫੜਦਾ ਫੜਦਾ ਜਾਲ ਵੀ ਹੱਥੋਂ ਗਵਾ ਬਹਿੰਦਾ ਹੈ। ਮੁਗਲ ਰਾਜ ਦੇ ਆਗੂ ਵੀ ਇਸੇ ਮਾਹੀਗੀਰ ਦੀ ਨਾਤੀ ਪੋਤੀ ਜਾਪਦੇ ਹਨ। ਖੋਖਲੀਆਂ ਬੁਨਿਆਦਾਂ ਤੇ ਕਿਸੇ ਚੰਗੇ ਮਹਿਲ ਦੀ ਉਸਾਰੀ ਨਹੀਂ ਹੋ ਸਕਦੀ। ਬਹਾਦਰ ਸ਼ਾਹ ਦੱਖਣ ਵਿਚ ਵੀ ਦਿੱਲੀ ਦੇ ਸ਼ੀਸ਼ ਮਹਿਲਾਂ ਦੇ ਖ਼ਾਬ ਵੇਖਣਾ ਚਾਹੁੰਦਾ ਹੈ। ਤਖਤ ਤਾਊਸ ਦੇ ਝੂਟੇ ਦਿੱਲੀ ਵਿਚ ਤੇ ਆ ਸਕਦੇ ਹਨ, ਦੱਖਣ ਵਿਚ ਨਹੀਂ। ਕਿੱਲਾ ਕਾਇਮ ਹੋਵੇ ਤਾਂ ਆਦਮੀ ਸ਼ੇਖੀਆਂ ਮਾਰ ਸਕਦਾ ਹੈ ਪਰ ਜੇ ਕਿੱਲੇ ਨੂੰ ਹੀ ਘੁਣ ਖਾ ਗਿਆ ਹੋਵੇ ਤੇ ਉਹ ਦੀਆਂ ਸ਼ੇਖੀਆਂ ਚਾਰ ਦਿਨਾਂ ਦੇ ਖਿਆਲੀ ਪੁਲਾ ਬਣ ਜਾਂਦੇ ਹਨ। ਨਦੀ ਕਿਨਾਰੇ ਰੁਖੜਾ ਅੱਜ ਡਿਗੇ ਜਾਂ ਕੱਲ੍ਹ। ਮਕੜੀ ਉੱਨਾ ਚਿਰ ਆਪਣੇ ਜਾਲ ਵਿਚ ਸ਼ਤਰੂ ਨੂੰ ਕੈਦ ਰੱਖ ਸਕਦੀ ਹੈ ਜਦ ਤਕ ਕਿ ਉਹ ਆਪਣੇ ਜਾਲ ਵਿਚ ਆਪ ਗੇੜਾ ਮਾਰਦੀ ਰਹੇ। ਖਰਗੋਸ਼ ਦੀਆਂ ਚੌਂਕੜੀਆਂ ਭਰਨ ਵਾਲਾ ਤਾਈਉਂ ਜਿੱਤ ਸਕਦਾ ਹੈ ਜੇ ਉਹ ਸਵੇਂ ਨਾ, ਨਹੀਂ ਤਾਂ ਕੱਛੂ ਉਹਦੇ ਕੰਨ ਕੁਤਰ ਲਵੇਗਾ। ਮੱਛੀ ਪੱਥਰ ਚਟਿਆਂ ਤੋਂ ਬਗੈਰ ਕਦੋ ਮੁੜੀ ਹੈ? ਕਦੀ ਨਹੀਂ। ਅਣਖੀਲੇ ਜਵਾਨ ਅੱਗੇ ਵਧਦੇ ਹਨ ਪਿਛਾਂਹ ਮੁੜ ਨਹੀਂ ਬਹਿੰਦੇ ਪਿੱਛਾ ਕਾਬੂ ਕਰਨਾ ਸੈਨਾਪਤੀ ਦੇ ਹੱਥ ਹੈ। ਪਰ ਜੀਹਦਾ ਸੈਨਾਪਤੀ ਹੀ ਪੋਸਤੀ ਤੇ ਸ਼ਰਾਬੀ ਹੋਵੇ ਉਹਦੇ ਤੋਂ ਕਿਸ ਤਰ੍ਹਾਂ ਦੀ

ਉਮੀਦ ਹੋ ਸਕਦੀ ਹੈ ਕਿ ਉਹ ਨਵੇਂ ਰਾਜ ਦੀ ਅਸਥਾਪਨਾ ਕਰ ਸਕੇਗਾ ? ਜੀਹਦੇ ਘਰ ਨੂੰ ਪਿਛਵਾੜਿਉਂ ਸੰਨ੍ਹ ਲਗੀ ਹੋਵੇ ਤੇ ਚੋਰ ਉਹਦੇ ਅੰਦਰ ਦਾਖਲ ਹੋ ਗਏ ਹੋਣ ਉਹ ਕਿਸ ਤਰ੍ਹਾਂ ਖਜ਼ਾਨੇ ਦੀਆਂ ਕੁੰਜੀਆਂ ਕੰਨੀ ਬੰਨ੍ਹ ਕੇ ਆਖ ਸਕਦਾ ਹੈ ਕਿ ਮੇਰਾ ਖਜ਼ਾਨਾ ਮਹਿਫੂਜ਼ ਹੈ। ਮੁਗਲ ਨਰੇਸ਼ ਸਮਰਾਟ ਬਣਨਾ ਚਾਹੁੰਦੇ ਹਨ। ਦਿਲ ਖੋਹਲ ਕੇ ਮਾਂਗਵੀਆਂ ਧਾੜਾਂ ਲੜਦੀਆਂ ਨਹੀਂ, ਜਿੰਨਾ ਚਿਰ ਖੂਨ ਦਾ ਨਾਤਾ ਨਾ ਹੋਵੇ। ਮੁੱਠੀ ਭਰ ਮਰਹੱਟਿਆਂ ਨੇ ਜਿਨ੍ਹਾਂ ਨੂੰ ਔਰੰਗਜ਼ੇਬ ਪਹਾੜਾਂ ਦੇ ਚੂਹੇ ਆਖਦਾ ਸੀ, ਸ਼ਾਹੀ ਫੌਜ ਦੇ ਸਿਪਾਹੀ ਦੀ ਇੰਨੀ ਹਿੰਮਤ ਨਹੀਂ ਸੀ ਪਈ ਕਿ ਉਹ ਇਕੱਲੇ ਦੁਕੱਲੇ ਮਰਹੱਟੇ ਨੂੰ ਫੜ ਸਕੇ। ਸੜਿਆ ਸੁਕਿਆ ਮਰਹੱਟਾ ਸ਼ੇਰ ਵਰਗੇ ਪਠਾਣਾਂ ਦੀਆ ਰੇਝਾਂ ਪੀ ਲੈਂਦਾ। ਸ਼ਾਹੀ ਫੌਜ ਕਿਸੇ ਬਰਾਤ ਦੇ ਦੂਲੇ ਤੋਂ ਘੱਟ ਨਹੀਂ ਸੀ ਹੁੰਦੀ। ਸੱਜ ਵਿਹਾਈ ਮੁਟਿਆਰ ਵਾਂਗੂ ਸੂਬੇਦਾਰ ਦੀ ਸਵਾਰੀ ਦਾ ਜਲੂਸ ਲੰਘਦਾ। ਸ਼ਾਹੀ ਨਗਾਰੇ ਹੁਣ ਵਜਣੇ ਬੰਦ ਹੋ ਗਏ ਸਨ। ਉਹਨਾਂ ਦੀ ਥਾਂ ਢੋਲ ਢਮੱਕੇ ਤੇ ਸ਼ਹਿਨਾਈਆਂ ਵਜਦੀਆਂ। ਤਲਵਾਰ ਦੀ ਛਣਕਾਰ ਦੀ ਥਾਂ ਚੂੜੀਆਂ ਦੀ ਛਣਕਾਰ ਗੂੰਜਦੀ। ਅਣਖੀਲੇ ਜੁਆਨਾਂ ਦੇ ਕਦਮਾਂ ਦਾ ਖੜਾਕ ਸੁਣਨ ਵਾਲੇ ਪਾਜ਼ੇਬਾਂ ਤੇ ਪਾਇਲਾਂ ਦੀ ਮੱਧਮ ਜਿਹੀ ਛਣਕਾਰ ਦਾ ਸਾਜ਼ ਸੁਣ ਕੇ ਝੂਮ ਉਠਦੇ। ਅਖਾੜਿਆਂ ਵਿਚ ਗਭਰੂ ਬਦਾਮਾਂ ਦੀਆਂ ਸ਼ਰਦਾਈਆਂ ਦੀ ਥਾਂ ਨਸ਼ੀਲੀ ਸ਼ਰਾਬ ਦੇ ਪਿਆਲਿਆਂ ਤੇ ਝੁਕ ਝੁਕ ਰੀਝ ਪੈਂਦੇ। ਮਹਿਫਲਾਂ ਲਗਦੀਆਂ, ਅਖਾੜੇ ਜੰਮਦੇ, ਲਹੂ ਪੀਣ ਵਾਲੇ ਜਵਾਨ ਚੂਲੀ ਭਰ ਮਦਿਰਾ ਵਿਚ ਨਕ ਡੋਬ ਲੈਂਦੇ। ਇਹ ਕੋਈ ਨਵੀਂ ਗੱਲ ਨਹੀਂ ਜਹਾਂਗੀਰ ਨੇ ਦੋ ਘੁਟ ਸ਼ਰਾਬ ਦੇ ਬਦਲੇ ਹਕੂਮਤ ਨੂਰਜਹਾਨ ਦੇ ਹੱਥ ਵੇਚ ਦਿੱਤੀ ਸੀ। ਪਿਓ ਦਾਦੇ ਦੀ ਲਾਗ ਹੈ, ਕੋਈ ਨਹੀ'' ਬੈਰਾਗੀ ਮਾਧੋਦਾਸ ਆਪਣੇ ਮਨ ਵਿਚ ਸੋਚਦਾ ਸੋਚਦਾ ਏਨਾਂ ਲੀਨ ਹੋ ਗਿਆ ਕਿ ਉਹ ਆਪਣੀ ਸੁਧ ਬੁਧ ਵੀ ਭੁਲਾ ਬੈਠਾ।

—''ਮਹਾਰਾਜ ਗੁਦਾਵਰੀ ਨੇ ਸ਼ਿਵ ਮੰਦਰ ਦੀਆਂ ਕੰਧਾਂ ਹਿਲਾ ਦਿੱਤੀਆਂ ਹਨ। ਸ਼ਿਵ ਮੰਦਰ ਪੈਰੋਂ ਥਿੜਕ ਗਿਆ ਹੈ। ਸ਼ਿਵ ਮੰਦਰ ਡੋਲ ਰਿਹਾ ਹੈ, ਨਦੀ ਦੇ ਰੁਖੜੇ ਵਾਂਗੂ, ਪੁਜਾਰੀ ਅਜੇ ਵੀ ਜਾ ਰਹੇ ਹਨ, ਮੂਰਤੀ ਦੇ ਮਸਤਕ ਵਿਚੋਂ ਹੀਰਾ ਕੱਢਣ।'' ਇਕ ਆਦਮੀ ਨੇ ਆਣ ਕੇ ਆਖਿਆ।

ਬੈਰਾਗੀ ਅਜੇ ਵੀ ਚੁਪ ਸੀ ਬੈਰਾਗੀ ਬੁੜ ਬੁੜਾ ਰਿਹਾ ਸੀ।

—''ਹੈਂ ਕੀ ਹੋ ਗਿਆ ਹੈ, ਕੀ ਹੋਇਆ ? ਇਹ ਖੜਾਕ ਕੀ ਹੈ ਕੌਣ ਆਸ਼ਰਮ ਦਾ ਸੇਵਾਦਾਰ। ਹਾਂ, ਹਾਂ, ਦੱਸੋ ਮੈਨੂੰ ਕੋਈ ਬੁਲਾ ਰਿਹਾ ਹੈ।'' ਬੈਰਾਗੀ ਆਪਣੇ ਆਪ ਵਿਚ ਹੀ ਬੋਲ ਰਿਹਾ ਸੀ।

—''ਨਹੀਂ ਨਹੀਂ ਮਹਾਰਾਜ ਸ਼ਿਵਮੰਦਰ ਗਿਰ ਰਿਹਾ ਹੈ। ਗੁਦਾਵਰੀ ਦੀਆਂ ਲਹਿਰਾਂ ਉਸਨੂੰ ਆਪਣੀ ਬੁੱਕਲ ਵਿਚ ਲੈ ਰਹੀਆਂ ਹਨ'', ਕੜਕਦੀ ਆਵਾਜ਼ ਗੂੰਜਦੀ ਹੈ ਤੇ ਸ਼ਿਵਮੰਦਰ ਤੇ ਉਹਦੇ ਕੁਝ ਲਾਲਚੀ ਪੁਜਾਰੀ ਦੇਵਤਾ ਤੇ ਉਹਦੇ ਮਸਤਕ ਦਾ ਹੀਰਾ ਲੈਣ ਵਾਲੇ ਅਤੇ ਮੰਦਰ,

ਗੁਦਾਵਰੀ ਵਿਚ ਅਲੋਪ ਹੋ ਜਾਂਦੇ ਹਨ।

—"ਕੀ ਹੋਇਆ ਏ-ਰੇਡੀ ! ਇਹ ਖੜਾਕ ਕਾਹਦਾ ਹੈ ?" ਬੁੱਢਾ ਜਾਤਰੀ ਕਾਹਲੀ ਵਿਚ ਆਖ ਰਿਹਾ ਸੀ।

"—ਸ਼ਿਵਮੰਦਰ ਨੂੰ ਢਾਹ ਲੱਗ ਗਈ ਹੈ। ਲਹਿਰਾਂ ਆਪਣੇ ਨਾਲ ਮੰਦਰ ਤੇ ਲਾਲਚੀ ਪੁਜਾਰੀਆਂ ਨੂੰ ਰੋਹੜ ਕੇ ਲੈ ਜਾ ਰਹੀਆਂ ਹਨ ਮਹਾਂ ਸਾਗਰ ਦੀ ਗੋਦ ਵਿਚ।" ਰੇਡੀ ਦੀ ਆਵਾਜ਼ ਵਿਚ ਘਬਰਾਹਟ ਸੀ।

—"ਹੈਂ ਹੈਂ ਏਨਾ ਖੜਾਕ ਕਾਹਦਾ ਹੈ ? ਕਿਤੇ ਮੁਗਲਾਂ ਨੇ ਤੋਪ ਮਾਰ ਕੇ ਕਿਸੇ ਕਿਲ੍ਹੇ ਦਾ ਭੱਠਾ ਤਾਂ ਨਹੀਂ ਬਿਠਾ ਦਿੱਤਾ। ਏਨੀ ਗੜਗੂੰਜ ? ਗੁਰੂ ਗੋਬਿੰਦ ਸਿੰਘ ਆਪਣੇ ਤੰਬੂ ਵਿਚ ਬੈਠੇ ਤਰੱਬਕ ਪਏ ਤੇ ਬੋਲੇ, ਗੁਦਾਵਰੀ ਪਾਪ ਨਾ ਸਹਾਰ ਸਕੀ। ਉਸ ਬਲਦੀ ਚਿਤਾ ਵਿਚ ਆਪਣੀ ਆਹੂਤੀ ਦੇ ਦਿੱਤੀ।

ਸੇਵਾਦਾਰ ਬਾਹਰ ਨਿਕਲਦੇ ਹਨ ਤੇ ਗੁਦਾਵਰੀ ਵਲ ਵੇਖਦਿਆਂ ਹੀ ਘਬਰਾ ਜਾਂਦੇ ਹਨ। ਸ਼ਿਵ ਮੰਦਰ ਗਿਰ ਰਿਹਾ ਸੀ ਜਿਸ ਤਰ੍ਹਾਂ ਕੋਈ ਪ੍ਰਾਣੀ ਪ੍ਰਾਣ ਤਿਆਗ ਰਿਹਾ ਹੋਵੇ।

—"ਸਤਿਗੁਰੂ ਸ਼ਿਵ ਮੰਦਰ ਨੂੰ ਪਾਣੀ ਨੇ ਢਾਹ ਦਿੱਤਾ ਏ। ਉਹਦੇ ਡਿੱਗਣ ਦਾ ਖੜਾਕ ਏ।" ਇਕ ਸੇਵਾਦਾਰ ਨੇ ਆਖਿਆ।

– "ਕੀ ਸ਼ਿਵ ਮੰਦਰ ਡਿਗ ਪਿਆ ਹੈ ? ਗੁਦਾਵਰੀ ਵਿਚ ਏਨਾ ਹੜ੍ਹ ਏ ? ਦਾਤਾ ! ਇਹ ਕੀ ਭਾਣਾ ਏ ? ਸ਼ਿਵ ਮੰਦਰ ਏਨਾ ਜ਼ੋਰ ਦਾ ਪਾਪ ਨਹੀਂ ਵੇਖ ਸਕਦਾ। ਉਪੱਦ੍ਰਵ ਦੀ ਵੀ ਤਾਂ ਕੋਈ ਹੱਦ ਹੋਵੇ, ਜ਼ੁਲਮ ਤੇ ਅਨਰਥ ਵੇਖ ਕੇ ਸ਼ਿਵ ਮੰਦਰ ਨੇ ਆਪਣਾ ਮੂੰਹ ਗੁਦਾਵਰੀ ਦੀ ਬੁੱਕਲ ਵਿਚ ਛੁਪਾ ਲਿਆ ਏ। ਚੰਗੇ ਆਦਮੀ ਜੇ ਜ਼ੁਲਮ ਨੂੰ ਬੰਦ ਨਹੀਂ ਕਰ ਸਕਦੇ ਤੇ ਆਪਣੇ ਆਪ ਦਾ ਆਤਮਘਾਤ ਕਰ ਲੈਂਦੇ ਹਨ। ਰੋਜ਼ ਦੀਆਂ ਚੀਕਾਂ ਸੁਣ ਸੁਣ ਕੇ ਬੁਜ਼ਦਿਲਾਂ ਦੇ ਕੰਨ ਪੱਕ ਜਾਂਦੇ ਹਨ ਬਹਾਦਰਾਂ ਦੇ ਨਹੀਂ। ਜਾਂ ਉਹ ਜ਼ੁਲਮ ਦਾ ਸੰਘਾਰ ਕਰ ਦਿੰਦੇ ਹਨ ਜਾਂ ਉਹ ਆਪਣੀ ਅਹੂਤੀ ਦੇ ਦੇਂਦੇ ਹਨ।" ਗੁਰੂ ਗੋਬਿੰਦ ਸਿੰਘ ਸੋਚ ਦੇ ਵਿਚ ਲੀਨ ਹੋ ਜਾਂਦੇ।

—"ਔਹ ਦੇਵਤੇ ਦੀ ਮੌਤ ਹੋ ਗਈ ਏ। ਰੇਡੀ ਔਹ ਵੇਖ ਗੁਦਾਵਰੀ ਦੀ ਚਿਖਾ ਜਲ ਰਹੀ ਏ ਤੇ ਅਸੀਂ ਖਾਮੋਸ਼ ਹਾਂ। ਬੁਜ਼ਦਿਲੀ ਨੇ ਦੇਵਤਿਆਂ ਨੂੰ ਆਤਮਘਾਤ ਕਰਨ ਤੇ ਮਜ਼ਬੂਰ ਕਰ ਦਿੱਤਾ ਹੈ। ਰਾਜਪੂਤ ਦੀ ਅਣਖ ਨੇ ਇਸ ਮੰਦਰ ਦੀ ਅਸਥਾਪਨਾ ਕੀਤੀ ਸੀ ਉਹ ਰਾਜਪੂਤ ਸੀ ਕਾਇਰ ਨਹੀਂ। ਉਸ ਰਾਜਪੂਤਨੀ ਦਾ ਦੁੱਧ ਪੀਤਾ ਸੀ ਕਿਸੇ ਦਾਸੀ ਦਾ ਨਹੀਂ। ਮੰਦਰ ਹੁਣ ਇਹ ਗੱਲ ਜਾਣ ਗਿਆ ਸੀ ਕਿ ਇਥੇ ਕੋਈ ਰਾਜਪੂਤ ਨਹੀਂ ਵੱਸਦਾ। ਸਾਰੇ ਕਾਇਰ ਤੇ ਬੁਜ਼ਦਿਲ ਵੱਸਦੇ ਹਨ। ਗਿੱਦੜਾਂ ਦਾ ਸ਼ੇਰਾਂ ਵਿਚ ਨਿਵਾਸ ਅਸੰਭਵ ਏ। ਬੈਰਾਗੀ ਵੀ ਰਾਜਪੂਤ ਏ, ਪਰ ਉਹ ਡਰਪੋਕ ਤੇ ਬੁਜ਼ਦਿਲ ਬਣ ਚੁਕਾ ਏ। ਉਹਦੇ ਅੰਦਰ ਫੱਕਰਤਾ ਆ ਚੁਕੀ ਏ। ਉਹ ਮੁਗਲਾਂ ਵਿਚ ਵਲੀ ਅੱਲਾ ਬਣਨਾ ਚਾਹੁੰਦਾ ਹੈ। ਭਾਵੇਂ ਕੋਈ ਮੁਗਲ ਉਹਦੇ ਸਾਹਮਣੇ ਸਿਰ ਨਹੀਂ ਪੁਟਦਾ ਪਰ

ਇਹ ਗੱਲ ਕਿੰਨਾ ਚਿਰ ? ਜਦ ਤਕ ਸ਼ਰਾਰਤ ਦਾ ਜਾਲ ਵਿਛਦਾ ਨਹੀਂ, ਜਦੋਂ ਮਜ਼ਹਬ ਨੇ ਬੁਰਕੇ ਵਿਚੋਂ ਮੂੰਹ ਕਢਿਆ ਤਾਂ ਇਸਲਾਮ ਫ਼ਰਕ ਨੂੰ ਕਾਫ਼ਰ ਆਖ ਦੇਵੇਗਾ । ਮੁਗ਼ਲ ਉਹਦੇ ਖ਼ੂਨ ਦੇ ਪਿਆਸੇ ਹੋ ਜਾਣਗੇ । ਨਾਂਦੇੜ ਦੇ ਸਰੇ-ਬਾਜ਼ਾਰ ਕਤਲ ਕੀਤਾ ਜਾਵੇਗਾ ਤੇ ਕੋਈ ਇਕ ਵਾਰ ਵੀ ਇਹ ਗੱਲ ਨਹੀਂ ਆਖੇਗਾ ਕਿ ਇਹ ਬੁਰਾ ਹੋਇਆ ਹੈ। ਬੀਰਾਂ ਦੀ ਤਾਕਤ ਉਸ ਵੇਲੇ ਕੋਈ ਖੋਹਣ ਨਹੀਂ ਖੋਹ ਸਕੇਗੀ ।" ਬੁੱਢਾ ਪੁਜਾਰੀ ਜ਼ਰਾ ਚੁਪ ਹੋਇਆ ਤੇ ਉਹਦੇ ਬੁੱਲ੍ਹ ਅਜੇ ਖੁਲ੍ਹਣਾ ਹੀ ਚਾਹੁੰਦੇ ਸਨ ਕਿ ਪਿਛੋਂ ਬੈਰਾਗੀ ਨੇ ਬੁੱਢੇ ਦੇ ਮੋਢੇ ਤੇ ਹੱਥ ਧਰਦਿਆਂ ਆਖਿਆ ।

—"ਬਾਬਾ ! ਤੇਰੇ ਚਿਹਰੇ ਤੇ ਏਨਾ ਰੋਹ ਕਿਉਂ ਚੜ੍ਹ ਗਿਆ ਹੈ ।" ਬੁੱਢਾ ਜਾਤਰੀ ਫਿਰ ਬੋਲਿਆ ।

"ਇਸ ਲਈ ਕਿ ਸ਼ੇਰ ਜੰਗਲ ਛੱਡ ਕੇ ਗਿੱਦੜਾਂ ਦੀ ਖਲ ਪਾ ਕੇ ਝੌਂਪੜੀਆਂ ਵਿਚ ਆਣ ਲੁਕਿਆ ਹੈ । ਰਾਜਪੂਤਨੀ ਦੇ ਦੁੱਧ ਦਾ ਸਰੇ ਬਾਜ਼ਾਰ ਮਖ਼ੌਲ ਉਡਾਇਆ ਜਾ ਰਿਹਾ ਹੈ ਤੇ ਰਾਜਪੂਤ ਚੁਪ ਹਨ । ਘੋੜੇ ਦੀ ਪਿੱਠ ਤੇ ਸ਼ਾਹ ਸਵਾਰਾਂ ਨੂੰ ਤਲਵਾਰਾਂ ਦੀ ਛਣਕਾਰ ਸੁਣਨ ਵਾਲੇ ਅਣਖੀਲੇ ਜੁਆਨਾਂ ਦੇ ਕੰਨ ਛੈਣਿਆਂ ਦੀ ਛਣਕਾਰ ਤੇ ਲਗ ਗਏ ਹਨ । ਸਮੁੰਦਰ ਦਾ ਪਾਣੀ ਖਾਲੀਆਂ ਵਿਚ ਆਣ ਖਲੋਤਾ ਹੈ । ਧਨੁਸ਼ ਧਾਰੀ ਅਰਜਨ ਨੇ ਪੈਰਾਂ ਵਿਚ ਘੁੰਗਰੂਆਂ ਦੀਆਂ ਪਾਜ਼ੇਬਾਂ ਪਾ ਲਈਆਂ ਹਨ । ਸ਼ੇਰਾਂ ਦਾ ਸ਼ਿਕਾਰ ਕਰਨ ਵਾਲਿਆਂ ਨੂੰ ਗਿੱਦੜਾਂ ਤੋਂ ਡਰ ਲੱਗਣ ਲਗ ਪਿਆ ਹੈ ।" ਬੁੱਢਾ ਜਾਤਰੀ ਅਜੇ ਵੀ ਬੋਲੀ ਜਾ ਰਿਹਾ ਸੀ ।

—"ਇਹ ਸਭ ਕੀ ਹੈ ਬਾਬਾ ? ਅੱਜ ਕਿਤੇ ਗੱਲਾਂ ਦਾ ਚੱਕਰਵਿਊ ਤੇ ਨਹੀਂ ਰਚਿਆ ਜਾ ਰਿਹਾ, ਮੈਂ ਇਸ ਗੋਰਖ ਧੰਦੇ ਨੂੰ ਨਹੀਂ ਸਮਝ ਸਕਿਆ ।" ਬੈਰਾਗੀ ਬੋਲਿਆ ।

—"ਬੈਰਾਗੀ ਇਹ ਤੇਰੀ ਸਮਝ ਤੋਂ ਅਜੇ ਬਾਹਰ ਹੈ । ਤੂੰ ਆਪ ਸਮਝਣ ਦੀ ਕੋਸ਼ਿਸ਼ ਨਹੀ ਕਰਦਾ । ਵਕਤ ਸਮਝਣ ਤੇ ਤੈਨੂੰ ਮਜਬੂਰ ਕਰ ਦੇਵੇਗਾ । ਪਰ ਜਦੋਂ ਪਾਣੀ ਤੇਰੇ ਸਿਰ ਦੇ ਉਤੋਂ ਲੰਘ ਜਾਵੇਗਾ, ਜਦੋਂ ਤੇਰੇ ਡੌਲਿਆਂ ਵਿਚ ਜਵਾਨੀ ਦਾ ਜੋਸ਼ ਠੰਡਾ ਹੋ ਜਾਵੇਗਾ ਉਦੋਂ ਤੇਰੀ ਅਣਖ ਨੂੰ ਸੱਟ ਵਜੇਗੀ । ਜਦੋਂ ਤੇਰੀਆਂ ਮੁਸ਼ਕਾਂ ਮੁਗ਼ਲ ਬੰਨ੍ਹ ਦੇਣਗੇ ਜਵਾਨੀ ਵਿਚ ਤੇਰੀ ਗੈਰਤ ਨਹੀਂ ਜਾਗ ਸਕਦੀ । ਤੇਰੀ ਗੈਰਤ ਦੀ ਉਦੋਂ ਅੱਖ ਉਘੜੇਗੀ ਜਦੋਂ ਬੁਢਾਪਾ ਤੇਰੇ ਮੋਢਿਆਂ ਤੇ ਚੜ੍ਹੇਗਾ ।" ਬੁੱਢਾ ਜਾਤਰੀ ਬੋਲ ਰਿਹਾ ਸੀ ।

—"ਤਿਆਗੀ ਨੂੰ ਰਣਭੂਮੀ ਦੀ ਸਿਖਿਆ, ਬਾਬਾ ਅੱਜ ਕਿਤੇ ਚਾਣਕਯ ਦੀ ਰਾਜਨੀਤੀ ਦਾ ਪਾਠ ਤਾਂ ਨਹੀਂ ਕਰ ਬੈਠਾ । ਇਹ ਨਾਂਦੇੜ ਦੀ ਧਰਤੀ ਹੈ, ਕੁਰੁਕਸ਼ੇਤਰ ਦਾ ਰਣ ਸੰਗਰਾਮ ਨਹੀਂ । ਭਗਵਾਨ ਕ੍ਰਿਸ਼ਨ ਦੀ ਗੀਤਾ ਦਾ ਉਪਦੇਸ਼ ਤੇਰੀ ਜੀਭ ਉਚਾਰਨ ਕਰ ਰਹੀ । ਪਾਂਡੂਆਂ ਦੇ ਬਾਰਾਂ ਵਰ੍ਹੇ ਕਿਤੇ ਖਤਮ ਤੇ ਨਹੀਂ ਹੋ ਗਏ ? ਤੇਰਵੇਂ ਸਾਲ ਦਾ ਸੂਰਜ ਕਿਤੇ ਪਹਾੜ ਦੀ ਹਿੱਕ ਪਾੜ ਕੇ ਤਾਂ ਨਹੀਂ ਚੜ੍ਹ ਪਿਆ ? ਆਖਰ ਗੱਲ ਕੀ ਹੈ ? ਤੇਰੀਆਂ ਅੱਜ ਬੁਝਾਰਤਾਂ ਵਿਚ ਬਲਾ ਦੀਆਂ ਗੁੰਝਲਾਂ ਹਨ । ਬੁੱਢੇ-ਪਨ ਦੀਆਂ ਤਿਊੜੀਆਂ ਵਿਚ ਅਣਖ ਜਾਗ ਰਹੀ ਹੈ । ਬੁਢਾਪੇ 'ਚ ਡੌਲੇ

ਜਵਾਨੀ ਦਾ ਖ਼ਾਬ ਲੈ ਰਹੇ ਹਨ। ਬਾਬਾ! ਕਿਤੇ ਭੰਗ ਤੇ ਨਹੀਂ ਅੰਦਰੋਂ ਬੋਲ ਰਹੀ?" ਬੈਰਾਗੀ ਨੇ ਹੱਸ ਕੇ ਆਖਿਆ।

—"ਗੁਦਾਵਰੀ ਦੀ ਬੁੱਕਲ ਵਿਚ ਸ਼ਿਵ ਮੰਦਰ ਦਾ ਸਮਾ ਜਾਣਾ ਦੇਵਤੇ ਦੀ ਮੌਤ ਨਹੀਂ ਦੇਵਤੇ ਦੀ ਮੂਰਤ ਦਾ ਖੰਡਨ ਨਹੀਂ ਹੋਇਆ, ਸਗੋਂ ਮਨੁਖਤਾ ਦਾ ਜਨਾਜ਼ਾ ਨਿਕਲਿਆ ਹੈ। ਗ਼ੁਲਾਮ ਨਗਰੀ ਵਿਚ ਸ਼ਿਵ ਆਜ਼ਾਦ ਨਹੀਂ ਰਹਿ ਸਕਦੇ। ਆਜ਼ਾਦ ਦੇਸ਼ ਦਾ ਵਸਨੀਕ ਇਸ ਮੰਦਰ ਦੀ ਫ਼ਿਰ ਅਸਥਾਪਨਾ ਕਰੇਗਾ। ਕੈਲਾਸ਼ ਦੀ ਅਖੰਡ ਜੋਤੀ ਦਾ ਫਿਰ ਪ੍ਰਕਾਸ਼ ਹੋ ਸਕਦਾ ਹੈ। ਪਰ ਨਹੀਂ ਉਹ ਵੇਲਾ ਸ਼ਾਇਦ ਇਸ ਯੁਗ ਵਿਚ ਨਹੀਂ ਆਏਗਾ।" ਬੁੱਢੇ ਯਾਤਰੀ ਦੀਆਂ ਅੱਖਾਂ ਵਿਚ ਅਥਰੂ ਚਮਕ ਪਏ।

- ਢੱਠੇ ਮੰਦਰ ਦੇ ਪੱਥਰਾਂ ਨੂੰ ਸੂਰਜ ਨੇ ਆਖ਼ਰੀ ਨਮਸਕਾਰ ਕੀਤੀ ਤੇ ਛੁਪ ਗਿਆ।

— — — —

ਪਹੁ ਫੁਟਾਲਾ

ਗੁਰੂ ਗੋਬਿੰਦ ਸਿੰਘ ਜੀ ਦੇ ਜ਼ਖਮਾਂ ਵਿਚ ਹੁਣ ਅੰਗੂਰ ਤੁਰ ਪਿਆ ਸੀ। ਅੱਲੇ ਜ਼ਖਮ ਭਰ ਚੁੱਕੇ ਸਨ। ਖਰੀਂਢ ਲੱਥ ਰਹੇ ਸਨ ਤੇ ਨਵਾਂ ਮਾਸ ਪੁੰਗਰ ਰਿਹਾ ਸੀ, ਜਿਵੇਂ ਪਹਾੜਾਂ ਦੀ ਗੋਦ ਵਿਚੋਂ ਸੂਰਜ ਦੀ ਟਿੱਕੀ ਪੁੰਗਰ ਰਹੀ ਹੋਵੇ। ਇਸੇ ਤਰ੍ਹਾਂ ਨਵਾਂ ਮਾਸ ਪੁਰਾਣੇ ਮਾਸ ਦੇ ਥੱਲਿਉਂ ਉਭਰ ਰਿਹਾ ਸੀ। ਗੁਰੂ ਸਾਹਿਬ ਨਾਂਦੇੜ ਤੇ ਗੁਦਾਵਰੀ ਦੀ ਯਾਤਰਾ ਕਰਨਾ ਚਾਹੁੰਦੇ ਸਨ। ਸ਼ਿਕਾਰ ਦੇ ਸ਼ੌਕ ਨੇ ਗੁਰੂ ਸਾਹਿਬ ਨੂੰ ਗੁਦਾਵਰੀ ਦੇ ਸੰਘਣੇ ਜੰਗਲ ਦੀ ਦਿਨਾਂ ਵਿਚ ਹੀ ਜਾਣ ਪਹਿਚਾਣ ਕਰਵਾ ਦਿੱਤੀ। ਭਾਵੇਂ ਗੁਦਾਵਰੀ ਤੋਂ ਪਾਰ ਰੁੱਖਾਂ ਤੇ ਝਾੜੀਆਂ ਵਿਚੋਂ ਸ਼ੇਰ ਵੀ ਨਿਕਲਦੇ ਸਨ, ਪਰ ਅਗੋਂ ਗੁਰੂ ਸਾਹਿਬ ਨੂੰ ਸ਼ੇਰ ਮਾਰਨ ਲਈ ਰੋਕਿਆ ਜਾਂਦਾ। ਸ਼ਾਹੀ ਜਰਾਹ ਦਾ ਫੁਰਮਾਨ ਸੀ ਕਿ ਜਬ ਤਕ ਜ਼ਖਮ ਪੂਰੇ ਭਰ ਨਾ ਜਾਣ, ਉਨ੍ਹਾਂ ਵਿਚ ਪਹਿਲੀ ਤਾਕਤ ਆ ਨਾ ਜਾਵੇ, ਉਨ੍ਹਾਂ ਚਿਰ ਕੋਈ ਤਾਕਤ ਦਾ ਕੰਮ ਕੀਤਾ ਨਾ ਜਾਵੇ। ਇਸੇ ਲਈ ਗੁਰੂ ਸਾਹਿਬ ਨੂੰ ਸਿੰਘ ਸ਼ਿਕਾਰ ਦੇ ਮਗਰ ਘੋੜਾ ਦੁੜਾਉਣ ਲੱਗਿਆਂ ਰੋਕ ਲੈਂਦੇ।

ਗੁਦਾਵਰੀ ਆਪਣੀ ਚਾਲ ਵਿਚ ਵਗ ਰਹੀ ਸੀ। ਸੂਰਜ ਦੀ ਟਿੱਕੀ ਪੁੰਗਰੀ, ਗੁਦਾਵਰੀ ਦੇ ਤੱਟ ਤੇ ਇਸ਼ਨਾਨ ਕਰਨ ਵਾਲਿਆਂ ਦੀ ਖਾਸੀ ਭੀੜ ਹੋਣ ਲਗ ਪਈ। ਆਦਮੀ ਇਕ ਦੂਜੇ ਨਾਲ ਖਹਿ ਜਾਂਦੇ। ਨਾਂਦੇੜ ਦੇ ਲੋਕ ਸਾਰੇ ਸ਼ਿਵ ਭਗਤ ਸਨ। ਮੰਦਰ ਤੇ ਭਾਵੇਂ ਗੁਦਾਵਰੀ ਵਿਚ ਅਲੋਪ ਹੋ ਗਿਆ ਸੀ, ਪਰ ਉਹਦੇ ਪੱਥਰ ਕੰਢਿਆਂ ਤੇ ਲੱਗੇ ਹੋਏ ਸਨ ਲੋਕ ਆਪਣੇ ਦਿਲ ਦੀ ਸ਼ਰਧਾ ਪੂਰੀ ਕਰਨ ਲਈ ਪੱਥਰਾਂ 'ਤੇ ਹੀ ਫੁੱਲ ਚੜ੍ਹਾ ਦਿੰਦੇ। ਮੰਦਰ ਦੇ ਢਹਿਣ ਨਾਲ ਲੋਕਾਂ ਨੇ ਵੱਟਿਆਂ ਤੇ ਇੱਟਾਂ ਦੀਆਂ ਢੇਰੀਆਂ ਲਾ ਕੇ ਨਿੱਕੇ ਨਿੱਕੇ ਮੰਦਰ ਜਿਹੇ ਬਣਾ ਲਏ ਸਨ। ਜਿੰਨੇ ਪੁਜਾਰੀ-ਉਨੇ ਮੰਦਰ। ਗੱਲ ਕੀ ਸਾਰਿਆਂ ਨੇ ਆਪਣੀ ਡੇਢ ਇੱਟ ਦੀ ਮਸੀਤ ਵੱਖਰੀ ਵੱਖਰੀ ਅਸਥਾਪਨ ਕਰ ਲਈ ਸੀ। ਭਗਤੀ ਤੇ ਰਹਿਮ ਨਾਂਦੇੜ ਦੇ ਵਸਨੀਕਾਂ ਦੇ ਦਿਲ ਵਿਚ ਘਰ ਕਰ ਗਈ ਸੀ। ਗੁਦਾਵਰੀ ਨੂੰ ਵੇਖ ਕੇ ਇਉਂ ਜਾਪਦਾ, ਜਿਵੇਂ ਤੇਤੀ ਕਰੋੜ ਦੇਵਤਿਆਂ ਦੀ ਉਪਾਸਨਾ ਹੋ ਰਹੀ ਏ। ਗੱਲ ਕੀ, ਤਾਕਤਾਂ ਵੰਡੀਆਂ ਗਈਆਂ, ਸ਼ਰਧਾ ਦੇ ਰਾਹ ਵੱਖ ਵੱਖ ਹੋ ਗਏ। ਜਿੰਨੇ ਕਬੀਲੇ ਉਤਨੇ ਮੰਦਰ। ਅਛੂਤਾਂ ਨੂੰ ਵੀ ਮੰਦਰ ਬਨਾਣ ਦਾ ਮੌਕਾ ਮਿਲ ਗਿਆ। ਉਨ੍ਹਾਂ ਵੀ ਇਕ ਪਾਸੇ

ਆਪਣੇ ਮੰਦਰ ਦੀ ਅਸਥਾਪਨਾ ਕਰ ਲਈ। ਉਹ ਦਿਲ ਖੋਲ੍ਹ ਕੇ ਆਪਣੀ ਸਰਧਾ ਦੇ ਫੁੱਲ ਸ਼ਿਵ ਸੰਭੂ ਨੂੰ ਚੜ੍ਹਾ ਸਕਣਗੇ। ਉਨ੍ਹਾਂ ਨੂੰ ਕੋਈ ਮੋੜਨ ਵਾਲਾ ਨਾ ਹੋਵੇਗਾ, ਕੋਈ ਰੋਕ ਨਾ ਸਕੇਗਾ। ਹੁਣ ਉਹ ਭਗਤੀ ਕਰ ਸਕਣਗੇ ਰਮੀਏ ਬਣ ਕੇ ਸ਼ਿਵ ਸੰਭੂ ਦੇ।

—"ਸ਼ਿਵ ਸੰਭੂ ਇਕ ਦਾ ਨਹੀਂ, ਸਾਰੀ ਸ੍ਰਿਸ਼ਟੀ ਦਾ ਏ। ਸਾਰਿਆਂ ਦਾ ਰਾਖਾ-ਜੈ ਭੋਲੇ ਨਾਥ" ਇਕ ਅਛੂਤ ਨੇ ਆਖਿਆ।

—"ਬਮ ਬਮ ਭੋਲੇ" ਦੀ ਆਵਾਜ਼ ਗੁਦਾਵਰੀ ਦੇ ਤਟ ਤੇ ਗੂੰਜ ਉਠੀ ਤੇ ਸਾਰੇ ਅਛੂਤ ਨੱਚਣ ਲੱਗ ਪਏ। ਸ਼ਿਵ ਸੰਭੂ ਦੀ ਉਸਤਤੀ ਦੇ ਗੀਤ ਗਾਏ ਜਾ ਰਹੇ ਸਨ। ਨੱਚਣ ਵਾਲਿਆਂ ਗਭਰੂਆਂ ਨੂੰ ਲੋਕਾਂ ਘੇਰੇ ਵਿਚ ਲੈ ਲਿਆ। ਬ੍ਰਾਹਮਣ ਵੀ ਅੱਡੀਆਂ ਚੁੱਕ ਚੁੱਕ ਕੇ ਵੇਖ ਰਹੇ ਸਨ, ਪਰ ਕੋਈ ਜਾਣ ਨਾ ਸਕਿਆ ਕਿ ਇਹ ਅਖਾੜਾ ਅਛੂਤਾਂ ਦਾ ਏ। ਸਾਰਿਆਂ ਨੇ ਆਪਣੀਆਂ ਆਪਣੀਆਂ ਜੋੜੀਆਂ ਬਣਾਈਆਂ ਹੋਈਆਂ ਸਨ। ਆਪੋ ਆਪਣਾ ਪੁਜਾਰੀ, ਕੋਈ ਕਿਸੇ ਦੇ ਅਖਾੜੇ ਦੀ ਜਾਂਚ ਕਰਨ ਦੀ ਖੇਚਲ ਈ ਨਾ ਕਰਦਾ, ਪਰ ਪੰਡਤਾਂ ਤੇ ਪੁਜਾਰੀਆਂ ਦੀ ਆਮਦਨ ਵਿਚ ਦਿਨੋ ਦਿਨ ਘਾਟਾ ਪੈਣ ਲਗ ਪਿਆ। ਜਿੰਨੂੰ ਗਾਇਤਰੀ ਦਾ ਇਕ ਮੰਤਰ ਵੀ ਆਉਂਦਾ ਉਹ ਵੀ ਆਪਣੇ ਆਪ ਨੂੰ ਮਹਾਂ ਪੁਜਾਰੀ ਆਖਦਾ ਏ। ਉਸ ਵੀ ਆਪਣੇ ਮਗਰ ਦੋ ਚਾਰ ਭਗਤ ਲਾ ਲਏ ਸਨ। ਨਾਂਦੇੜ ਦੀ ਜਨਤਾ ਵੱਖ ਵੱਖ ਟੋਲੀਆਂ ਵਿਚ ਵੰਡੀ ਗਈ। ਕੋਈ ਇਕ ਦੂਜੇ ਦੀ ਗੱਲ ਨਹੀਂ ਸੀ ਸੁਣਦਾ। ਹਰ ਪੁਜਾਰੀ ਆਪਣੇ ਮੰਦਰ ਦਾ ਰਾਜਾ ਸੀ। ਵੱਖ ਵੱਖ ਪੁਜਾਰੀਆਂ ਦੀਆਂ ਵੱਖ ਵੱਖ ਨੀਤੀਆਂ ਚਲਣ ਲੱਗ ਪਈਆਂ। ਗੁਰੂ ਗੋਬਿੰਦ ਸਿੰਘ ਗੁਦਾਵਰੀ ਦੇ ਕੰਢੇ ਖੜੇ ਇਹ ਕੌਤਕ ਵੇਖ ਰਹੇ ਸਨ ਤੇ ਹੱਸ ਕੇ ਬੋਲੇ—"ਹੇ ਦਾਤਾ! ਗੁਦਾਵਰੀ ਦੇ ਕੰਢੇ ਅੱਜ ਤੇ ਸਾਰਾ ਹਿੰਦੁਸਤਾਨ ਵੱਸਿਆ ਜਾਪਦਾ ਹੈ। ਏਸੇ ਤਰ੍ਹਾਂ ਹਿੰਦੁਸਤਾਨ ਵਿਚ ਵੱਖ ਵੱਖ ਰਾਜ ਹਨ। ਨਿੱਕੇ ਨਿੱਕੇ ਰਜਵਾੜਿਆਂ ਤੇ ਵੱਖ ਵੱਖ ਜੋਧਿਆਂ ਦੀਆਂ ਨੀਤੀਆਂ। ਮੁਗ਼ਲ ਐਵੇਂ ਤਾਂ ਨਹੀਂ ਮੌਜਾਂ ਮਾਣਦੇ। ਜੇ ਏਨੀਆਂ ਢੇਰੀਆਂ ਇਕ ਢੇਰ ਨੂੰ ਪੂਜਣ ਤਾਂ ਇਨ੍ਹਾਂ ਵਿਚ ਵਿਸ਼ਾਲ ਸ਼ਕਤੀ ਆ ਜਾਵੇ। ਮੁਗ਼ਲਾਂ ਦੀ ਅੱਖ ਖੁਲ੍ਹੇ ਤੇ ਇਨ੍ਹਾਂ ਦੀ ਤਾਕਤ ਦਾ ਉਨ੍ਹਾਂ ਨੂੰ ਕੁਝ ਭੈ ਹੋਵੇ। ਤੇਤੀ ਕਰੋੜ ਦੇਵਤਿਆਂ ਵਿਚ ਵੰਡਿਆ ਹਿੰਦੁਸਤਾਨ ਕਿਸ ਤਰ੍ਹਾਂ ਇਕ ਝੰਡੇ ਥੱਲੇ ਆ ਸਕਦਾ ਹੈ! ਜਦ ਤਕ ਇਕੋ ਇਕ ਝੰਡਾ ਸਾਰਿਆਂ ਦੀ ਜਿੰਦ ਜਾਨ ਨਹੀਂ ਬਣਦਾ, ਤਦ ਤਕ ਮੁਗ਼ਲਾਂ ਦੀ ਅੱਖ ਨੀਵੀਂ ਨਹੀਂ ਹੋ ਸਕਦੀ।" ਗੁਰੂ ਗੋਬਿੰਦ ਸਿੰਘ ਸੋਚ ਰਹੇ ਸਨ।

ਸਿੱਖਾਂ ਦੇ ਡੇਰੇ ਨੂੰ ਅਜੇ ਨਾਂਦੇੜ ਵਾਲੇ ਨਹੀਂ ਸਨ ਜਾਣ ਸਕੇ ਕਿ ਇਹ ਡੇਰਾ ਹਿੰਦੂਆਂ ਦਾ ਹੈ ਜਾਂ ਮੁਗ਼ਲਾਂ ਦਾ। ਕੋਈ ਡਰਦਾ ਡੇਰੇ ਦੇ ਲਾਂਗਿਓਂ ਦੀ ਵੀ ਨਾ ਲੰਘਦਾ। ਡੇਰੇ ਦੇ ਰਖਵਾਲੇ ਸਾਰੇ ਮੁਗ਼ਲ ਹੀ ਤਾਂ ਸਨ। ਇਸ ਲਈ ਸਾਰੇ ਨਾਂਦੇੜ ਵਾਲੇ ਇਸ ਨੂੰ ਮੁਗ਼ਲਾਂ ਦਾ ਡੇਰਾ ਸਮਝਦੇ। ਕੌਣ ਜਾਣਦਾ ਸੀ ਕਿ ਇਸ ਭੁਬਲ ਵਿਚ ਜਵਾਲਾ ਦੀ ਚੰਗਿਆੜੀ ਲੁਕੀ ਹੋਈ ਹੈ। ਗੋਦੜੀਆਂ ਵਿਚ ਲਾਲ ਹੁੰਦੇ ਹਨ, ਪਰ ਭਾਲ ਕਰਨ ਵਾਲਾ ਚਾਹੀਦਾ ਹੈ। ਕਮਲ ਚਿਕੜ ਵਿਚੋਂ ਪੈਦਾ ਹੁੰਦਾ

ਹੈ। ਵਗਦੀ ਗੰਗਾ ਵਿਚ ਨਹੀਂ। ਮੁਗਲ ਡੇਰੇ ਦੇ ਰਖਵਾਲੇ ਹੋਣ ਕਰਕੇ ਸਾਰੇ ਲੋਕ ਭੁਲੇਖੇ 'ਚ ਪੈ ਗਏ ਸਨ। ਦੂਜੇ ਸਿੱਖ ਨਾਂਦੇੜ ਵਿਚ ਨਵੇਂ ਸਨ। ਲੋਕ ਨਹੀਂ ਸਨ ਜਾਣਦੇ ਕਿ ਇਹ ਲੋਕ ਵੀ ਹਿੰਦੂ ਹਨ। ਮੁਗ਼ਲ ਵੀ ਸਿੱਖਾਂ ਵਾਂਗੂ ਦਾੜ੍ਹੀ ਰਖਦੇ, ਨਵਾਂ ਆਦਮੀ ਬਦੋਬਦੀ ਭੁਲੇਖੇ ਵਿਚ ਪੈ ਜਾਂਦਾ। ਸਿੱਖਾਂ ਦੀ ਦਸਤਾਰ ਮੁਗ਼ਲਾਂ ਨਾਲ ਮਿਲਦੀ ਜੁਲਦੀ ਸੀ। ਪਰ ਲੋਕ ਇਹ ਸਮਝਦੇ ਸਨ ਕਿ ਇਹ ਮੁਗ਼ਲਾਂ ਦਾ ਨਵਾਂ ਕਬੀਲਾ ਹੈ, ਗਜ਼ਨੀ ਤੋਂ ਪਠਾਣ ਕਬੀਲਾ ਭਾਰਤ ਵਰਸ਼ 'ਚ ਆਇਆ ਹੈ। ਇਹ ਸਿੱਖਾਂ ਨੇ ਆਪਣਾ ਪਹਿਰਾਵਾ ਵੀ ਮੁਗ਼ਲਾਂ ਦੇ ਆਧਾਰ ਤੇ ਬਣਾਇਆ ਹੋਇਆ ਸੀ। ਇਸ ਲਈ ਨਵੇਂ ਪੁਰਸ਼ ਇਸ ਦੀ ਖੋਜ ਨਹੀਂ ਕੱਢ ਸਕਦੇ। ਲੋਕ ਡਰਦੇ ਸਿੱਖਾਂ ਨਾਲ ਚੰਗੀ ਤਰ੍ਹਾਂ ਗਲਬਾਤ ਵੀ ਨਾ ਕਰਦੇ ਪਰ ਨਾਂਦੇੜ ਵਿਚ ਘੁਸਰ ਮੁਸਰ ਜ਼ਰੂਰ ਹੋਣ ਲਗ ਪਈ ਤੇ ਬੁੱਢੇ ਆਪਸ ਵਿਚ ਆਖਦੇ ਕਿ ਜਦ ਦੀ ਏਸ ਡੇਰੇ ਨੇ ਇਥੇ ਪੜਾ ਪਾਈ ਹੈ, ਕੋਈ ਗਾਂ ਚਿੜ੍ਹੀ ਨਹੀਂ ਕੀਤੀ, ਕਿਸੇ ਸ਼ਰਾਬਖਾਨੇ ਦੀਆਂ ਬੋਤਲਾਂ ਤੇ ਲੁਟ ਨਹੀਂ ਪਾਈ ਕਿਸੇ ਦੀ ਧੀ ਭੈਣ ਨੂੰ ਇਨ੍ਹਾਂ ਨੀਲੇ ਵਸਤਰ ਵਾਲਿਆਂ ਨੇ ਮਖੌਲ ਕਰਨ ਦੀ ਜੁਰਅੱਤ ਨਹੀਂ ਕੀਤੀ। ਇਹ ਜ਼ਰੂਰ ਕੋਈ ਭਲੇ ਲੋਕ ਹੋਣਗੇ ਬੁਰਿਆਂ ਵਿਚ ਚੰਗੇ ਵੀ ਤਾਂ ਹੁੰਦੇ ਹਨ। ਪੰਜੇ ਉਂਗਲਾਂ ਇਕ ਸਮਾਨ ਤੇ ਨਹੀਂ ਹੁੰਦੀਆਂ, ਜੇ ਸਾਰੇ ਹੀ ਇਕ ਜੁੰਡੀ ਦੇ ਰਲ ਜਾਣ ਤਾਂ ਪਰਲੋ ਆ ਜਾਏ। ਧਰਤੀ ਵੀ ਤਾਂ ਕਿਸੇ ਜਤ ਸਤ ਤੇ ਖਲੋਤੀ ਹੋਈ ਹੈ।—ਬੁੱਢੇ ਏ ਗੱਲਾਂ ਕਰਦੇ ਇਸੇ ਉਲਝਣ ਵਿਚ ਕਈ ਦਿਨ ਲੰਘ ਗਏ ਤੇ ਕਈ ਰਾਤਾਂ। ਕਿਸੇ ਨੇ ਜਾਂਚ ਕਰਨ ਦੀ ਖੇਚਲ ਵੀ ਨਾ ਕੀਤੀ। ਲੋਕ ਮੁਗ਼ਲਾਂ ਨਾਲ ਰਲ ਬੈਠਣਾ ਪਾਪ ਸਮਝਦੇ ਸਨ। ਮੁਗ਼ਲ ਹਰ ਵੇਲੇ ਦਾਅ ਤੇ ਰਹਿੰਦਾ। ਵੇਲੇ ਸਿਰ ਗਧੇ ਨੂੰ ਵੀ ਪਿਓ ਆਖ ਲੈਂਦਾ ਪਰ ਵੇਲਾ ਬੀਤਣ ਤੇ ਉਹ ਕਿਸੇ ਨੂੰ ਸਾਲਾ ਵੀ ਨਾ ਬਣਾਉਂਦਾ। ਇਸੇ ਲਈ ਉਨ੍ਹਾਂ ਤੋਂ ਭੈ ਖਾਂਦੇ ਸਨ। ਮੁਗ਼ਲ ਨੂੰ ਯਾਰ ਬਣਾਉਣਾ ਬੂਹੇ ਹਾਥੀ ਬੰਨ੍ਹਣ ਵਾਲੀ ਗੱਲ ਸੀ। ਇਨ੍ਹਾਂ ਦਾ ਸ਼ਰਾਬ ਤੇ ਮਾਸ ਵੀ ਲੋਕ ਪੂਰਾ ਨਹੀਂ ਸਨ ਕਰ ਸਕਦੇ। ਬਰਸਾਤੀ ਫ਼ਸਲ ਹੁੰਦੀ, ਉਸੇ ਨਾਲ ਲੋਕ ਗੁਜ਼ਾਰਾ ਕਰਦੇ। ਮਾਮਲਾ ਏਨਾ ਸੀ ਕਿ ਲੋਕ ਸਾਲ ਦੇ ਦਾਣੇ ਵੀ ਘਰ ਪਾ ਨਾ ਸਕਦੇ। ਹਾੜ੍ਹੀ ਅਜੇ ਲੰਘਦੀ ਤੇ ਲੋਕਾਂ ਦੀਆਂ ਨਜ਼ਰਾਂ ਸੌਣੀ ਤੇ ਜੰਮ ਜਾਂਦੀਆਂ। ਪਥਰੀਲੀ ਜ਼ਮੀਨ ਵਿਚ ਹਲ ਦੀ ਤਾਕਤ ਨਹੀਂ ਚਲਦੀ। ਕੁਦਰਤ ਦਾ ਪ੍ਰਤਾਪ ਕੰਮ ਕਰਦਾ ਹੈ। ਆਮ ਜਨਤਾ ਏਨੀ ਸੌਖੀ ਨਹੀਂ ਸੀ। ਇਸੇ ਲਈ ਹਾਰੀ ਸਾਰੀ ਮੁਗ਼ਲ ਦਾ ਯਾਰ ਨਾ ਬਣਦਾ। ਖ਼ਾਨਾ ਦੇ ਖ਼ਾਨ ਪ੍ਰਾਹੁਣੇ। ਮੁਗ਼ਲ ਸ਼ਰਾਬੀ. ਕਬਾਬੀਆਂ ਦੇ ਹਾਣੀ ਬਣ ਜਾਂਦੇ ਤੇ ਦਿਨ ਰਾਤ ਚੰਡਾਲ ਚੌਂਕੜੀ ਵਿਚ ਰੁਝੇ ਰਹਿੰਦੇ।

ਸਿੱਖਾਂ ਦਾ ਗੁਦਾਵਰੀ ਦੇ ਕੰਢੇ ਡੇਰਾ ਲਗਿਆਂ ਚੰਗੇ ਦਿਨ ਬੀਤ ਗਏ ਸਨ, ਪਰ ਨਾਂਦੇੜ ਵਾਲਿਆਂ ਦੇ ਦਿਲ ਦੇ ਵਿਚੋਂ ਅਜੇ ਵੀ ਸ਼ੱਕ ਦੀਆਂ ਕਨਸੋਆਂ ਲਾਂਭੇ ਨਹੀਂ ਸਨ ਹੋਈਆਂ। ਡੇਰੇ ਵਾਲੇ ਉਨ੍ਹਾਂ ਨਾਲ ਖੁਲ੍ਹ ਕੇ ਨਾ ਬੋਲਦੇ ਪਰ ਕਿਤੇ ਕਿਤੇ ਸਿੱਖ ਮੰਦਰਾਂ ਵਿਚ ਜਾਣ ਲਗ ਪਏ। ਕਥਾ ਵਾਰਤਾ ਵਿਚ ਸਿੱਖਾਂ ਦੀ ਹਾਜ਼ਰੀ ਹੋਣ ਲੱਗ ਪਈ। ਨਾਂਦੇੜ ਵਾਸੀਆਂ ਨੂੰ ਕੁਝ ਕੁ ਤਸੱਲੀ ਹੋਈ। ਮਾਂਹ ਦੇ ਦਾਣੇ ਤੇ ਸਫੈਦੀ ਜਿੰਨੀ। ਇਹ ਡੇਰਾ ਹਿੰਦੂਆਂ ਦਾ ਈ ਜਾਪਦਾ ਏ। ਪੰਜਾਬ ਦੇ ਵਸਨੀਕ ਮੁਗ਼ਲਾਂ ਦੇ ਪਹਿਰਾਵੇ ਦੇ ਆਦੀ ਹੋ ਗਏ ਹਨ। ਕੋਈ ਗੁਰਮੁਖ ਸਿੰਘ ਗੁਰੂ ਗੋਬਿੰਦ ਸਿੰਘ

ਦੀ ਜੀਵਨ ਸਾਖੀ ਲੋਕਾਂ ਨੂੰ ਸੁਣਾਂਦਾ ਤੇ ਲੋਕ ਪੰਜੇ ਉਂਗਲਾਂ ਮੂੰਹ ਵਿਚ ਪਾ ਪਾ ਕੇ ਸੋਚਦੇ ਤੇ ਬੁੱਤ ਬਣ ਬਣ ਜਾਂਦੇ। ਉਨ੍ਹਾਂ ਦੀ ਜ਼ਬਾਨ ਪੱਥਰ ਹੋ ਜਾਂਦੀ। ਕਈ ਆਦਮੀ ਸਵਾਲ ਕਰਦੇ—"ਜੇ ਇਨ੍ਹਾਂ ਏਹੋ ਜਿਹੇ ਬਲੀਦਾਨ ਕੀਤੇ ਹਨ ਤਾਂ ਇਨ੍ਹਾਂ ਦਾ ਮੁਗ਼ਲਾਂ ਨਾਲ ਯਰਾਨਾ ਕਾਹਦਾ। ਅੰਮ੍ਰਿਤ ਦਾ ਸੱਪ ਨਾਲ ਕੀ ਮੇਲ। ਤਪੱਸਵੀ ਦਾ ਵੇਸ਼ਵਾ ਨਾਲ ਕੀ ਸਾਥ। ਪੁਜਾਰੀ ਦਾ ਚੰਡਾਲ ਨਾਲ ਕੀ ਭਾਈਚਾਰਾ। ਸਾਧੂ ਤੇ ਚੋਰ ਦੀ ਬੁੱਕਲ ਦੀ ਭਾਈਵਾਲੀ ਕਾਹਦੀ। ਅੱਗ ਦਾ ਪਾਣੀ ਤੇ ਫੁਆਰਿਆਂ ਦਾ ਕੀ ਮੇਲ।" ਇਕ ਨਾਂਦੇੜ ਵਾਸੀ ਨੇ ਸਿੱਖ ਨੂੰ ਆਖਿਆ।

—"ਗੁੜ ਖਾ ਕੇ ਮਰਨ ਵਾਲੇ ਦੁਸ਼ਮਣ ਨੂੰ ਜ਼ਹਿਰ ਦੇਣ ਦੀ ਕੀ ਲੋੜ ਏ। ਇਸ ਵੇਲੇ ਇਹਨਾਂ ਦਾ ਸਾਥ ਦੇਣਾ ਹੀ ਰਾਜਨੀਤੀ ਹੈ। ਇਹਨਾਂ ਵਿਚ ਰਹਿਕੇ ਇਨ੍ਹਾਂ ਦੀਆਂ ਕਮਜ਼ੋਰੀਆਂ ਤੇ ਕਾਬੂ ਪਾਇਆ ਜਾ ਸਕਦਾ ਹੈ ਤੇ ਫੇਰ ਇਨ੍ਹਾਂ ਦੀ ਗਿੱਚੀ ਮਰੋੜ ਲੈਣੀ ਖੱਬੇ ਹੱਥ ਦਾ ਕੰਮ ਏ। ਸੱਪ ਵੀ ਮਰ ਜਾਵੇ ਤੇ ਲਾਠੀ ਦੇ ਟੋਟੇ ਵੀ ਨਾ ਹੋਣ। ਬਹਾਦਰ ਸ਼ਾਹ ਦੀ ਮਦਦ ਕਰਕੇ ਉਹਨੂੰ ਦਿੱਲੀ ਦਾ ਸ਼ਹਿਨਸ਼ਾਹ ਬਣਾ ਦਿੱਤਾ, ਪਰ ਇਹਦੇ ਨਾਲ ਸਾਡੇ ਜ਼ਖਮਾਂ ਤੇ ਮਲ੍ਹਮ ਨਹੀਂ ਲੱਗੀ, ਸਗੋਂ ਜ਼ਖਮਾਂ ਦੇ ਮੂੰਹ ਭਰ ਗਏ ਹਨ ਪੀਪ ਨਾਲ ਉਨ੍ਹਾਂ ਵਿਚ ਜਲਨ ਪੈਦਾ ਹੋ ਗਈ ਏ। ਜਿਹੜੇ ਹੱਥ ਬਹਾਦਰ ਸ਼ਾਹ ਦੇ ਸਿਰ ਤੇ ਦਿੱਲੀ ਦਾ ਤਾਜ ਰੱਖ ਸਕਦੇ ਹਨ, ਉਹ ਤਾਜ ਲਾਹ ਕੇ ਹੱਥ ਠੂਠਾ ਵੀ ਫੜਾ ਸਕਦੇ ਹਨ। ਅਸੀਂ ਕਮਜ਼ੋਰੀ ਦਾ ਮੁੱਢ ਲੱਭ ਸਕਾਂਗੇ ਤੇ ਫੇਰ ਜਿਹੜੀਆਂ ਗਲਤੀਆਂ ਸਾਥੋਂ ਹੋਈਆਂ ਹਨ, ਉਹ ਕਦੀ ਵੀ ਭੁਲ ਕੇ ਅੱਗੇ ਨਾ ਹੋਣਗੀਆਂ। ਮੁਗ਼ਲ ਰਾਜ ਦੇ ਸਾਰੇ ਭੇਤ ਸਾਨੂੰ ਪਤਾ ਲੱਗ ਚੁਕੇ ਹਨ। ਹੁਣ ਅਸੀਂ ਇਨ੍ਹਾਂ ਦੀਆਂ ਮੁੰਡੀਆਂ ਨਹੀਂ ਕੱਟਣੀਆਂ ਚਾਹੁੰਦੇ; ਸਗੋਂ ਦਾਤਰੀ ਨਾਲ ਜੜ੍ਹਾਂ ਖੁਰਚਣੀਆਂ ਚਾਹੁੰਦੇ ਹਾਂ।" ਇਕ ਸਿੱਖ ਆਖੀ ਜਾ ਰਿਹਾ ਸੀ।

—"ਸ਼ਤਰੰਜ ਦੀ ਖੇਡ ਏ। ਖਿਡਾਰੀ ਚਲਾਕ ਹੋਵੇ ਤਾਂ ਬਾਜ਼ੀ ਉਹਦੇ ਹੱਥ ਤੇ ਜੇ ਜ਼ਰਾ ਵੀ ਚਾਲਿਓਂ ਉਖੜ ਗਿਆ ਤਾਂ ਮਾਤ ਦਾ ਮੂੰਹ ਵੇਖਣਾ ਪਵੇਗਾ। ਕਾਰਾਗਾਰ ਦੇ ਦਰਵਾਜ਼ੇ ਖੁੱਲ੍ਹ ਜਾਣਗੇ। ਸਖਤੀਆਂ ਦੇ ਪਹਾੜ ਟੁੱਟਣਗੇ ਸੰਨ੍ਹੀਆਂ ਨਾਲ ਮਾਸ ਤੋੜਿਆ ਜਾਵੇਗਾ। ਇਹੋ ਜਿਹੇ ਅਜ਼ਾਬ ਦਿੱਤੇ ਜਾਣਗੇ ਕਿ ਜਾਨ ਵੀ ਨਾ ਨਿਕਲੇ ਤੇ ਬੰਦ ਖਲਾਸ ਵੀ ਨਾ ਹੋਵੇ।" ਬੁੱਢਾ ਯਾਤਰੀ ਨਾਂਦੇੜ ਵਾਸੀਆਂ ਵਿਚੋਂ ਬੋਲਿਆ।

—"ਬਾਬਾ! ਮਾਲਾ ਫੜਨ ਵਾਲੇ ਹੱਥਾਂ ਵਿਚ ਏਨੀ ਤਾਕਤ ਦੀ ਉਮੰਗ। ਚੰਦਨ ਦੇ ਤਿਲਕ ਵਿਚ ਗੁੱਸੇ ਦੀ ਜਵਾਲਾ। ਭਗਵਿਆਂ ਕਪੜਿਆਂ ਵਿਚ ਰਾਜਨੀਤੀ ਦਾ ਕੋਹੜ। ਕੁਟੀਆ 'ਚ ਰਾਜਗੁਰੂ ਦੀ ਜੋਤੀ—ਪੂਜਾ ਪਾਠ ਕਰਨ ਵਾਲਿਆਂ ਸਾਧੂਆਂ ਨੂੰ ਨੀਤੀ ਦੀ ਸ਼ਤਰੰਜ ਦੀ ਜਾਚ—ਮੁਗ਼ਲ ਰਾਜ ਦੇ ਡਰ ਨੇ ਰਾਜਗੁਰੂ ਨੂੰ ਤਪਸਵੀ ਤਾਂ ਨਹੀਂ ਬਣਾ ਦਿੱਤਾ।" ਗੁਰੂ ਗੋਬਿੰਦ ਸਿੰਘ ਜੀ ਨੇ ਖੋਜ ਭਰੀ ਆਵਾਜ਼ 'ਚ ਉੱਤਰ ਦਿੱਤਾ—"ਨਹੀਂ, ਜ਼ੁਲਮ ਆਦਮੀ ਨੂੰ ਨੀਤੀ ਦਾ ਸਹਾਰਾ ਲੈਣ ਲਈ ਮਜਬੂਰ ਕਰ ਦੇਂਦੇ ਹਨ। ਮਾਲਾ ਦੇ ਮਣਕਿਆਂ ਤੇ ਰੀਝਣ ਵਾਲੇ ਹੱਥ ਤਲਵਾਰ ਦੀ ਮੁੱਠ ਤੇ ਵੀ ਰੀਝ ਪੈਂਦੇ ਹਨ। ਕਰਮੰਡਲ ਹੱਥ ਵਿਚ ਤੋਲਣ ਵਾਲੇ ਢਾਲ ਦੇ ਕੁੰਡਿਆਂ ਵਿਚ ਉਂਗਲੀਆਂ ਖੋਭ ਲੈਣਗੇ। ਛੈਣਿਆਂ ਦੀ ਛਣਕਾਰ ਤੇ ਨੱਚ ਉਠਣਗੇ। ਭਗਵਿਆਂ ਅਲਫੀਆਂ

ਵਿਚੋਂ ਸ਼ਸਤਰਧਾਰੀ ਰਾਜਪੂਤ ਸਿਰ ਕਢਣਗੇ। ਚੰਗਿਆੜੀਆਂ ਭੁਬਲ ਵਿਚੋਂ ਚਮਕ ਕੇ ਖਲਵਾੜੇ ਸਾੜ ਦੇਂਦੀਆਂ ਹਨ, ਪਰ ਜੇ ਇਹਨਾਂ ਦਾ ਕੋਈ ਆਗੂ ਹੋਵੇ।" ਬੁੱਢੇ ਪੁਜਾਰੀ ਦੇ ਮਸਤਕ ਤੋਂ ਜਲਾਲ ਟਪਕ ਰਿਹਾ ਸੀ। ਉਹਦੀ ਦਾੜ੍ਹੀ ਦੇ ਵਾਲ ਹਵਾ ਵਿਚ ਬਿਖਰ ਰਹੇ ਸਨ। ਸਾਰੇ ਨਾਂਦੇੜ ਵਾਸੀ ਹੈਰਾਨ ਸਨ, ਬੁੱਢੇ ਦੀਆਂ ਇਹਨਾਂ ਗੱਲਾਂ ਤੋਂ।

"ਇਹ ਤੇ ਇਕ ਸਾਧਾਰਣ ਜਿਹਾ ਸਾਧੂ ਸੀ ਜਿਹੜਾ ਕਿਸੇ ਨਾਲ ਬੋਲਦਾ ਚਾਲਦਾ ਵੀ ਨਹੀਂ ਸੀ। ਸਿੱਖਾਂ ਖਬਰੇ ਕੀ ਡਬਰੂ ਖੜਕਾ ਦਿੱਤਾ ਏ, ਤੂਫਾਨ ਦੇ ਗੋਲੇ ਗੁਦਾਵਰੀ ਦੀਆਂ ਲਹਿਰਾਂ ਵਿਚੋਂ ਫੁੱਟ ਰਹੇ ਹਨ।" ਇਕ ਨਾਂਦੇੜ ਵਾਸੀ ਨੇ ਦੂਜੇ ਨੂੰ ਆਖਿਆ।

—"ਮੁਗਲਾਂ ਦੇ ਡਰ ਨੇ ਕਈਆਂ ਦਾ ਮੂੰਡ ਮੁਨਵਾ ਕੇ ਰਾਮਾ ਨੰਦ ਦੇ ਚੇਲੇ ਬਣਾ ਦਿੱਤੇ। ਮੁੰਨੇ ਸਾਧੂ ਤੇ ਪੀਠੇ ਦਾਰੂ ਦੀ ਕੀ ਪਛਾਣ ? ਚਮਕ ਪੱਥਰ ਫੌਲਾਦ ਨੂੰ ਰੂੜੀ ਵਿਚੋਂ ਕੱਢ ਲੈਂਦਾ ਹੈ। ਧਰਤੀ ਦੀ ਕੁਖ 'ਚੋਂ ਇਕ ਜਗ੍ਹਾ ਅੰਨ ਫੁਟਦਾ ਏ ਤੇ ਉਥੋਂ ਹੀ ਧਤੂਰਾ।" ਦੂਸਰਾ ਪਹਿਲੇ ਨੂੰ ਆਖ ਰਿਹਾ ਸੀ।

"ਗੁਦਾਵਰੀ ਵਿਚ ਫੁੱਲ ਵੀ ਪਰਵਾਹੇ ਜਾਂਦੇ ਹਨ ਅਤੇ ਕੰਡੇ ਵੀ। ਰਾਖ ਵੀ ਸੁੱਟੀ ਜਾਂਦੀ ਹੈ ਤੇ ਅੰਗਿਆਰ ਵੀ। ਅੰਗਿਆਰਾਂ ਦਾ ਸੇਕ ਗੁਦਾਵਰੀ ਠੰਢਾ ਕਰ ਦੇਂਦੀ ਹੈ। ਗੁਦਾਵਰੀ ਦੇ ਕੰਢੇ ਜੋ ਸਾਧੂ ਵਸਦੇ ਹਨ ਤੇ ਛੁਪੇ ਹੋਏ ਰਾਜਪੂਤ ਵੀ। ਮੌਤ ਦੇ ਡਰ ਨਾਲ ਨੱਕ ਵਿਚ ਨਕੇਲਾਂ ਪਾ ਧੂਣੀਆਂ ਤੇ ਮੱਲਾਂ ਮਾਰੀ ਬੈਠੇ ਹਨ। ਵੇਲਾ ਗਿੱਦੜਾਂ ਦੀਆ ਖੱਲਾਂ ਲਾਹ ਕੇ ਸ਼ੇਰਾਂ ਨੂੰ ਜਨਮ ਦੇਵੇਗਾ।" ਬੁੱਢੇ ਯਾਤਰੀ ਦੇ ਬੋਲ ਫਿਰ ਗੂੰਜੇ।

ਚਲੋ ਦੇਰ ਹੋ ਗਈ ਏ, ਘਰ ਨੂੰ ਚੱਲੀਏ ਕੱਲ੍ਹ ਫੇਰ ਮਿਲਾਂਗੇ। ਅਸੀਂ ਸਵੇਰੇ ਜ਼ਰੂਰ ਸਤਿਸੰਗ ਕਰਿਆ ਕਰਾਂਗੇ, "ਜੈ ਸ਼ਿਵ ਸ਼ੰਭੂ" ਸਾਰੇ ਵਾਰੀ ਵਾਰੀ ਜਾਣ ਲੱਗ ਪਏ, ਪਰ ਬੁੱਢਾ ਯਾਤਰੀ ਅਜੇ ਵੀ ਉਥੇ ਬੈਠਾ ਹੋਇਆ ਸੀ। ਸਿੱਖਾਂ ਨਾਲ ਉਹ ਗੂਹੜੀਆਂ ਗੱਲਾਂ ਕਰਨ ਵਿਚ ਰੁਝ ਗਿਆ। ਸੂਰਜ ਨੇ ਸਾਰੀ ਨਾਂਦੇੜ ਤੇ ਆਪਣਾ ਜਾਲ ਵਿਛਾ ਦਿੱਤਾ। ਬੁੱਢੇ ਯਾਤਰੀ ਦਾ ਸਿੱਖਾਂ ਨਾਲ ਭਰੱਪਣ ਜਿਹਾ ਪੈ ਗਿਆ ਸੀ। ਡੇਰੇ ਵਾਲੇ ਸਾਰੇ ਉਹਦੇ ਜਾਣੂ ਹੋ ਗਏ ਸਨ। ਗੁਰੂ ਗੋਬਿੰਦ ਸਿੰਘ ਨਾਲ ਦੋ ਚਾਰ ਵਾਰ ਮਿਲਿਆ, ਪਰ ਖੁਲ ਕੇ ਗੱਲਾਂ ਨਾ ਕਰ ਸਕਿਆ ਜਿਹੀਆਂ ਦੋਹਾਂ ਦੇ ਦਿਲਾਂ ਵਿਚ ਸਨ। ਬੁੱਢਾ ਸਿੱਖਾਂ ਨੂੰ ਜਾਸੂਸ ਸਮਝਦਾ ਤੇ ਸਿੱਖ ਸਰਦਾਰ ਬੁੱਢੇ ਨੂੰ ਮੁਗਲਾਂ ਦਾ ਸੂਹੀਆ। ਅਸਲ ਵਿਚ ਦੋਹਾਂ ਦੇ ਦਿਲ ਵਿਚ ਭੈ ਸੀ। ਸਿੱਖਾਂ ਦਾ ਭੈ ਤਾਂ ਬੁਝ ਹੱਦ ਤਕ ਠੀਕ ਸੀ, ਪਰ ਬੁੱਢਾ ਵੀ ਆਪਣੇ ਥਾਂ ਸੱਚਾ ਸੀ। ਉਹ ਇਹ ਵੀ ਜਾਣਦਾ ਸੀ ਕਿ ਮੁਗਲਾਂ ਨੇ ਇਹਨਾਂ ਪੁਰ ਬੜੇ ਜ਼ੁਲਮ ਕੀਤੇ ਹਨ, ਪਰ ਬਹਾਦਰ ਸ਼ਾਹ ਨਾਲ ਬੁਰਕੀ ਸਾਂਝੀ ਹੋਣ ਕਰਕੇ ਦਿਲ ਡਾਵਾਂ ਡੋਲ ਹੋ ਜਾਂਦਾ ਬੁੱਢਾ ਕਦੀ ਸੋਚਦਾ :—"ਹੋ ਸਕਦਾ ਏ ਕਿ ਗੁਰੂ ਗੋਬਿੰਦ ਸਿੰਘ ਦਾ ਸਿੱਖਾਂ ਨੇ ਪੰਜਾਬ ਵਿਚ ਸਾਥ ਛੱਡ ਦਿੱਤਾ ਹੋਵੇ ਤੇ ਗੁਰੂ ਨੂੰ ਆਪਣੀ ਜਾਨ ਦੇ ਲਾਲੇ ਪੈ ਗਏ ਹੋਣ ਤੇ ਉਸ ਨੇ ਆਇਤ ਕਬੂਲ ਕਰ ਲਈ ਹੋਵੇ। ਬਹਾਦਰ ਜਰਨੈਲ ਨੂੰ ਮੁਸਲਮਾਨ ਬਣਾਉਣ ਦਾ ਜਾਲ ਵਛਾਇਆ

ਜਾ ਰਿਹਾ ਹੋਵੇ। ਇਸੇ ਲਈ ਬਹਾਦਰ ਸ਼ਾਹ ਇਨ੍ਹਾਂ ਨੂੰ ਨਾਲ ਫਿਰਾਂਦਾ ਏ, ਆਪਣੀ ਸ਼ਾਨੋ-ਸ਼ੌਕਤ ਦੀ ਚੜ੍ਹਤ ਦਾ ਰੋਹਬ ਪਾਉਣ ਲਈ। ਰਾਜਪੂਤ ਜੋ ਆਪਣੇ ਘਰੋਂ ਡੋਲੇ ਦੇ ਸਕਦੇ ਹਨ, ਤਾਂ ਹੋ ਸਕਦਾ ਏ ਕਿ ਮੁਗਲਾਂ ਨੇ ਇਸ ਗੱਲ ਦੀ ਰਿਆਇਤ ਕਰ ਦਿੱਤੀ ਹੋਵੇ। ਮੁਸਲਮਾਨ ਬਣਾਉਣ ਦਾ ਚੱਕਰ ਰਚ ਰਹੇ ਹੋਣ। ਮੁਗਲ ਚਹੁੰ ਪਾਸੀਂ ਘੁੰਮ ਕੇ ਦੁਸ਼ਮਣ ਨੂੰ ਆਪਣਾ ਦੋਸਤ੍ ਬਣਾ ਲੈਂਦੇ ਹਨ ਤੇ ਵੇਲਾ ਨਿਕਲਦਿਆਂ ਉਹਦੀ ਜਾਨ ਦੇ ਵੈਰੀ ਬਣ ਜਾਂਦੇ ਹਨ। ਮੁਗਲ ਤੇ ਦੋਸਤੀ ? ਜ਼ਹਿਰ ਤੇ ਅੰਮ੍ਰਿਤ ਦੇ ਮੇਲ ਵਾਲੀ ਗੱਲ ਹੈ।" ਬੁੱਢਾ ਗੱਲ ਕਰਦਾ ਕਰਦਾ ਥਿੜਕ ਪੈਂਦਾ ਤੇ ਸਿੱਖ ਸਰਦਾਰਾਂ ਨੂੰ ਸ਼ੱਕ ਜਿਹਾ ਪੈ ਜਾਂਦਾ। ਆਖਰ ਬੁੱਢੇ ਨੇ ਪਾਣੀ ਤੇ ਦੁੱਧ ਨੂੰ ਵੱਖ ਵੱਖ ਨਿਤਾਰਨ ਦੀ ਕੋਸ਼ਿਸ਼ ਕੀਤੀ। "ਤੁਹਾਡੇ ਤੇ ਬਹਾਦਰ ਸ਼ਾਹ ਏਨੀ ਜਾਨ ਕਿਉਂ ਦੇਂਦਾ ਏ। ਇਹਦੇ ਵਿਚ ਗੁੰਝਲ ਕੀ ਏ। ਜਦ ਤਕ ਗੁੰਝਲ ਨਹੀਂ ਖੁਲਦੀ, ਅਸੀਂ ਇਕ ਦੂਜੇ ਨਾਲ ਦਿਲ ਦੇ ਗੁਬਾਰ ਨਹੀਂ ਕੱਢ ਸਕਦੇ, ਜਦ ਤਕ ਸਾਡੇ ਅੰਦਰ ਗੁਬਾਰ ਹਨ, ਅਸੀਂ ਇਕ ਦੂਜੇ ਦੇ ਨੇੜੇ ਨਹੀਂ ਆ ਸਕਦੇ। ਤੁਸੀਂ ਮੇਰੇ ਦਿਲ ਦੀ ਸ਼ੰਕਾ ਦੂਰ ਕਰ ਦਿਉ।" ਬੁੱਢੇ ਨੇ ਆਪਣੀ ਦਾੜ੍ਹੀ ਤੇ ਹੱਥ ਫੇਰਦਿਆਂ ਆਖਿਆ।

ਧਰਮ ਦੀ ਖਾਤਰ, ਦੇਸ਼ ਦੀ ਆਜ਼ਾਦੀ ਲਈ ਮੁਗਲਾਂ ਦੇ ਜ਼ੁਲਮ ਨੂੰ ਖਤਮ ਕਰਨ ਦਾ ਸਭ ਤੋਂ ਪਹਿਲਾਂ ਗੁਰੂ ਘਰ ਨੇ ਅੰਦੋਲਨ ਸ਼ੁਰੂ ਕੀਤਾ। ਬਾਬਰ ਦੇ ਹੱਲੇ ਵਿਚ ਏਸ ਅੰਦੋਲਨ ਦਾ ਮੋਢੀ ਗੁਰੂ ਨਾਨਕ ਸੀ। ਲੋਧੀਆਂ ਨਾਲ ਟੱਕਰ ਲੈਣ ਵਾਲਾ ਕੌਣ ਸੀ ? ਗੁਰੂ ਨਾਨਕ! ਹਮਾਯੂੰ ਸਾਰੀ ਉਮਰ ਨਸਦਾ ਭੱਜਦਾ ਰਿਹਾ ਘੋੜੇ ਦੀ ਪਿੱਠ ਤੇ ਉਸ ਕਈ ਰਾਤਾਂ ਗੁਜ਼ਾਰੀਆਂ, ਸ਼ੇਰ ਸ਼ਾਹ ਸੂਰੀ ਨੇ ਵੀ ਉਸ ਦੀ ਜਾਨ ਕੰਦਲ ਲਿਆ ਦਿੱਤੀ ਪਰ ਜਣੇ-ਦੇ ਪੁਤਰ ਨੇ ਹਿੰਮਤ ਨਾ ਹਾਰੀ। ਅਕਬਰ ਸਿੱਖਾਂ ਨਾਲ ਦੋਸਤੀ ਦਾ ਹੱਥ ਵਧਾ ਰਿਹਾ ਸੀ। ਉਸ ਦੀ ਦੋਸਤੀ ਵਿਚ ਦੁਸ਼ਮਣੀ ਤਾਂ ਸੀ, ਪਰ ਗਲੇਫੀ ਹੋਈ। ਏਧਰ ਸਿੱਖ ਸਿਰਫ ਭਗਤੀ ਦੇ ਰਸੀਲੇ ਸਨ, ਮਜਬੂਰਨ ਉਹਨਾਂ ਨੂੰ ਦੇਸ਼ ਦੀ ਨੀਤੀ ਵਿਚ ਪੈਰ ਰਖਣਾ ਪਿਆ। ਰੂਹਾਨੀ ਜ਼ਿੰਦਗੀ ਵਿਚ ਏਸ ਗੱਲ ਦਾ ਖਮੀਰ ਪੈਦਾ ਕਰਨ ਲਈ ਗੁਰੂ ਅੰਗਦ ਦੇਵ ਨੇ ਲੰਗਰ ਦਾ ਰਿਵਾਜ ਪਾਇਆ ਤਾਂ ਜੋ ਸਾਰੇ ਭਰਾ ਇਕੱਠੇ ਰਲ ਕੇ ਖਾ ਸਕਣ ਤੇ ਉਹਨਾਂ ਦੀ ਤਾਕਤ ਵਿਚ ਕੋਈ ਸ਼ਕਤੀ ਦਾ ਪ੍ਰਵੇਸ਼ ਹੋਵੇ। ਜ਼ੁਲਮ ਦੇ ਖਿਲਾਫ ਆਵਾਜ਼ ਬੁਲੰਦ ਕਰਨ ਦੀ ਖਮੀਰ ਉਠ ਰਹੀ ਸੀ ਤਾਂ ਜੋ ਜ਼ੁਲਮ ਨੂੰ ਜਦ ਵੀ ਚਾਹੀਏ ਨਪ ਲਿਆ ਜਾਵੇ। ਗੁਰੂ ਰਾਮਦਾਸ ਅੰਮ੍ਰਿਤਸਰ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਬਾਨੀ ਸਨ। ਜਹਾਂਗੀਰ ਦਾ ਪੁਤ੍ਰ ਖੁਸਰੋ ਜਦ ਬਾਗੀ ਹੋਇਆ ਤਦ ਪੰਜਾਬ ਵਲ ਨੱਠਾ ਤੇ ਗੁਰੂ ਅਰਜਨ ਦੇਵ ਨੇ ਉਸ ਨੂੰ ਪਨਾਹ ਦਿੱਤੀ। ਜਹਾਂਗੀਰ ਦੀਆਂ ਅੱਖਾਂ ਵਿਚ ਗੁਰੂ ਅਰਜਨ ਦੇਵ ਇਸ ਲਈ ਜ਼ਿਆਦਾ ਰੜਕਦੇ ਸਨ ਕਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਜਦ ਬਣ ਚੁਕੀ ਤਦ ਕਿਸੇ ਨੇ ਚੁਗਲੀ ਖਾਧੀ ਕਿ ਇਸ ਵਿਚ ਇਸਲਾਮ ਦੇ ਖਿਲਾਫ ਸਲੋਕ ਹਨ। ਜਾਂਚ ਕਰਨ ਤੋਂ ਬਾਅਦ ਜਹਾਂਗੀਰ ਨੇ ਪੈਗੰਬਰਾਂ ਬਾਰੇ ਕੁਝ ਲਿਖਣ ਲਈ ਆਖਿਆ ਉਸ ਵੇਲੇ ਗੁਰੂ ਅਰਜਨ ਨੇ ਦੀਰਤਾ ਭਰਿਆ ਜਵਾਬ ਦਿੱਤਾ :—"ਗੁਰੂ ਗ੍ਰੰਥ ਵਿਚ ਜੋ ਲਿਖਿਆ ਗਿਆ ਹੈ, ਵਾਹਿਗੁਰੂ ਦੀ ਪਰੇਰਨਾ ਨਾਲ ਲਿਖਿਆ ਗਿਆ ਹੈ, ਮੈਂ ਕਿਸੇ

ਹੋਰ ਤਾਕਤ ਨੂੰ ਖੁਸ਼ ਕਰਨ ਲਈ ਉਸ ਦੇ ਵਿਚ ਹੋਰ ਕੋਈ ਵਾਧਾ ਘਾਟਾ ਨਹੀਂ ਕਰ ਸਕਦਾ।" ਏਸ ਜਵਾਬ ਨੇ ਜਹਾਂਗੀਰ ਨੂੰ ਸਾੜ ਕੇ ਕੋਲਾ ਕਰ ਦਿੱਤਾ। ਇਹ ਹਿੰਮਤ ਕਿਸੇ ਦਿਨ ਸ਼ਾਹੀ ਹਕੂਮਤ ਦਾ ਵੀ ਮੁਕਾਬਲਾ ਕਰ ਸਕਦੀ ਹੈ। ਇਸ ਲਈ ਇਹਦਾ ਸਿਰ ਕੁਚਲ ਦੇਣਾ ਹੀ ਰਾਜਨੀਤੀ ਹੈ। ਚੰਦੂ ਦੀਵਾਨ ਤੋਂ ਕੀ ਉਪੱਦਰ ਨਹੀਂ ਕਰਵਾਏ ਗਏ। ਜਾਨ ਕੰਬਦੀ ਏ ਆਖਿਆਂ। ਉਬਲਦੀ ਦੇਗ ਵਿਚ ਰਿੰਨਿਆ ਗਿਆ, ਤੱਤੀ ਤਵੀ ਤੇ ਬਿਠਾ ਕੇ ਉਤੋਂ ਰੇਤ ਦੀ ਵਰਖਾ ਕੀਤੀ ਗਈ। ਆਖਰ ਗਊ ਦੀ ਖੱਲ ਵਿਚ ਮੜ੍ਹਵਾਉਣ ਦਾ ਹੁਕਮ ਹੋਇਆ। ਪਵਿੱਤਰਤਾ ਦੇ ਪੈਗੰਬਰ ਰਾਵੀ ਵਿਚ ਇਸ਼ਨਾਨ ਕਰਨ ਗਏ ਤੇ ਮੁੜ ਬਾਹਰ ਨਾ ਨਿਕਲੇ। ਇਸ ਬਲੀਦਾਨ ਨੇ ਸਿੱਖਾਂ ਵਿਚ ਕੁਝ ਜਾਨ ਪਾ ਦਿੱਤੀ।

ਗੁਰੂ ਹਰਿਗੋਬਿੰਦ ਸਾਹਿਬ ਨੇ ਗੱਦੀ ਤੇ ਬੈਠਦਿਆਂ ਹੀ ਦੋ ਤਲਵਾਰਾਂ ਬੰਨ੍ਹ ਲਈਆਂ। ਇਕ ਜ਼ੁਲਮ ਦਾ ਬਦਲਾ ਲੈਣ ਲਈ ਤੇ ਦੂਜੀ ਕੁਫਰ ਤੇ ਹਜ਼ਰਤ ਦੀ ਕਰਾਮਾਤ ਝੂਠ ਕਰਨ ਲਈ। ਸਿੱਖ ਨਵੀਂ ਸ਼ਕਲ ਵਿਚ ਪ੍ਰਗਟ ਹੋਏ। ਆਪਣੇ ਆਪ ਨੂੰ ਗੁਰੂ ਹਰਿਗੋਬਿੰਦ ਨੇ ਸੱਚਾ ਪਾਤਸ਼ਾਹ ਅਖਵਾਇਆ ਤੇ ਦਿੱਲੀ ਦੇ ਸ਼ਹਿਨਸ਼ਾਹ ਨੂੰ ਝੂਠਾ। ਲੋਕਾਂ ਨੂੰ ਦੱਸਣ ਲਈ ਆਪਣੇ ਤਖਤ ਨੂੰ ਅਕਾਲ ਬੁੰਗੇ ਦੇ ਨਾਂ ਨਾਲ ਸੱਦਿਆ। ਇਜਲਾਸ ਨੂੰ ਦਰਬਾਰ ਆਖਿਆ ਜਾਂਦਾ। ਨਜ਼ਰਾਨੇ ਨੂੰ ਕਾਰ ਦੇ ਨਾਂ ਨਾਲ ਪੁਕਾਰਿਆ ਜਾਂਦਾ। ਬਿਧੀ ਚੰਦ ਜਿਹੇ ਗੁਰਸੇਵਕ ਬਣ ਗਏ। ਲਾਹੌਰ ਵਿਚ ਦਰਬਾਰ ਦੀ ਧਾਂਕ ਏਨੀ ਜੰਮੀ ਕਿ ਕਾਜ਼ੀਆਂ ਦੀਆਂ ਬੇਗਮਾਂ ਮੋਹਤ ਹੋ ਗਈਆਂ। ਕੋਲਸਰ ਏਸ ਦਾ ਜੀਉਂਦਾ ਜਾਗਦਾ ਸਬੂਤ ਹੈ। ਜਹਾਂਗੀਰ ਬੜਾ ਚਾਲਾਕ ਸੀ। ਉਹ ਗੁਰੂ ਘਰ ਨਾਲ ਦੁਸ਼ਮਣੀ ਸਹੇੜਨਾ ਨਹੀਂ ਸੀ ਚਾਹੁੰਦਾ। ਵਿਚੋਂ ਵਿਚ ਜੰਢ ਵੱਢਣ ਦਾ ਉਹਦਾ ਖਿਆਲ ਸੀ, ਪਰ ਕਸ਼ਮੀਰ ਵੱਲ ਸੈਰ ਕਰਨ ਜਾਂਦਿਆਂ ਗੁਰੂ ਸਾਹਿਬ ਨੂੰ ਨਾਲ ਲੈ ਗਿਆ। ਕਿਸੇ ਗੱਲ ਤੇ ਰਾਹ ਵਿਚ ਛਿੱਥਾ ਪੈ ਗਿਆ ਤੇ ਗੁਰੂ ਹਰਿਗੋਬਿੰਦ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕਰਨ ਲਈ ਫੌਜਾਂ ਨੂੰ ਹੁਕਮ ਦਿੱਤਾ। ਬਾਦਸ਼ਾਹ ਦਾ ਬੀਮਾਰ ਹੋਣਾ ਸੀ ਕਿ ਗੁਰੂ ਹਰਿਗੋਬਿੰਦ ਦੀ ਗਵਾਲੀਅਰ ਦੇ ਕਿਲੇ ਤੋਂ ਰਿਹਾਈ ਦਾ ਹੁਕਮ ਜਾਰੀ ਕੀਤਾ ਗਿਆ। ਗੁਰੂ ਹਰਿਗੋਬਿੰਦ ਨੇ ਇਨਕਾਰ ਕਰ ਦਿੱਤਾ, ਇਨਕਾਰ ਦੇ ਨਾਲ ਚੋਲੇ ਦੇ ਲੜ ਲੱਗੇ ਹੋਰ ਵੀ ਰਾਜਿਆਂ ਮਹਾਰਾਜਿਆਂ ਦੀ ਚੁਰਾਸੀ ਕੱਟੀ ਗਈ ਤੇ ਉਹ ਗੁਰੂ ਘਰ ਦੇ ਸੇਵਕ ਬਣ ਗਏ। ਇਹ ਦੂਸਰੀ ਫਤਹਿ ਸੀ ਸਿੱਖਾਂ ਦੇ ਪੈਰ ਜੰਮਣ ਦੀ।

ਦਾਰਾਸ਼ਕੋਹ ਗੁਰੂ ਹਰਿਰਾਇ ਜੀ ਕੋਲ ਲੁਕਿਆ ਤੇ ਕੁਝ ਚਿਰ ਔਰੰਗਜ਼ੇਬ ਦੇ ਹੱਥੋਂ ਬਚਿਆ ਰਿਹਾ। ਔਰੰਗਜ਼ੇਬ ਜਦੋਂ ਤਖਤ ਦਾ ਵਾਰਸ ਬਣਿਆ ਤਾਂ ਉਹਦੀਆਂ ਨਜ਼ਰਾਂ ਗੁਰੂ ਘਰ ਤੇ ਸਨ। ਰਾਣਾ ਰਾਜ ਸਿੰਘ ਦੇ ਖਿਲਾਫ ਇਸਲਾਮ ਵਿਚ ਜ਼ਹਿਰ ਉਗਲਿਆ ਗਿਆ। ਉਦੇਪੁਰ ਵਿਚ ਰਾਜ ਸਿੰਘ ਨੇ ਇਸ ਗੱਲ ਤੇ ਆਪਣੇ ਪ੍ਰਾਣ ਤਿਆਗ ਦਿੱਤੇ। ਉਹਦੇ ਪਿਛੋਂ ਰਾਜਪੂਤਾਂ ਦੀ ਗੈਰਤ ਨੂੰ ਸੱਟ ਵੱਜੀ। ਸਿਵਾ ਜੀ ਦਾ ਪਿੱਛਾ ਔਰੰਗਜ਼ੇਬ ਦੱਖਣ ਦੇਸ਼ ਤੱਕ ਕਰਦਾ ਰਿਹਾ। ਸਤਨਾਮੀ ਸਾਧੂਆਂ ਦਾ ਸਿਰ ਕੁਚਲ ਦਿੱਤਾ ਗਿਆ। ਦਿੱਲੀ ਦੇ ਚਾਂਦਨੀ ਚੌਂਕ ਵਿਚ ਗੁਰੂ ਤੇਗ ਬਹਾਦਰ ਨੂੰ ਇਸਲਾਮ ਦੇ ਮੋਮਨਾਂ ਨੇ ਸ਼ਹੀਦ ਕੀਤਾ। ਇਹਦੇ ਸ਼ਹੀਦ ਹੋਣ ਨਾਲ ਕੌਮ ਤੇ ਦੇਸ਼

ਵਿਚ ਜਾਗ੍ਰਤੀ ਪੈਦਾ ਹੋ ਗਈ। ਗੁਰੂ ਗੋਬਿੰਦ ਸਿੰਘ ਨੇ ਸਭ ਤੋਂ ਪਹਿਲੀ ਆਹੂਤੀ ਇਸ ਜੰਗ ਵਿਚ ਆਪਣੇ ਪਿਤਾ ਦੀ ਦਿੱਤੀ ਤੇ ਮਗਰੋਂ ਚਹੁੰ ਸਾਹਿਬਜ਼ਾਦਿਆਂ ਦੀ।

ਗੁਰੂ ਤੇਗ ਬਹਾਦਰ ਦਾ ਧੜ ਤੇ ਸਿਰ ਚਾਂਦਨੀ ਚੌਂਕ ਵਿਚ ਪਿਆ ਹੋਇਆ ਸੀ! ਕੋਈ ਸਿੱਖ ਚੁਕ ਕੇ ਲੈ ਜਾਣ ਦੀ ਦਲੇਰੀ ਨਹੀਂ ਸੀ ਕਰਦਾ। ਭੁਲਾ ਚੁੱਕਾ ਜਿਹੜਾ ਚਲਿਆ ਵੀ ਜਾਂਦਾ ਜਦ ਮੁਗਲ ਫੜਦੇ, ਉਹ ਸਿੱਖ ਹੋਣ ਤੋਂ ਇਨਕਾਰ ਕਰ ਦੇਂਦਾ। ਏਸ ਕਮਜ਼ੋਰੀ ਨੂੰ ਦੂਰ ਕਰਨ ਵਾਸਤੇ ਗੁਰੂ ਗੋਬਿੰਦ ਸਿੰਘ ਨੇ ਕੋਟ ਨੈਣਾਦੇਵੀ ਵਿਚ ਇਕ ਜੱਗ ਰਚਾਇਆ। ਉਹਦੇ ਵਿਚ ਕਈ ਤਰ੍ਹਾਂ ਦੀਆਂ ਆਹੂਤੀਆਂ ਦਿੱਤੀਆਂ ਗਈਆਂ, ਪਰ ਪੂਰਨ ਆਹੂਤੀ ਵਿਸਾਖੀ ਵਾਲੇ ਦਿਨ ਦੇਣੀ ਸੀ। ਕੋਟ ਨੈਣਾਦੇਵੀ ਨੂੰ ਅਜ ਕੱਲ੍ਹ ਕੇਸਗੜ੍ਹ ਜਾਂ ਅਨੰਦਪੁਰ ਸਾਹਿਬ ਆਖਦੇ ਹਨ, ਉਸ ਦਿਨ ਸਿੱਖਾਂ ਦਾ ਭਾਰੀ ਦੀਵਾਨ ਸਜਿਆ ਹੋਇਆ ਸੀ।

ਸਤਾਰਾਂ ਸੌ ਬਵੰਜਾ ਦੇ ਪਹਿਲੇ ਦਿਨ ਵਿਸਾਖੀ ਨੂੰ ਇਸ ਜੱਗ ਦੀ ਆਹੂਤੀ ਦੇਣ ਦਾ ਆਰੰਭ ਹੋਇਆ। ਦੀਵਾਨ ਸਜਿਆ ਹੋਇਆ ਸੀ ਗੁਰਸਿੱਖਾਂ ਵਿਚ ਜੋਸ਼ ਦੀਆਂ ਉਮੰਗਾਂ ਠਾਠਾਂ ਮਾਰ ਰਹੀਆਂ ਸਨ। ਕੌਣ ਜਾਣਦਾ ਸੀ ਕਿ ਇਹ ਆਹੂਤੀ ਭਾਰਤ ਵਰਸ਼ ਦੇ ਇਤਿਹਾਸ ਦੇ ਪਹਿਲੇ ਪੱਤਰੇ ਉਲਟੇਗੀ। ਗੁਰੂ ਗੋਬਿੰਦ ਸਿੰਘ ਪੁਰਾਣਾਂ ਦੇ ਮਾਹਿਰ ਸਨ। ਦਸਮ ਗ੍ਰੰਥ ਪੁਰਾਣਾਂ ਦਾ ਨਿਚੋੜ ਏ। ਬਹੁਸ਼ੀਆ ਪੁਰਾਣ ਦੀ ਇਕ ਕਥਾ ਨੇ ਗੁਰੂ ਗੋਬਿੰਦ ਸਿੰਘ ਦੇ ਅੰਦਰ ਇਕ ਨਵੀਂ ਜੋਤੀ ਦਾ ਪ੍ਰਕਾਸ਼ ਕੀਤਾ। ਉਸ ਆਹੂਤੀ ਨੂੰ ਮੁੜ ਨਵੇਂ ਸਿਰਿਓਂ ਨਵੇਂ ਕਪੜੇ ਪਾ ਕੇ ਯਤਨ ਕਰਨ ਦਾ ਹੰਭਲਾ ਮਾਰਿਆ। ਕੋਈ ਨਹੀਂ ਜਾਣਦਾ ਸੀ ਕਿ ਉਸ ਦਿਨ ਕੀ ਹੋਣ ਵਾਲਾ ਸੀ। ਗੁਰੂ ਗੋਬਿੰਦ ਸਿੰਘ ਦੀਆਂ ਅੱਖਾਂ ਅੱਗੇ ਭਾਰਤ ਦੇ ਪੁਰਾਣੇ ਚਿੱਤਰ ਆ ਰਹੇ ਸਨ, ਜਨਤਾ ਖਾਮੋਸ਼ ਸੀ।

ਇਕ ਵਾਰ ਭਾਰਤ ਵਰਸ਼ ਵਿਚ ਨਾਸਤਿਕਾਂ ਦਾ ਏਨਾ ਜ਼ੋਰ ਛਾ ਗਿਆ ਸੀ ਕਿ ਕੋਈ ਈਸ਼ਵਰ ਤੇ ਵੇਦ ਦਾ ਭਗਤ ਹੀ ਨਜ਼ਰ ਨਹੀਂ ਸੀ ਆਉਂਦਾ। ਨਾਸਤਿਕਾਂ ਦੀਆਂ ਜੁੰਡੀਆਂ ਥਾਂ ਥਾਂ ਤੇ ਭੰਗੜੇ ਪਾਂਦੀਆਂ ਫਿਰਦੀਆਂ। ਹਿੰਦੂ ਧਰਮ ਡੋਲ ਪਿਆ, ਆਸ਼ਰਮਾਂ ਦੀਆਂ ਧੂਣੀਆਂ ਨੂੰ ਕਾਂਬਾ ਛਿੜ ਪਿਆ। ਤਪਸਵੀਆਂ ਦੇ ਹਿਰਦੇ ਡੋਲ ਗਏ। ਨਾਸਤਿਕ ਮੰਦਰਾਂ ਤੇ ਜਗਸ਼ਾਲਾਂ ਦੀਆਂ ਅਲਖਾਂ ਮਿਟਾਉਣ ਤੇ ਜੁਟ ਪਏ। ਪੂਜਾ ਪਾਠ ਬੰਦ ਹੋ ਗਏ। ਧਰਮ ਅਧਰਮ ਵਿਚ ਬਦਲ ਗਿਆ। ਉਸ ਵੇਲੇ ਜੇ ਰਿਸ਼ੀ ਪੰਡਤ ਹਿੰਮਤ ਤੋਂ ਕੰਮ ਨਾ ਲੈਂਦੇ ਤਾਂ ਹਿੰਦੂ ਧਰਮ ਦਾ ਡਬਰੂ ਖੜਕ ਚੁਕਾ ਸੀ। ਉਨ੍ਹਾਂ ਨਾਸਤਿਕਾਂ ਦਾ ਤਾਂ ਬੇੜਾ ਗਰਕ ਹੁੰਦਾ ਹੀ, ਪਰ ਨਾਲ ਚੰਗੇ ਲੋਕ ਵੀ ਡੁਬ ਜਾਂਦੇ। ਇਕ ਬ੍ਰਾਹਮਣ ਬੜਾ ਨੀਤੀਵੇਤਾ ਸੀ ਉਸ ਆਬੂ ਪਹਾੜ ਤੇ ਜੱਗ ਦਾ ਆਰੰਭ ਕਰ ਦਿੱਤਾ। ਆਸ਼ਰਮਾਂ ਵਿਚ ਸੱਦੇ ਭੇਜੇ ਗਏ। ਸਾਧੂ, ਸੰਤ ਮਹਾਤਮਾ ਦੀਆਂ ਅੰਤਰ ਧਿਆਨ ਲੱਗੀਆਂ ਤਾੜੀਆਂ ਟੁਟ ਗਈਆਂ ਤੇ ਸਾਰੇ ਹੁਮ ਹੁਮਾ ਕੇ ਉਸ ਜੱਗ ਵਿਚ ਆਹੂਤੀਆਂ ਪਾਣ ਲਈ ਆਣ ਇਕੱਠੇ ਹੋਏ। ਉਸ ਵਿਚ ਖੱਤਰੀ ਵੀ ਸਨ, ਰਾਜੇ ਵੀ ਸਨ ਤੇ ਮਹਾਰਾਜੇ ਵੀ ਸਨ। ਰਿਸ਼ੀਆਂ ਦੇ ਜੱਗ ਵਿਚ ਦੇਸ਼ ਦੀ ਨੁੱਕਰ ਨੁੱਕਰ ਤੋਂ ਰਜਵਾੜੇ ਜੁੜੇ ਹੋਏ ਸਨ। ਏਸ ਜੱਗ ਵਿਚ ਭਾਂਤ ਭਾਂਤ ਦੀਆਂ ਆਹੂਤੀਆਂ

ਪਾਈਆਂ ਗਈਆਂ ਤੇ ਕਿਸੇ ਆਹੂਤੀ ਦਾ ਪ੍ਰਕਾਸ਼ ਨਾ ਪ੍ਰਗਟਿਆ। ਆਖਰ ਜੱਗ ਦੇ ਮੋਢੀ ਨੇ ਜੱਗ ਵਿਚ ਆਪਣੇ ਸ਼ਰੀਰ ਦੀ ਆਹੂਤੀ ਪਾ ਦਿੱਤੀ। ਉਹ ਉਸ ਜੱਗ ਦੀ ਪੂਰਨ ਆਹੂਤੀ ਸੀ। ਰਿਸ਼ੀ ਕੰਬ ਉਠੇ, ਰਜਵਾੜਿਆਂ ਦੇ ਦਿਲ ਨੂੰ ਠੇਸ ਵੱਜੀ, ਖੱਤਰੀਆਂ ਦੀ ਗੈਰਤ ਨੂੰ ਲਲਕਾਰਿਆ ਗਿਆ, ਉਹਨਾਂ ਉਸ ਪਵਿੱਤਰ ਅਗਨੀ ਦੇ ਸਾਹਮਣੇ ਪ੍ਰਤਿਗਿਆ ਕੀਤੀ ਕਿ ਉਹ ਆਪਣੇ ਧਰਮ ਤੇ ਮੁਲਕ ਤੋਂ ਆਪਣੀਆਂ ਜਾਨਾਂ ਵਾਰ ਦੇਣਗੇ। ਰਿਸ਼ੀਆਂ ਦੇ ਉਪਦੇਸ਼ ਨੇ ਖੱਤਰੀਆਂ ਦੀਆਂ ਤਲਵਾਰਾਂ ਮਿਆਨਾਂ ਵਿਚੋਂ ਕਢਾ ਦਿੱਤੀਆਂ ਤੇ ਉਹ ਸਿਰ ਧੜ ਦੀ ਬਾਜ਼ੀ ਲਾ ਕੇ ਮੈਦਾਨ ਵਿਚ ਕੁਦ ਪਏ। ਜਿਸ ਨਾਸਤਿਕ ਦੀ ਸ਼ਾਹ ਰੱਗ ਤੇ ਤਲਵਾਰ ਦਾ ਇਕ ਹੱਥ ਵੱਜਾ ਉਹ ਆਸਤਕ ਦੀ ਮਾਲਾ ਵਿਚ ਪਰੁਚ ਗਿਆ। ਉਹਨਾਂ ਅਣਖੀਲੇ ਗਭਰੂਆਂ ਨੂੰ ਲੋਕੀ ਅਗਨੀ ਕੁਲ ਰਾਜਪੂਤਾਂ ਦੇ ਨਾਂ ਨਾਲ ਸਦਦੇ ਹਨ। ਰਾਜਪੂਤਾਂ ਇਕ ਵਾਰ ਤਾਂ ਆਪਣੇ ਮੁਲਕ ਵਿਚੋਂ ਧਰਮ ਦੀ ਜੈ ਜੈ ਕਾਰ ਕਰ ਦਿੱਤੀ ਤੇ ਆਪਣੇ ਰਾਜ ਦੀ ਅਸਥਾਪਨਾ ਕੀਤੀ। ਇਸ ਕਥਾ ਦਾ ਸਾਖਸ਼ਾਤ ਦ੍ਰਿਸ਼ ਗੁਰੂ ਗੋਬਿੰਦ ਸਿੰਘ ਦੀਆਂ ਅੱਖਾਂ ਵਿਚ ਘੁੰਮ ਰਿਹਾ ਸੀ। ਆਖਰ ਤੰਬੂ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਨਿਕਲੇ ਉਨ੍ਹਾਂ ਦੀਆਂ ਅੱਖਾਂ ਲਾਲ ਸੂਹੀਆਂ ਬੋਟਿਆਂ ਵਰਗੀਆਂ ਸਨ। ਮਸਤਕ ਤੇ ਤਿਊੜੀਆਂ ਚੜ੍ਹੀਆਂ ਹੋਈਆਂ ਸਨ ਸਾਰਾ ਦਰਬਾਰ ਥਰ ਥਰ ਕੰਬ ਉਠਿਆ। ਜੱਗ ਦੀ ਅਗਨੀ ਨੂੰ ਵੀ ਕਾਂਬਾ ਛਿੜ ਪਿਆ। ਗੁਰੂ ਗੋਬਿੰਦ ਸਿੰਘ ਨੇ ਚੰਡੀ ਮਿਆਨ ਵਿਚੋਂ ਧੂ ਲਈ ਤੇ ਦਰਬਾਰ ਵਿਚ ਲਲਕਾਰ ਕੇ ਆਖਿਆ :—

—"ਸ਼ਕਤੀ ਦੇਵੀ ਨੂੰ ਪ੍ਰਸੰਨ ਕਰਨ ਵਾਸਤੇ ਮੈਨੂੰ ਪੰਜਾਂ ਸਿੱਖਾਂ ਦੇ ਸਿਰਾਂ ਦੀ ਲੋੜ ਹੈ। ਕੌਣ ਹੈ ਜਿਹੜਾ ਆਪਣਾ ਸਿਰ ਦੇਵੀ ਦੀ ਭੇਟ ਚੜ੍ਹਾ ਸਕਦਾ ਹੈ ?" ਸਾਰੇ ਦੀਵਾਨ ਵਿਚ ਸੰਨਾਟਾ ਸੀ। ਕਾਇਰ, ਬੁਜ਼ਦਿਲ ਆਪਣੀ ਥਾਂ ਤੋਂ ਖਿਸਕਣ ਲਗ ਪਏ। ਦੀਵਾਨ ਨੂੰ ਸੱਪ ਸੁੰਘ ਗਿਆ। ਕਿਸੇ ਦੀ ਜ਼ਬਾਨ ਤਕ ਨਾ ਹਿੱਲੀ। ਬੁਲ੍ਹ ਨਾ ਫਰਕੇ, ਖਾਮੋਸ਼ੀ ਦੀ ਸੂਈ ਨੇ ਸਾਰਿਆਂ ਦੇ ਬੁਲ੍ਹ ਮੋਟੇ ਤੋਪੇ ਲਾ ਕੇ ਸਿਊਂ ਦਿੱਤੇ। ਖਾਮੋਸ਼ੀ ਦੇ ਜੰਦਰੇ ਨੂੰ ਦਿਆ ਸਿੰਘ ਲਾਹੌਰ ਦੇ ਇਕ ਖਤਰੀ ਨੇ ਤੋੜਿਆ, ਤੇ ਆਖਣ ਲੱਗਾ, "ਮੈਂ ਇਸ ਬਲਿਦਾਨ ਲਈ ਤਿਆਰ ਹਾਂ।" ਦੀਵਾਨ ਦੀ ਅੱਖ ਉਘੜੀ। ਦਿਆ ਸਿੰਘ ਦੇ ਮਗਰ ਹੋਰ ਚਾਰ ਜਵਾਨ ਖਲੋ ਗਏ। ਉਹ ਚਾਰੇ ਦੇ ਚਾਰੇ ਹੀ ਨਾਈ, ਝੀਊਰ ਤੇ ਛੀਂਬੇ ਸਨ। ਸਿੰਘਾਂ ਨੂੰ ਸਰਦਾਰ ਆਖਿਆ ਜਾਂਦਾ ਸੀ। ਮੈਦਾਨ ਵਿਚ ਨਿਤਰਿਆ ਸੂਰਮਾ ਫਤਿਹ ਦਾ ਸਿਹਰਾ ਬੰਨ੍ਹਦਾ ਏ। ਖ਼ਤ੍ਰੀ ਖਾਨ ਸਾਰੇ ਉਹਦੇ ਬਰਾਤੀ ਹੁੰਦੇ ਸਨ। ਇਸ ਊਚ ਨੀਚ ਦੇ ਭੰਡਾਰੇ ਨੇ ਇਕ ਨਵੇਂ ਅਗਨੀਕੁਲ ਨੂੰ ਜਨਮ ਦਿੱਤਾ। ਵੈਸਾਖੀ ਵਾਲੇ ਦਿਨ ਉਸ ਅਗਨੀਕੁਲ ਨੂੰ ਖ਼ਾਲਸਾ ਆਖਦੇ ਹਨ ਅਛੂਤਾਂ ਵਿਚੋਂ ਉੱਤਮ ਰਾਜਪੂਤ ਪੈਦਾ ਹੋ ਗਏ। ਹੋ ਸਕਦਾ ਸੀ ਕਿ ਬ੍ਰਾਹਮਣ ਉਨ੍ਹਾਂ ਨੂੰ ਆਪਣੀ ਜਾਤੀ ਵਿਚ ਸ਼ਾਮਲ ਨਾ ਕਰਦੇ। ਉਨ੍ਹਾਂ ਨੂੰ ਉੱਚ ਆਸਣ ਨਾ ਦਿੱਤਾ ਜਾਂਦਾ। ਯਕਦਮ ਬ੍ਰਾਹਮਣਾਂ ਤੇ ਖੱਤਰੀਆਂ ਨੇ ਜੰਜੂ ਦੀ ਮੰਗ ਕੀਤੀ ਦੀਵਾਨ ਵਿਚ ਹੋ ਸਕਦਾ ਸੀ ਕਿ ਰੌਲਾ ਪੈ ਜਾਂਦਾ।

ਨੀਤੀਵੇਤਾ ਗੁਰੂ ਗੋਬਿੰਦ ਸਿੰਘ ਨੇ ਸਾਰਿਆਂ ਦੇ ਜੰਞੂ ਲੁਹਾਕੇ ਤਲਵਾਰ ਦੇ ਗਾਤਰੇ ਪਵਾ

ਦਿੱਤੇ। ਦੀਵਾਨ ਨੂੰ ਲਲਕਾਰ ਕੇ ਆਖਿਆ—"ਸੂਤ ਦੇ ਤੰਦ ਹੁਣ ਖੱਟੇ ਹੋ ਚੁਕੇ ਹਨ। ਉਨ੍ਹਾਂ ਬੁਜ਼ਦਿਲਾਂ ਵਿਚ ਬਹਾਦਰੀ ਦੀ ਜਵਾਲਾ ਫੁਟ ਪਈ ਹੈ। ਇਹ ਸਿੱਖ ਪੀਲਿਆਂ ਬਾਣਿਆਂ ਵਾਲੇ ਦੇਸ਼ ਤੇ ਕੌਮ ਦੇ ਰਾਖੇ ਹਨ। 'ਕੋਈ ਜਾਸੂਸ ਤੇ ਦੂਤੀ ਨਹੀਂ'।

ਗੁਰਸਿੱਖ ਨੇ ਬੁੱਢੇ ਪੁਜਾਰੀ ਵਲ ਧਿਆਨ ਕਰਕੇ ਆਖਿਆ।

—"ਹਾਂ ਹਾਂ ਸਾਡੇ ਦੱਖਣ ਦੇਸ਼ ਵਿਚ ਵੀ ਸ਼ਿਵਾ ਜੀ ਨੇ ਸ਼ੂਦਰਾਂ ਨੂੰ ਮਰਹੱਟੇ ਸਰਦਾਰ ਬਣਾ ਦਿੱਤਾ ਏ ਤੇ ਰਾਜਪੂਤਾਂ ਦੀ ਪਦਵੀ ਤੋਂ ਕਿਸੇ ਹਾਲਤ ਵਿਚ ਵੀ ਘੱਟ ਨਹੀਂ। ਬਹਾਦਰੀ ਦਾ ਅਸੂਲ ਕਾਇਮ ਕਰਨ ਨਾਲ ਕੌਮ ਵਿਚ ਜਾਗ੍ਰਤੀ ਪੈਦਾ ਹੋ ਜਾਂਦੀ ਏ"—ਬੁੱਢੇ ਯਾਤਰੀ ਨੇ ਉੱਤਰ ਦਿੱਤਾ।

—"ਜਾਤ ਪਾਤ ਦੇ ਬੰਧਨ ਤੋੜ ਕੇ ਇਕ ਨਵੇਂ ਕਬੀਲੇ ਦੀ ਉਸਾਰਨਾ ਕੀਤੀ ਗਈ। ਪੰਜਾਂ ਕਕਿਆਂ ਦੀ ਰੀਤ ਉਸ ਕਿਲ੍ਹੇ ਦੀਆਂ ਮੁੱਖ ਦੀਵਾਰਾਂ ਸਨ। ਗੁਰੂ ਗੋਬਿੰਦ ਸਿੰਘ ਨੇ ਫਿਰ ਰਹਿਤ ਦੀਆਂ ਪਾਬੰਦੀਆਂ ਏਨੀਆਂ ਸਖਤ ਲਾਈਆਂ ਕਿ ਕੋਈ ਸਿੱਖ ਆਪਣੇ ਆਪ ਨੂੰ ਸਿੱਖ ਆਖਣ ਤੇ ਇਨਕਾਰ ਨਹੀਂ ਕਰ ਸਕਦਾ :—"

'ਰਹਿਤ ਪਿਆਰੀ ਮੁਝ ਕੋ ਸਿੱਖ ਪਿਆਰਾ ਨਾ।'

ਇਸ ਵਾਕ ਨੇ ਆਤਮਕ ਬਲ ਦੀ ਥੰਮ੍ਹੀ ਦੇ ਕੇ ਸਿੰਘ ਬਣਾ ਦਿੱਤਾ ਤੇ ਖਾਲਸਾ ਜਾਤ ਪਾਤ ਦੀਆਂ ਝਾੜੀਆਂ ਵਿਚੋਂ ਏਸੇ ਤਰ੍ਹਾਂ ਪੁੰਗਰ ਪਿਆ ਜਿਸ ਤਰ੍ਹਾਂ ਪਹਾੜਾਂ ਦੀ ਗੋਦ ਵਿਚੋਂ ਸੂਰਜ ਦੀ ਟਿੱਕੀ ਪੁੰਗਰਦੀ ਏ।

ਹੁਣ ਬੁੱਢੇ ਪੁਜਾਰੀ ਦੀਆਂ ਅੱਖਾਂ ਜ਼ਮੀਨ ਵਿਚ ਗੱਡੀਆਂ ਹੋਈਆਂ ਸਨ ਤੇ ਸ਼ਰਮ ਉਹਦਾ ਮੂੰਹ ਉਤੇ ਚੁੱਕਣ ਨਹੀਂ ਸੀ ਦੇਂਦੀ। ਗੁਰੂ ਗੋਬਿੰਦ ਸਿੰਘ ਡੇਰੇ ਚੋਂ ਬਾਹਰ ਨਿਕਲੇ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਦੀ ਨਜ਼ਰ ਬੁੱਢੇ ਪੁਜਾਰੀ ਤੇ ਪਈ। ਪ੍ਰਕਾਸ਼ ਦੀ ਪਹਿਲੀ ਕਿਰਨ ਜਨਮ ਜਨਮ ਦੇ ਹਨੇਰੇ ਵਿਚ ਉਜਾਲਾ ਕਰ ਦੇਂਦੀ ਹੈ।

—"ਇਹ ਗੁਰਸਿੱਖ ਕੌਣ ਏ?" ਗੁਰੂ ਗੋਬਿੰਦ ਸਿੰਘ ਨੇ ਕੁਝ ਇਸ਼ਾਰਾ ਕਰਕੇ ਪੁਛਿਆ।

—"ਗੁਦਾਵਰੀ ਦੇ ਕੰਢੇ ਦਾ ਵਸਨੀਕ ਪੁਜਾਰੀ ਏ ਜੀ।" ਇਕ ਸਿੱਖ ਜਵਾਨ ਨੇ ਜਵਾਬ ਦਿੱਤਾ।

ਪੁਜਾਰੀ ਦਾ ਮਸਤਕ ਅਜੇ ਵੀ ਜ਼ਮੀਨ ਵਲ ਝੁਕਿਆ ਹੋਇਆ ਸੀ, ਉਹਦੀਆਂ ਅੱਖਾਂ ਜ਼ਮੀਨ ਤੇ ਚਲ ਰਹੀਆਂ ਕੀੜੀਆਂ ਵੇਖ ਰਹੀਆਂ ਸਨ।

—"ਸਮਾਧੀ ਤੋਂ ਜਾਗ ਪੁਜਾਰੀ! ਸੂਰਜ ਸਿਰ ਤੇ ਆ ਗਿਆ ਹੈ। ਜ਼ੁਲਮ ਦੀ ਘਟਾ ਤੇਰੇ ਸਿਰ ਤੇ ਤਣ ਚੁੱਕੀ ਏ। ਉਸ ਦੀ ਛਾਂ ਥੱਲੇ ਅੱਖ ਉਘੇੜ ਤੇ ਵੇਖ ਜ਼ੁਲਮ ਦੀ ਗਰਜ। ਮਾਲਾ ਛੱਡ ਕੇ ਨੀਤੀ ਦੇ ਸਿੰਘਾਸਨ ਤੇ ਬੈਠ ਤੇ ਕਿਸੇ ਸੂਰਬੀਰ ਨੂੰ ਜਨਮ ਦੇਹ ਏਸ ਸਮਾਧੀ ਵਿਚ ਤੈਨੂੰ

ਨਿਰਵਾਣ ਪ੍ਰਾਪਤ ਹੋਵੇਗਾ ਤੇ ਤੂੰ ਬੁੱਧ ਦੀ ਪਦਵੀ ਨੂੰ ਪੁਜ ਜਾਵੇਂਗਾ। ਇਨ੍ਹਾਂ ਕੀੜਿਆਂ ਤੋਂ ਸਬਕ ਸਿੱਖ ਤੇ ਦੇਸ਼ ਦੇ ਕੋਨੇ ਕੋਨੇ ਵਿਚ ਇਹੋ ਜਿਹੇ ਜਥੇ ਪੈਦਾ ਕਰ ਦੇ। ਰਾਜਗੁਰੂ ਬਣ ਕੇ ਇਨ੍ਹਾਂ ਜਥਿਆਂ ਦੀ ਅਗਵਾਈ ਕਰੋ'' ਗੁਰੂ ਗੋਬਿੰਦ ਸਿੰਘ ਆਖ ਰਹੇ ਸਨ।

ਪੁਜਾਰੀ ਇਸ ਤਰ੍ਹਾਂ ਤ੍ਰਭਕ ਪਿਆ, ਜਿਸ ਤਰ੍ਹਾਂ ਕਿਸੇ ਨੇ ਕੱਚੀ ਨੀਂਦ ਵਿਚ ਹੁੱਝ ਮਾਰੀ ਹੋਵੇ। ਉਸ ਦੀਆਂ ਅੱਖਾਂ ਨੂੰ ਚੌਂਕੀ ਦੇ ਸਾਹਮਣੇ ਸ਼ਕਤੀ ਦੇ ਦੇਵਤੇ ਦਾ ਦਰਸ਼ਨ ਹੋਇਆ। ਪੁਜਾਰੀ ਦਾ ਮਸਤਕ ਇਕ ਵਾਰ ਫੇਰ ਝੁਕਿਆ, ਦੇਵਤੇ ਦੀ ਅਰਾਧਨਾ ਲਈ।

ਗੁਰੂ ਗੋਬਿੰਦ ਸਿੰਘ ਆਖ ਰਹੇ ਸਨ—''ਤੂੰ ਦੱਖਣ ਦੇਸ਼ ਦੇ ਵਸਨੀਕ ਤੇ ਨਹੀਂ ਜਾਪਦਾ, ਫੇਰ ਏਥੇ ਕਿਵੇਂ ਆ ਗਿਆ ਏ।'' —''ਭਾਵੀ ਦੇ ਚੱਕਰ ਨੇ ਦੱਖਣ ਦੀ ਖਾਕ ਛਾਨਣ ਤੇ ਮਜਬੂਰ ਕਰ ਦਿੱਤਾ ਏ'' ਬੁੱਢੇ ਯਾਤਰੀ ਦੀਆਂ ਅੱਖਾਂ ਵਿਚ ਗਲੇਡੂ ਜਿਹੇ ਆ ਗਏ ਤੇ ਉਹ ਅਜੇ ਵੀ ਬੋਲ ਰਿਹਾ ਸੀ :—

—''ਮੈਂ ਉਹਨਾਂ ਸਤਿਨਾਮੀ ਸਾਧੂਆਂ ਵਿਚੋਂ ਹਾਂ ਜਿਨ੍ਹਾਂ ਨੇ ਦਿੱਲੀ ਵਿਚ ਔਰੰਗਜ਼ੇਬ ਦੇ ਖ਼ਿਲਾਫ਼ ਅੰਦੋਲਨ ਸ਼ੁਰੂ ਕੀਤਾ। ਉਦੋਂ ਮੈਂ ਗਭਰੂ ਸਾਂ। ਦਾੜ੍ਹੀ ਮੁੱਛ ਅਜੇ ਫੁੱਟੀ ਨਹੀਂ ਸੀ। ਮੁੰਡਿਆਂ ਵਿਚ ਹੀ ਪੈਰ ਰੱਖਦਾ ਸਾਂ ਉਹ ਨਜ਼ਾਰਾ ਅਜੇ ਵੀ ਮੇਰੀਆਂ ਅੱਖਾਂ ਸਾਹਮਣੇ ਹੈ, ਜਦ ਯੁਵਰਾਜ ਦਾਰਾ ਦਿੱਲੀ ਵਿਚ ਕੈਦੀ ਬਣ ਕੇ ਆਂਦਿਆ ਸੀ। ਹਾਥੀ ਦੇ ਪਿੱਛੇ ਜ਼ੰਜੀਰਾਂ ਨਾਲ ਬੰਨ੍ਹ ਕੇ ਉਹਨੂੰ ਸਾਰੀ ਦਿੱਲੀ ਵਿਚ ਫੇਰਿਆ ਗਿਆ ਉਸ ਦਿੱਲੀ ਵਿਚ ਜਿਥੇ ਉਹਦੇ ਹੁਕਮ ਤੋਂ ਬਗੈਰ ਮੱਖੀ ਵੀ ਪਰ ਨਹੀਂ ਸੀ ਮਾਰ ਸਕਦੀ, ਅੱਜ ਬੰਦੀਵਾਨ ਬਣ ਕੇ ਜਾ ਰਿਹਾ ਸੀ, ਪਰ ਉਹਦਾ ਚਿਹਰਾ ਖਿੜੇ ਗੁਲਾਬ ਵਾਂਗੂ ਮੁਸਕਰਾਂਦਾ ਸੀ। ਗਮੀ ਕਿਤੇ ਉਹਦੇ ਲਾਗਿਓਂ ਦੀ ਵੀ ਨਹੀਂ ਸੀ ਲੰਘੀ ਜਾਪਦੀ। ਉਸ ਯੁਵਰਾਜ ਬਣਕੇ ਸ਼ਹਿਨਸ਼ਾਹ ਬਣਨ ਦੇ ਖ਼ਾਬ ਵੀ ਵੇਖ ਲਏ ਸਨ ਤੇ ਫ਼ਕੀਰ ਬਣ ਕੇ ਤਿਆਗੀ ਦੀ ਪਦਵੀ ਵੀ ਪਾ ਲਈ ਸੀ। ਦਿੱਲੀ ਦੇ ਚਾਂਦਨੀ ਚੌਂਕ ਵਿਚੋਂ ਬਾਦਸ਼ਾਹ ਸਲਾਮਤ ਦੀ ਸਵਾਰੀ ਜਾ ਰਹੀ ਸੀ ਤੇ ਉਸੇ ਹਾਥੀ ਦੇ ਪਿੱਛੇ ਦਾਰਾ ਜ਼ੰਜੀਰਾਂ ਨਾਲ ਬੰਨ੍ਹਿਆ ਘਸੀਟਿਆ ਆ ਰਿਹਾ ਸੀ। ਚਾਂਦਨੀ ਚੌਂਕ ਵਿਚ ਉਹਦੇ ਕਤਲ ਨੇ ਦਿੱਲੀ ਦਾ ਕਲੇਜਾ ਹਿਲਾ ਦਿੱਤਾ ਉਸ ਨਜ਼ਾਰੇ ਨੇ ਮੇਰੇ ਦਿਲ ਤੇ ਸੱਟ ਮਾਰੀ ਤੇ ਮੈਂ ਕ੍ਰਾਂਤੀਕਾਰੀ ਬਣ ਗਿਆ। ਔਰੰਗਜ਼ੇਬ ਦੇ ਜ਼ੁਲਮ ਨੇ ਸ਼ਾਹਜਹਾਨ ਨੂੰ ਵੀ ਬੰਦੀਵਾਨ ਬਣਾ ਦਿੱਤਾ ਸੀ ਤੇ ਉਸ ਆਗਰੇ ਦੇ ਲਾਲ ਕਿਲੇ 'ਚ ਅੱਡੀਆਂ ਰਗੜ-ਰਗੜ ਕੇ ਆਪਣੇ ਪ੍ਰਾਣ ਤਿਆਗ ਦਿੱਤੇ। ਦਾਰਾ ਦੇ ਸਾਥੀ ਚੁਣ ਚੁਣ ਕੇ ਮਾਰੇ ਗਏ। ਦਿੱਲੀ ਵਿਚ ਦਾਰਾ ਦਾ ਨਾਂ ਲੈਣਾ ਸੰਗੀਨ ਜੁਰਮ ਸੀ।

ਦਿੱਲੀ ਦੇ ਚਾਂਦਨੀ ਚੌਂਕ ਦੀਆਂ ਦੀਵਾਰਾਂ ਤੋਂ ਦਾਰਾ ਦੇ ਲਹੂ ਦੇ ਧੱਬੇ ਅਜੇ ਮੱਧਮ ਨਹੀਂ ਸਨ ਪਏ ਕਿ ਆਲਮਗੀਰੀ ਹਕੂਮਤ ਨੇ ਹਿੰਦੂਆਂ ਤੇ ਜਜ਼ੀਆ ਲਾਉਣ ਦਾ ਨਵਾਂ ਸੋਸ਼ਾ ਛੇੜਿਆ। ਮੁਲਕ ਦੇ ਕੋਨੇ ਕੋਨੇ ਵਿਚ ਹਿੰਦੂ ਕੰਬ ਉੱਠੇ। ਦੱਖਣ ਵਿਚ ਸ਼ਿਵਾ ਜੀ ਨੇ ਉਹਦੇ ਖ਼ਿਲਾਫ਼ ਨਾਅਰਾ ਮਾਰਿਆ। ਰਾਜਪੂਤਾਨੇ ਵਿਚ ਰਾਜ ਸਿੰਘ ਆਕੀ ਹੋ ਬੈਠਾ। ਸਤਿਨਾਮੀ ਸਾਧੂਆਂ ਨੇ ਪਿੰਡ ਪਿੰਡ

ਵਿਚ ਢੋਲ ਵਜਾ ਦਿੱਤੇ। ਸਾਧੂਆਂ ਦੀਆਂ ਢਾਣੀਆਂ ਦੀਆਂ ਢਾਣੀਆਂ ਦਿੱਲੀ ਵਲ ਵੱਧ ਤੁਰੀਆਂ। ਸਤਿਨਾਮੀ ਸਾਧੂ ਸ਼ਾਂਤੀ ਪੂਰਬਕ ਸਤਿਆਗ੍ਰਹਿ ਕਰਨਾ ਚਾਹੁੰਦੇ ਸਨ। ਸਾਧੂ ਖੱਪਰੀ ਤੋੜੇ ਤੇ ਧੂਣਾ ਫੂਕੇ ਤਾਂ ਜਾ ਕੇ ਤਲਵਾਰ ਦੀ ਮੁੱਠ ਨੂੰ ਹੱਥ ਪਾਵੇ। ਇਹ ਸਾਧੂ ਨਹੀਂ ਕਰ ਸਕਦੇ, ਉਹ ਤਾਂ ਅੱਗੋਂ ਹੀ "ਰੰਗਾ ਤੀਨ ਲੋਕ ਸੇ ਨਿਆਰੀ"—ਤਿਆਗੀ ਸਨ। ਕਰ ਜਿਹੜਾ ਰਾਵਣ ਨੇ ਵੀ ਇਕ ਵਾਰ ਲਾਇਆ ਸੀ, ਉਸੇ ਤਰ੍ਹਾਂ ਦਾ ਕਰ ਸਾਧੂਆਂ ਤੇ ਵੀ ਥੋਪਿਆ ਗਿਆ। ਉਹ ਕਰ ਦੇਣ ਦੇ ਆਦੀ ਨਹੀਂ ਸਨ। ਝਟ ਹੀ ਭੜਕ ਉਠੇ ਤੇ ਉਨ੍ਹਾਂ ਦੇ ਪਿਛੇ ਸਾਧੂਆਂ ਦੀ ਜੁੰਡੀ ਤੇ ਜਨਤਾ ਦਾ ਇਕ ਹੜ੍ਹ ਵਗ ਪਿਆ। ਸਾਰੀ ਦਿੱਲੀ ਸਤਿਨਾਮੀ ਸਾਧੂਆਂ ਨਾਲ ਭਰ ਗਈ।

ਮੇਰੇ ਵਿਆਹ ਦੇ ਅਜੇ ਗਾਨੇ ਵੀ ਨਹੀਂ ਸਨ ਖੁਲ੍ਹੇ, ਮੈਂ ਵੀ ਆਪਣੇ ਭਰਾਵਾਂ ਨਾਲ ਆਣ ਰਲਿਆ। ਅਸੀਂ ਸਾਧੂ ਵੀ ਸਾਂ ਤੇ ਗ੍ਰਹਿਸਤੀ ਵੀ। ਅਸਲ ਵਿਚ ਅਸੀਂ ਬਾਦਸ਼ਾਹ ਦੇ ਹਜ਼ੂਰ ਵਿਚ ਅਰਜ਼ ਕਰਨੀ ਚਾਹੁੰਦੇ ਸਾਂ। ਬਾਦਸ਼ਾਹ ਸਾਡੀ ਨਿਗੂਣੀ ਇਕ ਗੱਲ ਸੁਣਨ ਵਾਸਤੇ ਵੀ ਤਿਆਰ ਨਹੀਂ ਸੀ। ਸ਼ਾਹੀ ਕਿਲੇ ਵਿਚੋਂ ਬਾਦਸ਼ਾਹ ਦੀ ਸਵਾਰੀ ਦਾ ਆਗਮਨ ਹੋਇਆ। ਬਾਦਸ਼ਾਹ ਸਲਾਮਤ ਝੂਮਦੇ ਹਾਥੀ ਤੇ ਬੈਠਾ ਹੋਇਆ ਸੀ। ਸਵਾਰੀ ਦੀਆਂ ਡਲ੍ਹਕਾਂ ਦੂਰ ਤਕ ਅੱਖਾਂ ਨੂੰ ਚਕਾਚੌਂਧ ਕਰ ਰਹੀਆਂ ਸਨ। ਝਿਲਮਿਲ ਝਿਲਮਿਲ ਕਰਦੀ ਅਮ੍ਹਾਰੀ ਅੱਗੇ ਵਧ ਰਹੀ ਸੀ। ਚਾਂਦਨੀ ਚੌਂਕ ਦੇ ਮੈਦਾਨ ਵਲ—ਜਿਥੇ ਦਾਰਾ ਦੇ ਖੂਨ ਫਵਾਰੇ ਵੇਖਕੇ ਔਰੰਗਜ਼ੇਬ ਦਾ ਦਿਲ ਨਾ ਡੋਲਿਆ ਤੇ ਉਹਦੇ ਅੰਦਰ ਭਰਾ ਦਾ ਪਿਆਰ ਨਾ ਜਾਗਿਆ। ਹਕੂਮਤ ਦੇ ਨਸ਼ੇ ਵਿਚ ਉਹਨੇ ਅੱਖ ਨਾ ਉਘੇੜੀ। ਤਪੱਸਵੀ ਤਿਆਗੀ ਗੁਰੂ ਤੇਗ ਬਹਾਦਰ ਨੂੰ ਤਹਿਤੇਗ ਕੀਤਾ ਗਿਆ। ਉਸੇ ਮੈਦਾਨ ਵਿਚ ਸਤਿਨਾਮੀ ਸਾਧੂ ਬਾਦਸ਼ਾਹ ਦੀ ਹਜ਼ੂਰੀ ਵਿਚ ਅਰਜ਼ ਕਰਨਾ ਚਾਹੁੰਦੇ ਸਨ, ਪਰ ਸ਼ਾਹੀ ਫੌਜ ਨੇ ਸਾਧੂਆਂ ਦੀ ਦਾਲ ਨਾ ਗਲਣ ਦਿੱਤੀ। ਸਾਧੂ ਬਾਦਸ਼ਾਹ ਸਲਾਮਤ ਦੀ ਸਵਾਰੀ ਰੋਕ ਕੇ ਖੜੇ ਹੋ ਗਏ ਤੇ ਆਖਣ ਲੱਗੇ—ਬਾਦਸ਼ਾਹ ਸਲਾਮਤ ਅਸੀਂ ਭਗਵਾਨ ਦੀ ਉਪਾਸਨਾ ਕਰਦੇ ਹਾਂ, ਖੇਤੀ ਨਹੀਂ, ਜਦ ਅਸੀਂ ਕਮਾਂਦੇ ਨਹੀਂ ਤਾਂ ਜਜ਼ੀਆ ਕਿਸ ਤਰ੍ਹਾਂ ਦੇ ਸਕਦੇ ਹਾਂ। ਅਸੀਂ ਧੂਏਂ ਵਾਸਤੇ ਲੱਕੜੀਆਂ ਜੰਗਲ 'ਚੋਂ ਇਕੱਠੀਆਂ ਕਰਦੇ ਹਾਂ। ਕਰ ਦੇ ਪੈਸੇ ਸਾਨੂੰ ਕਿਥੋਂ ਆਉਣਗੇ।"—"ਬਦਤਮੀਜ਼ ਕੁੱਤੇ ਬਕਦੇ ਹਨ। ਮਹਾਵਤ ਹਾਥੀ ਚੱਲਣੇ ਦੇ, ਰੋਕਣ ਦੀ ਲੋੜ ਨਹੀਂ—ਸ਼ਾਹੀ ਫਰਮਾਨ ਰੋਕਿਆ ਨਹੀਂ ਜਾ ਸਕਦਾ"—ਔਰੰਗਜ਼ੇਬ ਹਾਥੀ ਤੇ ਬੈਠਾ ਬੁੜ ਬੁੜਾ ਰਿਹਾ ਸੀ।

ਹਾਥੀ ਦੇ ਪੈਰਾਂ ਥੱਲੇ ਕਈਆਂ ਨੇ ਆਪਣੇ ਪ੍ਰਾਣ ਤਿਅਗ ਦਿੱਤੇ। ਹਾਥੀ ਵਧਦਾ ਗਿਆ। ਸਾਧੂ ਆਪਣੇ ਸੀਨੇ ਵਧ ਵਧ ਕੇ ਵਿਛਾਂਦੇ ਗਏ। ਮਹਾਵਤ ਦਾ ਸੂਆ ਹਾਥੀ ਦੇ ਮਸਤਕ ਵਿਚ ਖੁਭ ਰਿਹਾ ਸੀ। ਹਾਥੀ ਦੇ ਪੈਰਾਂ ਥੱਲੇ ਕਈਆਂ ਦੀਆਂ ਹੱਡੀਆਂ ਚੂਰ ਚੂਰ ਹੋ ਗਈਆਂ। ਲਹੂ ਵਿਚ ਲਾਸ਼ਾਂ ਲਥ ਪਥ ਸਨ, ਪਰ ਰਾਹ ਸਾਫ ਨਾ ਹੋਇਆ। ਭਾਵੇਂ ਮੈਂ ਵੀ ਉਸ ਹੱਲੇ ਵਿਚੋਂ ਬਚ ਨਾ ਸਕਿਆ, ਪਰ ਪੁੱਜਾ ਤਦ ਜਦ ਮੇਰਾ ਝੁੱਗਾ ਚੌੜ ਹੋ ਚੁੱਕਾ, ਸ਼ਾਹੀ ਫਰਮਾਨ ਨੇ ਕਤਲੇਆਮ ਸ਼ੁਰੂ ਕਰ ਦਿੱਤਾ। ਕਈ ਸਾਧੂ ਚਾਂਦਨੀ ਚੌਂਕ ਵਿਚ ਸ਼ਹੀਦ ਹੋ ਗਏ। ਬਚੇ ਖੁਚੇ ਸਾਧੂਆਂ ਨੂੰ ਘੋੜ ਸਵਾਰਾਂ ਆਣ ਦਬੋਚਿਆ। ਸਾਧੂ ਤਲਵਾਰ ਵਿਚ ਇਸ ਤਰ੍ਹਾਂ ਪਰੁਚ ਗਏ ਜਿਸ ਤਰ੍ਹਾਂ ਸੂਈ ਵਿਚ

ਮਾਲਾ ਦਾ ਮਣਕਾ ।

"ਸ਼ਾਹੀ ਫੌਜ ਨੇ ਕਤਲੇਆਮ ਤੇ ਵੀ ਬਸ ਨਾ ਕੀਤੀ, ਬਲਕਿ ਜਮਨਾ ਦੇ ਕੰਢੇ ਸਤਿਨਾਮੀ ਸਾਧੂਆ ਦੀਆਂ ਝੁੱਗੀਆਂ ਨੂੰ ਵੀ ਲੁਟਿਆ । ਜਾਂਦੀ ਵਾਰ ਮਹਿਮੂਦ ਵਾਂਗ ਅੱਗ ਵੀ ਲਾ ਦਿੱਤੀ ।

"ਸਤਿਨਾਮੀ ਸਾਧੂ ਘਰ ਫੂਕ ਤਮਾਸ਼ਾ ਵੇਖ ਰਹੇ ਸਨ । ਮੈਂ ਡਿਗਦਾ ਢਹਿੰਦਾ ਆਪਣੀ ਝੁੱਗੀ ਵਲ ਜਾ ਰਿਹਾ ਸਾਂ ਜਦ ਮੈਂ ਪੁੱਜਾ ਤਦ ਤਰਕਾਲਾਂ ਪੈ ਚੁਕੀਆਂ ਸਨ । ਮੈਨੂੰ ਉਨ੍ਹਾਂ ਝੁੱਗੀਆਂ ਵਿਚ ਕੋਈ ਦੀਵਾ ਜਗਦਾ ਨਜ਼ਰ ਨਾ ਆਇਆ । ਕੁਝ ਝੁੱਗੀਆਂ ਲਾਂਬੂਆਂ ਦੀ ਬੁਕਲ ਵਿਚ ਸਨ ਤੇ ਕੁਝ ਝੁੱਗੀਆਂ ਵਿਚੋਂ ਅੱਗ ਦੇ ਅੰਗਿਆਰ ਮਹਿਕ ਰਹੇ ਸਨ ਤੇ ਕਿਤੇ ਕਿਤੇ ਧੂਆਂ ਨਿਕਲ ਰਿਹਾ ਸੀ । ਬੱਚਿਆਂ ਤੇ ਔਰਤਾਂ ਦੀਆਂ ਝੁੱਗੀਆਂ ਵਿਚ ਲਾਸ਼ਾਂ ਦੀ ਥੁੜ ਨਹੀਂ ਸੀ । ਮੈਨੂੰ ਵੀ ਆਪਣੀ ਝੁੱਗੀ ਦਾ ਖੁਰਾ ਖੋਜ ਆ ਲੱਭਾ । ਮੇਰੀ ਸਜ ਵਿਆਹੀ ਵਹੁਟੀ ਦੀ ਇਕ ਪਾਸੇ ਲਾਸ਼ ਪਈ ਹੋਈ ਸੀ ਤੇ ਉਸ ਦੀ ਅੰਗੀ ਪਾਟੀ ਹੋਈ ਸੀ, ਛਾਤੀ ਅੱਧ ਨੰਗੀ ਸੀ ਤੇ ਸਾੜ੍ਹੀ ਸਾਰੀ ਲਹੂ ਵਿਚ ਗੜੁਚ ਸੀ । ਮੇਰੇ ਚਾਵਾਂ ਦਾ ਲਕ ਟੁਟ ਗਿਆ । ਸਿਪਾਹੀ ਅਜੇ ਵੀ ਝੁੱਗੀਆਂ ਵਿਚ ਫਿਰ ਰਹੇ ਸਨ, ਹਲਕਾਇਆਂ ਕੁੱਤਿਆਂ ਵਾਂਗ । ਮੈਂ ਵੀ ਮੁਰਦਿਆਂ ਵਿਚ ਮੁਰਦਾ ਬਣ ਕੇ ਦੋ ਚਾਰ ਘੜੀਆਂ ਗੁਜ਼ਾਰੀਆਂ ।"

ਉਥੋਂ ਰਾਜਪੂਤਾਨੇ ਪੁੱਜਾ । ਸ਼ਾਹੀ ਫੌਜਾਂ ਉਦੇਪੁਰ ਦੇ ਬਾਜ਼ਾਰਾਂ ਵਿਚ ਖੂਨ ਦੀ ਹੋਲੀ ਖੇਡ ਰਹੀਆਂ ਸਨ । ਮੇਰੇ ਏਥੇ ਵੀ ਸਿੰਗ ਨਾ ਸਮਾਏ ਤੇ ਮੈਂ ਉਦਾਸੀ ਸਾਧੂਆਂ ਨਾਲ ਰਲ ਕੇ ਰਾਮੇਸ਼ਵਰਮ ਵਲ ਤੁਰ ਪਿਆ । ਯਾਤਰਾ ਕਰਦਾ ਜਦ ਮੈਂ ਨਾਂਦੇੜ ਪੁੱਜਾ ਤਦ ਮੈਂ ਸਾਧੂ ਬਣ ਚੁਕਾ ਸਾਂ । ਏਥੇ ਮੈਨੂੰ ਕੋਈ ਨਹੀਂ ਜਾਣਦਾ ਕਿ ਮੈਂ ਸਤਿਨਾਮੀ ਸਾਧੂਆਂ ਦੀ ਢਾਣੀ ਵਿਚੋਂ ਹਾਂ । ਦਿੱਲੀ ਵਿਚ ਅੱਜ ਢੂੰਡਿਆਂ ਇਕ ਵੀ ਸਤਿਨਾਮੀ ਸਾਧੂ ਨਹੀਂ ਮਿਲਦਾ ।"

"ਭਾਵੇਂ ਕਿਸੇ ਚੀਜ਼ ਦਾ ਬੀਜ ਨਾਸ਼ ਨਹੀਂ ਹੋ ਜਾਂਦਾ ਪਰ ਫੇਰ ਵੀ ਸਤਿਨਾਮੀ ਸਾਧੂ ਉਜਾਗਰ ਹੋ ਕੇ ਨਹੀਂ ਆਖ ਸਕਦੇ ਕਿ ਅਸੀਂ ਸਤਿਨਾਮੀ ਸਾਧੂ ਹਾਂ । ਸਾਡੇ ਸਿਰਾਂ ਦਾ ਮੁੱਲ ਪਿਆ । ਇਨਾਮ ਰਖੇ ਗਏ ਨੇ, ਮੇਰੇ ਫੜਨ ਵਾਲੇ ਦਾ ਇਨਾਮ ਪੰਜ ਹਜ਼ਾਰ ਮੋਹਰਾਂ ਸਨ । ਭਾਵੇਂ ਮੈਂ ਆਲਮਗੀਰ ਦੇ ਮਾਹ ਨਹੀਂ ਸਨ ਪੁੱਟੇ ਪਰ ਹਾਂ, ਮੈਂ ਜਿਥੇ ਜਿਥੇ ਗਿਆ, ਉਥੇ ਹੀ ਉਹਦੇ ਜ਼ੁਲਮ ਦੇ ਖਿਲਾਫ ਬੀਜ ਦਾ ਛੱਟਾ ਮਾਰਦਾ ਗਿਆ ਜਿਹੜੀ ਹੁਣ ਫੁਲਵਾੜੀ ਬਣ ਗਈ ਹੋਵੇਗੀ । ਹੱਥੀਂ ਲਾਏ ਬਾਗ ਦਾ ਫਲ ਖਾਂਦਿਆਂ ਬੜਾ ਆਨੰਦ ਆਉਂਦਾ ਹੈ ਮੇਰੇ ਨਾਲ ਦੇ ਸਾਥੀ ਰਾਜਪੂਤਾਨੇ, ਦਿੱਲੀ, ਆਗਰਾ, ਗਵਾਲੀਅਰ, ਬਿੰਦਰਾਬਨ ਤੇ ਮਥਰਾ ਦੇ ਮੰਦਰਾਂ ਵਿਚ ਤਿਲਕਧਾਰੀ ਪੁਜਾਰੀਆਂ ਦੇ ਰੂਪ ਵਿਚ ਛੁਪੇ ਬੈਠੇ ਹਨ । ਸ਼ਾਹੀ ਫੌਜ ਦੇ ਅਹਿਲਕਾਰ ਵੀ ਕਈ ਸਤਿਨਾਮੀ ਸਾਧੂ ਹਨ । ਦਾਰਾ ਦੇ ਮਰਨ ਨਾਲ ਜਿਸ ਤਰ੍ਹਾਂ ਉਹਦਾ ਕੋਈ ਨਾਮ ਵੀ ਨਹੀਂ ਲੈਂਦਾ, ਉਸੇ ਤਰ੍ਹਾਂ ਸਤਿਨਾਮੀ ਸਾਧੂਆਂ ਨੂੰ ਕੋਈ ਯਾਦ ਵੀ ਨਹੀਂ ਕਰਦਾ । ਲਵੇ ਵੀ ਕੋਈ ਕਿਸ ਤਰ੍ਹਾਂ । ਜਿਸ ਨੂੰ ਜਾਨ ਪਿਆਰੀ ਨਾ ਹੋਵੇ, ਉਹ ਸਾਡਾ ਨਾਂ ਲਵੇ । ਮੁਗਲ ਸਾਡੇ ਖੂਨ ਦੇ ਤਿਹਾਏ ਸਨ । ਮੇਰਾ ਬੀਜਿਆ ਹੋਇਆ

ਬੀਜ ਧਰਤੀ ਵਿਚ ਨਹੀਂ ਰਹਿ ਸਕਦਾ। ਹਨੇਰੀ ਝੱਖੜ ਉਹਦੇ ਤੇ ਮਿੱਟੀ ਦੀ ਤਹਿ ਨਹੀਂ ਜਮਾ ਸਕਦੇ। ਉਹ ਇਸ ਤਰ੍ਹਾਂ ਧਰਤੀ ਪਾੜ ਕੇ ਫੁਟੇਗਾ ਜਿਸ ਤਰ੍ਹਾਂ ਚੁਮਾਸੇ ਵਿਚ ਖੁੰਬ ਧਰਤੀ ਦੀ ਹਿਕ ਪਾੜ ਕੇ ਫੁਟਦੀ ਹੈ।"

"ਚੜ੍ਹਦੇ ਸੂਰਜ ਨੂੰ ਸਾਰੇ ਨਮਸਕਾਰ ਕਰਦੇ ਹਨ, ਡੁਬਦੇ ਸੂਰਜ ਦਾ ਕੋਈ ਮੂੰਹ ਦੇਖਣਾ ਵੀ ਨਹੀਂ ਚਾਹੁੰਦਾ। ਏਹੋ ਹਾਲ ਸਾਡੇ ਨਾਲ ਹੋਇਆ। ਪਰ ਖੈਰ ਛਡੋ ਇਨ੍ਹਾਂ ਪੁਰਾਣੀਆਂ ਗੱਲਾਂ ਨੂੰ। ਸਾਨੂੰ ਹੁਣ ਇਸ ਵੇਲੇ ਦੀ ਗੱਲ ਸੋਚਣੀ ਚਾਹੀਦੀ ਹੈ। ਬਹਾਦਰ ਸ਼ਾਹ ਨਾਲ ਤੁਹਾਡਾ ਭਾਈਚਾਰਾ ਤਾਂ ਖ਼ਰਾਬ ਨਾ ਹੋ ਜਾਏਗਾ ਜੇ ਅਸੀਂ ਮੁਗਲ ਹਕੂਮਤ ਦੇ ਖਿਲਾਫ ਕੋਈ ਕਦਮ ਚੁਕੀਏ। ਭਾਵੇਂ ਸਾਡਾ ਕਦਮ ਆਪਣੀ ਰਕਸ਼ਾ ਲਈ ਹੋਵੇਗਾ ਪਰ ਫਿਰ ਵੀ ਟੱਕਰ ਤੇ ਮੁਗਲ ਸਮਰਾਟ ਨਾਲ ਹੀ ਹੈ। ਬਹਾਦਰ ਸ਼ਾਹ ਦੀ ਹਿਕ ਤੇ ਸੱਪ ਲੇਟਣੋਂ ਨਹੀਂ ਰੁਕਦਾ। ਜਦ ਅਸੀਂ ਆਪਣੇ ਮੰਦਰ ਆਬਾਦ ਕਰਾਉਣ ਲਈ ਸਿਰ ਚੁਕਿਆ ਅਸਾਂ ਜਦੋਂ ਜ਼ੁਲਮ ਨੂੰ ਨੰਗਾ ਕੀਤਾ, ਕਿਸੇ ਭਰਾ, ਭਣਵਈਏ ਤੇ ਸਾਲੇ ਦੇ ਖਿਲਾਫ ਹੀ ਸਾਡੀ ਸ਼ਿਕਾਇਤ ਹੋਣੀ ਏ। ਚੂੰਕੀ ਤਾਂ ਬਹਾਦਰ ਸ਼ਾਹ ਦੇ ਈ ਵੱਢੀ ਜਾਣੀ ਏ।" ਪੁਜਾਰੀ ਨੇ ਆਪਣਾ ਰੁਖ ਬਦਲਦਿਆਂ ਕਿਹਾ—

—"ਆਜ਼ਮ ਸ਼ਾਹ ਨੂੰ ਅਸਾਂ ਆਪਣੇ ਹੱਥਾਂ ਨਾਲ ਮਾਰਿਆ। ਰੁਸਤਮ ਦਿਲਖਾਨ ਦੇ ਹੱਥੀਂ ਅਸੀਂ ਉਹਦਾ ਸਿਰ ਬਹਾਦਰ ਸ਼ਾਹ ਕੋਲ ਭੇਜਿਆ ਪਰ ਜਦ ਅਸਾਂ ਆਪਣੇ ਕੌਲ ਦੇ ਮੁਤਾਬਕ ਕੁਝ ਸੂਬਿਆਂ ਦੇ ਸਰਦਾਰਾਂ ਦੀ ਗ੍ਰਿਫਤਾਰੀ ਮੰਗੀ ਤਾਂ ਬਹਾਦਰ ਸ਼ਾਹ ਨੇ ਗਦਰ ਦੇ ਡਰ ਤੋਂ ਸਾਨੂੰ ਇਨਕਾਰ ਕਰ ਦਿੱਤਾ। ਭਾਵੇਂ ਉਹ ਸਾਡੀ ਬੜੀ ਇੱਜ਼ਤ ਕਰਦਾ ਹੈ ਪਰ ਖਿਡਾਰੀ ਦੇ ਚਾਲੇ ਦੀ ਚਾਲ ਵਕਤ ਦਸਦਾ ਹੈ। ਅਸੀਂ ਸੂਬਿਆਂ ਤੋਂ ਬੱਚਿਆਂ ਦੇ ਲਹੂ ਦਾ ਬਦਲਾ ਲੈਣਾ ਸੀ। ਉੱਨਾ ਚਿਰ ਸਾਡੀ ਆਤਮਾ ਨੂੰ ਸ਼ਾਂਤੀ ਨਹੀਂ ਮਿਲ ਸਕਦੀ, ਜਦ ਤਕ ਕਾਜ਼ੀਆਂ, ਸੂਬਿਆਂ ਦੇ ਸਰਦਾਰਾਂ ਦੇ ਜ਼ੁਲਮ ਦੀ ਚਰਖੜੀ ਚਲਦੀ ਹੈ। ਜਾਗੀਰ ਦੀ ਖਾਹਸ਼ ਹੁੰਦੀ ਤਾਂ ਬਹਾਦਰ ਸ਼ਾਹ ਸਾਨੂੰ ਸਾਰਾ ਪੰਜਾਬ ਦੇ ਦੇਂਦਾ। ਜਾਗੀਰ ਨਹੀਂ ਚਾਹੁੰਦੇ ਇਨਸਾਫ ਮੰਗਦੇ ਹਾਂ। ਰੱਬ ਦੇ ਘਰ ਵਿਚ ਦੇਰ ਏ ਪਰ ਹਨੇਰ ਨਹੀਂ। ਭਾਵੇਂ ਇਹ ਕੌਲ ਬਹਾਦਰ ਸ਼ਾਹ ਦਾ ਈ ਏ ਪਰ ਸਿਰਫ ਜ਼ਬਾਨ ਦੀ ਮਿਠਤਾ ਦਾ ਰਸ ਲੈਣ ਲਈ ਉਹ ਕਦੀ ਕਦੀ ਇਸ ਤਰ੍ਹਾਂ ਸੋਚਿਆ ਕਰਦਾ ਹੈ। ਉਹ ਘਸੁੰਨ ਦੀ ਤਾਕਤ ਨੂੰ ਜ਼ਿਆਦਾ ਮੰਨਦਾ ਹੈ, ਰਬ ਦੀ ਸ਼ਕਤੀ ਨੂੰ ਘਟ। ਏਹੋ ਜਿਹੇ ਆਦਮੀ ਦਾ ਵਿਸਾਹ ਕਰਨਾ ਹਰ ਵੇਲੇ ਆਪਣੀ ਲਤ ਦੋਧਾਰੀ ਤਲਵਾਰ ਤੇ ਰਖਣ ਵਾਲੀ ਗੱਲ ਏ। ਕਾਇਮ ਬਖਸ਼ ਅਜੇ ਵੀ ਆਕੀ ਏ। ਉਹਦੇ ਸਾਥੀਆਂ ਦਾ ਨੰਗਾ ਨਾਚ ਅਜੇ ਕੱਲ੍ਹ ਤੁਸਾਂ ਸ਼ਿਵਰਾਤਰੀ ਨੂੰ ਵੇਖਿਆ ਸੀ। ਕਾਇਮ ਬਖਸ਼ ਦੇ ਸਾਲ ਦੇ ਹਾਥੀ ਥੱਲੇ ਗੁਪਾਲਨ ਨੇ ਦਮ ਤੋੜੇ ਸਨ। ਤੇਰਾ ਕੀ ਖਿਆਲ ਹੈ, ਕਾਇਮ ਬਖਸ਼ ਸਿੱਧੇ ਹੱਥੀਂ ਹੈਦਰਾਬਾਦ ਬਹਾਦਰ ਸ਼ਾਹ ਦੇ ਹਵਾਲੇ ਕਰ ਦੇਵੇਗਾ, ਕਦੀ ਨਹੀਂ। ਮਾਰੀਆਂ ਮੱਲਾਂ ਕੋਈ ਚੁਪ ਚੁਪੀਤਾ ਕਿਸੇ ਤੇ ਅਰਪਣ ਨਹੀਂ ਕਰਦਾ। ਮੁਗਲ ਤਿਆਗੀ ਤੇ ਤਪੱਸਵੀ ਨਹੀਂ। ਲਾਲਚੀ, ਅਯਾਸ਼ ਤੇ ਦੌਲਤ ਦੇ ਪੁਜਾਰੀ ਹਨ। ਅਜੇ ਹੈਦਰਾਬਾਦ ਦੀ ਇੱਟ ਨਾਲ ਇੱਟ ਖੜਕੇਗੀ। ਹਜ਼ਾਰਾਂ ਬੇ-ਗੁਨਾਹ ਸਿਪਾਹੀਆਂ ਦਾ ਖੂਨ ਤਲਵਾਰ ਜਦ ਤਕ ਨਹੀਂ ਚੱਟਦੀ ਕਦੀ ਬਹਾਦਰ ਸ਼ਾਹ ਗੋਲਕੁੰਡੇ

ਦੀ ਸੈਰ ਵੀ ਨਹੀਂ ਕਰ ਸਕਦਾ। ਹੀਰਿਆਂ ਦੀ ਖਾਨ ਕਿਸ ਤਰ੍ਹਾਂ ਕਾਇਮ ਬਖਸ਼ ਬਹਾਦਰ ਸ਼ਾਹ ਦੇ ਹਵਾਲੇ ਕਰ ਦੇਵੇਗਾ।"

ਗੁਰੂ ਗੋਬਿੰਦ ਸਿੰਘ ਦੀਆਂ ਅੱਖਾਂ ਲਾਲ ਸੂਹੀਆਂ ਹੋ ਗਈਆਂ। ਪਲ ਭਰ ਲਈ ਗੁਰੂ ਜੀ ਥਮ੍ਹੇ।

—"ਸਤਿਗੁਰੂ ਮੈਂ ਸਤਿਨਾਮੀ ਸਾਧੂਆਂ ਨੂੰ ਇਕੱਠਾ ਕਰਕੇ ਇਕ ਜੱਥਾ ਬਣਾਵਾਂਗਾ" ਬੁੱਢੇ ਪੁਜਾਰੀ ਨੇ ਆਖਿਆ। "ਪੁਜਾਰੀ, ਜੋ ਤੂੰ ਸੋਚਦਾ ਏਂ ਉਹ ਮੰਦਰ ਦੀ ਚਾਰਦੀਵਾਰੀ ਦੇ ਵਾਯੂ ਮੰਡਲ ਦਾ ਆਲਾ ਦੁਆਲਾ ਹੈ। ਅਸਲ ਵਿਚ ਤੂੰ ਨੀਤੀਵੇਤਾ ਜ਼ਰੂਰ ਏਂ ਪਰ ਨੀਤੀਵਾਨ ਨਹੀਂ। ਤੂੰ ਨੀਲੀ ਟਾਕੀ ਵਿਚ ਚੋਲ ਬੰਨ੍ਹ ਕੇ ਤਾਰਿਆਂ ਦੀ ਝਿਲਮਿਲ ਦੇਖਣੀ ਚਾਹੁੰਦਾ ਏਂ। ਬੁਢਾਪੇ ਵਿਚ ਮੁਛ ਨੂੰ ਵਟ ਦੇ ਕੇ ਜਵਾਨੀ ਦਾ ਖੰਘੂਰਾ ਮਾਰਦਾ ਏਂ। ਚਾਰ ਪੰਜ ਮਸ਼ਾਲਾਂ ਹੱਥ ਵਿਚ ਲੈ ਕੇ ਚਾਂਦਨੀ ਰਾਤ ਦਾ ਜੋਬਨ ਲੁਟਣਾ ਚਾਹੁੰਦਾ ਏਂ। ਝੂਠੇ ਨਗਾਂ ਨੂੰ ਹੀਰਿਆਂ ਨਾਲ ਤੋਲ ਕੇ ਹੀਰਿਆਂ ਦੀ ਤੌਹੀਨ ਕਰਨੀ ਚਾਹੁੰਦਾ ਏਂ। ਕੂਲੀਆਂ ਧਰੇਕਾਂ, ਸ਼ਹਿਤੂਤ ਦੇ ਹੁਲਾਰੇ ਨਹੀਂ ਦੇ ਸਕਦੀਆਂ! ਮਾਲਾਂ ਦੇ ਮਣਕਿਆਂ ਨੂੰ ਲਹੂ ਦੀ ਪਾਣ ਦੇਣੀ ਮੁਸ਼ਕਲ ਏ।" ਗੁਰੂ ਗੋਬਿੰਦ ਸਿੰਘ ਨੇ ਪੁਜਾਰੀ ਨੂੰ ਜ਼ਰਾ ਝਿੜਕਦਿਆਂ ਆਖਿਆ :—

—"ਪੁਜਾਰੀ! ਅਸਾਂ ਰਾਹ ਵਿਚੋਂ ਦਾਦੂ ਪੰਥੀ ਨਰਾਇਣ ਦਾਸ ਤੋਂ ਸੁਣਿਆ ਸੀ ਕਿ ਮਾਧੋਦਾਸ ਬੈਰਾਗੀ ਘਰ ਆਇਆਂ ਸਾਧੂਆਂ ਸੰਤਾਂ ਦੀ ਨਿੰਦਿਆ ਤੇ ਠੱਠਾ ਕਰਦਾ ਹੈ ਇਹ ਕਿਥੋਂ ਤਕ ਸੱਚ ਏ।" ਇਕ ਸਿੱਖ ਨੇ ਸਵਾਲ ਕਰਦਿਆਂ ਪੁਛਿਆ। "ਇਹ ਕਿਹੜੀ ਨਵੀਂ ਗੱਲ ਏ। ਉਹ ਕਰਨੀਵਾਨ ਦੀ ਕਰਨੀ ਪਰਖਣਾ ਚਾਹੁੰਦਾ ਏ, ਪਰ ਜਦੋਂ ਉਹਨੂੰ ਇਹ ਪਤਾ ਲਗ ਜਾਂਦਾ ਏ ਕਿ ਉਹ ਸਾਧੂ ਉਹਦੀ ਸਟ ਨਹੀਂ ਸਹਾਰ ਸਕਦਾ ਤਾਂ ਫੇਰ ਠੱਠਾ ਕਰਨੋਂ ਵੀ ਨਹੀਂ ਮੁੜਦਾ। ਕਈ ਸਾਧੂ ਨੱਕ ਗੋਡੇ ਭਨੰਦਾ ਕੇ ਉਥੋਂ ਗਏ ਹਨ। ਕੋਈ ਉਸ ਦੇ ਆਸ਼ਰਮ ਵਿਚ ਜਾਣ ਦੀ ਜੁਰਅੱਤ ਹੀ ਨਹੀਂ ਕਰਦਾ। ਇਸੇ ਤਰ੍ਹਾਂ ਉਹਦਾ ਦਬ ਦਬਾ ਤੁਰਕਾਂ ਵਿਚ ਛਾ ਗਿਆ ਹੈ। ਬੀਰ ਉਹਦੇ ਵਸ ਵਿਚ ਹਨ। ਤਾਕਤ ਉਹਦੇ ਡੌਲਿਆਂ ਵਿਚ ਹੈ ਮੈਂ ਭਾਵੇਂ ਉਹਦਾ ਗੁਰੂ ਹਾਂ ਪਰ ਮੈਨੂੰ ਵੀ ਮਖੌਲ ਕਰਨੋਂ ਨਹੀਂ ਮੁੜਦਾ। ਛਿੰਦੇ ਦੇ ਮਖੌਲ ਮਾਵਾਂ ਭੈਣਾਂ ਨਾਲ। ਬੈਰਾਗੀ ਨੂੰ ਜੇ ਵੀਰਤਾ ਦੀ ਪੁਠ ਦਿੱਤੀ ਜਾਵੇ ਤਾਂ ਫੌਲਾਦੀ ਤੇਗ ਦਾ ਕੰਮ ਦੇ ਸਕਦੀ ਏ। ਉਹਦੇ ਵਿਚ ਫੌਲਾਦ ਦੇ ਸਾਰੇ ਗੁਣ ਹਨ। ਔਗੁਣ ਸਿਰਫ ਇਕ ਏ ਕਿ ਉਹ ਤਿਆਗੀ ਬਣ ਚੁਕਾ ਏ। ਉਸ ਨੇ ਆਪਣਾ ਆਪ ਭੁਲਾ ਦਿੱਤਾ ਏ। ਉਹ ਇਹ ਗੱਲ ਭੁਲ ਚੁਕਾ ਏ ਕਿ ਮੈਂ ਰਾਜਪੂਤ ਹਾਂ"—ਬੁੱਢੇ ਪੁਜਾਰੀ ਨੇ ਦਾੜ੍ਹੀ ਤੇ ਹੱਥ ਫੇਰਿਆ ਤੇ ਰੁਕ ਗਿਆ।

—"ਅਸੀਂ ਕੱਲ੍ਹ ਉਹਦੇ ਆਸ਼ਰਮ ਵਿਚ ਚਲਾਂਗੇ। ਏਹੋ ਜਿਹੇ ਆਦਮੀਆਂ ਦੇ ਦਰਸ਼ਨ ਭਾਗਾਂ ਨਾਲ ਮਿਲਦੇ ਹਨ। ਤੂੰ ਵੀ ਆਵੇਂਗਾ ਨਾ! ਕਿਉਂ ਪੁਜਾਰੀ ਬੋਲਦਾ ਕਿਉਂ ਨਹੀ?" ਗੁਰੂ ਗੋਬਿੰਦ ਸਿੰਘ ਨੇ ਆਖਿਆ।

—"ਹਾਂ, ਮੈਂ ਵੀ ਵੇਲੇ ਸਿਰ ਪੁਜ ਜਾਵਾਂਗਾ।" ਪੁਜਾਰੀ ਬੋਲ ਰਿਹਾ ਸੀ।

—"ਅਸੀਂ ਵੀ ਚਲਾਂਗੇ ਸਤਿਗੁਰ"—ਸਿੱਖਾਂ ਦੀ ਆਵਾਜ਼ ਆਈ।

—"ਤੁਸੀਂ ਵੀ ਵੇਖ ਲੈਣਾ ਉਸ ਮਹਾਂ ਪੁਰਸ਼ ਨੂੰ, ਸ਼ਾਇਦ ਤੁਹਾਡਾ ਸਾਥੀ ਬਣ ਜਾਵੇ" ਗੁਰੂ ਜੀ ਨੇ ਜ਼ਰਾ ਹਲੀਮੀ ਵਿਚ ਆਖਿਆ।

—"ਚੰਡਾਲ ਨੂੰ ਬ੍ਰਾਹਮਣ ਦੇ ਕਪੜੇ ਪਾ ਦਈਏ ਤਾਂ ਉਹ ਚੰਡਾਲਤਾ ਕਿਸ ਤਰ੍ਹਾਂ ਛੱਡ ਸਕਦਾ ਏ। ਵਾਦੜੀਆਂ-ਸਜਾਦੜੀਆਂ ਨਿਭਣ ਸਿਰਾਂ ਦੇ ਨਾਲ। ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ। ਤੁੰਮਿਆਂ ਨੂੰ ਲੱਖ ਵਾਰ ਖੰਡ ਨਾਲ ਗਲੇਫਿਆ ਜਾਵੇ, ਉਨ੍ਹਾਂ ਦੀ ਕੁੜੱਤਣ ਨਹੀਂ ਜਾ ਸਕਦੀ"—ਇਕ ਸਿੱਖ ਨੇ ਆਖਿਆ।

—"ਅੱਗ ਵਿਚ ਪਾ ਕੇ ਸੋਨਾਂ ਕੁੰਦਨ ਬਣ ਜਾਂਦਾ ਹੈ। ਲਾਟਾਂ, ਚਾਂਦੀ, ਤਾਂਬੇ 'ਚੋਂ ਸੋਨੇ ਨੂੰ ਨਖੇੜ ਦੇਂਦੀਆਂ ਹਨ। ਅੱਗ ਜਿਹਨੂੰ ਵੀ ਆਪਣੇ ਵਿਚੋਂ ਕੱਢਦੀ ਏ ਸੋਧ ਕੇ। ਕੀ ਪੁਜਾਰੀ ਤੂੰ ਚਲਿਆ ਏਂ? ਪਰ ਤੇਰਾ ਨਾਂ ਕੀ ਏ?" ਗੁਰੂ ਗੋਬਿੰਦ ਸਿੰਘ ਨੇ ਪੁਛਿਆ।

—"ਮੇਰਾ ਨਾਂ ਤੇ ਸਾਰੀ ਨਾਂਦੇੜ ਨਹੀਂ ਜਾਣਦੀ। ਮੈਂ ਆਪਣੇ ਨਾਂ ਨੂੰ ਦਿੱਲੀ ਵਿਚ ਹੀ ਛੱਡ ਆਇਆ ਹਾਂ। ਨਵੇਂ ਚੋਲੇ ਵਿਚ ਸਾਧੂ ਦਾ ਕੀ ਨਾਂ।" ਬੁੱਢੇ ਪੁਜਾਰੀ ਨੇ ਪਰਤਦਿਆਂ ਉੱਤਰ ਦਿੱਤਾ।

—"ਜ਼ਿੰਦਗੀ ਦੇ ਹਰ ਮੋੜ ਤੇ ਇਨਸਾਨ ਦਾ ਚੋਲਾ ਪਲਟਦਾ ਹੈ, ਜਿਸ ਤਰ੍ਹਾਂ ਦੁਲਹਨ ਆਪਣੇ ਸਹੁਰੇ ਘਰ ਆਉਂਦੀ ਏ ਤਾਂ ਉਹਦਾ ਨਵਾਂ ਨਾਂ ਰਖਿਆ ਜਾਂਦਾ ਹੈ। ਭੱਠੀ ਵਿਚੋਂ ਸਵਰਨ ਨੂੰ ਕੱਢੀਏ ਤਾਂ ਕੁੰਦਨ ਆਖਦੇ ਹਨ। ਭੱਠੀ ਉਸ ਦੀ ਅਸਲੀਅਤ ਉਜਾਗਰ ਕਰ ਦੇਂਦੀ ਹੈ। ਏਸੇ ਤਰ੍ਹਾਂ ਜਨਤਾ ਅਸਲੀਅਤ ਤੇ ਨਾਂ ਰਖਦੀ ਹੈ।" ਗੁਰੂ ਗੋਬਿੰਦ ਸਿੰਘ ਸੋਚ ਰਹੇ ਹਨ।

—"ਬਹਾਦਰ ਸ਼ਾਹ ਗੋਲਕੁੰਡੇ ਪੁਜ ਗਿਆ ਹੈ।" ਇਕ ਤੁਰਕ ਨੇ ਖੁਸ਼ੀ ਵਿਚ ਆਣ ਕੇ ਆਖਿਆ। "ਨਿਆਜ਼ ਦੀਆਂ ਦੇਗਾਂ ਦੇ ਮੂੰਹ ਖੋਲ੍ਹ ਦਿੱਤੇ ਜਾਣਗੇ। ਖੁਸ਼ੀ ਦੇ ਕੱਲ੍ਹ ਸ਼ਾਦੀਆਨੇ ਵਜਣਗੇ ਤੇ ਡੱਫ ਡਗੇ ਦੀਆਂ ਚੋਟਾਂ ਇਕ ਰੰਗ ਬੰਨ੍ਹ ਦੇਣਗੀਆਂ। ਕੱਲ੍ਹ ਤੇ ਹੈਦਰਾਬਾਦ ਸੱਜ-ਵਿਆਹੀ ਵਹੁਟੀ ਵਾਂਗੂ ਬਣ ਠਣ ਕੇ ਬੈਠਾ ਹੋਵੇਗਾ। ਅਸੀਂ ਬਹਾਦਰ ਸ਼ਾਹ ਨੂੰ ਮੁਬਾਰਕਬਾਦ ਦੇਣ ਲਈ ਗੋਲਕੁੰਡੇ ਜਾਣਾ ਚਾਹੁੰਦੇ ਹਾਂ। ਇਜਾਜ਼ਤ ਦੀ ਮੰਗ ਕਰਦੇ ਹਾਂ ਸਾਨੂੰ ਛੁੱਟੀ ਦਿੱਤੀ ਜਾਵੇ।"

—"ਅਸੀਂ ਖੁਸ਼ੀ ਵਿਚ ਸ਼ਾਮਲ ਤਾਂ ਨਹੀਂ ਹੋ ਸਕਦੇ ਤੇ ਨਾ ਹੀ ਅਜੇ ਸਫ਼ਰ ਦੀ ਝਾਲ ਝਲ ਸਕਦੇ ਹਾਂ। ਸਾਡੇ ਵਲੋਂ ਤੋਹਫ਼ੇ ਤੇ ਮੁਬਾਰਕਾਂ ਦੇ ਥਾਲ ਪੇਸ਼ ਕਰ ਦੇਣੇ।" ਗੁਰੂ ਗੋਬਿੰਦ ਸਿੰਘ ਦੀ ਆਵਾਜ਼ ਸੀ।

—"ਜੋ ਹੁਕਮ ਸਿਰਤਾਜ" ਮੁਗ਼ਲ ਸਿਪਾਹੀ ਨੇ ਆਖਿਆ, ਝੁਕ ਕੇ ਸਲਾਮ ਕੀਤੀ ਤੇ ਚਲਾ ਗਿਆ।

ਡੇਰੇ ਦੇ ਸਾਰੇ ਲੋਕ ਗੁਦਾਵਰੀ ਵਲ ਜਾ ਰਹੇ ਸਨ, ਡੁਬਦੇ ਸੂਰਜ ਦਾ ਨਜ਼ਾਰਾ ਵੇਖਣ ਲਈ। ਪੰਛੀ ਵਿਸਰਾਮ ਕਰਨ ਲਈ ਆਹਲਣਿਆਂ ਦੀ ਖੋਜ ਵਿਚ ਸਨ। ਹੱਲ ਤੇ ਪੰਜਾਲੀਆਂ ਲਈ ਜ਼ਿਮੀਦਾਰ ਘਰਾਂ ਨੂੰ ਮੁੜ ਰਹੇ ਸਨ। ਇਕ ਸਾਧੂ ਇਕ-ਤਾਰੇ ਤੇ ਗਾ ਰਿਹਾ ਸੀ। ਉਹਦੇ ਆਖਰੀ ਬੋਲ ਗੂੰਜ ਰਹੇ ਸਨ :—

"ਸਾਂਝ ਭਈ ਘਰ ਆਇਓ ਮਈਆ।"

ਤਰਕਾਲਾਂ ਦੀ ਕਨਾਤ ਤਣ ਰਹੀ ਸੀ ਤੇ ਉਹਦੇ ਬੋਲ ਸੰਝ ਦੇ ਪਰਛਾਵਿਆਂ ਵਿਚ ਮੱਧਮ ਪੈਂਦੇ ਜਾ ਰਹੇ ਸਨ।

ਬੈਰਾਗੀ ਮੱਠ

ਸਵੇਰ ਹੋ ਰਹੀ ਸੀ। ਤਰੇਲ, ਸੁੱਤੇ ਹੋਏ ਫੁੱਲਾਂ ਦਾ ਰਾਤੀਂ ਮੂੰਹ ਚੁੰਮ ਗਈ ਪਰ ਫੁੱਲਾਂ ਨੂੰ ਖਬਰ ਵੀ ਨਾ ਹੋਈ। ਪਿਆਰ ਦੇ ਤੁਪਕੇ ਫੁੱਲਾਂ ਦੇ ਹੋਠਾਂ ਤੇ ਅਜੇ ਵੀ ਮੋਤੀਆਂ ਵਾਂਗ ਚਮਕ ਰਹੇ ਸਨ। ਚਿੜੀਆਂ ਚਹਿਕ ਰਹੀਆਂ ਸਨ ਤੇ ਲੋਕ ਗੁਦਾਵਰੀ ਤੇ ਇਸ਼ਨਾਨ ਨੂੰ ਜਾ ਰਹੇ ਸਨ। ਅੰਮ੍ਰਿਤ ਵੇਲਾ ਸੀ। ਆਸ਼ਰਮਾਂ 'ਚ ਸੰਖ ਪੂਰਿਆ ਗਿਆ। ਸੁਤਿਆਂ ਨੇ ਅੱਖ ਉਘੇੜੀ। ਇਕ ਪੰਜਾਬੀ ਸਿੱਖ ਗਾ ਰਿਹਾ ਸੀ :—

ਚਿੜੀਆਂ ਬੋਲਦੀਆਂ, ਤੈਨੂੰ ਗਾਫਲਾ ਜਾਗ ਨਾ ਆਈ......

ਚਿੜੀਆਂ ਬੋਲਦੀਆਂ—

ਰਾਤ ਰਾਣੀ ਦੇ ਘੁੰਡ ਦੇ ਪੱਲੇ ਵਿਚੋਂ ਦਿਨ ਝਾਤੀਆਂ ਮਾਰਨ ਲੱਗ ਪਿਆ ਤੇ ਇਕ ਬੁੱਢੇ ਨੇ ਸੁੱਤੇ ਪਏ ਇਕ-ਤਾਰੇ ਦੀ ਤਾਰ ਨੂੰ ਇਸ ਤਰ੍ਹਾਂ ਛੇੜ ਦਿੱਤਾ ਜਿਵੇਂ ਕਿਸੇ ਸੁੰਦਰੀ ਨੇ ਲਾਜਵੰਤੀ ਦੇ ਫੁੱਲ ਨੂੰ ਹੱਥ ਲਾ ਦਿੱਤਾ ਹੋਵੇ। ਲਾਜਵੰਤੀ ਦੇ ਫੁੱਲ ਵਾਂਗੂ ਸ਼ਰਮਾਕਲ ਇਕ-ਤਾਰਾ ਵੀ ਸ਼ਰਮਾ ਰਿਹਾ ਸੀ, ਪਰ ਉਸ ਇਕ-ਤਾਰੇ ਦੀ ਹਿੱਕ ਵਿਚੋਂ ਰਾਗ ਦੀ ਰਾਗਣੀ ਫੁਟ ਪਈ ਸੰਗੀਤ ਨੇ ਉਹਦੀ ਗੋਦ ਵਿਚੋਂ ਜਨਮ ਲਿਆ। ਗੀਤ ਨੇ ਬੁੱਢੇ ਮਰਹੱਟੇ ਦੇ ਬੁੱਲ੍ਹ ਚੁੰਮ ਲਏ। ਬੁੱਢਾ ਲੈ ਵਿਚ ਗਾ ਉਠਿਆ :—

"ਘੁੰਗਟ ਕੇ ਪਟ ਖੋਲ੍ਹ ਤੁਹੇ ਪੀਆ ਮਿਲੇਂਗੇ"

ਲੰਮੀ ਹੇਕ ਵਿਚ ਸੋਜ਼ ਵੀ ਸੀ ਤੇ ਜਲਨ ਵੀ। ਇਕ-ਤਾਰੇ ਦੀ ਟੁਣਕਾਰ ਤੇ ਗੀਤ ਦੀ ਮਦ ਭਰੀ ਲੈ, ਦੋਵਾਂ ਨੇ ਮਿਲਕੇ ਲੋਕਾਂ ਦੇ ਦਿਲ ਖਿੱਚ ਲਏ। ਪ੍ਰਭਾਤ ਵੇਲੇ ਕੁਝ ਗਾਣਾ ਉਂਜ ਵੀ ਚੰਗਾ ਲਗਦਾ ਏ। ਦਿਲ ਖਿਚਵੀਂ ਲੈ ਕੁਝ ਇਸ ਤਰ੍ਹਾਂ ਲੋਕਾਂ ਤੇ ਜਾਦੂ ਕਰ ਰਹੀ ਸੀ ਕਿ ਗੁਦਾਵਰੀ ਵੱਲ ਜਾਣ ਵਾਲਾ ਹਰ ਆਦਮੀ ਇਕ ਵਾਰ ਤਾਂ ਰੁਕ ਜਾਂਦਾ। ਉਹਦੇ ਹਿਰਦੇ ਨੂੰ ਗੀਤ ਦੇ ਬੰਨ੍ਹ ਪੈ ਜਾਂਦੇ। ਬੁੱਢੀ ਔਰਤ ਦੇ ਅਚਾਨਕ ਪੈਰ ਰੁਕ ਗਏ ਤੇ ਉਹਦੀਆਂ ਅੱਖਾਂ ਸਾਹਮਣੇ ਸੁਹਾਗ ਦੀ ਰਾਤ ਆ ਗਈ ਅਤੇ ਉਹ ਗੁਣ ਗੁਣਾ ਰਹੀ ਸੀ :—

"ਪੀਆ ਮਿਲੇਂਗੇ—ਘੁੰਗਟ ਕੇ ਪਟ ਖੋਲ੍ਹ—ਤੁਹੇ—"

ਬੁਢਾਪੇ ਵਿਚ ਜਵਾਨੀ ਦਾ ਮਜ਼ਾ ਆਉਣ ਲਗ ਪਿਆ। ਬੁੱਢਾ ਤ੍ਰੀ ਜਲਦੀ ਜਲਦੀ ਬੋਲ ਉਚਾਰ ਰਿਹਾ ਸੀ। ਆਸਾ ਦੀ ਵਾਰ ਦਾ ਪਾਠ ਸਿੱਖਾਂ ਦੇ ਡੇਰੇ ਵਿਚ ਹੋ ਰਿਹਾ ਸੀ। ਆਸਾਵਰੀ ਗਾਈ ਜਾ ਰਹੀ ਸੀ।

ਰੁਖਾਂ ਦੀ ਹਿੱਕ ਪਾੜ ਕੇ ਲਾਲੀ ਉਮਡ ਰਹੀ ਸੀ। ਰਾਤ ਦਾ ਰੰਗ ਫਿਕਾ ਪੈ ਗਿਆ। ਕਿਸੇ ਆਣ ਵਾਲੇ ਪ੍ਰਾਹੁਣੇ ਦਾ ਇੰਤਜ਼ਾਰ ਸੀ। ਹਰਨੀਆਂ ਦੀ ਡਾਰ ਇਕ ਵਾਰ ਚੌਂਕੜੀਆਂ ਭਰਦੀ ਆਸ਼ਰਮਾਂ ਦੇ ਕੋਲ ਦੀ ਲੰਘ ਗਈ। ਰਾਤ ਜਾ ਰਹੀ ਸੀ, ਹਰਨੀਆਂ ਦੇ ਸਿੰਗੀ ਚੜ੍ਹ ਕੇ। ਉਹਦੀ ਚੁੰਨੀ ਵਿਚੋਂ ਕਿਸੇ ਨੇ ਝਾਤ ਮਾਰੀ, ਲੋਕਾਂ ਭਾਣੇਂ ਦਿਨ ਚੜ੍ਹ ਪਿਆ।

ਬੈਰਾਗੀ ਦਾ ਬਾਗ ਸਾਰੀ ਨਾਂਦੇੜ ਵਿਚ ਪ੍ਰਸਿਧ ਸੀ। ਕੋਈ ਵਿਰਲਾ ਹੀ ਸੂਬੇਦਾਰ ਜਾਂ ਮੁਗਲ ਹਾਕਮ ਹੋਵੇਗਾ ਜਿਸ ਨੇ ਬੈਰਾਗੀ ਦੇ ਬਾਗ ਦੇ ਫਲ ਨਾ ਖਾਧੇ ਹੋਣ। ਬੈਰਾਗੀ ਖੁਦ ਫਲਾਂ ਦਾ ਬੜਾ ਸ਼ੌਕੀਨ ਸੀ। ਕਸ਼ਮੀਰ ਦੇ ਖੇਤਾਂ ਉਤੇ ਉਹ ਛੋਟਿਆਂ ਹੁੰਦਿਆਂ ਹੀ ਰੀਝ ਪੈਂਦਾ ਸੀ। ਜਨਮ ਭੂਮੀ ਆਦਮੀ ਨੂੰ ਕਦੀ ਭੁਲ ਨਹੀਂ ਸਕਦੀ। ਉਹ ਦਾ ਵਾਹ ਚਲਦਾ ਤਾਂ ਉਹ ਨਾਸ਼ਪਾਤੀਆਂ ਦੇ ਰੁੱਖ ਲਾਣੋਂ ਵੀ ਨਾ ਮੁੜਦਾ, ਪਰ ਨਾਸ਼ਪਾਤੀ ਉਥੇ ਪੁੰਗਰਦੀ ਹੀ ਨਹੀਂ ਸੀ। ਮਜਬੂਰੀ ਨੇ ਉਹਦੇ ਹੱਥ ਬੰਨ੍ਹ ਦਿੱਤੇ। ਲੰਮੇ ਲੰਮੇ ਸਰੂਆਂ ਦੇ ਰੁੱਖ ਸਾਰੇ ਦੱਖਣ ਵਿਚ ਕਿਤੇ ਵੀ ਨਹੀਂ ਸਨ, ਪਰ ਦੂਰੋਂ ਹੀ ਸੇਧ ਰੱਖ ਕੇ ਲੋਕ ਬੈਰਾਗੀ ਦੇ ਆਸ਼ਰਮ ਵਿਚ ਪੁਜ ਜਾਂਦੇ। ਸਰੂ ਮੁਸਾਫਰਾਂ ਨੂੰ ਚਾਨਣ ਮੁਨਾਰੇ ਦਾ ਕੰਮ ਦਿੰਦੇ। ਮੁਗਲ ਸਿਪਾਹੀ ਸਰੂਆਂ ਦੀ ਸੇਧ ਤੇ ਪੜਾਂ ਦਾ ਰੁੱਖ ਕਰਦੇ। ਮੁਗਲ ਭਾਵੇਂ ਆਪ ਬੜੇ ਬਾਗਬਾਨੀ ਦੇ ਸ਼ੌਕੀਨ ਸਨ, ਪਰ ਉਨ੍ਹਾਂ ਵੀ ਦੱਖਣ ਵਿਚ ਕੋਈ ਅਜਿਹਾ ਬਾਗ ਨਹੀਂ ਉਗਾਇਆ ਸੀ, ਜਿਸ ਵਿਚ ਸਾਰੇ ਦੇਸ਼ ਦੇ ਫਲਾਂ ਦਾ ਅਨੰਦ ਮਾਣਿਆ ਜਾ ਸਕੇ। ਇਸ ਲਈ ਮੁਗਲ ਬੈਰਾਗੀ ਨਾਲ ਵੀ ਪਿਆਰ ਕਰਦੇ ਸਨ। ਉਹਦੀਆਂ ਬਹੁਤ ਸਾਰੀਆਂ ਆਦਤਾਂ ਮੁਗਲਾਂ ਨਾਲ ਮਿਲਦੀਆਂ ਸਨ। ਕਈ ਮੁਗਲ ਭੁਲੇਖੇ ਵਿਚ ਪੈ ਜਾਂਦੇ। ਮੁਗਲ ਦਰਿਆ ਦੇ ਕੰਢੇ ਬੜੇ ਖੁਸ਼ ਹੋ ਕੇ ਰਹਿੰਦੇ। ਸਬਜ਼ੀਆਂ, ਫੁੱਲ ਤੇ ਫਲ ਸਾਰੇ ਬੈਰਾਗੀ ਦੇ ਬਾਗ ਵਿਚੋਂ ਜਾਂਦੇ। ਟੂਣਿਆਂ ਤੇ ਤਵੀਤਾਂ ਵਿਚ ਬੈਰਾਗੀ ਦਾ ਨਾਂ ਬੜਾ ਪ੍ਰਸਿਧ ਸੀ। ਇਸੇ ਲਈ ਤਾਂ ਖੱਬੀ-ਖਾਨ ਮੁਗਲ ਉਹਦੇ ਮੁਤੀਹ ਹੋ ਗਏ ਸਨ ਤੇ ਉਹਨੂੰ ਪੀਰਾਂ ਵਾਂਗ ਮੰਨਦੇ। ਜਿਹੜਾ ਵੀ ਬੈਰਾਗੀ ਦੇ ਡੇਰੇ ਇਕ ਵਾਰ ਆ ਜਾਂਦਾ, ਮੁੜਕੇ ਜਾਣ ਦਾ ਨਾਂ ਨਾ ਲੈਂਦਾ। ਹੁਣ ਬੈਰਾਗੀ ਕਿਸੇ ਨਵਾਬ ਨਾਲੋਂ ਘਟ ਸ਼ਾਨ-ਸ਼ੌਕਤ ਨਾਲ ਨਹੀਂ ਸੀ ਵੱਸਦਾ। ਡੇਰਾ ਕਿਸੇ ਚੰਗੇ ਸੂਬੇਦਾਰ ਦੇ ਮਹੱਲ ਨਾਲੋਂ ਘੱਟ ਨਹੀਂ ਸੀ। ਆਰਾਮ ਦੇ ਸਾਰੇ ਸਾਧਨ ਡੇਰੇ ਵਿਚ ਮੌਜੂਦ ਸਨ। ਇਸੇ ਲਈ ਬੈਰਾਗੀ ਨੂੰ ਕਦੀ ਕਸ਼ਮੀਰ ਦਾ ਫਿਰ ਚੇਤਾ ਵੀ ਨਹੀਂ ਸੀ ਆਇਆ। ਕਦੀ ਕੋਈ ਯਾਤਰੀ ਯਾਤਰਾ ਕਰਨ ਆਇਆ ਮਿਲਦਾ ਤਾਂ ਭਾਵੇਂ ਕਸ਼ਮੀਰ ਦੀ ਯਾਦ ਆ ਜਾਂਦੀ। ਆਦਮੀ ਦਾ ਨਿਤ ਦਾ ਆਲਾ ਦੁਆਲਾ ਉਸਨੂੰ ਸੱਚੇ ਵਿਚ ਢਲਣ ਤੇ ਮਜਬੂਰ ਕਰ ਦਿੰਦਾ ਹੈ। ਅੱਜ ਬੈਰਾਗੀ ਸਵੇਰ ਤੋਂ ਹੀ ਕਿਤੇ ਬਾਹਰ ਚਲਾ ਗਿਆ ਸੀ। ਡੇਰਾ ਖਾਲੀ ਸੀ। ਸੇਵਾਦਾਰ ਤੇ ਹੋਰ ਚੇਲੇ ਚਾਂਟੇ ਡੇਰੇ ਵਿਚ ਫਿਰ ਰਹੇ ਸਨ।

'ਸਿੱਖਾਂ ਦੇ ਡੇਰੇ ਵਿਚ ਅੱਜ ਸਵੇਰ ਤੋਂ ਈ ਸ਼ਿਕਾਰ ਖੇਡਣ ਦੀਆਂ ਤਿਆਰੀਆਂ ਹੋ ਰਹੀਆਂ ਸਨ। ਹਿਣਕਦੇ ਘੋੜਿਆਂ ਤੇ ਕਾਠੀਆਂ ਸਜਾਈਆਂ ਗਈਆਂ। ਡੇਰੇ ਵਿਚੋਂ ਗੁਰੂ ਗੋਬਿੰਦ ਸਿੰਘ ਸਜ ਧਜ ਕੇ ਬਾਹਰ ਨਿਕਲੇ, ਸੇਵਾਦਾਰ ਘੋੜਾ ਲੈ ਕੇ ਖੜਾ ਸੀ।

—"ਚਲੋ ਦਿਨ ਚੜ੍ਹ ਰਿਹਾ ਏ। ਜਲਦੀ ਕਰੋ—।"

—"ਅਸੀਂ ਤਿਆਰ ਹਾਂ।"

—"ਤੇ ਫੇਰ ਦੇਰ ਕਾਹਦੀ?"

—"ਜਰਾ ਬਾਜ ਸਿੰਘ ਨੇਜ਼ਾ ਲੈ ਆਏ।"

—"ਕਿਉਂ ਅੱਜ ਸ਼ਿਕਾਰ ਉਸੇ ਦੇ ਨਾਂ ਤੇ ਕੀਤਾ ਜਾਵੇਗਾ?"

—"ਨਹੀਂ ਸਤਿਗੁਰੂ? ਉਸ ਕਿਹੜਾ ਸ਼ਿਕਾਰ ਮਾਰਨਾ ਏ—ਆਂਹਦਾ ਸੀ ਮੈਂ ਸਤਿਗੁਰਾਂ ਨਾਲ ਰਲ ਕੇ ਸ਼ਿਕਾਰ ਦੇ ਸਿਰ ਚੜ੍ਹ ਕੇ ਰਹਾਂਗਾ ਲਓ ਆ ਗਿਆ ਜੇ।"

"ਚਲ ਭਾਈ ਜਲਦੀ ਕਰ—ਇਕ ਸਿੰਘ ਨੇ ਬਾਜ ਸਿੰਘ ਨੂੰ ਆਖਿਆ।"

ਹੁਣ ਸਿੰਘ ਘੋੜਿਆਂ ਦੀਆਂ ਪਿੱਠਾਂ ਤੇ ਸਵਾਰ ਸਨ। ਸਤਿਗੁਰੂ ਨੇ ਵਾਗਾਂ ਥੰਮ੍ਹੀਆਂ, ਤੁਣਕਾ ਜਿਹਾ ਮਾਰਿਆ। ਨੀਲੇ ਘੋੜੇ ਨੇ ਡੇਰੇ ਚੋਂ ਪੈਰ ਬਾਹਰ ਕੱਢੇ। ਫਿਰ ਕੀ ਸੀ, ਘੋੜਿਆਂ ਨੇ ਕੰਨ ਖੜੇ ਕਰ ਲਏ ਤੇ ਜਿੰਦ ਬਜਿੰਦੀ ਇਕ ਦੂਜੇ ਤੋਂ ਅੱਗੇ ਵਧਣੇ ਸ਼ੁਰੂ ਹੋ ਗਏ।

"ਅੱਜ ਸ਼ਿਕਾਰ ਗੁਦਾਵਰੀ ਤੋਂ ਪਾਰ ਖੇਡਿਆ ਜਾਵੇ ਤਾਂ ਚੰਗਾ ਹੈ" ਗੁਰੂ ਗੋਬਿੰਦ ਸਿੰਘ ਨੇ ਆਖਿਆ।

—"ਹਾਂ ਹਾਂ ਕੱਲ੍ਹ ਇਕ ਸ਼ਿਕਾਰੀ ਵੀ ਦਸ ਗਿਆ ਸੀ ਕਿ ਹਰਨੀਆਂ ਦੀਆਂ ਡਾਰਾਂ ਚੌਂਕੜੀਆਂ ਭਰਦੀਆਂ ਜੰਗਲ ਵਿਚ ਫਿਰ ਰਹੀਆਂ ਹਨ। ਉਨ੍ਹਾਂ ਵਿਚ ਕੁਝ ਕਾਲੇ ਹਰਨ ਵੀ ਹਨ, ਜਿਨ੍ਹਾਂ ਦੀ ਨਾਭੀ ਵਿਚ ਕਸਤੂਰੀ ਦਾ ਕੁੰਡ ਹੁੰਦਾ ਹੈ। ਤੇ ਫੇਰ ਸਤਿਗੁਰ? ਮ੍ਰਿਗਸ਼ਾਲਾ ਵੀ ਤੇ ਅਸਚਰਜ ਬਣਦੀ ਏ।" ਇਕ ਸਿੱਖ ਨੇ ਆਖਿਆ।

ਵੇਂਹਦਿਆਂ ਵੇਂਹਦਿਆਂ ਘੋੜੇ ਗੁਦਾਵਰੀ ਤੋਂ ਪਾਰ ਹੋ ਗਏ ਤੇ ਹੁਣ ਘੋੜੇ ਜੰਗਲ ਦੀ ਗੋਦ ਵਿਚ ਸਨ। ਕੁਝ ਘੋੜਿਆਂ ਤੇ ਢੋਲ ਸਨ ਤੇ ਕਿਤੇ ਨਗਾਰੇ ਤਾਂ ਜੋ ਸ਼ਿਕਾਰ ਨੂੰ ਛੇੜਿਆ ਜਾ ਸਕੇ। ਨਗਾਰੇ ਦੀ ਹਿੱਕ ਤੇ ਡੱਗੇ ਦੀ ਚੋਟ ਪਈ, ਨਗਾਰਾ ਗੂੰਜ ਉਠਿਆ। ਇਕ ਪਾਸਿਉਂ ਨਿਗਾਰੇ ਵਾਲਾ ਨਿਗਾਰਾ ਵਜਾਉਂਦਾ ਤੇ ਦੂਜੇ ਪਾਸੇ ਸ਼ਿਕਾਰੀ ਸ਼ਿਕਾਰ ਦੀ ਉਡੀਕ ਕਰਦੇ। ਮੋਹਣੇ ਹਰਨਾਂ ਦੀ ਇਕ ਡਾਰ ਸ਼ਿਕਾਰੀਆਂ ਦੇ ਅੱਗੇ ਹੋ ਕੇ ਲੰਘੀ। ਉਹ ਦੇ ਵਿਚ ਕੁਝ ਕਾਲੇ ਹਰਨ ਵੀ ਸਨ ਤੇ ਕੁਝ ਤੇਤਰੇ ਮੇਤਰੇ। ਕੁਝ ਦੁੱਧ ਚਿੱਟੇ। ਸ਼ਿਕਾਰੀਆਂ ਦੇ ਮੂੰਹ ਵਿਚ ਪਾਣੀ ਭਰ ਆਇਆ। ਪਰ ਸਤਿਗੁਰਾਂ ਨੇ ਆਖਿਆ, "ਬਈ ਸ਼ਿਕਾਰ ਅੱਜ ਤੀਰ ਤੇ ਨੇਜ਼ਿਆਂ ਨਾਲ ਨਹੀਂ ਕੀਤਾ ਜਾਵੇਗਾ। ਮਜ਼ਾ ਤੇ ਤਾਂ ਏ ਜੇਕਰ ਇਹ ਹਰਨ ਜੀਉਂਦੇ ਹੀ ਕਾਬੂ ਕੀਤੇ ਜਾਣ। ਕਿਉਂ ਭਾਈ ਦਇਆ ਸਿੰਘਾ ਤੇਰੀ ਕੀ ਸਲਾਹ ਏ?"

ਦਇਆ ਸਿੰਘ ਬੋਲ ਉਠਿਆ,

—"ਸਤਿਗੁਰ ਇਹ ਤੇ ਮੈਂ ਆਖਣ ਹੀ ਲੱਗਾ ਸੀ।"

—"ਚਲੋ ਫੇਰ ਆਪਣੇ ਘੋੜੇ ਹਰਨਾਂ ਦੇ ਮਗਰ ਲਾ ਦਿਓ। ਦੇਖਦੇ ਹਾਂ ਕਿ ਤੂੰ ਕਿੰਨੇ ਹਰਨ ਫੜਦਾ ਏਂ"—ਸਤਿਗੁਰ ਨੇ ਉਚਾਰਿਆ।

ਘੋੜਿਆਂ ਨੇ ਪੈਰਾਂ ਤੋਂ ਈ ਛਾਲਾਂ ਮਾਰੀਆਂ ਤੇ ਹਰਨਾਂ ਦੇ ਪਿੱਛੇ ਇਸ ਤਰ੍ਹਾਂ ਲਗ ਗਏ, ਜਿਸ ਤਰ੍ਹਾਂ ਘੋੜੇ ਸ਼ਿਕਾਰੀ ਨੂੰ ਹਰਨ ਫੜਨ ਦੀ ਤਕਲੀਫ ਹੀ ਨਹੀਂ ਸਨ ਦੇਣਾ ਚਾਹੁੰਦੇ। ਹਰਨਾਂ ਦੀ ਇਕ ਨਿਕੀ ਜਿਹੀ ਚੌਕੜੀ ਗੁਰੂ ਗੋਬਿੰਦ ਸਿੰਘ ਦੇ ਅੱਗੇ ਸੀ। ਘੋੜਾ ਵੀ ਜੀਅ ਭਰ ਕੇ ਨਸ ਰਿਹਾ ਸੀ, ਪਰ ਹਰਨਾਂ ਦੀਆਂ ਚੁੰਗੀਆਂ ਅੱਗੇ ਉਹਦੀ ਪੇਸ਼ ਨਹੀਂ ਸੀ ਜਾਂਦੀ।

ਇਹ ਵੱਖਰੀ ਗੱਲ ਸੀ ਕਿ ਘੋੜਾ ਹਰਨੀਆਂ ਨੂੰ ਹੰਭਾ ਦੇਵੇ ਤੇ ਫੇਰ ਸਵਾਰਾਂ ਨੂੰ ਫੜਨ ਦੀ ਤਕਲੀਫ ਨਾ ਹੋਵੇ। ਇਕ ਹਰਨ ਘੋੜੇ ਦੀ ਜ਼ੱਦ ਵਿਚ ਆ ਗਿਆ। ਘੋੜੇ ਨੇ ਦੂਹਰੇ ਹੋ ਕੇ ਹਰਨ ਦੇ ਨਾਕੇ ਬੰਦ ਕਰ ਦਿੱਤੇ। ਗੁਰੂ ਗੋਬਿੰਦ ਸਿੰਘ ਨੇ ਲੱਕ ਵਿਚੋਂ ਹਰਨ ਨੂੰ ਇਸ ਤਰ੍ਹਾਂ ਚੁਕ ਲਿਆ, ਜਿਸ ਤਰ੍ਹਾਂ ਨੇਜ਼ੇਬਾਜ਼ੀ ਵਿਚ ਗੱਡੇ ਹੋਏ ਕਿੱਲੇ ਨੂੰ ਨੇਜ਼ੇ ਨਾਲ ਵਿੰਨ੍ਹ ਲੈਂਦਾ ਹੈ। ਉਹਦੇ ਪੈਰ ਬੰਨ੍ਹੇ ਗਏ ਤੇ ਕਾਠੀ ਅੱਗੇ ਸੁਟ ਲਿਆ ਗਿਆ। ਤਿੰਨ ਹਰਨ ਸ਼ਾੜੀਆਂ ਦੇ ਘੇਰੇ ਵਿਚ ਆ ਕੇ ਰੁਕ ਗਏ। ਗੁਰੂ ਗੋਬਿੰਦ ਸਿੰਘ ਨੇ ਘੋੜੇ ਤੋਂ ਉਤਰ ਕੇ ਸਹਿਜ-ਸੁਭਾ ਸਹਿਮੇ ਹੋਏ ਹਰਨਾਂ ਨੂੰ ਫੜ ਲਿਆ। ਹੋਰ ਕੋਈ ਸਿੱਖ ਹਰਨ ਦੀ ਸਿਰੀ ਵੀ ਨਾ ਨੱਪ ਸਕਿਆ। ਇਕ ਸਿੱਖ ਜ਼ਖਮੀ ਹਰਨ ਫੜੀ ਆ ਰਿਹਾ ਸੀ।

"ਕਿਉਂ ਹਰਨ ਨੇ ਡਾਹ ਨਹੀਂ ਦਿੱਤੀ। ਤੀਰ ਤੋਂ ਕੰਮ ਲੈਣਾ ਪਿਆ ਏ?" ਗੁਰੂ ਗੋਬਿੰਦ ਸਿੰਘ ਨੇ ਹੱਸਕੇ ਆਖਿਆ।

—"ਸਤਿਗੁਰ! ਨੱਸ ਨੱਸ ਕੇ ਤਾਂ ਮੇਰੀਆਂ ਵੱਖੀਆਂ ਵੀ ਚੜ੍ਹ ਗਈਆਂ ਸਨ, ਹਾਲੀ ਮੈਂ ਇਹਨੂੰ ਜ਼ਖਮੀ ਕਰ ਲਿਆ ਸੀ। ਹਰਨ ਨੂੰ ਫੜਨਾ ਕੋਈ ਮਖੌਲ ਥੋੜ੍ਹਾ ਹੁੰਦਾ ਹੈ।" ਸ਼ਿਕਾਰੀ ਸਿੱਖ ਨੇ ਜਵਾਬ ਦਿੱਤਾ। ਏਨੇ ਚਿਰ ਨੂੰ ਬਾਕੀ ਸਿੱਖ ਵੀ ਹੱਥ ਝਾੜਦੇ ਆਣ ਪੁੱਜੇ। ਗੁਦਾਵਰੀ ਤੋਂ ਪਾਰ ਹੋਏ ਤਾਂ ਸਾਹਮਣੇ ਬੈਰਾਗੀ ਦਾ ਆਸ਼ਰਮ ਸੀ। ਸਤਿਗੁਰ ਨੇ ਆਖਿਆ, "ਚਲੋ ਅੱਜ ਏਥੇ ਹੀ ਸੰਘਣੇ ਰੁੱਖਾਂ ਦੀ ਛਾਵੇਂ ਆਰਾਮ ਕਰ ਲਈਏ।"

ਬੈਰਾਗੀ ਦੇ ਆਸ਼ਰਮ ਵਿਚ ਯਕਦਮ ਘੋੜੇ ਆਣ ਰੁਕੇ। ਇਕ ਸੇਵਾਦਾਰ ਆਖ ਰਿਹਾ ਸੀ "ਇਹ ਆਸ਼ਰਮ ਹੈ, ਕੋਈ ਸਰਾਂ ਨਹੀਂ।"

—"ਹਾਂ ਹਾਂ ਕੌਣ ਆਖਦਾ ਏ, ਸਰਾਂ ਏ? ਸਾਨੂੰ ਵੀ ਨਜ਼ਰ ਆਉਂਦਾ ਏ ਆਸ਼ਰਮ ਏ ਪਰ ਅਸੀਂ ਵੀ ਤੇ ਸਾਹ ਲੈਣ ਲਗੇ ਹਾਂ ਕਿਹੜਾ ਆਸ਼ਰਮ ਨੂੰ ਸਿਰ ਤੇ ਚੁਕ ਕੇ ਲੈ ਚਲੇ ਆਂ।" ਇਕ ਸਿੱਖ ਨੇ ਲਾਪ੍ਰਵਾਹੀ 'ਚ ਆਖਿਆ।

—"ਮਾਧੋ ਦਾਸ ਦੇ ਆਸ਼ਰਮ ਵਿਚ ਸ਼ਿਕਾਰੀਆਂ ਲਈ ਕੋਈ ਥਾਂ ਨਹੀਂ। ਏਥੇ ਮਾਸਹਾਰੀ ਕੋਈ ਨਹੀਂ ਆ ਸਕਦਾ। ਥੀਰਾਂ ਦਾ ਅਸਥਾਨ ਏ। ਥੀਰ ਵੈਸ਼ਨੋ ਹਨ। ਮਾਸਹਾਰੀ ਨਹੀਂ। ਸ਼ਕਾਰੀਓ! ਤੁਸੀਂ ਏਥੋਂ ਚਲੇ ਜਾਓ। ਜੇ ਬੈਰਾਗੀ ਆ ਗਿਆ ਤਾਂ ਰੋਲ਼ਾਂ ਪੀ ਲਵੇਗਾ। ਬੈਰਾਗੀ ਉਸ ਆਦਮੀ ਨੂੰ ਕਦੇ ਮਾਫ਼ ਨਹੀਂ ਕਰਦਾ ਜਿਹੜਾ ਉਹਦੇ ਹੁਕਮ ਦੀ ਉਲੰਘਣਾ ਕਰੇ। ਗੁਦਾਵਰੀ ਦੇ ਕੰਢੇ ਸਾਹ ਲੈ ਲਵੋ। ਉਥੇ ਤੁਹਾਨੂੰ ਕੋਈ ਨਹੀਂ ਡੱਕਦਾ"—ਦੂਜਾ ਸੇਵਾਦਾਰ ਆਖ ਰਿਹਾ ਸੀ।

—"ਸੋਹਣੇ ਸੋਹਣੇ ਰੁੱਖ ਵੇਖ ਕੇ ਜੀ ਲਲਚਾ ਪਿਆ ਏ. ਅਸਾਂ ਕਿਹੜਾ ਬਹਿ ਰਹਿਣਾ ਹੈ। ਦੁਪਹਿਰਾਂ ਕੱਢੀਆਂ ਤੇ ਆਪਣਾ ਰਾਹ ਫੜਿਆ।" ਇਕ ਸਿੱਖ ਨੇ ਨਰਮੀ ਵਿਚ ਆਖਿਆ।

—"ਇਹ ਮੁਗਲ ਨਰਮੀ ਦੇ ਯਾਰ ਨਹੀਂ ਇਨ੍ਹਾਂ ਦਾ ਪੀਰ ਡੰਡਾ ਹੈ। ਖੂੰਡੇ ਕੱਢ ਲਿਆਓ ਤੇ ਮਾਰ ਮਾਰ ਕੇ ਵੱਖੀਆਂ ਪਾ ਦਿਉ। ਫੇਰ ਵੇਖੋ ਇਨ੍ਹਾਂ ਨੂੰ ਭੱਜਦਿਆਂ ਕਿਤੇ ਰਾਹ ਵੀ ਲੱਭਦਾ ਏ। ਇਹ ਆਉਂਦਿਆਂ ਦੇ ਮੋਹਰੇ ਤੇ ਭੱਜਦਿਆਂ ਦੇ ਅੱਗੇ।"

ਖੂੰਡੇ ਝੁੱਗੀਆਂ 'ਚੋਂ ਨਿਕਲ ਪਏ। ਸਾਨ੍ਹਾਂ ਵਾਂਗੂ ਫਿਟੇ ਹੋਏ ਚੇਲਿਆਂ ਨੇ ਖਰੁੰਡੀਏ ਖੜਪਿਆਂ ਵਾਂਗੂ ਝੁੱਗੀਆਂ ਵਿਚੋਂ ਸਿਰ ਕੱਢ ਲਿਆ। ਚਹੁੰ ਪਾਸੇ ਤਣੇ ਹੋਏ ਖੂੰਡੇ ਸਨ ਤੇ ਸਾਹਮਣੇ ਗੁਰੂ ਗੋਬਿੰਦ ਸਿੰਘ। ਜਲਾਲ ਦੇ ਰੋਅਬ ਅੱਗੇ ਸਾਰੇ ਖੂੰਡੇ ਮਾਤ ਪੈ ਗਏ ਤੇ ਇਕ ਸੇਵਾਦਾਰ ਆਖ ਰਿਹਾ ਸੀ:—

—"ਇਹ ਤੇ ਸਿੱਖ ਹਨ, ਮੁਗਲ ਨਹੀਂ, ਸਾਡੇ ਗੁਆਂਢੀ ਹਨ, ਕੋਈ ਓਪਰੇ ਥੋੜ੍ਹੇ ਹਨ ਅਸੀਂ ਕਈ ਵਾਰ ਇਨ੍ਹਾਂ ਦੇ ਡੇਰੇ ਲਾਗਿਓਂ ਦੀ ਲੰਘੇ ਹਾਂ। ਬੜੇ ਚੰਗੇ ਲੋਕ ਹਨ ਮਿਲਣਸਾਰ ਧੰਨ ਇਹ ਕੋਈ ਮਾਸਹਾਰੀ ਥੋੜ੍ਹੇ ਹਨ।"

—"ਬਹਿ ਜਾਓ ਸਤਿਗੁਰ। ਪਲੰਘ ਡਠਾ ਹੋਇਆ ਹੈ। ਅਸਾਂ ਤਾਂ ਮੁਗਲ ਸਮਝਕੇ ਏਨੀਆਂ ਗੱਲਾਂ ਕੀਤੀਆਂ ਸਨ। ਤੁਸੀਂ ਤਾਂ ਸਾਡੇ ਭਰਾ ਓ। ਧੰਨ ਭਾਗ ਸਾਡੇ ਜੇ ਤੁਸੀਂ ਆਏ। ਜਮ ਜਮ ਆਉ, ਕੀੜੀ ਘਰ ਨਾਰਾਇਣ ਕਿਸੇ ਪੂਰਨ ਭਾਗਾਂ ਵਾਲੇ ਦੀ ਕਿਸਮਤ ਵਿਚ"—ਬੈਰਾਗੀ ਦੇ ਚੇਲੇ ਨੇ ਦੂਜੇ ਨੂੰ ਆਖਿਆ।

ਪਹਿਲਾ:—ਓਏ ਇਹ ਕੀ ਏ?

ਦੂਜਾ:—(ਪਰੇ ਹੋ ਕੇ ਇਸ਼ਾਰਾ ਕਰਦਿਆਂ) ਸਾਨੂੰ ਕੀ ਲੋੜ ਏ ਰਾਹ ਜਾਂਦੀ ਲੜਾਈ ਮੁੱਲ ਲੈਣ ਦੀ। ਸਾਡੇ ਕੋਲ ਇਕ ਕੁੜਿੱਕੀ ਜੁ ਏ। ਸ਼ਿਕਾਰ ਫਾਹ ਦਿੱਤਾ ਹੈ ਨਿਕਲ ਜਾਵੇਗਾ ਤਾਂ ਉਹਦੇ ਭਾਗ। ਜ਼ਰਾ ਥੀਰਾਂ ਨੂੰ ਜਾਕੇ ਸ਼ਿਸ਼ਕਾਰ ਦਿਉ ਤੇ ਬਸ, ਖੁੱਥ ਠਪੀ ਜਾਵੇਗੀ। ਹੜੀ-ਹੈਂਕੜ ਵੀ ਟੁਟ ਜਾਵੇਗੀ ਤੇ ਟੁਕੜੇ ਬਹਿ ਹੋ ਜਾਣਗੇ।

ਪਹਿਲਾ:—ਵਾਹ ਬਈ ਵਾਹ, ਤੇਰੀ ਸੂਝ ਦੀ ਦਾਦ ਦੇਣੀ ਪੈਂਦੀ।

ਦੂਜਾ:—ਚੇਲਾ ਕੀਹਦਾ ਹਾਂ, ਬੈਰਾਗੀ ਦਾ, ਸੁਣਿਆ ਨਹੀਂਓ, ਗੁਰੂ ਜਿਨ੍ਹਾਂ ਦੇ ਉਡਣੇ, ਚੇਲੇ ਜਾਣ ਛੜੱਪ।

ਪਹਿਲਾ :—ਜੇ ਅਸੀਂ ਇਸੇ ਤਰ੍ਹਾਂ ਇਨ੍ਹਾਂ ਨੂੰ ਬੰਦ ਕਰਦੇ ਤੇ ਸ਼ਾਇਦ ਸਾਡੀ ਖੁਬ ਠੱਪ ਦੇਂਦੇ ਤੇ ਪਏ ਟਕੋਰ ਕਰਦੇ ਫਿਰਦੇ। 'ਨਾ ਹਿੰਗ ਲਗੇ ਨਾ ਫਟਕੜੀ ਰੰਗ ਚੋਖਾ ਆਵੇ।'

ਦੂਜਾ :—ਅੱਛਾ ਮੈਂ ਜਾਂਦਾ ਹਾਂ ਤੇ ਬੀਰਾਂ ਦੇ ਕੰਨ ਵਿਚ ਫੂਕ ਮਾਰਦਾ ਹਾਂ। ਫਿਰ ਵੇਖੀਂ ਪਲੰਘ ਤੇ ਭੰਬੀਰੀਆਂ ਭਉਂਦੀਆਂ।

ਪਹਿਲਾ :—ਬਹਾਦਰ ਸ਼ਾਹ ਇਨ੍ਹਾਂ ਦਾ ਬੜਾ ਮਤੀਹ ਉ। ਪਾਣੀ ਭਰਦਾ ਈ ਸਣੇ ਸਾਰੀ ਫੌਜ ਦੇ। ਅਕਸਰ ਕੋਈ ਗੁਣ ਏ ਤੇ ਬਹਾਦਰ ਸ਼ਾਹ ਪਿੱਛੇ ਪਿੱਛੇ ਫਿਰਦਾ ਏ ਨਹੀਂ ਤੇ ਮੁਗਲ ਕਿਸੇ ਨਾਲ ਅੱਖ ਨਹੀਂ ਰਲਾਉਂਦੇ।

ਦੂਜਾ ਚੇਲਾ ਬੀਰਾਂ ਨੂੰ ਜਗਾਣ ਚਲਿਆ ਜਾਂਦਾ ਹੈ ਤੇ ਗੁਰੂ ਜੀ ਵੀ ਤਾੜ ਜਾਂਦੇ ਹਨ। ਉਨ੍ਹਾਂ ਦੀਆਂ ਕਾਰਸਤਾਨੀਆਂ ਤਾਂ ਉਹ ਮੱਥਾ ਵੇਖ ਕੇ ਈ ਜਾਣ ਗਏ ਸਨ। ਦੋਹਾਂ ਚੇਲਿਆਂ ਦੀ ਘੁਸ ਮੁਸ ਕਿਸੇ ਸ਼ਰਾਰਤ ਦਾ ਮੁੱਢ ਜਾਪਦੀ ਸੀ। ਬੀਰਾਂ ਨੇ ਪਲੰਘ ਨੂੰ ਇਕ ਝਟਕਾ ਦਿੱਤਾ ਤੇ ਸਤਿਗੁਰ ਜ਼ਰਾ ਸੰਭਲੇ। ਦੂਜਾ ਝਟਕਾ ਮਾਰਨ ਦੀ ਬੀਰ ਸਲਾਹ ਹੀ ਕਰ ਰਹੇ ਸਨ ਕਿ ਸਿੱਖ ਬੋਲ ਉਠੇ।

"ਸਤਿਗੁਰ ਭੁਚਾਲ ਆ ਗਿਆ।"

—"ਬਈ ਇਹ ਭੁਚਾਲ ਧਰਤੀ ਦਾ ਨਹੀਂ, ਬੀਰਾਂ ਦਾਂ ਏ।" ਸਿੱਖਾਂ ਨੂੰ ਉਨ੍ਹਾਂ ਦਾ ਇਸ਼ਾਰਾ ਕੀਤਾ। ਸਿੱਖਾਂ ਇਕੋ ਝਟਕੇ ਨਾਲ ਚਾਰੇ ਹਰਨ ਝਟਕਾ ਦਿੱਤੇ। ਹਰਨਾਂ ਦੇ ਝਟਕਾਣ ਨਾਲ ਬੀਰਾਂ ਦੀ ਤਾਕਤ ਦਾ ਲੱਕ ਟੁਟ ਗਿਆ, ਪਰ ਉਨ੍ਹਾਂ ਫੇਰ ਵੀ ਦੂਜਾ ਹੱਲਾ ਮਾਰਨ ਦੀ ਕੋਸ਼ਿਸ਼ ਕੀਤੀ, ਪਰ ਮੁੜ੍ਹਕਾ ਉਨ੍ਹਾਂ ਦੇ ਸਰੀਰ ਵਿਚੋਂ ਛੁਟ ਗਿਆ, ਸਾਹ ਉਖੜ ਚੁਕਾ ਸੀ। ਸ਼ਰਮਿੰਦਗੀ ਨਾਲ ਚੇਲਿਆਂ ਦੇ ਮੱਥਿਆਂ ਤੇ ਤਰੇਲੀਆਂ ਆ ਗਈਆਂ ਸਨ।

ਦੂਜਾ :—ਇਹ ਤੇ ਕੋਈ ਕਰਨੀ ਵਾਲਾ ਜਾਪਦਾ ਏ। ਏਥੇ ਵਡਿਆਂ ਵਡਿਆਂ ਦੀ ਫਟਕੜੀ ਫੁਲ ਹੋ ਗਈ ਪਰ ਇਹਦਾ ਤਾਂ ਕਿਤੇ ਵਾਲ ਵੀ ਵਿੰਗਾ ਨਹੀਂ ਹੋਇਆ। ਬੀਰ ਥਕ ਟੁਟ ਕੇ ਖੂੰਜੇ ਬੈਠ ਗਏ ਹਨ। ਉਨ੍ਹਾਂ ਦੇ ਟੂਣੇ ਦਾ ਜਲੂਸ ਨਿਕਲ ਗਿਆ ਹੈ। ਜਾ ਭਰਾ ਬੈਰਾਗੀ ਨੂੰ ਖ਼ਬਰ ਕਰ, ਨਹੀਂ ਤਾਂ ਕਿਤੇ ਤਖਤਾ ਈ ਨਾ ਉਲਟ ਜਾਵੇ। ਸ਼ਿਕਾਰੀਆਂ ਵਿਚ ਤਿਆਗੀ ਦਾ ਜਲਾਲ। ਕਿਤੇ ਭੇਸ ਵਟਾ ਕੇ ਕੋਈ ਜੋਗੀ ਤਾਂ ਨਹੀਂ ਆਣ ਬੈਠਾ।

ਪਹਿਲਾ :—ਨਹੀਂ ਓਏ ਸਿੱਖਾਂ ਦਾ ਗੁਰੂ ਏ। ਮੈਂ ਅਜੇ ਕੱਲ੍ਹ ਸਿੱਖਾਂ ਦੇ ਡੇਰੇ ਵਿਚ ਬਠਾ ਵੇਖਿਆ ਸੀ। ਜਾ ਕੇ ਬੈਰਾਗੀ ਨੂੰ ਸਦਦੇ ਹਾਂ। ਤੂੰ ਮਿੰਨਤ ਸਮਾਜਤ ਕਰ ਕੇ ਭੁਲ ਬਖਸ਼ਾ। ਕਿਸਮਤ ਨਾਲ ਮਹਾਤਮਾ ਦੇ ਦਰਸ਼ਨ ਹੁੰਦੇ ਹਨ। ਜੇ ਕੁਝ ਲਿਆ ਜਾਂਦਾ ਈ ਤਾਂ ਲੈ ਲੈ।

ਹਰਨ ਝਟਕਾਣ ਦੀ ਅਸਲ ਗੱਲ ਸਿੱਖ ਜਾਂ ਬੈਰਾਗੀ ਦੇ ਆਸ਼ਰਮ ਦੇ ਚੇਲੇ ਕੋਈ ਵੀ ਨਹੀਂ ਸਨ ਸਮਝ ਸਕੇ। ਇਸ ਗੱਲ ਨੂੰ ਜਾਂ ਬੈਰਾਗੀ ਜਾਣਦਾ ਸੀ ਤੇ ਜਾਂ ਸਤਿਗੁਰ ਨੇ ਆਪਣੀ ਸ਼ਕਤੀ

ਨਾਲ ਇਸ ਦੀ ਖੋਜ ਕੱਢ ਲਈ ਸੀ। ਪੁਰਾਣਾਂ ਦੇ ਪਾਠਕ ਇਹੋ ਜਹੀਆਂ ਘੁੰਡੀਆਂ ਜਾਣਦੇ ਸਨ। ਸਾਧਾਰਣ ਆਦਮੀ ਇਸ ਗੁੰਝਲ ਨੂੰ ਨਹੀਂ ਖੋਲ੍ਹ ਸਕਦਾ।

ਇਕ ਘੋੜ ਸਵਾਰ ਸਿੱਖਾਂ ਦੇ ਲਾਗਿਉਂ ਦੀ ਹੋਕੇ ਉਠ ਨਸਾ। ਸਿੱਖ ਚਾਹੁੰਦੇ ਤਾਂ ਉਹਨੂੰ ਵਿੰਨ੍ਹ ਦੇਂਦੇ ਪਰ ਸਤਿਗੁਰ ਦੇ ਇਸ਼ਾਰੇ ਨੇ ਉਹਨਾਂ ਦੇ ਪੈਰਾਂ ਨੂੰ ਕਮੰਦ ਪਾ ਲਈ। ਉਹ ਚੇਲਾ ਬੈਰਾਗੀ ਨੂੰ ਸੱਦਣ ਜਾ ਰਿਹਾ ਸੀ। ਸ਼ਰਮਿੰਦਗੀ ਨੇ ਸਤਿਗੁਰ ਕੋਲ ਜਾਣ ਦੀ ਜੁਰਅੱਤ ਨਾ ਦਿੱਤੀ। ਉਹ ਆਪਣੇ ਆਪ ਵਿਚ ਹੀ ਪਾਣੀਉਂ ਪਾਣੀ ਹੋ ਰਿਹਾ ਸੀ। ਸਾਰਾ ਆਸ਼ਰਮ ਹੈਰਾਨ ਸੀ, ਸਿੱਖ ਇਕ ਦੂਜੇ ਦਾ ਮੂੰਹ ਵੇਖ ਰਹੇ ਸਨ। ਸਤਿਗੁਰਾਂ ਪਲੰਘ ਤੇ ਆਸਨ ਜਮਾ ਲਿਆ ਤੇ ਤਾੜੀ ਲਾਈ। ਬੈਰਾਗੀ ਨੂੰ ਜਦ ਖਬਰ ਹੋਈ ਤਾਂ ਰੋਹ ਚੜ੍ਹ ਗਿਆ। ਗੁੱਸੇ ਦੀ ਅਗਨੀ ਨੇ ਚਿਹਰਾ ਲਾਲ ਕਰ ਦਿੱਤਾ। ਲਾਲ ਸੁਰਹੀਆਂ ਬੋਟੀਆਂ ਵਰਗੀਆਂ ਅੱਖਾਂ ਹੋ ਗਈਆਂ। ਘੋੜੇ ਦੀ ਰਕਾਬ ਤੇ ਪੈਰ ਰਖਿਆ ਤੇ ਘੋੜਾ ਆਸ਼ਰਮ ਵਲ ਸਰਪਟ ਛਡ ਦਿੱਤਾ। ਘੋੜਾ ਹਵਾ ਨਾਲ ਗੱਲਾਂ ਕਰਨ ਲੱਗਾ। ਇਕ ਦਮ ਆਸ਼ਰਮ ਦੇ ਬੂਹੇ ਅੱਗੇ ਘੋੜੇ ਦੀਆਂ ਵਾਗਾਂ ਰੁਕੀਆਂ। ਘੋੜੇ ਦੇ ਚਾਰੇ ਸੁੰਮ ਧਰਤੀ ਵਿਚ ਖੁਭ ਗਏ। ਬੈਰਾਗੀ ਜਦ ਆਸ਼ਰਮ ਦਾ ਬੂਹਾ ਟਪਿਆ ਤਾਂ ਸਤਿਗੁਰ ਤਾੜੀ ਵਿਚ ਸਨ।

—"ਪਵਿੱਤਰ ਆਸ਼ਰਮ ਨੂੰ ਨਾਪਾਕ ਕਰਨ ਵਾਲਾ ਕੌਣ ਏ? ਮਲੇਛ, ਰਾਖਸ਼ ਸਾਡੇ ਆਸ਼ਰਮ ਵਿਚ ਜੀਵ-ਹਤਿਆ ਕਰਦਾ ਰਿਹਾ ਤੇ ਤੁਸੀਂ ਚੁਪ ਮੂੰਹ ਵੇਖਦੇ ਰਹੇ। ਬੋਲਦਾ ਕਿਉਂ ਨਹੀਂ ਸੇਵਾਦਾਰ। ਬੋਲਦਾ ਕਿਉਂ ਨਹੀਂ। ਤੇਰੇ ਮੂੰਹ ਵਿਚ ਘੁੰਗਣੀਆਂ ਪਈਆਂ ਹੋਈਆਂ ਨੇ, ਜੰਦਰਾ ਵਜ ਗਿਆ ਈ। ਸੱਪ ਤਾਂ ਨਹੀਂ ਸੁੰਘ ਗਿਆ? ਇਸ ਦੋਦਲ ਨੂੰ ਤੋੜ।" ਬੈਰਾਗੀ ਬੋਲ ਰਿਹਾ ਸੀ ਤੇ ਗੁੱਸੇ ਨਾਲ ਉਹਦੀਆਂ ਰਗਾਂ ਫੁਲੀਆਂ ਹੋਈਆਂ ਸਨ।

—"ਸਿੱਖ ਗੁਰੂ" ਸੇਵਾਦਾਰ ਬੋਲਿਆ ਤੇ ਨਾਲ ਇਸ਼ਾਰੇ ਵਿਚ ਦਸ ਵੀ ਦਿੱਤਾ।

—"ਕੌਣ, ਸਿੱਖ ਗੁਰੂ! ਕਿੱਥੇ? ਮੈਂ ਵੇਖਦਾ ਹਾਂ! ਗੁਰੂ ਦੇ ਰੂਪ ਵਿਚ...! ਜੀਵ ਹੱਤਿਆ ਗੁਰੂਆਂ ਨੂੰ ਸ਼ੋਭਾ ਨਹੀਂ ਦੇਂਦੀ। ਗੁਰੂਆਂ ਦੇ ਹੱਥਾਂ ਵਿਚ ਮਾਲਾ ਦੇ ਮਣਕੇ ਹੀ ਸੋਹਣੇ ਲਗਦੇ ਹਨ, ਖੂਨੀ ਕਟਾਰਾਂ ਨਹੀਂ। ਖੂਨ ਨੇ ਮੇਰੇ ਆਸ਼ਰਮ ਨੂੰ ਅਪਵਿੱਤਰ ਕਰ ਦਿੱਤਾ ਏ। ਭ੍ਰਿਸ਼ਟਿਆ ਹੋਇਆ ਆਸਣ ਤਪਸਿਆ ਦੀ ਮ੍ਰਿਗਸ਼ਾਲਾਂ ਦੇ ਕਿਸ ਤਰ੍ਹਾਂ ਯੋਗ ਰਹਿੰਦਾ ਏ? ਇਹ ਆਸ਼ਰਮ ਨਹੀਂ ਰਿਹਾ, ਜ਼ਿਬ੍ਹਾ-ਖਾਨਾ ਬਣ ਗਿਆਂ ਏ। ਮੁਗਲਾਂ ਦਾ ਅਸਰ ਏ। ਸੁਹਬਤ ਦਾ ਅਸਰ ਹੋਣੋਂ ਨਹੀਂ ਰਹਿੰਦਾ।" ਬੈਰਾਗੀ ਗੁੱਸੇ ਵਿਚ ਲਾਲ ਪੀਲਾ ਹੋ ਰਿਹਾ ਸੀ

ਗੁਰੂ ਗੋਬਿੰਦ ਸਿੰਘ ਬੋਲੇ, "ਜੋਗੀ ਤੂੰ ਜੋਗੀ ਏਂ। ਜੋਗੀ ਹੀ ਹੈਂ ਤਿਆਗੀ ਨਾ ਬਣ ਸਕਿਓਂ। ਤਪੱਸਵੀ ਉਹ ਏ ਜਿਹੜਾ ਤਿਆਗੀ ਵੀ ਹੋਵੇ ਤੇ ਜੋਗੀ ਵੀ। ਜੋਗ ਆਤਮਾ ਦੀ ਖੁਰਾਕ ਹੈ।"

ਬੈਰਾਗੀ ਨੱਕ 'ਚੋਂ ਠੂੰਹੇਂ ਕੇਰਦਾ ਬੀਰਾਂ ਦੀ ਕੋਠੜੀ ਵੱਲ ਚਲਾ ਗਿਆ। ਬੀਰ ਹਥ ਜੋੜਕੇ ਸਜਦੇ ਵਿਚ ਝੁਕ ਗਏ।

—"ਕੀ ਗੱਲ ਏ, ਮੈਂ ਤੁਹਾਡੇ ਚਿਹਰੇ ਤੇ ਹਵਾਈਆਂ ਉਡਦੀਆਂ ਵੇਖ ਰਿਹਾ ਹਾਂ, ਖਾ ਕੇ ਹਰਾਮ ਕੀਤਾ ਜੇ ? ਡੁੱਬ ਮਰੋ" —ਬੈਰਾਗੀ ਕੜਕ ਕੇ ਆਖ ਰਿਹਾ ਸੀ ।

—"ਇਹ ਕੋਈ ਅਣਮਾਪਿਆ ਸਮੁੰਦਰ ਏ । ਇਹਦੀ ਥਾਹ ਨਹੀਂ, ਚੁਭੀ ਮਾਰਨੀ ਗੋਤੇ ਖਾਣ ਵਾਲੀ ਗੱਲ ਏ"—ਇਕ ਬੀਰ ਬੋਲਿਆ ।

—"ਫਤਹਿ ਦੇ ਡੰਕੇ ਵਜਾਉਣ ਵਾਲੇ ਜੇ ਕਦੀ ਸ਼ਿਕਸਤ ਦਾ ਮੂੰਹ ਵੇਖ ਲੈਂਦੇ ਹਨ ਤਾਂ ਕੀ ਉਹ ਹੌਂਸਲਾ ਹਾਰ ਦੇਂਦੇ ਹਨ ? ਇਕ ਵਾਰ ਫੇਰ ਕਿਸਮਤ ਅਜ਼ਮਾਈ ਕਰਕੇ ਵੇਖੋ । ਸ਼ਾਇਦ ਫਤਹਿ ਫੇਰ ਤੁਹਾਡੇ ਪੈਰ ਚੁੰਮ ਲਵੇ । ਬਹਾਦਰ ਹਾਰ ਖਾ ਕੇ ਫਤਹਿ ਦਾ ਨਸ਼ਾ ਨਹੀਂ ਖਤਮ ਕਰ ਲੈਂਦੇ । ਨਸ਼ਾ ਖਤਮ ਹੋਣਾ ਜੀਉਂਦੀ ਜਾਗਦੀ ਮੌਤ ਏ । ਸਿਰ ਤੋਂ ਲੈਕੇ ਅੱਡੀ ਤਕ ਜ਼ੋਰ ਲਾ ਦਿਉ । ਅੰਜਾਮ ਭਗਵਾਨ ਦੇ ਹੱਥ ਏ ।" ਬੈਰਾਗੀ ਨੇ ਬੀਰਾਂ ਨੂੰ ਡਾਂਟਦਿਆਂ ਆਖਿਆ ।

—"ਸਾਡੀ ਹਿੰਮਤ ਜਵਾਬ ਦੇ ਚੁਕੀ ਏ । ਤੁਹਾਡੇ ਕਹਿਣ ਨਾਲ ਇਕ ਵਾਰ ਫੇਰ ਪਲੰਘ ਉਲਟਾਣ ਦੀ ਕੋਸ਼ਿਸ਼ ਕਰਦੇ ਹਾਂ, ਪਰ ਇਹ ਕਾਢ ਕਾਰਗਰ ਨਹੀਂ ਹੋਣ ਲਗੀ ਐਵੇਂ ਦਿਲ ਲਗੀ ਏ"—ਬੀਰ ਨੇ ਜਵਾਬ ਦਿੱਤਾ ।

—"ਸਾਡੀ ਤਾਕਤ ਦੇ ਡੰਕੇ ਤਦ ਵਜ ਸਕਦੇ ਹਨ, ਜਦ ਤਕ ਇਹ ਥਾਂ ਪਵਿੱਤਰ ਸੀ । ਹੁਣ ਇਥੇ ਮਹਾਂ ਪ੍ਰਸਾਦ ਰਿੱਝ ਚੁੱਕਾ ਏ । ਗੈਬੀ ਤਾਕਤ ਪਲੰਘ ਤੇ ਬੈਠੇ ਸੂਰਮੇ ਨੂੰ ਥੱਲੇ ਨਹੀ ਸੁੱਟ ਸਕਦੀ । ਇਕ ਅੱਧ ਝਟਕਾ ਭਾਵੇਂ ਦੇ ਦੇਵੀਏ । ਇਹਦਾ ਕੋਈ ਫਾਇਦਾ ਨਹੀਂ ਛੇੜ ਛਿੜ ਜਾਵੇਗੀ"—ਬੀਰ ਨੇ ਬੈਰਾਗੀ ਨੂੰ ਸਮਝਾ ਕੇ ਆਖਿਆ ।

—"ਜਿੰਨਾ ਚਿਰ ਲੋਕ ਤੈਥੋਂ ਯਰਕਦੇ ਰਹੇ, ਤੂੰ ਯਰਕਾਂਦਾ ਰਿਹੋਂ । ਤੇਰੀ ਤਾਕਤ ਅੱਗੇ ਕਿਸੇ ਨੇ ਸਿਰ ਨਾ ਚੁੱਕਿਆ । ਜੇ ਹੁਣ ਯਰਕਣ ਦਾ ਵੇਲਾ ਆਇਆ ਈ ਤਾਂ ਚੁਪ ਕਰ ਕੇ ਯਰਕ ਜਾ ਐਵੇਂ ਲੋਕਾਂ ਨੂੰ ਆਪਣਾ ਤਮਾਸ਼ਾ ਨਾ ਵਿਖਾ ।" ਬੁੱਢਾ ਯਾਤਰੀ ਬੈਰਾਗੀ ਦੇ ਕੋਲ ਖਲੋਤਾ ਆਖ ਰਿਹਾ ਸੀ ।

—"ਨਹੀਂ, ਨਹੀਂ ਤੁਸੀਂ ਯਾਤਰੀ ਦੀਆਂ ਗੱਲਾਂ ਵਿਚ ਨਾ ਆਓ । ਤੁਸੀਂ ਇਕ ਵਾਰ ਫੇਰ ਹੰਭਲਾ ਮਾਰੋ, ਸ਼ਾਇਦ ਤੁਹਾਡਾ ਦਾਅ ਚਲ ਜਾਵੇ । ਤਾੜੀ ਵਿਚ ਆਦਮੀ ਬੇਸੁਧ ਹੁੰਦਾ ਹੈ ।" ਬੈਰਾਗੀ ਬੀਰਾਂ ਨੂੰ ਮਜਬੂਰ ਕਰ ਰਿਹਾ ਸੀ ।

ਬੀਰਾਂ ਨੇ ਪਲੰਘ ਥੱਲੇ ਜਾ ਕੇ ਇਕ ਵਾਰ ਫੇਰ ਹਿੰਮਤ ਅਜ਼ਮਾਈ । ਜਦੋਂ ਬੀਰਾਂ ਦੇ ਜ਼ੋਰ ਨਾਲ, ਪਲੰਘ ਨੇ ਝਟਕਾ ਖਾਧਾ ਤਾਂ ਸਤਿਗੁਰ ਦੀ ਤਾੜੀ ਖੁਲ੍ਹ ਗਈ । ਬੈਰਾਗੀ ਆਪਣੀ ਹਾਰ ਵਿਚ ਪਾਣੀਉਂ ਪਾਣੀ ਹੋ ਗਿਆ, ਤੇ ਉਹਦੀਆਂ ਅੱਖਾਂ ਝੁਕ ਗਈਆਂ ਸਤਿਗੁਰ ਅੱਗੇ । ਗਲ ਵਿਚ ਪਾਈ ਮਣਕਿਆਂ ਦੀ ਮਾਲਾ ਨੂੰ ਹੱਥ ਵਿਚ ਲੈਕੇ ਚਰਨੀ ਆਣ ਡਿੱਗਾ । ਮਾਧੋ ਦਾਸ ਬੈਰਾਗੀ ਆਖ ਰਿਹਾ ਸੀ—"ਤੂੰ ਮੇਰਾ ਸਤਿਗੁਰ ਤੇ ਮੈਂ ਤੇਰਾ ਬੰਦਾ, ਮੈਨੂੰ ਸ਼ਰਨ ਦਿਓ ।"

—"ਬੰਦਾ ਤਾਹੀਉਂ ਬਣਦਾ ਏ, ਜਦ ਉਹ ਆਪਣੀ ਮਾਤਾ ਦੀ ਸੇਵਾ ਕਰੇ। ਜਾਹ ਅੱਜ ਤੋਂ ਤੈਨੂੰ ਅਸਾਂ ਬੰਦੇ ਦਾ ਖਤਾਬ ਦਿੱਤਾ। ਬਹਾਦਰ ਦਿਲ ਵਿਚ ਰੋਹ ਨਹੀਂ ਰਖਦੇ। ਤੇਰੀ ਦ੍ਰਿੜ੍ਹਤਾ ਨੂੰ ਵੀ ਵੇਖਿਆ ਤੇ ਤੇਰੀ ਆਜਜ਼ੀ ਨੂੰ ਵੀ। ਅਸੀਂ ਤੇਰੇ ਤੇ ਖੁਸ਼ ਹਾਂ। ਅੱਜ ਤੋਂ ਤੈਨੂੰ ਸਾਰੇ ਬੰਦੇ ਦੇ ਨਾਂ ਨਾਲ ਯਾਦ ਕਰਨਗੇ। ਆਹ ਲੈ ਪੰਜ ਤੀਰ। ਆਹ ਖਲੋਤੇ ਈ, ਪੰਜ ਬੀਰ ਪੰਜ ਹਜ਼ਾਰੀ ਵਾਲੇ ਸਰਕਾਰੀ ਖਿਤਾਬਾਂ ਤੋਂ ਵੀ ਸਿਰ ਕੱਢਦੇ ਹਨ। ਇਹਨਾਂ ਪੰਜਾਂ ਤੀਰਾਂ ਨਾਲ ਤੂੰ ਪੰਜਾਬ ਸਰ ਕਰ ਸਕਦਾ ਏਂ। ਜਾਹ, ਆਪਣੀ ਜਨਮ ਭੂਮੀ ਦੀ ਰਖਸ਼ਾ ਕਰ। ਮਾਂ ਦੀ ਰਖਸ਼ਾ ਕਰ। ਪੰਜ ਨਦੀਆਂ ਦੀ ਧਰਤੀ ਤੇਰੀ ਮਾਂ ਏ।"

—"ਜੈ ਸ਼ਿਵ ਸ਼ੰਭੂ।' ਬੈਰਾਗੀ, ਬੈਰਾਗ ਦਾ ਤਿਆਗ ਕਰਕੇ ਕਰਮ ਯੋਗ ਦੇ ਮਾਰਗ ਵਿਚ ਸ਼ਾਮਲ ਹੋਇਆ ਏ। ਬੈਰਾਗੀ ਅੱਜ ਤੂੰ ਬੰਦਾ ਬਣਿਆਂ ਏ।" ਬੁੱਢੇ ਪੁਜਾਰੀ ਨੇ ਬੰਦੇ ਨੂੰ ਥਾਪਣਾ ਦਿੰਦੇ ਹੋਏ ਆਖਿਆ।

"ਪੁਜਾਰੀ, ਆ ਗਿਆ ਏਂ।"

—"ਹਾਂ, ਸਤਿਗੁਰੂ।"

—"ਲੈ ਅੱਜ ਤੋਂ ਤੈਨੂੰ ਆਪਣਾ ਬੰਦਾ ਦੇਂਦੇ ਹਾਂ, ਅੱਗੇ ਬੈਰਾਗੀ ਤੇਰਾ ਸੀ ਹੁਣ ਬੈਰਾਗੀ ਸਾਡਾ ਬੰਦਾ ਏ। ਇਹ ਦੀ ਬਾਂਹ ਫੜ ਲੈ। ਬਾਂਹ ਫੜਨ ਦੀ ਲਾਜ ਰੱਖਣੀ ਊ। ਆਪਣੀ ਰਾਜਨੀਤੀ ਨਾਲ ਪੰਜਾਬ ਵਿਚ ਹੋ ਰਹੇ ਜ਼ੁਲਮਾਂ ਦਾ ਨਾਸ਼ ਕਰ ਦੇਵੀਂ ਤੇ ਆਪਣੀ ਮਾਂ ਦੀ ਹਿੱਕ ਠੰਢੀ ਪਾਵੀਂ। ਅੱਜ ਤੋਂ ਬੰਦਾ ਸਾਰੇ ਸਿੱਖਾਂ ਦਾ ਸਰਦਾਰ ਏ। ਤੂੰ ਇਸ ਦਾ ਰਾਜਗੁਰੂ। ਤੇਰੀ ਨੀਤੀ ਸਿੱਖਾਂ ਦੀ ਨੀਤੀ ਹੋਵੇਗੀ. ਪੰਜਾਂ ਸਿੱਖਾਂ ਦੀ ਸਲਾਹ ਵਿਚ ਜਦ ਤੇਰਾ ਪ੍ਰਵੇਸ਼ ਹੋਵੇਗਾ ਤਾਂ ਹਰ ਗੱਲ ਨੇਪਰੇ ਚੜ੍ਹੇਗੀ। ਪੰਜਾਂ ਵਿਚ ਪਰਮੇਸ਼ਰ ਏ। ਪੰਜਾਂ ਦੀ ਸਲਾਹ ਪ੍ਰਮਾਤਮਾ ਦਾ ਹੁਕਮ ਏ। ਪੰਜਾਂ ਦੀ ਸਲਾਹ ਦੇ ਬਗੈਰ ਕੋਈ ਕੰਮ ਨਾ ਕਰੀਂ। ਏਹੋ ਤੁਹਾਡੀ ਕਾਮਯਾਬੀ ਦਾ ਮੁੱਢ ਏ। ਜਿਸ ਤਰ੍ਹਾਂ ਸਿੱਖ ਸਾਡਾ ਹੁਕਮ ਮੰਨਦੇ ਰਹੇ ਹਨ, ਉਸੇ ਤਰ੍ਹਾਂ ਤੇਰਾ ਤੇ ਬੰਦੇ ਦਾ ਹੁਕਮ ਮੰਨਿਆ ਜਾਵੇਗਾ। ਸ਼ਾਇਦ ਅਸੀਂ ਪੰਜਾਬ ਨਾ ਪੁਜ ਸਕੀਏ ਤੇ ਸ਼ਾਇਦ ਸਾਨੂੰ ਰਾਹ ਵਿਚ ਹੀ ਬੁਲਾਵਾ ਆ ਜਾਵੇ। ਅਕਾਲ ਪੁਰਖ ਦਾ ਭਾਣਾ ਮੰਨ ਕੇ ਤਲਵਾਰ ਦੇ ਕਬਜ਼ੇ ਤੇ ਹੱਥ ਪਾਉਣਾ। ਅਕਾਲ ਪੁਰਖ ਦਾ ਅਰਦਾਸਾ ਸੋਧ ਕੇ ਕਿਸੇ ਕੰਮ ਵੱਲ ਪੈਰ ਚੁਕਣੇ ਤੇ ਫੇਰ ਤੁਹਾਡੀ ਫਤਹਿ ਚੜ੍ਹਦੀਆਂ ਕਲਾਂ ਵਿਚ ਰਹੇਗੀ। ਸਾਡੇ ਅਧੂਰੇ ਕੰਮ ਨੂੰ ਨੇਪਰੇ ਚੜ੍ਹਾਉਣਾ ਤੁਹਾਡੇ ਹੱਥ ਹੈ"—ਗੁਰੂ ਗੋਬਿੰਦ ਸਿੰਘ ਆਖ ਰਹੇ ਸਨ।

ਸਿੱਖਾਂ ਇਕ ਵਾਰ ਬੰਦੇ ਤੇ ਦੂਜੀ ਵਾਰ ਸਤਿਗੁਰੂ ਦੀ ਜੈ ਜੈ ਦੇ ਨਾਅਰੇ ਮਾਰੇ। ਆਸ਼ਰਮ ਦੇ ਸੇਵਾਦਾਰ ਵੀ ਨਾਅਰਿਆਂ ਵਿਚ ਸ਼ਾਮਲ ਸਨ। ਦੁਪਹਿਰਾਂ ਢਲ ਚੁਕੀਆਂ ਸਨ। ਸਿੰਘਾਂ ਲੰਗਰ ਛਕਾਇਆ ਤੇ ਅਨੰਦ ਨਾਲ ਬੈਰਾਗੀ ਮੱਠ ਵਿਚ ਆਰਾਮ ਕਰਨ ਲੱਗ ਪਏ। ਗੁਦਾਵਰੀ ਦੀ ਠੰਢੀ ਹਵਾ ਰੁੱਖਾਂ ਨਾਲ ਖਹਿ ਕੇ ਬੈਰਾਗੀ ਦੇ ਮੱਠ ਵਿਚ ਆ ਰਹੀ ਸੀ। ਦੁਪਹਿਰਾਂ ਵੇਲੇ ਮੁਗਲ

ਰਾਜ ਦੇ ਸ਼ਾਹੀ ਸਰਦਖਾਨੇ ਬੈਰਾਗੀ ਮੱਠ ਦੇ ਪਾਸਕੂ ਵੀ ਨਾ ਹੁੰਦੇ।

—"ਸਤਿਗੁਰੂ ! ਬੈਰਾਗੀ ਰਹਿਣ ਵਾਲਾ ਕਿਥੋਂ ਦਾ ਏ ? ਇਹ ਤਾਂ ਅਸੀਂ ਅਜੇ ਤੱਕ ਨਹੀਂ ਜਾਣ ਸਕੇ......!"

—"ਸੁਣਿਆ ਏ, ਇਹ ਵੀ ਪੰਜਾਬੀ ਏ। ਅਸੀਂ ਇਕ ਦੂਜੇ ਤੋਂ ਚੰਗੀ ਤਰ੍ਹਾਂ ਜਾਣੂ ਹੋ ਜਾਣਨਾ ਚਾਹੁੰਦੇ ਹਾਂ ਤਾਂ ਜੋ ਕੋਈ ਇਕ ਦੂਜੇ ਬਾਰੇ ਭੁਲੇਖੇ ਦਾ ਸ਼ਿਕਾਰ ਨਾ ਰਹੇ।"

ਸਤਿਗੁਰਾਂ ਨੇ ਆਖਿਆ, "ਇਹ ਸਭ ਕੁਝ ਬੰਦਾ ਆਪਣੀ ਜ਼ਬਾਨੀ ਦਸ ਦੇਵੇਗਾ। ਅੱਜ ਤੋਂ ਤੁਸੀਂ ਬੰਦੇ ਦੇ ਓ ਤੇ ਬੰਦਾ ਤੁਹਾਡਾ—ਬੰਦਿਆ ! ਦਸ ਤੇਰੇ ਸਾਥੀ ਤੈਥੋਂ ਕੀ ਪੁਛਦੇ ਹਨ ?"

"ਸਤਿਗੁਰ ਇਹ ਇਕ ਲੰਬੀ ਕਹਾਣੀ ਹੈ। ਅਸਲ ਵਿਚ ਉਹ ਕਹਾਣੀ ਮੇਰੀ ਜ਼ਿੰਦਗੀ ਨਹੀਂ ਸੀ। ਮੇਰੀ ਜ਼ਿੰਦਗੀ ਦਾ ਮੁਢ ਅੱਜ ਤੋਂ ਸ਼ੁਰੂ ਹੋਇਆ ਹੈ। ਉਹ ਇਕ ਚੱਕਰ ਵਾਂਗ ਸੀ, ਆਵਾਗਵਣ ਵਿਚ ਭੌਣ ਵਾਲਾ। ਅੱਜ ਮੇਰੀ ਚੁਰਾਸੀ ਕੱਟੀ ਗਈ ਤੇ ਮੈਂ ਜ਼ਿੰਦਗੀ ਦੇ ਛੱਤੀਆਂ ਸਾਲਾਂ ਵਿਚ ਇਕ ਵੀ ਪੌੜੀ ਨਾ ਚੜ੍ਹ ਸਕਿਆ। ਬੈਕੁੰਠ ਜਾਣ ਵਾਲਾ ਬੂਹਾ ਮੈਨੂੰ ਅੱਜ ਹੀ ਲੱਭਾ ਹੈ। ਐਵੇਂ ਆਲੇ ਦੁਆਲੇ ਵਿਚ ਛੱਤੀ ਸਾਲ ਟੱਕਰਾਂ ਮਾਰਦੇ ਈ ਬੀਤ ਗਏ ਹਨ। ਜ਼ਿੰਦਗੀ ਦੇ ਪਹਿਲੇ ਮੋੜ ਨੇ ਮੈਨੂੰ ਸ਼ਿਕਾਰੀ ਤੋਂ ਬੈਰਾਗੀ ਬਣਾ ਦਿੱਤਾ ਤੇ ਦੂਜੇ ਮੋੜ ਨੇ ਬੈਰਾਗੀ ਤੋਂ ਬੰਦਾ।"

—"ਅੱਜ ਤੋਂ ਛੱਤੀ ਸਾਲ ਪਹਿਲਾਂ ਕਤਕ ਸ਼ੁਕਲ ਪੱਖ, ਸਤਾਰਾਂ ਸੌ ਸਤਾਈ ਸੰਮਤ ਕਸ਼ਮੀਰ ਦੇਸ਼ ਦੇ ਪੁਣਛ ਨਾਮੀ ਪਿੰਡ ਵਿਚ ਰਾਮ ਦੇਵ ਰਾਜਪੂਤ ਦੇ ਘਰ ਮੇਰਾ ਜਨਮ ਹੋਇਆ। ਮੇਰੀ ਮਾਂ ਰਾਜਪੂਤਨੀ ਸੀ। ਮੇਰੇ ਪਿਤਾ ਪਿੰਡ ਦੇ ਸਰਦਾਰ ਸਨ। ਭਾਵੇਂ ਪੁਣਛ ਛੋਟੀ ਜਿਹੀ ਜਗ੍ਹਾ ਹੈ ਪਰ ਉਸ ਵੇਲੇ ਰਾਜਪੂਤਾਂ ਦਾ ਗੜ੍ਹ ਸੀ। ਰਾਜਪੂਤ ਛੌਣੀਆਂ ਪਾ ਕੇ ਬੈਠੇ ਹੋਏ ਸਨ। ਪੰਜਾਬ ਵੱਲ ਆਉਣ ਵਾਲੇ ਲੁਟੇਰਿਆਂ ਦਾ ਮੂੰਹ ਮੋੜਨ ਲਈ। ਲੜਾਕੇ ਰਾਜਪੂਤ ਰਾਹ ਜਾਂਦਿਆਂ ਮੌਤ ਦਾ ਭਾ ਪੁਛ ਲੈਂਦੇ। ਕਾਬਲ, ਕੰਧਾਰ ਤੇ ਗਜ਼ਨੀ ਵਲੋਂ ਆਉਣ ਵਾਲੇ ਕਾਫਲੇ ਜਿਹੜੇ ਸੌਦਾਗਰ ਸਨ, ਉਹਨਾਂ ਵਿਚ ਵੀ ਕਈ ਲੁਟੇਰੇ ਭੇਸ ਵਟਾ ਕੇ ਆ ਜਾਂਦੇ ਤੇ ਜਦ ਲੁਟੇਰਿਆਂ ਦਾ ਇਕ ਚੰਗਾ ਟੋਲਾ ਬਣ ਜਾਂਦਾ ਤਾਂ ਉਹ ਲੁਟ ਮਾਰ ਕਰ ਕੇ ਕਾਬਲ, ਕੰਧਾਰ ਵੱਲ ਨੱਸ ਜਾਂਦੇ।

ਸਰਹੱਦ ਤੇ ਇਹੋ ਜਿਹੇ ਤਮਾਸ਼ੇ ਰੋਜ਼ ਹੁੰਦੇ ਰਹਿੰਦੇ। ਮੁਗਲਾਂ ਦਾ ਵੀ ਭਾਵੇਂ ਨੱਕ ਵਿਚ ਦਮ ਆਇਆ ਹੋਇਆ ਸੀ, ਪਰ ਉਹ ਵੀ ਤਾਂ ਉਸੇ ਜੂੰਡੀ ਦੇ ਆਦਮੀ ਸਨ। ਇਸ ਲਈ ਮੁਗਲ ਉਨ੍ਹਾਂ ਨੂੰ ਮਾਫ ਕਰ ਦੇਂਦੇ ਸਨ। ਪਰ ਰਾਜਪੂਤਾਂ ਦੇ ਅੜਿੱਕੇ ਜਿਹੜੀ ਚੰਡਾਲ ਚੌਂਕੜੀ ਚੜ੍ਹ ਜਾਂਦੀ, ਉਹਦੇ ਵਾਲਾ ਬੋ-ਕਾਟਾ ਉਹ ਬੁਲਾ ਦੇਂਦੇ। ਜਾਨ ਤੇ ਖੇਡ ਜਾਣਾ ਰਾਜਪੂਤ ਬਹਾਦਰੀ ਸਮਝਦੇ ਸਨ।

ਇਕ ਦਿਨ ਲੁਟੇਰਿਆਂ ਦਾ ਕਾਫਲਾ ਭਾਰਤ 'ਚੋਂ ਲੁੱਟ ਦਾ ਮਾਲ ਗਜ਼ਨੀ ਵਲ ਲਿਜਾ ਰਿਹਾ ਸੀ, ਤਾਂ ਮੁਗਲ ਸਿਪਾਹੀਆਂ ਉਹਨਾਂ ਨੂੰ ਨਾ ਰੋਕਿਆ। ਕਾਫਲਾ ਗੁਜ਼ਰ ਰਿਹਾ ਸੀ ਤੇ ਇਕ ਲੁਟੇਰਾ ਆਖ ਰਿਹਾ ਸੀ—"ਹਿੰਦੁਸਤਾਨ ਦੇ ਲੋਕ ਭੇਡ-ਬਕਰੀਆਂ ਹਨ। ਜਦੋਂ ਚਾਹੀਏ ਉੱਨ ਲਾਹ

ਲਈਏ। ਸਾਡੇ ਪਿਉ-ਦਾਦਿਆਂ ਨੇ ਹਿੰਦੁਸਤਾਨ ਵਿਚ ਇੱਜਤ ਪਾਲੇ ਹਨ, ਉਹਨਾਂ ਤੋਂ ਉੱਨ ਲਾਹੁਣੀ ਸਾਡਾ ਹੱਕ ਹੈ।"

ਮੁਗਲ ਸਿਪਾਹੀ ਚੁੱਪ ਸਨ ਪਰ ਰਾਜਪੂਤ ਕੋਲ ਖਲੋਤੇ ਇਹ ਸਹਾਰ ਨਾ ਸਕੇ। ਸ਼ਾਹੀ ਹੁਕਮ ਅੱਗੇ ਭਾਵੇਂ ਇਹਨਾਂ ਨੂੰ ਵੀ ਸਿਰ ਨਿਵਾਣਾ ਪੈਂਦਾ ਸੀ, ਪਰ ਉਹਨਾਂ ਕੋਲੋਂ ਇਹ ਗੱਲ ਜਰੀ ਨਾ ਗਈ। ਫੇਰ ਕੀ ਸੀ ਉਹ ਇਸ ਤਰ੍ਹਾਂ ਕਾਫਲੇ ਤੇ ਟੁੱਟ ਪਏ ਜਿਵੇਂ ਭੁਖਾ ਸ਼ੇਰ ਸ਼ਿਕਾਰ ਤੇ ਟੁੱਟ ਪੈਂਦਾ ਹੈ। ਭਾਵੇਂ ਉਹ ਪੰਜ ਚਾਰ ਹੀ ਸਨ ਪਰ ਕਾਫਲੇ ਦੀ ਟੀਂ ਬੋਲ ਗਈ। ਤਲਵਾਰ ਦੇ ਧਨੀ ਤਲਵਾਰ ਦਾ ਆਸਰਾ ਲੈ ਕੇ ਮੈਦਾਨ ਵਿਚ ਕੁਦ ਪਏ। ਕੋਲ ਬੈਠੇ ਮੁਗਲਾਂ ਨੂੰ ਵੀ ਸ਼ਰਮ ਆਈ। ਉਹਨਾਂ ਵੀ ਮਿਆਨ ਵਿਚੋਂ ਤਲਵਾਰਾਂ ਖਿੱਚ ਲਈਆਂ। ਤਲਵਾਰ, ਤਲਵਾਰ ਤੇ ਆਣ ਖੜਕੀ। ਊਠਾਂ ਤੇ ਸਵਾਰ ਬਲੋਚਾਂ ਛਾਲਾਂ ਮਾਰ ਦਿੱਤੀਆਂ ਤੇ ਅਖਾੜੇ ਵਿਚ ਆਣ ਨਿਤਰੇ। ਬਲੋਚ ਸੌਦਾਗਰਾਂ ਜੀਅ ਖੋਲ੍ਹ ਕੇ ਤਲਵਾਰ ਮਾਰੀ, ਪਰ ਰਾਜਪੂਤ ਵੀ ਘਟ ਕਰਨ ਵਾਲੇ ਨਹੀਂ ਸਨ। ਉਨ੍ਹਾਂ ਵੀ ਆਹੂ ਲਾਹੁਣੇ ਸ਼ੁਰੂ ਕਰ ਦਿੱਤੇ। ਘੜੀ ਵਿਚ ਹਾਹਾਕਾਰ ਮਚ ਗਈ। ਉਹਨਾਂ ਦੀਆਂ ਹੌਦੀਆਂ ਵਿਚ ਕੁਝ ਔਰਤਾਂ ਸਨ। ਪਠਾਣਾਂ ਤੇ ਬਲੋਚਾਂ ਨੇ ਸੌਦੇ ਖਰੀਦਣ ਵਾਲੇ ਸੌਦਾਗਰਾਂ ਤੋਂ ਹੱਥ ਲਗਦਿਆਂ ਕੁਝ ਔਰਤਾਂ ਵੀ ਖਰੀਦ ਲਈਆਂ, ਗਜ਼ਨੀ ਦੇ ਅਮੀਰਾਂ ਲਈ। ਉਹਨਾਂ ਵੀ ਹੌਦੀਆਂ ਵਿਚੋਂ ਮੂੰਹ ਕੱਢ ਕੇ ਤਲਵਾਰਾਂ ਦੀ ਚਮਕ ਡਿੱਠੀ ਤੇ ਨਕਾਬਾਂ ਮੂੰਹ ਤੋਂ ਥੱਲੇ ਨਾ ਸੁਟ ਸਕੀਆਂ। ਉਨ੍ਹਾਂ ਨੂੰ ਗਸ਼ ਪੈ ਗਈ। ਤਿਹਾਈਆਂ ਤਲਵਾਰਾਂ ਨੇ ਲਹੂ ਨਾਲ ਰੱਜ ਕੇ ਪਿਆਸ ਬੁਝਾਈ। ਹੁਣ ਕਾਫ਼ਲੇ ਵਿਚ ਭਾਜੜ ਪੈ ਚੁਕੀ ਸੀ। ਸੌਦਾਗਰ ਹਾਰ ਕੇ ਅੱਗੋਂ ਲੰਘ ਕੇ ਤੁਰ ਪਏ। ਸਾਰਾ ਮਾਲ ਮੱਤਾ ਛੱਡ ਦੌੜੇ। ਰਾਜਪੂਤਾਂ ਨੇ ਭੱਜਦਿਆਂ ਦਾ ਪਿੱਛਾ ਕਰਨਾ ਆਪਣੀ ਹਤਕ ਸਮਝੀ ਤੇ ਉਹ ਝਟ ਹੀ ਪਹਾੜਾਂ ਦੀਆਂ ਕੰਦਰਾਂ ਵਿਚ ਅਲੋਪ ਹੋ ਗਏ। ਮੁਗਲ ਸਿਪਾਹੀ ਜੀਅ ਖੋਲ੍ਹ ਕੇ ਕਾਫਲਾ ਲੁਟ ਰਹੇ ਸਨ। ਜਦ ਉਨ੍ਹਾਂ ਨੇ ਚਾਰ ਹੌਦਿਆਂ ਦੇ ਪੜਦੇ ਚੁਕੇ ਤਾਂ ਅੰਦਰੋਂ ਹੁਸਨ ਦੀ ਝਲਕ ਵਜੀ। ਲੁਟਾਂ ਭੁਲ ਕੇ ਲੱਟੂ ਹੋ ਗਏ। ਰਾਜਪੂਤ ਖੜੇ ਤਮਾਸ਼ਾ ਵੇਖ ਰਹੇ ਸਨ। ਪੁੱਛਣ ਤੇ ਪਤਾ ਲੱਗਾ ਕਿ ਉਹ ਮੁਸਲਮਾਨ ਔਰਤਾਂ ਅਗਵਾ ਕੀਤੀਆਂ ਗਈਆਂ ਸਨ। ਅਗਵਾ ਕਰਨ ਵਾਲਿਆਂ ਨੂੰ ਸੌ ਸੌ ਅਸ਼ਰਫੀਆਂ ਮਿਲੀਆਂ ਸਨ। ਹੌਦਿਆਂ ਵਿਚ ਬਿਠਾ ਕੇ ਉਹ ਗਜ਼ਨੀ ਵਿਚ ਲੈ ਜਾਣਾ ਚਾਹੁੰਦੇ ਸਨ। ਹੌਦਿਆਂ ਵਿਚੋਂ ਹੀ ਅਜੀਬ ਚੀਜ਼ਾਂ ਮੁਗਲਾਂ ਦੇ ਹੱਥ ਲਗੀਆਂ, ਪਰ ਜਦੋਂ ਉਹਨਾਂ ਬਾਕੀ ਦੀਆਂ ਹੌਦਿਆਂ ਦੀ ਤਲਾਸ਼ੀ ਲਈ ਤਾਂ ਉਨ੍ਹਾਂ ਵਿਚ ਹਿੰਦੂ ਔਰਤਾਂ ਵੀ ਸਨ ਰਸਿਆਂ ਨਾਲ ਜਕੜੀਆਂ ਹੋਈਆਂ। ਮੁਗਲ ਛੇੜਖਾਨੀ ਕਰਨੋਂ ਨਾ ਮੁੜੇ। ਲੁਟ ਦੇ ਮਾਲ ਵਿਚ ਸ਼ਰਾਬ ਦੀਆਂ ਸੁਰਾਹੀਆਂ ਵੀ ਸਨ। ਕੁਝ ਸ਼ਰਾਬ ਪੀਣ ਵਿਚ ਰੁਝ ਗਏ ਤੇ ਕੁਝ ਹਿੰਦੂ ਤੇ ਮੁਸਲਮਾਨ ਔਰਤਾਂ ਨੂੰ ਛੇੜਨ ਵਿਚ। ਔਰਤਾਂ ਚੀਕ ਰਹੀਆਂ ਸਨ। ਰਾਜਪੂਤਾਂ ਲਲਕਾਰ ਕੇ ਆਖਿਆ। 'ਖਬਰਦਾਰ ਜਿਸ ਕਿਸੇ ਔਰਤ ਨੂੰ ਹੱਥ ਲਾਇਆ ਉਹਦੀ ਬਾਂਹ ਵੱਢ ਦਿੱਤੀ ਜਾਵੇਗੀ।'

ਇਕ ਮੁਗਲ ਨੇ ਕੜਕ ਕੇ ਆਖਿਆ "ਤੁਸੀਂ ਕੌਣ ਹੋ ਰੋਕਣ ਵਾਲੇ ਜਾਓ ਆਪਣਾ ਰਸਤਾ

ਫੜੋ ? ਤਲਵਾਰ ਨਾਲ ਜਿੱਤੀ ਹੋਈ ਨਗਰੀ ਫਾਤਹਿ ਦੇ ਅਧੀਨ ਹੁੰਦੀ ਹੈ। ਇਹ ਸਾਡਾ ਮਾਲ ਏ। ਇਹ ਸਾਡੀਆਂ ਕਨੀਜ਼ਾਂ ਬਣਨਗੀਆਂ।"

—"ਸ਼ਰਮ ਨਹੀਂ ਆਂਦੀ ਆਖਦਿਆਂ। ਉਦੋਂ ਕਿਥੇ ਗਏ ਸਉ, ਜਦੋਂ ਕਾਫਲਾ ਲੁਟ ਕੇ ਕੋਲ ਦੀ ਲੰਘ ਰਿਹਾ ਸੀ। ਲਟੀ ਮਾਰ ਤੇ ਬਹਿ ਕੇ ਫਾਤਹਿ ਬਣ ਬੈਠੇ ਹੋ। ਡੁਬ ਮਰੋ ਛਪਣੀ ਵਿਚ ਨੱਕ ਡੋਬ ਕੇ। ਔਰਤਾਂ ਨੂੰ ਛੇੜ ਕੇ ਬਹਾਦਰੀ ਦਾ ਢੋਲ ਵਜਾਉਂਦੇ ਹੋ"—ਇਕ ਰਾਜਪੂਤ ਨੇ ਜੋਸ਼ ਵਿਚ ਆਖਿਆ।

—"ਵੱਡੇ ਰਾਣੀ ਖਾਂ। ਮੁਗਲ ਸਿਪਾਹੀਆਂ ਨਾਲ ਟੱਕਰ ਲੈਣੀ ਲੋਹੇ ਦੇ ਚਣੇ ਚਬਾਣ ਵਾਲੀ ਗੱਲ ਹੈ।" ਇਕ ਮੁਗਲ ਜੋਸ਼ ਵਿਚ ਆਖ ਰਿਹਾ ਸੀ।

ਫਿਰ ਕੀ ਸੀ ਤਲਵਾਰਾਂ ਨੇ ਬੁਰਕੇ ਲਾਹ ਲਏ। ਖੂਨ ਵਿਚ ਸਿਪਾਹੀਆਂ ਦੀਆਂ ਤਲਵਾਰਾਂ ਫੇਰ ਗੜੁਚ ਹੋ ਗਈਆਂ ਸ਼ਰਾਬੀ ਮੁਫਤ ਵਿਚ ਮਾਰੇ ਗਏ। ਜਿਹੜੇ ਅਤੇ ਉਨ੍ਹਾਂ ਭਜਕੇ ਜਾਨ ਬਚਾਈ। ਹੁਣ ਸਾਰਾ ਮਾਲ ਮਤਾ ਰਾਜਪੂਤਾਂ ਦੇ ਕਬਜ਼ੇ 'ਚ ਸੀ। ਔਰਤਾਂ ਸ਼ੁਕਰ ਮਨਾ ਰਹੀਆਂ ਸਨ। ਉਨ੍ਹਾਂ ਪੰਜਾਂ ਰਾਜਪੂਤਾਂ ਵਿਚ ਮੇਰੇ ਪਿਤਾ ਜੀ ਵੀ ਸਨ। ਇਹ ਸਾਰਾ ਤਮਾਸ਼ਾ ਸੌਦਾਗਰਾਂ ਆਪਣੀ ਅੱਖੀਂ ਡਿਠਾ। ਨਸਦਿਆਂ ਮੁਗਲਾਂ ਨੂੰ ਸੌਦਾਗਰਾਂ ਨੇ ਪਿਛੋਂ ਆਵਾਜ਼ਾਂ ਮਾਰੀਆਂ। ਬਹੁਤ ਸਾਰੇ ਮੁਗਲ ਤਾਂ ਡਰ ਦੇ ਮਾਰੇ ਨਸ ਗਏ ਤੇ ਉਨ੍ਹਾਂ ਪਿਛੇ ਮੁੜ ਕੇ ਵੀ ਨਾ ਵੇਖਿਆਂ, ਜਿਹੜੇ ਮੁਗਲ ਰਕੇ, ਸੁਦਾਗਰਾਂ ਨਾਲ ਰਲ ਗਏ। ਇਕ ਸੌਦਾਗਰ ਆਖ ਰਿਹਾ ਸੀ—"ਸਾਡਾ ਮਾਲ ਅਸਬਾਬ ਮੁਫਤ ਵਿਚ ਕਾਫਰ ਲੈ ਜਾ ਰਹੇ ਹਨ। ਤੁਸੀਂ ਤੇ ਅਸੀਂ ਭਰਾ ਹਾਂ। ਇਸਲਾਮ ਵਿਚ ਹਰ ਮੁਸਲਮਾਨ, ਮੁਸਲਮਾਨ ਦਾ ਭਰਾ ਏ। ਇਸਲਾਮ ਵਿਚ ਵੈਰ ਕਾਹਦਾ। ਜੇ ਅਸੀਂ ਰਲ ਕੇ ਉਨ੍ਹਾਂ ਤੇ ਹੱਲਾ ਬੋਲੀਏ ਤਾਂ ਉਹ ਸਾਡਾ ਮੁਕਾਬਲਾ ਨਹੀਂ ਕਰ ਸਕਦੇ। ਲੁਟਿਆ ਸਾਮਾਨ ਫੇਰ ਸਾਡੇ ਹੱਥ ਲੱਗ ਜਾਵੇਗਾ। ਤੁਸੀਂ ਔਰਤਾਂ ਲੈ ਜਾਣੀਆਂ ਅਤੇ ਅਸੀਂ ਆਪਣਾ ਸਾਮਾਨ ਲੈ ਜਾਵਾਂਗੇ।

"ਅਜ ਸਾਮਾਨ ਰਾਜਪੂਤਾਂ ਦੇ ਹੱਥ ਵਿਚ ਸੀ ਕਿ ਏਧਰ ਵੰਡੀਆਂ ਪੈ ਗਈਆਂ। ਉਹ ਰਲ ਕੇ ਇਕ ਵਾਰ ਫੇਰ ਰਾਜਪੂਤਾਂ ਤੇ ਟੁਟ ਪਏ। ਇਸ ਵਾਰ ਲੜਾਕੇ ਰਾਜਪੂਤ ਥਕ ਚੁਕੇ ਸਨ ਪਰ ਜਵਾਨਾਂ ਹਿੰਮਤ ਨਹੀਂ ਸੀ ਹਾਰੀ। ਸ਼ਾਇਦ ਅਜੇ ਤਲਵਾਰਾਂ ਦੀ ਤ੍ਰਿਹ ਨਹੀਂ ਸੀ ਬੁਝੀ, ਜੰਗ ਦੇ ਦੇਵਤੇ ਨੇ ਇਕ ਵਾਰ ਫੇਰ ਡਮਰੂ ਆਣ ਵਜਾਇਆ। ਰਾਜਪੂਤ ਫਿਰ ਸੌਦਾਗਰਾਂ ਤੇ ਮੁਗਲਾਂ ਨਾਲ ਆਣ ਜੁਟੇ। ਤਲਵਾਰਾਂ ਨੇ ਪੜਛੇ ਲਾਹੁਣੇ ਸ਼ੁਰੂ ਕਰ ਦਿੱਤੇ। ਕਿਸੇ ਦੀ ਧੌਣ ਤਲਵਾਰ ਵਿਚ ਪਰੁਚ ਗਈ। ਤਲਵਾਰ ਦੀ ਨੋਕ ਨੇ ਕਿਸੇ ਦੀ ਹਿਕ ਵਿਚੋਂ ਲਹੂ ਦੀ ਫੁਹਾਰੀ ਛੁੜਾ ਦਿੱਤੀ। ਰਾਜਪੂਤ ਡਟ ਕੇ ਲੜੇ। ਰਾਜਪੂਤਾਂ ਚੂੜੀਆਂ ਨਹੀਂ ਸਨ ਪਾਈਆਂ। ਉਨ੍ਹਾਂ ਵੀ ਅਜਿਹੀ ਖੁੰਭ ਠੱਪੀ ਕਿ ਨੱਕ ਵਿਚ ਦਮ ਆ ਗਿਆ। ਲਹੂ ਲੁਹਾਣ ਮੁਗਲ ਅਜੇ ਵੀ ਲੜਨ ਦਾ ਹੌਂਸਲਾ ਕਰ ਰਹੇ ਸਨ, ਪਰ ਰਾਜਪੂਤਾਂ ਦੀਆਂ ਤਲਵਾਰਾਂ ਅੱਗੇ ਉਨ੍ਹਾਂ ਦੀ ਕੋਈ ਪੇਸ਼ ਨਾ ਗਈ। ਕਈਆਂ ਨੇ ਉਥੇ ਹੀ ਦਮ ਤੋੜਿਆ ਤੇ ਕਈ ਨਸ ਗਏ। ਜਾਂਦੇ ਮੁਗਲ ਨੇ ਵੇਗਾਹ ਕੇ ਛੁਰਾ ਮਾਰਿਆ। ਉਹ ਮੇਰੇ ਪਿਤਾ ਦੀ ਹਿੱਕ ਵਿਚ

ਆਣ ਲੱਗਾ। ਜ਼ਖਮੀ ਪਿਤਾ ਨੂੰ ਸਣੇ ਕਾਫ਼ਲੇ ਰਾਜਪੂਤ ਪੁਣਛ ਲੈ ਆਏ। ਉਦੋਂ ਮੈਂ ਅਜੇ ਛੋਟਾ ਹੀ ਸਾਂ, ਜਦੋਂ ਮੇਰੇ ਸਾਹਮਣੇ ਮੇਰੇ ਪਿਤਾ ਨੇ ਪ੍ਰਾਣ ਤਿਆਗ ਦਿੱਤੇ। ਪਿਤਾ ਦਾ ਆਸਰਾ ਉਠ ਜਾਣਾ ਮੇਰੇ ਲਈ ਮੁਸੀਬਤਾਂ ਦਾ ਕਾਰਨ ਬਣ ਗਿਆ। ਮੈਂ ਭਾਵੇਂ ਰਾਜਪੂਤਾਂ ਦਾ ਸਰਦਾਰ ਸਾਂ ਪਰ ਮੇਰਾ ਜੀਅ ਸ਼ਿਕਾਰ ਤੇ ਜ਼ਿਆਦਾ ਲਗਦਾ ਸੀ, ਸਰਦਾਰੀ ਤੇ ਘਟ।" ਬੰਦੇ ਦੀਆਂ ਅੱਖਾਂ ਵਿਚੋਂ ਅਥਰੂ ਡਿਗ ਪਏ। ਸਿੱਖ ਸਰਦਾਰ ਚੁਪ ਸਨ। ਫਿਰ ਇਕ ਸਰਦਾਰ ਨੇ ਇਸ ਚੁਪ ਦੇ ਜੰਦਰੇ ਨੂੰ ਤੋੜਿਆ।

"ਫਿਰ ਅੱਗੇ ਕੀ ਹੋਇਆ ਬੈਰਾਗੀ!"

"ਅੱਗੇ ਕੀ ਹੋਣਾ ਸੀ, ਸ਼ਿਕਾਰ ਮੇਰੇ ਅੱਗੇ ਸੀ ਤੇ ਮੈਂ ਸ਼ਿਕਾਰ ਦੇ ਪਿਛੇ। ਪਹਾੜਾਂ, ਜੂਹਾਂ ਤੇ ਜੰਗਲਾਂ ਵਿਚ ਮੇਰੇ ਸ਼ਿਕਾਰ ਦੀਆਂ ਧੁੰਮਾਂ ਪਈਆਂ ਸਨ, ਮੈਨੂੰ ਸਰਦਾਰੀ ਨਾਲ ਕੋਈ ਮੁਹੱਬਤ ਨਹੀਂ ਸੀ। ਮੇਰੇ ਕਬੀਲੇ ਵਾਲੇ ਮੈਨੂੰ ਸਿਰਫ ਇਸ ਲਈ ਮਾਫ ਕਰ ਦੇਂਦੇ ਕਿ ਮੈਂ ਬੱਚਾ ਸਾਂ—ਵਡਾ ਹੋਕੇ ਆਪੇ ਸਮਝ ਜਾਵਾਂਗਾ—ਪਰ ਜੰਮਦੀਆਂ ਸੂਲਾਂ ਦੇ ਮੂੰਹ ਤਿਖੇ—ਮੁੱਚ ਦੇ ਕਦੀ ਨਹੀਂ ਸੌਰਦੇ। ਸ਼ਿਕਾਰ ਨੇ ਮੈਨੂੰ ਘੋੜ ਸਵਾਰੀ ਵਿਚ ਸ਼ਾਹ ਸਵਾਰ ਬਣਾ ਦਿੱਤਾ। ਤੀਰ-ਅੰਦਾਜ਼ੀ ਦੇ ਕਮਾਲ ਮੈਂ ਸ਼ਿਕਾਰ ਵਿਚ ਸਿਖੇ। ਨੇਜ਼ੇ ਨਾਲ ਮੈਂ ਭੱਜਦੇ ਹਰਨ ਦਾ ਸ਼ਿਕਾਰ ਕਰ ਲੈਂਦਾ ਸਾਂ, ਮੇਰੀ ਤਲਵਾਰ ਨੇ ਸ਼ੇਰਾਂ ਨਾਲ ਕਈ ਵਾਰ ਮੁਕਾਬਲੇ ਕੀਤੇ ਪਰ ਕਿਤੇ ਹਾਰ ਨਾ ਖਾਧੀ। ਹਾਂ, ਸ਼ਿਕਾਰ ਦੀ ਲਗਨ ਵਿਚ ਮੈਂ ਕਦੇ ਖਾਣ ਪੀਣ ਦੀ ਪਰਵਾਹ ਨਾ ਕੀਤੀ। ਸ਼ਿਕਾਰ ਮੇਰੀ ਜ਼ਿੰਦਗੀ ਦਾ ਸਭ ਤੋਂ ਪਿਆਰਾ ਸ਼ੌਕ ਸੀ।"

"ਇਕ ਦਿਨ ਜਦ ਸੂਰਜ ਦੀਆਂ ਕਿਰਨਾਂ ਧਰਤੀ ਤੇ ਨੇਜ਼ਿਆਂ ਵਾਂਗੂੰ ਸਿੱਧੀਆਂ ਵਜ ਰਹੀਆਂ ਸਨ, ਪੱਥਰ ਤਪ ਰਹੇ ਸਨ, ਦੁਪਹਿਰ ਕੜਕ ਰਹੀ ਸੀ, ਹਵਾ ਇਸ ਤਰ੍ਹਾਂ ਬੰਦ ਸੀ, ਜਿਵੇਂ ਕਿਸੇ ਨੇ ਪਿੰਜਰੇ ਪਾਈ ਹੋਈ ਹੋਵੇ, ਮੈਂ ਸ਼ਿਕਾਰ ਦੀ ਖੋਜ ਵਿਚ ਘੋੜੇ ਦੀ ਪਿੱਠ ਤੇ ਸਵਾਰ ਸਾਂ। ਘੋੜੇ ਨੇ ਕਈ ਖਾਲ ਟੱਪੇ ਤੇ ਕਈ ਨਾਲ, ਖੇਤਾਂ ਦੇ ਖੇਤ ਉਹ ਪਿਛੇ ਛਡ ਆਇਆ। ਆਪਣੇ ਪਿੰਡ ਦੀ ਜੂਹ ਕਿਤੇ ਵਿਖਾਈ ਵੀ ਨਹੀਂ ਸੀ ਦੇਂਦੀ। ਸਾਹਮਣੇ ਪਹਾੜਾਂ ਦੀਆਂ ਚੋਟੀਆਂ ਸਨ ਤੇ ਆਸੇ ਪਾਸੇ ਜੰਗਲ, ਘੋੜਾ ਪੈਰ ਤੇ ਪੈਰ ਪੁੱਟੀ ਜਾਂਦਾ, ਪਰ ਮੈਂ ਕੱਚਾ ਸ਼ਿਕਾਰੀ ਨਹੀਂ ਸਾਂ। ਮੈਂ ਕੱਚੀਆਂ ਗੋਲੀਆਂ ਖੇਡਣ ਨਹੀਂ ਸਾਂ ਸਿਖਿਆ। ਮੇਰਾ ਦਮ ਅਜੇ ਸੂਰਜ ਢਲਣ ਤਕ ਸੀ। ਅਜੇ ਤਾਂ ਸੂਰਜ ਸਿਰ ਤੇ ਹੀ ਆਇਆ ਸੀ। ਮੈਂ ਵੀ ਕੁਝ ਖਾਧਾ ਪੀਤਾ ਨਾ ਤੇ ਭੁਖਾ ਸ਼ਿਕਾਰ ਦੀ ਖੋਜ ਵਿਚ ਘੋੜਾ ਦੌੜਾਈ ਜਾ ਰਿਹਾ ਸਾਂ।"

"ਅਚਾਨਕ ਇਕ ਪਹਾੜ ਦੀ ਕੰਦਰ ਵਿਚੋਂ ਇਕ ਹਰਨ ਪਾਣੀ ਪੀਣ ਲਈ ਨਦੀ ਵੱਲ ਆਉਂਦਾ ਡਿੱਠਾ। ਮੇਰੀਆਂ ਅੱਖਾਂ ਨੇ ਤਾੜਿਆ ਤੇ ਮੇਰੀ ਸੋਚ ਨੇ ਹਰਨ ਦੇ ਦਿਲ ਦੀ ਗੱਲ ਜਾਣ ਲਈ, ਭਾਵੇਂ ਮੈਂ ਵੀ ਪਿਆਸਾ ਨਦੀ ਵੱਲ ਜਾ ਰਿਹਾ ਸੀ। ਭੁਖ ਤੇ ਤ੍ਰਿਹ ਮੇਰੀ ਇਸ ਤਰ੍ਹਾਂ ਭਜ ਗਈ ਸੀ ਜਿਸ ਤਰ੍ਹਾਂ ਖੋਤੇ ਦੇ ਸਿਰ ਤੋਂ ਸਿੰਗ। ਪਾਣੀ ਵੇਖ ਕੇ ਮੇਰੇ ਘੋੜੇ ਦੇ ਵੀ ਕੰਨ ਫ਼ੁਰਕੇ। ਮੈਂ

ਵੀ ਪਾਣੀ ਵਲ ਜਾ ਰਿਹਾ ਸਾਂ ਤੇ ਹਰਨ ਵੀ। ਹਰਨ ਦੀ ਖਲਤੀ ਵਿਚ ਰਤੀ ਡਰ ਨਹੀਂ ਸੀ। ਪਰ ਮੈਂ ਪੈਰ ਫੂਕ ਫੂਕ ਕੇ ਰਖਦਾ, ਝਾੜੀਆਂ ਦੀ ਆੜ ਵਿਚੋਂ ਦੀ ਲੰਘਦਾ, ਮੈਂ ਵੀ ਕਾਹਲੀ ਤੋਂ ਕੰਮ ਨਾ ਲਿਆ। ਭਾਵੇਂ ਬੜੀ ਮੁਸ਼ਕਲ ਤੋਂ ਬਾਦ ਮੈਨੂੰ ਹਰਨ ਨਜ਼ਰ ਆਇਆ ਸੀ। ਮੈਂ ਤੱਤੀ ਤੱਤੀ ਖੀਰ ਖਾਣ ਦਾ ਆਦੀ ਨਹੀਂ ਸਾਂ। ਠੰਢਾ ਘੁਲਾਟੀਆ ਕਦੀ ਕਾਹਲੀ ਤੋਂ ਕੰਮ ਨਹੀਂ ਲੈਂਦਾ। ਮੈਂ ਹਰਨ ਦੀ ਚਾਲ ਢਾਲ ਵੇਖਣਾ ਚਾਹੁੰਦਾ ਸੀ ਨਾਲੇ ਆਪ ਵੀ ਪਾਣੀ ਧਾਣੀ ਪੀ ਲੈਂਦਾ ਤਾਂ ਸ਼ਿਕਾਰ ਦੇ ਮਗਰ ਲਗਦਿਆਂ ਮਜ਼ਾ ਆ ਜਾਂਦਾ। ਪਿਆਸ ਸ਼ਿਕਾਰ ਦਾ ਕਦ ਤਕ ਪਿਛਾ ਕਰ ਸਕਦੀ ਏ। ਸਹਿਜ-ਸੁਭਾ ਮੈਂ ਪਾਣੀ ਪੀਤਾ ਤੇ ਮੇਰੇ ਘੋੜੇ ਨੇ ਵੀ ਪਾਣੀ ਪੀਕੇ ਫੁਰਕੜਾ ਮਾਰਿਆ ਤੇ ਪਾਸ ਖੜਾ ਹਰਨ ਰਤੀ ਨਾ ਡਰਿਆ। ਘੋੜੇ ਨੇ ਪਬ ਚੁੱਕੇ ਤਾਂ ਹਰਨ ਅੱਗੇ ਨੱਠ ਤੁਰਿਆ। ਮੈਂ ਵੀ ਘੋੜੇ ਨੂੰ ਪਾਣੀ ਵਿਚ ਹੀ ਪਾ ਦਿੱਤਾ। ਨਦੀ ਪਾਰ ਕਰਕੇ ਘੋੜਾ ਹਰਨ ਪਿਛੇ ਸੀ। ਹਰਨ ਚੌਕੜੀਆਂ ਭਰਦਾ ਅੱਗੇ ਦੌੜ ਰਿਹਾ ਸੀ ਤੇ ਮੇਰਾ ਘੋੜਾ ਪੈਰ ਦੇ ਖੁਰੇ ਮੇਲਦਾ ਜਾ ਰਿਹਾ ਸੀ। ਹਰਨ ਡਾਹ ਦੇਂਦਾ ਮੈਨੂੰ ਨਜ਼ਰ ਨਹੀਂ ਸੀ ਆਉਂਦਾ। ਪਰ ਸ਼ਾਬਾਸ਼ ਮੇਰੇ ਘੋੜੇ ਦੇ, ਉਸ ਵੀ ਦਮ ਨਹੀਂ ਸੀ ਹਾਰਿਆ। ਧੁਪ ਕੜਕ ਰਹੀ ਸੀ, ਮੁੜ੍ਹਕੇ ਨਾਲ ਮੈਂ ਇਸ ਤਰ੍ਹਾਂ ਨਹਾਤਾ ਹੋਇਆ ਸਾਂ— ਜਿਵੇਂ ਛਪੜ ਵਿਚੋਂ ਚੁਭੀਆਂ ਮਾਰ ਕੇ ਨਿਕਲਿਆ ਸਾਂ। ਹਰਨ ਦਾ ਦਾਈਆ ਲੰਬੀ ਦੌੜ ਦਾ ਸੀ। ਮੇਰਾ ਘੋੜਾ ਦਮ ਰਖਕੇ ਉਹਦੇ ਪਿਛੇ ਨਸ ਰਿਹਾ ਸੀ, ਮਾਵਾਂ ਜੋੜ ਸੀ।"

"ਦੌੜ ਵਿਚ ਇਕ ਸੇਰ ਤੇ ਦੂਜਾ ਸਵਾ ਸੇਰ। ਤੀਰ ਮਾਰ ਮਾਰ ਕੇ ਮੇਰੀਆਂ ਬਾਹਾਂ ਹੁੱਲ ਗਈਆਂ। ਉਹਦੇ ਨੱਸਣ ਨਾਲ ਅੱਧ ਛਿਪੀ ਘਾ ਦੇ ਸੀਨੇ ਤੇ ਵੱਟ ਪੈ ਜਾਂਦੇ। ਜਦ ਮੇਰੇ ਤੀਰ ਦੀ ਸੂਕਰ ਉਹਦੇ ਕੰਨੀ ਪੈਂਦੀ ਤਾਂ ਉਹ ਧੌਣ ਤੇ ਪਿਠ ਨੂੰ ਮੋੜ ਲੈਂਦਾ ਤੇ ਮੇਰੇ ਨਿਸ਼ਾਨੇ ਦੀ ਮਾਰ ਅਧੂਰੀ ਰਹਿ ਜਾਂਦੀ। ਮੈਂ ਵੀ ਅਣਗਿਣਤ ਤੀਰ ਛੱਡੇ ਪਰ ਉਸ ਵੀ ਪਿਊ ਦੇ ਪੁਤ ਨੇ ਮੇਰਾ ਇਕ ਵੀ ਤੀਰ ਨਿਸ਼ਾਨੇ ਤੇ ਨਾ ਬਹਿਣ ਦਿੱਤਾ। ਨਿਸ਼ਾਨਾ ਬਚਾ ਕੇ ਉਹ ਦੌੜਦਾ ਚਲਾ ਗਿਆ। ਮੈਂ ਵੀ ਤੀਰ ਮਾਰਨੋਂ ਨਾ ਮੁੜਿਆ। ਮੈਨੂੰ ਆਪਣੀ ਜ਼ਿੰਦਗੀ ਵਿਚ ਉਹ ਪਹਿਲੀ ਸ਼ਿਕਸਤ ਜਾਪੀ। ਥੱਕੇ ਟੁੱਟੇ ਤੀਰਾਂ ਆਖਰ ਹਰਨ ਨੂੰ ਵਿੰਨ੍ਹ ਕੇ ਰੱਖ ਈ ਦਿੱਤਾ ਤੇ ਉਹ ਤੜਫ ਕੇ ਜ਼ਮੀਨ ਤੇ ਜਾ ਡਿੱਗਾ। ਅਜੇ ਉਹਦੀ ਜਾਨ ਬਾਕੀ ਹੀ ਸੀ, ਏਨੇ ਚਿਰ ਨੂੰ ਮੈਂ ਪੁਜ ਗਿਆ। ਜਦ ਮੈਂ ਵੇਖਿਆ ਤੇ ਮੈਂ ਹੈਰਾਨ ਸਾਂ, ਜਿਸ ਹਰਨ ਦੇ ਪਿਛੇ ਘੋੜਾ ਦੁੜਾ ਦੁੜਾ ਕੇ ਮੈਂ ਵੱਖੀਆਂ ਪਾ ਲਈਆਂ ਹਰਨ ਉਹ ਨਹੀਂ ਸੀ, ਝਾੜੀਆਂ ਦੀ ਆੜ ਵਿਚੋਂ ਦੂਸਰਾ ਹਰਨ ਮੇਰੇ ਤੀਰ ਦੀ ਜੱਦ ਵਿਚ ਆ ਗਿਆ। ਉਹ ਹਰਨ ਛਾਲਾਂ ਮਾਰਦਾ ਆਪਣੇ ਰਾਹ ਪਿਆ। ਹਰਨ ਨਿਕਲ ਗਿਆ ਤੇ ਉਸ ਦੇ ਬਦਲੇ ਹਰਨੀ ਨੇ ਮੇਰੀ ਹਵਸ ਦੀ ਪਿਆਸ ਬੁਝਾਈ। ਕੁਰਬਾਨੀ ਦੀ ਵੀ ਕੋਈ ਹੱਦ ਹੁੰਦੀ ਏ। ਕਾਲੇ ਹਰਨ ਤੋਂ ਉਸ ਆਪਨੀ ਜਾਨ ਵਾਰ ਦਿੱਤੀ। ਤੇ ਮੈਂ ਝੱਟ ਖੰਜਰ ਕੱਢਿਆ ਤੇ ਉਸ ਦਾ ਪੇਟ ਚਾਕ ਕੀਤਾ। ਦੋ ਚਾਰ ਬੱਚੇ ਤੜਫ ਕੇ ਧਰਤੀ ਤੇ ਜਾ ਡਿੱਗੇ। ਉਨ੍ਹਾਂ ਡਿਗਦਿਆਂ ਮੇਰੀਆਂ ਅੱਖਾਂ ਸਾਹਮਣੇ ਪ੍ਰਾਣ ਕੀ ਤਿਆਗੇ, ਮੇਰਾ ਕਾਲਜਾ ਮੂੰਹ ਵਿਚ ਆ ਗਿਆ। ਮੇਰੀਆਂ ਅੱਖਾਂ ਵਿਚੋਂ ਅਥਰੂ ਫੁੱਟ ਪਏ"
—ਬੈਰਾਗੀ ਆਖ ਰਿਹਾ ਸੀ।

ਭਾਵੇਂ ਸਿੱਖ ਖਾਮੋਸ਼ ਸਨ, ਪਰ ਫੇਰ ਵੀ ਇਕ ਸਿੱਖ ਨੇ ਬੋਲਣ ਦੀ ਕੋਸ਼ਿਸ਼ ਕਰ ਹੀ ਲਈ।

—"ਸ਼ਿਕਾਰੀ ਦਾ ਕਲੇਜਾ ਥੋੜ੍ਹੀ ਜਿਹੀ ਗੱਲ ਤੋਂ ਹਿਲ ਗਿਆ। ਸ਼ਿਕਾਰੀ ਤਾਂ ਪੱਥਰ ਦਿਲ ਦੇ ਹੁੰਦੇ ਹਨ।" "ਮੈਂ ਹੈਰਾਨ ਸਾਂ ਕਿ ਪੱਥਰ ਦਿਲ ਕਿਵੇਂ ਮੋਮ ਵਾਂਗੂੰ ਪਿਘਲ ਗਿਆ। ਮੈਂ ਕਈ ਸ਼ੇਰ ਮਾਰੇ, ਬੇਅੰਤ ਚੀਤੇ ਮਾਰੇ ਤੀਰਾਂ ਦਾ ਸ਼ਿਕਾਰ ਹੋਏ, ਪਰ ਮੇਰਾ ਕਲੇਜਾ ਨਾ ਡੋਲਿਆ। ਖਬਰੇ ਰੱਬ ਨੂੰ ਕੀ ਮਨਜ਼ੂਰ ਸੀ।' ਮੇਰਾ ਦਿਲ ਉਚਾਟ ਹੋ ਗਿਆ। ਮੈਂ ਉਸ ਸ਼ਿਕਾਰ ਦੇ ਨਾਲ ਇਸ ਦੁਨੀਆਂ ਨੂੰ ਵੀ ਤਿਆਗ ਦੇਣਾ ਚਾਹੁੰਦਾ ਸਾਂ ਥੋੜ੍ਹੀ ਜਿਹੀ ਗੱਲ ਨੇ ਮੇਰੇ ਜੀਵਨ ਵਿਚ ਇਨਕਲਾਬ ਲਿਆ ਦਿੱਤਾ ਤੇ ਮੈਂ ਨੇਜ਼ਾ ਤੇ ਤੀਰ ਭੰਨ ਕੇ ਉਥੇ ਹੀ ਸੁੱਟ ਦਿੱਤੇ। ਕਮਾਨ ਦੇ ਦੋ ਟੋਟੇ ਕਰ ਦਿੱਤੇ। ਮੇਰੇ ਸਾਹਮਣੇ ਮੇਰੀ ਕਮਾਨ ਆਪਣੀ ਸ਼ਿਕਸਤ ਨਾ ਟੁੱਟੇ ਹੋਏ ਦਿਲ ਵਿਚ ਹੀ ਦਮ ਤੋੜ ਰਹੀ ਸੀ ਤੇ ਮੈਂ ਖਾਮੋਸ਼ ਸਾਂ।"

—"ਮੇਰੀ ਜ਼ਿੰਦਗੀ ਵਿਚ ਇਨਕਲਾਬ ਉਸ ਤਰ੍ਹਾਂ ਆ ਗਿਆ ਜਿਸ ਤਰ੍ਹਾਂ ਬਾਲਮੀਕ ਡਾਕੂ ਤੋਂ ਰਿਸ਼ੀ ਬਣ ਗਿਆ ਸੀ ਜਾਂ ਗੌਤਮ. ਬੁਧ-ਰਾਜ ਤਿਆਗ ਕੇ ਨਿਰਵਾਣ ਦੀ ਖੋਜ ਵਿਚ ਨਿਕਲ ਪਿਆ ਸੀ। ਉਥੋਂ ਮੈਂ ਵੀ ਘਰ ਨਾ ਗਿਆ ਤੇ ਸਿੱਧਾ ਕੈਲਾਸ਼ ਦੀਆਂ ਪਹਾੜੀਆਂ ਵੱਲ ਮੂੰਹ ਕਰ ਲਿਆ। ਹੁਣ ਮੇਰੀ ਮੰਜ਼ਲ ਕੈਲਾਸ਼ ਸੀ ਤੇ ਮੈਂ ਕੈਲਾਸ਼ ਦਾ ਰਾਹੀ। ਨਦੀ, ਨਾਲੇ, ਪਹਾੜ, ਨਗਰੀਆਂ ਛਡਦਾ ਗਿਆ। ਉਜਾੜ ਬੀਆਬਾਨ ਵਿਚ ਮੈਂ ਕਈ ਰਾਤਾਂ ਕੱਟੀਆਂ। ਦੁਨੀਆਂ ਮੇਰੇ ਲਈ ਝੂਠੀ ਤੇ ਮੈਂ ਦੁਨੀਆਂ ਲਈ। ਜਿਉਂ ਜਿਉਂ ਮੇਰੇ ਪੈਰ ਕੈਲਾਸ਼ ਵੱਲ ਵੱਧ ਰਹੇ ਸਨ, ਬੈਰਾਗ ਮੇਰੇ ਦਿਲ ਵਿਚ ਘਰ ਕਰ ਰਿਹਾ ਸੀ। ਰਾਹ ਵਿਚ ਮੈਨੂੰ ਸਾਧੂਆਂ ਨੇ ਮੁਕਤੀ ਦੀ ਤਲਾਸ਼ ਦਾ ਰਾਹੀ ਆਖਿਆ। ਇਸੇ ਤਰ੍ਹਾਂ ਮੈਨੂੰ ਆਪਣੇ ਅੰਦਰੋਂ ਅੰਦਰੀਂ ਗਿਆਨ ਵੀ ਹੁੰਦਾ ਗਿਆ। ਰਾਹ ਵਿਚ ਇਕ ਸਾਧੂ ਜਾਨਕੀ ਦਾਸ ਬੈਰਾਗੀ ਮਿਲ ਗਿਆ ਤੇ ਉਸ ਮੈਨੂੰ ਆਪਣਾ ਚੇਲਾ ਬਣਾ ਲਿਆ। "ਗੁਰੂ ਬਾਝ ਗਤ ਨਹੀਂ" ਫ਼ਕੀਰੀ ਬਾਣਾ ਪਾ ਕੇ ਮੈਂ ਲਛਮਨ ਦੇਵ ਤੋਂ ਮਾਧੋਦਾਸ ਬੈਰਾਗੀ ਬਣ ਗਿਆ।"

—"ਮੈਂ ਦਾ ਸੰਕਲਪ ਦੁਨੀਆਂ ਦਾ ਸਭ ਤੋਂ ਵੱਡਾ ਤਿਆਗ ਏ। ਆਦਮੀ ਦੁਨੀਆਂ ਨੂੰ ਤਿਆਗ ਦੇਂਦਾ ਏ ਪਰ ਦੁਨੀਆਂ ਆਦਮੀ ਨੂੰ ਨਹੀਂ ਤਿਆਗਦੀ। ਅੰਦਰ ਦੀ ਦੁਨੀਆਂ ਤੇ ਆਦਮੀ ਕਾਬੂ ਪਾ ਲੈਂਦਾ ਹੈ, ਪਰ ਬਾਹਰ ਦੀ ਦੁਨੀਆਂ ਉਸ ਦੇ ਕਾਬੂ ਦੇ ਸ਼ਕੰਜੇ ਢਿੱਲੇ ਕਰ ਦੇਂਦੀ ਏ ਤੇ ਆਦਮੀ ਮਜਬੂਰ ਹੋ ਜਾਂਦਾ ਏ। ਉਹ ਦੀਆਂ ਖਾਹਸ਼ਾਂ ਉਹ ਦੇ ਦਿਲ ਵਿਚੋਂ ਉੱਠਦੀਆਂ ਹਨ। ਜਿਹੜਾ ਉਨ੍ਹਾਂ ਇੰਦਰੀਆਂ ਨੂੰ ਜਿੱਤ ਲਵੇ, ਤਿਆਗੀ ਬਣ ਜਾਂਦਾ ਹੈ। ਬਹੁਤੇ ਸਾਧੂ ਇੰਦਰੀਆਂ ਦੇ ਵੱਸ ਵਿਚ ਹੀ ਹੋ ਜਾਂਦੇ ਹਨ, ਉਹ ਕਿਸੇ ਥਾਂ ਦੇ ਨਹੀਂ ਰਹਿੰਦੇ। ਦੁਨੀਆਂ ਉਨ੍ਹਾਂ ਨੂੰ ਆਪਣੇ ਨਾਲ ਰਲਣ ਨਹੀਂ ਦਿੰਦੀ। ਆਹਲਣਿਉਂ ਡਿੱਗਾ ਬੋਟ ਜਿਸ ਤਰ੍ਹਾਂ ਆਹਲਣੇ ਵਿਚ ਨਹੀਂ ਰਲ ਸਕਦਾ, ਇਸੇ ਤਰ੍ਹਾਂ ਬੈਰਾਗੀ ਬਾਣਾ ਪਾ ਕੇ ਦੁਨੀਆਂ ਵਿਚ ਕਿੱਦਾਂ ਸਮਾ ਜਾਵੇ।"

"ਮਨ ਨੂੰ ਮਾਰਨ ਲਈ ਤਪ ਕਰਨਾ ਪੈਂਦਾ ਏ। ਮਨ ਇਕ ਵਛੇਰਾ ਏ, ਚੰਚਲ, ਸ਼ਰਾਰਤੀ। ਜਿਸ ਤਰ੍ਹਾਂ ਵਛੇਰੇ ਨੂੰ ਰੱਸੀ ਪਾ ਕੇ ਰਥ ਅੱਗੇ ਜੋਇਆ ਜਾਂਦਾ ਹੈ, ਓਹ ਬਥੇਰੇ ਦੁਲੱਤੇ ਮਾਰਦਾ ਏ, ਲੱਤਾਂ ਭਨਵਾ ਲੈਂਦਾ ਏ, ਪਰ ਉਹ ਸ਼ਕੰਜੇ ਵਿਚ ਕਾਬੂ ਹੋਇਆ ਹੁੰਦਾ ਏ। ਉਹਦੇ ਮਨ ਦੀਆਂ

ਇੰਦਰੀਆਂ ਨੂੰ ਖੁਰਾਕ ਮਿਲਣੀ ਬੰਦ ਹੋ ਜਾਂਦੀ ਹੈ ਤੇ ਉਹ ਕਮਜ਼ੋਰ ਹੋਕੇ ਆਪਣੇ ਰਾਹ ਤੇ ਲੱਗ ਪੈਂਦਾ ਏ। ਸਾਧੂਆਂ ਦੀ ਭੱਠੀ ਬੜੀ ਤਾਢੀ ਏ, ਇਹ ਉਹ ਦੋ-ਧਾਰੀ ਤਲਵਾਰ ਏ ਜਿਸ ਥੀਂ ਦੋ-ਪਾਸੀਂ ਖੱਫ਼ ਲੱਗਣ ਦਾ ਡਰ ਏ। ਸਾਧੂਆਂ ਨੂੰ ਤੀਰਥਾਂ ਦੇ ਗੱਡੇ ਅੱਗੇ ਜੋਇਆ ਜਾਂਦਾ ਏ. ਇਹਦੇ ਨਾਲ ਮਨ ਦੀਆਂ ਇੰਦਰੀਆਂ ਦਾ ਖ਼ੂਨ ਹੋ ਜਾਂਦਾ ਏ ਤੇ ਆਦਮੀ ਤਿਆਗੀ ਬਣ ਬਹਿੰਦਾ ਏ। ਤੀਰਥਾਂ ਤੇ ਕੁਦਰਤ ਦੀ ਜੋਤ ਉਸ ਦੇ ਅੰਦਰ ਰਚ ਜਾਂਦੀ ਏ ਤੇ ਆਦਮੀ ਤਿਆਗੀ ਬਣ ਬਹਿੰਦਾ ਏ। ਉਹ ਫੇਰ ਦੁਨੀਆਂ ਨੂੰ ਲੱਤ ਮਾਰ ਦੇਂਦਾ ਏ। ਇਸੇ ਤਰ੍ਹਾਂ ਆਦਮੀ ਸਾਧੂ ਤੋਂ ਤਿਆਗੀ ਬਣ ਜਾਂਦਾ ਏ।"

—"ਸਤਸੰਗ ਆਦਮੀਆਂ ਨੂੰ ਜਿਹੜੇ ਰਾਹ ਤੇ ਚਾਹੇ ਲੈ ਆਵੇ। ਦੁਨੀਆਂ ਤੋਂ ਅੱਕੇ ਹੋਏ ਆਦਮੀ ਮੇਰੇ ਸਤਸੰਗ ਵਿਚ ਆਏ। ਪੰਜਵਟੀ ਵਿਚ ਮੈਂ ਤਪ ਲਈ ਆਸਣ ਆਣ ਜਮਾਇਆ। ਉਥੇ ਮੈਨੂੰ ਕਈ ਸਾਧੂ ਸੰਤਾਂ ਦੇ ਦਰਸ਼ਨ ਹੋਏ। ਗਿਆਨ ਧਿਆਨ ਦੀਆਂ ਗੱਲਾਂ ਨੇ ਮੇਰੀ ਕਾਇਆਂ ਪਲਟ ਦਿੱਤੀ। ਮਹਾਤਮਾ ਦੀ ਸੇਵਾ ਦਾ ਮੈਨੂੰ ਇਹ ਫਲ ਮਿਲਿਆ ਕਿ ਮੈਂ ਇਸ ਰੁਤਬੇ ਤੇ ਪੁੱਜਾ ਜਿਸ ਦੀ ਬਦੌਲਤ ਮੁਗਲ ਮੇਰੇ ਸਾਹਮਣੇ ਸਿਰ ਨਹੀਂ ਪੁਟਦੇ। ਨਾਸਕ ਤੋਂ ਮੈਂ ਨਾਦੇੜ ਆ ਗਿਆ। ਏਹੋ ਜਗ੍ਹਾ ਜਿਥੇ ਪਲੰਘ ਏ—ਇਹ ਮੇਰੇ ਆਸਣ ਦੀ ਜਗ੍ਹਾ ਏ। ਮੈਂ ਇਥੇ ਆਣ ਕੇ ਜਿਨ-ਭੂਤ ਵੱਸ ਵਿਚ ਕਰ ਲਏ। ਇਥੇ ਮੇਰੀ ਮੁਸਲਮਾਨ ਵਲੀ ਅੱਲਾ ਫ਼ਕੀਰਾਂ ਨਾਲ ਸੰਗਤ ਹੋਈ. ਤੇ ਉਨ੍ਹਾਂ ਮੈਨੂੰ ਦੱਖਣ ਵਿਚ ਵਲੀ ਬਣਾ ਦਿੱਤਾ। ਅੱਜ ਮੈਂ ਦੱਖਣ ਵਿਚ ਵਲੀ ਮੰਨਿਆ ਜਾਂਦਾ ਹਾਂ। ਇਹ ਹਨ ਮੇਰੀ ਜ਼ਿੰਦਗੀ ਦੇ ਮੋੜ।"

—"ਤੇ ਹੁਣ ਤੂੰ ਮਾਧੋਦਾਸ ਬੈਰਾਗੀ ਤੋਂ ਬੰਦਾ ਬਹਾਦਰ ਬਣ ਗਿਆ ਏਂ। ਹੁਣ ਤੈਨੂੰ ਦੁਨੀਆਂ ਬੰਦੇ ਬਹਾਦਰ ਦੇ ਨਾਂ ਨਾਲ ਯਾਦ ਕਰੇਗੀ। ਹੁਣ ਤੂੰ ਇਸ ਬਾਣੇ ਨੂੰ ਤਿਆਗ ਤੇ ਫਿਰ ਰਾਜਪੂਤ ਦੀ ਪੁਸ਼ਾਕ ਪਾਕੇ ਸਿੰਘ ਸੈਨਾਪਤੀ ਬਣ ਜਾ"—ਗੁਰੂ ਗੋਬਿੰਦ ਸਿੰਘ ਨੇ ਆਖਿਆ।

ਬੈਰਾਗੀ ਦਾ ਸਿਰ ਝੁਕਿਆ ਹੋਇਆ ਸੀ। "ਚਲੋ ਹੁਣ ਆਪਣੇ ਡੇਰੇ ਵਲ! ਸ਼ਾਮ ਪੈ ਗਈ ਏ"—

—"ਮੈਂ ਹੁਣ ਇਥੇ ਰਹਿ ਕੇ ਕੀ ਲੈਣਾ ਏ। ਮੈਂ ਵੀ ਤੁਹਾਡੇ ਨਾਲ ਚੱਲਦਾ ਹਾਂ। ਜਿੱਧਰ ਗੁਰੂ ਉਧਰ ਚੇਲਾ।" "ਨਹੀਂ; ਨਹੀਂ", ਅਜੇ ਤੇਰਾ ਆਸ਼ਰਮ ਵਿਚ ਰਹਿਣਾ ਹੀ ਠੀਕ ਏ। ਵੇਲੇ ਦਾ ਇੰਤਜ਼ਾਰ ਕਰ। ਅਜੇ ਆਸ਼ਰਮ ਦੇ ਤਿਆਗਣ ਦਾ ਵੇਲਾ ਨਹੀਂ ਆਇਆ।" ਗੁਰੂ ਗੋਬਿੰਦ ਸਿੰਘ ਨੇ ਫਿਰ ਆਖਿਆ।

—"ਅਜੇ ਬੈਰਾਗੀ ਤੇਰੀ ਆਸ਼ਰਮ ਵਿਚ ਲੋੜ ਏ" ਬੁੱਢੇ ਯਾਤਰੀ ਨੇ ਆਖਿਆ। "ਮਾਰ ਖਾਧੀ ਥਾਂ ਤੇ ਆਦਮੀ ਦਾ ਦਿਲ ਨਹੀਂ ਲਗਦਾ। ਜਿੱਤਣ ਵਾਲੇ ਦੇ ਕੋਲ ਬਹਿ ਕੇ ਪ੍ਰਾਸਚਿਤ ਕਰਨਾ ਚਾਹੀਦਾ ਏ।" ਬੰਦੇ ਨੇ ਬੁੱਢੇ ਪੁਜਾਰੀ ਵੱਲ ਨਜ਼ਰ ਮਾਰੀ। "ਜਦ ਤਕ ਕਿਸੇ ਚੀਜ਼ ਨੂੰ ਭੱਠੀ ਵਿਚ ਪਾ ਕੇ ਸੋਧਿਆ ਨਹੀਂ ਜਾਂਦਾ ਉਹ ਅਸਲੀ ਰੂਪ ਵਿਚ ਨਹੀਂ ਆਉਂਦੀ। ਆਵੀ ਚਾੜ੍ਹ ਕੇ ਘੁਮਿਆਰ

ਭਾਂਡੇ ਵਿਚ ਆਵਾਜ਼ ਪੈਦਾ ਕਰ ਦਿੰਦਾ ਏ। ਸਤਿਗੁਰਾਂ ਤੇਰੇ ਅੰਦਰ ਆਵਾਜ਼ ਪੈਦਾ ਕਰ ਦਿੱਤੀ ਏ ਤੇ ਮੈਂ ਉਸ ਵਿਚ ਸ਼ਕਤੀ ਭਰਾਂਗਾ। ਸਤਿਗੁਰਾਂ ਤੀਰ ਤੇ ਤਲਵਾਰ ਦਿੱਤੀ ਏ, ਮੈਂ ਉਸ ਤਲਵਾਰ ਵਿਚ ਜਵਾਲਾ-ਮੁਖੀ ਦੀ ਅਗਨੀ ਦਾ ਪ੍ਰਵੇਸ਼ ਕਰਾਂਗਾ। ਤੇਰੀ ਤਲਵਾਰ ਸਿਰ ਤੋਂ ਚੱਪਾ ਕੁ ਉੱਚੀ ਹੋਵੇਗੀ ਤੇ ਉਹਦੇ ਮਗਰ ਸੌ ਤਲਵਾਰਾਂ ਉੱਠਣਗੀਆਂ। ਇਕ ਤੀਰ ਮਗਰ ਸੌ ਤੀਰ ਛੁੱਟਣਗੇ, ਤਦ ਤੈਨੂੰ ਆਸ਼ਰਮ ਦਾ ਤਿਆਗ ਕਰਨਾ ਚਾਹੀਦਾ ਏ।" ਰਾਜਗੁਰੂ ਨੇ ਕਿਹਾ।

—"ਰਾਜਗੁਰੂ ਜੋ ਕੁਛ ਆਖ ਰਿਹਾ ਏ; ਠੀਕ ਏ। ਰਾਜਗੁਰੂ ਦੀ ਨੀਤੀ ਵਿਚ ਤੇਰੀ ਸਫਲਤਾ ਏ।" ਗੁਰੂ ਗੋਬਿੰਦ ਸਿੰਘ ਨੇ ਉਚਾਰਿਆ ਤੇ ਆਪ ਆਸ਼ਰਮ ਵਲ ਪਧਾਰ ਗਏ। ਬੰਦੇ ਦੇ ਆਸ਼ਰਮ ਦੇ ਕਰਮਚਾਰੀਆਂ ਨਾਲ ਰਾਜਗੁਰੂ ਦਾ ਵੀ ਮਸਤਕ ਝੁਕਿਆ ਹੋਇਆ ਸੀ। ਸੰਧਿਆ ਦੇ ਪਰਛਾਵੇਂ ਲੰਮੇ ਹੁੰਦੇ ਜਾ ਰਹੇ ਸਨ ਤੇ ਸੂਰਜ ਹਨੇਰੇ ਦੀ ਬੁੱਕਲ ਵਿਚ ਲੁਕ ਰਿਹਾ ਸੀ।

ਸੁਣਾਏ ਨਹੀਂ ਦਿੱਤੇ। ਚਾਣਕਯ ਵਾਂਗੂੰ ਕਿਤੇ ਦੱਭ ਦੀਆਂ ਜੜ੍ਹਾਂ ਵਿਚ ਸ਼ੱਕਰ ਦੇ ਥੇਰੇ ਤਾਂ ਨਹੀਂ ਦੇਂਦੇ ਰਹੇ। ਕਾਲਾ ਪੂਤ ਬ੍ਰਾਹਮਣ ਕੜਕਦੀ ਧੁੱਪ ਵਿਚ ਦੱਭ ਦੀਆਂ ਜੜ੍ਹਾਂ ਵਿਚ ਸ਼ੱਕਰ ਪਾ ਰਿਹਾ ਸੀ। ਚੰਦਰ ਗੁਪਤ ਦਾ ਘੋੜਾ ਲੰਘਿਆ। ਉਦੋਂ ਚੰਦਰ ਗੁਪਤ ਸਾਧਾਰਣ ਜਿਹਾ ਮਨੁਖ ਸੀ। ਘੋੜੇ ਦੀਆਂ ਵਾਗਾਂ ਥੰਮ੍ਹੀਆਂ ਤੇ ਉਸ ਕਾਲੇ ਪੂਤ ਬ੍ਰਾਹਮਣ ਨੂੰ ਪੁਛਿਆ। "ਬ੍ਰਾਹਮਣ ਦੇਵਤਾ ਇਹ ਕੀ ਕਰ ਰਹੇ ਹੋ? ਕੜਕਦੀ ਧੁੱਪ ਵਿਚ ਮਤ ਤਾਂ ਨਹੀਂ ਮਾਰੀ ਗਈ ਕਿਤੇ।" ਉਸ ਜਵਾਬ ਦਿੱਤਾ, "ਨਹੀਂ ਮਹਾਰਾਜ ਏਸ ਦੱਭ ਨੇ ਮੇਰੇ ਪਿਤਾ ਦੇ ਪੈਰ ਵਿਚ ਜ਼ਖਮ ਕਰ ਦਿੱਤਾ ਸੀ ਤੇ ਇਹਦੇ ਕੰਡੇ ਵਿਚ ਜ਼ਹਿਰ ਸੀ ਜਿਹੜਾ ਮੇਰੇ ਪਿਤਾ ਜੀ ਦੀ ਮੌਤ ਦਾ ਕਾਰਨ ਬਣਿਆ ਇਸ ਲਈ ਇਹ ਦੀਆਂ ਜੜ੍ਹਾਂ ਵਿਚ ਸ਼ੱਕਰ ਦੇ ਰਿਹਾ ਹਾਂ।" "ਮੂਰਖ ਧੁੱਪ ਵਿਚ ਪਾਗਲ ਹੋ ਜਾਵੇਂਗਾ। ਜੇ ਇਹ ਦੇ ਕੋਲੋਂ ਬਦਲਾ ਲੈਣਾ ਈ ਤਾਂ ਰੰਬੇ ਨਾਲ ਵੱਢ ਦੇਹ!" 'ਨਹੀਂ ਮਹਾਰਾਜ ਮੈਂ ਬਦਲਾ ਲੈਣਾ ਚਾਹੁੰਦਾ ਹਾਂ ਪਰ ਇਸ ਤਰ੍ਹਾਂ ਨਹੀਂ। ਸਿਰ ਵੱਢ ਕੇ ਮੈਂ ਇਸ ਨੂੰ ਮੁੜ ਕੇ ਪੁੰਗਰਨ ਦਾ ਮੌਕਾ ਨਹੀਂ ਦੇਣਾ ਚਾਹੁੰਦਾ। ਮੈਂ ਇਹ ਦੀਆਂ ਜੜ੍ਹਾਂ ਵਿਚ ਸ਼ੱਕਰ ਦੇ ਦਿਆਂਗਾ। ਕੀੜਿਆਂ ਦਾ ਭੌਣ ਇਹ ਦੀਆਂ ਜੜ੍ਹਾਂ ਥੱਲੇ ਬਣੇਗਾ। ਕੀੜਿਆਂ ਦੇ ਕਾਲੇ ਪੂਤ ਜੱਥੇ ਇਹ ਦੀਆਂ ਜੜ੍ਹਾਂ ਖਾ ਲੈਣਗੇ। ਫਿਰ ਇਹ ਦੱਭ ਦੂਜੇ ਜਨਮ ਵੀ ਨਾਂ ਪੁੰਗਰ ਸਕੇਗੀ। ਇਹ ਦਾ ਬੀ ਨਾਸ਼ ਹੋ ਜਾਵੇਗਾ।" ਚਾਣਕਯ ਦੀ ਸ਼ਰਨ ਵਿਚ ਆਏ ਚੰਦਰ ਗੁਪਤ ਨੀਤੀ ਵੇਤਾ ਨੂੰ ਸਮਰਾਟ ਦੀ ਪਦਵੀ ਦੇ ਦਿੱਤੀ।

—"ਹਾਂ, ਹਾਂ ਸਤਿਗੁਰੂ ਠੀਕ ਏ, ਮੈਂ ਸਮਰਾਟ ਨਹੀਂ ਬਨਣਾ ਚਾਹੁੰਦਾ, ਮੈਂ ਬਦ ਸ਼ਕਲ ਬ੍ਰਾਹਮਣ ਦੀ ਚਰਨ ਦੀ ਧੂੜ ਵੀ ਨਹੀਂ ਪਰ ਨੀਤੀ ਦੀ ਸ਼ਤਰੰਜ ਦਾ ਮੋਹਰਾ ਜ਼ਰੂਰ ਹਾਂ।—ਮੈਂ ਚਾਹੁੰਦਾ ਹਾਂ ਕਿ ਮੋਹਰਾ ਮੇਰੇ ਪੱਟਾਂ ਹੇਠ ਆ ਜਾਵੇ ਤਾਂ ਫੇਰ ਮੈਂ ਵੀ ਸਾਹਮਣੇ ਹੋਕੇ ਸ਼ਾਹ ਨੂੰ ਜਿੱਚ ਕਰ ਲਵਾਂ। ਮੈਂ ਫਤਹਿ ਦੇ ਡੰਕੇ ਨਹੀਂ ਵਜਾਣਾ ਚਾਹੁੰਦਾ। ਮੈਂ ਉਹ ਦੇ ਦਿਲ ਵਿਚ ਸ਼ਿਕਸਤ ਦਾ ਭੌ ਭਰ ਦੇਣਾ ਚਾਹੁੰਦਾ ਹਾਂ। ਬੁਜ਼ਦਿਲੀ ਦੀ ਪੁਸ਼ਾਕ, ਕਾਇਰਤਾ ਦੀਆਂ ਬੇੜੀਆਂ ਉਹਦੇ ਪੈਰਾਂ ਵਿਚ ਪਾ ਦੇਣਾ ਹੀ ਬਹਾਦਰੀ ਹੈ। ਮੈਂ ਸਵਰਨ ਨਾਲ ਖਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਲੋਹਾ ਸਵਰਨ ਨਾਲ ਖਹਿ ਕੇ ਸੋਨਾ ਬਣ ਜਾਂਦਾ ਹੈ। ਪੂਰਨ ਨੀਤੀਵੇਤਾ, ਸੌ ਨੀਤੀਵਾਨ ਪੈਦਾ ਕਰ ਸਕਦਾ ਹੈ। ਪਰ ਸੌ ਨੀਤੀਵਾਨ ਇਕੱਠੇ ਇਕ ਪੂਰਨ ਨੀਤੀਵੇਤਾ ਨਹੀਂ ਬਣ ਸਕਦੇ। ਮੈਂ ਕੱਲ੍ਹ ਪੰਜਾਬ ਵਲੋਂ ਆਏ ਯਾਤਰੀ ਜੱਥੇ ਦੀ ਹਿੱਕ ਟਟੋਲ ਰਿਹਾ ਸਾਂ।"

"ਯਾਤਰੀਆਂ ਦੀ ਮਾਲਾ ਵਿਚ ਜ਼ੁਲਮ ਵਿਰੁਧ ਰੋਸ ਭੱਜਾ ਪਿਆ ਏ। ਛੇਕਾਂ ਵਿਚ ਬਗਾਵਤ ਪਲ ਰਹੀ ਏ। ਉਨ੍ਹਾਂ ਦੇ ਚੇਹਰਿਆਂ ਤੇ ਗਮਾਂ ਦੇ ਬੱਦਲ ਹਨ ਪਰ ਵਰਖਾ ਰੁੱਤ ਦੀਆਂ ਫੁਹਾਰਾਂ ਵਿਚੋਂ ਆਕੀ ਬਨਣ ਦਾ ਬੀ ਫੁੱਟ ਰਿਹਾ ਹੈ। ਪੁਜਾਰੀ ਦੇ ਅੰਦਰ ਧੁਖਣਾ ਜਾਪਦੀ ਏ। ਉਹ ਲੁਬਾਣੇ ਹਨ ਸਤਿਗੁਰ। ਤੁਹਾਡਾ ਨਾਂ ਸੁਣਦਿਆਂ ਰਾਮ ਚੰਦਰ ਲੁਬਾਣੇ ਨੂੰ ਚੰਦ ਚੜ੍ਹ ਪਿਆ। ਉਹ ਸਤਿਗੁਰ ਦੀ ਹਜ਼ੂਰੀ ਵਿਚ ਹਾਜ਼ਰ ਹੋਣਾ ਚਾਹੁੰਦੇ ਹਨ।"

"—ਤੇ ਨਾਲ ਹੀ ਲੈਂਦੇ ਆਉਣਾ ਸੀ। ਉਹ ਸਾਡੇ ਪੁਰਾਣੇ ਮਿੱਤਰ ਹਨ। ਗੁਰੂ ਘਰ ਦੇ

ਸ਼ਰਧਾਲੂ ਆਪਣੇ ਗੁਰੂ ਨੂੰ ਹਰ ਵੇਲੇ ਮਿਲ ਸਕਦੇ ਹਨ। ਇਸ ਦਰਬਾਰ ਵਿਚ ਰੋਕ ਟੋਕ ਨਹੀਂ। ਸੱਚਾ ਦਰਬਾਰ ਏ। ਏਥੇ "ਗੁਰੂ, ਗੁਰੂ ਵੀ ਤੇ ਗੁਰੂ ਚੇਲਾ ਵੀ।" ਗੁਰੂ ਗੋਬਿੰਦ ਸਿੰਘ ਨੇ ਆਖਿਆ।

ਲੁਬਾਣੇ ਯਾਤਰੀ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿਚ ਭੇਟਾ ਲੈ ਕੇ ਹਾਜ਼ਰ ਹੋਏ, ਚਰਨੀ ਲੱਗੇ ਤੇ ਇਸ ਤਰ੍ਹਾਂ ਰਲ ਗਏ ਜਿਸ ਤਰ੍ਹਾਂ ਘਿਓ ਖਿਚੜੀ ਵਿਚ।

ਇਮਾਨਉੱਲਾ ਦੇ ਡਰ ਨੇ ਭਾਵੇਂ ਕਦਮੁਲਦੀਨ ਦੇ ਪੈਰਾਂ ਵਿਚ ਸੰਗਲ ਪਾ ਦਿੱਤੇ ਸਨ, ਪਰ ਉਹ ਨਿਚੱਲਾ ਬਹਿਣ ਵਾਲਾ ਆਦਮੀ ਨਹੀਂ ਸੀ। ਸਰੀਰਕ ਭੁੱਖ ਤੇ ਕਾਮਦੇਵ ਦਾ ਭੂਤ ਉਹਦੇ ਸਿਰ ਤੇ ਮੰਡਲਾ ਰਿਹਾ ਸੀ, ਡਰ ਨੇ ਉਹਦੀਆਂ ਮੁਸ਼ਕਾਂ ਜਕੜੀਆਂ ਹੋਈਆਂ ਸਨ। ਸ਼ਿਕਾਰ ਦੇ ਬਹਾਨੇ ਨੇ ਉਹਦੀਆਂ ਜ਼ੰਜੀਰਾਂ ਕੁਝ ਢਿੱਲੀਆਂ ਕਰ ਦਿੱਤੀਆਂ। ਲੰਮੀ ਜ਼ੰਜੀਰ ਕਮਜ਼ੋਰ ਹੋ ਜਾਂਦੀ ਹੈ ਉਹਦਾ ਟੁੱਟ ਜਾਣਾ ਕੋਈ ਵੱਡੀ ਗੱਲ ਨਹੀਂ। ਕਦਮੁਲਦੀਨ ਸਾਰਾ ਦਿਨ ਸ਼ਿਕਾਰ ਖੇਡਦਾ ਰਹਿੰਦਾ ਤੇ ਰਾਤ ਨੂੰ ਆਪਣੇ ਹਾਣੀਆਂ ਦੀ ਜੁੰਡੀ ਵਿਚ ਮੌਜ ਮੇਲਾ ਕਰਦਾ। ਭਾਵੇਂ ਉਹਦੇ ਸਾਥੀ ਖੇਮੇ ਦੇ ਲਾਗੇ ਦੇ ਵਸਨੀਕ ਹੀ ਸਨ।

ਈਰਾਵਤੀ ਵੀ ਸ਼ਿਕਾਰ ਦੀ ਬੜੀ ਸ਼ੌਕੀਨ ਸੀ। ਉਹਦੀ ਪੁਸ਼ਾਕ ਬਾਂਕੇ ਰਾਜਪੂਤਾਂ ਵਰਗੀ ਹੁੰਦੀ। ਬਾਹਰ ਦਾ ਆਦਮੀ ਉਹ ਨੂੰ ਪਹਿਚਾਨ ਨਹੀਂ ਸੀ ਸਕਦਾ। ਲੁਬਾਣਿਆਂ ਨੇ ਨਾਦੇੜ ਵਿਚ ਠਹਿਰਣ ਦਾ ਫੈਸਲਾ ਕਰ ਲਿਆ। ਇਸ ਲਈ ਈਰਾਵਤੀ ਨੇ ਆਪਣੇ ਸ਼ਿਕਾਰੀ ਤੀਰ ਕਮਾਨ ਤੇ ਸ਼ਸਤਰਾਂ ਨੂੰ ਹਵਾ ਲਵਾਈ। ਉਹਨਾਂ ਦੀ ਉੱਲੀ ਲੱਥੀ। ਤਲਵਾਰਾਂ ਨੂੰ ਸਾਣ ਵਿਖਾਈ ਗਈ ਤੇ ਮਿਆਨਾਂ ਦੀ ਕੁਝ ਜਾਨ ਸੌਖੀ ਹੋਈ। ਈਰਾਵਤੀ ਦਾ ਬੱਜਰ ਵਰਗਾ ਸਰੀਰ, ਪੱਥਰ ਵਰਗੇ ਡੌਲੇ ਤੇ ਫੌਲਾਦ ਵਰਗੀ ਹਿੱਕ, ਹਰਨੀਆਂ ਵਰਗੀਆਂ ਅੱਖੀਆਂ, ਤਿੱਖੇ ਨਕਸ਼, ਬਹੀਕ ਬੁੱਲ੍ਹਿਆਂ ਤੇ ਗੁੱਥਿਆ ਭੱਥਾ ਜਿਹਾ ਸਰੀਰ, ਨਾਗਾਂ ਵਰਗੇ ਲੰਮੇ ਵਾਲ, ਨਿਖਰਿਆ ਹੋਇਆ ਗੋਰਾ ਰੰਗ, ਚੜ੍ਹਦੀ ਜੁਆਨੀ ਦਾ ਰੂਪ, ਵਰਦੀ ਪਾਕੇ ਉਹ ਛੈਲ ਛਬੀਲਾ ਰਾਜਪੂਤ ਬਣ ਜਾਂਦੀ। ਦਸਤਾਰ ਖਾਸ ਰਾਜਪੂਤਾਨੀ ਸਾਂਚੇ ਵਿਚੋਂ ਢਲਕੇ ਨਿਕਲੀ ਹੋਈ ਜਾਪਦੀ ਸੀ। ਝਿਮਣੀਆਂ ਥਲੇ ਕਾਲੀ ਬੋਲੀ ਰਾਤ ਵਿਚੋਂ ਦਿਨ ਚੜ੍ਹਨ ਦਾ ਚੜ੍ਹਾ ਜਾਪਦਾ। ਈਰਾਵਤੀ ਮਰਦਾਂ ਕੋਲੋਂ ਮਾਰ ਖਾਣ ਵਾਲੀ ਮੁਟਿਆਰ ਨਹੀਂ ਸੀ। ਭੈ ਤਾਂ ਉਹਦੀ ਖਲਕਤ ਵਿਚ ਕਿਤੇ ਨਾਂ ਮਾਤਰ ਵੀ ਨਹੀਂ ਸੀ ਉਹ ਕੱਲੀ ਸਠ ਦੇ ਮੁਕਾਬਲੇ ਵਿਚ ਡਟ ਜਾਂਦੀ। ਈਰਾਵਤੀ ਮੁਟਿਆਰਾਂ ਵਿਚ ਬੈਠੀ ਮੁਟਿਆਰ ਤੇ ਗਭਰੂਆਂ ਦੇ ਅਖਾੜੇ ਵਿਚ ਬਾਂਕਾ ਜਵਾਨ ਜਾਪਦੀ।

ਕਦਮੁਲਦੀਨ ਇੰਦਰ ਨਾਲੋਂ ਕਿਤੇ ਘਟ ਨਹੀਂ ਸੀ। ਜਹਾਂਗੀਰ ਵਾਂਗੂ ਸ਼ਰਾਬ ਦਾ ਬੜਾ ਦਿਲ ਦਾਦਾ ਸੀ। ਬਹਾਦਰ ਦਾ ਪੁਤਰ ਜ਼ਰੂਰ ਸੀ, ਪਰ ਆਪ ਬਹਾਦਰ ਨਹੀਂ ਸੀ। ਬੁਜ਼ਦਿਲ, ਡਰਾਕਲ ਤੇ ਬੜਾ ਕਾਇਰ ਸਾਬਤ ਹੋਇਆ ਸੀ। ਉਹਦੀ ਅਗਾੜੀ ਸ਼ੇਰ ਦੀ ਤੇ ਪਿਛਾੜੀ ਗਿੱਦੜ ਦੀ। ਉਸ ਕਦੀ ਕਿਸੇ ਕੰਮ ਨੂੰ ਕਰਨਾ ਸੋਚਿਆ ਵੀ ਨਹੀਂ ਸੀ। ਇਕ ਵਾਰ ਤਾਂ ਉਹ ਅਗਲੇ ਦੇ ਪੈਰ ਫਿਰਕਾ

ਦੇਂਦਾ ਤੇ ਪਿਛੋਂ ਭਾਵੇਂ ਨੱਸ ਕੇ ਹੀ ਜਾਨ ਬਚਾਉਣੀ ਪਵੇ । ਉਹ ਕੱਲਮਕੱਲਾ ਕਿਸੇ ਕੰਮ ਨੂੰ ਨਹੀਂ ਸੀ ਕਰ ਸਕਦਾ । ਜਦੋਂ ਵੀ ਕੋਈ ਕੰਮ ਕਰਦਾ ਦੂਸਰਿਆਂ ਦੇ ਮੋਢੇ ਤੇ ਬੰਦੂਕ ਰੱਖ ਕੇ ਚਲਾਉਣ ਵਾਲੀ ਮੁਹਾਰਨੀ ਪੜ੍ਹਦਾ । ਉਹਦੇ ਨਾਲ ਮੁਗਲਈ ਧਾੜ ਡਾਰਾਂ ਦੀਆਂ ਡਾਰਾਂ ਵਾਂਗੂੰ ਹੁੰਦੀ । ਲੋਕ ਸਿਰਫ ਇਸ ਕਰਕੇ ਉਹਦੀ ਇੱਜ਼ਤ ਕਰਦੇ ਸਨ ਕਿ ਉਹ ਇਮਾਨਉਲਾ ਦਾ ਪੁੱਤਰ ਹੈ । ਜਦੋਂ ਵੀ ਕਦੀ ਡੀਂਗ ਮਾਰਨ ਦਾ ਮੌਕਾ ਆਉਂਦਾ ਤਾਂ ਉਹ ਆਖਦਾ—''ਸ਼ੇਰ ਦੇ ਪੁੱਤਰ ਸ਼ੇਰ ਹੀ ਤਾਂ ਹੁੰਦੇ ਹਨ ।'' ਅੱਗੇ ਪਿਛੇ ਉਹਦੀ ਬਹਾਦਰੀ ਦੀ ਇਸ ਕਰਕੇ ਧੁੰਮ ਪੈ ਜਾਂਦੀ ਕਿ ਉਹ ਜਦ ਵੀ ਕਿਸੇ ਦੇ ਗਲ ਪੈਂਦਾ ਤਾਂ ਆਪਣੇ ਤੋਂ ਮਾੜਾ ਵੇਖ ਕੇ । ਮੈਦਾਨ ਦਾ ਬੜਾ ਫੋਸੜ ਸੀ । ਉਹ ਪਿਉ ਦੀ ਛਾਵੇਂ ਹੀ ਘੜੀ ਦੋ ਘੜੀਆਂ ਬੈਠ ਜਾਂਦਾ ਤਾਂ ਮੁਗਲਾਂ ਦੀ ਫੌਜ ਵਿਚ ਧੁੰਮਾ ਦੀ ਧਾਂਕ ਬਿਠਾ ਦਿੰਦਾ । ਏਡੇ ਗਭਰੂ ਨੂੰ ਤਾਂ ਸਰਕਾਰ ਜਰਨੈਲ ਬਣਾ ਦੇਂਦੀ ਏ ਪਰ ਉਹ ਕਿਤੇ ਸਿਪਾਹੀ ਵੀ ਭਰਤੀ ਨਹੀਂ ਸੀ ਹੋ ਸਕਿਆ । ਗੱਲਾਂ ਵਿਚ ਸ਼ਾਇਦ ਉਹਦੇ ਕੋਈ ਵਾਰੇ ਨਹੀਂ ਸੀ ਆ ਸਕਦਾ । ਮਰਾਸੀਆਂ ਦਾ ਪਰਛਾਵਾਂ ਪਿਆ ਹੋਇਆ ਜਾਪਦਾ ਸੀ ।

ਰੋਡੀ ਨੇ ਆਸ਼ਰਮ ਕੀ ਛਡਿਆ ਇਉਂ ਜਾਪਦਾ ਸੀ ਜਿਵੇਂ ਆਸ਼ਰਮ ਨੇ ਉਹਨੂੰ ਤਿਆਗ ਦਿੱਤਾ ਹੋਵੇ । ਆਸ਼ਰਮ ਵਿਚ ਉਹਨੂੰ ਆਇਆਂ ਕਈ ਦਿਨ ਹੋ ਗਏ ਸਨ । ਦਿਨ ਵਿਚ ਇਕ ਵਾਰ ਉਹ ਆਪਣੀਆਂ ਹਵੇਲੀਆਂ ਦੀ ਪਰਦੱਖਣਾ ਜ਼ਰੂਰ ਕਰਨ ਜਾਇਆ ਕਰਦਾ ਸੀ । ਉਹਦਾ ਦਿਲ ਟਿਕਾਣੇ ਨਹੀਂ ਸੀ । ਕਈ ਸੋਚਾਂ ਸੋਚਦਾ ਪਰ ਪੂਰਨਾ ਕਿਸੇ ਗੱਲ ਤੇ ਨਾ ਪਾ ਸਕਿਆ । ਸ਼ਿਕਾਰੀ ਇਕ ਨੰਬਰ ਦਾ ਸੀ । ਸ਼ਿਕਾਰ ਤੇ ਉਹਦਾ ਜੀਅ ਵੀ ਲੱਗ ਜਾਂਦਾ । ਜ਼ੁਲਮ ਦੇ ਸਾਹਮਣੇ ਹਿੱਕ ਤਾਣਕੇ ਖੜਾ ਹੋ ਜਾਂਦਾ । ਦਿਲ ਦਾ ਏਡਾ ਨਰਮ ਤੇ ਕੂਲਾ ਸੀ ਕਿ ਕਿਸੇ ਦੇ ਵੈਣ ਨਹੀਂ ਸੀ ਸੁਣ ਸਕਦਾ, ਭਾਵੇਂ ਆਪਣੀ ਜਾਨ ਜੋਖੋਂ ਵਿਚ ਪੈ ਜਾਏ । ਜ਼ਾਲਮ ਦਾ ਤਾਂ ਇਕ ਵਾਰ ਲਹੂ ਪੀ ਲੈਂਦਾ । ਰੱਜਕੇ ਜਵਾਨ ਸੀ । ਵੇਖਿਆਂ ਭੁੱਖ ਲੱਥਦੀ । ਸਾਧ ਦਾ ਬਾਣਾ ਪਾ ਕੇ ਉਹਨੇ ਦਿਲ ਟਟੋਲਿਆ, ਪਰ ਸ਼ਾਂਤੀ ਨਾ ਮਿਲੀ । ਆਵਾਗਵਣ ਦੇ ਗੇੜੇ ਵਿਚ ਆਈ ਆਤਮਾ ਵਾਂਗੂੰ ਉਹ ਭੌਂ ਰਿਹਾ ਸੀ । ਉਹਦਾ ਕਿਤੇ ਦਿਲ ਜੰਮਦਾ ਨਾ ਦਿਸਿਆ । ਹੁਣ ਉਹ ਸ਼ਿਕਾਰ ਵਿਚ ਜੀਅ ਲਾਉਣ ਦੀ ਕੋਸ਼ਿਸ਼ ਕਰ ਰਿਹਾ ਸੀ । ਇਸ ਵੇਲੇ ਰੋਡੀ ਸ਼ਿਕਾਰੀ ਜ਼ਿਆਦਾ ਸੀ ਤੇ ਸੰਤ ਘੱਟ ਸੀ । ਗੁਦਾਵਰੀ ਤੋਂ ਪਰਲੇ ਪਾਰ ਵਾਲੇ ਜੰਗਲ ਉਹਦੀ ਸ਼ਿਕਾਰ-ਗਾਹ ਸੀ ।

ਇਕ ਦਿਨ :—

ਤਿੰਨ ਸ਼ਿਕਾਰੀ ਜੰਗਲ ਵਿਚ ਸ਼ਿਕਾਰ ਖੇਡ ਰਹੇ ਸਨ । ਰੋਡੀ ਇਕ ਪਾਸੇ, ਕਦਮੁਲਦੀਨ ਤੇ ਉਹਦੀ ਪਾਰਟੀ ਦੂਜੀ ਤਰਫ ਤੇ ਕੱਲਮਕੱਲੀ ਈਰਾਵਤੀ ਘੋੜੇ ਤੇ ਪਲਾਕੀਆਂ ਮਾਰਦੀ ਇਕ ਪਾਸਿਓਂ ਆ ਰਹੀ ਸੀ ।

ਤਿੰਨ ਸ਼ੇਰ ਤੇ ਇਕ ਜੰਗਲ । ਦੋ ਸ਼ੇਰ ਤੇ ਇਕ ਜੰਗਲ ਵਿਚ ਰਹਿ ਨਹੀਂ ਸਕਦੇ, ਪਰ ਇਥੇ ਤਾਂ ਤਿੰਨ ਇਕੱਠੇ ਹੋ ਗਏ । ਪਰ ਹਾਂ, ਅਸਲ ਵਿਚ ਸ਼ੇਰ ਤਾਂ ਦੋ ਹੀ ਸਨ, ਇਕ ਤਾਂ ਸ਼ੇਰਨੀ ਸੀ । ਜੋ

ਇਕ ਸ਼ੇਰ ਚਲਾ ਜਾਵੇ ਤਾਂ ਦੋਹ ਦਾ ਗੁਜ਼ਾਰਾ ਹੋਣਾ ਮੁਸ਼ਕਲ ਨਹੀਂ। ਇਕ ਜੰਗਲ ਵਿਚ ਇਕ ਸ਼ੇਰ ਤੇ ਸ਼ੇਰਨੀ ਇਕੱਠੇ ਰਹਿ ਸਕਦੇ ਸਨ, ਪਰ ਦੋਹਾਂ ਵਿਚੋਂ ਜਾਣ ਲਈ ਕੋਈ ਵੀ ਤਿਆਰ ਨਹੀਂ ਸੀ। ਮਿਆਨ ਵਿਚ ਦੋ ਤਲਵਾਰਾਂ ਤੇ ਜੰਗਲ ਵਿਚ ਦੋ ਸ਼ੇਰ ਕਦੇ ਰਹਿ ਨਹੀਂ ਸਕਦੇ। ਏਥੇ ਤਾਂ ਦੋ ਸ਼ੇਰ ਤੇ ਇਕ ਸ਼ੇਰਨੀ ਸਨ। ਕੋਈ ਸ਼ੇਰਨੀ ਨੂੰ ਪਛਾਣ ਨਹੀਂ ਸੀ ਸਕਦਾ। ਸ਼ਿਕਾਰ ਦੀ ਤਲਾਸ਼ ਤਿੰਨਾਂ ਸ਼ਿਕਾਰੀਆਂ ਨੂੰ ਸੀ। ਈਰਾਵਤੀ ਦੇ ਮੋਢੇ ਤੇ ਕਮਾਨ, ਪਿਠ ਪਿਛੇ ਤਰਕਸ਼ ਤੇ ਕਮਰ ਵਿਚ ਲਟਕਦੀ ਤਲਵਾਰ ਤੇ ਹੱਥ ਵਿਚ ਬਾਂਸ ਵਰਗਾ ਨੇਜ਼ਾ ਤੇ ਦੂਜੇ ਹੱਥ ਵਿਚ ਘੋੜੇ ਦੀਆਂ ਲਗਾਮਾਂ ਤੇ ਅੱਖਾਂ ਵਿਚ ਕਾਲੇ ਕਜਲੇ ਦੀਆਂ ਧਾਰੀਆਂ।

ਕਦਮੁਲਦੀਨ ਵੀ ਘੋੜ-ਸਵਾਰ ਸੀ। ਉਹਦੇ ਸਾਥੀ ਵੀ ਘੋੜਿਆਂ ਦੀ ਪਿੱਠ ਤੇ ਸਨ। ਸਾਂਢਣੀ ਸਵਾਰ ਵੀ ਉਨ੍ਹਾਂ ਦੇ ਨਾਲ ਸੀ।

—"ਜੇ ਅਲੀ ਰਹਿਮਤ ਨੂੰ ਆਪਣੀ ਡਾਚੀ ਮਿਲ ਜਾਂਦੀ ਤਾਂ ਫਿਰ ਮਜ਼ਾ ਹੀ ਆ ਜਾਂਦਾ। ਡਾਚੀ ਨਾਚ ਕੀ ਕਰਦੀ ਏ ਲੋਕੀਂ ਮੂੰਹ ਚੁਕ ਚੁਕ ਕੇ ਵੇਖਦੇ ਹਨ। ਸਾਰੀ ਨਾਦੌਣ ਵਿਚ ਇਹੋ ਜਹੀ ਡਾਚੀ ਕਿਤੇ ਨਹੀਂ। ਜ਼ੁਲਫਕਾਰ ਤੈਥੋਂ ਨਹੀਂ ਹੋਣ ਲਗੀਆਂ ਮੇਰੀ ਡਾਚੀ ਦੀਆਂ ਸਿਫਤਾਂ। ਉਹਦੇ ਤਾਂ ਪੈਰਾਂ ਵਿਚ ਘੁੰਗਰੂ ਛਣਕਦੇ ਹਨ। ਸਾਰਾ ਜੰਗਲ ਘੁੰਗਰੂਆਂ ਤੇ ਦੁਹਰਾ ਹੋ ਹੋ ਪਵੇਗਾ। ਹਰਨਾਂ ਦੀਆਂ ਡਾਰਾਂ ਚੌਕੜੀਆਂ ਭਰਨ ਲਗ ਪੈਂਦੀਆਂ ਹਨ ਘੁੰਗਰੂਆਂ ਤੇ ਫਿਰ ਸ਼ਿਕਾਰ ਹੀ ਸ਼ਿਕਾਰ ਜੁੜ ਜਾਂਦੇ ਹਨ।" ਰਹੀਮ ਖਾਂ ਆਖ ਰਿਹਾ ਸੀ।

ਜ਼ੁਲਫਕਾਰ ਬੋਲਿਆ—"ਤੇਰੀ ਤੇ ਉਹ ਗੱਲ ਏ ਕਿ ਬਗਲੇ ਦੇ ਸਿਰ ਤੇ ਧੁੱਪ ਵਿਚ ਪਹਿਲਾ ਮੋਮ ਰੱਖੀ ਜਾਏ ਤੇ ਜਦੋਂ ਉਹ ਮੋਮ ਪਿਘਲ ਕੇ ਉਹਦੀਆਂ ਅੱਖਾਂ ਵਿਚ ਚੋ ਪਵੇ, ਤਦ ਉਹ ਆਪ ਹੀ ਅੰਨ੍ਹਾ ਹੋ ਜਾਏਗਾ, ਇਸ ਤਰ੍ਹਾਂ ਬਗਲੇ ਫੜਨ ਵਿਚ ਕਿਹੜੀ ਤਕਲੀਫ ਹੁੰਦੀ ਏ। ਸ਼ੇਖੀਆਂ ਵਿਚ ਸ਼ਿਕਾਰ ਨਹੀਂ ਮਾਰੇ ਜਾਂਦੇ। ਸਾਂਢਣੀ ਵਾਲੇ ਨੂੰ ਸ਼ਿਕਾਰ ਕੱਢਣ ਤੇ ਲਾਓ ਤੇ ਇਕ ਆਦਮੀ ਦੇ ਗਲ ਵਿਚ ਢੋਲ ਪਾ ਦਿਓ। ਢੋਲ ਤੇ ਜਦ ਡੰਕਾ ਵਜੇਗਾ ਸ਼ਿਕਾਰ ਮੈਦਾਨ ਵਿਚ ਨਿੱਤਰ ਪਵੇਗਾ। ਜਿਸ ਦੀ ਹਿੰਮਤ ਹੋਵੇਗੀ ਉਹ ਸ਼ਿਕਾਰ ਮਾਰ ਲਵੇ। ਗੱਲ ਕਿਹੜੀ ਏ।"

ਰੋੜੀ ਔਝੜ ਜੰਗਲ ਵਿਚ ਇਕੱਲਾ ਹੀ ਇਕ ਛੱਪੜ ਦੇ ਕੰਢੇ ਬੈਠਾ ਕੁਦਰਤ ਦਾ ਤਮਾਸ਼ਾ ਵੇਖ ਰਿਹਾ ਸੀ। ਤਲਵਾਰ ਮਿਆਨ ਵਿਚ ਪਈ ਹੋਈ ਸੀ। ਮੋਢੇ ਉਤੇ ਧਨਸ਼ ਬਾਣ ਤੇ ਲਾਗੇ ਬਰਛਾ ਤਿੱਖੇ ਮੂੰਹ ਵਾਲਾ। ਬੱਸ ਉਹਦੀ ਇਹੋ ਜਾਇਦਾਦ ਸਨ। ਥਕਿਆ ਟੁੱਟਿਆ ਸ਼ਿਕਾਰ ਦੀ ਖੋਜ ਵਿਚ ਕੁਝ ਆਮਾਮ ਕਰ ਰਿਹਾ ਸੀ। ਉਸ ਨੇ ਵੀ ਢੋਲ ਵੱਜਣ ਦੀ ਆਵਾਜ਼ ਸੁਣੀ ਤੇ ਸੋਚਿਆ ਕਿ ਹੁਣ ਕੋਈ ਸ਼ਿਕਾਰ ਜ਼ਰੂਰ ਨਿਕਲੇਗਾ। ਸ਼ਾਇਦ ਮੁਗ਼ਲ ਸ਼ਿਕਾਰ-ਗਾਹ ਵਿਚ ਆ ਗਏ ਹਨ। ਝਰਨੇ ਦਾ ਪਾਣੀ ਮਧਮ ਸੁਰ ਵਿਚ ਗੂੰਜ ਰਿਹਾ ਸੀ। ਕਦੀ ਕਦੀ ਫੁਹਾਰ ਰੋੜੀ ਤੇ ਆਣ ਪੈਂਦੀ।

ਈਰਾਵਤੀ ਦਾ ਘੋੜਾ ਸ਼ਿਕਾਰ-ਗਾਹ ਵਿਚ ਘੁੰਮ ਰਿਹਾ ਸੀ। ਉਸ ਨੇ ਵੀ ਇਕ ਦਰੱਖਤ ਦੀ ਛਾਂਵੇਂ ਘੋੜਾ ਖੜਾ ਕਰ ਲਿਆ ਤੇ ਘੋੜੇ ਦੀ ਪਿੱਠ ਤੇ ਜ਼ਰਾ ਊਂਘਲਾਉਣ ਲੱਗ ਪਈ।

ਸਾਂਢਣੀ ਵਾਲੇ ਨੇ ਸਾਰੇ ਜੰਗਲ ਵਿਚ ਹੜਤਾਲ ਲਿਆ ਦਿੱਤੀ। ਹਰਨਾਂ ਦੀਆਂ ਢਾਣੀਆਂ ਨਿਕਲੀਆਂ ਤੇ ਕਦਮੁਲਦੀਨ ਨੇ ਪਹਿਲੀ ਡਾਰ 'ਚੋਂ ਦੋ ਹਰਨ ਮਾਰ ਲਏ। ਬਾਕੀ ਸਾਰੇ ਬਚਕੇ ਨਿਕਲ ਗਏ। ਉਹਦੇ ਸਾਥੀ ਮੂੰਹ ਵੇਖਦੇ ਹੀ ਰਹਿ ਗਏ। ਦੋ ਹਰਨ ਮਾਰਨ ਨਾਲ ਕਦਮੁਲਦੀਨ ਦਾ ਹੌਸਲਾ ਵਧ ਗਿਆ। ਉਸ ਹਰਨਾਂ ਦੀ ਢਾਣੀ ਵਿਚੋਂ ਇਕ ਈਰਾਵਤੀ ਦੇ ਵੀ ਕਾਬੂ ਆ ਗਿਆ। ਬਾਕੀ ਤਿੰਨ ਹਰਨ ਰੋੜੀ ਨੇ ਇਕੋ ਤੀਰ ਦੇ ਨਿਸ਼ਾਨੇ ਨਾਲ ਵਿੰਨ੍ਹ ਲਏ। ਉਸ ਢਾਣੀ ਵਿਚੋਂ ਸ਼ਾਇਦ ਹੀ ਕੋਈ ਹਰਨ ਬਾਕੀ ਬਚਿਆ ਹੋਣਾ ਏ। ਈਰਾਵਤੀ ਦੋ ਸ਼ਿਕਾਰੀਆਂ ਦੇ ਵਿਚ ਸੀ। ਕਦਮੁਲਦੀਨ ਦੇ ਨਿਸ਼ਾਨਿਓਂ ਜਿਹੜਾ ਉਖੜਦਾ ਉਹਦੇ ਤੇ ਈਰਾਵਤੀ ਹਿੰਮਤ ਅਜ਼ਮਾਈ ਕਰਦੀ। ਰਹਿੰਦ ਖੂੰਦ ਰੋੜੀ ਦੇ ਹਿੱਸੇ ਆ ਜਾਂਦੀ। ਤਿੰਨਾ ਦਾ ਆਪਸ ਦਾ ਫਾਸਲਾ ਕੋਈ ਲੰਮਾ ਨਹੀਂ ਸੀ। ਈਰਾਵਤੀ ਨੇ ਦੋਵੇਂ ਹਰਨ ਘੋੜੇ ਦੀ ਕਾਠੀ ਨਾਲ ਬੰਨ੍ਹ ਲਏ। ਕਦਮੁਲਦੀਨ ਨੇ ਵੀ ਘੋੜੇ ਦੀ ਕਾਠੀ ਨਾਲ ਦੋ ਤਿੰਨ ਹੋਰਨ ਬੱਧੇ ਹੋਏ ਸਨ।

ਸ਼ਾਮਾਂ ਢਲੀਆਂ ਤੇ ਅਚਾਨਕ ਸਾਂਢਣੀ ਸਵਾਰ ਨੇ ਇਕ ਹੋਰ ਹਰਨਾਂ ਦੀ ਢਾਣੀ ਕੱਢੀ। ਉਹਦੇ ਵਿਚ ਇਕ ਹਰਨ ਕਾਲਾ ਸ਼ਾਹ ਸੀ। ਕਦਮੁਲਦੀਨ ਦਾ ਖਿਆਲ ਸੀ ਕਿ ਇਹਦੀ ਨਾਭੀ ਵਿਚ ਜ਼ਰੂਰ ਕਸਤੂਰੀ ਨਾਫ਼ਾ ਏ। ਕਦਮੁਲਦੀਨ ਨੇ ਆਖਿਆ "ਭਈ ਆਪਣਾ ਆਪਣਾ ਹਰਨ ਮੱਲ ਲਊ! ਕੋਈ ਕਿਸੇ ਦੇ ਹਰਨ ਪਿਛੇ ਨਾ ਜਾਵੇ।"

—"ਲਉ ਭਈ ਮੈਂ ਕਾਲਾ ਹਰਨ ਮਾਰਾਂਗਾ!" ਕਦਮੁਲਦੀਨ ਨੇ ਆਖਿਆ।

—"ਮੇਰੇ ਹਿੱਸੇ ਪਹਿਲਾ ਹਰਨ ਰਿਹਾ" ਰਹੀਮ ਬੋਲਿਆ।

—"ਦੋ ਛਡ ਕੇ ਤੀਸਰਾ ਮੇਰੇ ਹਿੱਸੇ ਦਾ!" ਗੁਲਾਮ ਹੈਦਰ ਆਖ ਰਿਹਾ ਸੀ।

—"ਚਲੋ ਯਾਰ ਅਸੀਂ ਸਾਰਿਆਂ ਤੋਂ ਪਿਛਲਾ ਹਰਨ ਮਾਰਾਂਗੇ।"

—"ਕਿਉਂ ਉਏ! ਸ਼ਮਸ ਖਾਂ ਤੂੰ ਕਿਹੜੀ ਹਰਨੀ ਮਾਰਨੀ ਏ!" ਕਦਮੁਲਦੀਨ ਨੇ ਆਖਿਆ।

—"ਨਹੀਂ ਸਰਕਾਰ! ਸੂਰਮਿਆਂ ਤੋਂ ਜਿਹੜਾ ਹਰਨ ਭਜ ਜਾਵੇਗਾ ਮੈਂ ਉਹਦਾ ਸ਼ਿਕਾਰ ਕਰਾਂਗਾ"—ਸ਼ਮਸ ਖਾਂ ਬੋਲਿਆ।

ਸਾਰੇ ਸਾਥੀ ਆਪਣੇ ਆਪਣੇ ਹਰਨ ਦੇ ਪਿਛੇ ਲਗ ਗਏ ਕਦਮੁਲਦੀਨ ਦਾ ਘੋੜਾ ਕਾਲੇ ਹਰਨ ਦੇ ਪਿਛੇ ਸੀ। ਨਾਭੀ ਵਿਚ ਜ਼ਰੂਰ ਕਸਤੂਰੀ ਏ...ਸਾਰਾ ਜੰਗਲ ਮਹਿਕ ਰਿਹਾ ਏ। ਏਹੋ ਜੇਹਾ ਹਰਨ ਬੜੇ ਚਿਰ ਪਿਛੋਂ ਵੇਖਣ ਵਿਚ ਆਇਆ ਏ...ਹਰਨ ਅੱਗੇ ਚੌਂਕੜੀਆਂ ਭਰਦਾ ਜਾ ਰਿਹਾ ਸੀ ਤੇ ਕਦਮੁਲਦੀਨ ਉਹਦੇ ਪਿਛੇ। ਹਵਾ ਨਾਲ ਗੱਲਾਂ ਕਰਨ ਵਾਲਾ ਘੋੜਾ ਟਿਲ ਲਾਕੇ ਹਰਨ ਦੇ ਪਿਛੇ ਬੇਤਹਾਸ਼ ਨਠ ਪਿਆ। ਹਰਨ ਡਾਹ ਦੇਂਦਾ ਨਜ਼ਰ ਨਹੀਂ ਸੀ ਆਉਂਦਾ। ਸ਼ਾਮਾਂ ਦਾ ਸੂਰਜ ਦਰਖਤਾਂ ਦੀ ਆੜ ਵਿਚ ਅਲੋਪ ਹੋ ਗਿਆ। ਕਦਮੁਲਦੀਨ ਨੇ ਦੂਰੋਂ ਇਕ ਨੇਜ਼ਾ ਵਗਾਹ ਕੇ ਮਾਰਿਆ। ਹਰਨ ਸਹਿਮ ਕੇ ਚਟਾਨ ਦੇ ਲਾਗੇ ਖੜਾ ਹੋ ਗਿਆ ਕਦਮੁਲਦੀਨ ਨੇ ਸਮਝਿਆ ਕਿ ਹਰਨ ਜ਼ਖਮੀ

ਹੋ ਗਿਆ ਹੈ। ਘੋੜੇ ਤੋਂ ਉਤਰਿਆ ਤੇ ਹਰਨ ਫੜਨ ਗਿਆ। ਹਰਨ ਥਕਾਵਟ ਨਾਲ ਘਬਰਾਇਆ ਹੋਇਆ ਸੀ। ਨੇਜ਼ਾ ਭਾਵੇਂ ਉਹਦੇ ਕੋਲ ਹੀ ਵਜਾ ਸੀ ਪਰ ਫੇਰ ਵੀ ਉਹ ਚੁਪ ਸੀ। ਚਟਾਨ ਦੇ ਦੂਜੇ ਪਾਸੇ ਨਦੀ ਵਗ ਰਹੀ ਸੀ ਈਰਾਵਤੀ ਪਾਣੀ ਨਾਲ ਕਲੋਲ ਕਰ ਰਹੀ ਸੀ।

ਜਦ ਹਰਨ ਦੇ ਕੋਲ ਕਦਮੁਲਦੀਨ ਪੁੱਜਾ ਤਦ ਹਰਨ ਨੇ ਇਕ ਚੁੰਭੀ ਮਾਰੀ ਤੇ ਉਹ ਚਟਾਨ ਦੇ ਦੂਜੇ ਪਾਸੇ ਜਾ ਖੜਾ ਹੋਇਆ। ਅੱਗੋਂ ਇਕ ਸ਼ੇਰ ਸੀ ਝਾੜੀ ਦੀ ਆੜ ਵਿਚ ਉਸ ਹਰਨ ਨੂੰ ਘੂਰਿਆ। ਕਦਮੁਲਦੀਨ ਨੇ ਆ ਵੇਖੀ ਤੇ ਨਾਂ ਤਾ ਛਾਲ ਮਾਰਕੇ ਪੱਥਰ ਟਪ ਗਿਆ। ਸ਼ੇਰ ਨੇ ਬੁਥ ਮਾਰੀ ਤੇ ਹਰਨ ਤੇ ਟੁਟ ਪਿਆ। ਕਦਮੁਲਦੀਨ ਸ਼ੇਰ ਤੇ ਹਰਨ ਦੇ ਵਿਚ ਘਿਰ ਗਿਆ। ਸ਼ੇਰ ਨੇ ਬੁਥ ਮਾਰੀ। ਕਦਮੁਲਦੀਨ ਦੀ ਖਾਨਿਉਂ ਗਈ। ਘਬਰਾ ਗਿਆ ਸੂਰਮਾ...। ਹਰਨ ਚੁੰਗਿਆ ਮਾਰਦਾ ਉਸੇ ਵੇਲੇ ਨਠ ਗਿਆ। ਸ਼ੇਰ ਕਦਮੁਲਦੀਨ ਤੇ ਸੀ ਏਨੇ ਚਿਰ ਨੂੰ ਦੋ ਸਾਥੀ ਕਦਮੁਲਦੀਨ ਦੇ ਵੀ ਆ ਪੁੱਜੇ। ਕਦਮੁਲਦੀਨ ਨੇ ਬਥੇਰੀਆਂ ਚੰਗੀਆਂ ਚਾਂਗਾਂ ਮਾਰੀਆਂ ਪਰ ਸ਼ੇਰ ਨੂੰ ਵੇਖ ਕੇ ਉਨ੍ਹਾਂ ਦੀ ਵੀ ਫਟਕੜੀ ਫੁਲ ਹੋ ਗਈ। ਅਖੀਂ ਵੇਖ ਕੇ ਮੌਤ ਦੀ ਗੋਦ ਵਿਚ ਕੌਣ ਜਾਵੇ। ਕਦਮੁਲਦੀਨ ਨੇ ਬਥੇਰੀਆਂ ਲਿਲਕੜੀਆਂ ਲਈਆਂ ਪਰ ਕਿਸੇ ਨੇ ਉਹਦੀ ਆਵਾਜ਼ ਤੇ ਕੰਨ ਨਾ ਧਰੇ ਤੇ ਪਤਰਾ ਵਾਚ ਗਏ। ਜਾਂਦੇ ਇਕ ਸਾਥੀ ਨੇ ਹੱਥ ਹਿਲਾਂਦਿਆਂ ਆਖਿਆ "ਅਸੀਂ ਆਉਂਦੇ ਹਾਂ ਦੂਜੇ ਸਾਥੀਆਂ ਨੂੰ ਨਾਲ ਲੈ ਕੇ...।"

ਹੁਣ ਕਦਮੁਲਦੀਨ ਕੁੜਿਕੀ ਵਿਚ ਫਸਿਆ ਹੋਇਆ ਸੀ। ਸਹਿਮੇ ਹੋਏ ਨੇ ਤਲਵਾਰ ਮਿਆਨ 'ਚੋਂ ਖਿਚ ਲਈ। ਉਹ ਸ਼ੇਰ ਦੇ ਸਾਹਮਣੇ ਆਣ ਖਲੋਤਾ। ਭਾਵੇਂ ਕਦਮੁਲਦੀਨ ਪਾਣੀਉਂ ਪਤਲਾ ਹੋ ਚੁਕਾ ਸੀ ਪਰ ਹੁਣ ਮੁਕਾਬਲਾ ਕਰਨਾ ਹੀ ਅਕਲਮੰਦੀ ਸੀ। ਸ਼ਾਇਦ ਭੁਲੇਖੇ ਵਿਚ ਤਲਵਾਰ ਦਾ ਜ਼ਖਮ ਸ਼ੇਰ ਨੂੰ ਲਗ ਜਾਵੇ ਪਰ ਸ਼ੇਰ ਗਜ ਰਿਹਾ ਸੀ ਸੌਣ ਦੀਆਂ ਬਦਲਾਂ ਵਾਂਗੂੰ। ਝਟ ਈਰਾਵਤੀ ਕੂਕ ਪਈ। ਤਲਵਾਰ ਸੂਤ ਕੇ ਉਸ ਘੋੜੇ ਦੀ ਰਕਾਬ ਵਿਚ ਪੈਰ ਜਾ ਧਰਿਆ। ਚੰਦਰਮਾ ਬਦਲੀਆਂ ਵਿਚੋਂ ਝਾਤੀਆਂ ਮਾਰ ਰਿਹਾ ਸੀ। ਚੌਧਵੀਂ ਦਾ ਚੰਨ ਸਾਰੇ ਜੰਗਲ ਵਿਚ ਠੰਡੀਆਂ ਕਿਰਨਾਂ ਦੀ ਚਾਂਦੀ ਖਲਾਰ ਰਿਹਾ ਸੀ। ਕਦਮੁਲਦੀਨ ਨੇ ਡਰਦੇ ਡਰਦੇ ਤਲਵਾਰ ਦਾ ਹੱਥ ਮਾਰਿਆ। ਸ਼ੇਰ ਨੂੰ ਤਲਵਾਰ ਦਾ ਮਾਮੂਲੀ ਜੇਹਾ ਜ਼ਖਮ ਆਇਆ ਐਵੇਂ ਭੋਰਾ ਕੁ ਲਹੂ ਦੀ ਤਤੀਰੀ ਛੁਟੀ ਸੀ। ਬਦਲੇ ਦੀ ਅੱਗ ਸ਼ੇਰ ਦੇ ਅੰਦਰ ਜਾਗ ਉਠੀ। ਕਦਮੁਲਦੀਨ ਕੋਲ ਢਾਲ ਸੀ ਤੇ ਆਪਣੇ ਬਚਾਅ ਦੀ ਹਰ ਤਰ੍ਹਾਂ ਕੋਸ਼ਿਸ਼ ਕਰ ਰਿਹਾ ਸੀ ਪਰ ਸ਼ੇਰ ਨੇ ਇਕ ਧੌਲ ਮਾਰੀ ਤੇ ਕਦਮੁਲਦੀਨ ਦੀ ਢਾਲ ਜ਼ਮੀਨ ਤੇ ਜਾ ਡਿਗੀ ਤੇ ਉਸ ਡਰ ਵਿਚ ਜ਼ੋਰ ਦੀ ਚੀਕ ਮਾਰੀ। ਸ਼ੇਰ ਵੀ ਘਬਰਾ ਗਿਆ। ਈਰਾਵਤੀ ਨੂੰ ਮਜਬੂਰਨ ਘੋੜਾ ਰੋਕਣਾ ਪਿਆ। ਹੋ ਸਕਦਾ ਹੈ ਕਿ ਸ਼ੇਰ ਦੂਜਾ ਪੰਜਾ ਮਾਰਦਾ ਤੇ ਕਦਮੁਲਦੀਨ ਦੇ ਪ੍ਰਾਣ ਨਿਕਲ ਜਾਂਦੇ ਪਰ ਈਰਾਵਤੀ ਨੇ ਝਟ ਤਲਵਾਰ ਸੂਤ ਕੇ ਘੋੜੇ ਤੋਂ ਛਾਲ ਮਾਰੀ ਤੇ ਸ਼ੇਰ ਦੇ ਸਨਮੁਖ ਜਾ ਖੜੀ ਹੋਈ। ਕਦਮੁਲਦੀਨ ਦੀ ਜਾਨ ਵਿਚ ਜਾਨ ਆਈ ਤੇ ਉਸ ਸੋਚਿਆ ਕਿ ਹੁਣ ਅਸੀਂ ਇਸ ਸ਼ੇਰ ਦਾ ਮੁਕਾਬਲਾ ਕਰ ਲਵਾਂਗੇ। ਸ਼ੇਰ ਦੇ ਸਾਹਮਣੇ ਈਰਾਵਤੀ

ਸੀ। ਕਦਮੁਲਦੀਨ ਨੇ ਪਿਛਲੀਂ ਪੈਰੀਂ ਖਿਸਕਣਾ ਸ਼ੁਰੂ ਕਰ ਦਿੱਤਾ ਈਰਾਵਤੀ ਤੇ ਸ਼ੇਰ ਦੀ ਲੜਾਈ ਦਾ ਆਰੰਭ ਹੋਇਆ। ਸ਼ੇਰ ਕੁਦਕੇ ਈਰਾਵਤੀ ਵਲ ਆਇਆ। ਈਰਾਵਤੀ ਨੇ ਮੁੜ ਕੇ ਤਲਵਾਰ ਦਾ ਅਜਿਹਾ ਹੱਥ ਮਾਰਿਆ ਕਿ ਤਲਵਾਰ ਸ਼ੇਰ ਦੇ ਲਕ ਵਿਚ ਪਹੁੰਚ ਗਈ। ਹੋ ਸਕਦਾ ਸੀ ਕਿ ਸ਼ੇਰ ਉਸੇ ਨਾਲ ਖਤਮ ਹੋ ਜਾਂਦਾ। ਪਰ ਉਹ ਇਕ ਵਾਰ ਫੇਰ ਗਰਜਿਆ। ਇਹ ਉਹਦੀ ਆਖਰੀ ਗਰਜ ਸੀ। ਉਸ ਇਕ ਵਾਰ ਨਾਲ ਈਰਾਵਤੀ ਦੀ ਪਗ ਲੱਥ ਗਈ। ਬਝਿਆ ਕੇਸਾਂ ਦਾ ਜੂੜਾ ਜ਼ੁਲਫਾਂ ਬਣਕੇ ਮੋਢਿਆਂ ਤੇ ਖਿਲਰ ਗਿਆ ਜਿਵੇਂ ਸ਼ੇਰ ਇਸਤ੍ਰੀ ਵੇਖ ਕੇ ਵਾਰ ਕਰਨੋ ਰੁਕ ਗਿਆ। ਸ਼ੇਰ ਨੂੰ ਆਪਣੇ ਆਪ ਵਿਚ ਸੰਗ ਜਹੀ ਆਈ ਪਰ ਈਰਾਵਤੀ ਨੇ ਤਲਵਾਰ ਦਾ ਦੂਜਾ ਹੱਥ ਮਾਰਨੋਂ ਸੰਗ ਨਾ ਕੀਤੀ। ਸ਼ੇਰ ਨੇ ਅੜਿੰਗ ਅੜਿੰਗ ਕੇ ਜਾਨ ਦੇ ਦਿੱਤੀ। ਕਦਮੁਲਦੀਨ ਦੂਰ ਖੜਾ ਤਮਾਸ਼ਾ ਵੇਖਦਾ ਸੀ।

—"ਵਾਹ ਓ ਜਵਾਨਾ! ਧੰਨ ਏ ਉਹ ਮਾਂ, ਜਿਸ ਨੇ ਤੈਨੂੰ ਜਨਮ ਦਿੱਤਾ।. ਰਹਿਮ ਆਲਾ ਤਾਲਾ ਰਹਿਮ!" ਕਦਮੁਲਦੀਨ ਅੱਖਾਂ ਮੀਟ ਕੇ ਬਾਰਗਾਹ ਅੱਲਾ ਤਾਲਾ 'ਚ ਦਵਾ ਮੰਗ ਰਿਹਾ ਸੀ।

ਪਰ ਜਦ ਉਸ ਈਰਾਵਤੀ ਵਲ ਵੇਖਿਆ ਕਿ ਇਹ ਰਾਜਪੂਤ ਗਭਰੂ ਨਹੀਂ ਸਗੋਂ ਮੁਟਿਆਰ ਏ ਤਾਂ ਝਟ ਹੀ ਉਹਦੀਆਂ ਅੱਖਾਂ ਵਿਚ ਮੁਹੱਬਤ ਦੇ ਰੋੜੇ ਰੜਕ ਪਏ। ਰੋਡੀ ਉਹ ਕਸਤੂਰੀ ਵਾਲਾ ਹਰਨ ਮਾਰ ਚੁਕਾ ਸੀ ਤੇ ਹੋਲੀ ਹੋਲੀ ਚਲਿਆ ਆ ਰਿਹਾ ਸੀ। ਉਸ ਮੱਥੇ ਪਿਛੇ ਚਾਰ ਹਰਨ ਪਾਏ ਹੋਏ ਸਨ।

—"ਕੌਣ! ਰਾਜਪੂਤ ਦੇ ਰੂਪ ਵਿਚ ਬਾਂਕੀ ਨਾਰ।" ਕਦਮੁਲਦੀਨ ਨੇ ਦੂਰੋਂ ਆਖਿਆ। ਇਕ ਵਾਰ ਤੇ ਉਹਨੂੰ ਅੰਦਰੋਂ ਸ਼ਰਮ ਨੇ ਲਾਹਪਤ ਆਹਪਤ ਕੀਤੀ ਪਰ ਜਦ ਉਸ ਈਰਾਵਤੀ ਵਲ ਵੇਖਿਆ ਤਾਂ ਸ਼ਰਮ ਨੂੰ ਪਰੇ ਲਾਹ ਸੁਟਿਆ। ਉਹ ਗੱਲ ਭੁਲ ਗਿਆ ਕਿ ਇਹ ਮੇਰੀ ਜਨਮ ਦਾਤੀ ਏ। ਸਿਰਫ ਇਹੋ ਔਰਤ ਮੇਰੀ ਜਾਨ ਦੀ ਨਿਗਾਹਵਾਨ ਸੀ—ਏਨੇ ਚਿਰ ਨੂੰ ਉਹਦੇ ਸਾਥੀ ਵੀ ਪੁਜ ਗਏ।

"ਠਹਿਰ ਜਾ ਬਾਂਕੇ ਜਵਾਨ, ਅਸੀਂ ਤੈਨੂੰ ਸੂਬੇਦਾਰ ਤੋਂ ਖਲਤ ਦਿਵਾਵਾਂਗੇ" ਕਦਮੁਲਦੀਨ ਨੇ ਆਖਿਆ।

ਹੁਣ ਕਦਮੁਲਦੀਨ ਈਰਾਵਤੀ ਦੇ ਕੋਲ ਆ ਰਿਹਾ ਸੀ ਤੇ ਈਰਾਵਤੀ ਨੇ ਜਲਦੀ ਨਾਲ ਪਗ ਸੰਭਾਲੀ।

—"ਵੇਖ ਅੱਗੇ ਵਧਣ ਤੋਂ ਪਹਿਲਾਂ ਨੀਅਤ ਸਾਫ ਕਰ! ਨੀਅਤ 'ਚ ਜੇ ਜ਼ਰਾ ਕੁ ਮੈਲ ਡਿਠੀ ਤੇ ਤਲਵਾਰ ਸੂਤਣ ਦੀ ਲੋੜ ਨਾ ਪਵੇ।" ਈਰਾਵਤੀ ਨੇ ਆਖਿਆ।

"ਚੂੜੀਆਂ ਦੀ ਛਣਕਾਰ ਸੁਣਣ ਵਾਲੇ ਹੱਥ ਤਲਵਾਰ ਸੂਤਣ ਲਈ ਲਲਕਾਰਦੇ ਹਨ। ਮੈਂ ਨਹੀਂ ਸਾਂ ਜਾਣਦਾ ਕਿ ਬਾਂਕੇ ਰਾਜਪੂਤ ਦੇ ਲਿਬਾਸ ਵਿਚ ਹੁਸੀਨ ਹੁਸਨ ਛੁਪਿਆ ਹੋਇਆ ਹੈ।

ਹਸੀਨ ਨਾਜ਼ਨੀਨ ਨੂੰ ਤਲਵਾਰ ਨਾਲ ਸ਼ਿਕਾਰ ਕਰਨ ਦਾ ਕਦ ਦਾ ਸ਼ੌਕ ਹੋਇਆ ਹੈ ? ਕੀ ਨੈਣਾਂ ਦੇ ਤੀਰ ਸ਼ਿਕਾਰ ਦੇ ਮੈਦਾਨ ਵਿਚ ਨਾਕਾਮ ਸਾਬਤ ਹੋਏ ਹਨ ।'' ਕਦਮੁਲਦੀਨ ਵਧ ਰਿਹਾ ਸੀ ।

—''ਸ਼ਰਮ ਨਹੀਂ ਆਉਂਦੀ ਜ਼ਬਾਨ ਦੀ ਕੈਂਚੀ ਚਲਾਂਦਿਆਂ. ਸ਼ੇਰ ਦੇ ਸਾਹਮਣੇ ਤਾਂ ਭਿਜੀ ਬਿੱਲੀ ਬਣ ਬੈਠਾ ਸੈਂ । ਹੱਥਾਂ ਪੈਰਾਂ ਨੂੰ ਕਾਂਬਾ ਛਿੜ ਪਿਆ ਸੀ । ਉਦੋਂ ਕਿਥੇ ਸੀ—ਜੇ ਚੂੜੀਆਂ ਵਾਲੇ ਹੱਥ ਤਲਵਾਰ ਨਾ ਚੁਕਦੇ ਤਾਂ ਸ਼ੇਰ ਤੇਰੀ ਸਾਹ ਰਗ ਤੋੜ ਕੇ ਲਹੂ ਚੂਪ ਲੈਂਦਾ ਮੈਨੂੰ ਸ਼ਰਮ ਆਉਂਦੀ ਏ ਬੁਜ਼ਦਿਲ ਤੇ ਵਾਰ ਕਰਦਿਆਂ ।'' ਈਰਾਵਤੀ ਨੇ ਜੋਸ਼ ਵਿਚ ਆਖਿਆ ।

''ਜੰਗਲ ਵਿਚ ਸ਼ਰਮ ਦਾ ਕੀ ਕੰਮ, ਵੇਖ ਚੰਦ ਦਾ ਨਿਖਾਰ ਵੇਖ ! ਅਕਾਸ਼ ਦੀ ਨੀਲੀ ਚਾਦਰ ਦੀ ਮੰਡਪ ਵੇਖ ! ਤਾਰਿਆਂ ਦੀ ਬਰਾਤ ਵੇਖ । ਨਦੀ ਦਾ ਸਹਪਣ ਵੇਖ । ਜੰਗਲ ਦੀ ਖਮੋਸ਼ੀ ਦੀ ਦਾਦ ਦੇਹ, ਏਹੋ ਜਹੀ ਇਕਾਂਤ ਜ਼ਿੰਦਗੀ ਵਿਚ ਫੇਰ ਕਦੇ ਨਹੀਂ ਮਿਲ ਸਕਦੀ । ਆ ਮੈਂ ਬਾਹਾਂ ਖਲੇਰਦਾ ਹਾਂ ਤੇ ਉਹਦੇ ਉਤੇ ਆਪਣੇ ਰੇਸ਼ਮੀ ਬਾਲਾਂ ਦਾ ਜਾਲ ਵਿਛਾ ਦੇਹ । ਨੈਣਾਂ ਦੇ ਤੀਰਾਂ ਦਾ ਸ਼ਿਕਾਰ ਕਰ ਲਹੂ ਚਟਣੀ ਤਲਵਾਰ ਨੂੰ ਪਰੇ ਸੁਟ''—ਅੱਗੇ ਵਧਦਾ ਕਦਮੁਲਦੀਨ ਆਖ ਰਿਹਾ ਸੀ—''ਆ ਹੁਸੀਨ ਨਾਜ਼ਨੀਨ ! ਹੁਸਨ ਦੇ ਸਾਗਰ ਅੱਗੇ ਵਧ ! ਖਾਕਸਾਰ ਕਦਮਬੋਸ਼ੀ ਕਰਨ ਵਾਸਤੇ ਤਿਆਰ ਹੈ ।'' ਅਜੇ ਵੀ ਬੋਲੀ ਜਾ ਰਿਹਾ ਸੀ ।

—''ਠਹਿਰ ਬੁਜ਼ਦਿਲ । ਪਾਪੀ, ਚੰਡਾਲ ਜੇ ਇਕ ਕਦਮ ਵੀ ਅੱਗੇ ਵਧਿਆ ਤਾਂ ਮੇਰੀ ਤਲਵਾਰ ਦਾ ਵਾਰ ਰੋਕ ਨਾ ਸਕੇਂਗਾ । ਕਿਉਂ ਮਾਂ ਦੀ ਗੋਦ ਖਾਲੀ ਕਰਨ ਲੱਗਾ ਏਂ । ਆਪਣੇ ਬੁੱਢੇ ਪਿਓ ਦੀ ਡੰਗੋਰੀ ਦੀਆਂ ਕਿਉਂ ਪਟੀਆਂ ਤੋੜਨ ਲੱਗਾ ਏਂ, ਜਾਹ ਰਣਵਾਸ ਵਿਚ ਚੂੜੀਆਂ ਪਾਉਣ ਦੀ ਜਾਚ ਸਿਖ । ਮੈਨੂੰ ਜਾਪਦਾ ਏ ਕਿਸੇ ਮੁਸਲਮਾਨੀ ਨੇ ਤੈਨੂੰ ਦੁੱਧ ਨਹੀਂ ਪਿਆਇਆ, ਕਿਸੇ ਦਾਸੀ ਦੇ ਦੁੱਧੋਂ ਪਲਿਆ ਏਂ—ਇਨਸਾਨ ਏਨੀ ਜਲਦੀ ਇਹਸਾਨ ਫਰਾਮੋਸ਼ ਨਹੀਂ ਹੁੰਦੇ । ਅੱਗੇ ਵਧਣ ਦੀ ਥਾਂ ਚਪਣੀ 'ਚ ਨਕ ਡੋਬ ਕੇ ਮਰ ਜਾ । ਮੈਂ ਤੇਰੀ ਬਹਾਦਰੀ ਦੇ ਜੌਹਰ ਵੇਖ ਚੁਕੀ ਹਾਂ, ਆਪਣੀ ਬੁੱਕਲ ਵਿਚ ਝਾਤੀ ਮਾਰ । ਕੀ ਇਨ੍ਹਾਂ ਸਾਥੀਆਂ ਨੂੰ ਦਸਣਾ ਚਾਹੁੰਦਾ ਏਂ ਕਿ ਮੈਂ ਸ਼ੇਰ ਮਾਰਿਆ ਏ । ਸ਼ੇਰ ਤੇ ਤੇਰੇ ਕਿਸੇ ਖਾਨਦਾਨ ਵਿਚੋਂ ਕਿਸੇ ਵੀ ਨਾ ਮਾਰਿਆ ਹੋਵੇਗਾ ਕਿਸੇ ਗਿੱਦੜ ਦੀ ਖਲ ਘਰ ਲੈ ਜਾ, ਕਿਤੇ ਲੋਕ ਸ਼ੇਰ ਦਾ ਭੁਲੇਖਾ ਖਾ ਜਾਣ ।'' ਈਰਾਵਤੀ ਦਾ ਚਿਹਰਾ ਸੂਹਾ ਹੋ ਰਿਹਾ ਸੀ—''ਤੇਰੀ ਬਹਾਦਰੀ ਦੇ ਡੰਕੇ ਸਾਰੀ ਨਾਂਦੇੜ ਵਿਚ ਵਜ ਜਾਣਗੇ ਤੇ ਸ਼ਾਇਦ ਬਹਾਦਰ ਸ਼ਾਹ ਪੰਜ ਹਜ਼ਾਰੀ ਜਾਂ ਦਸ ਹਜ਼ਾਰੀ ਦਾ ਖਿਤਾਬ ਵੀ ਦੇ ਦੇਵੇ ।''

—''ਸ਼ੇਰ ਮਾਰ ਲਿਆ ਏ, ਕਿਤੇ ਦਿੱਲੀ ਫਤਹਿ ਨਹੀਂ ਕਰ ਲਈ ਏਹੋ ਜਿਹੇ ਮਰੀਅਲ ਸ਼ੇਰ ਸਾਡੇ ਪਿੰਡ ਦੇ ਕਮੀਂ ਮਾਰ ਲੈਂਦੇ ਹਨ । ਬੜੀ ਗੁਸਤਾਖ ਔਰਤ ਜਾਪਦੀ ਏਂ । ਤੂੰ ਨਹੀਂ ਜਾਣਦੀ ਮੈਂ ਇਮਾਨਉਲਾ ਸੂਬੇਦਾਰ ਗੁਜਰਾਤ ਦਾ ਪੁੱਤਰ ਹਾਂ । ਮੁਗਲ ਗੁਸਤਾਖੀ ਸੁਣਨ ਦੇ ਆਦੀ ਨਹੀਂ । ਉਹ ਨੀਤੀ ਵਿਚ ਗੁਸਤਾਖ ਦੀ ਜ਼ਬਾਨ ਖਿਚ ਲੈਂਦੇ ਹਨ । ਮੈਂ ਇਸ ਲਈ ਤੇਰੇ ਤੇ ਰਹਿਮ ਕਰਦਾ ਹਾਂ ਕਿ ਤੂੰ ਔਰਤ ਏਂ । ਤੇਰੇ ਕੋਲ ਹੁਸਨ ਦਾ ਸਮੁੰਦਰ ਏ । ਤੇਰੀਆਂ ਭਵਾਂ ਚ ਖੰਜਰ ਦਾ ਜ਼ਹਿਰ

ਏ ਤੇਰੀਆਂ ਰੁਖਸਾਰਾਂ ਅਤੇ ਗੁਲਾਬ ਦੀਆਂ ਪੱਤੀਆਂ ਨੂੰ ਸ਼ਰਮ ਆ ਜਾਂਦੀ। ਚਸ਼ਮੇ ਆਹੂ ਨਰਗਸ ਦਾ ਮੁਥਾਜ ਨਹੀਂ। ਦੰਦ ਸ਼ਬਨਮ ਦੇ ਕਤਰਿਆਂ ਵਾਂਗੂੰ ਸਾਫ਼ ਚਮਕਦੇ ਹਨ। ਬੁਲ੍ਹਾਂ ਦੀ ਸੁਰਖੀ ਗੁਲੇ ਲਾਲ ਨੂੰ ਸ਼ਰਮਾ ਰਹੀ ਏ। ਸਰੂ ਵਰਗਾ ਕਦ ਤੇ ਰਫ਼ਤਾਰ ਵਿਚ ਮੋਰਨੀ ਵਰਗੀ ਲਚਕ, ਅੱਖਾਂ ਵਿਚ ਕਾਇਨਾਤ ਦਾ ਜਾਦੂ ਸਮੇਟਿਆ ਹੋਇਆ ਏ। ਤੇਰੀ ਮੁਸਕਰਾਹਟ ਨੇ ਦੁਨੀਆਂ ਲਈ ਤਬਸਮ ਦਾ ਜ਼ਖੀਰਾ ਖੋਲ੍ਹ ਦਿੱਤਾ ਏ। ਜੇ ਕਿਤੇ ਤਲਵਾਰਾਂ ਦੀ ਥਾਂ ਇਸ਼ਾਰਿਆਂ ਤੋਂ ਕੰਮ ਲਵੇਂ, ਮਿਕਨਾਤੀਸ ਦੀ ਤਾਕਤ ਤੇ ਸਿਤਮ ਦੀ ਕੁੰਜੀ ਤੇਰੀ ਮੁਠ ਵਿਚ ਆ ਜਾਵੇ। ਤੂੰ ਕਿਸੇ ਵਲੀਅਹਿਦ ਦੀ ਮਲਕਾ ਬਣ ਸਕਦੀ ਏਂ। ਵੇਖ ਤੇਰੇ ਹੁਸਨ ਦੇ ਸਾਹਮਣੇ ਚੰਨ ਦਾ ਮੁਖ ਫਿਕਾ ਪੈ ਗਿਆ ਹੈ। ਖਲੇਰ, ਜ਼ਰਾ ਪਗ ਲਾਹ ਕੇ ਕਾਲੀਆਂ ਨਾਗਣਾਂ ਨੂੰ ਖਲੇਰ। ਵਿਸ ਘੋਲਣ ਦੇਹ, ਪਟਾਰੀ 'ਚ ਡਕੀਆਂ ਨਾਗਣਾਂ ਨੂੰ। ਮੈਂ ਤੇਰੇ ਹੁਸਨ ਤੋਂ ਮੁਤਾਸਰ ਹੋ ਕੇ ਦੀਵਾਨਾ ਹੋ ਗਿਆ ਹਾਂ। ਖੁਦਾ ਗਵਾਹ ਹੈ ਕਿ ਮੈਂ ਆਪਣੀ ਹੋਸ਼ ਵਿਚ ਨਹੀਂ ਤੇਰੀ ਜਾਨ ਦੀ ਕਸਮ ਮੈਂ ਫਰੇਫ਼ਤਾ ਹੋ ਚੁਕਾ ਹਾਂ। ਮੈਂ ਅਜੇਹਾ ਹੁਸਨ ਪੰਜਾਬ ਤੋਂ ਲੈ ਕੇ ਦੱਖਣ ਤਕ ਨਹੀਂ ਸੀ ਵੇਖਿਆ" ਕਦਮੁਲਦੀਨ ਆਖ ਰਿਹਾ ਸੀ।

"ਤਲਵਾਰ ਤੇਰੀ ਹਵਸ ਦੀ ਅੱਖ ਉਧੇੜ ਦੇਵੇਗੀ। ਝੂਠੇ ਖਾਬ ਵੇਖਣ ਵਾਲੇ ਨੂੰ ਤਲਵਾਰ ਦੀ ਇਕ ਹੁਝ ਹੀ ਜਗਾ ਦੇਂਦੀ ਏ। ਝੂਠੇ ਕਿਲੇ ਉਸਾਰਨ ਵਾਲੇ ਸੰਭਾਲ।". ਹੀਰਾਵਤੀ ਤਲਵਾਰ ਸੂਤ ਰਹੀ ਸੀ।

ਕਦਮੁਲਦੀਨ ਦੇ ਸਾਥੀ ਬੁਤ ਬਣੇ ਇਹ ਪ੍ਰੇਮ ਲੀਲਾ ਵੇਖ ਰਹੇ ਸਨ।

—"ਤਲਵਾਰ ਸੂਤਣ ਤੋਂ ਪਹਿਲਾਂ ਆਪਣੀ ਜਵਾਨੀ ਤੇ ਹੁਸਨ ਤੇ ਰਹਿਮ ਖਾਹ ਚੰਨ ਵਰਗੇ ਮੁਖੜੇ ਨੂੰ ਜੰਗ ਦੀ ਤੱਤੀ ਵਾ ਕਿਉਂ ਲਗਣ ਦੇਂਦੀ ਏ। ਚਾਰ ਦਿਹਾੜੀਆਂ ਮੌਜ ਮੇਲਾ ਕਰ ਲੈ। ਹੁਸਨ ਨੇ ਇਥੇ ਨਹੀਂ ਰਹਿਣਾ। ਏਸ ਹੁਸਨ ਅੱਗੇ ਵਲੀ ਅਹਿਦ ਸਜਦੇ ਕਰਦੇ ਹਨ ਪਰ ਜੇ ਤੂੰ ਕਿਸੇ ਨਾਲ ਦਿਲ ਖੋਲ੍ਹ ਕੇ ਤੇ ਹਸ ਕੇ ਬੋਲੇ। ਸੁਣਾ ਤੂੰ ਅਜੇ ਤਕ ਫੈਸਲਾ ਕਰ ਸਕੀ ਏਂ ਜਾਂ ਸਾਨੂੰ ਮਜਬੂਰਨ ਫੈਸਲਾ ਕਰਾਣ ਦੀ ਹਾਂ ਕਰਾਣੀ ਪਵੇਗੀ ਅਸੀਂ ਫੇਰ ਤੈਨੂੰ ਵਕਤ ਦੇਂਦੇ ਹਾਂ"—ਕਦਮੁਲਦੀਨ ਨੇ ਜ਼ਰਾ ਨਰਮੀ 'ਚ ਆਖਿਆ।

"ਮੈਂ ਨਹੀਂ ਸਾਂ ਜਾਣਦੀ ਕਿ ਨਿਮਾਣੇ ਬ੍ਰਾਹਮਣ ਦੇ ਲਿਬਾਸ 'ਚ ਚੰਡਾਲ ਲੁਕਿਆ ਬੈਠਾ ਹੈ ਮੈਨੂੰ ਕੀ ਲੋੜ ਸੀ ਸ਼ੇਰ ਦਾ ਮੁਕਾਬਲਾ ਕਰਕੇ ਤੇਰੀ ਜਾਨ ਬਚਾਣ ਦੀ ਮੈਂ ਸਿਰਫ ਏਸੇ ਗੱਲ ਦੀ ਅਪਰਾਧਣ ਹਾਂ ਕਿ ਤੇਰੀ ਜਾਨ ਬਚਾ ਦਿੱਤੀ। ਪੁੰਨ ਦਾ ਬਦਲਾ ਪਾਪ 'ਚ ਦੇਣ ਲੱਗਾ ਏ। ਮੇਰੀਆਂ ਚੂੜੀਆਂ ਵਾਲੀਆਂ ਵੀਣੀਆਂ ਨਾ ਵੇਖ। ਇਹ ਗੋਰੇ ਗੋਰੇ ਹੱਥ ਤਲਵਾਰ ਦੇ ਵੀ ਧਨੀ ਹਨ।" ਹੀਰਾਵਤੀ ਬੋਲੀ। "ਉਹ ਤੇਰਾ ਧਰਮ ਸੀ, ਪਰ ਸਾਡਾ ਮਜ਼ਹਬ ਇਜਾਜ਼ਤ ਨਹੀਂ ਦੇਂਦਾ ਕਿ ਦੁਸ਼ਮਣ ਕਾਬੂ ਵਿਚ ਆ ਜਾਵੇ ਤਾਂ ਛਡ ਦਿੱਤਾ ਜਾਵੇ। ਵੈਰੀ ਕਦੀ ਕਦਾਈਂ ਕਾਬੂ ਆਉਂਦਾ ਹੈ ਹਰ ਰੋਜ਼ ਨਹੀਂ। ਤੁਹਾਡੇ ਮਜ਼ਹਬ ਵਿਚ ਜੰਮਦੇ ਬੱਚੇ ਦੇ ਕੰਨ ਵਿਚ ਉਚਾਰਨਾ ਕੀਤੀ ਜਾਂਦੀ ਹੈ—ਦਯਾ ਧਰਮ ਕਾ ਮੂਲ ਹੈ, ਪਾਪ ਮੂਲ ਅਭਿਮਾਨ, ਪਰ ਸਾਡੇ ਮਜ਼ਹਬ ਵਿਚ ਇਸ ਤੋਂ ਉਲਟ

ਏ । ਅਸੀਂ ਜੰਮਦੇ ਬੱਚੇ ਦੇ ਕੰਨ ਵਿਚ ਕਲਮਾ ਪੜ੍ਹਦੇ ਹਾਂ ਤੇ ਆਖਦੇ ਹਾਂ ਕਿ ਜਿਹੜਾ ਸਾਡੇ ਰਸੂਲ ਅਲੈਸਲਾਮ ਤੇ ਕਲਮੇ ਤੇ ਈਮਾਨ ਨਹੀਂ ਲਿਆਂਦਾ ਉਹ ਕਾਫਰ ਏ, ਉਹਨੂੰ ਮਾਰਨ ਨਾਲ ਸਵਾਬ ਮਿਲਦਾ ਏ । ਜੇ ਆਦਮੀ ਆਪ ਮਰ ਜਾਵੇ ਤਾਂ ਸ਼ਹੀਦ ਹੋ ਜਾਂਦਾ ਏ, ਜੇ ਉਹਨੂੰ ਮਾਰ ਲਵੇ ਤਾਂ ਗਾਜ਼ੀ । ਮੁਹੰਮਦ ਗੌਰੀ ਨੇ ਕਿੰਨੇ ਹੱਲੇ ਕੀਤੇ ਤੇ ਕਈ ਵਾਰ ਪ੍ਰਿਥਵੀ ਰਾਜ ਨੇ ਮੁਹੰਮਦ ਗੌਰੀ ਮੈਦਾਨ ਵਿਚ ਕੈਦ ਕੀਤਾ, ਪਰ ਉਸ ਮਰਦ ਦੇ ਪੁੱਤਰ ਨੇ ਹਿੰਮਤ ਨਾ ਹਾਰੀ, ਕਈ ਵਾਰ ਉਸ ਰਹਿਮ ਦੀ ਦਰਖਾਸਤ ਕਰ ਕੇ ਪ੍ਰਿਥਵੀ ਰਾਜ ਤੋਂ ਜਾਨ ਬਚਾਈ । ਪਰ ਜਦੋਂ ਪ੍ਰਿਥਵੀ ਰਾਜ ਉਹ ਦੇ ਟੇਟੇ ਚੜ੍ਹ ਗਿਆ ਤਾਂ ਉਸ ਰਤੀ ਲਿਹਾਜ਼ ਨਾ ਕੀਤਾ । ਮਹਿਮੂਦ ਗਜ਼ਨਵੀ ਬੜਾ ਸਿਪਲਾ ਸੀ—ਵੇਲੇ ਸਿਰ ਅੱਖਾਂ ਦੀ ਨੀਵੀਂ ਪਾ ਲਈ ਪਰ ਜਦੋਂ ਵੇਲਾ ਟਲ ਗਿਆ ਤੇ ਝਟ ਹੀ ਤੱਤਾ ਚਸ਼ਮ ਹੋ ਗਿਆ । ਇਹ ਨੀਤੀ ਏ, ਏਸੇ ਨੀਤੀ ਨਾਲ ਸਾਡਾ ਜਲਾਲ ਚੜ੍ਹਦੀਆਂ ਕਲਾਂ ਵਿਚ ਹੈ । ਤੁਹਾਡੇ ਮਜ਼ਹਬ ਦਾ ਛੇਕਿਆ ਸਾਡੇ ਮਜ਼ਹਬ ਵਿਚ ਆ ਕੇ ਸਾਡੇ ਸਿਰ ਦਾ ਤਾਜ ਬਣ ਜਾਂਦਾ ਏ । ਮੁਸਲਮਾਨ ਸਾਰਿਆਂ ਦਾ ਭਰਾ ਏ, ਉਹਦੇ ਵਿਚ ਕੰਮੀ ਕਮੀਣ ਕੋਈ ਨਹੀਂ । ਇਕੋ ਮਹਿਫਲ ਵਿਚ ਬਾਦਸ਼ਾਹ ਤੇ ਫਕੀਰ ਹੁਕਾ ਪੀ ਸਕਦੇ ਹਨ ਤੇ ਇਕੋ ਦਸਤਰਖਾਨ ਤੇ ਸਿਪਾਹੀ ਤੇ ਸੂਬੇਦਾਰ ਰੋਟੀ ਖਾ ਲੈਂਦੇ ਹਨ । ਸਾਡੇ ਵਿਚ ਕੋਈ ਮਤ ਭੇਦ ਨਹੀਂ । ਦੂਜੇ ਦੀ ਬਲਦੀ ਅੱਗ ਵਿਚ ਛਾਲ ਮਾਰਨ ਵਾਲਾ ਕੀ ਬੇਵਕੂਫ ਨਹੀਂ ਹੁੰਦਾ । ਸ਼ੇਰ ਦੀ ਗਰਜ ਨੇ ਤੇਰੀ ਬਹਾਦਰੀ ਨੂੰ ਵੰਗਾਰਿਆ ਸੀ । ਤੂੰ ਮੇਰੀ ਜਾਨ ਬਚਾਣ ਨਹੀਂ ਸੈਂ ਆਈ ਸਗੋਂ ਆਪਣੀ ਬਹਾਦਰੀ ਨੂੰ ਪਰਖਣ ਲਗੀ ਸੈਂ । ਉਹ ਪਰਵਰਦਗਾਰ ਬੜਾ ਬੇ-ਨਿਆਜ਼ ਏ, ਸ਼ੱਕਰ ਖੋਰਿਆਂ ਨੂੰ ਸ਼ੱਕਰ ਆਪ ਲਭ ਕੇ ਦੇਂਦਾ ਏ । ਗੋਸ਼ਤ ਖੋਰਿਆਂ ਲਈ ਗੋਸ਼ਤ । ਸਾਨੂੰ ਸ਼ਿਕਾਰ-ਗਾਹ ਵਿਚ ਹੁਸਨ ਦਾ ਦੀਦਾਰ ਹੋ ਗਿਆ । ਪਰ ਜੇ ਤੂੰ ਸ਼ੇਰ ਦੇ ਮੁਕਾਬਲੇ ਵਿਚ ਨਾ ਆਉਂਦੀ ਤਾਂ ਅਸੀਂ ਕਿਸ ਤਰ੍ਹਾਂ ਹੁਸਨ ਦੇ ਸਰੋਵਰ ਵਿਚ ਇਸ਼ਨਾਨ ਕਰ ਸਕਦੇ । ਬਿਸਮਿਲਾ ਖੁਦਾ ਤਾਲਾ ਨੇ ਸਾਡੇ ਲਈ ਜਨਤ ਤੋਂ ਹੂਰ ਭੇਜੀ ਏ—ਬੜੀ ਅਜ਼ਲ ਹੋ ਰਹੀ ਏ ਜ਼ੁਲਫਕਾਰ ! ਇਹ ਹੁਸਨ ਤੁਹਾਡੇ ਲਈ ਤੋਹਫਾ ਏ । ਹੁਸਨ ਦੇ ਸਰੂ ਜਿਹੇ ਕਦ ਦੀ ਛਾਵੇਂ ਕੋਈ ਭਾਗਾਂ ਵਾਲਾ ਛਾਂ ਮਾਣਦਾ ਹੈ । ਪਰ ਸਾਡੇ ਤੇ ਆਪੇ ਨਜ਼ਰੇ ਇਨਾਇਤ ਹੋ ਗਈ ਏ ਕਿਉਂ ਬਈ ਜ਼ੁਲਫਕਾਰ ਤੇਰਾ ਕੀ ਖਿਆਲ ਏ ।" ਕਦਮੁਲਦੀਨ ਮਹੱਬਤ ਵਿਚ ਆਖੀ ਜਾ ਰਿਹਾ ਸੀ ।

ਜ਼ੁਲਫਕਾਰ—ਹਜ਼ੂਰ ਇਹ ਖੁਦਾਈ ਸੁਗਾਤ ਏ । ਆਲਾ ਹਜ਼ਰਤ ਦਾ ਜੋੜ ਮਿਲਦਾ ਏ । ਹਾਣ ਪ੍ਰਵਾਣ ਇਕੋ ਸਚੇ ਵਿਚੋਂ ਨਿਕਲੇ ਜਾਪਦੇ ਨੇ । ਸਰਕਾਰ ਹਰਮ ਸੁੰਨੀ ਪਈ ਏ । ਇਹਦੇ ਨਾਲ ਹਰਮ ਵਿਚ ਫਿਰ ਜਾਨ ਪੈ ਜਾਵੇਗੀ । ਰਾਤ ਚਰਾਗਾਂ ਤੇ ਦਿਨੇ ਈਦ ।

ਕਦਮੁਲਦੀਨ—ਬੜਾ ਵੇਲੇ ਸਾਜ ਏਂ, ਜ਼ੁਲਫਕਾਰ ਤੇਰੀ ਸੂਝ ਦੀ ਦਾਦ ਦੇਣੀ ਪੈਂਦੀ ਏ । ਹਰਮ ਵਿਚ ਭੂਤਨੇ ਨਚ ਰਹੇ ਹਨ । ਇਹਦੇ ਪੈਰ ਪਾਇਆਂ ਹਰਮ ਦੀ ਕਾਇਆਂ ਪਲਟ ਜਾਵੇਗੀ । ਜਵਾਨੀ ਹੁਸਨ ਦੀ ਗੋਦ ਦਾ ਸ਼ਿੰਗਾਰ ਬਣ ਜਾਵੇਗੀ ।

ਹੀਰਾਵਤੀ—ਚੰਗੇ ਖਾਨਦਾਨਾਂ ਦੇ ਪੁੱਤ ਦੂਜਿਆਂ ਦੀਆਂ ਧੀਆਂ ਭੈਣਾਂ ਨੂੰ ਠਠਾ ਨਹੀਂ ਕਰਦੇ । ਮੈਂ ਤੁਹਾਡੀਆਂ ਭੈਣਾਂ ਵਰਗੀ ਹਾਂ ।

ਕਦਮੁਲਦੀਨ—ਫਿਰ ਕੀ ਹੋਇਆ ਸਾਡੇ ਮਜ਼ਹਬ ਵਿਚ ਭੈਣ ਨਾਲ ਨਿਕਾਹ ਕਰਨਾ ਜਾਇਜ਼ ਏ।

ਈਰਾਵਤੀ—ਤੂੰ ਮੇਰੀ ਤਲਵਾਰ ਨੂੰ ਮਜਬੂਰ ਨਾ ਕਰ ਕਿ ਉਹ ਕਿਸੇ ਦਾ ਖੂਨ ਚਟਣ ਲਈ ਕਾਹਲੀ ਪੈ ਜਾਵੇ। ਸ਼ੇਰ ਦੇ ਖੂਨ ਵਿਚ ਮੜ੍ਹੀ ਤਲਵਾਰ ਨੇ ਤੈਨੂੰ ਜੀਵਨ ਦਾਨ ਦਿੱਤਾ ਏ। ਇਹ ਹੁਣ ਤੇਰੀ ਸ਼ਾਹਰਗ ਤੇ ਚਲਣ ਲਈ ਜ਼ਰਾ ਸੰਗਦੀ ਏ। ਪਰ ਮੈਨੂੰ ਜਾਪਦਾ ਹੈ ਕਿ ਤੁਸੀਂ ਮੇਰੇ ਰਾਹ ਤੋਂ ਨਹੀਂ ਹਟੋਗੇ ਤੇ ਇਹ ਤਲਵਾਰ ਵੀ ਆਪਣੀ ਪ੍ਰਤਿਗਿਆ ਨੂੰ ਭੁਲ ਜਾਵੇਗੀ। ਮੇਰੇ ਰਸਤੇ ਤੋਂ ਹਟ ਜਾਓ ਨਹੀਂ ਤੇ ਸ਼ੇਰ ਦੀ ਲਾਸ਼ ਨਾਲ ਤੁਹਾਨੂੰ ਵੀ ਜ਼ਮੀਨ ਤੇ ਸਥਰ ਵਛਾਣਾ ਨਾ ਪੈ ਜਾਵੇ। ਜਾਨ ਦਾ ਸੌਦਾ ਕਰਨਾ ਜੇ, ਜਾਂ ਰਸਤਾ ਛਡਣਾ ਏ ? ਤੁਹਾਡੇ ਕੋਲ ਕੀ ਜਵਾਬ ਏ ? ਰਾਤ ਸਿਰ ਤੇ ਆ ਰਹੀ ਏ, ਭਲਾ ਏਸੇ ਗੱਲ ਵਿਚ ਏ ਕਿ ਤੁਸੀਂ ਮੇਰਾ ਰਾਹ ਛਡ ਦਿਉ, ਕਿਤੇ ਖੂਨ ਖਰਾਬੇ ਤੇ ਨੌਬਤ ਨਾ ਆ ਜਾਵੇ।

ਜ਼ੁਲਫਕਾਰ—ਅਸੀਂ ਕਿਹੜੀ ਮਹਿੰਦੀ ਲਾਈ ਹੋਈ ਏ ਜਿਹੜੀ ਲੱਥ ਚਲੀ ਏ। ਚਾਂਦਨੀ ਰਾਤ ਵਿਚ ਤਾਰਿਆਂ ਦੀ ਛਾਵੇਂ ਤਲਵਾਰਾਂ ਦਾ ਨੰਗਾ ਨਾਚ ਵੇਖ ਲਵਾਂਗੇ।

ਈਰਾਵਤੀ—ਪਰ ਇਸ ਨ੍ਰਿਤਕਲਾ ਵਿਚ ਸਿਰ ਦੀ ਆਹੂਤੀ ਦੇਣੀ ਪੈਂਦੀ ਏ। ਕਿਉਂ ਇਸ ਗੱਲ ਲਈ ਤਿਆਰ ਏਂ ਤੇ ਕਢ ਤਲਵਾਰ ਨਿਤਰ ਮੈਦਾਨ ਵਿਚ। ਮੈਂ ਵੇਖਦੀ ਹਾਂ ਤੇਰੀ ਬਹਾਦਰੀ ਦਾ ਜਲਾਲ।

ਕਦਮੁਲਦੀਨ—ਚਾਂਦਨੀ ਰਾਤ ਵਿਚ ਤਲਵਾਰ ਦਾ ਕੀ ਕੰਮ ! ਚਿਤਰ ਵੀਣਾ ਦੀ ਕੋਈ ਤਾਰ ਛੇੜ ਸਕਦੀ ਏਂ ਤਾਂ ਛੇੜ। ਤਲਵਾਰ ਨੂੰ ਮਿਆਨ 'ਚ ਆਰਾਮ ਕਰਨ ਦੇਹ, ਨਾਹਕ ਦੇ ਥਕ ਗਈ ਹੋਣੀ ਏਂ।

ਈਰਾਵਤੀ—ਡੂੰਘੀਆਂ ਤਰਕਾਲਾਂ ਪੈ ਚੁਕੀਆਂ ਹਨ, ਇਸੇ ਲਈ ਮੇਰਾ ਘਰ ਜਾਣਾ ਜ਼ਰੂਰੀ ਏ। ਡੇਰੇ ਵਾਲੇ ਮੈਨੂੰ ਅਡੀਆਂ ਚੁਕ ਚੁਕ ਵੇਖਦੇ ਹੋਣੇ ਨੇ।

ਕਦਮੁਲਦੀਨ—ਰਾਤ ਦੀ ਮਹਿਫਲ ਵਿਚ ਚੰਨ ਨਿਖਰੇਗਾ, ਚਾਨਣੀ ਦੁਲਹਨ ਬਣੇਗੀ। ਆਬਸ਼ਾਰ ਦੇ ਝਰਨਿਆਂ ਵਿਚੋਂ ਪਾਣੀ ਦੇ ਕਤਰੇ ਮੋਤੀ ਪਹੁੰਚਾਉਣਗੇ ਸੀਤਲ ਚਾਂਦਨੀ ਕਾਇਨਾਤ ਦੀ ਹਿੱਕ ਤੇ ਨੂਰ ਦੀ ਵਰਖਾ ਕਰੇਗੀ ਏਸ ਰਾਤ ਵਿਚ ਤੇਰਾ ਹੋਣਾ ਬਹੁਤ ਜ਼ਰੂਰੀ ਏ। ਜ਼ਿੰਦਗੀ ਦਾ ਲੁਤਫ਼ ਆ ਜਾਵੇਗਾ।

ਜ਼ੁਲਫਕਾਰ—ਹਜ਼ੂਰ ਜੇ ਇਸ ਸੁਹਾਣੀ ਰਾਤ ਵਿਚ ਸ਼ਿੰਗਾਰ ਹੋ ਜਾਵੇ ਤਾਂ ਖੁਦਾ ਪਨਾਹ, ਜਨਤ ਜ਼ਮੀਨ ਤੇ ਉਤਰ ਪਵੇਗੀ। ਅੱਗੇ ਈ ਕਮਬਖਤ ਚਨ ਦਾ ਟੋਟਾ ਏ। ਸੋਨੇ ਤੇ ਸੁਹਾਗਾ ਬਣ ਜਾਵੇ ਸ਼ਿੰਗਾਰ। ਕਿਆਮਤ ਬਣ ਜਾਵੇ ਇਹ ਪਟੋਲਾ।

ਕਦਮੁਲਦੀਨ ਦੇ ਮੂੰਹ ਵਿਚ ਪਾਣੀ ਆ ਗਿਆ ਸੀ। ਹਿਰਸ ਜਾਗ ਰਹੀ ਸੀ। ਜਿਵੇਂ ਕਾਲੀਆਂ

ਬਦਲੀਆਂ ਦੇ ਪੱਲੇ ਵਿਚੋਂ ਕੋਈ ਚੰਨ ਦਾ ਘੁੰਡ ਚੁਕ ਰਿਹਾ ਹੋਵੇ।

ਈਰਾਵਤੀ—ਮੇਰਾ ਰਾਹ ਛਡ ਦਿਉ।

ਕਦਮੁਲਦੀਨ—ਜੇ ਨਾ ਛਡੀਏ ਤਾਂ ਫੇਰ ਕੀ ਕਿਆਮਤ ਆ ਜਾਵੇਗੀ ?

ਈਰਾਵਤੀ—ਨਾਗਨ ਦੀ ਦੁੰਬ ਤੇ ਜੇ ਕੋਈ ਪੈਰ ਰਖੇ ਤਾਂ ਉਹ ਕੀ ਕਰਦੀ ਏ।

"ਤੜਫਦੀ ਏ ਤੇ ਤੜਫ ਕੇ ਠੰਢੀ ਹੋ ਜਾਂਦੀ ਏ। ਲਾਜਵੰਤੀ ਦੇ ਫੁੱਲ ਨੂੰ ਜੇ ਹੱਥ ਲਾਈਏ ਤਾਂ ਉਹ ਸਹਿਮ ਜਾਂਦਾ ਹੈ। ਉਹਦੇ ਸਹਿਮਣ ਵਿਚ ਹੀ ਉਹਦੀ ਖੂਬਸੂਰਤੀ ਲੁਕੀ ਹੋਈ ਏ। ਆ ਅੱਗੇ ਵਧ ਤੇ ਜਵਾਨੀ ਦਾ ਆਨੰਦ ਮਾਣ।" ਕਦਮੁਲਦੀਨ ਬੋਲਦਾ ਅੱਗੇ ਵਧ ਰਿਹਾ ਸੀ।

ਤਲਵਾਰ ਦਾ ਅਚਾਨਕ ਵਾਰ ਕਦਮੁਲਦੀਨ ਨੇ ਸੰਭਾਲਿਆ। ਤਲਵਾਰ, ਤਲਵਾਰ ਤੇ ਇਸ ਤਰ੍ਹਾਂ ਵਜ ਰਹੀ ਸੀ ਜਿਸ ਤਰ੍ਹਾਂ ਐਰਨ ਤੇ ਵਦਾਨ। ਕਦਮੁਲਦੀਨ ਨੂੰ ਸਾਹ ਚੜ੍ਹ ਗਿਆ। ਡੌਲੇ ਫੁੱਲ ਗਏ ਤੇ ਬਾਹਾਂ ਜਵਾਬ ਦੇ ਗਈਆਂ, ਪਰ ਹਿੰਮਤ ਦਾ ਸਿਰੜੀ ਸੀ। ਸਿਰ ਡਾਹੀ ਜਾ ਰਿਹਾ ਸੀ। ਈਰਾਵਤੀ ਦੀ ਤਲਵਾਰ ਅੱਗੇ ਕਦਮੁਲਦੀਨ ਦੀ ਕੋਈ ਪੇਸ਼ ਨਹੀਂ ਸੀ ਜਾਂਦੀ। ਸਿਪਾਹੀਆਂ ਵਿਚੋਂ ਕੋਈ ਅੱਗੇ ਨਾ ਵਧਿਆ—ਉਹ ਗੱਲ ਬਣੀ ਕਿ ਮੁਹੱਬਤ ਦੇ ਦਰਬਾਰ ਵਿਚ ਜੰਗ ਦਾ ਢੋਲ ਕੀ ਵਜਿਆ, ਦਰਬਾਰੀਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਸੁਰਤ ਸੰਭਾਲਣੀ ਮੁਸ਼ਕਲ ਹੋ ਗਈ। ਖੂਨ ਵਿਚ ਕਦਮੁਲਦੀਨ ਦੇ ਪੈਰ ਲਿਬੜ ਰਹੇ ਸਨ। ਸ਼ੇਰ ਦਾ ਖੂਨ ਕਿਤੇ ਘਟ ਨਹੀਂ ਸੀ। ਕਦਮੁਲਦੀਨ ਤਲਵਾਰ ਦਾ ਵਾਰ ਕਰਦਾ ਪਿਛਾਂਹ ਨੂੰ ਕਦਮ ਬਾਹਲਾ ਸੁਟਦਾ ਤੇ ਅੱਗੇ ਨੂੰ ਘਟ। ਇਸ ਲਈ ਉਹਦੇ ਸਿਪਾਹੀ ਡਰ ਰਹੇ ਸਨ।

ਹੁਸਨ ਦੀ ਸਵਾਰੀ ਅੱਗੇ ਹੁਸਨ ਦੇ ਪੁਜਾਰੀਆਂ ਦੀਆਂ ਅੱਖਾਂ ਸ਼ਰਮਾ ਜਾਂਦੀਆਂ ਹਨ ਤੇ ਹੌਲੇ ਦਿਲ ਵਾਲੇ ਇਸ ਤਰ੍ਹਾਂ ਦੀ ਪ੍ਰੇਮ ਦੀ ਤਿਲਕਣ ਵਿਚ ਹਿਚਕੋਲੇ ਖਾਣ ਲਗ ਪੈਂਦੇ ਹਨ। ਭਾਵੇਂ ਉਨ੍ਹਾਂ ਦੇ ਹੱਥ ਮਜ਼ਬੂਤ ਥੰਮ੍ਹੀਂ ਨਾਲ ਕਿਉਂ ਨਾ ਪੈ ਜਾਣ। ਕਦਮੁਲਦੀਨ ਦੇ ਪੈਰ ਹੁਸਨ ਦੀ ਮਹਿਫਲ ਵਿਚ ਡਗ-ਮਗਾਈ ਜਾ ਰਹੇ ਸਨ। ਉਸ ਇਸ਼ਕ ਦੇ ਸ਼ਹੁ ਦਰਿਆ ਵਿਚ ਤਰਨ ਦੀ ਕੋਸ਼ਿਸ਼ ਕੀਤੀ ਪਰ ਇਸ਼ਕ ਲਹਿਰ ਨੇ ਉਹਨੂੰ ਕੰਢਿਆਂ ਤੇ ਲਿਆ ਸੁਟਿਆ। ਕੋਈ ਬੇਜਾਨ ਚੀਜ਼ ਨੂੰ ਨਦੀ ਆਪਣੇ ਅੰਦਰ ਨਹੀਂ ਰਖਦੀ। ਕੰਢਿਆਂ ਤੇ ਲਿਆ ਸੁਟਦੀ ਹੈ। ਮਜਲਸ ਚੋਂ ਛੇਕਿਆ, ਘਰੋਂ ਦੁਰਕਾਰਿਆ, ਘਰ ਤੇ ਮਜਲਸ ਦੋਹਾਂ ਦਾ ਵੈਰੀ ਬਣ ਜਾਂਦਾ ਹੈ। ਹੁਸਨ ਦਾ ਝਿੜਕਿਆ ਭਾਵੇਂ ਮੁਹੱਬਤ ਦੀਆਂ ਠਾਠਾਂ ਵੀ ਮਾਰਦਾ ਹੈ ਪਰ ਕਦੀ ਮਹਿਫਲ ਦਾ ਤੂਫਾਨ ਵੀ ਬਣ ਜਾਂਦਾ ਹੈ। ਕਦਮੁਲਦੀਨ ਏਸੇ ਤਪਦਿਕ ਦਾ ਮਰੀਜ਼ ਸੀ। ਉਸ ਆਪਣੇ ਦਿਲ ਦੀ ਧੜਕਣ ਨੂੰ ਜ਼ਰਾ ਰੁਕਦਿਆਂ ਵੇਖਿਆ। ਅੱਗ ਦੋਹ ਪਾਸੀਂ ਬਰਾਬਰ ਦੀ ਲਗੀ ਹੋਵੇ ਤਾਂ ਫਿਰ ਮਜ਼ਾ ਆਉਂਦਾ ਹੈ ਤੇ ਫੇਰ ਪ੍ਰੇਮ ਦੀ ਮਹਿਫਲ ਵਿਚ ਸਾਕੀ ਨੂੰ ਸੁਰਾਹੀ ਉਡੇਲਦਿਆਂ ਵੇਖ ਪਿਆਲਾ ਹਰਕਤ ਵਿਚ ਆਉਂਦਾ ਹੈ ਤੇ ਜ਼ਬਰਦਸਤੀ ਕਿਸੇ ਨੂੰ ਝੰਮ੍ਹ ਦਿੱਤਾ ਜਾਵੇ ਤਾਂ ਉਹਦੇ ਨਾਲ ਹੀ ਆਪਣਾ ਮੱਥਾ ਡੰਮ੍ਹਿਆ ਜਾਂਦਾ ਹੈ। ਪ੍ਰੇਮ ਹੋ ਜਾਂਦਾ ਹੈ, ਕੀਤਾ ਜਾਂ ਕਰਾਇਆ ਨਹੀਂ ਜਾਂਦਾ। ਇਹ ਰੱਬੀ ਦਾਤ ਏ, ਕਦਮੁਲਦੀਨ ਇਕ

ਭੌਰਾ ਸੀ, ਜਿਹੜਾ ਫੁੱਲਾਂ ਦਾ ਰਸ ਜ਼ਬਰਦਸਤੀ ਜਾਂ ਕਿਸੇ ਕੁੜਿਕੀ ਵਿਚ ਫਸਾ ਕੇ ਜਾਂ ਪਿਆਰੀਆਂ ਗੱਲਾਂ ਦਾ ਜਾਲ ਵਿਛਾ ਸਬਜ਼ ਬਾਗਾਂ ਵਿਚ ਹੀ ਕਲੀਆਂ ਦਾ ਰਸ ਚੂਸਣ ਦਾ ਆਦੀ ਸੀ। ਉਹਦੇ ਕਦੀ ਹੱਥ ਕੰਡਿਆਂ ਨਾਲ ਨਹੀਂ ਸਨ ਉਲਝੇ। ਉਹ ਮਨਮੰਨੀ ਕਰ ਲਿਆ ਕਰਦਾ ਸੀ ਪਰ ਇਹ ਕਪੂਰੀ ਨਹੀਂ ਸੀ, ਨਾਂਦੇੜ ਏ। ਉਸ ਮੋਤੀਏ ਦੀਆਂ ਕੱਚੀਆਂ ਡੋਡੀਆਂ ਤੋੜਨ ਤੋਂ ਪਹਿਲਾਂ ਉਹਦੇ ਥੱਲੇ ਸਪ ਨੂੰ ਨਾ ਵੇਖਿਆ ਤੇ ਫਨੀਅਰ ਕਾਲਾ ਨਾਗ ਹੁਣ ਡੰਗਿਆਂ ਤੋਂ ਬਿਨਾ ਛਡਣਾ ਨਹੀਂ ਸੀ ਚਾਹੁੰਦਾ। ਸਪ ਦੀ ਖੁਡ ਵਿਚ ਹੱਥ ਪਾਉਣਾ ਉਹਨੂੰ ਕੁਜੇ ਵਿਚ ਪਾਣ ਲਈ ਤੇ ਫਿਰ ਸਪ ਕੋਲੋਂ ਪ੍ਰੇਮ ਦੀ ਉਮੀਦ ਰਖਣੀ, ਮੂਰਖਤਾ ਨਹੀਂ ਤੇ ਹੋਰ ਕੀ ਏ। ਕਦਮੁਲਦੀਨ ਦੇ ਦਿਲ ਵਿਚ ਕਲੀ ਸੁੰਘਣ ਦਾ ਚਾਅ ਸੀ। ਹੁਸਨ ਦੀ ਤਿਲਕਣ ਵਿਚ ਉਹਦੇ ਪੈਰ ਨਾ ਥੰਮ੍ਹੇ। ਭਾਵੇਂ ਉਹ ਜਾਣਦਾ ਸੀ ਕਿ ਇਹ ਸਾਡੇ ਪਿੰਜਰੇ ਵਿਚ ਪੈਣ ਵਾਲਾ ਪੰਛੀ ਨਹੀਂ ਪਰ ਫੇਰ ਵੀ ਆਪਣਾ ਜਾਲ ਖਿਲਾਰੀ ਜਾ ਰਿਹਾ ਸੀ।

ਈਰਾਵਤੀ ਦੀ ਤਲਵਾਰ ਨੂੰ ਕੰਬਣੀ ਜਿਹੀ ਆਈ ਤੇ ਉਸ ਤਲਵਾਰ ਨੂੰ ਹੱਥ ਵਿਚ ਜਾਚਿਆ ਤੇ ਫੇਰ ਭਰ ਕੇ ਹੱਥ ਕਦਮੁਲਦੀਨ ਤੇ ਮਾਰਿਆ। ਭਾਵੇਂ ਕਦਮੁਲਦੀਨ ਪ੍ਰੇਮ ਦੀ ਸ਼ਤਰੰਜ ਵਿਛਾਈ ਬੈਠਾ ਸੀ, ਪਰ ਵਾਰ ਦੀ ਮਾਰ ਵਿਚ ਚੁਕੰਨਾ ਸੀ ਤੇ ਉਸ ਝਟ ਹੀ ਤਲਵਾਰ ਦੀ ਧਾਰ ਅੱਗੇ ਤਲਵਾਰ ਡਾਹ ਦਿੱਤੀ। ਠਕ ਦੀ ਆਵਾਜ਼ ਆਈ ਤੇ ਕਦਮੁਲਦੀਨ ਦੀ ਤਲਵਾਰ ਦੇ ਟੋਟੇ ਹੋ ਗਏ। ਕਦਮੁਲਦੀਨ ਦੀ ਤਲਵਾਰ ਦਾ ਟੁਟਣਾ ਸੀ ਕਿ ਉਹਦੇ ਸਾਥੀਆਂ ਦੇ ਹੱਥਾਂ ਦੇ ਤੋਤੇ ਉਡ ਗਏ। ਉਹ ਆਪਣੀ ਜਗ੍ਹਾ ਤੋਂ ਹਿਲ ਨਾ ਸਕੇ, ਜਿਵੇਂ ਈਰਾਵਤੀ ਦੇ ਡਰ ਨੇ ਉਨ੍ਹਾਂ ਦੇ ਪੈਰਾਂ ਵਿਚ ਮੇਖਾਂ ਜੜ ਦਿੱਤੀਆਂ ਹੋਣ। ਮੰਗਵੀਂ ਧਾੜ ਨੂੰ ਕੀ ਲੋੜ ਏ ਬਲਦੀ ਅੱਗ ਵਿਚ ਕੁਦਣ ਦੀ। ਜੁਲਫਕਾਰ ਨੇ ਹਿੰਮਤ ਕੀਤੀ ਪਰ ਈਰਾਵਤੀ ਦੇ ਇਕ ਹੀ ਵਾਰ ਨੇ ਉਹਦੇ ਛੱਕੇ ਢਿੱਲੇ ਕਰ ਦਿੱਤੇ। ਕਦਮੁਲਦੀਨ ਦੇ ਸਾਥੀਆਂ ਦੇ ਪੈਰ ਪਿਛੇ ਖਿਸਕ ਰਹੇ ਸਨ ਤੇ ਕਦਮੁਲਦੀਨ ਪਿਛੇ ਹਟ ਰਿਹਾ ਸੀ। ਈਰਾਵਤੀ ਨੇ ਤਲਵਾਰ ਦੀ ਨੋਕ ਉਹਦੀ ਹਿਕ ਤੇ ਜਾ ਖੋਭੀ ਤੇ ਆਖਣ ਲੱਗੀ, ਇਸੇ ਤਲਵਾਰ ਤੇ ਡੀਂਗਾਂ ਮਾਰਦਾ ਸੈਂ। ਜੇ ਮੈਂ ਹੁਣ ਚਾਹਾਂ ਤਾਂ ਇਕੋ ਵਾਰ ਨਾਲ ਜਹਨਮ ਪੁਚਾ ਦੇਵਾਂ। ਤੇਰੀ ਜਾਨ ਮੇਰੀ ਮੁਠ ਵਿਚ ਏ। ਕਦਮੁਲਦੀਨ ਦਾ ਚਿਹਰਾ ਉਤਰ ਗਿਆ ਪਰ ਈਰਾਵਤੀ ਨੇ ਤਲਵਾਰ ਉਹਦੀ ਹਿਕ ਤੋਂ ਚੁਕ ਲਈ।

ਕਦਮੁਲਦੀਨ—ਨਿਹੱਥੇ ਤੇ ਵਾਰ ਕਰਨਾ ਬਹਾਦਰੀ ਨਹੀਂ। ਤਲਵਾਰ ਟੁਟ ਗਈ ਹੈ, ਦੂਜੀ ਤਲਵਾਰ ਲੈਣ ਦਾ ਵਕਤ ਦੇਹ।

ਈਰਾਵਤੀ—ਅਸਲ ਵਿਚ ਤੂੰ ਰਹਿਮ ਕਰਨ ਦੇ ਕਾਬਲ ਹੀ ਨਹੀਂ, ਪਰ ਮੈਂ ਆਪਣੀ ਬਹਾਦਰੀ ਨੂੰ ਦਾਗ ਨਹੀਂ ਲਾਣਾ ਚਾਹੁੰਦੀ। ਤਲਵਾਰ ਲੈ ਤੇ ਦਿਲ ਦਾ ਚਾਅ ਲਾਹ ਲੈ, ਮਤਾਂ ਹਸਰਤ ਦਬੀ ਰਹਿ ਜਾਵੇ ਕਿ ਤਲਵਾਰ ਟੁਟ ਗਈ ਏ, ਦੋ ਹੱਥ ਵੀ ਨਾ ਮਾਰ ਸਕਿਆ।

ਸਿਪਾਹੀ ਨੇ ਦੂਰੋਂ ਤਲਵਾਰ ਵਗਾਹਣੀ ਸੁਟੀ ਤੇ ਕਦਮੁਲਦੀਨ ਨੇ ਆਉਂਦੀ ਬੋਚ ਲਈ। ਈਰਾਵਤੀ ਸਿਪਾਹੀਆਂ ਦੇ ਹਥਿਆਰ ਥੱਲੇ ਰਖਵਾ ਰਹੀ ਸੀ। ਕਦਮੁਲਦੀਨ ਵੇਲੇ ਦੀ ਤਾੜ ਵਿਚ

ਨੀ। ਉਸ ਮੌਕਾ ਪਾਕੇ ਤਲਵਾਰ ਦਾ ਥਲਿਓਂ ਅਜਿਹਾ ਹੱਥ ਮਾਰਿਆ, ਕਿ ਈਰਾਵਤੀ ਦੀ ਤਲਵਾਰ ਹੱਥੋਂ ਡਿਗ ਪਈ। ਭਾਵੇਂ ਈਰਾਵਤੀ ਨੇ ਖੰਜਰ ਦਾ ਵਾਰ ਕੀਤਾ ਹੀ ਸੀ ਪਰ ਕਦਮੁਲਦੀਨ ਖੰਜਰ ਦਾ ਵਾਰ ਬਚਾ ਗਿਆ ਤੇ ਖੰਜਰ ਇਕ ਸਿਪਾਹੀ ਦੀ ਹਿਕ ਵਿਚ ਜਾ ਖੁੱਭਿਆ ਤੇ ਉਸ ਓਥੇ ਹੀ ਜਾਨ ਦੇ ਦਿੱਤੀ। ਕਦਮੁਲਦੀਨ ਹੁਣ ਉਹਨੂੰ ਘੇਰੇ ਵਿਚ ਲਿਆ ਕੇ ਕਾਬੂ ਕਰਨਾ ਚਾਹੁੰਦਾ ਸੀ ਸਿਪਾਹੀ ਹੁਣ ਸਾਰੇ ਈਰਾਵਤੀ ਦੇ ਚੁਗਿਰਦੇ ਸੀ। ਚੌਂਹ ਪਾਸੀਂ ਤਲਵਾਰਾਂ ਸਨ ਤੇ ਘੇਰੇ ਵਿਚ ਈਰਾਵਤੀ। ਆਖਰ ਈਰਾਵਤੀ ਘੇਰੇ ਵਿਚ ਆ ਹੀ ਗਈ।

ਈਰਾਵਤੀ ਬੋਲੀ—ਕੀ ਬੇਹੱਥੀ ਤੇ ਵਾਰ ਕਰਨਾ ਬਹਾਦਰੀ ਏ ? ਕਦਮਲਦੀਨ ਬੋਲਿਆ "ਤੈਨੂੰ ਤਲਵਾਰ ਦੇ ਕੇ ਆਪਣੀ ਮੌਤ ਨੂੰ ਕੌਣ ਸੱਦਾ ਦੇ ਲਵੇ। ਮੈਂ ਤੇ ਹੱਥ ਵਿਚ ਆਏ ਦੁਸ਼ਮਣ ਨੂੰ ਕਦੇ ਨਹੀਂ ਛਡਣਾ ਚਾਹੁੰਦਾ। ਉਹ ਮੂਰਖ ਏ ਜਿਹੜਾ ਮੈਦਾਨ ਵਿਚ ਕਿਸੇ ਤੇ ਰਹਿਮ ਕਰਦਾ ਏ। ਤੈਨੂੰ ਤਲਵਾਰ ਨਾ ਦੇਣ ਨਾਲ ਮੇਰੀ ਬਹਾਦਰੀ ਨੂੰ ਕਿਤੇ ਦਾਗ ਨਹੀਂ ਲਗ ਚਲਿਆ। ਮੁਸ਼ਕਾਂ ਬੰਨ੍ਹ ਲਓ ਸਿਪਾਹੀਓ ! ਹੁਸਨ ਨੂੰ ਪਿੰਜਰੇ ਵਿਚ ਪਾ ਲਉ। ਏਸ ਹੁਸਨ ਨੂੰ ਜ਼ੰਜੀਰਾਂ ਪਾਣ ਦੀ ਲੋੜ ਨਹੀਂ ਇਹਦੇ ਪੈਰਾਂ ਵਿਚ ਪਾਇਲਾਂ ਪਾ ਦਿਓ। ਪਾਇਲ ਦੀ ਜ਼ੰਜੀਰ ਇਹਦਾ ਸਾਰਾ ਮਚ ਮਾਰ ਦੇਵੇਗੀ।"

ਈਰਾਵਤੀ ਨੇ ਇਕ ਹਲਾ ਮਾਰਿਆ ਪਰ ਉਹਦੀ ਪੇਸ਼ ਨਾ ਗਈ ਪੰਜ ਸਤ ਸਿਪਾਹੀਆਂ ਅੱਗੇ। ਹਿਕਮਤਾਂ ਨਿਕਾਰੀਆਂ ਹੋ ਜਾਂਦੀਆਂ ਹਨ ਜਦੋਂ ਹੱਥੋਂ ਹਥਿਆਰ ਡਿਗ ਪਵੇ। ਈਰਾਵਤੀ ਨੂੰ ਇਕ ਰੁੱਖ ਨਾਲ ਬੰਨ੍ਹ ਦਿੱਤਾ ਗਿਆ।

ਕਦਮੁਲਦੀਨ ਕਚੀਆਂ ਗੋਲੀਆਂ ਖੇਡਣ ਵਾਲਾ ਸ਼ਿਕਾਰੀ ਨਹੀਂ ਸੀ। "ਭਾਵੇਂ ਹੁਸਨ ਮੇਰੀ ਕੈਦ ਵਿਚ ਹੀ ਏ ਪਰ ਜੇ ਇਕ ਵਾਰ ਮੁਸਕਰਾ ਪਵੇ ਤਾਂ ਮੈਂ ਇਹਦਾ ਬੰਦੀਵਾਨ ਬਣ ਸਕਦਾ ਹਾਂ ਸਾਡੀਆਂ ਤਲਵਾਰਾਂ ਨੇ ਕਈ ਖਬੀਖਾਨਾਂ ਦੇ ਮੂੰਹ ਭਵਾਂ ਦਿੱਤੇ ਹਨ ਤੇ ਤੂੰ ਕਿਹੜੇ ਬਾਗ ਦੀ ਮੂਲੀ ਏਂ," ਕਦਮੁਲਦੀਨ ਆਖ ਰਿਹਾ ਸੀ।

"ਇਕ ਵਾਰ ਤਲਵਾਰ ਮੇਰੇ ਹੱਥ ਵਿਚ ਦੇਹ ਤੇ ਫੇਰ ਮੈਂ ਤੈਨੂੰ ਮਲੀ ਤੇ ਗਾਜਰ ਦਾ ਭਾ ਦਸਾਂ"—ਈਰਾਵਤੀ ਨੇ ਆਖਿਆ।

—"ਹੁਸਨ ਦੇ ਦੇਗਚੀ ਵਿਚ ਉਬਾਲੇ ਆਉਂਦੇ ਹਨ ਤੇ ਜਲਦੀ ਹੀ ਠੰਡੇ ਹੋ ਜਾਣਗੇ। ਪਾਰੇ ਨੂੰ ਰਤੀ ਕੁ ਗਰਮੀ ਲਗੀ ਤੇ ਜੋਸ਼ ਵਿਚ ਆਇਆ ਪਰ ਠੰਡੀ ਹਵਾ ਨੇ ਉਹਦੀ ਸਾਰੀ ਗਰਮੀ ਚੂਸ ਲਈ ਤੇ ਹੁਣ ਉਹ ਬਰਫ ਵਾਂਗ ਠੰਡਾ ਏ। ਹੁਸਨ ਤੇ ਪਾਰੇ ਦੀ ਗਰਮੀ ਇਕੋ ਜਹੀ ਏ। ਚੋਰ ਕੁ ਘੜੀਆਂ ਨੂੰ ਹੁਸਨ ਤੁਹਾਡੇ ਕਦਮਾਂ ਵਿਚ ਹੋਵੇਗਾ।" ਜ਼ੁਲਫਕਾਰ ਆਖ ਰਿਹਾ ਸੀ।

—"ਹੁਸਨ ਦੇ ਦੇਵਤੇ ! ਜ਼ਰਾ ਪੁਜਾਰੀਆਂ ਤੇ ਨਜ਼ਰੇ ਕਰਮ ਹੋ ਜਾਵੇ ਹੁਸਨ ਨੂੰ ਐਨਾ ਗਰੂਰ ਨਹੀਂ ਚਾਹੀਦਾ।" ਕਦਮੁਲਦੀਨ ਨੇ ਈਰਾਵਤੀ ਦੀ ਠੋਡੀ ਉਤਾਂਹ ਚੁਕਦਿਆਂ ਆਖਿਆ।

—"ਨਾਪਾਕ ਹੱਥ ਮੇਰੇ ਸਰੀਰ ਨੂੰ ਨਾ ਲਾ। ਮੇਰੇ ਸਰੀਰ ਨੂੰ ਹੱਥ ਨਾ ਲਾ ਬੁਜ਼ਦਿਲ,

ਕੁੱਤੇ।" ਈਰਾਵਤੀ ਆਖ ਰਹੀ ਸੀ।

"ਦੋ ਚਾਰ ਚਾਬਕ ਮਾਰ ਕੇ ਇਹਦੇ ਗਰੂਰ ਦਾ ਸਿਰ ਨੀਵਾ ਕਰ ਦਿਓ। ਆਕੜ ਭੰਨ ਦਿਓ ਆਪੇ ਰਾਸ ਆ ਜਾਵੇਗੀ।" ਕਦਮੁਲਦੀਨ ਨੇ ਆਪਣੇ ਸਾਥੀਆਂ ਵਿਚੋਂ ਇਕ ਨੂੰ ਆਖਿਆ।

ਚਾਬਕ ਵਜ ਰਹੇ ਸਨ ਤੇ ਈਰਾਵਤੀ ਚੁਪ ਸੀ। ਜਦ ਉਹ ਬੇਹੋਸ਼ ਹੋ ਗਈ ਤਾਂ ਉਹਨੂੰ ਦਰਖਤ ਨਾਲੋਂ ਖੋਲ੍ਹ ਲਿਆ ਗਿਆ। ਮੂੰਹ ਤੇ ਠੰਡੇ ਪਾਣੀ ਦੇ ਛਿੱਟੇ ਮਾਰੇ ਤੇ ਉਸ ਅੱਖ ਉਘੇੜੀ ਤੇ ਕਦਮੁਲਦੀਨ ਆਖ ਰਿਹਾ ਸੀ, "ਕਿਉਂ ਸਰਕਾਰ! ਹੁਣ ਮਜਾਜ਼ ਕੈਸਾ ਹੈ?"

—"ਤੂੰ ਕੀ ਸਮਝਿਆ ਹੈ ਕਿ ਤੇਰੇ ਕੋਟੜੇ ਮੈਨੂੰ ਤੇਰਾ ਗੁਲਾਮ ਬਣਾ ਦੇਣਗੇ, ਕਦੀ ਨਹੀਂ" ਈਰਾਵਤੀ ਨੇ ਕਦਮੁਲਦੀਨ ਦੀਆਂ ਅੱਖਾਂ ਵਿਚ ਹਵਸ ਛਲਕਦੀ ਵੇਖੀ ਤੇ ਝਕਾਨੀ ਮਾਰ ਕੇ ਉਠੀ ਤੇ ਅੱਗੇ ਨਸ ਦੌੜੀ। ਅੱਗੇ ਅੱਗੇ ਈਰਾਵਤੀ ਤੇ ਪਿਛੇ ਪਿਛੇ ਕਦਮੁਲਦੀਨ ਤੇ ਉਹਦੇ ਪਿਛੇ ਸਿਪਾਹੀ।

ਰੋਡੀ ਆਪਣੇ ਧਿਆਨ ਵਿਚ ਆ ਰਿਹਾ ਸੀ। ਕਸਤੂਰੀ ਦੀ ਨਾਭੀ ਵਾਲਾ ਹਰਨ ਉਹਦੇ ਲਕ ਮਗਰ ਲਮਕ ਰਿਹਾ ਸੀ। ਉਸ ਦੀ ਵਾਸ਼ਨਾ ਦੀ ਮਸਤੀ ਵਿਚ ਮਸਤ ਉਹ ਹੌਲੀ ਹੌਲੀ ਪੈਰ ਅੱਗੇ ਵਧਾ ਰਿਹਾ ਸੀ। ਸ਼ਾਇਦ ਘਰ ਜਾ ਰਿਹਾ ਹੋਣਾ ਏ—ਉਹਦੀ ਸੋਚ ਸੀ ਘਰ ਵਲ ਜਾਂ ਆਸ਼ਰਮ ਵਲ। ਅਜ ਉਸ ਦਾ ਆਸ਼ਰਮ ਵਲ ਜਾਣ ਦਾ ਖਿਆਲ ਸੀ ਘਰ ਦੇ ਨਿਤ ਦੇ ਪਵਾੜੇ ਤੇ ਕਲੇਸ਼ ਨੇ ਉਹਦਾ ਮਨ ਚੁਕ ਲਿਆ ਸੀ ਤੇ ਉਹ ਹੁਣ ਫੇਰ ਘਰ ਛਡ ਕੇ ਆਸਰਮ ਵਿਚ ਰਹਿਣ ਦੀ ਸੋਚ ਰਿਹਾ ਸੀ।

ਅਚਾਨਕ ਈਰਾਵਤੀ ਦਾ ਉਹਨੂੰ ਧਕਾ ਵਜਾ ਤੇ ਉਹ ਇਸ ਤਰ੍ਹਾਂ ਤ੍ਰਬਕ ਪਿਆ, ਜਿਵੇਂ ਕੱਚੀ ਨੀਂਦ ਵਿਚ ਕਿਸੇ ਨੇ ਹੁਝ ਮਾਰੀ ਹੋਵੇ। ਈਰਾਵਤੀ ਧਕੇ ਨਾਲ ਡਿਗ ਪਈ। ਉਸ ਆਪਣੀਆਂ ਬਾਹਾਂ ਦਾ ਸਹਾਰਾ ਦੇ ਕੇ ਥੰਮ੍ਹ ਲਿਆ। ਈਰਾਵਤੀ ਨੇ ਵੇਖਿਆ ਕਿ ਉਹਨੂੰ ਉਹਦੇ ਮੱਥੇ ਤੇ ਸ਼ਿਵਤਿਲਕ ਜਾਪਿਆ। ਉਸ ਸਮਝਿਆ ਕਿ ਇਹ ਜ਼ਰੂਰ ਕੋਈ ਹਿੰਦੂ ਏ—ਰੋਡੀ ਨੇ ਉਹਨੂੰ ਆਪਣੀ ਬਾਹਾਂ ਵਿਚ ਥੰਮ੍ਹੀ ਰਖਿਆ ਤੇ ਪੁਛਿਆ—"ਤੂੰ ਕੌਣ ਏਂ?"

"ਮੇਰੇ ਮਗਰ ਮੁਗਲ ਹਨ। ਮੈਨੂੰ ਤਲਵਾਰ ਦੇ ਤੇ ਫੇਰ ਵੇਖ ਮੇਰੇ ਹੱਥ ਮੁਗਲਾਂ ਨੂੰ ਜੇ ਨਾਨੀ ਨਾ ਯਾਦ ਕਰਾ ਦਿੱਤੀ ਤਾਂ ਮੈਂ ਲੁਬਾਣੀ ਦਾ ਦੁੱਧ ਨਹੀਂ ਪੀਤਾ"—ਈਰਾਵਤੀ ਨੇ ਆਖਿਆ।

—"ਫਿਕਰ ਨਾ ਕਰ ਮੈਂ ਮੁਗਲਾਂ ਨੂੰ ਸਿਝ ਲੈਂਦਾ ਹਾਂ, ਪਰ ਤੇਰੇ ਕਪੜਿਆਂ ਤੇ ਚਾਬਕ ਦੀਆਂ ਲਾਸ਼ਾਂ ਹਨ।" ਰੋਡੀ ਨੇ ਆਖਿਆ।

—"ਏਨਾ ਵੇਲਾ ਨਹੀਂ ਕਿ ਮੈਂ ਸਾਰੀ ਰਾਮ ਕਹਾਣੀ ਸੁਣਾਵਾਂ, ਤਲਵਾਰ ਮੇਰੇ ਹੱਥ ਵਿਚ ਦੇਹ ਪਹਿਲਾਂ ਮੁਗਲਾਂ ਨੂੰ ਨਿਪਟ ਲਈਏ ਤੇ ਫੇਰ ਸਭ ਕੁਝ ਦਸਾਂਗੀ।" ਈਰਾਵਤੀ ਨੇ ਉਹਦੇ ਮਿਆਨ ਚੋਂ ਤਲਵਾਰ ਧੂਹ ਲਈ।

ਕਦਮੁਲਦੀਨ ਤੇ ਉਹਦੇ ਸਿਪਾਹੀ ਹੁਣ ਪੁਜ ਚੁਕੇ ਸਨ ਤੇ ਦੂਰੋਂ ਹੀ ਕਦਮੁਲਦੀਨ ਨੇ ਆਖਿਆ।

—"ਇਹ ਸਾਡਾ ਦੁਸ਼ਮਣ ਏ, ਇਹ ਸਾਨੂੰ ਦੇ ਦੇਹ।"

"ਔਰਤ ਵੀ ਕਿਸੇ ਦੀ ਦੁਸ਼ਮਣ ਹੁੰਦੀ ਏ ?"

ਰੇਡੀ ਨੇ ਆਖਿਆ।

"ਤੂੰ ਕੌਣ ਏਂ ਸਾਡੇ ਰਾਹ ਵਿਚ ਆਣ ਵਾਲਾ, ਤੂੰ ਨਹੀਂ ਜਾਣਦਾ ਮੈਂ ਇਮਾਨਉਲਾ ਸੂਬੇਦਾਰ ਦਾ ਪੁੱਤਰ ਹਾਂ—ਫੜ ਲਉ ! ਦੋਹਾਂ ਨੂੰ ਰਸਿਆਂ ਨਾਲ ਜਕੜ ਦਿਓ।" ਕਦਮੁਲਦੀਨ ਨੇ ਜੋਸ਼ ਵਿਚ ਆਖਿਆ।

—"ਸ਼ਾਇਦ ਬਹਾਦਰਾਂ ਨਾਲ ਵਾਸਤਾ ਨਹੀਂ ਪਿਆ। ਭਗੌੜਿਆਂ ਦੀ ਮਹਿਫਲ ਹੀ ਵੇਖੀ ਹੋਣੀ ਏ। ਨਿਹੱਥੀ ਔਰਤ ਨੂੰ ਮੈਂ ਤੇਰੇ ਹਵਾਲੇ ਕਿਸ ਤਰ੍ਹਾਂ ਕਰ ਦਿਆਂ। ਬਕਰੀਆਂ ਦੇ ਵਾੜੇ ਤੇ ਬਘਿਆੜ ਨੂੰ ਰਾਖਾ ਬਿਠਾ ਦਿਆਂ। ਚਾਬਕ ਮਾਰ ਕੇ ਅਜੇ ਤੇਰਾ ਜੀਅ ਨਹੀਂ ਭਰਿਆ। ਜਾਉ ਆਪਣਾ ਰਾਹ ਫੜੋ ਤੇ ਇਸ ਔਰਤ ਦਾ ਖਹਿੜਾ ਛਡ ਦਿਉ।" ਰੇਡੀ ਨੇ ਆਖਿਆ।

—"ਤੂੰ ਕੌਣ ਮੈਂ ਖਾਹਮਖਾਹ। ਜਾਹ ਸਾਡੇ ਨਾਲ ਮੱਥਾ ਨਾ ਲਾ। ਸ਼ਿਕਾਰੀ ਏਂ, ਸ਼ਿਕਾਰ ਮਾਰ ਲਿਆ ਈ, ਜਾਹ ਆਪਣੇ ਘਰ ਮੌਜ ਮੇਲਾ ਕਰ।" ਕਦਮੁਲਦੀਨ ਨੇ ਆਖਿਆ।

—"ਕਦਮੁਲਦੀਨ ਸ਼ਾਇਦ ਤੇਰਾ ਈ ਨਾਂ ਏ। ਚੰਗਾ ਹੋ ਗਿਆ ਏ ਜੋ ਵੇਲੇ ਸਿਰ ਟਾਕਰਾ ਹੋ ਗਿਆ ਏ। ਨਾਦੌਣ ਵਾਲੇ ਤੇਰੀਆਂ ਹਰਕਤਾਂ ਤੋਂ ਬੜੇ ਅੱਕੇ ਹੋਏ ਨੇ"—'ਕਸਤੂਰੀ ਦੀ ਨਾਭੀ ਵਾਲਾ ਹਰਨ ਸਰਕਾਰ ਇਹਦੇ ਮੋਢੇ ਨਾਲ ਏ।" ਜ਼ੁਲਫਕਾਰ ਨੇ ਆਖਿਆ।

ਮੈਂ ਨਹੀਂ ਸਾਂ ਜਾਣਦਾ। ਇਹਦੇ ਤੇ ਕਿਹੀ ਖੁਮਾਰੀ ਦਾ ਅਸਰ ਏ। ਹਰਨ ਮਾਰਿਆ ਏ ਬੀਜਾਪੁਰ ਦਾ ਕਿਲਾ ਨਹੀਂ ਫਤਹਿ ਕੀਤਾ। ਜਾਹ ਸਾਡੇ ਝਗੜੇ ਵਿਚ ਨਾ ਉਲਝ।" ਕਦਮੁਲਦੀਨ ਨੇ ਜ਼ਰਾ ਨਰਮੀ ਤੋਂ ਕੰਮ ਲਿਆ।

—"ਔਰਤ ਦੀ ਇਜ਼ਤ ਨਾਲ ਖੇਡਣ ਦਾ ਜਿਹੜਾ ਤੈਨੂੰ ਹਲਕ ਕੁਦਿਆ ਹੋਇਆ ਏ ਅੱਜ ਜੇ ਸਾਰਾ ਹਲਕ ਕਢ ਨਾ ਦਿੱਤਾ ਤਾਂ ਰੇਡੀ ਨਾ ਆਖੀਂ। ਸੰਭਲ ਤੇ ਵਾਰ ਰੋਕ। ਮਤਾਂ ਬੇਮੌਤ ਨਾ ਮਾਰਿਆ ਜਾਵੇਂ।" ਰੇਡੀ ਬੋਲ ਰਿਹਾ ਸੀ।

—"ਏਨੀ ਜੁਰਅੱਤ। ਤੂੰ ਸ਼ਾਇਦ ਮੁਗਲਾਂ ਦੇ ਹਥ ਨਹੀਂ ਵੇਖੇ। ਇਨ੍ਹਾਂ ਦੀ ਤਲਵਾਰ ਦੀ ਸੱਟ ਨਹੀਂ ਸਹਾਰੀ। ਇਨ੍ਹਾਂ ਦਾ ਕਹਿਰ ਦਾ ਅਜ਼ਾਬ ਨਹੀਂ ਸੁਣਿਆ। ਸ਼ਕਾਰੀ ਏਂ, ਮੁਫਤ ਵਿਚ ਜਾਨੋਂ ਜਾਇੇਗਾ। ਰਾਹ ਜਾਂਦੀ ਲੜਾਈ ਮੁੱਲ ਲੈਣ ਨਾਲ ਕੀ ਹਸ਼ਰ ਹੁੰਦਾ ਏ।" ਕਦਮੁਲਦੀਨ ਨੇ ਜੋਸ਼ ਤੇ ਗੁੱਸੇ ਭਰੀ ਅਵਾਜ਼ ਵਿਚ ਆਖਿਆ।

—"ਮੈਦਾਨ ਕਿਸੇ ਦੀ ਪੱਖ ਨਹੀਂ ਕਰਦਾ। ਮੈਦਾਨ ਵਿਚ ਨਿਤਰੇਂ ਤਾਂ ਸਾਰੀ ਬਹਾਦਰੀ

ਦਾ ਰਾਜ ਫਾਸ਼ ਹੋ ਜਾਵੇ ।'' ਰੇਡੀ ਲਲਕਾਰ ਰਿਹਾ ਸੀ । ਈਰਾਵਤੀ ਵੀ ਤਲਵਾਰ ਸੂਤ ਕੇ ਖੜੀ ਸੀ ।

ਈਰਾਵਤੀ—''ਹਾਂ, ਹਾਂ ਤਲਵਾਰ ਚੁਕ, ਦਾਲ ਤੇ ਆਟੇ ਦਾ ਭਾ ਪਤਾ ਲਗ ਜਾਏਗਾ ।''

ਕਦਮੁਲਦੀਨ—ਸ਼ਹਿ ਪਾ ਕੇ ਅੱਖਾਂ ਕਢਣ ਲਗ ਪਈ ਏਂ । ਮੈਂ ਤੇਰੀ ਸ਼ਹਿ ਦੇ ਮੋਹਰੇ ਦੀ ਧੌਣ ਤੋੜ ਦੇਵਾਂਗਾ । ਫੜ ਲਉ, ਦੋਵਾਂ ਦੀਆਂ ਮੁਸ਼ਕਾਂ ਬੰਨ੍ਹ ਦਿਉ ।''

—''ਵੇਖਿਓ ਜੇ ਕਿਸੇ ਨੇ ਪੈਰ ਅੱਗੇ ਵਧਾਇਆ ਤਾਂ, ਤਲਵਾਰ ਦੀ ਧਾਰ ਵੇਖ ਕੇ ਅੱਗੇ ਵਧਣਾ ।'' ਰੇਡੀ ਨੇ ਆਖਿਆ ।

ਸਿਪਾਹੀ ਸਾਰੇ ਟੁਟ ਪਏ । ਰੇਡੀ ਨੇਜ਼ੇ ਨਾਲ ਮਾਰ ਰਿਹਾ । ਆਖਰ ਉਨ੍ਹਾਂ ਇਕ ਸਿਪਾਹੀ ਦੀ ਤਲਵਾਰ ਖੋਹ ਲਈ । ਹੁਣ ਦੋਵੇਂ ਤਲਵਾਰਾਂ ਚਲ ਰਹੀਆਂ ਸਨ । ਉਧਰ ਦਸ ਬਾਰਾਂ ਸਿਪਾਹੀ ਸਨ ਤੇ ਇਧਰ ਦੋ ਜਣੇ । ਭਾਵੇਂ ਈਰਾਵਤੀ ਦਾ ਸ਼ਰੀਰ ਕੰਟਕੇ ਖਾ ਖਾ ਕੇ ਭੌਂਜਿਆ ਹੋਇਆ ਸੀ ਪਰ ਉਸ ਸ਼ੇਰ ਦੀ ਬੱਚੀ ਨੇ ਚੰਗੀ ਤਲਵਾਰ ਵਾਹੀ । ਇਕ ਸਿਪਾਹੀ ਉਥੇ ਖੜਾ ਰਿਹਾ ਤੇ ਬਾਕੀ ਅੱਗੇ ਲਗ ਕੇ ਨਠ ਤੁਰੇ । ਕਦਮੁਲਦੀਨ ਵੀ ਸ਼ਾਇਦ ਭਜ ਜਾਂਦਾ । ਰੇਡੀ ਨੇ ਖੰਜਰ ਦਾ ਵਾਰ ਵਗਾਹਤਾ ਮਾਰਿਆ ਤੇ ਉਹ ਜ਼ਖਮੀ ਹੋ ਡਿਗਾ । ਫਿਰ ਕੀ ਸੀ ਮੈਦਾਨ ਉਨ੍ਹਾਂ ਦੇ ਹੱਥ ਵਿਚ ਸੀ ।

—''ਏਸ ਪਾਜੀ ਨੂੰ ਮੁਸ਼ਕਾਂ ਬੰਨ੍ਹ ਕੇ ਪਿਤਾ ਜੀ ਕੋਲ ਲੈ ਜਾਣਾ ਚਾਹੀਦਾ ਹੈ''—ਈਰਾਵਤੀ ਨੇ ਆਖਿਆ ।

—''ਤੇਰਾ ਘਰ ਕਿਥੇ ਹੈ । ਤੂੰ ਤੇ ਦੱਖਣ ਦੀ ਵਸਨੀਕ ਨਹੀਂ ਜਾਪਦੀ,'' ਰੇਡੀ ਆਖ ਰਿਹਾ ਸੀ ।

—''ਅਸੀਂ ਯਾਤਰੀ ਹਾਂ, ਪੰਜਾਬ ਦੇ ਵਸਨੀਕ । ਸਿੱਖਾਂ ਦੇ ਡੇਰੇ ਕੋਲ ਸਾਡਾ ਡੇਰਾ ਏ । ਰਾਜਗੁਰੂ ਨਾਂ ਦਾ ਇਕ ਸਾਧੂ ਏ ਉਸ ਨੇ ਸਾਨੂੰ ਆਪਣਾ ਆਸ਼ਰਮ ਦੇ ਦਿੱਤਾ ਹੈ''—ਈਰਾਵਤੀ ਬੋਲ ਰਹੀ ਸੀ ।

ਕਦਮੁਲਦੀਨ ਨੂੰ ਬੰਨ੍ਹ ਕੇ ਘੋੜੇ ਤੇ ਪਾ ਲਿਆ ਤੇ ਸਿਪਾਹੀ ਨੱਸੇ ਇਮਾਨਉਲਾ ਕੋਲ ਪੁਜ ਗਏ । ਡੇਰੇ ਵਿਚ ਈਰਾਵਤੀ ਦੀ ਇੰਤਜ਼ਾਰ ਹੋ ਰਹੀ ਸੀ । ਸਾਰੇ ਗੁਦਾਵਰੀ ਵੱਲ ਮੂੰਹ ਚੁਕ ਚੁਕ ਕੇ ਵੇਖ ਰਹੇ ਸਨ ।

—''ਹੁਣ ਸਿੱਖਾਂ ਨੂੰ ਵੀ ਪਤਾ ਲਗ ਜਾਵੇਗਾ ਕਿ ਬਹਾਦਰ ਸ਼ਾਹ ਦੇ ਸਿਪਾਹੀ ਸਾਡੇ ਕਿੰਨੇ ਕੁ ਮਿਤਰ ਹਨ''—ਰੇਡੀ ਨੇ ਜ਼ਰਾ ਟਕੋਰ ਕਰਦਿਆਂ ਆਖਿਆ ।

ਘੋੜੇ ਦੇ ਅੱਗੇ ਕਦਮੁਲਦੀਨ ਦਾ ਬੇਹੋਸ਼ ਸਰੀਰ ਸੀ ਤੇ ਉਹਦੇ ਉਤੇ ਰੇਡੀ । ਦੂਜੇ ਘੋੜੇ ਤੇ ਈਰਾਵਤੀ । ਜਦ ਉਹ ਆਸ਼ਰਮ ਦੇ ਲਾਗੇ ਗਏ ਤਾਂ ਰਾਜਗੁਰੂ ਦੇ ਬੋਲ ਗੂੰਜ ਰਹੇ ਸਨ :—

—'ਈਰਾਵਤੀ ਮੁਗਲਾਂ ਤੋਂ ਹਾਰ ਖਾਣ ਵਾਲੀ ਨਹੀਂ। ਦਾਣਾ ਦੇਗ ਵਿਚੋਂ ਟੋਹਿਆ ਜਾਂਦਾ ਹੈ। ਲਓ ਔਹ ਆ ਗਈ ਜੇ।" ਰਾਜਗੁਰੂ ਨੇ ਰਾਮ ਚੰਦਰ ਨੂੰ ਆਖਿਆ।

—"ਉਹਦੇ ਨਾਲ ਦੂਜਾ ਘੋੜੇ ਤੇ ਕੌਣ ਏ ?"

ਰਾਮ ਚੰਦਰ ਨੇ ਪੁਛਿਆ।

—"ਰੇਡੀ ਏ। ਮੇਰਾ ਚੇਲਾ। ਪਰ ਉਹਦੇ ਅਗੇ ਇਕ ਹੋਰ ਆਦਮੀ ਬੇਹੋਸ਼ ਏ। ਹੈਂ ! ਇਹ ਕੀ ! ਰਾਜ ਗੁਰੂ ਨੇ ਹੈਰਾਨੀ ਵਿਚ ਆਖਿਆ।

—"ਇਹ ਮੁਗਲ ਸਵਾਰ ਏ। ਆਪਣੇ ਆਪ ਨੂੰ ਇਮਾਨਉਲਾ ਸੂਬੇਦਾਰ ਦਾ ਪੁਤ ਦਸਦਾ ਏ। ਸ਼ਾਇਦ ਇਮਾਨਉਲਾ ਉਹੋ ਹੀ ਏ, ਜਿਹੜਾ ਬਹਾਦਰ ਸ਼ਾਹ ਨੇ ਗੁਜਰਾਤ ਤੋਂ ਬੁਲਾਇਆ ਏ—ਬੜਾ ਈ ਅਯਾਸ਼ ਏ, ਸ਼ਿਕਾਰਗਾਹ ਵਿਚ ਈਰਾਵਤੀ ਨੂੰ ਘੇਰ ਬੈਠਾ ਸੀ ਤੇ ਮੈਂ ਵੀ ਵੇਲੇ ਸਿਰ ਆ ਗਿਆ ਤੇ ਅਗੋਂ ਜੋ ਹੋਇਆ ਕਰਦਾ ਹੈ, ਉਹ ਹੋਇਆ। ਤਲਵਾਰਾਂ ਮਿਆਨ ਚੋਂ ਨੰਗੀਆਂ ਹੋ ਕੇ ਲਿਸ਼ਕੀਆਂ। ਜਵਾਨਾਂ ਦੇ ਦਿਲ ਧੜਕਣ ਲਗ ਪਏ। ਤਲਵਾਰ, ਤਲਵਾਰ ਦੀ ਚਮੜੀ ਉਧੇੜਣ ਲਗ ਪਈ। ਡੌਲੇ ਫ਼ਰਕੇ ਤੇ ਅੱਖਾਂ ਵਿਚ ਖੂਨ ਉਤਰ ਆਇਆ। ਇਸ ਬਹਾਦਰ ਨੇ ਵੀ ਤਲਵਾਰ ਚੰਗੀ ਵਾਹੀ ਤੇ ਅਸਾਂ ਕਿਹੜੀਆਂ ਚੂੜੀਆਂ ਪਾਈਆਂ ਹੋਈਆਂ ਸਨ। ਡਟ ਗਏ ਤੇ ਮੁਗਲ ਸਵਾਰਾਂ ਨੂੰ ਪੰਜਾਂ ਚਹੁ ਵਾਰਾਂ ਵਿਚ ਹੀ ਡੇਗ ਲਿਆ। ਉਹਦੇ ਨਾਲ ਦਾ ਫ਼ਰਲੀ ਜਥਾ ਨਸ ਗਿਆ। ਸ਼ਾਇਦ ਉਹ ਇਮਾਨਉਲਾ ਕੋਲ ਗਿਆ ਹੋਣਾ ਏ—।" ਸਾਰੇ ਦੇ ਸਾਰੇ ਚੁਪ ਸਨ। ਸਿੱਖਾਂ ਮੂੰਹ ਵਿਚ ਉਂਗਲਾਂ ਪਾ ਲਈਆਂ ਰੇਡੀ ਦੇ ਬੋਲ ਗੂੰਜ ਰਹੇ ਸਨ।

ਰਾਜਗੁਰੂ ਆਖ ਰਿਹਾ ਸੀ। "ਵੇਲਾ ਆਉਣ ਤੋਂ ਪਹਿਲਾਂ ਹੀ ਤੂੰ ਭੂੰਡਾਂ ਦੇ ਖਖਰ ਨੂੰ ਛੇੜਿਆ ਏ। ਜਾਣ ਬੁਝ ਕੇ ਡੂਮਣੇ ਦੇ ਛੱਤੇ ਵਿਚ ਹੱਥ ਮਾਰਿਆ ਈ। ਸੱਪ ਦੀ ਖੁਡ ਵਿਚ ਹੱਥ ਪਾਣ ਲਗਿਆਂ ਪਹਿਲਾਂ ਬੀਨ ਵਜਾਣ ਵਾਲੇ ਨੂੰ ਤਿਆਰ ਕਰ ਲਈਏ। ਅੱਗ ਵਿਚ ਕੁਦ ਪਈਏ ਪਰ ਹੱਥ ਵਿਚ ਪਾਣੀ ਦਾ ਫੁਹਾਰਾ ਲੈ ਕੇ। ਸਮੁੰਦਰ ਵਿਚ ਛਾਲ ਮਾਰ ਦਈਏ ਪਰ ਪਹਿਲਾਂ ਤਰਨਾ ਸਿਖ ਲਈਏ।...ਬੁਰਾ ਕੀਤਾ ਈ। ਸਾਨੂੰ ਕਿਲੇ ਦੀਆਂ ਦੀਵਾਰਾਂ ਤੇ ਉਚੀਆਂ ਕਰ ਲੈਣ ਦੇਣੀਆਂ ਸਨ।"

—"ਕੀ ਹੋ ਗਿਆ ਏ ਗੁਰੂ ਦੇਵ। ਐਵੇਂ ਛਿਥੇ ਪੈ ਗਏ ਹੋ ? ਇਸ ਤੋਂ ਬਗੈਰ ਹੋਰ ਕੋਈ ਰਾਹ ਵੀ ਤੇ ਨਹੀਂ ਸੀ। ਈਰਾਵਤੀ ਨੂੰ ਘੇਰ ਕੇ ਉਹ ਉਸ ਦੀ ਇਜ਼ਤ ਲੁਟ ਲੈਂਦਾ ਤੇ ਮੈਂ ਤਮਾਸ਼ਾ ਵੇਖਦਾ ਰਹਿੰਦਾ। ਜ਼ਾਲਮ ਦੇ ਹੌਸਲੇ ਵਧਣ ਤੋਂ ਪਹਿਲਾਂ ਉਹਦੀ ਸ਼ਾਹ ਰਗ ਤੋੜ ਦੇਣੀ ਚਾਹੀਦੀ ਹੈ।"—ਰੇਡੀ ਨੇ ਜ਼ਰਾ ਗੁੱਸੇ ਵਿਚ ਤਿਉੜੀਆਂ ਵਟੀਆਂ।

—"ਤੂੰ ਈਰਾਵਤੀ ਨੂੰ ਤਾਂ ਬਚਾ ਲਿਆ। ਪਰ ਪੰਜਾਬ ਦੀਆਂ ਦਰੋਪਤੀਆਂ ਨੂੰ ਦੁਸਾਸ਼ਨ ਦੇ ਹੱਥੋਂ ਬਚਾਣ ਦਾ ਰਸਤਾ ਬੰਦ ਕਰ ਦਿੱਤਾ। ਤੂੰ ਸਾਡੇ ਕੰਨਾਂ ਵਿਚ ਸਿੱਕਾ ਭਰ ਦਿੱਤਾ ਹੈ ਤੇ ਅਸੀਂ ਮਾਸੂਮਾਂ ਦੀਆਂ ਚੀਖਾਂ, ਜਿਹੜੇ ਨੇਜ਼ਿਆਂ ਵਿਚ ਵਿੰਨ੍ਹੇ ਪਏ ਹਨ, ਨਾ ਸੁਣ ਸਕਾਂਗੇ। ਪੰਜਾਬ ਦੇ

ਕਤਲੇਆਮ ਦਾ ਸ਼ੋਰ ਸਾਡੇ ਕੰਨਾਂ ਤਕ ਨਾ ਪੁਜ ਸਕੇਗਾ। ਅਸੀਂ ਜਦ ਤਕ ਆਪਣੇ ਪੈਰ ਪਤਾਲ ਤਕ ਨਾ ਪਸਾਰ ਲਈਏ, ਬਹਾਦਰ ਸ਼ਾਹ ਨੂੰ ਆਪਣਾ ਵੈਰੀ ਨਹੀਂ ਬਨਾਣਾ ਚਾਹੁੰਦੇ। ਮੁਗਲ ਸਾਥੋਂ ਖੌਮ ਖਾਂਦੇ ਹਨ, ਇਸ ਲਈ ਆਪਣੇ ਮੁਕਾਬਲੇ ਤੇ ਖੜਾ ਨਹੀਂ ਕਰਨਾ ਚਾਹੁੰਦੇ। ਅਸੀਂ ਫੁੱਲਾਂ ਦਾ ਸਿਰ ਮਧੋਲ ਦੇਣਾ ਚਾਹੁੰਦੇ ਹਾਂ ਪਰ ਕੰਡਿਆਂ ਕੋਲੋਂ ਮਦਦ ਲੈ ਕੇ। ਅਸੀਂ ਜ਼ਹਿਰ ਦੇਣਾ ਚਾਹੁੰਦੇ ਹਾਂ ਪਰ ਗੁੜ ਦੀ ਡਲੀ ਵਿਚ ਪਾਕੇ। ਅਸੀਂ ਉਸ ਵੇਲੇ ਤਕ ਤਲਵਾਰਾਂ ਨਹੀਂ ਚੁਕਣੀਆਂ ਚਾਹੁੰਦੇ ਜਦ ਤਕ ਸਾਡੇ ਮਗਰ ਦੇਸ਼ ਦੀਆਂ ਚਹੁੰ ਨੁਕਰਾਂ ਵਿਚੋਂ ਤਲਵਾਰਾਂ ਨਾ ਉਠਣ। ਗਿੱਦੜ ਨੂੰ ਮਾਰਨ ਲਈ ਪਹਿਲਾਂ ਸ਼ੇਰ ਦਾ ਮਚਾਨ ਬਨਾਣਾ ਪੈਂਦਾ ਏ—"

—"ਰਾਜਗੁਰੂ ਬੱਚਿਆਂ ਦਾ ਦਿਲ ਨਹੀਂ ਤੋੜਿਆ ਜਾਂਦਾ, ਦਿਲ ਇਕ ਸ਼ੀਸ਼ਾ ਏ ਜਿਹੜਾ ਇਕ ਵਾਰ ਟੁੱਟ ਜਾਵੇ ਤਾਂ ਫਿਰ ਜੁੜਦਾ ਨਹੀਂ। ਕੋਈ ਗੱਲ ਨਹੀਂ। ਇਕ ਮੁਗਲ ਨੂੰ ਸਜ਼ਾ ਦਿੱਤੀ ਗਈ ਏ, ਅੱਗੇ ਤੋਂ ਉਨ੍ਹਾਂ ਨੂੰ ਕੰਨ ਹੋ ਜਾਣਗੇ। ਹਾਰੀ ਸਾਰੀ ਦੇ ਗਲ ਪੈਣ ਤੋਂ ਪਹਿਲਾਂ ਸੋਚ ਲਿਆ ਕਰਨਗੇ। ਭੇਡ ਦੇ ਖੂਨੋਂ ਫਾਹੇ ਨਹੀਂ ਲਗ ਚਲੇ। ਪਹਾੜ ਨਹੀਂ ਡਿਗ ਪੈਣ ਲਗਾ। ਇਨ੍ਹਾਂ ਦੇ ਜ਼ਖਮਾਂ ਤੇ ਪਟੀਆਂ ਬੰਨ੍ਹੋ ਤੇ ਇਸ ਸਾਹਿਬਜ਼ਾਦੇ ਨੂੰ ਮਰ੍ਹਮ ਪਟੀ ਕਰਕੇ ਇਮਾਨਉਲਾ ਦੇ ਕੋਲ ਛਡ ਆਓ। ਸਾਰੀ ਵਾਰਦਾਤ ਸੂਬੇਦਾਰ ਦੇ ਕੰਨੀਂ ਚੜ੍ਹਾ ਆਉ। ਉਹ ਸਮਝਦਾਰ ਹੈ, ਹੋਛਾ ਨਹੀਂ।" ਬੰਦਾ ਬਹਾਦਰ ਆਖ ਰਿਹਾ ਸੀ।

—"ਪਰ ਜਿਹੜੇ ਸਿਪਾਹੀ ਮਾਰ ਖਾ ਕੇ ਗਏ ਹਨ, ਕੌਣ ਜਾਣਦਾ ਹੈ, ਉਹ ਕੀ ਤੂਫਾਨ ਤੋਲਣਗੇ। ਉਨ੍ਹਾਂ ਨੇ ਸਾਰਾ ਕਸੂਰ ਰੇਡੀ ਦੇ ਸਿਰ ਥੋਪਣ ਦੀ ਕੋਸ਼ਿਸ਼ ਕਰਨੀ ਏ। ਪਰ ਬਹਾਦਰ ਸ਼ਾਹ ਨੂੰ ਇਹ ਗੱਲ ਤੇ ਨਾ ਆਖਣਗੇ ਕਿ ਗੁੱਡਿਆਂ ਦੀ ਲੜਾਈ ਸੀ। ਉਹ ਤੇ ਕਹੇਗਾ, ਸਿੱਖਾਂ ਦੀ ਸਾਜ਼ਸ਼ ਨਾਲ ਸਾਰਾ ਕੰਮ ਹੋਇਆ। ਮੈਨੂੰ ਬਗਾਵਤ ਦਾ ਡਰ ਏ। ਇਸ ਲਈ ਸਿੱਖਾਂ ਨੂੰ ਕੁਚਲ ਦੇਣਾ ਚਾਹੀਦਾ ਹੈ - ਬਹਾਦਰ ਸ਼ਾਹ ਕਹੇਗਾ— ਜੇ ਅੱਗ ਭੜਕ ਪਈ ਤਾਂ ਸਾਡੀਆਂ ਉਮੀਦਾਂ ਦਾ ਖੂਨ ਹੋ ਜਾਵੇਗਾ—ਅਸੀਂ ਅਜੇ ਆਪਣੇ ਪੈਰ ਪੱਕੇ ਨਹੀਂ ਕਰ ਸਕੇ, ਮੈਂ ਤੇ ਡਰਦਾ ਇਸ ਗੱਲ ਤੋਂ ਹਾਂ—" ਰਾਜਗੁਰੂ ਸੋਚਣ ਵਿਚ ਮਗਨ ਹੋ ਗਿਆ।

—"ਬਹਾਦਰ ਸ਼ਾਹ ਤੇ ਸਿੱਖਾਂ ਦੇ ਏਨੇ ਅਹਿਸਾਨ ਹਨ ਕਿ ਉਹ ਨਿਕੀ ਜਹੀ ਗੱਲ ਤੇ ਸਾਡਾ ਨਹੀਂ ਵੈਰੀ ਬਣ ਜਾਣ ਲਗਾ। ਤੁਸੀਂ ਜ਼ਖਮੀ ਦੀ ਮਲ੍ਹਮ ਪਟੀ ਕਰੋ ਤੇ ਮੈਂ ਇਸ ਵਾਰਦਾਤ ਨੂੰ ਗੁਰੂ ਜੀ ਦੇ ਕੰਨੀਂ ਪਾ ਆਵਾਂ।" ਬੰਦਾ ਜਾਂਦਾ ਜਾਂਦਾ ਆਖ ਰਿਹਾ ਸੀ।

ਸਾਰੇ ਚੁਪ ਸਨ। ਰਾਮ ਚੰਦਰ ਲੁਬਾਣਾ, ਰਾਜਗੁਰੂ, ਰੇਡੀ ਤੇ ਹੋਰ ਸਾਰੇ ਸਿੱਖ ਚੁਪ ਚਾਪ ਸਨ। ਰਾਤ ਦੀ ਚਾਨਣੀ ਪਸਰ ਰਹੀ ਸੀ ਤੇ ਮਸਾਲਾਂ ਜਗ ਰਹੀਆਂ ਸਨ। ਭਗੌੜੇ ਸਿਪਾਹੀਆਂ ਨੇ ਇਮਾਨਉਲਾ ਦੇ ਅੰਦਰ ਅੱਗ ਭਰ ਦਿੱਤੀ ਤੇ ਉਹ ਭੜਕ ਉਠਿਆ। ਕਦਮੁਲਦੀਨ ਦਾ ਖੂਨ ਹੋਣਾ ਸੁਣ ਕੇ ਉਹ ਦੀਆਂ ਅੱਖਾਂ ਵਿਚ ਖੂਨ ਉਤਰ ਆਇਆ। ਨੰਗੀ ਤਲਵਾਰ ਹੱਥ ਵਿਚ ਫੜ ਕੇ ਘੋੜੇ ਤੇ ਸਵਾਰ ਹੋ ਗਿਆ। ਮਸ਼ਾਲਾਂ ਵਾਲੇ ਉਹਦੇ ਨਾਲ ਸਨ। ਘੋੜਿਆਂ ਤੇ ਨੇਜ਼ਿਆਂ ਵਾਲੇ ਜਵਾਨ

ਡਰ ਡਰ ਕੇ ਦਬੇ ਦਬੇ ਪੈਰ ਸਿੱਖਾਂ ਦੇ ਡੇਰਿਆਂ ਦੇ ਚੁਗਿਰਦੇ ਖੜੇ ਹੋ ਗਏ। ਸਿੱਖਾਂ ਦਾ ਡੇਰਾ ਉਨ੍ਹਾਂ ਦੇ ਘੇਰੇ ਵਿਚ ਸੀ। ਇਮਾਨਉਲਾ ਘੋੜੇ ਤੋਂ ਉਤਰਿਆ ਤੇ ਉਹਦੀ ਨੰਗੀ ਤਲਵਾਰ ਮਸ਼ਾਲ ਵਿਚ ਚਮਕ ਰਹੀ ਸੀ। ਹੋਰ ਵੀ ਸਿਪਾਹੀ ਇਮਾਨਉਲਾ ਦੇ ਨਾਲ ਸਨ।

—"ਕੌਣ ਏ ਜਿਸ ਮੇਰੇ ਪੁਤ ਕਦਮੁਲਦੀਨ ਨੂੰ ਜ਼ਖਮੀ ਕੀਤਾ ਏ? ਕਦਮੁਲਦੀਨ ਕਿਥੇ ਹੈ?" ਇਮਾਨਉਲਾ ਗਰਜ ਰਿਹਾ ਸੀ।

—"ਕਦਮੁਲਦੀਨ ਸਾਡੇ ਡੇਰੇ ਵਿਚ ਆਰਾਮ ਕਰ ਰਿਹਾ ਹੈ, ਮਲ੍ਹਮ ਪਟੀ ਕੀਤੀ ਗਈ ਏ। ਮੁੰਡੇ ਮੁੰਡੇ ਖਹਿ ਪਏ ਸਨ। ਹਾਸੇ ਮੁਜ਼ਾਸੇ ਵਿਚ ਇਸ ਨੌਬਤ ਤਕ ਗੱਲ ਪੁਜੀ। ਕੋਈ ਜ਼ਿਆਦਾ ਚੋਟ ਨਹੀਂ ਆਈ। ਘਬਰਾਣ ਦੀ ਗੱਲ ਨਹੀਂ। ਕਦਮੁਲਦੀਨ ਰਾਜ਼ੀ ਖੁਸ਼ੀ ਏ—ਮੁੰਡਿਆਂ ਰਾਈ ਦਾ ਪਹਾੜ ਬਣਾ ਦਿੱਤਾ ਹੈ—" ਰਾਜ ਗੁਰੂ ਨੇ ਜ਼ਰਾ ਮੁਸਕਰਾਂਦਿਆਂ ਆਖਿਆ।

"ਚੁਪ ਬੁੱਢੇ! ਇਕ ਤੇ ਕਦਮੁਲਦੀਨ ਨੂੰ ਜ਼ਖਮੀ ਕੀਤਾ ਜੇ ਤੇ ਉੱਤੋਂ ਢਾਰੀ ਹੱਸ ਰਿਹਾ ਏਂ? ਇਮਾਨਉਲਾ ਜ਼ਰਾ ਜੋਸ਼ ਵਿਚ ਗੱਜਿਆ।" ਨੰਗੀ ਤਲਵਾਰ ਲਈ ਇਮਾਨਉਲਾ ਸਹਿਮਦਾ ਸਹਿਮਦਾ ਸਿੱਖਾਂ ਦੇ ਡੇਰੇ ਅੰਦਰ ਚਲਾ ਗਿਆ। ਬੰਦਾ ਤੇ ਗੁਰੂ ਗੋਬਿੰਦ ਸਿੰਘ ਜੀ ਬਾਹਰ ਨਿਕਲ ਪਏ।

"ਕਦਮੁਲਦੀਨ ਕਿਥੇ ਹੈ?" ਇਮਾਨਉਲਾ ਬੋਲਿਆ।

—"ਏਧਰ ਆ ਜਾਓ ~~ਸੂਬੇਦਾਰ ਜੀ~~! ਕਦਮੁਲਦੀਨ ਆ ਜਾਂਦਾ ਏ, ਸਾਡਾ ਬੱਚਾ ਏ, ਕੋਈ ਘਬਰਾਣ ਵਾਲੀ ਗੱਲ ਨਹੀਂ। ਮੁੰਡਿਆਂ ਦੀ ਲੜਾਈ ਵਿਚ ਸਿਆਣਿਆਂ ਨੂੰ ਨਹੀਂ ਆਣਾ ਚਾਹੀਦਾ ਹੈ। ਇਨ੍ਹਾਂ ਨੇ ਤਾਂ ਫੇਰ ਕਲ ਨੂੰ ਇਕੋ ਮਿਕੋ ਹੋਕੇ ਖੇਡਣਾ ਏ। ਏਧਰ ਆਓ ਸਾਡੇ ਖੇਮੇ ਵੱਲ। ਸੁਣਿਆ ਏ ਤੁਸੀਂ ਵੀ ਪੰਜਾਬ ਦੇ ਰਹਿਣ ਵਾਲੇ ਹੋ। ਤਾਂ ਤੇ ਫੇਰ ਤੁਸੀਂ ਸਾਡੇ ਵਤਨੀ ਹੋਏ ਨਾ" ਗੁਰੂ ਗੋਬਿੰਦ ਸਿੰਘ ਇਮਾਨਉਲਾ ਨੂੰ ਆਖ ਰਿਹਾ ਸੀ।

ਕਦਮੁਲਦੀਨ ਹਾਏ ਹਾਏ ਕਰਦਾ ਬਾਹਰ ਆਇਆ ਤੇ ਇਮਾਨਉਲਾ ਦੇ ਗਲ ਲਗ ਗਿਆ। ਇਮਾਨਉਲਾ ਨੂੰ ਅੱਗੇ ਹੀ ਅਗ ਲਗੀ ਹੋਈ ਸੀ। ਕਦਮੁਲਦੀਨ ਦੀ ਹਾਏ ਹਾਏ ਨੇ ਤੇਲ ਦਾ ਕੰਮ ਕੀਤਾ। ਧੁਖਦੀ ਅਗ ਭਬਾਕਾ ਬਣ ਚਮਕੀ। ਇਮਾਨਉਲਾ ਆਪਣੇ ਆਪ ਵਿਚੋਂ ਬਾਹਰ ਹੋਣਾ ਚਾਹੁੰਦਾ ਸੀ ਪਰ ਪਤਾ ਨਹੀਂ ਕਿਵੇਂ ਦਬ ਗਿਆ।

"ਤੁਸੀਂ ਮੈਨੂੰ ਉਹ ਆਦਮੀ ਦੇ ਦਿਓ, ਜਿਸ ਕਦਮੁਲਦੀਨ ਨੂੰ ਜ਼ਖਮੀ ਕੀਤਾ ਹੈ। ਮੈਂ ਉਹਦੇ ਕਸੂਰ ਦੇ ਮੁਤਾਬਕ ਉਹਨੂੰ ਦੰਡ ਦੇਵਾਂਗਾ। ਮੁੜ ਕੇ ਕਿਸੇ ਨੂੰ ਮੁਗ਼ਲ ਸਿਪਾਹੀ ਨਾਲ ਮੱਥਾ ਲਾਣ ਦੀ ਜੁਰੱਅਤ ਨਾ ਪਵੇਗੀ—ਘਬਰਾ ਨਾ ਮੇਰੇ ਬੱਚੇ ਮੈਂ ਤੇਰੇ ਖੂਨ ਦੀ ਪੂਰੀ ਕੀਮਤ ਅਦਾ ਕਰਾਂਗਾ—" ਇਮਾਨਉਲਾ ਨੇ ਆਖਿਆ।

—"ਬਾਜ ਸਿੰਘ! ਪਾਲਕੀ ਵਿਚ ਬਿਠਾਕੇ ਕਦਮੁਲਦੀਨ ਨੂੰ ਸੂਬੇਦਾਰ ਦੇ ਖੇਮੇਂ ਵਿਚ ਛੱਡ ਆ।" ਗੁਰੂ ਗੋਬਿੰਦ ਸਿੰਘ ਨੇ ਬਾਜ ਸਿੰਘ ਨੂੰ ਹੁਕਮ ਦਿਤਾ।

ਕਦਮੁਲਦੀਨ ਪਾਲਕੀ ਵਿਚ ਬੈਠ ਗਿਆ ਤੇ ਪਾਲਕੀ ਮੁਗ਼ਲ ਸਿਪਾਹੀਆਂ ਨੇ ਚੁਕ ਲਈ

ਪਾਲਕੀ ਸਿੱਖਾਂ ਦੇ ਡੇਰੇ ਵਿਚੋਂ ਬਾਹਰ ਨਿਕਲ ਚੁਕੀ ਸੀ।

—"ਲਿਆਓ, ਕਿਥੇ ਜੇ ਜ਼ਖਮੀ ਕਰਨ ਵਾਲਾ ਬਾਗੀ ਮਰਦੂਦ—" ਇਮਾਨਉਲਾ ਨੇ ਫੇਰ ਆਖਿਆ।

—"ਅਸਾਂ ਉਹਨੂੰ ਚੰਗੀ ਡਾਂਟ ਡਪਟ ਕੀਤੀ ਏ। ਹੁਣ ਅੱਗੇ ਤੋਂ ਉਹ ਇਸ ਰਾਹ ਵੀ ਨਹੀਂ ਜਾਏਗਾ—" ਰਾਜਗੁਰੂ ਨੇ ਆਖਿਆ।

—"ਹੁਕਮ ਅਦੂਲੀ। ਇਮਾਨਉਲਾ ਦੇ ਸਾਹਮਣੇ।"

—"ਨਹੀਂ, ਨਹੀਂ ਸਰਕਾਰ ਮੁੰਡਾ ਏ ਤੁਹਾਡੇ ਜਲਾਲ ਦੇ ਸਾਹਮਣੇ ਉਹਦਾ ਖੂਨ ਸੁਕ ਜਾਵੇਗਾ।"

—"ਤੁਸੀਂ ਏਸ ਮੁੰਡੇ ਨੂੰ ਮੇਰੇ ਸਾਹਮਣੇ ਪੇਸ਼ ਕਰ ਦਿਓ ਕਿ ਮੈਂ ਸਮਝ ਲਵਾਂ ਕਿ ਇਸ ਵਿਚ ਤੁਹਾਡਾ ਵੀ ਹੱਥ ਏ। ਮੈਂ ਹੁਕਮ ਦੀ ਤਾਮੀਲ ਚਾਹੁੰਦਾ ਹਾਂ ਇਨਕਾਰ ਨਹੀਂ" ਇਮਾਨਉਲਾ ਨੇ ਜੋਸ਼ ਪ੍ਰਗਟ ਕਰਦਿਆਂ ਉੱਤਰ ਦਿੱਤਾ।

—"ਪਰ ਬੱਚਿਆਂ ਦੇ ਮਾਮਲੇ ਵਿਚ ਸੂਬੇਦਾਰ ਨੂੰ ਏਨਾ ਗੁੱਸੇ ਵਿਚ ਨਹੀਂ ਆਉਣਾ ਚਾਹੀਦਾ।" ਰਾਜ ਗੁਰੂ ਆਖ ਰਿਹਾ ਸੀ। ਗੁਰੂ ਗੋਬਿੰਦ ਸਿੰਘ ਤੇ ਬੰਦਾ ਬਹਾਦਰ ਚੁਪ ਸਨ। ਰਾਮ ਚੰਦਰ ਇਮਾਨਉਲਾ ਦਾ ਮੂੰਹ ਤਕ ਰਿਹਾ ਸੀ।

—"ਇਹ ਆਲਾ ਹਜ਼ਰਤ ਦੀ ਤੌਹੀਨ ਏ। ਮੈਨੂੰ ਤੇ ਹੁਣ ਸਿੱਖਾਂ ਦੇ ਡੇਰਿਆਂ ਵਿਚੋਂ ਬਗਾਵਤ ਦੀ ਬੋ ਆ ਰਹੀ ਜਾਪਦੀ ਏ। ਜੇ ਜੰਮਦੀਆਂ ਸੂਲਾਂ ਦਾ ਮੂੰਹ ਭੰਨਿਆ ਨਾ ਗਿਆ ਤਾਂ ਇਹਦੇ ਜ਼ਹਿਰ ਦਾ ਖਮੀਰ ਜਮ੍ਹਾਂ ਹੋ ਜਾਵੇਗਾ, ਜਿਹੜਾ ਮੌਤ ਦਾ ਸਾਮਾਨ ਵੀ ਬਣ ਸਕਦਾ ਏ। ਇਨ੍ਹਾਂ ਦੇ ਇਨਕਾਰ ਤੋਂ ਸਾਫ ਮਲੂਮ ਹੁੰਦਾ ਹੈ ਕਿ ਇਹ ਸਰਕਾਰ ਦੇ ਹੁਕਮ ਨੂੰ ਪੈਰਾਂ ਥੱਲੇ ਰੋਂਦ ਦੇਣਾ ਚਾਹੁੰਦੇ ਹਨ।"

ਇਕ ਮੁਗਲ ਸਵਾਰ ਨੇ ਆਖਿਆ।

—"ਮੁਗਲ ਨੌਜਵਾਨ ਤੂੰ ਸ਼ਾਇਦ ਇਹ ਨਹੀਂ ਜਾਣਦਾ ਕਿ ਜਦ ਦੋ ਸਿਆਣੇ ਆਪਸ ਵਿਚ ਗੱਲਾਂ ਕਰ ਰਹੇ ਹੋਣ ਤਾਂ ਨੌਜਵਾਨ ਵਿਚ ਬੋਲਿਆ ਨਹੀਂ ਕਰਦੇ। ਤੂੰ ਦੋਹਾਂ ਦੀ ਤੌਹੀਨ ਕੀਤੀ ਏ ਵਿਚ ਬੋਲ ਕੇ—" ਰਾਜ ਗੁਰੂ ਫਿਰ ਬੋਲਿਆ।

—"ਮੈਨੂੰ ਸਿੱਖਾਂ ਦੀ ਨੀਅਤ ਬਦਲੀ ਹੋਈ ਨਜ਼ਰ ਆਉਂਦੀ ਏ ਸਰਕਾਰ।" ਉਸ ਮੁਗਲ ਜਵਾਨ ਨੇ ਫਿਰ ਆਖਿਆ।

—"ਸ਼ਾਇਦ ਸਿਧੀਆਂ ਉਂਗਲਾਂ ਨਾਲ ਘਿਓ ਨਹੀਂ ਨਿਕਲਣ ਲੱਗਾ। ਧੌਂਸੇ ਦਾ ਕੋਨਾ ਕੋਨਾ ਛਾਣ ਲਓ ਤੇ ਉਸ ਭੇੜੀਏ ਨੂੰ ਘਸੀਟ ਕੇ ਮੇਰੇ ਸਾਹਮਣੇ ਲੈ ਆਓ। ਜ਼ੁਲਫਕਾਰ ਤੂੰ ਨਾਲ ਜਾਹ ਤੇ

ਪਠਾਣ ਕਿਤੇ ਹੋਰ ਹੀ ਕੋਈ ਏਸ ਕਹਿਰ ਦਾ ਸ਼ਿਕਾਰ ਨਾ ਬਣ ਜਾਵੇ।" ਇਮਾਨਉਲਾ ਨੇ ਇਕ ਵਾਰ ਨੰਗੀ ਤਲਵਾਰ ਨੂੰ ਮਸ਼ਾਲ ਦੇ ਕੋਲ ਹਿਲਾਇਆ।

ਮੁਗਲ ਸਿਪਾਹੀ ਡੇਰੇ ਵਲ ਵਧੇ ਤੇ ਸਿੱਖਾਂ ਰੋਕ ਲਿਆ ਤੇ ਝਟ ਹੀ ਗੁਰੂ ਗੋਬਿੰਦ ਸਿੰਘ ਬੋਲ ਉਠੇ :—

—"ਇਹ ਜ਼ਿਆਦਤੀ ਏ। ਕਿਸੇ ਦੇ ਘਰ ਆ ਕੇ ਉਹ ਦੀ ਮਰਜ਼ੀ ਤੋਂ ਬਗੈਰ ਉਹ ਦੇ ਘਰ ਦੀ ਤਲਾਸ਼ੀ ਲੈਣ ਲਗ ਪੈਣਾ। ਇਸ ਗੱਲ ਦੀ ਤਹਿ ਵਿਚ ਕੁਝ ਨਹੀਂ। ਐਵੇਂ ਰਾਈ ਦਾ ਪਹਾੜ ਨਾ ਬਣਾਓ। ਇਹ ਅਸੀਂ ਨਹੀਂ ਚਾਹੁੰਦੇ ਕਿ ਸਾਡੇ ਤੇ ਮੁਗਲਾਂ ਦੇ ਦਿਲ ਵਿਚ ਕੋਈ ਗਲਤ ਫਹਿਮੀ ਦੀ ਦੀਵਾਰ ਖੜੀ ਹੋ ਜਾਵੇ। ਮੁੰਡੇ ਨੂੰ ਦਬਕਾ ਦੇਣਾ ਹੀ ਚੰਗਾ ਹੈ।"

—"ਇਹਦੇ ਵਿਚ ਕੋਈ ਜ਼ਰੂਰ ਸਾਜ਼ਸ਼ ਏ, ਜਿਹੜਾ ਸਾਨੂੰ ਤਲਾਸ਼ੀ ਲੈਣ ਤੋਂ ਰੋਕਿਆ ਜਾ ਰਿਹਾ ਹੈ। ਹੋ ਸਕਦਾ ਹੈ ਕਿ ਇਹ ਸਾਡੇ ਖਿਲਾਫ ਕੋਈ ਮੁਹਾਜ਼ ਖੜਾ ਕਰਨਾ ਚਾਹੁੰਦੇ ਹੋਣ। ਸ਼ਾਥੋਂ ਚੋਰੀ ਚੋਰੀ ਮਰਹੱਟਿਆਂ ਦੀ ਸਾਜ਼ਸ਼ ਸ਼ਾਇਦ ਇਨ੍ਹਾਂ ਦੇ ਡੇਰੇ ਵਿਚ ਪਲ ਰਹੀ ਹੋਵੇ। ਇਹ ਵੀ ਹੋ ਸਕਦਾ ਹੈ ਕਿ ਕਾਇਮ ਬਖਸ਼ ਦੇ ਸਾਥੀਆਂ ਨੂੰ ਇਨ੍ਹਾਂ ਨੇ ਪਨਾਹ ਦਿੱਤੀ ਹੋਵੇ ਤੇ ਸਾਡੀਆਂ ਅੱਖਾਂ ਵਿਚ ਘੱਟਾ ਪਾਇਆ ਜਾ ਰਿਹਾ ਹੋਵੇ। ਇਸ ਦੀ ਜਾਂਚ ਪੜਤਾਲ ਸਰਕਾਰ ਨੂੰ ਜ਼ਰੂਰ ਕਰਨੀ ਚਾਹੀਦੀ ਹੈ।" ਉਸ ਮੁਗਲ ਸਰਦਾਰ ਨੇ ਫਿਰ ਆਖਿਆ।

—"ਮੈਂ ਹਾਂ, ਕਦਮੁਲਦੀਨ ਨੂੰ ਉਹਦੀਆਂ ਬੁਰੀਆਂ ਹਰਕਤਾਂ ਦੀ ਸਜ਼ਾ ਦੇਣ ਵਾਲਾ। ਉਹ ਸਜ਼ਾ ਦੇ ਕਾਬਲ ਸੀ। ਇਸ ਲਈ ਉਹਨੂੰ ਸਜ਼ਾ ਦੇਣਾ ਹੀ ਚੰਗਾ ਸਮਝਿਆ ਗਿਆ। ਹੋ ਸਕਦਾ ਏ ਜੇ ਤੁਸੀਂ ਉਸ ਵੇਲੇ ਉਥੇ ਹੁੰਦੇ ਤਾਂ ਤੁਸੀਂ ਵੀ ਉਹੋ ਕਰਦੇ ਜੋ ਮੈਂ ਕੀਤਾ ਏ—" ਰੇਡੀ ਨੇ ਆਖਿਆ, ਜਿਹੜਾ ਰਾਮ ਚੰਦਰ ਦੇ ਕੋਲ ਖੜੋਤਾ ਸੀ।

—"ਸੁਣ ਲਿਆ ਜੇ ਮੁੰਡੇ ਦੇ ਕੋਲੋਂ ਜਵਾਬ। ਕੀ ਇਹਦੀ ਤਹਿ ਪਿਛੇ ਕੋਈ ਸ਼ਹਿ ਨਹੀ?" ਮੁਗਲ ਸਰਦਾਰ ਫੇਰ ਬੋਲਿਆ।

—"ਕੀ ਤੁਸੀਂ ਬਰਦਾਸ਼ਤ ਕਰ ਸਕਦੇ ਹੋ ਕਿ ਤੁਹਾਡੇ ਸਾਹਮਣੇ ਤੁਹਾਡੀਆਂ ਭੈਣਾਂ ਦੀ ਬੇ-ਇੱਜ਼ਤੀ ਕੀਤੀ ਜਾਵੇ ਤੇ ਤੁਸੀਂ ਕੋਲ ਦੀ ਕੰਨ ਲਪੇਟ ਕੇ ਲੰਘ ਜਾਓ।" ਰੇਡੀ ਬੋਲ ਰਿਹਾ ਸੀ।

ਇਮਾਨਉਲਾ ਨੇ ਤਲਵਾਰ ਨੂੰ ਹੱਥ ਵਿਚ ਤੋਲਿਆ ਤੇ ਰੇਡੀ ਤੇ ਵਾਰ ਜਾ ਕੀਤਾ। ਕੋਲ ਰਾਮ ਚੰਦਰ ਖੜਾ ਸੀ। ਉਸ ਝਟ ਹੀ ਆਪਣੀ ਤਲਵਾਰ ਕਢੀ ਤੇ ਇਮਾਨਉਲਾ ਦੀ ਤਲਵਾਰ ਰਾਮ ਚੰਦਰ ਦੀ ਤਲਵਾਰ ਤੇ ਜਾ ਵਜੀ। ਫੇਰ ਕੀ ਸੀ। ਮੁਗਲ ਸਿਪਾਹੀ ਸਿੱਖਾਂ ਤੇ ਟੁਟ ਪਏ। ਭਾਵੇਂ ਸਿੱਖ ਤਿਆਰ ਨਹੀਂ ਸਨ। ਪਰ ਫੇਰ ਵੀ ਉਨ੍ਹਾਂ ਨੇ ਚੰਗੀ ਖੁਬ ਠੱਪੀ। ਬੁੱਢਿਆਂ ਖੁੰਗਣਾਂ ਦੀਆਂ ਤਲਵਾਰਾਂ ਇਕ ਦੂਜੇ ਤੇ ਵਦਾਣ ਵਾਂਗ ਵਜੀਆਂ। ਮੁਗਲ ਸਰਦਾਰ ਨੇ ਵਗਾਹਤਾ ਖੰਜਰ ਮਾਰਿਆ ਤੇ ਰਾਮ ਚੰਦਰ ਦੀ ਹਿੱਕ ਵਿਚ ਜਾ ਵਜਾ। ਉਹਦਾ ਡਿਗਣਾ ਸੀ ਕਿ ਬੰਦੇ ਨੂੰ ਜੋਸ਼ ਆ ਗਿਆ। ਬੰਦਾ

ਸ਼ੇਰ ਵਾਂਗੂੰ ਟੁਟ ਪਿਆ। ਭਾਵੇਂ ਮੁਗਲਾਂ ਕਾਫੀ ਤਲਵਾਰ ਵਾਹੀ ਪਰ ਬੰਦੇ ਨੇ ਸਾਰੇ ਮੁਗਲਾਂ ਦਾ ਨਕ ਵਿਚ ਦਮ ਲਿਆ ਦਿੱਤਾ। ਇਮਾਨਉਲਾ ਚਾਹੁੰਦਾ ਸੀ ਕਿ ਗੁਰੂ ਗੋਬਿੰਦ ਸਿੰਘ ਤੇ ਜਾ ਹੱਥ ਮਾਰੇ। ਪਰ ਗੁਰੂ ਗੋਬਿੰਦ ਸਿੰਘ ਨੇ ਤਲਵਾਰ ਦਾ ਰੁਖ ਤਾੜਦਿਆਂ, ਤਲਵਾਰ ਦਾ ਅਜਿਹਾ ਹੱਥ ਮਾਰਿਆ ਕਿ ਇਮਾਨਉਲਾ ਦੀ ਤਲਵਾਰ ਦੇ ਦੋ ਟੋਟੇ ਹੋ ਗਏ। ਇਮਾਨਉਲਾ ਨੇ ਨਸ ਕੇ ਜਾਨ ਬਚਾਈ। ਮੁਗਲ ਮਸ਼ਾਲਾਂ ਦੇ ਚਾਨਣ ਵਿਚ ਨਸੇ ਜਾ ਰਹੇ ਸਨ।

ਗੁਰੂ ਗੋਬਿੰਦ ਨੇ ਤਲਵਾਰ ਦਾ ਹੱਥ ਕੀ ਮਾਰਿਆ, ਛਾਤੀ ਦੇ ਪੁਰਾਣੇ ਤੋਪੇ ਟੁਟ ਗਏ। ਹਿਕ ਵਿਚੋਂ ਖੂਨ ਸਿਮਣ ਲਗ ਪਿਆ। ਗੁਰੂ ਗੋਬਿੰਦ ਸਿੰਘ ਜੀ ਆਰਾਮ ਕਰ ਰਹੇ ਸਨ। ਬੰਦਾ, ਰਾਜ ਗੁਰੂ, ਰੇਡੀ, ਬਾਜ ਸਿੰਘ, ਰਾਮ ਚੰਦਰ ਸਾਰੇ ਗੁਰੂ ਗੋਬਿੰਦ ਸਿੰਘ ਦੇ ਪਲੰਘ ਦੇ ਚੁਗਿਰਦ ਬੈਠੇ ਹੋਏ ਸਨ। ਮਸ਼ਾਲ ਜਲ ਰਹੀ ਸੀ ਤੇ ਰਾਤ ਦਾ ਹੱਥ ਦਿਨ ਦੀ ਮੰਜ਼ਲ ਵਲ ਵਧਿਆ ਜਾ ਰਿਹਾ ਸੀ—ਸਾਰੇ ਡੇਰੇ ਵਿਚ ਚੁਪ ਚਾਪ ਵਰਤੀ ਹੋਈ ਸੀ।

ਅੱਧ ਖਿੜੀ ਕਲੀ

—"ਰੇਡੀ ਖੜਾ ਬਹਾਦਰ ਏ, ਵੀਰ ਏ, ਇਰਾਦੇ ਦਾ ਬੜਾ ਦ੍ਰਿੜ ਜਾਪਦਾ ਏ। ਭਾਰਤ ਨੂੰ ਅਜਿਹੇ ਵੀਰਾਂ ਦੀ ਲੋੜ ਏ। ਮੁਗਲ ਸੈਨਾਂ ਦੀ ਧਾਕ ਨੂੰ ਜਨਤਾ ਐਵੇਂ ਨਹੀਂ ਮੰਨਦੀ। ਮੁਗਲਾਂ ਨੂੰ ਜਿਤਣਾ ਉਸੇ ਬਹਾਦਰ ਸਿਪਾਹੀ ਦਾ ਕੰਮ ਹੈ। ਬਹਾਦਰ ਨੂੰ ਦੁਨੀਆਂ ਜੀਵਨ ਦਾ ਹਕ ਹੈ ਕਮਚੋਰਾਂ ਦੀ ਤਾਂ ਮਿੱਟੀ ਪਲੀਤ ਹੈ। ਮੈਂ ਵੀ ਬਹਾਦਰ ਬਣਾਂਗੀ। ਬਹਾਦਰਾਂ ਦੀ ਸੰਗਤ ਬੁਜ਼ਦਿਲਾਂ ਨੂੰ ਵੀ ਬਹਾਦਰ ਬਣਾ ਦੇਂਦੀ ਹੈ।" ਈਰਾਵਤੀ ਆਪਣੇ ਮਨ ਵਿਚ ਸੋਚ ਰਹੀ ਸੀ ਕੋਲ ਫੁੱਲ ਤੇ ਇਕ ਭੌਰ ਘੁੰਮ ਰਿਹਾ ਸੀ। ਭੌਰ ਦੀ ਘੂਕਰ ਗੂੰਜ ਰਹੀ ਸੀ। ਭੌਰ ਈਰਾਵਤੀ ਦੇ ਚੁਗਿਰਦੇ ਫਿਰਨ ਲਗ ਪਿਆ। ਕਦੀ ਉਹ ਫੁੱਲ ਤੇ ਬਹਿ ਜਾਂਦਾ ਤੇ ਕਦੀ ਉਹ ਫਿਰ ਗੇੜੇ ਮਾਰਨ ਲਗ ਜਾਂਦਾ। ਈਰਾਵਤੀ ਫੁੱਲ ਤੋੜ ਰਹੀ ਸੀ। ਮੋਤੀਏ ਦੀਆਂ ਨਿਕੀਆਂ ਕਲੀਆਂ ਕਈ ਖਿੜ ਚੁਕੀਆਂ ਸਨ ਤੇ ਕਈ ਅਧਖਿੜੀਆਂ ਸਨ। "ਇਹ ਭੌਰ ਤੇ ਮੇਰੇ ਖਹਿੜੇ ਪੈ ਗਿਆ ਏ ਕਿਤੇ ਜਾਣ ਦਾ ਨਾਂ ਹੀ ਨਹੀਂ ਲੈਂਦਾ। ਮੈਂ ਇਸ ਕਲੀ ਨੂੰ ਵੀ ਕਿਉਂ ਨਾ ਤੋੜ ਲਵਾਂ। "ਨਾ ਰਹੇ ਬਾਂਸ ਤੇ ਨਾ ਵਜੇ ਬੰਸਰੀ" ਈਰਾਵਤੀ ਬੋਲੀ।

"ਨਾ, ਨਾ ਇਹ ਕੰਮ ਬਿਲਕੁਲ ਨਾ ਕਰੀਂ। ਕਿਸੇ ਦਾ ਦਿਲ ਨਹੀਂ ਤੋੜੀਦਾ ਭੌਰਾ ਇਸੇ ਕਲੀ ਤੇ ਹੀ ਘੁੰਮਦਾ ਹੈ। ਵੇਖ ਇਹਦੀ ਘੂਕਰ ਵਿਚ ਕਿੰਨਾ ਆਨੰਦ ਹੈ। ਤੇਰੇ ਅੱਗੇ ਹੋਰ ਥੋੜ੍ਹੀਆਂ ਕਲੀਆਂ ਹਨ, ਜਿਸ ਨੂੰ ਮਰਜ਼ੀ ਤੋੜ ਲੈ। ਰਹਿਣ ਦੇ ਇਸ ਨੂੰ ਨਾ ਤੋੜੀਂ।" ਰੇਡੀ ਨੇ ਕੋਲੋਂ ਆਖਿਆ। "ਪਰ. ਇਹ ਤਾਂ ਮੇਰੇ ਮੂੰਹ ਦੇ ਆਲੇ ,ਦੁਆਲੇ ਗੇੜੇ ਮਾਰਨ ਲਗ ਪੈਂਦਾ ਹੈ ! ਕਲੀ ਸ਼ਹਿਦ ਨੂੰ ਜਨਮ ਦੇਂਦੀ ਏ ਤੇ ਭੌਰਾ ਸ਼ਹਿਦ ਦਾ ਲੋਭੀ ਏ। ਮੈਨੂੰ ਕਲੀਆਂ ਦੀ ਲੋੜ ਏ, ਰੇਡੀ, ਇਹ ਤੇ ਹਟਦਾ ਹੀ ਨਹੀਂ।" ਈਰਾਵਤੀ ਫਿਰ ਬੋਲੀ। "ਮਨ ਦੀ ਮੌਜ ਸੂ ਲੁਟਣ ਦੇ ਬੁਲੇ" ਰੇਡੀ ਬੋਲਿਆ।

ਭੌਰਾ ਫੁੱਲ ਛਡ ਕੇ ਫਿਰ ਉਡਿਆ ਤੇ ਈਰਾਵਤੀ ਦੇ ਗਿਰਦ ਗੇੜੇ ਮਾਰਨੇ ਸ਼ੁਰੂ ਕਰ ਦਿੱਤੇ। ਈਰਾਵਤੀ ਅਕ ਚੁਕੀ ਸੀ ਤੇ ਉਸ ਕਲੀ ਨੂੰ ਤੋੜਨਾ ਉਚਿਤ ਸਮਝਿਆ ਉਸ ਤੋੜਨ ਲਈ ਹੱਥ ਅੱਗੇ ਕੀਤਾ ਤਾਂ ਭੌਰਾ ਉਹਦੇ ਦੁਆਲੇ ਹੋ ਗਿਆ। ਭੌਰਾ ਗੇੜੇ ਮਾਰ ਰਿਹਾ ਸੀ ਤੇ ਈਰਾਵਤੀ ਹਟਾ ਰਹੀ

ਸੀ। ਜਦ ਅਕ ਗਈ ਤਾਂ ਘਬਰਾ ਉਠੀ ਪਰ ਭੌਰਾ ਉਸ ਦੇ ਬੁੱਲ੍ਹ ਤੇ ਜਾ ਬੈਠਾ। ਈਰਾਵਤੀ ਨੇ ਹੱਥ ਮਾਰਿਆ ਪਰ ਉਹ ਲੱਥਾ ਨਾ। ਉਸ ਨੇ ਗੁੱਸੇ ਵਿਚ ਹੱਥ ਮਾਰਿਆ। ਹੁਣ ਭੌਰਾ ਧਰਤੀ ਦੀ ਹਿੱਕ ਤੇ ਤੜਫ ਰਿਹਾ ਸੀ। ਰੇਡੀ ਮਿੱਠੀ ਮੁਸਕਾਨ ਵਿਚ ਬੁਲ੍ਹਾਂ ਵਿਚ ਹੱਸਿਆ।

"ਇਹ ਤੇ ਮੇਰੇ ਮੂੰਹ ਤੇ ਹੀ ਆਣ ਬੈਠਾ ਏ। ਬੜਾ ਸ਼ਰਾਰਤੀ ਏ" ਈਰਾਵਤੀ ਬੋਲੀ।

—"ਐਵੇਂ ਬੇਜ਼ਬਾਨ ਨੂੰ ਤੜਫਾ ਸੁਟਿਆ ਈ"— ਰੇਡੀ ਬੋਲਿਆ।

—"ਪਰ ਇਸ ਤੇ ਮੇਰੇ ਬੁਲ੍ਹ ਵਢ ਖਾਧੇ ਨੇ" ਈਰਾਵਤੀ ਆਖ ਰਹੀ ਸੀ।

—"ਫੁੱਲ ਦਾ ਭੁਲੇਖਾ ਲਗ ਗਿਆ ਸੂ" ਰੇਡੀ ਨੇ ਬੁਲ੍ਹਾਂ ਵਿਚ ਹਸਦਿਆਂ ਉੱਤਰ ਦਿੱਤਾ।

ਈਰਾਵਤੀ ਸ਼ਰਮਾ ਗਈ ਤੇ ਉਹ ਦੂਜੇ ਪਾਸੇ ਮੂੰਹ ਕਰ ਕੇ ਮਿੱਠੇ ਜਿਹੇ ਹਾਸੇ ਵਿਚ ਹਸੀ। ਦੋਵਾਂ ਵਿਚ ਸ਼ਾਇਦ ਮੁਹੱਬਤ ਜਾਗ ਰਹੀ ਸੀ। ਕਲੀਆਂ ਤੋੜੀਆਂ ਜਾ ਰਹੀਆਂ ਸਨ।

—"ਮੇਰੇ ਹਾਰ ਜੋਗੀਆਂ ਤਾਂ ਕਲੀਆਂ ਹੋ ਗਈਆਂ ਹਨ। ਮੈਂ ਜਾਂਦਾ ਹਾਂ।"

ਆਸ਼ਰਮ ਵਿਚ ਸਾਰੇ ਲੋਕ ਆਪਣੇ ਆਪਣੇ ਕੰਮ ਵਿਚ ਰੁਝੇ ਹੋਏ ਸਨ। ਨਾਂਦੇੜ ਦੇ ਸਾਰੇ ਲੋਕ ਆਸ਼ਰਮ ਕੋਲ ਰਾਮ-ਰਾਮ ਕਰਦੇ ਲੰਘ ਰਹੇ ਸਨ। ਗਦਾਵਰੀ ਵਿਚ ਇਸ਼ਨਾਨ ਕਰਨ ਕਈ ਜਾ ਰਹੇ ਸਨ ਤੇ ਕਈ ਵਾਪਸ ਆ ਰਹੇ ਸਨ। ਅਜੇ ਪਹੁ ਨਹੀਂ ਸੀ ਫੁੱਟੀ। ਮਾੜਾ ਜਿਹਾ ਮੂੰਹ ਝਾਖਰਾ ਹੋਇਆ ਸੀ।

—"ਮੈਂ ਵੀ ਚਲਦੀ ਹਾਂ, ਮੈਂ ਵੀ ਥੋੜ੍ਹੀਆਂ ਕਲੀਆਂ ਤੋੜਨੀਆਂ ਹਨ, ਇਕਠੇ ਚਲਦੇ ਹਾਂ।" ਈਰਾਵਤੀ ਬੋਲੀ।

—"ਕਿੰਨੀਆਂ ਕੁ ਕਲੀਆਂ ਹੋਰ ਤੋੜਨੀਆਂ ਨੀਂ ?"

—"ਇਕ ਲਪ !"

—"ਦੇਵਤੇ ਨੂੰ ਏਨੇ ਫੁੱਲਾਂ ਦੀ ਲੋੜ ਏ। ਸ਼ਰਧਾ ਦੇ ਤਾਂ ਇਕ ਦੋ ਫੁੱਲ ਹੀ ਬੜੇ ਹੁੰਦੇ ਨੇ।"

—"ਅੱਜ ਮੈਂ ਪਿਤਾ ਜੀ ਜੋਗੇ ਵੀ ਫੁੱਲ ਤੋੜ ਕੇ ਖੜਨੇ ਹਨ। ਜ਼ਖਮ ਅਜੇ ਭਰਿਆ ਨਹੀਂ। ਪਟੀ ਖੋਲਣ ਤੇ ਪਤਾ ਲਗੇਗਾ। ਬੜਾ ਜ਼ਹਿਰੀ ਪੁਠ ਵਾਲਾ ਖੰਜਰ ਸੀ।"

—"ਜਿਦ੍ਹਾ ਨਾਂ ਹੀ ਖੰਜਰ ਏ, ਜ਼ਹਿਰੀ ਤੇ ਮਠੀ ਪੁਠ ਦਾ ਕੀ ਸਵਾਲ !"

ਹਰਨ ਲਾਗੇ ਆਣ ਕੇ ਖੜਾ ਹੋ ਜਾਂਦਾ ਹੈ ਤੇ ਮੂੰਹ ਮਾਰਨ ਲਗ ਪੈਂਦਾ ਏ।

—"ਤੂੰ ਆ ਗਿਆ ਏਂ ! ਬੜਾ ਚਲਾਕ ਏਂ। ਤੇਰਾ ਕੰਨ ਰਸ ਨਹੀਂ ਜਾਂਦਾ" ਰੇਡੀ ਬੋਲਿਆ ! "ਕੀ ਇਹਦਾ ਨਾਂ ਗਗਨ ਏ ? ਇਹਨੂੰ ਤਾਂ ਸਾਰੇ ਕੋਦੋ ਲੰਙਾ ਆਖਦੇ ਹਨ। ਇਹਦੇ ਨਾਂ ਵਾਲੀ ਤਾਂ ਉਹ ਗੱਲ ਹੋਈ। ਅੱਖੀਂ ਦਿਸੇ ਨਾ ਤੇ ਨਾਂ ਚਰਾਗੋ। ਸਿਰੋਂ ਗੰਜੀ ਤੇ ਕੰਘੀਆਂ ਦਾ ਜੋੜਾ। ਪੈਰੋਂ ਲੰਙਾ ਤੇ ਨਾਂ ਗਗਨ...ਪਰ ਤੇਤਰਾ ਮੇਤਰਾ ਖੂਬ ਏ !"

—"ਹੀਰੇ ਦੀ ਕਦਰ ਜੌਹਰੀ ਜਾਣੇਂ ਜਾਂ ਬਾਦਸ਼ਾਹ। ਮੈਂ ਸ਼ਿਕਾਰੀ ਹਾਂ। ਮੈਂ ਮਾਰਨਾ ਵੀ ਜਾਣਦਾ ਹਾਂ ਤੇ ਪਿਆਰ ਕਰਨਾ ਵੀ। ਇਹਦਾ ਨਾਂ ਮੈਂ ਉਸ ਦਿਨ ਗਗਨ ਰਖ ਦਿੱਤਾ ਹੈ, ਜਦੋਂ ਇਹਨੂੰ ਮੈਂ ਲੰਗਾ ਕਰਕੇ ਫੜਿਆ ਸੀ। ਉਸ ਦਿਨ ਇਸ ਮੇਰਾ ਇਕ ਤੀਰ ਨਾ ਖਾਧਾ। ਇਹਦਾ ਪਿੰਡਾ ਏਨਾ ਮੁਲਾਇਮ ਏ ਕਿ ਮੇਰਾ ਤੀਰ ਇਹਦੇ ਪਿੰਡੇ ਤੋਂ ਤਿਲਕ ਜਾਂਦਾ ਰਿਹਾ ਮੇਰੇ ਤੀਰ ਨੇ ਇਹਦੇ ਪੈਰ ਦੀ ਤੇਜ਼ੀ ਖੋਹ ਲਈ ਕੈਦ ਨੇ ਇਹਦੀਆਂ ਚੌਕੜੀਆਂ ਦਾ ਲਕ ਤੋੜ ਦਿੱਤਾ" ਰੇਡੀ ਬੋਲ ਰਿਹਾ ਸੀ।

"ਪਰ ਇਹ ਕੈਦ ਨਹੀਂ, ਖੁਲ੍ਹਾ ਆਸ਼ਰਮ ਵਿਚ ਫਿਰਦਾ ਏ" ਈਰਾਵਤੀ ਬੋਲੀ।

—"ਇਹਨੂੰ ਬੰਦੀਵਾਨ ਵਾਲਾ ਰਸਾ ਨਹੀਂ ਪਿਆ ਪਰ ਪ੍ਰੇਮ ਦੇ ਬੰਧਨ ਪਾ ਦਿੱਤੇ ਹਨ। ਇਹ ਬੰਧਨ ਵੇਖਣ ਵਾਲਿਆਂ ਨੂੰ ਨਹੀਂ ਜਾਪਦੇ। ਰੇਸ਼ਮ ਦੀਆਂ ਰੀਂਢਾਂ ਨਾਲੋਂ ਪ੍ਰੇਮ ਦੇ ਸੰਗਲ ਪੱਕੇ ਹੁੰਦੇ ਹਨ ਇਨ੍ਹਾਂ ਦਾ ਉਮਡਦੇ ਦਿਲ ਦੀ ਤਾਰ ਨਾਲ ਸਬੰਧ ਹੁੰਦਾ ਏ ਇਸ ਲਈ ਇਹਦੀ ਕੋਈ ਗੰਢ ਢਿਲੀ ਪੈ ਜਾਵੇ ਤਾਂ ਦਿਲ ਦੀ ਖਿਚ ਇਹਨੂੰ ਭਰ ਦੇਂਦੀ ਏ।" ਰੇਡੀ ਬੋਲ ਰਿਹਾ ਸੀ।

—"ਤਾਂ ਜੋ ਹਰਨ ਇਸੇ ਲਈ ਖੁਲ੍ਹੇ ਛੱਡੇ ਹਨ ਪਰ ਇਹ ਦਿਲ ਦੀ ਆਵਾਜ਼ ਪਛਾਣ 'ਕਵੇਂ' ਲੈਂਦੇ ਹਨ?"

—"ਏਸ ਬੋਲੀ ਨੂੰ ਸਾਰੇ ਜਾਣਦੇ ਹਨ? ਕੀ ਇਹ ਬੋਲੀ ਸਿਖਣੀ ਪੈਂਦੀ ਏ?"

—"ਨਹੀਂ ਆਪੇ ਆ ਜਾਂਦੀ ਏ।"

ਕਲੀਆਂ ਦਾ ਤਰੇਲ ਨੇ ਮੂੰਹ ਧੋਤਾ ਹੋਇਆ ਸੀ ਤੇ ਉਹ ਬਲੌਰ ਵਾਂਗੂ ਚਿਟੀਆਂ ਦੁੱਧ ਸਨ। ਸ਼ਾਇਦ ਰਾਤ ਰਾਣੀ ਇਨ੍ਹਾਂ ਦਾ ਪਿਆਰ ਵਿਚ ਆ ਕੇ ਮੂੰਹ ਚੁੰਮਦੀ ਰਹੀ ਏ ਤੇ ਉਹ ਦੇ ਨਿਸ਼ਾਨ ਹੁਣ ਤਕ ਕਲੀਆਂ ਦੇ ਬੁਲ੍ਹਾਂ ਤੇ ਤਰੇਲ ਦੇ ਮੋਤੀਆਂ ਵਾਂਗ ਚਮਕ ਰਹੇ ਸਨ। ਕਈ ਕਲੀਆਂ ਅਜੇ ਤਕ ਬੰਦ ਸਨ ਪਰ ਕਈਆਂ ਨੇ ਘੁੰਡ ਚੁਕ ਲਏ ਸਨ ਤੇ ਉਹ ਝਾਤੀਆਂ ਮਾਰ ਰਹੀਆਂ ਸਨ ਤਰੇਲ ਦੇ ਸ਼ੀਸ਼ੇ ਵਿਚੋਂ—ਤੇ ਈਰਾਵਤੀ ਆਖ ਰਹੀ—"ਤੇਤਰੇ ਮੇਤਰੇ ਹਰਨ ਇੰਜ ਜਾਪਦੇ ਹਨ, ਜਿਵੇਂ ਤਾਰਿਆਂ ਦੀ ਮਹਿਫਲ ਲਗੀ ਹੋਈ ਹੋਵੇ।-ਕਾਲੇ ਰੰਗ ਤੇ ਚਿੱਟੇ ਦਾਗ ਨਗਾਂ ਨਾਲੋਂ ਘੱਟ ਨਹੀਂ।"

—"ਇਹ ਕਾਲੀਆਂ ਮਧ ਭਰੀਆਂ ਅੱਖਾਂ ਕਿੰਨੀਆਂ ਪਿਆਰੀਆਂ ਤੇ ਸੁੰਦਰ ਹਨ। ਮੈਨੂੰ ਏਸ ਹਰਨ ਦੀਆਂ ਅੱਖਾਂ ਨਾਲ ਬਹੁਤ ਪਿਆਰ ਹੋ ਗਿਆ ਹੈ।"

ਸੂਰਜ ਦੀ ਲਾਲੀ ਨੇ ਅਕਾਸ਼ ਤੇ ਇਸ ਤਰ੍ਹਾਂ ਲੀਕ ਪਾ ਦਿੱਤੀ, ਜਿਸ ਤਰ੍ਹਾਂ ਕਿਸੇ ਮੁਟਿਆਰ ਨੇ ਕਿਰਨ ਦੀ ਚੁੰਨੀ ਗਲ ਵਿਚ ਪਾਈ ਹੋਈ ਹੋਵੇ, ਗੁਦਾਵਰੀ ਦੀਆਂ ਲਹਿਰਾਂ ਕਦੀ ਉਛਲ ਪੈਂਦੀਆਂ ਜਿਸ ਤਰ੍ਹਾਂ ਕਿਸੇ ਮੁਟਿਆਰ ਨੇ ਘੁੰਡ ਕਢਿਆ ਹੋਵੇ, ਕਦੀ ਲੱਥ ਜਾਂਦੀਆਂ ਲੱਥੇ ਘੁੰਡ ਵਾਂਗ। ਉਹ ਅੱਡੀਆਂ ਚੁਕ ਚੁਕ ਝਾਤੀਆਂ ਮਾਰ ਰਹੀਆਂ ਸਨ, ਆਉਣ ਜਾਣ ਵਾਲਿਆਂ ਨੂੰ ਵੇਖਣ ਲਈ।—ਦੋਵੇਂ ਕਲੀਆਂ ਚੁਣ ਰਹੇ ਸਨ—ਸੂਰਜ ਚੜ੍ਹ ਪਿਆ ਤੇ ਉਹਦੀਆਂ ਕਿਰਨਾਂ ਸਾਰੇ ਆਸ਼ਰਮ ਨਾਲ ਅੱਖ ਮਚੋਲੀ ਖੇਡਣ ਲਗ ਪਈਆਂ।

—"ਚਲੋ ਚਲੀਏ ਮੈਂ ਤੇ ਕਲੀਆਂ ਤੋੜ ਲਈਆਂ ਹਨ"—ਈਰਾਵਤੀ ਬੋਲੀ।

—"ਚਲਦੇ ਹਾਂ, ਜ਼ਰਾ ਕੁ ਠਹਿਰ। ਹਰਨ ਦੇ ਪੈਰ ਵਿਚ ਲਹੂ ਏ। ਗਗਨ!" ਰੋੜੀ ਹਰਨ ਨੂੰ ਬੁਲਾ ਰਿਹਾ ਸੀ।

ਆਵਾਜ਼ ਤੇ ਲਗਾ ਹਰਨ ਲੰਡੇ ਵਾਹ ਹੀ ਨੱਸ ਪਿਆ ਤੇ ਰੋੜੀ ਕੋਲ ਆ ਕੇ ਮੂੰਹ ਉਚਾ ਕਰਕੇ ਖੜ੍ਹ ਗਿਆ। ਰੋੜੀ ਬਹਿ ਗਿਆ ਤੇ ਉਸ ਉਹਦੇ ਪੈਰ ਨੂੰ ਵੇਖਣ ਲਈ ਹੱਥ ਅਗੇ ਕੀਤਾ ਤੇ ਹਰਨ ਨੇ ਪੈਰ ਅਗੇ ਕਰ ਦਿੱਤਾ। ਜ਼ਖਮ ਵਿਚੋਂ ਲਹੂ ਸਿਮ ਰਿਹਾ ਸੀ।

—"ਬੜਾ ਸ਼ਰਾਰਤੀ ਏ, ਨਿਚੱਲਾ ਹੋ ਕੇ ਬਹਿਣਾ ਤਾਂ ਇਹਨੇ ਕਦੇ ਸਿਖਿਆ ਹੀ ਨਹੀਂ। ਇਹਦਾ ਦਿਲ ਤੇ ਥਾਂ ਥਾਂ ਨਚਦਾ ਹੈ। ਜ਼ਖਮ ਤੇ ਕਿਸ ਤਰ੍ਹਾਂ ਅੰਗੂਰ ਆਵੇ।"

ਰੋੜੀ ਨੇ ਹੱਥ ਨਾਲ ਉਹਦਾ ਜ਼ਖਮ ਸਾਫ ਕੀਤਾ ਤੇ ਨਿਮ ਦੇ ਰੁਖ ਤੋਂ ਪੱਤੇ ਲਾਹ ਕੇ ਉਤੇ ਬੰਨ੍ਹੇ। ਪਰ ਕੋਈ ਕਪੜਾ ਨਜ਼ਰ ਨਾ ਆਇਆ। ਚਾਰ ਚੁਫੇਰੇ ਨਜ਼ਰ ਮਾਰੀ। ਈਰਾਵਤੀ ਨੇ ਝਟ ਹੀ ਚੁੰਨੀ ਪਾੜੀ ਤੇ ਰੋੜੀ ਵਲ ਅੱਗੇ ਕਰਕੇ ਆਖਿਆ :—

—"ਪੱਟੀ ਕਸ ਕੇ ਬੰਨ੍ਹ ਦੇਣੀ। ਨਿਮ ਦੇ ਪੱਤੇ ਇਹਦਾ ਜ਼ਖਮ ਭਰ ਦੇਣਗੇ ਤੇ ਫੇਰ ਭਾਵੇਂ ਗਗਨ ਬਣ ਜਾਵੇ। ਸਾਧੂਆਂ ਦਾ ਹਰਨਾਂ ਨਾਲ ਪਿਆਰ ਜ਼ਿਆਦਾ ਹੁੰਦਾ ਹੈ ਬੜਾ ਪਿਆਰਾ ਹਰਨ ਏ"—ਈਰਾਵਤੀ ਬੋਲੀ।

—"ਚੁੰਨੀ ਦੀ ਲੀਰ ਪਾੜ ਕੇ ਤੂੰ ਵੀ ਹਰਨ ਨੂੰ ਮੋਹਤ ਕਰਨ ਦਾ ਜਾਲ ਵਿਛਾ ਰਹੀ ਏਂ। ਹਰਨ ਦੇ ਦਿਲ ਦੇ ਟੋਟੇ ਕਰਨਾ ਚਾਹੁੰਦੀ ਏਂ। ਦਿਲ ਵਿਚ ਇਕ ਦੀ ਮੁਹੱਬਤ ਦਾ ਪ੍ਰਕਾਸ਼ ਹੁੰਦਾ ਏ, ਦੋਵਾਂ ਦਾ ਨਹੀਂ। ਜੇ ਹਰਨ ਤੇਰੇ ਹੱਥਾਂ ਤੇ ਪੈ ਗਿਆ ਤਾਂ ਇਸ ਸਾਡੇ ਨੇੜੇ ਹੀ ਨਹੀਂ ਆਉਣਾ। ਬੇਜ਼ਬਾਨ ਪਿਆਰ ਦੇ ਭੁੱਖੇ ਹਨ, ਜਾਹ ਓ ਬੇਲੀਆ! ਬੁਲ੍ਹੇ ਲੁਟ। ਪੰਛੀ ਤੇ ਪ੍ਰਦੇਸੀ ਨਾਲ ਯਰਾਨਾ"—ਰੋੜੀ ਬੋਲਿਆ।

ਦੋਵੇਂ ਹੱਸ ਪਏ। ਈਰਾਵਤੀ ਆਪਣੇ ਤੰਬੂ ਵਲ ਚਲੀ ਗਈ ਤੇ ਰੋੜੀ ਆਪਣੀ ਛੰਨ ਵਲ। ਰੋੜੀ ਸੰਧਿਆ ਕਰਨ ਵਿਚ ਰੁਝ ਗਿਆ ਤੇ ਈਰਾਵਤੀ ਆਰਤੀ ਦਾ ਸਾਮਾਨ ਕਰਨ ਵਿਚ। ਰੋੜੀ ਨੇ ਸੰਧਿਆ ਵਿਚ ਕਾਫੀ ਕੋਸ਼ਿਸ਼ ਕੀਤੀ ਕਿ ਉਹਦੀ ਤਾੜੀ ਲਗ ਜਾਵੇ ਪਰ ਉਹਦੀ ਤਾੜੀ ਨਾ ਲਗ ਸਕੀ। ਉਹ ਅਧੀ ਕੁ ਸੰਧਿਆ ਕਰਕੇ ਉਠਣਾ ਚਾਹੁੰਦਾ ਸੀ ਕਿ ਈਰਾਵਤੀ ਆਰਤੀ ਦਾ ਥਾਲ ਲਈ ਆ ਗਈ। ਉਹਦੀ ਅੱਖਾਂ ਨੇ ਰੋੜੀ ਨੂੰ ਬੇਚੈਨ ਵੇਖਿਆ। ਈਰਾਵਤੀ ਬੋਲੀ।

—"ਕੀ ਸੰਧਿਆ ਹੋ ਗਈ ਏ? ਅੱਜ ਤੇ ਬੜੀ ਜਲਦੀ ਭੋਗ ਪਿਆ ਏ।"

—"ਸੰਧਿਆ ਵਿਚ ਜੀਅ ਹੀ ਨਹੀਂ ਲਗਦਾ। ਮਨ ਬੇਚੈਨ ਹੋ ਗਿਆ ਏ। ਉਖੜੇ ਉਖੜੇ ਖਿਆਲ ਮਨ ਨੂੰ ਟਿਕਾਣੇ ਹੀ ਨਹੀਂ ਰਹਿਣ ਦੇਂਦੇ ਖਬਰੇ ਮੈਨੂੰ ਦਿਨੋਂ ਦਿਨ ਕੀ ਹੁੰਦਾ ਜਾ ਰਿਹਾ ਹੈ। ਚਲੀ ਏਂ। ਜ਼ਰਾ ਕੁ ਠਹਿਰ ਜਾ, ਮੈਂ ਵੀ ਮੰਦਰ ਚਲਦਾ ਹਾਂ"—ਰੋੜੀ ਬੋਲਿਆ।

ਈਰਾਵਤੀ ਬੈਠ ਗਈ ਤੇ ਉਸ ਸਮਾਧੀ ਦਾ ਮੰਤਰ ਪੜ੍ਹਿਆ ਤੇ ਤਾੜੀ ਲਾ ਲਈ। ਹੁਣ ਰੇਡੀ ਤਾੜੀ ਵਿਚ ਮਗਨ ਸੀ ਤੇ ਈਰਾਵਤੀ ਬੈਠੀ ਅੱਕ ਗਈ। ਉਸ ਤਾੜੀ ਵਿਚ ਬੋਲਣਾ ਚੰਗਾ ਨਾ ਸਮਝਿਆ ਤੇ ਮੰਦਰ ਕੱਲੀ ਟੁਰ ਪਈ। ਅਜੇ ਈਰਾਵਤੀ ਨੇ ਆਸ਼ਰਮ ਤੋਂ ਬਾਹਰ ਹੀ ਪੈਰ ਪਾਇਆ ਸੀ ਕਿ ਰੇਡੀ ਦੀ ਤਾੜੀ ਖੁਲ੍ਹ ਗਈ। ਉਸ ਸੰਧਿਆ ਦਾ ਜਲਦੀ ਜਲਦੀ ਆਖ਼ਰੀ ਮੰਤਰ ਪੜ੍ਹਿਆ ਤੇ ਉਠ ਬੈਠਾ। ਰੇਡੀ ਜਾ ਰਿਹਾ ਸੀ ਆਪਣੇ ਦੇਵਤਾ ਵਲ। ਈਰਾਵਤੀ ਗੁਦਾਵਰੀ ਦੇ ਕੰਢੇ ਪੂਜਾ ਕਰਨ ਜਾ ਰਹੀ ਸੀ ਤੇ ਰੇਡੀ ਵੀ ਉਹਦੇ ਮਗਰ ਮਗਰ ਜਾ ਰਿਹਾ ਸੀ। ਸ਼ਾਇਦ ਰੇਡੀ ਵੀ ਪੂਜਾ ਦੇ ਦੋ ਚਾਰ ਫੁੱਲ ਚੜ੍ਹਾਣੇ ਚਾਹੁੰਦਾ ਸੀ ਮੰਦਰ ਦੇ ਦੇਵਤੇ ਨੂੰ। ਖੁਰਾ ਨਪਦਾ ਰੇਡੀ ਈਰਾਵਤੀ ਦੇ ਨਾਲ ਜਾ ਮਿਲਿਆ। ਹੱਥ ਇਕ ਇਕੋਤਰੀ ਮਾਲਾ ਸੀ ਤੇ ਬੁਲ੍ਹਾਂ ਤੇ "ਜੈ ਸ਼ੰਭੂ—ਜੈ ਸ਼ੰਕਰ ਤੇ ਜੈ ਭੋਲੇ" ਦੀ ਮੁਹਾਰਨੀ ਰਟੀ ਜਾ ਰਿਹਾ ਸੀ। ਈਰਾਵਤੀ ਗੁਦਾਵਰੀ ਵਲ ਪੈਰ ਚੁਕੀ ਜਾ ਰਹੀ ਸੀ।

ਰੇਡੀ—ਸੁਬਾਹ ਦਾ ਕਿੰਨਾ ਸੁਹਣਾ ਵੇਲਾ ਏ।

ਈਰਾਵਤੀ—ਸੋਨ ਸਵੇਰਾ ਹਮੇਸ਼ਾਂ ਹੀ ਦਿਲ ਖਿਚਵਾਂ ਹੁੰਦਾ ਹੈ।

ਰੇਡੀ—ਚੜ੍ਹਦੇ ਸੂਰਜ ਨੂੰ ਦੇਵਤੇ ਤੇ ਰੁਖ ਵੀ ਝੁਕ ਕੇ ਪ੍ਰਣਾਮ ਕਰਦੇ ਹਨ। ਹਵਾ ਅਠ-ਖੇਲੀਆਂ ਕਰਦੀ ਜਾ ਰਹੀ ਹੈ। ਪੀਆ ਮਿਲਣ ਦਾ ਚਾਅ ਸੂ।

ਈਰਾਵਤੀ—ਮੰਦਰ ਵਿਚ ਆਰਤੀ ਹੋ ਰਹੀ ਹੈ ਤੇ ਹਵਾ ਤਾੜੀਆਂ ਵਜਾ ਰਹੀ ਹੈ।

ਰੇਡੀ—ਅਸਮਾਨ ਦੀ ਬਦਲੀ ਦੀ ਸੰਧੂਰ ਨਾਲ ਮਾਂਗ ਭਰੀ ਜਾ ਰਹੀ ਹੈ। ਇਹ ਅਨਾਭੀ ਚਿੱਟੀ ਓੜ੍ਹਨੀ ਓੜ੍ਹ ਲਈ ਸੂ।

ਈਰਾਵਤੀ—ਸੁਰਮਈ ਰੰਗ ਤੇ ਉਨਾਬੀ ਚੁੰਨੀ ਕਿੰਨੀ ਫਬਦੀ ਏ। ਰੰਗ ਵੀ ਡੁਲ੍ਹ ਡੁਲ੍ਹ ਪੈਂਦਾ ਸੂ।

ਰੇਡੀ—ਰਾਤ ਰਾਣੀ ਦੇ ਫੁੱਲਾਂ ਦੀ ਅਜੇ ਤਕ ਮਹਿਕ ਆ ਰਹੀ ਏ। ਸੁਖਚੈਨ ਦੇ ਫੁੱਲ ਘੁੰਡ ਚੁਕ ਰਹੇ ਹਨ। ਖਿੜੀ ਧਰੇਕ ਤੇ ਫੁੱਲ ਕਹੇ ਸੋਹਣੇ ਲਗਦੇ ਹਨ ਔਹ ਵੇਖ! ਕੰਵਲ ਦੀਆਂ ਡੋਡੀਆਂ ਮੁਖ ਖੋਲ੍ਹ ਰਹੀਆਂ ਹਨ।

ਈਰਾਵਤੀ—ਗੁਦਾਵਰੀਉਂ ਪਾਰ ਹਰੀਆਂ ਭਰੀਆਂ ਖੇਤੀਆਂ ਹਵਾ ਨਾਲ ਕਿਕਲੀ ਪਾ ਰਹੀਆਂ ਨੇ। ਸਰ੍ਹੋਂ ਫੁੱਲੀਂ ਪੈ ਰਹੀ ਏ।

ਰੇਡੀ—ਬਸੰਤ ਆਉਣ ਦੀ ਨਿਸ਼ਾਨੀ ਏ।

ਈਰਾਵਤੀ—ਬਹਾਰ ਫੁੱਲਾਂ ਦਾ ਮੂੰਹ ਚੁੰਮੇਗੀ। ਨਵੀਆਂ ਕਰੂੰਬਲਾਂ ਫੁਟਣਗੀਆਂ। ਪੁਰਾਣੇ ਪੱਤੇ ਝੜਨਗੇ ਤੇ ਨਵਿਆਂ ਦੀ ਬਹਾਰ ਆਏਗੀ।

ਰੇਡੀ—ਗੁਦਾਵਰੀ ਦਾ ਏਡਾ ਸਾਫ਼ ਪਾਣੀ ਏਂ ਕਿ ਮੂੰਹ ਵੇਖਿਆ ਜਾ ਸਕਦਾ ਹੈ। ਕਿਰਨਾਂ ਗੁਦਾਵਰੀ ਦੇ ਨਿਰਮਲ ਜਲ ਵਿਚ ਝਾਤੀਆਂ ਮਾਰ ਰਹੀਆਂ ਹਨ। ਸ਼ੀਸ਼ੇ ਜਿਹੇ ਪਾਣੀ ਦੀ ਝੋਲੀ ਵਿਚ ਉਨ੍ਹਾਂ ਆਪਣਾ ਸਾਰਾ ਰੂਪ ਪਾ ਦਿੱਤਾ ਹੈ।

ਈਰਾਵਤੀ—ਏਸ ਬਹਾਰ ਵਿਚ ਸਾਰਿਆਂ ਦਾ ਨਹਾਣ ਨੂੰ ਜੀਅ ਕਰਦਾ ਏ।

ਰੇਡੀ—ਬਹਾਰ ਦੀ ਸਵੇਰ ਤੇ ਚੰਦਰਮਾ ਦੀ ਚਾਨਣੀ ਦੋਵੇਂ ਸ਼ੀਤਲ ਤੇ ਆਨੰਦ ਦਾ ਸਰੋਵਰ ਹੁੰਦੀਆਂ ਹਨ। ਲਹਿਰਾਂ ਉਛਲ ਉਛਲ ਕੇ ਇਕ ਦੂਜੇ ਦਾ ਮੂੰਹ ਚੁੰਮ ਰਹੀਆਂ ਹਨ। ਔਹ ਵੇਖ! ਕੋਈ ਲਹਿਰ ਸ਼ਰਮਾ ਗਈ ਤੇ ਉਸ ਘੁੰਡ ਕਢ ਲਿਆ। ਬੜੀਆਂ ਚੰਚਲ ਲਹਿਰਾਂ ਨੇ ਤੇ ਔਹ ਵੇਖ ਘੁੰਡ ਦੀ ਆੜ ਵਿਚੋਂ ਸੈਨਤਾਂ ਮਾਰ ਰਹੀ ਏ ਬੁਲਾ ਰਹੀ ਏ, ਕਿਸੇ ਜਾਣ ਵਾਲੇ ਨੂੰ।

ਈਰਾਵਤੀ—ਲਹਿਰਾਂ ਹਨ, ਦੂਰ ਸੁਨੇਹਾ ਭੇਜਦੀਆਂ ਹਨ, ਕਾਸਦ ਦਾ ਵੀ ਕੰਮ ਕਰਦੀਆਂ ਹਨ ਲਹਿਰਾਂ।

ਰੇਡੀ—ਮੰਦਿਰ ਆ ਗਿਆ ਏ ਜ਼ਰਾ ਸੰਭਲ ਕੇ ਚਲੀਂ। ਰੋੜਿਆਂ ਨਾਲ ਭਰਿਆ ਰਾਹ ਏ।

ਈਰਾਵਤੀ—ਮੈਂ ਇਨ੍ਹਾਂ ਰੋੜਿਆਂ ਤੋਂ ਠੇਡੇ ਖਾਣ ਵਾਲੀ ਨਹੀਂ। ਮੈਂ ਬਹਾਦਰ ਹਾਂ ਜੰਗਜੂ।

ਅਚਾਨਕ ਈਰਾਵਤੀ ਦੇ ਪੈਰ ਨੂੰ ਠੇਡਾ ਵਜਾ ਤੇ ਉਹ ਡਿਗਦੀ ਡਿਗਦੀ ਬਚੀ ਤੇ ਰੇਡੀ ਬੋਲ ਉਠਿਆ :—

—"ਕਿਉਂ ਮੈਂ ਨਾ ਆਖਿਆ ਸੀ, ਏਥੇ ਆ ਕੇ ਸਾਰਿਆਂ ਨੂੰ ਠੇਡੇ ਲਗਦੇ ਹਨ। ਮੋੜ ਕੋਈ ਭੀ ਹੋਵੇ ਜ਼ਿੰਦਗੀ ਦਾ ਜਾਂ ਰਾਹ ਦਾ। ਦੋਵੇਂ ਖਤਰਨਾਕ ਹੁੰਦੇ ਹਨ।"

ਦੋਵੇਂ ਅਜੇ ਮੰਦਰ ਨਹੀਂ ਪੁਜੇ ਸਨ ਕਿ ਆਰਤੀ ਆਖਰੀ ਸੁਰਾਂ ਵਿਚ ਸੀ। ਆਰਤੀ ਵਿਚ ਲੀਨ ਪੁਜਾਰੀ ਗਾਈ ਜਾ ਰਹੇ ਸਨ। ਬੇਸੁਧ ਸਨ ਉਹ ਆਪਣੇ ਆਪ ਵਿਚ।

—"ਗੱਲਾਂ ਕਰਦਿਆਂ ਅਸੀਂ ਵੇਲੇ ਸਿਰ ਨਹੀਂ ਪੁਜ ਸਕਦੇ—" ਈਰਾਵਤੀ ਬੋਲੀ।

—"ਅਸੀਂ ਕਿਤੇ ਠਹਿਰੇ ਤਾਂ ਨਹੀਂ" ਰੇਡੀ ਆਖ ਰਿਹਾ ਸੀ।

—"ਗੱਲਾਂ ਵਿਚ ਦੇਰ ਹੋ ਹੀ ਜਾਂਦੀ ਏ, ਇਹ ਕੋਈ ਕਿਸੇ ਦੇ ਵਸ ਵਿਚ ਨਹੀਂ।"

ਆਰਤੀ ਦਾ ਅੰਤ ਹੋਇਆ, ਦੇਵਤੇ ਨੂੰ ਭੋਗ ਲਗ ਗਿਆ ਸੀ। ਈਰਾਵਤੀ ਸੋਚ ਰਹੀ ਸੀ ਕਿ ਮੈਂ ਹੁਣ ਕਿਹੜੇ ਦੇਵਤੇ ਨੂੰ ਫੁੱਲ ਚੜ੍ਹਾਵਾਂ। ਸਵੱਖੀ ਵੇਲੇ ਦੀਆਂ ਕਲੀਆਂ ਭਗਵਾਨ ਦੇ ਅਰਪਣ ਹੋ ਜਾਂਦੀਆਂ ਤਾਂ ਮਿਹਨਤ ਟਿਕਾਣੇ ਲਗ ਜਾਂਦੀ। ਉਹ ਦੀਆਂ ਅੱਖਾਂ ਵਿਚ ਮੁਹੱਬਤ ਜਾਗ ਰਹੀ ਸੀ। ਉਹ ਦੀ ਚੁੰਨੀ ਥੱਲੇ ਉਹ ਦੀ ਜਵਾਨੀ ਦਾ ਉਭਾਰ ਚੁਗਲੀਆਂ ਕਰ ਰਿਹਾ ਸੀ। ਦਿਲ ਦੀ ਧੜਕਣ ਦੀ ਰਫਤਾਰ ਤੇਜ਼ ਹੋ ਰਹੀ ਸੀ। ਭਾਵੇਂ ਈਰਾਵਤੀ ਦੇ ਅੰਦਰ ਇਹ ਗੱਲ ਸੀ ਤੇ ਏਧਰ ਰੇਡੀ ਦੇ ਦਿਲ ਵਿਚ ਵੀ ਅੱਗ ਲਗੀ ਹੋਈ ਸੀ। ਸਾਵੀਂ ਅੱਗ ਸੀ ਦੋਵੀਂ ਪਾਸੀਂ ਲਗੀ ਹੋਈ ਪਰ ਧੂੰਆਂ ਨਹੀਂ ਸੀ ਨਿਕਲਦਾ। ਪ੍ਰੇਮ ਬੁਲ੍ਹਾਂ ਤੇ ਆਉਂਦਾ ਪਰ ਰੁਕ ਜਾਂਦਾ। ਜਵਾਨੀ ਆਖਣਾ ਚਾਹੁੰਦੀ ਪਰ ਮਜਬੂਰ ਸੀ। ਕਿਸੇ ਨੇ ਉਹਦਾ ਦਿਲ ਟਟੋਲ ਕੇ ਨਾ ਵੇਖਿਆ। ਰੇਡੀ ਚਾਹੁੰਦਾ ਤਾਂ ਉਹ ਦੀਆਂ ਅੱਖਾਂ ਦੀ ਤਾਕੀ ਥਾਣੀ ਉਹ ਦੇ ਦਿਲ ਵਿਚ ਝਾਤੀ ਮਾਰ ਸਕਦਾ ਸੀ ਪਰ ਉਹ ਅਜੇ ਜੁਰੱਅਤ ਕਰਨ ਦੀ ਹਿੰਮਤ ਨਹੀਂ ਸੀ ਰਖਦਾ। ਖਿਆਲ ਵਿਚ ਮਗਨ ਈਰਾਵਤੀ ਜਾ ਰਹੀ ਸੀ

ਕਿ ਪੈਰ ਦਾ ਪੌਂਹਚਾ ਅੜਿਆ ਤੇ ਕਲੀਆਂ ਵਾਲੀ ਥਾਲੀ ਹੱਥੋਂ ਡਿਗ ਪਈ। ਫੁੱਲ ਰੇਡੀ ਦੇ ਪੈਰਾਂ ਵਿਚ ਸਨ। ਉਸ ਆਪਣੇ ਮਨ ਅੰਦਰ ਸੋਚਿਆ ਕਿ ਮੇਰੀ ਮੇਹਨਤ ਕਿਥਾਰੇ ਨਹੀਂ ਗਈ। ਆਦਮੀ ਦੀ ਸ਼ਾਂਤੀ ਦੇ ਦੇਵਤੇ ਨੂੰ ਫੁੱਲ ਤੇ ਨਹੀਂ ਚੜ੍ਹ ਸਕੇ ਪਰ ਦਿਲ ਦੇ ਦੇਵਤੇ ਨੂੰ ਤਾਂ ਫੁੱਲ ਚੜ੍ਹ ਗਏ ਹਨ। ਚਲੋ ਫੁੱਲ ਆਪਣੇ ਥਾਂ ਤੇ ਤਾਂ ਪੁਜ ਗਏ। ਭਾਵੇਂ ਰੇਡੀ ਤੇ ਇਕ ਦੋ ਹੋਰ ਆਦਮੀਆਂ ਨੇ ਈਰਾਵਤੀ ਨੂੰ ਫੜ ਕੇ ਉਠਾਇਆ ਤੇ ਉਨ੍ਹਾਂ ਕਲੀਆਂ ਚੁਣ ਕੇ ਉਹਦੀ ਥਾਲੀ ਵਿਚ ਪਾ ਦਿੱਤੀਆਂ। ਪਰ ਹੁਣ ਉਨ੍ਹਾਂ ਪੈਰਾਂ ਤੇ ਪਿਛਾਂਹ ਮੁੜ ਪਈ ਤੇ ਆਖਣ ਲਗੀ :—

—"ਚਲ ਰੇਡੀ ਪਿਛਾਂਹ ਚਲੀਏ। ਆਰਤੀ ਹੋ ਗਈ ਏ। ਹੁਣ ਮੰਦਰ ਜਾ ਕੇ ਕੀ ਲੈਣਾ।"

—"ਕੀ ਕਲੀਆਂ ਵਾਪਸ ਲੈ ਜਾਣੀਆਂ ਨੀ ਹੁਣ ਤੇ ਦੋ ਪੈਰ ਮੰਦਰ ਏ" ਰੇਡੀ ਬੋਲਿਆ।

—"ਜੂਠੀਆਂ ਕਲੀਆਂ ਭਗਵਾਨ ਨੂੰ ਨਹੀਂ ਚੜ੍ਹਾਈਆਂ ਜਾਂਦੀਆਂ। ਇਕ ਭਗਵਾਨ ਨੂੰ ਚੜ੍ਹਾਣੀਆਂ ਸਨ ਸੋ ਚੜ੍ਹ ਗਈਆਂ। ਐਵੇਂ ਲੋਕਾਂ ਸਾਖਸ਼ਾਤ ਤੇ ਸਾਕਾਰ ਦਾ ਭਰਮ ਪਾਇਆ ਹੋਇਆ ਹੈ। ਇਕ ਦੀ ਅਰਦਲ ਵਿਚ ਪੁਜਾਰੀ ਹਨ ਤੇ ਇਕ ਦੀ ਅਰਦਲ ਵਿਚ ਇਨਸਾਨ—ਚਲੋ ਚਲੀਏ!"

—"ਨਹੀਂ ਮੈਂ ਤੇ ਤੇਰੇ ਨਾਲ ਨਾ ਜਾ ਸਕਾਂਗਾ। ਮੈਂ ਸਿੱਖਾਂ ਦੇ ਡੇਰੇ ਜਾਣਾ ਹੈ। ਰਾਜ ਗੁਰੂ ਮੇਰੀ ਉਡੀਕ ਵਿਚ ਹੋਣਗੇ" ਰੇਡੀ ਬੋਲਿਆ।

—"ਆਏ ਦੋ ਜਣੇ ਤੇ ਜਾਵਾਂ ਇਕਲੀ।"

—"ਦੋ ਚਾਰ ਮੁਗਲ ਭੇਜ ਦੇਵਾਂ। ਹਜ਼ੂਰ ਦੀ ਪਾਲਕੀ ਚੁਕੀ ਜਾਣਗੇ—" ਰੇਡੀ ਆਖ ਰਿਹਾ ਸੀ।

—"ਕਿਉਂ ਤੇਰੀਆਂ ਪੈਲਾਂ ਠਹਿਕਦੀਆਂ ਹਨ, ਮਹਿੰਦੀ ਤਾਂ ਨਹੀਂ ਲਹਿ ਚਲੀ ਆਸ਼ਰਮ ਤਕ ਜਾਂਦਿਆਂ। ਸਿੱਖਾਂ ਦਾ ਡੇਰਾ ਏ। ਵਿਲਿੱਖ ਤੇ ਨਹੀਂ" ਈਰਾਵਤੀ ਨੇ ਖਿਝ ਕੇ ਆਖਿਆ।

—"ਚਲੋ, ਗੋਲੀ ਕਿਦ੍ਹੀ ਤੇ ਗਹਿਣੇ ਕੀਹਦੇ, ਲਿਆ ਥਾਲੀ ਵੀ ਮੈਂ ਹੀ ਚੁਕ ਲੈਂਦਾ ਹਾਂ, ਬਾਂਹ ਨਾ ਥਕ ਜਾਵੇ ਹਜ਼ੂਰ ਦੀ।"

—'ਨਾਜ਼ਕ ਬਾਂਹ ਨਹੀਂ ਕਿ ਥਾਲੀ ਦੇ ਭਾਰ ਨਾਲ ਥਕ ਜਾਵੇ। ਇਹ ਬਾਹਾਂ ਤਲਵਾਰਾਂ ਚੁਕਣ ਹਿਲੀਆਂ ਹੋਈਆਂ ਸਨ।" ਈਰਾਵਤੀ ਨੇ ਆਕੜ ਵਿਚ ਆਖਿਆ।

—"ਜ਼ਰਾ ਛੇਤੀ ਛੇਤੀ ਪੈਰ ਪੁਟੋ। ਮੈਂ ਰਾਜ ਗੁਰੂ ਕੋਲ ਪੁਜਣਾ ਏ। ਮੋਰ ਵਰਗੀ ਚਾਲ ਛਡਕੇ ਹਰਨੀ ਵਰਗੀ ਤੋਰ ਤੁਰੋ ਤਾਂ ਗੁਜ਼ਾਰਾ ਹੋਵੇਗਾ—" ਰੇਡੀ ਨੇ ਜ਼ਰਾ ਬੁਲ੍ਹਾਂ ਵਿਚ ਹਸਦਿਆਂ ਆਖਿਆ।

—"ਜ਼ਰਾ ਅਗੇ ਚਲ ਕੇ ਚਾਲ ਵੇਖੀਂ। ਸਾਡਾ ਕੀ ਏ, ਅਸੀਂ ਪਿਛੇ ਲਗੇ ਵੀ ਤੇਰੇ ਨਾਲ ਪੈਰ ਮੇਚਦੇ ਆਵਾਂਗੇ—" ਈਰਾਵਤੀ ਬੋਲੀ।

ਰੋਡੀ ਈਰਾਵਤੀ ਨੂੰ ਆਸ਼ਰਮ ਦੇ ਬੂਹੇ ਤੇ ਛਡ ਕੇ ਆਪ ਮੁੜ ਪਿਆ। ਸਿੱਖਾਂ ਦੇ ਡੇਰੇ ਵਲ ਜਾ ਰਿਹਾ ਸੀ। ਪਰ ਅੰਦਰੋਂ ਦਿਲ ਚੁੱਭੀਆਂ ਭਰ ਰਿਹਾ ਸੀ। ਮੈਂ ਆਪਣੀ ਦਿਲ ਦੀ ਮੰਜ਼ਲ ਤੇ ਕਈ ਵਾਰ ਪੁਜਾ ਹਾਂ ਪਰ ਇਕ ਵਾਰ ਵੀ ਪਤਾ ਦਾ ਨਾਂ ਨਹੀਂ ਲਿਆ। ਮੁਸਾਫ਼ਰ ਖੂਹ ਤੇ ਪੁਜ ਕੇ ਪਿਆਸਾ ਆਵੇ—ਜਾਂ ਮੁਸਾਫ਼ਰ ਦੀ ਬਦਕਿਸਮਤੀ ਹੈ ਜਾਂ ਖੂਹ ਦੇ ਭੈੜੇ ਭਾਗ ਹਨ। ਮੈਂ ਜਾਣਦਾ ਹਾਂ ਕਿ ਨਦੀ ਦੇ ਦੋ ਕਿਨਾਰੇ ਮਿਲਦੇ ਨਹੀਂ ਪਰ ਜਦ ਤਕ ਇਕ ਕਿਨਾਰਾ ਦੂਜੇ ਕਿਨਾਰੇ ਕੋਲ ਆ ਜਾਵੇ ਤਾਂ ਫੇਰ ਗਲਵਕੜੀ ਨਾ ਪਾਉਣਾ ਕਿੰਨੀ ਮੂਰਖਤਾ ਹੈ। ਤੂਫ਼ਾਨ ਵਿਚ ਕਿਨਾਰਿਆਂ ਦਾ ਪਾਣੀ ਮਿਲ ਜਾਂਦਾ ਪਰ ਪਾਟ ਚੌੜਾ ਹੋ ਜਾਂਦਾ ਹੈ। ਵੀਰਤਾ ਦੇ ਬਲ ਬੋਤੇ ਤੇ ਭਾਵੇਂ ਉਹ ਇਕ ਦੂਜੇ ਦਾ ਮੂੰਹ ਚੁੰਮ ਹੀ ਲੈਣ। ਸਾਰਾ ਰਾਹ ਆਪਣਾ ਰਾਜ਼ ਛੁਪਾਈ ਆਉਣਾ ਤੇ ਮੰਜ਼ਲ ਤੇ ਆ ਕੇ ਵੀ ਨਾ ਖੋਲ੍ਹਣਾ ਤੇ ਉਹਨੂੰ ਆਪਣੇ ਨਾਲ ਲੈ ਕੇ ਪਰਤ ਜਾਣਾ ਇਹ ਰੇਖਾ ਦੇ ਚਕਰ ਦੇ ਅਧੀਨ ਹੈ ਜਾਂ ਮੁਸਾਫ਼ਰ ਦੀ ਮੂਰਖਤਾ ਦੇ। ਭੌਰ ਸਾਰੀ ਰਾਤ ਬੰਦ ਕਲੀ ਦੇ ਘੁੰਡ ਵਿਚ ਰਿਹਾ ਤੇ ਦਿਨ ਚੜ੍ਹੇ ਤਕ ਵੀ ਉਹਦੇ ਕੋਲੋਂ ਰਾਜ਼ ਨਾ ਪੁਛ ਸਕਿਆ। ਸ਼ਰਮ ਦਾ ਕਿੰਨਾ ਵਡਾ ਪਰਦਾ ਹੈ ਪ੍ਰੇਮ ਦੇ ਕਿੰਨੇ ਬੰਧਨ ਹਨ। ਪ੍ਰੇਮੀ ਅੰਦਰ ਹੀ ਅੰਦਰ ਰਿਝਦਾ ਰਹੇ ਪਰ ਜ਼ਬਾਨ ਨਾ ਖੋਲ੍ਹੇ। ਚਕੋਰ ਨੇ ਚੰਨ ਵਲ ਉਡਾਰੀਆਂ ਮਾਰ ਮਾਰ ਕੇ ਪਰ ਤੋੜ ਲਏ ਪਰ ਜ਼ਬਾਨ ਨਾ ਖੋਲ੍ਹੀ। ਬੁਲ੍ਹ ਸਿਓਂ ਲਈ। ਇਸ ਨਗਰ ਦੇ ਹਾਕਮ ਦੀ ਵਖਰੇਪਨ ਦੀ ਰੀਤ ਏ। ਮੈਂ ਚਹੁੰਦਾ ਤਾਂ ਆਪਣੇ ਬੁਲ੍ਹਾਂ ਦਾ ਜੰਦਰਾ ਤੋੜ ਸਕਦਾ ਸਾਂ। ਮੈਂ ਆਦਮੀ ਸਾਂ ਪਰ ਉਹ ਔਰਤ ਸੀ। ਉਹਦੇ ਬੁਲ੍ਹਾਂ ਤੇ ਮੋਹਰ ਲਗੀ ਹੋਈ ਏ, ਹਿਆ, ਸ਼ਰਮ ਤੇ ਖਾਮੋਸ਼ੀ ਦੀ। ਪੱਕੇ ਤੋਪਿਆਂ ਨਾਲ ਸੀਤੇ ਹੋਏ ਬਰੀਕ ਬਰੀਕ ਬੁਲ੍ਹ। ਕਿੰਨੇ ਵੇਲੇ ਮੈਂ ਖੋਲ੍ਹੇ ਹਨ। ਜਿੰਨਾ ਚਿਰ ਮੈਂ ਚੁਪ ਸਾਧੀ ਏ ਉੱਨਾ ਚਿਰ ਉਹ ਮੇਰੇ ਤੋਂ ਦੂਰ ਏ। ਜ਼ਬਾਨ ਸਾਂਝੀ ਕਰਨ ਦਾ ਪਰਦਾ ਏ। ਪਥਰਾਂ ਦੀ ਸਿਲਾ ਦੀ ਇਕ ਕੰਧ ਖੜੀ ਹੋ ਗਈ ਏ। ਭਾਵੇਂ ਜੇ ਲਾਹ ਦਈਏ ਤਾਂ ਕੁਝ ਵੀ ਨਹੀਂ। ਦੀਵਾਰ ਦਾ ਪ੍ਰਛਾਵਾਂ ਵੀ ਨਹੀਂ ਖੜਾ ਰਹਿ ਸਕਦਾ—ਰੋਡੀ ਦਲੀਲਾਂ ਦੀ ਮਿੱਟੀ ਗੋ ਰਿਹਾ ਸੀ। ਉਹ ਸ਼ੀਸ਼ ਮਹਿਲ ਖਿਆਲਾਂ ਵਿਚ ਤਾਂ ਉਸਾਰ ਲੈਂਦਾ ਪਰ ਈਰਾਵਤੀ ਸਾਹਮਣੇ ਉਸ ਦੀ ਸਾਰੀ ਚਤੁਰਾਈ ਭੁਲ ਜਾਂਦੀ। ਆਲੇ ਦੁਆਲੇ ਪ੍ਰੇਮ ਦਾ ਸਾਗਰ ਸੀ ਤੇ ਵਿਚਕਾਰ ਪ੍ਰੇਮ ਦੀ ਨਈਆ ਵਿਚ ਰੋਡੀ। ਖਿਆਲਾਂ ਦੇ ਸਮੁੰਦਰ ਵਿਚ ਚੁਭੀਆਂ ਮਾਰਦਾ ਰੋਡੀ ਸਿੱਖਾਂ ਦੇ ਡੇਰੇ ਪੁਜ ਗਿਆ ਤੇ ਸਾਹਮਣਿਉਂ ਰਾਜਗੁਰੂ ਵੀ ਆ ਰਿਹਾ ਸੀ।

—"ਕਿਉਂ ਰੋਡੀ! ਤੇਰਾ ਚਿਹਰਾ ਲੱਥਾ ਲੱਥਾ ਕਿਉਂ ਏ?" ਰਾਜਗੁਰੂ ਬੋਲਿਆ।

—"ਨਹੀਂ ਨਹੀਂ ਗੁਰੂ ਦੇਵ ਕੋਈ ਗੱਲ ਤੇ ਨਹੀਂ!"

—"ਤੂੰ ਵਿਚੋਂ ਡਰ ਰਿਹਾ ਏਂ ਤੇ ਬਾਹਰ ਪ੍ਰਗਟ ਕਰਨਾ ਨਹੀਂ ਚਾਹੁੰਦਾ। ਅੰਦਰ ਦੀ ਗੱਲ ਕੋਈ ਛੁਪੀ ਨਹੀਂ ਰਹਿੰਦੀ। ਕਦੀ ਨਾ ਕਦੀ ਉਹ ਬਾਹਰ ਆ ਹੀ ਜਾਂਦੀ ਹੈ। ਅਭਿਆਸੀ ਚਿਹਰੇ ਦਾ ਸ਼ੀਸ਼ਾ ਵੇਖ ਕੇ ਦਿਲ ਦਾ ਸਾਰਾ ਹਾਲ ਮੱਥੇ ਤੋਂ ਤਾੜ ਲੈਂਦਾ ਹੈ। ਸਮੁੰਦਰ ਆਪਣੀ ਗੋਦ ਵਿਚ ਕਦੀ ਮੋਤੀ ਨੂੰ ਛੁਪਾ ਕੇ ਨਹੀਂ ਰਖ ਸਕਦਾ। ਸਮੁੰਦਰ ਵਿਚ ਮੋਤੀ ਸਿੱਪੀ ਦੀ ਕੁਖ ਵਿਚ ਹੁੰਦਾ ਹੈ। ਲਹਿਰਾਂ ਧੱਕੇ ਮਾਰ ਮਾਰ ਕੇ ਸਿੱਪੀ ਨੂੰ ਆਪਣੀ ਬੁੱਕਲ ਵਿਚ ਰਿੜਕ ਦੇਂਦੀਆਂ ਹਨ ਤੇ ਮੋਤੀ ਵਿਚ

ਚਮਕ ਪੈਦਾ ਹੋ ਜਾਂਦੀ ਹੈ। ਲਹਿਰਾਂ ਉਛਾਲਾਂ ਮਾਰ ਕੇ ਸਿੱਪੀ ਨੂੰ ਕੰਢੇ ਤੇ ਸੁਟ ਦੇਂਦੀਆਂ ਹਨ ਤੇ ਸਿੱਪੀ ਦਾ ਮੂੰਹ ਖੁਲ੍ਹ ਜਾਂਦਾ ਹੈ ਤੇ ਲੋਕ ਉਹਨੂੰ ਮੋਤੀ ਆਖਦੇ ਹਨ ਤੇ ਉਹ ਬਾਦਸ਼ਾਹ ਦੇ ਸਿਰ ਤੇ ਸਿਰਤਾਜ ਬਣ ਕੇ ਚਮਕਦਾ ਹੈ। ਰਾਜ਼ ਉਂਨਾ ਚਿਰ ਹੀ ਰਾਜ਼ ਏ ਜਦ ਤਕ ਛੁਪਿਆ ਹੋਵੇ। ਅੱਜ ਕੱਲ੍ਹ ਤੂੰ ਬੜਾ ਉਦਾਸ ਜਿਹਾ ਜਾਪਦਾ ਏਂ ਕੀ ਕਿਸੇ ਰੋਗ ਨੇ ਤੈਨੂੰ ਘੇਰਿਆ ਤਾਂ ਨਹੀਂ ?" ਰਾਜ-ਗੁਰੂ ਨੇ ਆਖਿਆ।

—"ਮੈਂ ਚੰਗਾ ਭਲਾ ਹਾਂ ਗੁਰੂਦੇਵ ! ਐਵੇਂ ਤੁਹਾਨੂੰ ਭੁਲੇਖਾ ਏ !"

—"ਬੁਢੀਆਂ ਅੱਖਾਂ ਵਿਚ ਤਾੜਨ ਦੀ ਸ਼ਕਤੀ ਏ। ਰਾਜਗੁਰੂ ਦੀਆਂ ਅੱਖਾਂ ਕਦੀ ਭੁਲੇਖਾ ਨਹੀਂ ਖਾ ਸਕਦੀਆਂ—ਹਾਂ, ਹਾਂ ਮੈਂ ਭੁਲ ਗਿਆ, ਤੂੰ ਰਾਮ ਚੰਦਰ ਲੁਬਾਣੇ ਦੀ ਦੇਖ ਭਾਲ ਤਾਂ ਚੰਗੀ ਤਰ੍ਹਾਂ ਕਰ ਰਿਹਾ ਏਂ। ਦੇਖੀਂ ਕਿਸੇ ਗੱਲ ਦੀ ਤਕਲੀਫ ਨਾ ਹੋਵੇ।"

"ਨਹੀਂ ਗੁਰੂਦੇਵ ! ਮੈਂ ਬੜਾ ਦਿਲ ਲਾ ਕੇ ਸੇਵਾ ਕਰ ਰਿਹਾ ਹਾਂ।

—"ਮੈਂ ਇਸੇ ਲਈ ਆਸ਼ਰਮ ਚਲਿਆ ਸਾਂ, ਚੰਗਾ ਹੋਇਆ ਤੂੰ ਮਿਲ ਗਿਆ। ਚੰਗਾ ਜਾਹ ਆਸ਼ਰਮ ਵਿਚ ਤੇਰਾ ਇੰਤਜ਼ਾਰ ਹੋ ਰਿਹਾ ਹੈ।" ਗੁਰੂ ਆਖਦਾ ਆਖਦਾ ਮੁੜ ਡੇਰੇ ਦੇ ਅੰਦਰ ਚਲਾ ਗਿਆ।

ਰੇਡੀ ਸਮਝ ਗਿਆ ਕਿ ਰਾਜਗੁਰੂ ਦੇ ਕੰਨੀਂ ਕਿਸੇ ਨੇ ਸਾਡੇ ਪਿਆਰ ਦੀ ਭਿਣਕ ਪਾ ਦਿੱਤੀ ਏ ਉਹ ਅੰਦਰੋ ਅੰਦਰ ਡਰ ਰਿਹਾ ਸੀ। ਡੇਰੇ ਵਲ ਜਾਣ ਦੀ ਉਹਦੀ ਜੁਰਅੱਤ ਨਹੀਂ ਸੀ ਪੈਂਦੀ। ਰੇਡੀ ਦਲੀਲਾਂ ਵਿਚ ਡੁਬਿਆ ਡੇਰੇ ਵਲ ਮੁੜ ਪਿਆ।

ਈਰਾਵਤੀ ਨੇ ਰੇਡੀ ਦੇ ਆਉਣ ਤੋਂ ਪਹਿਲਾਂ ਹੀ ਉਹਦੀ ਛੰਨ ਵਿਚ ਪਾਣੀ ਤਰੌਂਕ ਦਿੱਤਾ। ਬਹੁਕਰ ਦਿੱਤੀ ਹੋਈ ਸੀ। ਆਸਨ ਵਿਛਿਆ ਹੋਇਆ ਸੀ ਪਲੇਥਣ ਚੰਗੀ ਸੁਚੱਜੀ ਢੰਗ ਨਾਲ ਛਿੜਕਿਆ ਹੋਇਆ ਸੀ। ਰੇਡੀ ਨੇ ਇਕ ਵਾਰ ਆਪਣੀ ਛੰਨ ਵਲ ਵੇਖਿਆ ਤੇ ਦੂਜੀ ਵਾਰ ਈਰਾਵਤੀ ਵਲ। ਉਹਨੇ ਆਪਣੀ ਜ਼ਿੰਦਗੀ ਵਿਚ ਪਹਿਲੀ ਵੇਰ ਇਕੱਲਿਆਂ ਮਹਿਸੂਸ ਕੀਤਾ। ਮੁਹੱਬਤ ਮਾਲਾ ਦੇ ਮਣਕਿਆਂ ਵਿਚ ਜਾਗ ਰਹੀ ਸੀ। ਸਾਰਾ ਆਸ਼ਰਮ ਰੇਡੀ ਦੇ ਪ੍ਰੇਮ ਦੀ ਰਾਸ ਲੀਲ੍ਹਾ ਦਾ ਨਾਟਕ ਜਾਪਿਆ। ਈਰਾਵਤੀ ਗੁਣਗੁਣਾ ਰਹੀ ਸੀ :—

ਘੁੰਗਰੂ ਬਾਂਧ ਪਗ ਮੀਰਾਂ ਨਾਚੇ।

ਮੱਧਮ ਸੁਰਾਂ ਵਿਚ ਈਰਾਵਤੀ ਨੇ ਗਾਇਆ। ਇਕ ਵਾਰ ਰੇਡੀ ਬੁਲ੍ਹਾਂ ਵਿਚ ਹੱਸਿਆ ਤੇ ਈਰਾਵਤੀ ਵੀ ਹੱਸ ਪਈ, ਜਿਸ ਤਰ੍ਹਾਂ ਪ੍ਰਭਾਤ ਵੇਲੇ ਆਸ਼ਰਮ ਦੇ ਮੋਤੀਏ ਦੀਆਂ ਕਲੀਆਂ ਹੱਸ ਰਹੀਆਂ ਹੋਣ।

ਅੱਗ ਦੀ ਨਾੜ

ਸਿਪਾਹੀ ਲਈ ਸ਼ਿਕੱਸਤ ਦਾ ਮੂੰਹ ਵੇਖਣਾ ਉਹਦੀ ਮੌਤ ਦੇ ਬਰਾਬਰ ਹੈ ਤੇ ਫਿਰ ਇਮਾਨਉਲਾ ਲਈ ! ਜਿਹਦੀਆਂ ਧਾਂਕਾਂ ਦਿੱਲੀ ਤੋਂ ਲੈਕੇ ਗੁਜਰਾਤ ਤਕ ਪੁਜੀਆਂ ਹੋਣ। ਸਿੱਖਾਂ ਦੀਆਂ ਤਲਵਾਰਾਂ ਦੀ ਸਟ ਵੇਖ ਕੇ ਉਹਦੇ ਅੰਦਰ ਬਦਲੇ ਦੀ ਅੱਗ ਭੜਕ ਉਠੀ। ਉਸ ਆਪਣੇ ਵਲੋਂ ਨਾਂਦੇੜ ਵਿਚ ਬਦਲਾ ਲੈਂਣ ਦੇ ਹੱਥ ਪੈਰ ਮਾਰੇ ਪਰ ਕੋਈ ਪੇਸ਼ ਨਾ ਗਈ। ਖੁਲਮਖੁਲਾ ਉਹ ਸਿੱਖਾਂ ਨੂੰ ਵੰਗਾਰ ਨਹੀਂ ਸੀ ਸਕਦਾ ਤੇ ਹੋਰ ਕਿਸੇ ਤਰ੍ਹਾਂ ਸਿੱਖ ਉਹਦਾ ਦਾਅ ਨਹੀਂ ਸੀ ਚਲਣ ਦਿੰਦੇ। ਬਹਾਦਰ ਸ਼ਾਹ ਨੂੰ ਸਿੱਖਾਂ ਦੇ ਖ਼ਿਲਾਫ਼ ਭੜਕਾ ਦੇਵੇ—ਇਸੇ ਤਰ੍ਹਾਂ ਹੀ ਉਹ ਆਪਣਾ ਉਲੂ ਸਿੱਧਾ ਕਰ ਸਕਦਾ ਸੀ। ਇਸ ਵੇਲੇ ਇਹੋ ਸਭ ਤੋਂ ਚੰਗਾ ਸੀ।

ਇਮਾਨਉਲਾ ਨੇ ਕਈ ਖ਼ਤ ਲਿਖੇ ਪਰ ਬਹਾਦਰ ਸ਼ਾਹ ਨੇ ਨਾ ਤੇ ਕਿਸੇ ਖ਼ਤ ਦਾ ਉੱਤਰ ਦਿੱਤਾ ਤੇ ਨਾ ਹੀ ਇਸ ਗੱਲ ਨੂੰ ਗੌਲਿਆ। ਇਮਾਨਉਲਾ ਸਿੱਖਾਂ ਦੇ ਖ਼ਿਲਾਫ਼ ਜ਼ਹਿਰ ਉਗਲ ਰਿਹਾ ਸੀ ਪਰ ਬਹਾਦਰ ਸ਼ਾਹ ਤੇ ਉਹਦਾ ਕੋਈ ਅਸਰ ਨਾ ਹੋਇਆ ਪਰ ਐਤਕੀਂ ਜਿਹੜਾ ਉਸ ਸੜ ਬੁਜ ਕੇ ਖ਼ਤ ਲਿਖਿਆ ਬਹਾਦਰ ਸ਼ਾਹ ਨੂੰ ਵਿਚਾਰ ਹੋਈ ਆਖ਼ਰ ਕਿਹੜੀ ਗੱਲ ਏ ? ਸਿੱਖਾਂ ਦੇ ਇਮਾਨਉਲਾ ਏਨਾ ਪਿਛੇ ਪੈ ਗਿਆ ਹੈ ? ਇਮਾਨਉਲਾ ਰੋਜ਼ ਨਵੀਂ ਗੱਲ ਲਿਖਦਾ ਏ ! ਸ਼ਾਹੀ ਫ਼ਰਮਾਨ ਬੰਦ ਥੈਲੀ ਵਿਚ ਮੋਹਰ ਲਗਿਆ ਹੋਇਆ ਨਾ ਆਉਂਦਾ, ਖੁਲ੍ਹਾ ਖ਼ਤ ਕਾਸਦ ਲੈਕੇ ਹਾਜ਼ਰ ਹੁੰਦਾ ਤੇ ਉਹਦੇ ਵਿਚ ਸਿਰਫ਼ ਏਹੋ ਲਿਖਿਆ ਜਵਾਬ ਮਿਲਦਾ—"ਸਿੱਖਾਂ ਨੂੰ ਆਪਣਾ ਵੈਰੀ ਨਾ ਬਣਾਉਣਾ ਮੈਂ ਆਪ ਨਾਂਦੇੜ ਆ ਰਿਹਾ ਹਾਂ। ਸਭ ਨੂੰ ਠੀਕ ਕਰ ਲਵਾਂਗੇ।" ਬਹਾਦਰ ਸ਼ਾਹ ਨੇ ਇਮਾਨਉਲਾ ਦੇ ਅੱਥਰੂ ਪੂੰਝਣ ਦੀ ਬਥੇਰੀ ਕੋਸ਼ਿਸ਼ ਕੀਤੀ ਪਰ ਇਮਾਨਉਲਾ ਨੇ ਬੱਸ ਨਾ ਕੀਤੀ। ਉਸ ਫੇਰ ਅਕ ਕੇ ਸੜੇ ਬੁਜੇ ਨੇ ਖ਼ਤ ਵਿਚ ਇਕ ਹੋਰ ਸ਼ੋਸ਼ਾ ਖੜਾ ਕਰ ਦਿੱਤਾ।

"ਸਾਹਿਬੇ ਆਲਮ ! ਮੈਂ ਤੁਹਾਡਾ ਦੋਸਤ ਵੀ ਹਾਂ ਤੇ ਸੂਬੇਦਾਰ ਵੀ। ਮੇਰੇ ਅੰਦਰ ਦੋਸਤੀ ਦਾ ਪਿਆਰ ਵੀ ਏ ਤੇ ਗੁਲਾਮੀ ਦਾ ਨਿਮਕ ਵੀ। ਆਲਮ ਪਨਾਹ ! ਮੇਰੇ ਤੇ ਤੁਹਾਡੇ ਏਨੇ ਅਹਿਸਾਨ ਹਨ ਕਿ ਮੈਂ ਸਿਰ ਨਹੀਂ ਚੁਕ ਸਕਦਾ। ਪਰ ਨਾਲ ਮੇਰਾ ਦੋਸਤੀ ਦਾ ਏਨਾ ਹਕ ਏ ਕਿ ਏ ਮੈਂ ਜਹਾਂ ਪਨਾਹ ਨੂੰ ਆਉਣ ਵਾਲੀਆਂ ਮੁਸ਼ਕਲਾਂ ਤੋਂ ਜਾਣੂੰ ਵੀ ਕਰਵਾਂਦਾ ਹਾਂ। ਮੈਂ ਇਹ ਨਹੀਂ

ਚਾਹੁੰਦਾ ਕਿ ਮੇਰੇ ਦੱਖਣ ਵਿਚ ਬੈਠਿਆਂ ਕੋਈ ਬਾਗੀ ਸਿਰ ਚੁਕ ਸਕੇ। ਮੇਰਾ ਯਾਰ ਮੇਰੇ ਹੁੰਦਿਆਂ ਕਿਸੇ ਕੁੜਿਕੀ ਵਿਚ ਫਸ ਜਾਵੇ। ਭਾਵੇਂ ਇਹ ਸ਼ਾਹੀ ਕਾਨੂੰਨ ਹੈ ਤੇ ਇਸ ਕਾਨੂੰਨ ਦੇ ਮਾਤਹਿਤ ਹਰ ਆਹਲਾ ਅਫ਼ਸਰ ਦਾ ਫਰਜ਼ ਏ ਕਿ ਬਾਦਸ਼ਾਹ ਸਲਾਮਤ ਨੂੰ ਹਰ ਬਾਗੀ ਤੋਂ ਖਬਰਦਾਰ ਰਖੇ। ਪਰ ਉਹ ਕੇਵਲ ਕਾਨੂੰਨ ਏ, ਫਰਜ਼ ਨਹੀਂ। ਕਾਨੂੰਨ ਕੇਵਲ ਆਉਣ ਵਾਲੀ ਮੁਸੀਬਤ ਦਾ ਮੁਕਾਬਲਾ ਕਰਦਾ ਹੈ। ਫਤਹਿ ਜਾਂ ਸ਼ਿਕਸਤ ਦਾ ਉਹ ਕੋਈ ਜੁਮੇਵਾਰ ਨਹੀਂ। ਉਹ ਖ਼ਬਰ ਦੇ ਕੇ ਆਪ ਬੇਗੁਨਾਹ ਹੋ ਜਾਂਦਾ ਹੈ। ਉਸ ਦੀ ਜਾਂਚ ਪੜਤਾਲ ਕਰਨੀ ਸ਼ਹਿਨਸ਼ਾਹ ਦੇ ਹੱਥ ਏ। ਕਾਨੂੰਨ ਸਿਰਫ਼ ਕਾਨੂੰਨ ਦੇ ਦਾਇਰੇ ਵਿਚ ਬੋਲ ਸਕਦਾ ਏ ਪਰ ਮੈਂ ਦੋਸਤ ਹਾਂ, ਮੈਂ ਪੇਸ਼ੀਨ ਗੋਈ ਕਰਦਾ ਹਾਂ ਕਿ ਆਉਣ ਵਾਲੀ ਮੁਸ਼ਕਲ ਦੇ ਰਾਹ ਬੰਦ ਕਰਨ ਵਿਚ ਆਪਣਾ ਸਾਰਾ ਜ਼ੋਰ ਲਾਉਣਾ ਚਾਹੁੰਦਾ ਹਾਂ। ਮੈਂ ਯਾਰ ਬਦਲੇ ਕਾਨੂੰਨ, ਹਕੂਮਤ ਤੇ ਹੋਰ ਸਭ ਬੰਦਸ਼ਾਂ ਤੋੜ ਕੇ ਆਪਣੇ ਆਪ ਤੇ ਮੁਸੀਬਤਾਂ ਦੇ ਪਹਾੜ ਧਰ ਲੈਣਾ ਚਾਹੁੰਦਾ ਹਾਂ! ਮੈਂ ਆਪਣੀਆਂ ਅੱਖਾਂ ਸਾਹਮਣੇ ਦੋਸਤ ਦਾ ਵਾਲ ਵਿੰਗਾ ਹੁੰਦਾ ਨਹੀਂ ਵੇਖ ਸਕਦਾ। ਦੋਸਤੀ ਕਾਨੂੰਨ ਦੇ ਡੰਡੇ ਤੋਂ ਨਹੀਂ ਡਰਦੀ। ਦੋਸਤੀ ਪਰਦੇ ਪਿਛੇ ਕੁਝ ਕਰਨਾ ਚਾਹੁੰਦੀ ਏ ਪਰ ਮੂਹੋਂ ਨਹੀਂ ਬੋਲਦੀ। ਕਾਨੂੰਨ ਉਜਾਗਰ ਹੋ ਕੇ ਚਮਕਦਾ ਹੈ ਤੇ ਉਹ ਦਾ ਸਾਰੇ ਜਹਾਨ ਵਿਚ ਢੰਡੋਰਾ ਪਿਟਿਆ ਜਾਂਦਾ ਹੈ। ਕਾਨੂੰਨ ਦੇ ਅੱਗੇ ਕੋਈ ਬੋਲ ਨਹੀਂ ਸਕਦਾ। ਕਾਨੂੰਨ ਸਿਰਫ਼ ਹੁਕਮ ਦੇਂਦਾ ਹੈ ਤੇ ਉਹ ਸਿਰਫ਼ ਪਾਲਣਾ ਚਾਹੁੰਦਾ ਹੈ ਹੋਰ ਕੁਝ ਨਹੀਂ। ਪਰ ਦੋਸਤੀ ਫ਼ਰਜ਼ ਚਾਹੁੰਦੀ ਏ ਤੇ ਹੁਕਮ ਨਹੀਂ। ਦੋਸਤੀ ਦੇ ਫਰਜ਼ ਅੱਗੇ ਕਿਤੇ ਸ਼ਹਿਨਸ਼ਾਹ ਨੂੰ ਵੀ ਝੁਕਣਾ ਪੈਂਦਾ ਹੈ। ਦੋਸਤੀ ਵਿਚ ਹਾਕਮ ਤੇ ਸ਼ਹਿਨਸ਼ਾਹ ਦਾ ਕੀ ਰੁਤਬਾ ਹੈ? ਦੋਸਤੀ ਸਾਰਿਆਂ ਲਈ ਇਕੋ ਜਿਹੀ ਏ। ਦੋਸਤੀ ਵਿਚ ਬਾਦਸ਼ਾਹ ਤੇ ਹਾਕਮ ਇਕ ਸਫ ਤੇ ਬੈਠ ਜਾਂਦੇ ਹਨ। ਆਲਮ ਪਨਾਹ!—ਮੈਨੂੰ ਸਿੱਖਾਂ ਦੀ ਨੀਅਤ ਵਿਗੜੀ ਹੋਈ ਜਾਪਦੀ ਹੈ। ਮੈਨੂੰ ਇਨ੍ਹਾਂ ਦੇ ਅਹਿਸਾਨਾਂ ਵਿਚੋਂ ਬਗਾਵਤ ਦੀ ਬੋ ਆਉਂਦੀ ਜਾਪ ਰਹੀ ਏ। ਦੋਸਤੀ ਦੇ ਪਰਦੇ ਵਿਚ ਮੈਨੂੰ ਇਹ ਖੂੰਖਾਰ ਭੇੜੀਏ ਜਾਪਦੇ ਹਨ! ਤਨ ਦੇ ਉਜਲੇ, ਮਨ ਦੇ ਕਾਲੇ ਇਹ ਕੂਹਿਆਂ ਤੋਂ ਘਟ ਨਹੀਂ। ਮੈਂ ਜਾਣਦਾ ਹਾਂ ਕਿ ਆਲਮ ਪਨਾਹ! ਇਨ੍ਹਾਂ ਦੇ ਅਹਿਸਾਨਾਂ ਥੱਲੇ ਸ਼ਹਿਨਸ਼ਾਹ ਦਬ ਗਿਆ ਏ। ਮੈਂ ਇਹ ਵੀ ਜਾਣਦਾ ਹਾਂ ਕਿ ਬਹਾਦਰ ਸ਼ਾਹ ਦੀ ਚੜ੍ਹਦੀ ਗੁੱਡੀ ਵਿਚ ਇਨ੍ਹਾਂ ਦਾ ਬੜਾ ਹੱਥ ਹੈ ਪਰ ਇਹਦਾ ਇਹ ਮਤਲਬ ਨਹੀਂ ਕਿ ਦੋਸਤ, ਦੋਸਤੀ ਦੀ ਚਾਦਰ ਪਾ ਕੇ ਥਲਿਓਂ ਸੰਨ੍ਹ ਲਾਈ ਜਾਵੇ। ਉਤੋਂ ਸ਼ਹਿਦ ਚਟਾਵੇ ਪਰ ਨਾਲ ਜ਼ਹਿਰ ਦੀ ਆਮੇਜ਼ਸ਼ ਕਰਦਾ ਜਾਵੇ। ਜਹਾਂ ਪਨਾਹ ਨੂੰ ਸ਼ਹਿਦ ਦੀ ਆਮੇਜ਼ਸ਼ ਵਿਚ ਨਸ਼ਾ ਵੀ ਆ ਸਕਦਾ ਹੈ ਤੇ ਨੀਂਦ ਵੀ। ਇਹ ਰੰਜ ਦੀ ਆਮੇਜ਼ਸ਼ ਕਿਸੇ ਦਿਨ ਜਾਨ ਦਾ ਖੌਫ਼ ਵੀ ਬਣ ਸਕਦੀ ਹੈ। ਘਰ ਦੀਆਂ ਦਲੀਜਾਂ ਸਾਹਮਣੇ ਦਬੀ ਹੋਈ ਅੱਗ ਕਿਸੇ ਵੇਲੇ ਭੜਕ ਵੀ ਸਕਦੀ ਹੈ! ਬਾਹਰ ਦੇ ਸ਼ੋਲ੍ਹਿਆਂ ਨੂੰ ਤਾਂ ਠੰਡਾ ਕੀਤਾ ਜਾ ਸਕਦਾ ਹੈ ਪਰ ਘਰ ਦੀ ਅੱਗ ਤਾ ਪਾਣੀ ਪਾਇਆਂ ਬੁਝਦੀ ਨਹੀਂ ਸਗੋਂ ਭੜਕਦੀ ਹੈ। ਘਰ ਦੀ ਚੰਗਿਆੜੀ ਖਲਵਾਨ ਲੂਹ ਕੇ ਰਖ ਦੇਂਦੀ ਹੈ। ਬਾਹਰ ਦੇ ਚੋਰ ਦੀ ਸਾਰੇ ਰਾਖੀ ਕਰ ਸਕਦੇ ਹਨ। ਪਰ ਘਰ ਦੇ ਚੋਰ ਦੀ ਰਾਖੀ ਕਾਹਦੀ। ਬੁੱਕਲ ਦਾ ਇਕ ਦੁਸ਼ਮਨ ਸੌ ਹਮਲਆਵਰਾਂ ਨਾਲੋਂ ਖਤਰਨਾਕ ਏ। ਸਿੱਖ ਸਾਡੇ ਮਿਤਰ ਹਨ! ਜਹਾਂ ਪਨਾਹ ਉਹ

ਵੇਲਾ ਬੀਤ ਗਿਆ। ਸਿੱਖ ਹੁਣ ਉਹ ਸਿੱਖ ਨਹੀਂ ਰਹੇ। ਉਦੋਂ ਸਿੱਖਾਂ ਨੂੰ ਆਪਣੀ ਜਾਨ ਦੇ ਲਾਲੇ ਪਏ ਹੋਏ ਸਨ ਤੇ ਤੁਹਾਨੂੰ ਵੀ ਮਦਦ ਦੀ ਲੋੜ ਸੀ। ਇਸ ਲਈ ਸਿੱਖ ਤੁਹਾਡੇ ਖੈਰ ਖਾਹ ਬਣ ਗਏ। ਹੁਣ ਸਾਰੀਆਂ ਮੁਹਿੰਮਾਂ ਸਰ ਹੋ ਚੁਕੀਆਂ ਹਨ ਤੇ ਸਿੱਖਾਂ ਨੂੰ ਵੀ ਮਰਹੱਟਿਆਂ ਨਾਲ ਜਾਣ ਪਹਿਚਾਨ ਕਰਨ ਦਾ ਮੌਕਾ ਮਿਲ ਗਿਆ ਏ। ਰਾਜਪੂਤ ਅਗੇ ਹੀ ਉਨ੍ਹਾਂ ਦੀ ਬੁੱਕਲ ਵਿਚ ਸਨ ! ਨੂੰਹਾਂ ਧਤੂਰੇ ਤੇ ਡੰਗ ਮਾਰ ਮਾਰ ਕੇ ਆਪਣੇ ਜ਼ਹਿਰ ਦੇ ਜ਼ਖੀਰੇ ਨੂੰ ਪੂਨ ਦੇ ਲੈਂਦਾ ਹੈ। ਇਸੇ ਤਰ੍ਹਾਂ ਸਿੱਖ ਵੀ ਮਰਹੱਟਿਆਂ ਤੇ ਰਾਜਪੂਤਾਂ ਨਾਲ ਮਿਲਕੇ ਆਪਣੀ ਤਾਕਤ ਦਾ ਗਠ ਜੋੜ ਕਰਨਾ ਚਾਹੁੰਦੇ ਹਨ। ਜਦ ਇਨ੍ਹਾਂ ਦੀਆਂ ਗਠ ਜੋੜ ਦੀਆਂ ਗੰਢਾਂ ਪੀਚ ਗਈਆਂ ਤੇ ਹੋ ਸਕਦਾ ਹੈ ਕਿ ਇਹ ਮੁਗਲ ਹਕੂਮਤ ਦੇ ਵਿਰੁਧ ਕੋਈ ਨਵਾਂ ਫ਼ਿਤਨਾ ਖੜਾ ਕਰ ਦੇਣ। ਇਸ ਲਈ ਇਨ੍ਹਾਂ ਦੇ ਨਕ ਵਿਚ ਹੁਣ ਤੋਂ ਹੀ ਨਕੇਲ ਪਾ ਕੇ ਰਖਣੀ ਚਾਹੀਦੀ ਹੈ, ਜੋ ਇਹ ਕੰਨ ਵਿਚ ਪਾਏ ਵੀ ਨਾ ਰੜਕਣ।

ਜਹਾਂ ਪਨਾਹ ! ਮੈਂ ਸਮੁੰਦਰ ਨੱਥਣਾ ਚਾਹੁੰਦਾ ਹਾਂ ਪਰ ਸਾਰੇ ਸਮੁੰਦਰ ਵਿਚ ਮਧਾਣੀ ਪਾ ਕੇ ਨਹੀਂ। ਸਗੋਂ ਉਹਦਾ ਪਾਣੀ ਟੋਇਆਂ ਟਿਬਿਆਂ ਵਿਚ ਲਿਆਕੇ। ਅੱਜ ਕੱਲ੍ਹ ਨਾਂਦੇੜ ਵਿਚ ਕਈ ਤਰ੍ਹਾਂ ਦੀਆਂ ਅਫ਼ਵਾਹਾਂ ਉਡ ਰਹੀਆਂ ਹਨ, ਜਿਨ੍ਹਾਂ ਵਿਚ ਜਹਾਂ ਪਨਾਹ ਤੇ ਵੀ ਤੋਹਮਤਾਂ ਲਾਈਆਂ ਜਾ ਰਹੀਆਂ ਹਨ। ਇਹ ਤੋਹਮਤਾਂ ਦੁਸ਼ਮਣੀ ਵਿਚ ਵੀ ਬਦਲ ਸਕਦੀਆਂ ਹਨ। ਸਿੱਖਾਂ ਵਿਚ, ਕਈਆਂ ਸਿੱਖਾਂ ਦਾ ਖਿਆਲ ਏ ਕਿ ਗੁਰੂ ਗੋਬਿੰਦ ਸਿੰਘ ਨੂੰ ਜ਼ਖਮੀ ਕਰਨ ਵਿਚ ਬਹਾਦਰ ਸ਼ਾਹ ਦਾ ਹੱਥ ਏ। ਭਾਵੇਂ ਇਹ ਗੱਲ ਸਿੱਖ ਵੀ ਮੰਨਦੇ ਹਨ ਕਿ ਛੁਰਾ ਮਾਰਨ ਵਾਲਾ ਪੈਂਦੇ ਖਾਂ ਦਾ ਪੋਤਰਾ ਤੇ ਉਸ ਦੀ ਉਸਦੇ ਖਾਨਦਾਨ ਨਾਲ ਗੁਰੂ ਜੀ ਦੀ ਪੁਰਾਣੀ ਦੁਸ਼ਮਣੀ ਏ। ਪਰ ਪੈਂਦੇ ਖਾਂ ਦੇ ਖੂਨ ਦਾ ਬਦਲਾ ਉਹਦੇ ਪੋਤਰੇ ਨੇ ਲੈ ਲਿਆ। ਖੂਨ ਏ. ਜਿਸਦਾ ਜੋਸ਼ ਵਿਚ ਆ ਜਾਵੇ। ਬਾਬੇ ਦਾ ਬਦਲਾ ਪਿਉ ਕੋਲੋਂ ਨਾ ਲਿਆ ਗਿਆ ਤਾਂ ਪੋਤਰੇ ਨੇ ਲੈ ਲਿਆ। ਪਠਾਣ ਤਿੰਨਾਂ ਪੀੜ੍ਹੀਆਂ ਤਕ ਦੁਸ਼ਮਣੀ ਦੀ ਖਾਰ ਰਖਦੇ ਹਨ। "ਬੁੱਢਾ ਮਰਨ ਵੇਲੇ ਸਾਰੇ ਦੁਸ਼ਮਣੀ ਦੇ ਭਾਂਡੇ ਤੋੜ ਦੇਂਦਾ ਹੈ। ਭਰਿਆ ਹੋਇਆ ਭਾਂਡਾ, ਜੋ ਚੰਨ ਚੜ੍ਹਾਂਦਾ ਏ, ਕੌਣ ਨਹੀਂ ਜਾਣਦਾ। ਗਜ਼ਨੀ ਦੀ ਕਿੜ ਦੱਖਣ ਵਿਚ ਆਣ ਕਢੀ ! ਇਸ ਲਈ ਸਿੱਖਾਂ ਦਾ ਖਿਆਲ ਹੈ ਕਿ ਉਸ ਆਪਣੀ ਜਾਨ ਦਾ ਸੌਦਾ ਕਰਕੇ ਬਦਲਾ ਲਿਆ ਹੈ। ਪਰ ਬਹੁਤੇ ਇਸ ਗੱਲ ਨੂੰ ਮੰਨਦੇ ਹਨ ਕਿ ਬਹਾਦਰ ਸ਼ਾਹ ਨੇ ਉਨ੍ਹਾਂ ਨੂੰ ਲਾਲਚ ਦੇ ਕੇ ਗੁਰੂ ਗੋਬਿੰਦ ਸਿੰਘ ਦੇ ਛੁਰਾ ਮਰਵਾਇਆ ਹੈ। ਕਿਉਂਕਿ ਮੁਗਲ ਹਕੂਮਤ ਨਾਲ ਸਿੱਖਾਂ ਦਾ ਅਹਿਦਨਾਮਾ ਹੋਇਆ ਸੀ ਕਿ ਜਦ ਬਾਦਸ਼ਾਹ ਦਿੱਲੀ ਦੇ ਤਖਤ ਤੇ ਕਾਬਜ਼ ਹੋ ਜਾਵੇਗਾ ਤੇ ਸਾਰੇ ਆਕੀ ਮਤੀਹ ਹੋ ਜਾਣਗੇ—ਉਦੋਂ ਜਹਾਂ ਪਨਾਹ ਸਿੱਖਾਂ ਦੇ ਹਵਾਲੇ ਸਰਹੰਦ ਦਾ ਸੂਬਾ, ਸੁਚਾ ਨੰਦ ਤੇ ਹੋਰ ਕਾਜ਼ੀ ਤੇ ਕੁਝ ਹੋਰ ਸਰਦਾਰ ਹਵਾਲੇ ਕਰ ਦੇਣਗੇ ! ਕਿਉਂਕਿ ਜਹਾਂ ਪਨਾਹ ਦਾ ਉਨ੍ਹਾਂ ਸਾਰਿਆਂ ਹਾਕਮਾਂ ਨਾਲ ਲਹੂ ਦਾ ਰਿਸ਼ਤਾ ਹੈ ਇਸ ਲਈ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਉਹ ਜਿਗਰ ਦੇ ਟੋਟੇ ਉਨ੍ਹਾਂ ਆਦਮੀਆਂ ਦੇ ਹੱਥ ਵਿਚ ਫੜਾ ਦੇਵੇ, ਜਿਨ੍ਹਾਂ ਨੇ ਇਕ ਗੱਲ ਨਹੀਂ ਸੁਣਨੀ ਤੇ ਕੁਤਿਆਂ ਅਗੇ ਪਾ ਦੇਣੇ ਹਨ।

ਆਲਮ ਪਨਾਹ ਨੇ ਤਾਂ ਦਿੱਲੀ ਦਾ ਤਖਤ ਲੈਕੇ ਇਹ ਬਹਾਨਾ ਲਾ ਲਿਆ ਸੀ ਕਿ ਇਕੋ ਵਾਰ

ਸਾਰਿਆਂ ਨੂੰ ਫੜਨ ਨਾਲ ਗ਼ਦਰ ਪੈ ਜਾਵੇਗਾ। ਇਹ ਉਸ ਵੇਲੇ ਅੰਨ ਦਾਤਾ ਦਾ ਦਾਅ ਚਲ ਗਿਆ। ਪਰ ਜਦ ਹੁਣ ਦੱਖਣ ਮਤੀਹ ਹੋ ਗਿਆ ਏ ਕਾਇਮ ਬਖਸ਼ ਦਾ ਕਿਤੇ ਖੁਰਾ ਖੋਜ ਵੀ ਨਹੀਂ ਰਿਹਾ ਤਾਂ ਹੁਣ ਹਕਦਾਰ ਨੇ ਆਪਣਾ ਹਕ ਮੰਗਣਾ ਹੈ। ਇਸ ਲਈ ਜਹਾਂ ਪਨਾਹ ਨੇ ਸਮਝਿਆ ਕਿ ਇਹਦਾ ਕਿਤੇ ਭੋਗ ਵੀ ਨਾ ਪਵੇ। ਪਹਿਲਾਂ ਹੀ ਪੈਂਦੇ ਖਾਂ ਦੇ ਪੋਤਰੇ ਨਾਲ ਰਲ ਕੇ ਤੇ ਉਹਦੀ ਮੁਠ ਗਰਮ ਕਰਾ ਕੇ ਗੁਰੂ ਸਾਹਿਬ ਦਾ ਕੰਡਾ ਕਢ ਦਿੱਤਾ ਜਾਵੇ। ਭਾਵੇਂ ਕੰਡਾ ਕਢਦਿਆ ਆਪਣਾ ਉਸ ਵਿਚਾਰੇ ਦਾ ਕੰਡਾ ਨਿਕਲ ਗਿਆ ਪਰ ਆਲਮ ਪਨਾਹ ਨੇ ਤਾਂ ਘਟ ਨਹੀਂ ਕੀਤੀ। ਇਹ ਦਲੀਲ ਦੇ ਕੇ ਸਿੱਖ ਇਕ ਦੂਜੇ ਨੂੰ ਮੁਗਲ ਨਰੇਸ਼ ਦੇ ਖਿਲਾਫ ਭੜਕਾਂਦੇ ਹਨ।

ਦੂਜੀ ਗੱਲ, ਆਲਮਗੀਰੀ ਹਕੂਮਤ ਦੇ ਨਾਲ ਭਾਵੇਂ ਗੁਰੂ ਗੋਬਿੰਦ ਸਿੰਘ ਨੇ ਟੱਕਰ ਲਈ। ਇਹ ਵਖਰੀ ਗੱਲ ਏ ਕਿ ਉਹ ਨੂੰ ਮੂੰਹ ਦੀ ਖਾਣੀ ਪਈ। ਔਰੰਗਜ਼ੇਬ ਦੀਆਂ ਫੌਜਾਂ ਤੇ ਆਲਮਗੀਰੀ ਨੀਤੀ ਨੇ ਸਿੱਖਾਂ ਦਾ ਨਕ ਵਿਚ ਦਮ ਕਰ ਕੇ ਰਖ ਦਿੱਤਾ। ਸਿੱਖ ਨਸਦੇ ਹੋਏ ਭੌਂਦੇ ਫਿਰਦੇ ਰਹੇ। ਕਿਤੇ ਅਰਾਮ ਨਾਲ ਗੋਡਾ ਵੀ ਨਾ ਨਿਵਾਂ ਸਕੇ। ਇਹ ਸਾਰਾ ਕਸੂਰ ਸਰਹੰਦ ਦੇ ਸੂਬੇ ਸਿਰ ਥੋਪਿਆ ਜਾਂਦਾ ਏ। ਅਨੰਦਪੁਰ, ਪੌਂਟਾ, ਚਮਕੌਰ, ਤਿੰਨ ਕਿਲ੍ਹੇ ਸਿੱਖਾਂ ਦੇ ਗੜ੍ਹ ਸਨ। ਇਨ੍ਹਾਂ ਤਿੰਨਾਂ ਕਿਲਿਆਂ ਵਲ ਮੂੰਹ ਕਰਨਾ ਲੋਹੇ ਦੇ ਚਣੇ ਚਬਾਣ ਵਾਲੀ ਗੱਲ ਸੀ। ਪਹਾੜੀ ਰਾਜੇ ਗੁਰੂ ਗੋਬਿੰਦ ਸਿੰਘ ਦਾ ਸਾਥ ਛਡ ਚੁਕੇ ਸਨ। ਸਿੱਖਾਂ ਦੀਆਂ ਆਪਣੀਆਂ ਨਰਦਾਂ ਪਾਟੀਆਂ ਹੋਈਆਂ ਸਨ। ਸ਼ਾਹੀ ਫੌਜ ਦਾ ਮੁਕਾਬਲਾ ਕਰਨਾ ਸ਼ੇਰ ਦੀ ਮੁੱਛ ਨੂੰ ਹੱਥ ਪਾਉਣ ਵਾਲੀ ਗੱਲ ਹੈ। ਸ਼ਾਹੀ ਫੌਜ ਇਕ ਤੂਫਾਨ ਸੀ ਉਸ ਤੂਫਾਨ ਵਿਚ ਗੁਰੂ ਗੋਬਿੰਦ ਸਿੰਘ ਨੇ ਅਜ਼ਾਦੀ ਝੰਡਾ ਗਡਿਆ ਤੇ ਲਲਕਾਰਿਆ :

"ਸੂਰਾ ਸੋਈ ਸੋ ਲਰੈ ਦੀਨ ਕੇ ਹੇਤ
ਪੁਰਜਾ ਪੁਰਜਾ ਕਟ ਮਰੈ ਕਬਹੂੰ ਨਾ ਛਾਡੈ ਖੇਤ"

—"ਸਿੱਖਾਂ ਵਿਚ ਪਰਚੰਡ ਜਵਾਲਾ ਦੀ ਸ਼ਕਤੀ ਆ ਗਈ। ਸਰੀਰ ਵਿਚ ਖੰਜਰ ਦੀ ਸ਼ਕਤੀ ਨੇ ਪ੍ਰਵੇਸ਼ ਕੀਤਾ। ਤੂਫਾਨਾਂ ਦੇ ਰੌੜ੍ਹ ਵਿਚ ਉਹ ਪੱਥਰ ਵਾਂਗੂੰ ਡਟ ਗਏ। ਤੂਫਾਨਾਂ ਦੇ ਜੋਸ਼ ਅਗੇ ਥਪੇੜਿਆਂ ਕੋਈ ਅਸਰ ਨਾ ਕੀਤਾ ਤੇ ਨਾਲੇ ਗੁਰੂ ਗੋਬਿੰਦ ਸਿੰਘ ਦਾ ਖੁਦਾਈ ਵਿਸ਼ਵਾਸ ਵੀ ਅਟਲ ਸੀ—"ਮੈ ਹੋਂ ਪਰਮਪੁਰਖ ਕਾ ਦਾਸਾ ਦੇਖਨ ਆਯੋ ਜਗਤ ਤਮਾਸਾ"—ਇਸ ਤਾਕਤ ਅਗੇ ਸ਼ਾਹੀ ਫੌਜ ਨਿਕਾਰੀ ਹੋ ਗਈ। ਸਰਹੰਦ ਦੇ ਨਵਾਬ ਨੇ ੧੭੫੬ ਸੰਮਤ ਵਿਚ ਕੀਰਤਪੁਰ ਵਿਚ ਸਿੱਖਾਂ ਦੇ ਦੰਦ ਖੱਟੇ ਕੀਤੇ ਤੇ ਅਨੰਦਪੁਰ ਨੂੰ ਮੁਹਾਸਰੇ ਵਿਚ ਲੈ ਲਿਆ। ਨਵਾਬ ਨੇ ਚਾਰੇ ਨਾਕੇ ਬੰਦ ਕਰ ਦਿੱਤੇ। ਰਾਸ਼ਨ ਪਾਣੀ ਵਲੋਂ ਸਿਰਫ ਰਬ ਦਾ ਨਾਂ ਹੀ ਰਹਿ ਗਿਆ। ਸਿੱਖ ਘਬਰਾ ਗਏ ਸਨ, ਤੇ ਨਵਾਬ ਦੀ ਚਾਲ ਕਾਰਗਰ ਹੋ ਗਈ। ਅਨੰਦਪੁਰ ਦੀ ਗੜ੍ਹੀ ਛਡ ਕੇ ਗੁਰੂ ਗੋਬਿੰਦ ਸਿੰਘ ਚਮਕੌਰ ਸਾਹਿਬ ਪੁਜ ਗਏ। ਸੂਬਾ ਮਗਰ ਲਗਾ ਹੋਇਆ ਸੀ। ਅਜੀਤ ਸਿੰਘ ਤੇ ਜੁਝਾਰ ਸਿੰਘ ਗੁਰੂ ਗੋਬਿੰਦ ਸਿੰਘ ਦੇ ਲਖਤੇ ਜਿਗਰ ਸਨ। ਦਗਦੀਆਂ ਤਲਵਾਰਾਂ ਵਿਚ ਦੋਵੇਂ ਸੂਰਮੇਂ ਜਾ ਡਟੇ। ਖੂਨ ਦੀਆਂ ਨਦੀਆਂ ਵਗ ਰਹੀਆਂ ਸਨ ਭਾਵੇਂ ਇਸ ਲੜਾਈ ਵਿਚ ਸ਼ਾਹੀ ਫੌਜ ਦੇ ਹੌਸਲੇ ਟੁਟ ਗਏ ਸਨ ਪਰ

ਉਹ ਫੇਰ ਵੀ ਸ਼ਾਹੀ ਫੌਜ ਸੀ। ਤਾਜ਼ਾ ਦਮ ਫੌਜ ਨੇ ਅਜੀਤ ਸਿੰਘ ਤੇ ਜੁਝਾਰ ਸਿੰਘ ਨੂੰ ਚਮਕੌਰ ਦੇ ਮੈਦਾਨ ਵਿਚ ਸ਼ਹੀਦ ਕਰ ਦਿੱਤਾ। ਚਮਕੌਰ ਦੀ ਗੜ੍ਹੀ ਵਿਚੋਂ ਗੁਰੂ ਸਾਹਿਬ ਭੇਸ ਬਦਲ ਕੇ ਮਾਛੀਵਾੜੇ ਥਾਣੀ ਹੁੰਦੇ ਦਮਦਮਾ ਸਾਹਿਬ ਪੁਜ ਗਏ ਤੇ ਉਥੋਂ ਕੁਝ ਆਂਦਾ ਸਾਂਢਾ ਕਰਕੇ ਜਹਾਂ ਪਨਾਹ ਨਾਲ ਰਲ ਗਏ। ਸਰਹੰਦ ਦੇ ਨਵਾਬ ਦੇ ਹੱਥ ਦੋ ਮਸੂਮ ਸਾਹਿਬਜ਼ਾਦੇ ਤੇ ਉਹਨਾਂ ਦੀ ਦਾਦੀ ਕਾਬੂ ਆ ਗਈ। ਉਸ ਜੰਮਦੀਆਂ ਸੂਲਾਂ ਦਾ ਮੂੰਹ ਭੰਨਣਾ ਹੀ ਚੰਗਾ ਸਮਝਿਆ। ਸਾਹਿਬਜ਼ਾਦੇ ਜੀਂਦੇ ਦੀਵਾਰਾਂ ਵਿਚ ਚਿਣ ਦਿੱਤੇ ਗਏ ਤੇ ਨਾਲ ਉਸ ਬੁੱਢੀ ਨੂੰ ਜਨਤ ਭੇਜਣ ਦਾ ਪ੍ਰਬੰਧ ਕਰ ਦਿੱਤਾ ਗਿਆ। ਵੇਲੇ ਦੀ ਨਜ਼ਾਕਤ ਨੂੰ ਇਸੇ ਤਰ੍ਹਾਂ ਸੁਲਝਾਇਆ ਜਾ ਸਕਦਾ ਸੀ।

ਆਲਮਗੀਰ ਨੇ ਗੁਰੂ ਗੋਬਿੰਦ ਸਿੰਘ ਨੂੰ ਹਥਿਆਰ ਸੁਟ ਦੇਣ ਦਾ ਰੋਅਬ ਦਿੱਤਾ। ਜਿਹਦੇ ਜਵਾਬ ਵਿਚ ਗੁਰੂ ਗੋਬਿੰਦ ਸਿੰਘ ਨੇ ਜ਼ਫ਼ਰਨਾਮਾ ਲਿਖਿਆ। ਭਾਵੇਂ ਜ਼ਫ਼ਰਨਾਮੇ ਨੂੰ ਲੈ ਕੇ ਭਾਈ ਦਇਆ ਸਿੰਘ ਸ਼ਹਿਨਸ਼ਾਹ ਤਕ ਪੁਜਿਆ। ਇਸ ਖਤੋ ਕਿਤਾਬਤ ਨੇ ਸੂਬੇ ਦੇ ਦਿਲ ਵਿਚ ਵਹਿਮ ਪਾ ਦਿੱਤਾ। ਹੋ ਸਕਦਾ ਏ ਕਿ ਜਹਾਂ ਪਨਾਹ ਦੇ ਹੱਥ ਦੇ ਸਾਥ ਨਾਲ ਗੁਰੂ ਗੋਬਿੰਦ ਸਿੰਘ ਆਪਣੇ ਮਨ ਦੀਆਂ ਮੁਰਾਦਾਂ ਪੂਰੀਆਂ ਕਰ ਲਵੇ। ਇਸ ਲਈ ਸੂਬੇ ਨੇ ਪੈਂਦੇ ਖਾਂ ਦੇ ਪੋਤਰੇ ਨੂੰ ਉਹਦੇ ਦਾਦੇ ਦੇ ਖੂਨ ਦਾ ਵਾਸਤਾ ਪਾ ਕੇ ਉਹਨੂੰ ਇਸ ਗੱਲ ਤੇ ਆਮਾਦਾ ਕਰ ਲਿਆ—ਖੂਨ ਉਹਦੇ ਸਿਰ ਚੜ੍ਹ ਬੋਲਿਆ। ਸੂਬਾ ਇਕ ਲਾਠੀ ਨਾਲ ਦੋ ਸ਼ਿਕਾਰ ਮਾਰਨਾ ਚਾਹੁੰਦਾ ਸੀ। ਸੋ ਉਹਦਾ ਦਾਉ ਚਲ ਗਿਆ। ਇਧਰ ਗੁਰੂ ਗੋਬਿੰਦ ਸਿੰਘ ਦਾ ਪੱਥਰ ਇਰਾਦਾ ਨਾ ਡੋਲਿਆ ਤੇ ਜਹਾਂ ਪਨਾਹ ਨੂੰ ਵੀ ਕਦੇ ਖਿਆਲ ਨਾ ਆਇਆ। ਆਤਮਕ ਸ਼ਕਤੀ ਨੇ ਗੁਰੂ ਗੋਬਿੰਦ ਸਿੰਘ ਨੂੰ ਡੋਲਣ ਨਾ ਦਿੱਤਾ।—ਹਾਲੁ ਮੁਰੀਦਾਂ ਦਾ ਕਹਣਾ ਮਿਤਰ ਪਿਆਰੇ ਨੂੰ—ਸਿੱਖਾਂ ਦਾ ਖਿਆਲ ਹੈ ਕਿ ਸੂਬੇ ਤੇ ਮੁਗਲ ਖਾਨਦਾਨ ਦਾ ਰਿਸ਼ਤਾ ਖੂਨ ਦਾ ਏ ਇਸ ਲਈ ਆਲਮ ਪਨਾਹ ਦੀ ਸ਼ਹਿ ਤੇ ਉਸ ਪਠਾਣ ਨੂੰ ਖੁਲ੍ਹ ਮਿਲ ਗਈ ਤੇ ਉਹ ਆਪਣੇ ਕੰਮ ਵਿਚ ਸਫਲ ਹੋ ਗਿਆ।

ਇਹਦੇ ਵਿਚ ਕਈ ਸਿੱਖ ਤਾਂ ਸੂਬਾ ਸਰਹੰਦ ਨੂੰ ਅਪਰਾਧੀ ਮੰਨਦੇ ਹਨ ਤੇ ਕਈ ਆਲਮ ਪਨਾਹ ਨੂੰ ਇਸ ਦਾ ਜ਼ੁਮੇਵਾਰ ਠਹਿਰਾ ਦੇਂਦੇ ਹਨ। ਇਸ ਵਹਿਮ ਵਿਚ ਛੁਪੀ ਹੋਈ ਬਗ਼ਾਵਤ ਏ। ਚੁਪ ਦੀ ਗੋਦ ਵਿਚ ਪਲਣ ਵਾਲੀ ਬਗਾਵਤ ਮੁਸ਼ਕਲ ਹੋ ਜਾਂਦੀ ਏ। ਪਿੰਡ ਬਝਣ ਤੋਂ ਪਹਿਲਾਂ ਹੀ ਉਜਾੜ ਦੇਣਾ ਰਾਜਨੀਤੀ ਹੈ। ਆਲਮ ਪਨਾਹ!......ਸ਼ਾਇਦ ਇਹਦਾ ਜਵਾਬ ਇਹ ਦੇਣ ਕਿ ਗੁਰੂ ਗੋਬਿੰਦ ਸਿੰਘ ਨਾਲ ਸਾਡਾ ਬੜਾ ਭਾਈਚਾਰਾ ਏ ਤੇ ਉਸ ਹਰ ਵੇਲੇ ਸਾਡੀ ਮਦਦ ਕੀਤੀ ਏ। ਅਸਾਂ ਕਦੇ ਵੀ ਉਹਦੀ ਨੀਅਤ ਵਿਚ ਫਰਕ ਨਹੀਂ ਵੇਖਿਆ। ਇਹ ਗੱਲ ਮੈਂ ਮੰਨਦਾ ਹਾਂ। ਪਰ ਸਾਰੇ ਸਿੱਖ ਗੁਰੂ ਗੋਬਿੰਦ ਸਿੰਘ ਤਾਂ ਨਹੀਂ। ਉਹਨਾਂ ਵਿਚ ਮੂਰਖ ਵੀ ਹਨ ਤੇ ਅੜਬ ਵੀ। ਕਿਸੇ ਨਾ ਕਿਸੇ ਵੇਲੇ ਆਕੀ ਹੋ ਸਕਦੇ ਹਨ। ਇਸ ਵੇਲੇ ਤਾਂ ਸਿੱਖ ਸਾਡੇ ਕਬਜ਼ੇ ਵਿਚ ਹਨ, ਪਰ ਜੇ ਇਹ ਮਰਹੱਟਿਆਂ ਨਾਲ ਮਿਲ ਗਏ ਤਾਂ ਸਾਡੀ ਤਾਕਤ ਤੋਂ ਬਾਹਰ ਹੋ ਜਾਣਗੇ। ਮਰਹੱਟਿਆਂ ਦੀ ਫੌਜ ਵਿਚ ਚੋਰ ਤੇ ਡਾਕੂਆਂ ਦੀ ਨੀਤੀ ਏ। ਉਹ ਭਗੌੜਿਆਂ ਵਾਙੂ ਲੁਕ ਛਿਪ ਕੇ ਵਾਰ ਕਰਦੇ ਹਨ।

ਭਾਵੇਂ ਮਰਹੱਟਿਆਂ ਦੀ ਸ਼ਾਹੀ ਫੌਜ ਨੇ ਨੱਕ ਮਦੇ ਕਸੇ ਹੋਏ ਹਨ, ਪਰ ਆਲਮ ਪਨਾਹ ! ਚੋਰ ਚੋਰੀ ਤੋਂ ਜਾਂਦਾ ਏ ਹੇਰਾ ਫੇਰੀ ਤੋਂ ਨਹੀਂ । ਮਰਹੱਟੇ ਤੇ ਸਿੱਖ ਜੇ ਮਿਲ ਗਏ ਤਾਂ ਫਿਰ ਦੱਖਣ ਵਿਚ ਮੁਗਲ ਹਕੂਮਤ ਦੇ ਪੈਰ ਨਹੀਂ ਲਗ ਸਕਦੇ । ਉਖੜੇ ਪੈਰ ਕਦ ਤਕ ਰੁਕ ਸਕਦੇ ਹਨ । ਸਿੱਖਾਂ ਦਾ ਮਰਹੱਟਿਆਂ ਨਾਲ ਮਿਲਣਾ ਹੀ ਬਗਾਵਤ ਦਾ ਮੁਢ ਏ । ਇਕ ਸੱਪ ਤੇ ਦੂਜਾ ਸਪੋਲੀਆ, ਇਕ ਕਰੇਲਾ ਦੂਜਾ ਨਿੰਮ ਚੜ੍ਹਿਆ । ਜਹਾਂ ਪਨਾਹ ਵੇਲੇ ਦੀ ਨਜ਼ਾਕਤ ਤੋਂ ਫ਼ਾਇਦਾ ਉਠਾਉਣ ।

ਗੁਦਾਵਰੀ ਤੀਰਥ ਅਸਥਾਨ ਏ । ਨਾਂਦੇੜ ਵਿਚ ਮਹਾਂਦੇਵ ਦਾ ਮੰਦਰ ਹੈ । ਇਸ ਲਈ ਸਾਰੇ ਹਿੰਦੁਸਤਾਨ ਦੇ ਰਾਜਪੂਤ, ਮਰਹੱਟੇ ਤੇ ਹੋਰ ਸੂਬਿਆਂ ਦੇ ਹਿੰਦੂ ਇਥੇ ਇਕੱਠੇ ਹੁੰਦੇ ਹਨ । ਆਏ ਦਿਨ ਇਥੇ ਮੇਲੇ ਲਗਦੇ ਹਨ । ਪੁਜਾਰੀਆਂ ਦੇ ਰੂਪ ਵਿਚ ਇਥੇ ਬਾਗੀ ਵੀ ਨਜ਼ਰ ਆਏ ਹਨ । ਕਾਇਮ ਬਖਸ਼ ਦੇ ਬਾਗੀ ਸਿਪਾਹੀ ਵੀ ਕਈ ਹਿੰਦੂ ਲਿਬਾਸ ਵਿਚ ਫੜੇ ਗਏ ਹਨ । ਸਿੱਖਾਂ ਦੇ ਰਸਮੋਂ ਰਿਵਾਜ ਵੀ ਤਾਂ ਇਹਨਾਂ ਨਾਲ ਮਿਲਦੇ ਹਨ । ਸਿੱਖ ਵੀ ਤੇ ਹਿੰਦੂ ਹਨ । ਮੇਰੇ ਵੇਖਣ ਵਿਚ ਆਇਆ ਏ, ਸਿੱਖਾਂ ਤੇ ਮਰਹੱਟਿਆਂ ਦੀ ਵੰਡੀ ਟੁਕਵੀਂ ਬੱਟੀ ਏ । ਬੁਰਕੀਆਂ ਸਾਂਝੀਆਂ ਹਨ, ਇਨ੍ਹਾਂ ਭਾਈਵਾਲਾਂ ਦੀਆਂ । ਰਾਜਪੂਤ ਤੇ ਸਿੱਖਾਂ ਦਾ ਚੋਲੀ-ਦਾਮਨ ਦਾ ਸਬੰਧ ਏ । ਸਿੱਖ ਰਹਿਮ ਦਿਲ ਹਨ ਤੇ ਜ਼ਬਾਨ ਦੇ ਪੱਕੇ । ਜੇ ਕਾਇਮ ਬਖਸ਼ ਦੇ ਸਿਪਾਹੀਆਂ ਨੂੰ ਇਨ੍ਹਾਂ ਨੇ ਮਦਦ ਦੇਣ ਦਾ ਵਾਇਦਾ ਕਰ ਦਿੱਤਾ ਤਾਂ ਸਿੱਖ ਕਦੀ ਵੀ ਪਿੱਛੇ ਨਹੀਂ ਹਟਣ ਵਾਲੇ । ਉਹ ਇਸ ਸੌਦੇ ਨੂੰ ਜਾਨ ਦੀ ਬਾਜ਼ੀ ਲਾ ਕੇ ਵੀ ਪੂਰਾ ਕਰਨਗੇ । ਸਿੱਖ ਬਹਾਦਰ ਹਨ ਤੇ ਰਾਜਪੂਤ ਅਣਖੀਲੇ । ਮਰਹੱਟੇ ਜੰਗਜੂ ਹਨ ਤੇ ਨੀਤੀਵਾਨ । ਇਨ੍ਹਾਂ ਤਿੰਨਾਂ ਦਾ ਮਿਲ ਜਾਣਾ ਤੂਫ਼ਾਨ ਦਾ ਰੂਪ ਏ । ਤੇ ਜੇ ਇਹਦੇ ਵਿਚ ਕਾਇਮ ਬਖਸ਼ ਦੇ ਸਿਪਾਹੀ ਮਿਲ ਜਾਣ ਤੇ ਫੇਰ ਘਰ ਦਾ ਭੇਤੀ ਲੰਕਾ ਢਾਏ ਵਾਲੀ ਗੱਲ ਬਣ ਜਾਏਗੀ । ਇਨ੍ਹਾਂ ਚਹੁੰ ਦਾ ਮਿਲਣਾ ਝਖੜ, ਹਨੇਰੀ, ਬਦਲ ਤੇ ਤੂਫ਼ਾਨ ਨੂੰ ਸੱਦਾ ਦੇਣ ਵਾਲੀ ਗੱਲ ਏ । ਮਿਰਜ਼ਾ ਰਾਜਾ ਜੈ ਸਿੰਘ ਤੇ ਸ਼ਿਵਾ ਜੀ ਦੀਆਂ ਚਿੱਠੀਆਂ ਨੂੰ ਸਾਰਾ ਜਗ ਜਾਣਦਾ ਹੈ । ਸ਼ਿਵਾ ਜੀ ਦਾ ਜਾਦੂ ਮਿਰਜ਼ਾ ਰਾਜਾ ਜੈ ਸਿੰਘ ਦੇ ਸਿਰ ਚੜ੍ਹ ਬੋਲਿਆ । ਗੁਰੂ ਗੋਬਿੰਦ ਸਿੰਘ ਦੇ ਖਤ ਸ਼ਿਵਾ ਜੀ ਦੇ ਨਾਂ ਭਾਵੇਂ ਸਾਡੇ ਹੱਥ ਨਹੀਂ ਲਗੇ ਪਰ ਕਈ ਸਿੱਖਾਂ ਦੀ ਜ਼ਬਾਨ ਤੋਂ ਇਸ ਖਤ ਦੇ ਸ਼ੇਅਰ ਸੁਣੇ ਗਏ ਹਨ ਜਿਹੜੇ ਫ਼ਾਰਸੀ ਵਿਚ ਹਨ । ਸਾਰੇ ਸ਼ੇਅਰਾਂ ਦਾ ਕੋਈ ਨੱਬੇ ਦੇ ਕਰੀਬ ਅੰਦਾਜ਼ਾ ਏ । ਜਿਨ੍ਹਾਂ ਵਿਚੋਂ ਅਸੀਂ ਵੀਹ ਕੁ ਸ਼ੇਅਰ ਸੁਣ ਸਕੇ ਹਾਂ । ਜੇ ਹੁਕਮ ਹੋਵੇ ਤਾਂ ਸਿੱਖਾਂ ਨੂੰ ਜ਼ਬਰਦਸਤੀ ਇਹ ਸ਼ੇਅਰ ਸੁਣਾਨ ਤੇ ਮਜਬੂਰ ਕੀਤਾ ਜਾਵੇ । ਇਸ ਤਰ੍ਹਾਂ ਇਹ ਸਾਰਾ ਰਾਜ਼ ਫਾਸ਼ ਹੋ ਜਾਵੇਗਾ । ਸ਼ੇਅਰਾਂ ਦਾ ਮਤਲਬ ਇਹ ਹੈ :—

"ਮੈਂ ਤਲਵਾਰ, ਛਵ੍ਹੀ, ਤੀਰ, ਅਨ੍ਹੀਂ ਤੇ ਢਾਲ ਦੇ ਮਾਲਕ ਦਾ ਨਾਂ ਲੈਕੇ ਮੈਦਾਨ ਦੇ ਸਮਰਾਟ ਤੇ ਹਵਾ ਨਾਲ ਗੱਲਾਂ ਕਰਨ ਵਾਲੇ ਘੋੜਿਆਂ ਦੇ ਮਾਲਕ ਦੀ ਸਹੁੰ ਖਾ ਕੇ ਜਿਨ੍ਹਾਂ ਤੁਹਾਨੂੰ ਬਾਦਸ਼ਾਹੀ ਦਿੱਤੀ ਏ ਮੈਨੂੰ ਧਰਮ ਦੀ ਰਖਸ਼ਾ ਦਾ ਖਿਆਲ—ਤੁਰਕ ਹਕੂਮਤ ਦੇ ਸਰਦਾਰ ਜਿਹੜੇ ਦਗੇ ਫਰੇਬ ਦੇ ਸਮਰਾਟ ਹਨ, ਉਨ੍ਹਾਂ ਤੇ ਇਤਬਾਰ ਕਰਨਾ ਨੀਤੀ ਨਹੀਂ । ਆਲਮਗੀਰ ਦੇ ਬਾਰੇ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ—ਔਰੰਗਜ਼ੇਬ ਦਾ ਨਾਂ ਤੈਨੂੰ ਜ਼ੇਬ ਨਹੀਂ ਦੇਂਦਾ ਤੇ ਔਰੰਗਜ਼ੇਬਾਂ

ਨੂੰ ਫਰੇਬ ਜੇਬ ਨਹੀਂ ਦੇਂਦਾ। ਤੇਰੀ ਤਸਬੀ ਮਾਲਾ ਦੇ ਮਣਕੇ ਕੁਝ ਨਹੀਂ। ਧਾਗਿਆਂ ਤੋਂ ਬਗੈਰ ਇਹ ਫਰੇਬ ਹਨ। ਉਡਦੇ ਪੰਛੀਆਂ ਨੂੰ ਦਾਣਾ ਪਾਉਣ ਵਾਲੀ ਗੱਲ ਏ। ਮਣਕੇ ਦਾਣੇ ਦਾ ਧੋਖਾ ਦੇਂਦੇ ਹਨ ਤੇ ਧਾਗੇ ਜਾਨ ਦਾ। ਤੂੰ ਆਪਣੇ ਪਿਓ ਦੀ ਮਿੱਟੀ ਨੂੰ ਆਪਣੇ ਭਰਾਵਾਂ ਦੇ ਖ਼ੂਨ ਨਾਲ ਗੋਹਿਆ ਏ ਤੇ ਆਰਜ਼ੀ ਹਕੂਮਤ ਦੇ ਕੱਚੇ ਕੋਠੇ ਦੀ ਬੁਨਿਆਦ ਰਖੀ ਏ। ਮੈਂ ਇਸ ਮਕਾਨ ਤੇ ਅਕਾਲ ਪੁਰਖ ਦੀ ਕਿਰਪਾ ਨਾਲ ਲੋਹੇ ਦੇ ਗੋਲਿਆਂ ਵਰਗੇ ਢੇਲਿਆਂ ਦੀ ਬਾਰਸ਼ ਕਰਾਂਗਾ ਤੇ ਇਸ ਪਵਿੱਤਰ ਧਰਤੀ ਤੇ ਮਨਹੂਸ ਚਾਰ ਦੀਵਾਰੀ ਦਾ ਕਿਤੇ ਨਾਂ ਵੀ ਨਾ ਰਹੇਗਾ। ਦੱਖਣ ਦੇ ਪਿਆਰੇ ਮਰਹੱਟਾ ਦੇਸ਼ ਵਿਚੋਂ ਤੂੰ ਮੂੰਹ ਦੀ ਖਾਧੀ ਏ। ਮੇਵਾੜ ਵਿਚੋਂ ਵੀ ਕੌੜਾ ਘੁਟ ਪੀ ਕੇ ਆਇਆ ਏਂ ਤੇ ਜੇ ਹੁਣ ਤੇਰੀ ਨਜ਼ਰ ਇਸ ਪਾਸੇ ਆਈ ਹੈ ਤਾਂ ਫਿਕਰ ਨਾ ਕਰ! ਤੇਰੀ ਤਲਖੀ ਤੇ ਪਿਆਸ ਮਿਟ ਜਾਵੇਗੀ। ਮੈਂ ਤੇਰੇ ਪੈਰਾਂ ਦੀਆਂ ਤਲੀਆਂ ਥੱਲੇ ਇਸ ਤਰ੍ਹਾਂ ਅੱਗ ਦੇ ਅੰਗਿਆਰ ਰਖਾਂਗਾ ਕਿ ਤੈਨੂੰ ਪੰਜਾਬ ਵਿਚ ਪਾਣੀ ਵੀ ਨਹੀਂ ਪੀਣ ਦੇਵਾਂਗਾ। ਕੀ ਹੋਇਆ ਜੇ ਗਿਦੜ ਨੇ ਧੋਖੇ ਤੇ ਫਰੇਬ ਨਾਲ ਸ਼ੇਰਾਂ ਦੇ ਬੱਚਿਆਂ ਨੂੰ ਮਾਰ ਲਿਆ ਹੈ। ਜਦ ਤਕ ਖ਼ੂੰਖਾਰ ਸ਼ੇਰ ਜ਼ਿੰਦਾ ਹੈ, ਤਦ ਤਕ ਉਹ ਤੇਰੇ ਪਾਸੋਂ ਆਪਣੇ ਲਹੂ ਦਾ ਬਦਲਾ ਲੈ ਲਵੇਗਾ। ਮੈਂ ਹੁਣ ਤੇਰੇ ਖੁਦਾ ਦੇ ਪਾਸੋਂ ਇਹ ਆਸ ਨਹੀਂ ਰਖਾਂਗਾ। ਮੈਂ ਇਕ ਵਾਰ ਅੱਗੇ ਤੇਰੇ ਖ਼ੁਦਾ ਦੇ ਕਲਾਮ ਨੂੰ ਵੇਖ ਲਿਆ ਹੈ।

ਹੁਣ ਤੇਰੀਆਂ ਕਸਮਾਂ ਤੇ ਮੈਨੂੰ ਇਤਬਾਰ ਨਹੀਂ। ਸਿਰਫ ਇਸ ਗੱਲ ਦਾ ਨਬੇੜਾ ਹੁਣ ਤਲਵਾਰ ਕਰੇਗੀ। ਜੇ ਤੂੰ ਚਲਾਕ ਬਘਿਆੜ ਨਿਕਲ ਆਇਆ ਤੇ ਮੈਂ ਵੀ ਵਿਚੋਂ ਸ਼ੇਰ ਛਡਾਂਗਾ। ਰਬ ਕਰੇ ਜੇ ਕਦੀ ਤੇਰਾ ਤੇ ਮੇਰਾ ਟਾਕਰਾ ਹੋ ਗਿਆ ਤੇ ਮੈਂ ਤੈਨੂੰ ਠੀਕ ਨੇਕੀ ਦੀ ਡੰਡੀ ਪਾ ਦੇਵਾਂਗਾ। ਮੈਦਾਨ ਵਿਚ ਜੇ ਫੌਜਾਂ ਕਤਾਰ ਬੰਨ੍ਹ ਲੈਣ ਤੇ ਛੇਤੀ ਹੀ ਉਜਾਗਰ ਹੋ ਜਾਂਦੀਆਂ ਹਨ। ਸਾਡੇ ਵਲੋਂ ਵੀ ਸਾਢੇ ਸੱਤਾਂ ਮੀਲਾਂ ਦਾ ਫਾਸਲਾ ਹੈ। ਮੈਂ ਇਸ ਜੰਗ ਵਿਚ ਫ਼ਰਮ ਫੜਾ ਆਵਾਂਗਾ ਤੇ ਤੂੰ ਘੋੜ ਸਵਾਰ ਨਾਲ ਲੈ ਕੇ ਆਵੀਂ। ਨਾਜ਼ ਨਿਹਮਤਾਂ ਨਾਲ ਪਲਿਆ ਹੋਇਆ ਏਂ ਪਰ ਕਦੀ ਕਿਸੇ ਲੜਾਕੇ ਸੂਰਮੇਂ ਨਾਲ ਤੇਰਾ ਵਾਸਤਾ ਨਹੀਂ ਪਿਆ। ਤੂੰ ਆਪ ਤਲਵਾਰ ਲੈ ਕੇ ਮੈਦਾਨ ਵਿਚ ਨਿਤਰ। ਐਵੇਂ ਖ਼ੁਦਾ ਦੀ ਖਲਕਤ ਨੂੰ ਤਬਾਹ ਨਾ ਕਰ। ਅਸੀਂ ਦੋਵੇਂ ਆਪਣੀ ਕਿਸਮਤ ਦਾ ਫੈਸਲਾ ਕਰ ਲਈਏ"—ਇਹ ਖਤ ਗੁਰੂ ਗੋਬਿੰਦ ਸਿੰਘ ਦਾ ਏ ਜਿਹੜਾ ਸਿੱਖਾਂ ਦੀ ਜ਼ਬਾਨੀ ਕੰਠ ਏ ਤੇ ਉਹ ਆਪਣੇ ਬੱਚਿਆਂ ਨੂੰ ਇਸ ਖਤ ਦੀ ਗੁੜ੍ਹਤੀ ਦੇਂਦੇ ਹਨ। ਮੈਨੂੰ ਜਾਪਦਾ ਹੈ ਕਿ ਏ ਖਤ ਗੁਰੂ ਗੋਬਿੰਦ ਸਿੰਘ ਨੇ ਸ਼ਿਵਾ ਜੀ ਨੂੰ ਸ਼ਹਿਨਸ਼ਾਹ ਔਰੰਗਜ਼ੇਬ ਦੇ ਖਿਲਾਫ ਲਿਖਿਆ ਤਾਂ ਨਹੀਂ ਪਰ ਵਿਖਾਉਣ ਲਈ ਭੇਜਿਆ ਏ। ਕਿੰਨੀ ਜ਼ਹਿਰ ਦੀ ਪੁਠ ਏ, ਆਲਮ ਪਨਾਹ। ਇਸ ਖਤ ਵਿਚ।

ਅਜੇ ਕੱਲ੍ਹ ਦੀ ਗੱਲ ਏ, ਯਾਤਰੀ ਫੜਿਆ ਗਿਆ ਜਿਹੜਾ ਮਰਹੱਟਾ ਸੀ। ਉਹਦੀ ਤਲਾਸ਼ੀ ਲਈ ਗਈ ਤਾਂ ਇਹ ਖਤ ਮਿਲਿਆ। ਸ਼ਿਵਾ ਜੀ ਦਾ ਮਿਰਜ਼ਾ ਰਾਜਾ ਜੈ ਸਿੰਘ ਦੇ ਨਾਂ। ਮੈਂ ਖਤ ਵੇਖ ਕੇ ਹੈਰਾਨ ਹੋ ਗਿਆ ਕਿ ਇਹ ਖਤ ਕਿਸ ਤਰ੍ਹਾਂ ਆਪਣੀ ਜਾਨ ਤੋਂ ਵੀ ਅਜ਼ੀਜ਼ ਰਖਦੇ ਹਨ। ਇਹ ਅਸਲੀ ਖਤ ਦੀ ਨਕਲ ਏ। ਉਸ ਮਰਹੱਟੇ ਨੂੰ ਸਖਤੀ ਨਾਲ ਪੁਛਿਆ ਗਿਆ ਤਾਂ ਪਤਾ ਲਗਾ ਕਿ ਉਹ ਇਨ੍ਹਾਂ ਖਤਾਂ ਦੀ ਪੂਜਾ ਕਰਦੇ ਹਨ। ਗੁਰਦਖਸ਼ਣਾ ਵਿਚ ਇਹ ਖਤ ਦਿੱਤਾ ਜਾਂਦਾ ਹੈ।

ਦਾਜ ਵਿਚ ਇਸ ਖਤ ਦਾ ਅਸਥਾਨ ਪਹਿਲੀ ਕਤਾਰ ਵਿਚ ਏ ਤੇ ਗੁਰੂ ਉਹ ਖਤ ਦੂਜੇ ਮਰਹੱਟੇ ਨੂੰ ਦੇ ਦੇਂਦਾ ਏ। ਇਸ ਤਰ੍ਹਾਂ ਇਹ ਖਤ ਮਹਾਂਰਾਸ਼ਟਰ ਵਿਚ ਅੱਗ ਲਾ ਰਿਹਾ ਏ। ਮੈਨੂੰ ਇਉਂ ਜਾਪਦਾ ਏ ਕਿ ਇਹ ਹਰ ਮਰਹੱਟੇ ਨੂੰ ਇਨ੍ਹਾਂ ਖਤਾਂ ਦੀ ਪੁਠ ਦਿੱਤੀ ਜਾਂਦੀ ਹੈ। ਇਸ ਲਈ ਮਰਹੱਟੇ ਨਿਧੜਕ ਹਨ। ਇਨ੍ਹਾਂ ਦੀ ਖਲੜੀ ਵਿਚ ਰਤੀ ਡਰ ਨਹੀਂ। ਗਿਠ ਮੁਠੀਏ ਮਰਹੱਟੇ ਗੋਲੀਆਂ ਵਰਗੇ ਸਰਦਾਰਾਂ ਦੀ ਧੌਣ ਦਾ ਮਣਕਾ ਤੋੜ ਦੇਂਦੇ ਹਨ। ਉਹ ਬਜਰ ਵਾਂਗੂ ਸਖਤ ਹਨ। ਗੁਥਿਆ ਸਰੀਰ ਫੁਲਾਦ ਵਾਂਗੂ ਟੱਕਰ ਖਾਂਦਾ ਹੈ। ਉਹ ਦਿਲ ਦੇ ਕੱਚੇ ਨਹੀਂ। ਉਨ੍ਹਾਂ ਵਿਚ ਇਹ ਗੱਲ ਕੁਟ ਕੁਟ ਕੇ ਭਰੀ ਹੋਈ ਏ ਕਿ ਮੁਗਲ ਉਨ੍ਹਾਂ ਦੇ ਵੈਰੀ ਹਨ। ਉਹ ਇਸ ਲਈ ਇਸ ਖਤ ਦਾ ਨਿਤਨੇਮ ਪਾਠ ਕਰਦੇ ਹਨ। ਕਈ ਏਸ ਨੂੰ ਗੀਤਾ ਵਾਂਗੂ ਮੰਨਦੇ ਹਨ ਉਹ ਖਤ ਇਸ ਤਰ੍ਹਾਂ ਸ਼ੁਰੂ ਹੁੰਦਾ ਹੈ :—

ਸਰਦਾਰਾਂ ਦੇ ਸਰਦਾਰ, ਰਾਜਿਆਂ ਦੇ ਰਾਜਾ, ਹਿੰਦੁਸਤਾਨ ਦੇ ਬਾਗ ਦੇ ਮਾਲੀ ਸ੍ਰੀ ਰਾਮ ਚੰਦਰ ਦੇ ਵੰਸ਼ ਦੇ ਟੁਕੜੇ ਤੇਰੇ ਦਮ ਨਾਲ ਰਾਜਪੂਤਾਂ ਦਾ ਸਿਰ ਉੱਚਾ ਹੈ। ਤੇਰੇ ਹੀ ਬਲ ਬੋਤੇ ਨਾਲ ਹਮਾਯੂੰ ਤੇ ਅਕਬਰ ਦੀ ਹਕੂਮਤ ਦੀਆਂ ਜੜ੍ਹਾਂ ਪਤਾਲ ਤਕ ਲਗੀਆਂ ਹੋਈਆਂ ਹਨ। ਤੂੰ ਇਸ ਹਕੂਮਤ ਦਾ ਥੰਮ੍ਹ ਏ। ਕਿਸਮਤ ਦੇ ਵਲੀ ਤੇ ਅਕਲ ਦੇ ਧਨੀ! ਜੈ ਸ਼ਾਹ। ਸ਼ਿਵਾ ਜੀ ਤੈਨੂੰ ਨਮਸਕਾਰ ਕਰਦਾ ਹੈ। ਉਹਦੀ ਅਸੀਸ ਪ੍ਰਵਾਨ ਕਰ। ਦੁਨੀਆਂ ਦਾ ਮਾਲਕ ਤੇਰਾ ਨਿਗਾਹਵਾਨ ਰਹੇ ਤੇ ਤੈਨੂੰ ਧਰਮ ਤੇ ਇਨਸਾਫ ਦਾ ਰਸਤਾ ਦੱਸੇ। ਸੁਣਿਆ ਏ ਕਿ ਤੂੰ ਦੱਖਣ ਦੇਸ਼ ਵਿਚ ਮੇਰੀ ਧੌਣ ਤੋੜਨ ਲਈ ਆਇਆ ਏਂ। ਮੇਰੇ ਦੇਸ਼ ਨੂੰ ਵੀਰਾਨ ਕਰਕੇ ਆਪਣੀ ਫਤਹਿ ਦੇ ਝੰਡੇ ਗਡਣੇ ਚਾਹੁੰਦਾ ਏਂ। ਤੂੰ ਹਿੰਦੂਆਂ ਦੇ ਦਿਲਾਂ ਤੇ ਖ਼ੂਨ ਨਾਲ ਲਿਖ ਦੇਣਾ ਚਾਹੁੰਦਾ ਏਂ ਕਿ ਇਹ ਦੇਸ਼ ਮੁਗਲਾਂ ਦਾ ਏ। ਸੁਰਖਰੂ ਹੋਣ ਵਾਲੇ ਸੂਰਵੀਰ ਤੂੰ ਇਹ ਨਹੀਂ ਜਾਣਦਾ ਕਿ ਇਹਦੇ ਨਾਲ ਤੇਰੇ ਮੂੰਹ ਤੇ ਕਾਲਖ ਮਲੀ ਜਾ ਰਹੀ ਏ ਤੇ ਦੇਸ਼ ਤੇ ਧਰਮ ਤਬਾਹ ਹੋ ਰਿਹਾ ਹੈ। ਤੂੰ ਇਕ ਵਾਰ ਆਪਣਾ ਮੂੰਹ ਗਿਰੇਬਾਨ ਵਿਚ ਪਾ ਤੇ ਆਪਣੇ ਹੱਥ ਤੇ ਆਪਣੀ ਬੁੱਕਲ ਨੂੰ ਵੇਖ ਤੇ ਤੈਨੂੰ ਨਜ਼ਰ ਆਵੇਗਾ ਕਿ ਕਿਸ ਦੇ ਲਹੂ ਦਾ ਰੰਗ ਕੀ ਏ। ਜਹਾਨ ਵਿਚ ਕਿਸ ਰੰਗ ਦਾ ਰੰਗ ਕੀ ਏ? ਤੇ ਤੂੰ ਜੇ ਆਪ ਦੱਖਣ ਦੀ ਫਤਹਿ ਵਾਸਤੇ ਆਉਂਦਾ ਤਾਂ ਮੇਰਾ ਸਿਰ ਤੇ ਮੇਰੀਆਂ ਅੱਖਾਂ ਦੀਆਂ ਪਲਕਾਂ ਤੇਰੇ ਰਾਹ ਵਿਚ ਵਿਛ ਜਾਂਦੀਆਂ। ਮੈਂ ਫੌਜਾਂ ਲੈ ਕੇ ਤੇਰੇ ਨਾਲ ਹੋ ਜਾਂਦਾ ਤੇ ਅਸੀਂ ਸਾਰੇ ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤਕ ਤੇਰੀ ਤਲਵਾਰ ਦੀ ਛਤਰ ਛਾਵੇਂ ਸਾਰੇ ਮਸੀਹ ਹੋ ਜਾਂਦੇ ਪਰ ਹੁਣ ਤੂੰ ਔਰੰਗਜ਼ੇਬ ਦਾ ਸਰਦਾਰ ਬਣ ਕੇ ਆਇਆ ਏਂ ਜਿਹੜਾ ਲੋਕਾਂ ਨੂੰ ਧੋਖਾ ਦੇਣਾ ਆਪਣਾ ਮਜ਼ਹਬ ਸਮਝਦਾ ਹੈ। ਮੇਰੀ ਸਮਝ ਵਿਚ ਨਹੀਂ ਆਉਂਦਾ ਕਿ ਮੈਂ ਤੇਰੇ ਨਾਲ ਕਿਹੜੀ ਖੇਡ ਖੇਡਾਂ। ਜੇ ਤੇਰੇ ਨਾਲ ਗੰਢ ਤੁਪ ਕਰ ਵੀ ਲਵਾਂ ਤਾਂ ਇਹ ਬਹਾਦਰੀ ਨਹੀਂ। ਵੀਰਤਾ ਨੂੰ ਲਾਜ ਲਗਦੀ ਏ ਮਰਦ ਝਟ ਟਪਾਊ ਹੇਰਾਂ ਫੇਰੀਆਂ ਨਹੀਂ ਕਰਦੇ। ਬਬਰ ਸ਼ੇਰ ਲੂੰਬੜੀ ਵਾਂਗੂ ਚਾਲਾਂ ਨਹੀਂ ਚਲਦਾ। ਪਰ ਸੋਚਦਾ ਹਾਂ ਕਿ ਜੇ ਮੈਂ ਤਲਵਾਰ ਤੇ ਕੁਹਾੜੇ ਤੋਂ ਕੰਮ ਲਵਾਂ ਤਾਂ ਦੋਹਾਂ ਪਾਸੀਂ ਹਿੰਦੂਆਂ ਦੇ ਹੀ ਹੱਥ ਲਹੂ ਨਾਲ ਰੰਗ ਹੁੰਦੇ ਹਨ। ਪਰ ਦੁਖ ਦੀ ਗੱਲ ਇਹ ਹੈ ਕਿ ਜੇ ਮੇਰੀ ਤਲਵਾਰ ਮਿਆਨ ਵਿਚੋਂ ਨਿਕਲੇ ਤਾਂ ਸਿਰਫ ਮੁਗਲਾਂ ਦਾ ਲਹੂ ਚਟਣ ਲਈ। ਜੇ ਜੰਗ ਵਿਚ ਹਿੰਦੂ ਤੇਰੇ ਨਾਲ ਹੁੰਦੇ ਤਾਂ ਸਾਨੂੰ ਘਰ ਬੈਠਿਆਂ

ਸ਼ਿਕਾਰ ਮਿਲ ਜਾਂਦਾ। ਪਰ ਉਸ ਕਾਲੀਆਂ ਕਰਤੂਤਾਂ ਵਾਲੇ ਇਨਸਾਨ ਦੇ ਜਨਮ ਦਾਤੇ, ਜਿਹੜਾ ਇਨ੍ਹਾਂ ਸਿਫਤਾਂ ਤੋਂ ਖਾਲੀ ਏ, ਉਹ ਆਦਮੀ ਦੀ ਸ਼ਕਲ ਵਿਚ ਰਾਖਸ਼ ਏ।

ਜਦ ਉਸ ਸ਼ੈਤਾਨ ਨੂੰ ਅਫਜ਼ਲ ਖਾਂ ਤੇ ਕੋਈ ਉਮੀਦ ਨਜ਼ਰ ਨਾ ਆਈ ਤਾਂ ਉਸ ਸ਼ਾਇਸਤਾ ਖਾਂ ਦੀ ਗੈਰਤ ਨੂੰ ਲਲਕਾਰਿਆ। ਪਰ ਸ਼ਾਇਸਤਾ ਖਾਂ ਵੀ ਇਸ ਕੰਮ ਨੂੰ ਨੇਪਰੇ ਨਾ ਚੜ੍ਹਾ-ਸਕਿਆ ਤੇ ਉਸ ਤੈਨੂੰ ਸਾਡੇ ਨਾਲ ਦੋ ਹੱਥ ਕਰਨ ਲਈ ਭੇਜ ਦਿੱਤਾ। ਕੀ ਉਹ ਆਪ ਲੜਨ ਦੀ ਹਿੰਮਤ ਨਹੀਂ ਰਖਦਾ। ਉਹ ਚਾਹੁੰਦਾ ਹੈ ਕਿ ਹਿੰਦੂਆਂ ਨੂੰ ਹਿੰਦੂਆਂ ਨਾਲ ਲੜਾ ਭੜਾ ਕੇ ਤਕੜੀ ਬਾਂਹ ਦਾ ਡੌਲਾ ਤੋੜ ਦੇਵਾਂ। ਸ਼ੇਰ ਲੜ ਲੜ ਕੇ ਕਮਜ਼ੋਰ ਹੋ ਜਾਣ ਤੇ ਗਿਦੜ ਸ਼ੇਰ ਬਣ ਜਾਵੇ। ਕੀ ਇਹ ਰਾਜ਼ ਤੇਰੀ ਸਮਝ ਵਿਚ ਨਹੀਂ ਆਉਂਦਾ? ਉਹ ਦਾ ਜਾਦੂ ਤੇਰੇ ਸਿਰ ਸਵਾਰ ਹੋ ਗਿਆ? ਕੀ ਤੂੰ ਦੁਨੀਆਂ ਵਿਚ ਨੇਕੀ ਬਦੀ ਦੀ ਉਖਲੀ ਵਿਚ ਛਟੇ ਚਿੱਟੇ ਚੌਲ ਨਹੀਂ ਵੇਖੇ। ਤੂੰ ਦੁਨੀਆਂ ਦੇ ਬਾਗ ਵਿਚ ਫੁੱਲ ਨਹੀਂ ਚੁਣੇ? ਕੀ ਤੇਰੇ ਹੱਥ ਕੰਡਿਆਂ ਨਾਲ ਨਹੀਂ ਉਲਝੇ। ਇਹ ਨਹੀਂ ਚਾਹੀਦਾ ਕਿ ਤੂੰ ਸਾਡੇ ਨਾਲ ਜੰਗ ਕਰੇਂ ਤੇ ਹਿੰਦੂਆਂ ਦੇ ਸਿਰ ਧੂੜ ਵਿਚ ਰੋਲੇਂ। ਜਵਾਨੀ ਦੀ ਹੈਂਕੜ ਵਿਚ ਇਹ ਗਲਤੀ ਨਾ ਕਰੀਂ।

ਸ਼ੇਖ ਸਾਦੀ ਦਾ ਕੌਲ ਯਾਦ ਰਖ—ਹਰ ਥਾਂ ਘੋੜਾ ਨਹੀਂ ਦੁੜਾਇਆ ਜਾਂਦਾ। ਕਿਤੇ ਢਾਲ ਵੀ ਸੁਟਣੀ ਪੈਂਦੀ ਏ। ਚੀਤੇ ਗਧਿਆਂ ਨਾਲ ਚੀਰ ਫਾੜ ਕਰਦੇ ਹਨ ਪਰ ਸ਼ੇਰਾਂ ਨਾਲ ਖਾਨਾ ਜੰਗੀ ਨਹੀਂ ਕਰਦੇ। ਜੇ ਤੇਰੀ ਤਲਵਾਰ ਨੂੰ ਜ਼ਹਿਰ ਦੀ ਪੁਠ ਲਗੀ ਏ ਤੇ ਤੇਰੇ ਘੋੜਿਆਂ ਦੇ ਕੰਨ ਫੁਰਕਦੇ ਹਨ ਤਾਂ ਧਰਮ ਦੇ ਵੈਰੀਆਂ ਨੂੰ ਮਿਧ ਦੇਹ! ਤੇ ਇਸਲਾਮ ਦੀ ਜੜ੍ਹ ਪੁਟ ਦੇਹ। ਜੇ ਮੁਲਕ ਦਾ ਬਾਦਸ਼ਾਹ ਦਾਰਾ-ਸ਼ਕੋਹ ਹੁੰਦਾ ਤਾਂ ਸਾਡੇ ਨਾਲ ਵੀ ਮਿਹਰਬਾਨੀ ਤੇ ਨਰਮੀ ਵਰਤੀ ਜਾਂਦੀ। ਕੀ ਰੋਜ਼ ਦੀਆਂ ਚਾਲਾਂ ਤੇ ਮਕਾਰੀਆ ਦੇ ਕਿੱਸੇ ਸੁਣ ਕੇ ਤੇਰੇ ਕੰਨ ਬੋਲੇ ਨਹੀਂ ਹੁੰਦੇ? ਤੂੰ ਬਬਰ ਸ਼ੇਰਾਂ ਨਾਲ ਲੜਾਈ ਕਰਨ ਲਈ ਲਕ ਬੰਨ੍ਹ ਲਿਆ ਹੈ। ਉਹਦੇ ਦਾਅ ਤੇ ਤੂੰ ਸਾਨੂੰ ਫੜਨ ਲਗਾ ਏਂ? ਉਸ ਆਪਣਾ ਦਾਅ ਕੱਢਣ ਲਈ ਆਪਣੇ ਭਰਾ ਦੇ ਲਹੂ ਨਾਲ ਆਪਣੇ ਹੱਥ ਲਬੇੜੇ ਤੇ ਪਿਉ ਦੀ ਜਾਨ ਲੈਣ ਤੋਂ ਵੀ ਨਹੀਂ ਸੰਗਿਆ। ਕੀ ਤੇਰਾ ਖਿਆਲ ਏ ਕਿ ਤੇਰੀ ਵਫਾਦਾਰੀ ਦਾ ਮੁੱਲ ਪਵੇਗਾ? ਤੇਰੀ ਬਹਾਦਰੀ ਦੇ ਝੰਡੇ ਗਡੇ ਜਾਣਗੇ? ਉਹ ਤੂੰ ਭੁਲ ਜਾ। ਜਿਹੜਾ ਪਿਓ ਦਾ ਸਕਾ ਨਹੀਂ ਉਹ ਤੇਰਾ ਕਿਸ ਤਰ੍ਹਾਂ ਬਣ ਸਕਦਾ ਹੈ? ਜੋ ਕੁਛ ਤੈਨੂੰ ਮਿਲਿਆ ਹੈ ਉਹ ਤੇਰੀ ਨੀਅਤ ਦਾ ਪ੍ਰਤਾਪ ਏ। ਤੇਰੀ ਬਹਾਦਰੀ ਦਾ ਮੁੱਲ ਨਹੀਂ ਪਿਆ। ਤੂੰ ਵਤਨ ਪ੍ਰਸਤਾਂ ਦੇ ਦੁਖ ਦੀ ਅੱਗ ਨਾਲ ਆਪਣੀ ਤਲਵਾਰ ਗਰਮ ਕਰ ਤੇ ਮਜ਼ਲੂਮਾਂ ਦੇ ਅਥਰੂਆਂ ਨਾਲ ਉਹ ਨੂੰ ਪਾਣ ਦੇਹ। ਸਾਨੂੰ ਆਪਸ ਵਿਚ ਲੜਨ ਦੀ ਲੋੜ ਨਹੀਂ। ਹਿੰਦੁਸਤਾਨ ਤੇ ਇਸ ਵੇਲੇ ਬੜੀ ਭੀੜ ਬਣੀ ਹੋਈ ਏ। ਸਾਡੀਆਂ ਔਰਤਾਂ, ਬੱਚੇ, ਮੁਲਕ ਤੇ ਮਾਲ ਖਜ਼ਾਨਾ, ਪਵਿੱਤਰ ਮੰਦਰ ਤੇ ਪੁਜਾਰੀ ਇਹ ਸਭ ਕੁਝ ਉਸ ਦੀ ਕਰਤੂਤ ਨਾਲ ਤਬਾਹ ਹੋ ਰਿਹਾ ਹੈ। ਉਸ ਦੇ ਜ਼ੁਲਮ ਦੀਆਂ ਹੱਦਾਂ ਮੁਕ ਗਈਆਂ ਨੇ। ਜੇ ਕੁਝ ਦਿਨ ਉਹ ਦੀ ਰਫਤਾਰ ਇਸ ਤਰ੍ਹਾਂ ਰਹੀ ਤਾਂ ਸਾਡਾ ਬੀਜ ਨਾਸ ਹੋਣਾ ਕੋਈ ਵੱਡੀ ਗੱਲ ਨਹੀਂ। ਕਿੰਨੀ ਸ਼ਰਮ ਦੀ ਗੱਲ ਏ ਕਿ ਮੁਸਲਮਾਨਾਂ ਦੇ ਇਕ ਦਸਤੇ ਦਾ ਸਾਰੇ ਹਿੰਦੁਸਤਾਨ ਤੇ ਹੁਕਮ ਤੇ

ਰਾਜ ਹੈ। ਇਹ ਭੈ ਇਨ੍ਹਾਂ ਦੀ ਬਹਾਦਰੀ ਨੇ ਨਹੀਂ ਪਾਇਆ ਜੇ ਤੇਰੇ ਕੋਲ ਖੋਜ ਕਰਨ ਵਾਲੀ ਅੱਖ ਹੈ ਤਾਂ ਵੇਖ ਕਿ ਚਲਾਕ ਸ਼ਾਤਰ ਸਾਨੂੰ ਕਿਸ ਤਰ੍ਹਾਂ ਆਪਣੀ ਸ਼ਤਰੰਜ ਦੇ ਮੋਹਰੇ ਬਣਾਕੇ ਖੇਡ ਰਿਹਾ ਏ ਤੇ ਕਿਵੇਂ ਉਹ ਨੂੰ ਹੁਸਨ ਦੀਆਂ ਕਲੀਆਂ ਚੜ੍ਹ ਰਹੀਆਂ ਨੇ। ਸਾਡੇ ਪੈਰਾਂ ਨੂੰ ਸਾਡੀ ਜ਼ੰਜੀਰ ਨਾਲ ਜਕੜ ਦਿੱਤਾ ਸੂ। ਸਾਡੀ ਸ਼ਾਹ ਰਗ ਤੇ ਸਾਡੀ ਹੀ ਤਲਵਾਰ ਚਲਾਂਦਾ ਹੈ। ਕਿ ਮੈਂ ਨੇਜ਼ੇਬਾਜ਼ ਸਵਾਰ ਲੈ ਕੇ ਚਾਹਾਂ ਤਾਂ ਇਨ੍ਹਾਂ ਦੋਵਾਂ ਸ਼ਾਹਸਵਾਰਾਂ ਦੀ ਮਿਝ ਕਢ ਦੇਵਾਂ। ਕਾਲੀਆਂ ਬਦਲੀਆਂ ਵਰਗੇ ਸੂਰਮੇ ਲੈ ਕੇ ਆਪਣੀਆਂ ਤਲਵਾਰਾਂ ਨੂੰ ਮੁਸਲਮਾਨਾਂ ਦੇ ਖੂਨ ਨਾਲ ਨਲ੍ਹਾ ਦਿਆਂ। ਦੱਖਣ ਦੇ ਖੂੰਜੇ ਖੂੰਜੇ ਵਿਚੋਂ ਮੈਂ ਕਾਫਰਾਂ ਦਾ ਬੀਜ ਨਾਸ ਕਰ ਦਿਆਂ। ਮੈਂ ਤੀਰਾਂ ਨਾਲ ਖੂਨ ਦਾ ਲਹੂ ਵਰ੍ਹਾ ਦਿਆਂ ਤੇ ਇਨ੍ਹਾਂ ਦਾ ਕਿਤੇ ਖੁਰਾ ਖੋਜ ਵੀ ਨਾ ਲੱਭੇ ਤੇ ਇਸ ਦੇ ਮਗਰੋਂ ਦੱਖਣ ਦੀਆਂ ਪਹਾੜੀਆਂ ਦੀ ਬੁੱਕਲ ਵਿਚੋਂ ਇਸ ਤਰ੍ਹਾਂ ਨਿਕਲ ਆਵਾਂ ਜਿਸ ਤਰ੍ਹਾਂ ਦੁਮਦਾਰ ਸਤਾਰਾ। ਮੇਰੀਆਂ ਬਾਹਾਂ ਵਿਚ ਦਰਿਆ ਦੀਆਂ ਲਹਿਰਾਂ ਵਰਗੀ ਤਾਕਤ ਹੈ। ਮੈਂ ਚਾਹੁੰਦਾ ਹਾਂ ਜੇ ਅਸੀਂ ਦੋਵੇਂ ਫ਼ੌਜਾਂ ਇਕ ਜਗ੍ਹਾ ਇਕਠੀਆਂ ਹੋ ਜਾਈਏ ਤਾਂ ਇਨ੍ਹਾਂ ਜ਼੍ਹਾ ਕਾਫੀਆਂ ਤੰਗ ਕਰ ਦਈਏ ਤੇ ਦਿੱਲੀ ਦੀਆਂ ਜ਼ਾਲਮ ਦੀਵਾਰਾਂ ਨੂੰ ਜਾ ਛੋਹੀਏ। ਤਖਤੇ ਤਾਊਸ ਹਿਲ ਜਾਵੇ। ਨਾ ਉਹ ਰਾਜ ਸਿੰਘਾਸਣ ਰਹੇ ਤੇ ਨਾ ਉਹ ਜ਼ਾਲਮ ਤਲਵਾਰ ਤੇ ਨਾ ਫਰੇਬ ਦਾ ਜਾਲ। ਤੂੰ ਤੇ ਮੈਂ ਰਲ ਕੇ ਖੂਨ ਦੀ ਇਕ ਨਦੀ ਵਗਾ ਦਈਏ ਤੇ ਉਨ੍ਹਾਂ ਨਾਲ ਆਪਣੇ ਮਿਤਰਾਂ ਨੂੰ ਜਲ ਪਿਲਾ ਦੇਈਏ। ਉਸ ਪਰਮ ਪ੍ਰਮੇਸ਼ਵਰ ਦੀ ਸਹਾਇਤਾ ਨਾਲ ਔਰੰਗਜ਼ੇਬ ਦੀ ਕਬਰ ਜ਼ਮੀਨਦੋਜ਼ ਬਣਾ ਦੇਈਏ। ਸਰਦ ਖਾਨਿਆਂ ਵਿਚ ਸਦਾ ਲਈ ਠੰਡਾ ਹੋ ਜਾਵੇ। ਇਹ ਕੋਈ ਮੁਸ਼ਕਲ ਕੰਮ ਨਹੀਂ। ਸਿਰਫ ਅੱਖ ਦੀ ਸ਼ਰਮ, ਡੌਲਿਆਂ ਦੇ ਫਰਕਣ ਤੇ ਥੋੜੇ ਜਹੇ ਦਿਲ ਕੱਢਣ ਦੀ ਲੋੜ ਏ। ਇਕ ਇਕ ਤੇ ਦੋ ਗਿਆਰਾਂ। ਚੋਹਾਂ ਦੇ ਮਿਲਣ ਨਾਲ ਪਹਾੜ ਟੁਟ ਜਾਂਦੇ ਨੇ। ਟਿੱਡੀ ਦਲ ਨਾਲ ਘੜੀ ਵਿਚ ਭਾਜੜ ਪੈ ਸਕਦੀ ਹੈ। ਉਖੜੇ ਪੈਰ ਕਦੀ ਜਮਦੇ ਨਹੀਂ। ਮੈਂ ਖਤ ਵਿਚ ਨੰਗੀਆਂ ਗੱਲਾਂ ਨਹੀਂ ਕਰਨੀਆਂ ਚਾਹੁੰਦਾ ਸਾਂ। ਪਾਣੀ ਤੇ ਅੱਗ ਜੇ ਇਕ ਜਗ੍ਹਾ ਮਿਲ ਜਾਣ ਤਾਂ ਫੇਰ ਤੂਫਾਨ ਆ ਜਾਂਦਾ ਹੈ। ਸਾਨੂੰ ਦਿਲ ਵਿਚ ਕਦੂਰਤ ਰਖਣੀ ਤੇ ਬੇਵੈਂਦਾ ਲੜਨਾ ਅਕਲਮੰਦੀ ਨਹੀਂ। ਜੇ ਅਸੀਂ ਦੋਵੇਂ ਇਕ ਜਗ੍ਹਾ ਮਿਲੀਏ ਤਾਂ ਦਿਲ ਖੋਲ੍ਹ ਕੇ ਗੱਲਾਂ ਕਰੀਏ। ਕਿਸੇ ਪਿਆਰ ਦੀ ਗਦ ਵਿਚ ਇਨ੍ਹਾਂ ਗੁੰਝਲਾਂ ਦਾ ਘੁੰਡ ਖੋਲਿਆ ਜਾਵੇ ਤੇ ਮੈਂ ਆਪਣੇ ਹੱਥ ਨਾਲ ਇਨ੍ਹਾਂ ਵਾਲਾਂ ਦੀਆਂ ਅੜਕਣਾਂ ਨੂੰ ਆਪਣੇ ਦਿਲ ਦੀ ਕੰਘੀ ਨਾਲ ਕੱਢ ਦੇਵਾਂ। ਨੀਤੀ ਦਾ ਕੋਈ ਟੂਣਾ ਕਰੀਏ ਤੇ ਉਸ ਦਿਓ ਨੂੰ ਬੋਤਲ ਵਿਚ ਬੰਦ ਕਰ ਲਈਏ। ਪਗ ਡੰਡੀਆਂ ਵਿਚੋਂ ਕੋਈ ਰਸਤਾ ਲਭ ਕੇ ਆਪਣਾ ਜੀਵਨ ਸਫਲ ਕਰੀਏ। ਦੋਵਾਂ ਦੇ ਰਲਣ ਨਾਲ ਸਾਰੇ ਦੇਸ਼ ਵਿਚ ਧੁੰਮ ਪੈ ਜਾਵੇਗੀ। ਮੈਂ ਤਲਵਾਰ, ਘੋੜੇ, ਦੇਸ਼ ਤੇ ਧਰਮ ਦੀ ਸਹੁੰ ਖਾ ਕੇ ਆਖਦਾ ਹਾਂ ਕਿ ਮੈਂ ਤੈਨੂੰ ਕੋਈ ਤਕਲੀਫ ਦੇਣ ਤੇ ਰਾਜ਼ੀ ਨਹੀਂ।

ਅਫਜ਼ਲ ਖਾਂ ਦੇ ਅੰਤ ਨੂੰ ਸਾਹਮਣੇ ਨਾ ਰਖ। ਇਹਦੇ ਵਿਚ ਕੋਈ ਸਚਾਈ ਨਹੀਂ। ਉਹ ਵੈਰੀ ਸੀ, ਤੂੰ ਭਰਾ ਏਂ। ਮੇਰੇ ਲਈ ਤੇ ਤੁਸੀਂ ਅਖੀਆਂ ਤੇ ਆਣ ਬੈਠੇ। ਉਸ ਦੀ ਕਰਤੂਤ ਸੁਣੀ ਜੇ ਉਸ ਮੇਰੀ ਘਾਤ ਵਿਚ ਬਾਰਾਂ ਸੌ ਘੋੜ ਸਵਾਰ ਲੁਕੋ ਕੇ ਰਖੇ ਸਨ। ਦਾਅ ਸੀ, ਜਿਹਦਾ ਚਲ

ਗਿਆ। ਜੇ ਮੈਂ ਪਹਿਲ ਨਾ ਕਰਦਾ ਤਾਂ ਤੁਸੀਂ ਦੱਖਣ ਕਿਵੇਂ ਆਉਂਦੇ ਤੇ ਮੈਂ ਕਿਸ ਤਰ੍ਹਾਂ ਚਿੱਠੀ ਲਿਖ ਸਕਦਾ। ਤੁਹਾਡੀ ਮੇਰੀ ਆਪਸ ਵਿਚ ਕੋਈ ਦੁਸ਼ਮਣੀ ਨਹੀਂ। ਕਿਸੇ ਖੇਤ ਬੰਨੇ ਤੋਂ ਸਾਡੀ ਲੜਾਈ ਨਹੀਂ ਦੁਸ਼ਮਣੀ ਦਾ ਮੁੱਢ ਦੂਸਰਾ ਏ। ਜੇ ਮੈਨੂੰ ਤਸੱਲੀ ਬਖ਼ਸ਼ ਜਵਾਬ ਮਿਲ ਜਾਵੇ ਤਾਂ ਮੈਂ ਅੱਧੀ ਰਾਤ ਨੂੰ ਇਕਲਾ ਹੀ ਆਣ ਮਿਲਾਂ। ਤੁਹਾਨੂੰ ਮੈਂ ਉਹ ਖੁਫੀਆ ਚਿੱਠੀਆਂ ਵਿਖਾਵਾਂ ਜੇਹੜੀਆਂ ਮੈਂ ਸ਼ਾਇਸਤਾ ਖਾਂ ਦੀ ਜੇਬ 'ਚੋਂ ਕੱਢੀਆਂ ਨੇ ਤੇ ਫੇਰ ਤੇਰੀਆਂ ਅੱਖਾਂ ਤੇ ਸੱਚ ਦੇ ਪਾਣੀ ਦੇ ਛਿੱਟੇ ਮਾਰਾਂ। ਫੇਰ ਤੇਰੀ ਨੀਂਦ ਖੁੱਲ੍ਹੇ। ਤੇਰੇ ਸੁਪਨੇ ਦਾ ਟੇਵਾ ਲੱਗੇ ਤੇ ਉਸ ਦੇ ਪਿਛੋਂ ਠੀਕ ਤਰ੍ਹਾਂ ਮੰਨਾਂ। ਜੇ ਇਹ ਗੱਲ ਤੇਰੇ ਮਨ ਨੂੰ ਨਾ ਭਾਵੇ ਤਾਂ ਠੀਕ ਤਲਵਾਰ ਤੇ ਖ਼ੂਨ ਖਾਰ ਨੇਜ਼ੇ ਲੈ ਕੇ ਤੂੰ ਮੇਰੇ ਤੇ ਹਲਾ ਕਰ ਦੇਵੀਂ। ਮੈਂ ਕੋਲੋਂ ਨੇਜ਼ੇ ਤੇ ਤਲਵਾਰਾਂ ਦੇ ਦੇਵਾਂਗਾ ਫੌਜਾਂ ਤੇਰੀਆਂ ਹਨ। ਕੱਲ੍ਹ ਜਦ ਸੂਰਜ ਸ਼ਾਮ ਦੀ ਧੁੰਦਲੀ ਚਾਦਰ 'ਚ ਮੂੰਹ ਲਕੋਏਗਾ ਤੇ ਉਸ ਵੇਲੇ ਅੱਧੇ ਚੰਨ ਵਰਗੀ ਮੇਰੀ ਤਲਵਾਰ ਮਿਆਨ ਸੁਟ ਦੇਵੇਗੀ। ਦੱਖਣ ਵਿਚ ਮੈਂ ਤੈਨੂੰ ਸਮਰਾਟ ਬਣਾ ਸਕਦਾ ਹਾਂ। ਮੈਂ ਸੁਣਿਆ ਹੈ ਦੱਖਣ ਵੱਲ ਸਿੱਖਾਂ ਦਾ ਗੁਰੂ ਗੋਬਿੰਦ ਸਿੰਘ ਵੀ ਨਾਂਦੇੜ ਆਣ ਲੱਥਾ। ਪੰਜਾਬ ਵਿਚ ਉਸ ਇਸ ਰਾਜ ਦੇ ਖਿਲਾਫ ਅੰਦੋਲਨ ਸ਼ੁਰੂ ਕੀਤਾ ਸੀ ਪਰ ਸ਼ਾਹੀ ਘੋੜਿਆਂ ਦੇ ਸੁੰਮਾਂ ਥੱਲੇ ਉਹ ਅੰਦੋਲਨ ਮਿੱਧਿਆ ਗਿਆ। ਮੋਇਆ ਨਹੀਂ। ਅਸੀਂ ਰਾਮ ਵਾਂਗੂੰ ਸਾਰੇ ਨੱਸੇ ਹੋਏ ਤੇ ਕਮਜ਼ੋਰ ਇਨਸਾਨਾਂ ਨੂੰ ਇਕੱਠਾ ਕਰਕੇ ਇਕ ਮੁੱਠ ਬਣ ਜਾਈਏ। ਤੇ ਲੰਕੇਸ਼ਵਰ ਦੀ ਤਾਕਤ ਦਾ ਖ਼ਾਤਮਾ ਕਰ ਸਕਦੇ ਹਾਂ। ਸਾਡੀ ਕਮਜ਼ੋਰਾਂ ਦੀ ਤਾਕਤ ਹਿਮਾਲੀਆ ਦੀ ਚੱਟਾਨ ਵਾਂਗੂੰ ਬਜਰ ਬਣ ਜਾਏਗੀ। ਅਸੀਂ ਇਕੱਲੇ ਕਮਜ਼ੋਰ ਹਾਂ ਤੇ ਮਿਲੇ ਹੋਏ ਇਕ ਥੰਮ੍ਹ! ਇਸ ਥੰਮ੍ਹ ਨਾਲ ਟੱਕਰ ਲੈਣੀ ਮੁਗ਼ਲ ਰਾਜ ਦੇ ਵਸ ਵਿਚ ਨਹੀਂ। ਮੈਂ ਗੁਰੂ ਗੋਬਿੰਦ ਸਿੰਘ ਨੂੰ ਖਤ ਲਿਖਿਆ ਹੈ ਸ਼ਾਇਦ ਜਵਾਬ ਸਾਡੇ ਮਨ ਦੀ ਮੁਰਾਦ ਪੂਰੀ ਕਰ ਦੇਵੇ।—"

ਜਦ ਇਹ ਖਤ ਮੈਂ ਪੜ੍ਹਿਆ ਤਾਂ ਮੇਰੀਆਂ ਅੱਖਾਂ ਵਿਚ ਖੂਨ ਖੌਲਣ ਲਗ ਪਿਆ। ਸਿੱਖ ਦੋ ਪੀੜ੍ਹੀਆਂ ਤੇ ਪੈਰ ਰਖੀ ਖੜੇ ਹਨ। ਇਕ ਪਾਸੇ ਮੁਗ਼ਲਾਂ ਦਾ ਆਸਰਾ ਲਈ ਬੈਠੇ ਹਨ ਤੇ ਦੂਜੇ ਪਾਸੇ ਮਰਹੱਟਿਆਂ ਦੀ ਬਾਂਹ ਫੜੀ ਹੋਈ ਹੈ। ਸਿੱਖ ਉਤੋਂ ਸਾਡੇ ਨਾਲ ਭਾਈਚਾਰਾ ਪਾ ਰਹੇ ਹਨ ਪਰ ਵਿਚੋਂ ਸਾਡੀਆਂ ਜੜ੍ਹਾਂ ਵਢ ਰਹੇ ਹਨ। ਉਹ ਤਾਂ ਐਵੇਂ ਗੰਗਲੂਆਂ ਤੋਂ ਮਿੱਟੀ ਝਾੜ ਰਹੇ ਹਨ। ਅਸਲ 'ਚ ਉਹ ਸਾਡੇ ਵੈਰੀ ਹਨ। ਸ਼ੇਰ ਦੇ ਬੱਚੇ ਨੂੰ ਜ਼ਿਬ੍ਹਾ ਕਰ ਦਿੱਤਾ ਜਾਵੇ ਤਾਂ ਕੀ ਸ਼ੇਰ ਦੀਆਂ ਅੱਖਾਂ ਵਿਚ ਖੂਨ ਨਹੀਂ ਉਤਰੇਗਾ ਜਾਂ ਕੀ ਉਹ ਸਿਰ ਸੁਟ ਕੇ ਪੈਰ ਚੁੰਮਦਾ ਰਹੇਗਾ? ਇਹ ਕਦੀ ਨਹੀਂ ਹੋ ਸਕਦਾ। ਹਾਂ ਵੇਲੇ ਦੀ ਤਾੜ ਵਿਚ ਭਾਵੇਂ ਸਿਰ ਸੁਟੀ ਬੈਠਾ ਹੋਵੇ। ਪਿੰਜਰੇ ਵਿਚ ਪਾਏ ਹੋਏ ਸ਼ੇਰ ਦੇ ਪੰਜੇ ਤੋੜ ਦਿੱਤੇ ਜਾਣ ਤਾਂ ਉਹਨੂੰ ਖਬਰ ਵੀ ਨਾ ਹੋਵੇ। ਸਿੱਖ, ਮਰਹੱਟਿਆਂ ਤੇ ਕਾਇਮ ਬਖਸ਼ ਦੇ ਸਾਥੀਆਂ ਅਤੇ ਰਾਜਪੂਤਾਂ ਦੇ ਮਿਲਣ ਨਾਲ ਇਕ ਤੂਫਾਨ ਆ ਜਾਵੇਗਾ, ਜਿਹੜਾ ਰੋਕਿਆ ਨਹੀਂ ਜਾ ਸਕੇਗਾ। ਇਨ੍ਹਾਂ ਕਲਿਆਂ ਕਲਿਆਂ ਦਾ ਲਕ ਤੋੜ ਦਿਓ। ਕਲੇ ਨੂੰ ਕਲੇ ਨਾਲ ਲੜਾ ਕੇ ਬਲਹੀਨ ਕਰ ਦਿਓ। ਇਨ੍ਹਾਂ ਦੀਆਂ ਤਲਵਾਰਾਂ ਆਪਸ ਵਿਚ ਭਿੜਨ ਤੇ ਖੁੰਢੀਆਂ ਕਰਕੇ ਝਟ ਕਬਜ਼ੇ ਵਿਚ ਕੀਤੀਆਂ ਜਾ ਸਕਦੀਆਂ ਹਨ। ਸ਼ਾਹੀ ਫੌਜ ਤੇ ਸ਼ਾਹੀ ਫਰਮਾਨ ਚਾਹੁੰਦਾ ਹੈ ਕਿ

ਇਨ੍ਹਾਂ ਨੂੰ ਮਿਲਣ ਦਾ ਮੌਕਾ ਹੀ ਨਾ ਦੇਵੇ। ਫਿਰ ਇਨ੍ਹਾਂ ਦੀ ਕੋਈ ਪਾਇਆ ਨਹੀਂ। ਸਿਰ ਨਾ ਪੁਟ ਸਕਣਗੇ।

ਗੁਰੂ ਗੋਬਿੰਦ ਸਿੰਘ ਦੇ ਜ਼ਖਮਾਂ ਦੇ ਤੋਪੇ ਫਿਰ ਟੁਟ ਚੁਕੇ ਹਨ। ਉਸ ਇਕ ਦਿਨ ਤਲਵਾਰਜ਼ਨੀ ਕਰਨ ਦੀ ਕੋਸ਼ਿਸ਼ ਕੀਤੀ। ਕੱਚੇ ਜ਼ਖਮ ਫਿਰ ਪਾਟ ਗਏ ਹਨ। ਛਾਤੀ ਵਿਚੋਂ ਖੂਨ ਸਿਮ ਰਿਹਾ ਏ। ਸਿੱਖ ਕਦੀ ਗਾਹੇ ਬਗਾਹੇ ਸ਼ਾਹੀ ਸਿਪਾਹੀਆਂ ਨਾਲ ਭਿੜ ਪੈਂਦੇ ਹਨ। ਮੈਂ ਇਹ ਵੀ ਜਾਣਦਾ ਹਾਂ ਜਿਥੇ ਦੋ ਭਾਂਡੇ ਹੋਣ ਕਦੀ ਨਾ ਕਦੀ ਖਹਿ ਪੈਂਦੇ ਹਨ, ਰੋਜ਼ ਦੇ ਭੇੜ ਨਾਲ ਇਨ੍ਹਾਂ ਦੇ ਸਿਰ ਚੁਕਣ ਦਾ ਡਰ ਏ। ਇਸ ਵੇਲੇ ਜਦ ਗੁਰੂ ਗੋਬਿੰਦ ਸਿੰਘ ਮੰਜੀ ਤੇ ਪਿਆ ਹੋਇਆ ਏ ਤਾਂ ਸਿੱਖਾਂ ਦਾ ਮਚ ਮਾਰ ਦੇਣਾ ਮਾਮੂਲੀ ਗੱਲ ਏ। ਮੈਂ ਸਿੱਖਾਂ ਵਿਚੋਂ ਕੁਝ ਆਦਮੀ ਪਾੜ ਰਿਹਾ ਹਾਂ ਤੇ ਉਨ੍ਹਾਂ ਦੀ ਤਾਕਤ ਕਮਜ਼ੋਰ ਕਰ ਦਿੱਤੀ ਜਾਵੇਗੀ। ਲਾਲਚ, ਜਗੀਰਾਂ ਦੇ ਝਾਂਸੇ ਸਿੱਖਾਂ ਨੂੰ ਅੰਨ੍ਹੇ ਕਰ ਦੇਣ ਤੇ ਫੇਰ ਸਾਡੀਆਂ ਪੌਂ ਬਾਰਾਂ ਹੀ ਹਨ। ਆਲਮ ਪਨਾਹ ਵੀ ਗੌਰ ਕਰਨ।

ਨਾਂਦੇੜ ਦੀਆਂ ਝੁੱਗੀਆਂ ਸਿੱਖਾਂ ਦੇ ਖੇਮਿਆਂ ਵਿਚ ਸਮਾ ਗਈਆਂ ਹਨ। ਪੁਜਾਰੀ ਸਿਪਾਹੀ ਬਣਨ ਦੇ ਖਾਬ ਦੇਖ ਰਹੇ ਹਨ। ਰਾਤੋ ਬਰਾਤੇ ਇਥੇ ਮਰਹੱਟੇ ਵੀ ਆਉਂਦੇ ਹਨ ਤੇ ਰਾਜਪੂਤ ਵੀ। ਇਨ੍ਹਾਂ ਨੂੰ ਰੋਕਿਆ ਨਹੀਂ ਜਾ ਸਕਦਾ! ਜੇ ਸ਼ਾਹੀ ਫੌਜ ਤਾਕਤ ਤੋਂ ਕੰਮ ਲਵੇ ਤਾਂ ਨਾਂਦੇੜ ਵਿਚ ਬਗਾਵਤ ਹੋਣ ਦਾ ਡਰ ਏ। ਤੋਹਮਤਾਂ ਲਾ ਕੇ, ਆਪਣੇ ਵਲੋਂ ਸ਼ਰਾਰਤ ਦਾ ਮੁਢ ਛੇੜ ਕੇ, ਝੂਠੇ ਖਤ, ਦੂਤੀਆਂ ਦੀਆਂ ਝੂਠੀਆਂ ਚੁਗਲੀਆਂ, ਬਾਗੀਆਂ ਨਾਲ ਭਾਈਚਾਰੇ ਦਾ ਢੰਡੋਰਾ ਪਿਟ ਕੇ ਅਸੀਂ ਇਨ੍ਹਾਂ ਦੀਆਂ ਤਾਕਤਾਂ ਨਪੀੜ ਸਕਦੇ ਹਾਂ। ਇਨ੍ਹਾਂ ਦੇ ਦਿਲ ਟੁਟ ਜਾਣਗੇ। ਢਾਣੀਆਂ ਮੂਧੀਆਂ ਪੈ ਜਾਣਗੀਆਂ। ਇਕ ਇਕ ਕਰਕੇ ਅਸੀਂ ਸਾਰੇ ਚੁਣ ਸਕਦੇ ਹਾਂ। ਬਹਾਦਰ ਦੀ ਬਾਂਹ ਤੋੜ ਦੇਣ ਦਾ ਮਤਲਬ ਇਹ ਹੈ ਕਿ ਉਹ ਨੂੰ ਨਕਾਰਾ ਕਰ ਦੇਣਾ। ਉਹ ਜੀਵਨ ਵਿਚ ਅੜਨ ਦੀ ਜੁਰਅੱਤ ਨਹੀਂ ਕਰ ਸਕਦਾ। ਇਸ ਤਰ੍ਹਾਂ ਅਸੀਂ ਆਪਣੇ ਮਕਸਦ ਵਿਚ ਕਾਮਯਾਬ ਹੋ ਜਾਵਾਂਗੇ।

ਹੁਣ ਸਿੱਖਾਂ ਨਾਲ ਵੈਰ ਸਹੇੜਨਾ ਕੋਈ ਆਫਤ ਨਹੀਂ। ਗੁਰੂ ਗੋਬਿੰਦ ਸਿੰਘ ਦੇ ਪੁਰਾਣੇ ਜ਼ਖਮ ਜਿਹੜੇ ਸ਼ਾਹੀ ਜਰਾਹਾਂ ਸੀਤੇ ਸਨ, ਨਵੇਂ ਸਿਰਿਉਂ ਜ਼ਖਮਾਂ ਦਾ ਮੂੰਹ ਬਣ ਗਿਆ ਏ। ਲਹੂ ਸਿਮਣ ਦੇ ਨਾਲ ਪਾਕ ਵੀ ਆਉਣ ਲਗ ਪਈ ਏ। ਕੰਮ ਦੇ ਜੱਰਾਹ ਨਾਂਦੇੜ ਵਿਚ ਨਹੀਂ। ਟੁੱਟੇ ਫੁੱਟੇ ਹਕੀਮ ਹਨ, ਜਿਹੜੇ ਸਿੱਖਾਂ ਕੋਲ ਵੀ ਹਨ ਤੇ ਸਾਡੇ ਕੋਲ ਵੀ। ਇਨ੍ਹਾਂ ਦੀ ਤਾਕਤ ਜਵਾਬ ਦੇ ਚੁਕੀ ਏ। ਸਿੱਖਾਂ ਦੀ ਤਾਕਤ ਸੂਰਜ ਅਸਤ ਹੋਣ ਦੇ ਨੇੜੇ ਆ ਰਹੀ ਏ। ਭਾਵੇਂ ਮੈਂ ਵੀ ਉਸ ਡੁਬੇ ਸੂਰਜ ਦਾ ਨਜ਼ਾਰਾ ਵੇਖਣਾ ਚਾਹੁੰਦਾ ਹਾਂ। ਸੂਰਜ ਦੇ ਡੁਬਣ ਦੇ ਨਾਲ ਹੀ ਰਾਤ ਨੂੰ ਬੰਦੀਵਾਨ ਬਣਾ ਲੈਣਾ ਨੀਤੀ ਏ। ਮਤਾਂ ਰਾਤ ਦੀ ਗੋਦ ਵਿਚੋਂ ਕੋਈ ਦੂਸਰੀ ਪਹੁ ਨਾ ਫੁਟ ਪਵੇ। ਜੋਤ ਨਾਲ ਜੋਤ ਜਗਦੀ ਹੈ, ਆਲਮ ਪਨਾਹ, ਟਿਮਟਿਮਾਂਦੇ ਦੀਵੇ ਦੀ ਰਾਖੀ ਕਰਨ ਨਾਲ ਕੋਈ ਦੂਸਰਾ ਚਿਰਾਗ ਰੌਸ਼ਨ ਨਹੀਂ ਹੋ ਸਕਦਾ।

ਸਾਡੀ ਤੇ ਮਰਹੱਟਿਆਂ ਦੀ ਲੜਾਈ ਹਵਾ ਤੇ ਪਾਣੀ ਦੀ ਲੜਾਈ ਹੈ। ਮਰਹੱਟੇ ਹਵਾ ਹਨ ਤੇ ਮੁਗਲ ਪਾਣੀ। ਪਾਣੀ ਨੂੰ ਹਵਾ ਨੇ ਕੈਦ ਕਰ ਲਿਆ ਤੇ ਲੋਕਾਂ ਉਹਨੂੰ ਬੁਲਬੁਲਾ ਆਖਿਆ। ਹਵਾ

ਨੂੰ ਬੰਦੀਵਾਨ ਬਣਾ ਕੇ ਪਾਣੀ ਗਰਵ ਵਿਚ ਫੁਲ ਗਿਆ। ਹਵਾ ਉਹਦਾ ਸੀਨਾ ਚੀਰ ਕੇ ਨਿਕਲ ਗਈ। ਪਾਣੀ ਮੂੰਹ ਵੇਖਦਾ ਰਹਿ ਗਿਆ। ਬੁਲਬੁਲੇ ਦੀ ਹਕੀਕਤ ਦੀ ਕਹਾਣੀ ਮੁਗਲ ਦੁਹਰਾ ਰਹੇ ਹਨ। ਮੈਂ ਖਾਮੋਸ਼ ਸਾਗਰ ਨੂੰ ਡਕ ਲੈਣਾ ਨੀਤੀ ਨਹੀਂ ਸਮਝਦਾ। ਖਾਮੋਸ਼ ਸਾਗਰ ਵਿਚ ਬਗਾਵਤ ਦੀਆਂ ਲਹਿਰਾਂ ਜ਼ਿਆਦਾ ਹੁੰਦੀਆਂ ਨੇ। ਉਹ ਹਾਰੀ ਸਾਰੀ ਦੀ ਨਜ਼ਰ ਨਹੀਂ ਚੜ੍ਹਦੀਆਂ। ਜਹਾਂ ਪਨਾਹ! ਮੈਂ ਤੁਹਾਡੇ ਇਸ਼ਾਰੇ ਨਾਲ ਮੁਗਲ ਹਕੂਮਤ ਲਈ ਸਾਰੇ ਦਾ ਸਾਰਾ ਰਾਹ ਸਾਫ ਕਰ ਦੇਵਾਂਗਾ। ਕੋਈ ਅੜਚਣ ਨਹੀਂ ਰਹਿ ਸਕਦੀ ਮੇਰੇ ਅੱਗੇ।

ਕੀ ਜਹਾਂ ਪਨਾਹ ਨੂੰ ਮੇਰੀਆਂ ਪਹਿਲੀਆਂ ਚਿੱਠੀਆਂ ਪੜ੍ਹਨ ਦੀ ਫੁਰਸਤ ਨਹੀਂ ਮਿਲੀ? ਜਾਂ ਚਿੱਠੀਆਂ ਦੇਰ ਨਾਲ ਪੁਜੀਆਂ ਹਨ। ਹੋ ਸਕਦਾ ਹੈ ਕਿ ਕੋਈ ਅਜੇਹੀ ਗੱਲ ਹੋਈ ਹੋਣੀ ਏ, ਜਿਦੇ ਨਾਲ ਮੈਨੂੰ ਵੇਲੇ ਸਿਰ ਜਵਾਬ ਨਹੀਂ ਮਿਲਿਆ। ਇਹ ਚਿੱਠੀ ਮੇਰਾ ਖਾਸ ਆਦਮੀ ਲੈ ਕੇ ਬਾਰਗਾਹ ਅਲੀ ਵਿਚ ਹਾਜ਼ਰ ਹੋ ਰਿਹਾ ਹੈ! ਮੈਂ ਤੁਹਾਡੇ ਜਵਾਬ ਦੀ ਇੰਤਜ਼ਾਰ ਵਿਚ ਬੈਠਾ ਹਾਂ—।"

ਤੁਹਾਡਾ ਸੂਬੇਦਾਰ,
"ਇਮਾਨਉਲਾ"

ਏਲਚੀ ਖਤ ਲੈ ਕੇ ਹੈਦਰਾਬਾਦ ਰਵਾਨਾ ਹੋ ਗਿਆ ਤੇ ਇਮਾਨਉਲਾ ਆਪਣੇ ਪੁਤ ਦੀ ਤੀਮਾਰਦਾਰੀ ਵਿਚ ਰੁਝਾ ਹੋਇਆ ਸੀ। ਕਦਮੁਲਦੀਨ ਨੂੰ ਭਾਵੇਂ ਜ਼ਖਮ ਨਹੀਂ ਸਨ ਆਏ ਪਰ ਪਿਉ ਦਾ ਛਿੰਦਾ ਪੁਤ ਅਜੇ ਵੀ ਦਵਾਈਆਂ ਦੀ ਛਤਰ ਛਾਵੇਂ ਸੀ। ਉਹਦੇ ਅੰਦਰ ਹੇਠੀ ਤੋਂ ਬਦਲਾ ਲੈਣ ਲਈ ਤੇ ਈਰਾਵਤੀ ਨੂੰ ਹਾਸਲ ਕਰਨ ਦੇ ਕਿਲੇ ਜਨਮ ਲੈ ਰਹੇ ਸਨ। ਉਹਦੀਆਂ ਸੋਚਾਂ ਇਸ ਵਲਗਣ ਵਿਚ ਸਨ। ਹੁਣ ਉਹ ਕਦੀ ਕਦੀ ਗੁਦਾਵਰੀ ਦੀ ਸੈਰ ਨੂੰ ਜਾਂਦਾ। ਰਾਜ ਗੁਰੂ ਦਾ ਆਸਰਮ ਉਹਦੀ ਹਿਕ ਤੇ ਦੀਵਾ ਬਾਲ ਰਿਹਾ ਸੀ। ਈਰਾਵਤੀ ਦਾ ਹੁਸਨ ਉਹਦੀਆਂ ਅੱਖਾਂ ਵਿਚ ਖੁਭ ਚੁਕਾ ਸੀ। ਈਰਾਵਤੀ ਨੂੰ ਉਹ ਆਪਣੇ ਹਰਮ ਦਾ ਸ਼ਿੰਗਾਰ ਬਨਾਣ ਦੇ ਸੁਪਨੇ ਵੇਖ ਰਿਹਾ ਸੀ ਪਰ ਕੋਈ ਪੇਸ਼ ਨਹੀਂ ਸੀ ਜਾਂਦੀ।

ਬਹਾਦਰ ਸ਼ਾਹ ਨੇ ਇਮਾਨਉਲਾ ਦੀਆਂ ਚਿੱਠੀਆਂ ਦਾ ਜਵਾਬ ਸਿਰਫ ਇਕ ਗੱਲ ਵਿਚ ਹੀ ਦਿੱਤਾ—"ਮੈਂ ਖੁਦ ਨਾਂਦੇੜ ਆ ਰਿਹਾ ਹਾਂ ਮੇਰੀ ਇੰਤਜ਼ਾਰ ਕਰੋ ਤੇ ਛੇੜ ਛਾੜ ਮੇਰੇ ਆਣ ਤੋਂ ਪਹਿਲਾਂ ਨਾ ਹੋਵੇ।"

ਸ਼ਾਹੀ ਮੋਹਰ—
ਸ਼ਹਿਨਸ਼ਾਹੇ ਹਿੰਦੁਸਤਾਨ
"ਬਹਾਦਰ ਸ਼ਾਹ"

"ਇਨ੍ਹਾਂ ਖਤਾਂ ਦਾ ਜਵਾਬ ਇਕ ਗੱਲ ਵਿਚ ਬਹਾਦਰ ਸ਼ਾਹ ਨੇ ਕੁੱਜੇ ਵਿਚ ਦਰਿਆ ਬੰਨ੍ਹ ਕੇ ਰਖ ਦਿੱਤਾ।" ਏਲਚੀ ਆਖ ਰਿਹਾ ਸੀ। ਇਮਾਨਉਲਾ ਦੀਆਂ ਦੀਵਾਰਾਂ ਤੇ ਹਵਾਈ ਕਿਲੇ ਰੇਤ ਦੀਆਂ ਦੀਵਾਰਾਂ ਵਾਂਗੂੰ ਕਿਰ ਕੇ ਢੇਰ ਹੋ ਰਹੇ ਸਨ।

———

੯

ਤਾਰਿਆਂ ਭਰੀ ਰਾਤ

—''ਚਾਨਣੀ ਰਾਤ ਵਿਚ ਗੁਦਾਵਰੀ ਦੇ ਕੰਢੇ ਈਰਾਵਤੀ ! ਕਿਉਂ ! ਆਸ਼ਰਮ ਵਿਚ ਜੀਅ ਨਹੀਂ ਲਗਦਾ । ਆਸ਼ਰਮ ਉਦਾਸ ਨਜ਼ਰ ਆਉਂਦਾ ਏ । ਗੁਦਾਵਰੀ ਦੀਆਂ ਚੰਚਲ ਲਹਿਰਾਂ ਦਾ ਨਜ਼ਾਰਾ ਤੇ ਉਪਰੋਂ ਚੰਨ ਦੀ ਚਾਨਣੀ ਦਾ ਲੰਹੜਾ । ਰਬ ਖ਼ੈਰ ਹੀ ਕਰੇ ।'' ਰੋਡੀ ਨੇ ਈਰਾਵਤੀ ਨੂੰ ਤਕਦਿਆਂ ਆਖਿਆ ।

—''ਫੁੱਲ ਦੀ ਖੁਸ਼ਬੂ ਭੌਰੇ ਨੂੰ ਪਾਗਲ ਬਣਾ ਦੇਂਦੀ ਏ । ਉਹ ਫੁੱਲ ਦਾ ਖਹਿੜਾ ਹੀ ਨਹੀਂ ਛਡਦਾ ।'' ਈਰਾਵਤੀ ਬੋਲੀ ।

—''ਕਿਸੇ ਵੇਲੇ ਆਦਮੀ ਜ਼ਮੀਨ ਤੇ ਖੜਾ ਹੋ ਕੇ ਉਡਣ ਖਟੋਲਿਆਂ ਦੇ ਖ਼ਾਬ ਵੇਖਦਾ ਏ ਪਰ ਹਵਾ ਦੇ ਜ਼ੋਰ ਨੂੰ ਭੁਲ ਜਾਂਦਾ ਹੈ'' ਰੋਡੀ ਜ਼ਰਾ ਸੋਚਦਿਆਂ ਬੋਲਿਆ ।

—''ਜੇ ਉਡਣ ਖਟੋਲੇ ਵੀ ਆਦਮੀ ਦੇ ਵਸ ਵਿਚ ਹਨ ਤਾਂ ਹਵਾ ਦੀ ਆਕੜ ਦੀ ਕੀ ਲੋੜ !'' ਈਰਾਵਤੀ ਫਿਰ ਬੋਲੀ ।

—''ਨਹੀਂ ਚੰਨ ਦਾ ਸੁੰਦਰ ਮੁਖੜਾ ਵੇਖ ਕੇ ਚਕੋਰ ਉਹਦਾ ਮੂੰਹ ਚੁੰਮਣਾ ਚਾਹੁੰਦਾ ਏ । ਉਹ ਆਪਣੀ ਕਾਇਆਂ ਤੋਂ ਵੀ ਜ਼ਿਆਦਾ ਉਡਾਰੀ ਮਾਰ ਕੇ ਓਹਦੇ ਕੋਲ ਪੁਜਣ ਦੀ ਹਿੰਮਤ ਕਰਦਾ ਏ । ਪਰ ਉਹ ਇਸ ਮਸਤੀ ਵਿਚ ਆਪਣੇ ਪਰ ਤੁੜਵਾ ਲੈਂਦਾ ਹੈ ।'' ਰੋਡੀ ਬੋਲਿਆ ।

—''ਪਰ ਉਹ ਹਿੰਮਤ ਤੇ ਨਹੀਂ ਛਡਦਾ । ਹਿੰਮਤ ਨਾ ਛਡਣ ਵਿਚ ਹੀ ਆਨੰਦ ਹੈ । ਤਾਰਿਆਂ ਭਰੀ ਰਾਤ ਚੰਨ ਤੋਂ ਬਿਨਾਂ ਸੋਹਣੀ ਨਹੀਂ ਲਗਦੀ । ਗੁਦਾਵਰੀ ਦੀਆਂ, ਚੰਚਲ ਲਹਿਰਾਂ ਦਾ ਸਰੂਰ ਮਧਮ ਪੈ ਜਾਂਦਾ ਹੈ, ਪਰ ਜੇ ਭਰੀ ਮਹਿਫਲ ਵਿਚ ਚੰਨ ਆ ਜਾਵੇਂ ਤਾਂ ਫਿਰ ਲਹਿਰਾਂ ਦਾ ਦਿਲ ਨੱਚਣ ਲਗ ਪੈਂਦਾ ਹੈ । ਲੋਕਾਂ ਭਾਣੇ ਜਵਾਰਭਾਟਾ ਆ ਰਿਹਾ ਏ ਪਰ ਨਹੀਂ ਚੰਨ ਦੀ ਤੇ ਜੰਞ ਚੜ੍ਹੀ ਏ । ਇਹ ਸਾਰੇ ਤਾਰੇ ਉਹਦੇ ਬਰਾਤੀ ਹਨ—'' ਈਰਾਵਤੀ ਬੋਲੀ ।

—''ਰਾਈ ਪਹਾੜ ਦਾ ਮੁਕਾਬਲਾ ਕਰਨ ਲਗ ਪਵੇ, ਇਹ ਸੰਭਵ ਨਹੀਂ । ਸਾਧੂ ਮਹੱਲਿਆਂ ਫੁੱਲਾਂ ਦੀ ਤਾਂ ਖੁਸ਼ਬੋ ਸੁੰਘ ਸਕਦਾ ਹੈ ਪਰ ਉਹਦੇ ਗੱਡੇ ਮੂਢ ਬੈਠ ਕੇ ਉਹਦਾ ਆਨੰਦ ਨਹੀਂ ਮਾਣ

ਸਕਦਾ। ਇਨ੍ਹਾਂ ਝਾੜੀਆਂ ਵਿਚੋਂ ਲੁਕੇ ਸੱਪਾਂ ਦੇ ਫੁਨਕਾਰੇ ਤੋਂ ਡਰ ਆਉਂਦਾ ਹੈ"—ਰੇਡੀ ਨੇ ਆਖਿਆ।

—"ਪਹਾੜ ਵਰਗਾ ਜਿਗਰਾ ਰਖਣ ਵਾਲੇ ਬਹਾਦਰ ਦਾ ਪ੍ਰੇਮ ਦੀ ਮਹਿਫਲ ਵਿਚ ਪੈਰ ਕਿਉਂ ਥਿੜਕਣ ਲਗ ਪਿਆ। ਪ੍ਰੇਮ ਦੀ ਤਿਲਕਣ ਵਿਚ ਜ਼ਿੰਦਗੀ ਦੇ ਗੁੱਝੇ ਰਾਜ਼ ਛੁਪੇ ਹਨ," ਈਰਾਵਤੀ ਹੌਲੀ ਹੌਲੀ ਰੇਡੀ ਦੇ ਕੋਲ ਆ ਰਹੀ ਸੀ ਤੇ ਫੇਰ ਬੋਲੀ—"ਭਾਗਾਂ ਵਾਲਿਆਂ ਨੂੰ ਚਾਨਣੀ ਰਾਤ ਮਾਨਣ ਦਾ ਅਵਸਰ ਮਿਲਦਾ ਹੈ।" ਈਰਾਵਤੀ ਨੇ ਦਬੇ ਬੋਲਾਂ ਵਿਚ ਆਖਿਆ।

ਰੇਡੀ ਬੋਲਿਆ—"ਮੈਂ ਤੈਨੂੰ ਆਸ਼ਰਮ ਵਿਚ ਸੁੱਤਿਆਂ ਛਡ ਕੇ ਆਇਆ ਸਾਂ ਪਰ ਤੂੰ ਮੇਰੇ ਮਗਰ ਆ ਗਈ ਏਂ?"

—"ਸ਼ਿਕਾਰ ਵਾਲੇ ਦਿਨ ਦੀ ਮੁਲਾਕਾਤ ਤੋਂ ਬਾਅਦ ਨੀਂਦ ਕਿਸ ਨੂੰ ਆ ਰਹੀ ਏ। ਮੇਰੀਆਂ ਅੱਖਾਂ ਵਿਚ ਨੀਂਦ ਉਸ ਵੇਲੇ ਤੇ ਉਸ ਦਿਨ ਦੀ ਉਡ ਗਈ ਏ। ਮੈਨੂੰ ਤੇ ਇਉਂ ਜਾਪਦਾ ਏ ਕਿ ਮੈਂ ਸ਼ਿਕਾਰ ਕੀ ਖੇਡਣ ਗਈ ਮੈਂ ਆਪ ਹੀ ਸ਼ਿਕਾਰ ਹੋ ਗਈ। ਨੈਣਾਂ ਦੇ ਤੀਰਾਂ ਮੈਨੂੰ ਜ਼ਖਮੀ ਕਰ ਦਿੱਤਾ। ਉਹ ਸ਼ਿਕਾਰੀ ਬੜਾ ਚੋਰ ਸੀ। ਮੇਰੀ ਨੀਂਦ ਚੁਰਾ ਕੇ ਲੈ ਗਿਆ। ਭਾਵੇਂ ਉਹ ਸ਼ਿਕਾਰੀ ਮੇਰੀ ਛੰਨ ਦੇ ਲਾਗੇ ਹੀ ਲੁਕਿਆ ਰਹਿੰਦਾ ਏ ਮੈਂ ਵੀ ਹੁਣ ਉਹਦਾ ਖਹਿੜਾ ਨਹੀਂ ਛਡਣਾ। ਚੰਨ ਤੇ ਭਰਪੂਰ ਜੋਬਨ ਆਇਆ, ਚੰਨ ਦੀਆਂ ਠੰਢੀਆਂ ਸੀਤਲ ਕਿਰਨਾਂ ਤੇ ਛੰਨ ਦੇ ਕਾਨਿਆਂ ਵਿਚੋਂ ਆ ਰਹੀਆਂ ਸਨ, ਤੇ ਮੈਂ ਪੈਰਾਂ ਦਾ ਖੜਾਕ ਸੁਣਿਆ। ਅੱਧੀ ਰਾਤ ਵੇਲੇ ਉਠੇ ਜਾਂ ਚੋਰ! ਵਿਜੋਗਣ ਉਠੇ ਜਾਂ ਪ੍ਰੇਮੀ। ਤੇਰਾ ਪ੍ਰਛਾਵਾਂ ਮੇਰੀ ਛੰਨ ਦੀ ਹਿਕ ਤੇ ਪਿਆ ਤੇ ਫੇਰ ਮੈਂ ਪ੍ਰਛਾਵੇਂ ਦੇ ਪਿੱਛੇ ਪਿੱਛੇ ਗੁਦਾਵਰੀ ਵਲ ਤੁਰ ਪਈ।" ਈਰਾਵਤੀ ਬੋਲ ਰਹੀ ਸੀ।

—"ਜੇ ਫੇਰ ਕਦਮੁਲਦੀਨ ਆ ਜਾਂਦਾ ਤਾਂ ਫੇਰ?" ਰੇਡੀ ਬੋਲਿਆ।

—"ਕੀ ਪਹਿਲੀ ਮਾਰ ਭੁਲ ਗਈ ਸੀ ਸੂ। ਪ੍ਰੇਮੀ ਪ੍ਰਛਾਵੇਂ ਦਾ ਭੁਲੇਖਾ ਨਹੀਂ ਖਾ ਸਕਦਾ।" ਈਰਾਵਤੀ ਬੋਲੀ।

—"ਚੰਨ ਦੀ ਮਕਰ ਚਾਨਣੀ ਨੇ ਗੌਤਮ ਜਿਹੇ ਰਿਸ਼ੀ ਨੂੰ ਭੁਲੇਖੇ ਵਿਚ ਪਾ ਦਿੱਤਾ ਸੀ" ਰੇਡੀ ਬੋਲਿਆ।

"ਉਹ ਗੌਤਮ ਸੀ ਜਿਹੜਾ ਇੰਦਰ ਦੇ ਝਾਂਸੇ ਵਿਚ ਆ ਗਿਆ। ਮੈਂ ਗੌਤਮ ਨਹੀਂ ਈਰਾਵਤੀ ਹਾਂ। ਪ੍ਰੇਮ ਪ੍ਰੇਮੀ ਦੇ ਪਰ ਦਾ ਭਾਰ ਤੋਲ ਕੇ ਰਖਦਾ ਏ, ਜਿਹਦਾ ਸਾਹ ਨਾਲ ਸਾਹ ਨਿਕਲਦਾ ਹੋਵੇ ਫੂਕ ਫੂਕ ਕੇ ਪੈਰ ਰਖੇ ਇਸ਼ਕ ਦੀ ਨੈਂ ਵਿਚ"—ਈਰਾਵਤੀ ਮੁਸਕਰਾ ਰਹੀ ਸੀ।

—"ਇਸ ਗਿਆਨ ਗੋਸ਼ਟ ਨੂੰ ਛਡ ਚਲ ਗੁਦਾਵਰੀ ਚਲੀਏ ਤੇ ਲਹਿਰਾਂ ਦਾ ਆਨੰਦ ਮਾਣੀਏ।" ਰੇਡੀ ਨੇ ਆਖਿਆ।

—"ਚਲੋ ਸਰਕਾਰ! ਗੋਲੀ ਕੀਹਦੀ ਤੇ ਗਹਿਣੇ ਕੀਹਦੇ! ਖਿੜੀ ਚਾਨਣੀ ਵਿਚ ਗੁਦਾਵਰੀ ਦਾ ਕੰਢਾ ਸਵਰਗ ਦੀ ਬਗੀਆ ਏ," ਈਰਾਵਤੀ ਬੋਲੀ।

ਦੋਵੇਂ ਪ੍ਰੇਮੀ ਗੁਦਾਵਰੀ ਵਲ ਜਾ ਰਹੇ ਸਨ ਤੇ ਰਾਹ ਵਿਚ ਖੜੇ ਹੋ ਕੇ ਰੋਡੀ ਨੇ ਈਰਾਵਤੀ ਵਲ ਤਕਦਿਆਂ ਆਖਿਆ—"ਈਰਾਵਤੀ।"

ਈਰਾਵਤੀ ਬੋਲੀ ਨਾ। ਈਰਾਵਤੀ ਕੁਝ ਪਿੱਛੇ ਸੀ ਤੇ ਉਹਦੀ ਚੁੰਨੀ ਕੰਡੇਦਾਰ ਝਾੜੀਆਂ ਨਾਲ ਉਲਝੀ ਹੋਈ ਸੀ।

—"ਕਿਉਂ ਕੀ ਗੱਲ ਏ! ਚੁੰਨੀ ਕੰਡਿਆਂ ਨਾਲ ਅੜ ਗਈ ਏ? ਕਿਹਦਾ ਜੀਅ ਨਹੀਂ ਕਰਦਾ ਖੂਬਸੂਰਤੀ ਨਾਲ ਖਹਿਣ ਦਾ"—ਰੋਡੀ ਬੋਲਿਆ।

—"ਮੈਂ ਕੰਡਿਆਂ ਨਾਲ ਫਸੀ ਪਈ ਹਾਂ ਤੇ ਤੁਸੀਂ ਦਿਲ ਲਗੀ ਕਰ ਰਹੇ ਹੋ ਚੰਗਾ ਵੇਲਾ ਲੱਭਾ ਜੇ! ਕੋਈ ਗੱਲ ਨਹੀਂ" ਈਰਾਵਤੀ ਕੁਝ ਖਿਝਕੇ ਬੋਲੀ।

ਰੋਡੀ ਜਾ ਕੇ ਉਹਦੀ ਚੁੰਨੀ ਨੂੰ ਕੰਡਿਆਂ ਨਾਲੋਂ ਛੁਡਾਂਦਾ ਤੇ ਕਦੀ ਕੰਡਿਆਂ ਨਾਲ ਅੜਾ ਦੇਂਦਾ, ਤੇ ਫੇਰ ਛੇੜਦਿਆਂ ਬੋਲਿਆ—"ਬੈਠ ਕੇ ਸੁਣ! ਇਹ ਗੁਲਾਬ ਕੀ ਆਂਹਦਾ ਏ। ਜੰਗਲੀ ਗੁਲਾਬ ਵੀ ਚੰਨ ਦੀ ਚਾਨਣੀ ਵਿਚ ਤੇਰੇ ਹੁਸਨ ਨੂੰ ਵੇਖ ਕੇ ਖਾਰ ਖਾਂਦਾ ਏ ਗੁਲਾਬਾਸੀ ਦੇ ਫੁੱਲ ਤੇਰੇ ਹੋਠਾਂ ਵਾਂਗੂ ਲਾਲ ਹਨ। ਅੱਧੀ ਰਾਤ ਵੇਲੇ ਬੇਲਾ ਵੀ ਕਿਤੇ ਖਿੜਿਆ ਹੋਇਆ ਹੈ"—

ਦੋਵੇਂ ਹੱਸ ਪਏ।

—"ਮੇਰੇ ਦਿਲ ਵਿਚ ਅਜ ਕੁਝ ਹੋਣ ਲਗ ਪਿਆ ਏ।"

—"ਕੁਝ, ਕੁਝ ਕੀ?"

—"ਚੈਨ ਨਾ ਆਉਣਾ! ਜ਼ਰਾ ਆਪਣੇ ਦਿਲ ਤੋਂ ਤਾਂ ਪੁਛ!" ਰੋਡੀ ਬੋਲਿਆ।

—"ਮੇਰੇ ਦਿਲ ਵਿਚ ਤੇ ਕੁਝ ਨਹੀਂ। ਐਵੇਂ ਧੜਕਣ ਏ।" ਈਰਾਵਤੀ ਬੋਲੀ।

—"ਧੜਕਣਾ ਦਾ ਨਾਂ ਈ ਤੇ ਪਿਆਰ ਏ। ਪ੍ਰੇਮ ਦੀ ਮਿੱਠੀ ਮਿੱਠੀ ਦਰਦ ਦਿਲ ਦੇ ਅੰਦਰ ਹੁੰਦੀ ਰਹੇ। ਇਸੇ ਸਲੂਣ ਨੂੰ ਤੇ ਲੋਕ ਮੁਹੱਬਤ ਆਖਦੇ ਹਨ। ਆਦਮੀ ਨੂੰ ਪਾਗਲ ਬਣਾ ਦੇਂਦੀ ਏ ਇਹ ਦਰਦ।"

ਰੋਡੀ ਇਕ ਪੱਥਰ ਤੇ ਜਾ ਬੈਠਾ ਤੇ ਉਹਦੇ ਪੈਰਾਂ ਨੂੰ ਪਾਣੀ ਖਹਿ ਰਿਹਾ ਸੀ। ਈਰਾਵਤੀ ਵੀ ਉਹਦੇ ਕੋਲ ਜਾ ਬੈਠੀ। ਚੰਦਰਮਾ ਬਦਲੀਆਂ ਦੇ ਓਹਲੇ ਲੁਕ ਰਿਹਾ ਸੀ।

—"ਚੰਨ ਦਾ ਮੁਖੜਾ ਬਦਲੀਆਂ ਦੀ ਚੁੰਨੀ ਵਿਚ ਲੁਕ ਗਿਆ ਏ ਰੋਡੀ" ਈਰਾਵਤੀ ਬੋਲੀ।

ਸ਼ਰਮ ਆ ਗਈ ਸੂ। ਤੇਰਾ ਚੰਨ ਜਿਹਾ ਮੁਖੜਾ ਵੇਖ ਕੇ। ਦੁਨੀਆਂ ਵਿਚ ਸੋਹਣੇ ਸੋਹਣਿਆਂ ਤੋਂ ਖਾਰ ਖਾਂਦੇ ਹਨ। ਹਵਾ ਕਲੀਆਂ ਦਾ ਮੂੰਹ ਚੁੰਮ ਲੈਂਦੀ ਹੈ ਪਰ ਭੌਰਾ ਕਲੀਆਂ ਤੇ ਹਵਾ ਦਾ ਮੂੰਹ ਜੂਠਾ ਕਰ ਦੇਂਦਾ ਏ। ਈਰਾਵਤੀ! ਤੇਰੀ ਠੋਡੀ ਵਿਚ ਡੂੰਘ ਕਿੰਨਾ ਸੋਹਣਾ ਲਗਦਾ ਹੈ। ਪ੍ਰੇਮੀ ਦੇ ਲਈ ਤਾਂ ਚਾਹੇਜ਼ਕਨ ਏ। ਤੇਰੀ ਗਲ੍ਹ ਤੇ ਤਿਲ ਇਉਂ ਜਾਪਦਾ ਏ ਜਿਵੇਂ ਮੋਤੀਏ ਦੀ ਕਲੀ ਤੇ

ਭੌਰਾ ਬੈਠਾ ਹੋਵੇ। ਸੋਹਣੀ ਚੀਜ਼ ਤੇ ਕਾਲਾ ਦਾਗ ਹੋਣਾ ਉਹ ਨੂੰ ਨਜ਼ਰ ਨਾ ਲਗਣ ਦਾ ਢੋਂਡੋਰਾ ਢੋਂਦਾ ਏ। ਔਹ ਵੇਖ! ਚੰਨ ਤੇ ਵੀ ਦਾਗ ਈ। ਇਸ ਦਾਗ ਨੇ ਚੰਨ ਦਾ ਰੂਪ ਦੂਣਾ ਕਰ ਦਿੱਤਾ ਏ। ਤੇਰੇ ਮੁਖੜੇ ਦੇ ਤਿਲ ਵਿਚ ਮੇਰੇ ਦਿਲ ਦੇ ਸਾਰੇ ਅਰਮਾਨ ਛੁਪੇ ਹੋਏ ਹਨ। ਤੇਰੇ ਬੁਲ੍ਹਾਂ ਦੀ ਮਿੱਠੀ ਮਿੱਠੀ ਮੁਸਕਾਨ ਨੇ ਮੇਰੇ ਦਿਲ ਨੂੰ ਲਟਬਾਵਰਾ ਕਰ ਦਿੱਤਾ ਏ। ਮੇਰਾ ਦਿਲ ਮੇਰੇ ਵਸ ਵਿਚ ਨਹੀਂ, ਈਰਾਵਤੀ! ਈਰਾ! ਈਰਾ!" ਰੋੜੀ ਬੋਲ ਰਿਹਾ ਸੀ।

"ਮੇਰਾ ਵੀ ਇਹੋ ਹਾਲ ਏ! ਇਹ ਕਦੋਂ ਮੇਰੀ ਮੰਨਦਾ ਏ। ਦਿਲ ਕਿਸੇ ਦੇ ਵਸ ਵਿਚ ਨਹੀਂ ਹੁੰਦਾ।" ਈਰਾਵਤੀ ਨੇ ਰੋੜੀ ਦੇ ਗੋਡਿਆਂ ਤੇ ਆਪਣਾ ਸਿਰ ਰਖ ਦਿੱਤਾ। ਦੋਵੇਂ ਇਕ ਦੂਜੇ ਦੇ ਮੂੰਹ ਵਲ ਤਕ ਰਹੇ ਸਨ। ਹਵਾ ਕਲੀਆਂ ਨੂੰ ਟੁੰਬ ਕੇ ਉਨ੍ਹਾਂ ਦਾ ਘੁੰਡ ਲਾਹ ਰਹੀ ਸੀ। ਈਰਾਵਤੀ ਦੀਆਂ ਅੱਖਾਂ ਵਿਚ ਨੀਂਦ ਦੀ ਮਸਤੀ ਸੀ ਤੇ ਨੀਂਦ ਵਿਚ ਬੁੜ ਬੁੜਾ ਰਹੀ ਸੀ :—

"ਪ੍ਰਦੇਸੀ ਬਾਲਮ! ਤੂੰ ਪ੍ਰੇਮ ਦਾ ਜਾਲ ਪਾ ਕੇ ਮੈਨੂੰ ਬੰਦੀਵਾਨ ਬਣਾ ਲਿਆ ਏ। ਮੇਰੀ ਜ਼ਿੰਦਗੀ ਦੀ ਮੁਸਕਾਨ ਦੁਨੀਆਂ ਦਾ ਆਨੰਦ! ਮੈਥੋਂ ਤੂੰ ਸਭ ਕੁਝ ਖੋਹ ਲਿਆ ਏ ਤੇ ਉਹਦੇ ਬਦਲੇ ਯਾਦ ਦੇ ਦਿੱਤੀ ਏ! ਭਾਵੇਂ ਇਹ ਸੌਦਾ ਕਸਾਰੇਵੰਦਾ ਨਹੀਂ ਪਰ ਮੇਰਾ ਅਰਾਮ, ਚੈਨ, ਤੇਰੀ ਯਾਦ ਦੀ ਓਰਨਾ ਵਿਚ ਜਾ ਲੁਕਿਆਂ ਏ। ਕਾਸ਼! ਮੈਂ ਤੈਨੂੰ ਨਾ ਵੇਖਦੀ। ਕਾਸ਼ ਮੇਰੀ ਅਚਾਨਕ ਤੇਰੇ ਨਾਲ ਅੱਖ ਨਾ ਲੜਦੀ। ਤੇਰੇ ਅਹਿਸਾਨਾਂ ਦੇ ਥੱਲੇ ਮੈਂ ਦਬੀ ਗਈ ਹਾਂ ਤੇ ਉਹ ਅਹਿਸਾਨ ਮੇਰੇ ਲਈ ਮੁਹੱਬਤ ਬਣ ਗਏ ਹਨ। ਮਦਹੋਸ਼ ਰਾਗਨੀ ਮੇਰੇ ਦਿਲ ਦੀ ਸਤਾਰ ਨੂੰ ਅੱਖਾਂ ਦੇ ਝਰੋਖੇ ਵਿਚੋਂ ਛੇੜਨੋਂ ਨਹੀਂ ਮੁੜਦੀ ਤੇ ਤੇਰੇ ਮੇਰੇ ਦਿਲ ਦੇ ਸਾਜ਼ਾਂ ਦੀ ਝਨਕਾਰ ਵਿਚ ਗੀਤ ਛਿੜ ਪੈਂਦੇ ਹਨ। ਬੋਲ ਤਾਰਾਂ ਦੀ ਗੂੰਜ ਵਿਚ ਜਨਮ ਲੈਂਦੇ ਹਨ।—"ਹੋ ਗਈ ਹੋ ਨਜ਼ਰੀਆ ਬੇ ਓਟ! ਕਿਧਰ ਗਏ ਬਾਲਮ!"—ਤਲਵਾਰਾਂ ਦੇ ਫਟ ਤੇ ਤਾਂ ਅੰਗੂਰ ਆ ਗਿਆ ਏ ਪਰ ਪ੍ਰੇਮ ਦੇ ਅੱਲੇ ਜ਼ਖਮਾਂ ਵਿਚ ਚਸਕਾਂ ਪੈ ਰਹੀਆਂ ਹਨ ਇਹ ਚਸਕਾਂ ਰਾਤ ਨੂੰ ਸੌਣ ਨਹੀਂ ਦੇਂਦੀਆਂ। ਦਿਨੇ ਕਸੀਦਾ ਕਢਦੀ ਦੀ ਸੂਈ ਕਈ ਵਾਰ ਪੋਟੇ ਵਿਚ ਪੁੜ ਗਈ ਏ। ਪ੍ਰਦੇਸੀ ਨਾਲ ਨੇਹੁੰ ਲਾ ਲਿਆ ਏ ਪਰ ਤੋੜ ਚੜ੍ਹਾਉਣਾ ਉਸ ਭਗਵਾਨ ਦੇ ਹੱਥ ਵਿਚ ਏ। ਮੈਂ ਇਸ ਰਾਜ਼ ਨੂੰ ਆਸ਼ਰਮ ਵਿਚੋਂ ਲੁਕਾ ਕੇ ਰਖਿਆ ਹੋਇਆ ਹੈ। ਦਿਲ ਦੀਆਂ ਤੈਹਾਂ ਵਿਚ ਤੇਰੀ ਯਾਦ ਪ੍ਰੀਤਮ ਮੇਰੇ ਦਿਲ ਨੂੰ ਆਪਣੀ ਮੁੱਠ ਵਿਚ ਲੈ ਲੈਂਦੀ ਏ। ਪ੍ਰਦੇਸੀ ਦੇ ਪ੍ਰੇਮ ਦਾ ਜਾਦੂ ਮੈਨੂੰ ਚੈਨ ਨਹੀਂ ਲੈਣ ਦੇਂਦਾ। ਤੂੰ ਮੇਰੀ ਮਦਦ ਕੀਤੀ ਏ ਉਸ ਮਦਦ ਵਿਚ ਕਈ ਫਿਤਨੇ ਉਠ ਖੜੇ ਹੋਏ ਤੇ ਉਸ ਨਸ਼ੇ ਵਿਚ ਮੈਂ ਆਪਣੀ ਸੁਧ ਬੁਧ ਭੁਲਾ ਦਿੱਤੀ। ਮੈਂ ਜਿਧਰ ਵੇਖਦੀ ਹਾਂ ਉਧਰ ਤੂੰ ਹੀ ਨਜ਼ਰ ਆਉਂਦਾ ਏਂ। ਮੇਰਾ ਭਗਤੀ ਭਰਿਆ ਦਿਲ ਚੱਟਾਨ ਹੋ ਗਿਆ ਏ। ਕੀ ਪ੍ਰੇਮ ਭਗਤੀ ਨਹੀਂ?"

ਜਾਗੋ ਮੀਟੀ ਹਾਲਤ ਵਿਚ ਈਰਾਵਤੀ ਬੁੜ-ਬੁੜਾ ਰਹੀ ਸੀ। ਪਿਆਰ 'ਚ ਉਹਦਾ ਦਿਲ ਉਛਲ ਉਛਲ ਪੈਂਦਾ। ਈਰਾਵਤੀ ਪੱਥਰ ਤੇ ਲੇਟੀ ਹੋਈ ਸੀ ਤੇ ਬਾਹਾਂ ਉਹ ਦੀਆਂ ਰੋੜੀ ਦੇ ਲਾਗੇ ਸਨ। ਪਿਆਰ ਵਿਚ ਉਸ ਨੇ ਸਿਰ ਰੋੜੀ ਦੇ ਪੱਟਾਂ ਤੇ ਰਖ ਦਿੱਤਾ ਤੇ ਹੱਥ ਰੋੜੀ ਦੇ ਹੱਥਾਂ ਤੇ।

ਪਿਆਰੇ ! ਪ੍ਰੇਮ ਦੇ ਨਰਮ ਹੱਥ ਕਿੰਨੇ ਪਿਆਰੇ ਤੇ ਸੋਹਣੇ ਲਗਦੇ ਹਨ। ਸਿਰ ਤੇ ਤਾਰਿਆਂ ਭਰੀ ਕਨਾਤ ਸੀ ਤੇ ਚੰਨ ਦੀਆਂ ਕਿਰਨਾਂ ਗੁਦਾਵਰੀ ਵਿਚ ਚੁਭੀਆਂ ਮਾਰ ਰਹੀਆਂ ਸਨ। ਚਾਨਣੀ ਰਾਤ ਵਿਚ ਬੇਲਾ ਮਹਿਕ ਰਿਹਾ ਸੀ। ਗੁਲਾਬਾਂਸੀ ਦੇ ਫੁੱਲ ਕਿਰਨਾਂ ਦਾ ਮੂੰਹ ਚੁੰਮ ਰਹੇ ਸਨ। ਸੁਖਚੈਨ ਦੀਆਂ ਟਾਹਣੀਆਂ ਨਾਲ ਹਵਾ ਕਿਕਲੀ ਪਾ ਰਹੀ ਸੀ। ਜੰਗਲੀ ਗੁਲਾਬ ਦੀਆਂ ਡੌਡੀਆਂ ਦਾ ਘੁੰਡ ਚੁਕਿਆ ਜਾ ਰਿਹਾ ਸੀ। ਦੇਖੋਂ ਆਸ਼ਰਮਾਂ ਵਿਚੋਂ ਹਵਾ ਮੋਤੀਆਂ ਨਾਲ ਖਹਿ ਕੇ ਆ ਰਹੀ ਸੀ। ਸਿਰਫ ਗੁਦਾਵਰੀ ਹੀ ਖਾਮੋਸ਼ ਵਗ ਰਹੀ ਸੀ ਬਾਕੀ ਸਭ ਹਰਕਤ ਵਿਚ ਸੀ। ਤੂਫਾਨਾਂ ਨੂੰ ਆਪਣੀ ਗੋਦ ਵਿਚ ਲਕੋਈ ਗੁਦਾਵਰੀ ਸ਼ਾਇਦ ਇਸ ਲਈ ਚੁਪ ਸੀ ਕਿ ਉਸ ਕਈ ਪਿਆਰ ਦੀਆਂ ਰਾਮ ਲੀਲਾ ਵੇਖੀਆਂ ਸਨ। ਈਰਾਵਤੀ ਦਾ ਸਿਰ ਰੇਡੀ ਦੇ ਪੱਟਾਂ ਤੇ ਸੀ। ਰੇਡੀ ਉਹਦੇ ਵਾਲਾਂ ਵਿਚ ਹੱਥ ਦੀ ਕੰਘੀ ਕਰ ਰਿਹਾ ਸੀ। ਈਰਾਵਤੀ ਪ੍ਰੇਮ ਦੀ ਗੋਦ ਵਿਚ ਸਵਰਗ ਦੇ ਝੂਟੇ ਲੈ ਰਹੀ ਸੀ ਤੇ ਅੰਦਰੋਂ ਉਹ ਦਾ ਦਿਲ ਗਾ ਰਿਹਾ ਸੀ ਉਸ ਮੁਟਿਆਰ ਵਾਂਗ ਜਿਹੜੀ ਗਿੱਧੇ ਦੇ ਪਿੜ ਵਿਚ ਨਿਝਕ ਬੋਲੀਆਂ ਪਾ ਰਹੀ ਹੋਵੇ :—

"ਪੱਛੀ ਲਾਵਾਂ ਮਹਲਾਂ ਨੂੰ, ਝੁੱਗੀ ਯਾਰ ਦੀ ਸਵਰਗ ਦਾ ਝੂਟਾ।"

ਮਸਤ, ਸੋਹਣੇ ਤੇ ਮਿੱਠੇ ਸੁਪਨੇ ਉਹਦੀ ਹਿੱਕ ਵਿਚ ਪਲ ਰਹੇ ਸਨ। ਅਰਮਾਨ ਤੜਫਦੇ, ਅੱਖਾਂ ਦਾ ਕੰਵਾਰਾਪਨ ਅਜੇ ਪਿਆਰ ਦੀਆਂ ਪੀਂਘਾ ਝੂਟਣ ਵਿਚ ਰੁਝਾ ਹੋਇਆ ਸੀ। ਚੰਨ ਦੀ ਚਾਨਣੀ ਵਿਚ ਈਰਾਵਤੀ ਦਾ ਮੁਖੜਾ ਕਿੰਨਾ ਸੋਹਣਾ ਤੇ ਪਿਆਰਾ ਲਗਦਾ ਸੀ। ਰੇਡੀ ਦਾ ਜੀਅ ਕਰਦਾ ਕਿ ਉਹ ਉਹਦਾ ਮੂੰਹ ਚੁੰਮ ਲਵੇ ਪਰ ਉਹ ਰੁਕ ਜਾਂਦਾ। ਸ਼ਾਇਦ ਉਹ ਚੰਨ ਸਾਹਮਣੇ ਉਹਦਾ ਮੂੰਹ ਚੁੰਮਣਾ ਨਹੀਂ ਸੀਂ ਚਾਹੁੰਦਾ। ਉਹ ਨਹੀਂ ਸੀ ਚਾਹੁੰਦਾ ਕਿ ਕੋਈ ਸ਼ਰੀਕ ਵੇਖੇ—।

ਚਾਨਣੀ ਰਾਤ ਵੀ ਤਾਂ ਇਕ ਪਰਦਾ ਈ ਏ। ਕੌਣ ਜਾਗਦਾ ਏ, ਚੰਨ ਤੇ ਚਕੋਰ, ਗੁਲਾਬਾਂਸੀ, ਜੰਗਲੀ ਗੁਲਾਬ ਤੇ ਸੁਖਚੈਨ ਦੇ, ਬੇਲੇ ਦੀ ਮਹਿਕ ਤੇ ਗੁਦਾਵਰੀ ਦੀਆਂ ਲਹਿਰਾਂ ਕੋਲੋਂ ਡਰਦਾ ਏਂ। ਇਹਦੇ ਸੀਨੇ ਵਿਚ ਅਜਿਹੇ ਕਈ ਕਿੱਸੇ ਛੁਪੇ ਹੋਏ ਹਨ। ਪ੍ਰੇਮੀਆਂ ਦੀ ਗੁਦਾਵਰੀ ਹੀ ਤੇ ਰਾਜ਼ਦਾਨ ਏ। ਸੁਖਚੈਨ ਦੇ ਠੰਡੇ ਪੱਤਿਆਂ ਦੀ ਹਵਾ ਨਾਲ ਮਸਤੀ ਆਵੇਗੀ, ਅੱਖਾਂ ਵਿਚ ਨੀਂਦ ਛਲਕੇਗੀ। ਗੁਲਾਬਾਂਸੀ ਤੇ ਗੁਲਾਬ ਦੇ ਫੁੱਲ ਮੇਰੇ ਕੋਲ ਬੈਠਿਆਂ ਹੀ ਈਰਾਵਤੀ ਦੇ ਬੁਲ੍ਹ ਚੁੰਮ ਕੇ ਲੈ ਗਏ ਤੇ ਮੈਂ ਕੋਲੋਂ ਬੋਲ ਵੀ ਨਾ ਸਕਿਆ। ਗੁਦਾਵਰੀ ਸਾਡੀ ਰਾਖੀ ਰਖੇਗੀ—ਰੇਡੀ ਸੋਚਦਾ ਰਿਹਾ—ਉਤਾਵਲੇ ਬੁਲ੍ਹ ਰੁਕੇ ਤੇ ਥਿੜਕਦੇ ਬੁਲ੍ਹ ਬੁਲ੍ਹਾਂ ਵਲ ਵਧੇ। ਈਰਾਵਤੀ ਦੇ ਚੰਨ ਵਰਗੇ ਮੁਖੜੇ ਤੇ ਨਰਗਸੀ ਅਖੀਆਂ ਜਾਗੋ ਮੀਟੀ ਵਿਚ ਸਨ। ਉਤਾਵਲੇ ਬੁਲ੍ਹਾਂ ਨੇ ਈਰਾਵਤੀ ਦੇ ਤੜਫਦੇ ਬੁਲ੍ਹ ਚੁੰਮ ਲਏ ਜਿਸ ਤਰ੍ਹਾਂ ਭੌਰਾ ਫੁੱਲਾਂ ਦੀਆਂ ਪੱਤੀਆਂ ਦਾ ਰਸ ਚੂਸ ਰਿਹਾ ਸੀ। ਰੇਡੀ ਆਪਣੇ ਬੁਲ੍ਹਾਂ ਵਿਚ ਮਿਠਾਸ ਦਾ ਰਸ ਲੈ ਰਿਹਾ ਸੀ। ਉਹ ਸੋਚ ਰਿਹਾ ਸੀ—ਇਨ੍ਹਾਂ ਵਿਚ ਸ਼ਹਿਦ ਦਾ ਸਵਾਦ ਕਿਉਂ ਹੈ। ਮੱਖੀਆਂ ਫੁੱਲਾਂ ਦੀਆਂ ਡੋਡੀਆਂ ਵਿਚ ਰਸ ਚੂਸਦੀਆਂ ਹਨ। ਕੀ ਇਹ ਬੁਲ੍ਹ ਫੁੱਲਾਂ ਨਾਲੋਂ ਘਟ ਹਨ ? ਫੁੱਲਾਂ ਦੀ ਮੌਜ ਤੇ ਇਕ ਰਾਤ ਦੀ ਏ। ਇਨ੍ਹਾਂ ਵਿਚ ਖਬਰੇ ਕਿੰਨਿਆਂ ਫੁੱਲਾਂ ਦਾ ਰਸ ਛੁਪਿਆ ਹੋਇਆ ਹੈ ਕਿ ਇਸ ਮਿਠਾਸ ਦਾ ਤਾਂ ਮੈਨੂੰ ਜੀਵਨ ਭਰ ਸਵਾਦ ਆਉਂਦਾ ਰਹੇਗਾ—ਉਹ

ਸੋਚਦਾ ਮੈਂ ਐਵੇਂ ਜੀਵਨ ਦੇ ਸੁਨਹਿਰੀ ਦਿਨ ਅਭਿਆਸ ਵਿਚ ਗੁਜ਼ਾਰ ਦਿੱਤੇ। ਫਿੱਕਾ ਫਿੱਕਾ ਜੀਵਨ ਚਾਰ ਚੁਫੇਰੇ ਸੁਨਸਾਨ, ਉਦਾਸ ਤੇ ਰੁੱਖਾ—ਪੱਥਰ ਵਾਂਗੂ ਸਖਤ ਤੇ ਪਤਝੜ ਦੇ ਮਾਰੇ ਹੋਏ ਰੁੱਖਾਂ ਵਾਂਗੂ ਖਰ੍ਹਵਾ ਤੇ ਖੁਸ਼ਕ ਜੀਵਨ। ਅਸਲ ਜੀਵਨ ਦਾ ਰਾਜ਼ ਹੀ ਇਹ ਹੈ। ਚਹੁੰ ਦਿਨਾਂ ਦੀ ਜ਼ਿੰਦਗੀ ਧੂੰਏ ਦੇ ਦੁਆਲੇ ਗੁਜ਼ਾਰ ਦਿੱਤੀ। ਕੀ ਲੋਕ ਮੈਨੂੰ ਬ੍ਰਹਮਚਾਰੀ ਆਖਣਗੇ ਤੇ ਫੇਰ ਕੀ ਹੋਵੇਗਾ, ਕੁਝ ਵੀ ਨਹੀਂ। ਇਹ ਵੀ ਕੋਈ ਜ਼ਿੰਦਗੀ ਏ, ਉਸ ਜੰਗਲੀ ਫੁੱਲ ਵਾਂਗੂ ਏਂ, ਜਿਹੜਾ ਬਹਾਰ 'ਚ ਖਿੜੇ ਤੇ ਕੋਈ ਮੂੰਹ ਨਾ ਚੁੰਮੇਂ। ਜੰਗਲ 'ਚ ਮੋਰ ਨੱਚਦਾ ਕਿਸੇ ਵੇਖਿਆ ਨਾ।

ਜ਼ਿੰਦਗੀ ਚਹੁੰ ਦਿਨਾਂ ਦਾ ਮੇਲਾ ਏ,—ਉਹ ਸੋਚਦਾ, ਇਹ ਚਾਨਣੀ ਰਾਤ, ਤਾਰਿਆਂ ਦੀ ਮਹਿਫਲ, ਗੁਲਾਬਾਂਸੀ ਦੇ ਫੁੱਲ, ਜੰਗਲੀ ਗੁਲਾਬ, ਰਾਤ ਰਾਣੀ ਦਾ ਜੋਬਨ ਤੇ ਬੇਲਾ ਇਸੇ ਤਰ੍ਹਾਂ ਖਿੜਿਆ ਰਹੇਗਾ ? ਕੀ ਇਹ ਮੇਰੇ ਸਾਥੀ ਰਹਿਣਗੇ। ਸੁਖਚੈਨ ਦੇ ਪੱਤਿਆਂ ਤੇ ਗੁਦਾਵਰੀ ਦੀਆਂ ਲਹਿਰਾਂ ਇਦਾਂ ਉਹਦੀਆਂ ਸਾਥੀ ਰਹਿਣਗੀਆਂ ? ਕੀ ਸਭ ਮੇਰੇ ਸਾਥੀ ਹੋਣਗੇ। ਕਿਤੇ ਸੂਰਜ ਦੀ ਪਹਿਲੀ ਕਿਰਨ ਮੇਰਾ ਰਾਜ਼ ਤੇ ਨਾ ਖੋਲ੍ਹ ਦੇਵੇ। ਚੰਨ ਦੀ ਮਕਰ ਚਾਨਣੀ ਤੇ ਇੰਦਰ ਦਾ ਰਾਜ਼ ਵੀ ਖੋਹਲਣੋਂ ਨਾ ਸੰਗੀ। ਅਹਿਲਿਆ ਤੇ ਇੰਦਰ ਉਸ ਰਾਤ ਇਕੱਠੇ ਰਹੇ ਜਾਂ ਨਾ—ਕੁਕੜ ਤੇ ਘੜਿਆਲ ਨੇ ਲੋ ਲਗਣ ਤੋਂ ਪਹਿਲਾਂ ਈ ਉਹਦਾ ਪਰਦਾ ਉਲਟ ਕੇ ਰਖ ਦਿੱਤਾ। ਮੈਂ ਸੌ ਸਾਲ ਦੀ ਖੁਸ਼ਕ ਉਦਾਸ ਜ਼ਿੰਦਗੀ ਨੂੰ ਪਿਆਰ ਦੀ ਇਕ ਰਾਤ ਤੋਂ ਵਾਰ ਦੇਵਾਂਗਾ। ਮੈਂ ਅਜਿਹਾ ਸਰੂਰ ਸਾਰੇ ਜੀਵਨ 'ਚ ਇਕ ਵਾਰ ਵੀ ਨਹੀਂ ਵੇਖਿਆ।

ਹੀਰਾਵਤੀ ਅਜੇ ਵੀ ਪ੍ਰੇਮ ਦੇ ਸੁਪਨੇ ਦੇਖ ਰਹੀ ਸੀ ਤੇ ਰੇਡੀ ਬੋਲ ਰਿਹਾ ਸੀ :—

—"ਹੀਰਾਵਤੀ ! ਵੇਖ ਰਾਤ ਦੀ ਰਾਣੀ ਖਿੜ ਪਈ ਊ—। ਬੇਲੇ ਤੇ ਲੋਹੜਾ ਆ ਰਿਹਾ ਈ। ਗੁਲਾਬਾਂਸੀ ਤੇ ਜੰਗਲੀ ਫੁੱਲ ਵੀ ਚਾਨਣੀ ਰਾਤ ਵਿਚ ਹੱਸ ਰਹੇ ਹਨ। ਤੂੰ ਸੁਤਿਆਂ ਹੀ ਰਾਤ ਵੰਞਾ ਦੇਣਾ ਚਾਹੁੰਦੀ ਏਂ, ਤਾਰਿਆਂ ਦੀ ਬਰਾਤ ਵੇਖ, ਚੰਨ ਦਾ ਵਿਆਹ ਹੋ ਰਿਹਾ ਈ। ਤੂੰ ਵੀ ਇਕ ਦਿਨ ਦੁਲਹਨ ਬਣੇਂਗੀ ਤੇ ਮੈਂ ਲਾੜਾ। ਕੀ ਤੂੰ ਉਦੋਂ ਵੀ ਨੀਂਦ ਵਿਚ ਅੱਖਾਂ ਮੀਟੇਂਗੀ। ਉਠ ਭੋਲੀਏ ! ਇਹ ਰਾਤਾਂ ਨਿੱਤ ਨਹੀਂ ਆਉਂਦੀਆਂ।"

ਹੀਰਾਵਤੀ ਨੇ ਅੱਖ ਉਘੇੜੀ ਤੇ ਰੇਡੀ ਵਲ ਵੇਖਿਆ ਤੇ ਹੱਸ ਪਈ ਜਿਵੇਂ ਸਾਰੀਆਂ ਗੱਲਾਂ ਸੁਣ ਰਹੀ ਸੀ। ਅੱਖਾਂ ਦੀਆਂ ਪੁਤਲੀਆਂ ਵਿਚ ਪਿਆਰ ਛਲਕ ਰਿਹਾ ਸੀ। ਉਹਦੀ ਚੁੰਨੀ ਥੱਲੇ ਉਹਦਾ ਸੀਨਾ ਚੁਗਲੀਆਂ ਕਰਦਾ। ਅਰਮਾਨ ਧੜਕਦੇ, ਪਿਆਰ ਉਹਦੇ ਬੁਲ੍ਹਾਂ ਤੇ ਲਾਗੇ ਹੋ ਹੋ ਬਹਿੰਦਾ। ਬੁਲ੍ਹਾਂ ਦੀਆਂ ਬੰਦ ਸਿਪੀਆਂ ਦੀ ਕੁਖ ਵਿਚੋਂ ਤਾਂ ਮੋਤੀ ਜਨਮ ਲੈਂਦੇ ਹਨ। ਹੀਰਾਵਤੀ ਬੋਲ ਰਹੀ ਸੀ। "ਚਾਨਣੀ ਰਾਤ ਵਿਚ ਤੁਸੀਂ ਕਿੰਨੇ ਸੋਹਣੇ ਲਗਦੇ ਹੋ !"

—"ਕੀ ਤੈਥੋਂ ਵੀ ? ਜਿਹਦੇ ਸਾਹਮਣੇ ਚੰਨ ਦਾ ਰੂਪ ਵੀ ਫਿੱਕਾ ਫਿੱਕਾ ਜਾਪਦਾ ਹੈ।"

ਰੇਡੀ ਬੋਲਿਆ।

ਲਹਿਰਾਂ ਇਕ ਦੂਜੇ ਦੇ ਗਲੇ ਮਿਲ ਰਹੀਆਂ ਸਨ, ਜਿਵੇਂ ਦੂਰੋਂ ਆਏ ਪ੍ਰਾਹੁਣੇ। ਚਾਨਣੀ

ਦੀ ਗੋਦ ਵਿਚ ਪ੍ਰੇਮੀਆਂ ਦਾ ਇਸ਼ਕ ਪਲਦਾ ਹੈ। ਅੱਧ ਖਿੜੀਆਂ ਕਲੀਆਂ ਚਾਨਣੀ ਰਾਤ ਵਿਚ ਘੁੰਡ ਲਾਹ ਰਹੀਆਂ ਸਨ। ਸਿਰ ਦੀਆਂ ਸਾਈਆਂ ਲਗ ਰਹੀਆਂ ਸਨ—ਸਾਡੇ ਦਿਲ ਵੀ ਚਾਨਣੀ ਰਾਤ ਵਿਚ ਇਕ ਹੋ ਰਹੇ ਹਨ—ਪਿਆਰ ਦਾ ਚੰਨ ਗਵਾਹ ਏ। ਚੰਨ ਤੇ ਤਾਰਿਆਂ ਦੀ ਬੇੜੀ ਵਿਚ ਅਸੀਂ ਪਿਆਰ ਦੇ ਨਾਤੇ ਜੋੜ ਰਹੇ ਹਾਂ—

—"ਇਹ ਠੀਕ ਏ ਨਾ ?" ਈਰਾਵਤੀ ਬੋਲੀ—

—"ਇਹਦੇ ਵਿਚ ਝੂਠੀ ਕਿਹੜੀ ਗੱਲ ਏ ?" ਰੇਡੀ ਨੇ ਜਵਾਬ ਦਿੱਤਾ।

—"ਖਿੱਤੀਆਂ ਚੜ੍ਹ ਪਈਆਂ ਨੇ ਰੇਡੀ। ਸਵੇਰ ਹੋਣ ਦਾ ਡਰ ਏ। ਕਿਤੇ ਆਸਰਮ ਵਾਲੇ ਜਾਗ ਪਏ ਤਾਂ ਪਿਆਰ ਦੀ ਸ਼ਤਰੰਜ ਤੇ ਪ੍ਰੇਮ ਦੀਆਂ ਨਰਦਾਂ ਪੁਠੀਆਂ ਪੈ ਜਾਣਗੀਆਂ।"

—"ਹੁਣ ਦਿਨ ਦਾ ਤਾਰਾ ਚੜ੍ਹ ਪਿਆ ਏ। ਅਸਾਂ ਸਾਰੀ ਰਾਤ ਗੁਜ਼ਾਰ ਦਿੱਤੀ ਹੈ ਤੇ ਦੋ ਗੱਲਾਂ ਵੀ ਨਾ ਕੀਤੀਆਂ ?" ਰੇਡੀ ਹੈਰਾਨੀ ਵਿਚ ਆਖ ਰਿਹਾ ਸੀ।

ਈਰਾਵਤੀ ਤੇ ਰੇਡੀ ਤਾਰਿਆਂ ਭਰੀ ਮਹਿਫਲ ਛਡਕੇ ਆਸ਼ਰਮ ਵੱਲ ਤੁਰ ਪਏ। ਗੁਲਾਬਾਂਸੀ ਤੇ ਗੁਲਾਬ ਦੇ ਫੁੱਲ ਮੂੰਹ ਚੁਕ ਚੁਕ ਕੇ ਵੇਖ ਰਹੇ ਸਨ। ਗੁਦਾਵਰੀ ਦੀਆਂ ਲਹਿਰਾਂ ਉਦਾਸ ਵਗਣ ਲਗ ਪਈਆਂ ਤੇ ਉਨ੍ਹਾਂ ਦਾ ਜੀਵਨ ਵੀ ਰੁੱਖਾ ਹੋਣ ਲਗ ਪਿਆ। ਉਹ ਇਉਂ ਮਹਿਸੂਸ ਕਰ ਰਹੀਆਂ ਸਨ ਜਿਵੇਂ ਸੁੱਤੀ ਪਈ ਸਸੀ ਕੋਲੋਂ ਪੁੰਨੂੰ ਨੂੰ ਬਲੋਚ ਚੁਕ ਕੇ ਲੈ ਗਏ ਹੋਣ। ਅਜੇ ਆਸ਼ਰਮ ਵਾਲੇ ਲੋਕ ਜਾਗੇ ਨਹੀਂ ਸਨ—ਉਹ ਆਪਣੀ ਆਪਣੀ ਥਾਂ ਜਾ ਸੁੱਤੇ। ਚਾਨਣੀ ਦੀਆਂ ਕਿਰਨਾਂ ਆਸ਼ਰਮ ਦੇ ਦਲਾਨ ਵਿਚ ਨਚ ਰਹੀਆਂ ਸਨ।

ਕੁਕੜ ਬੋਲੇ, ਚਿੜੀਆਂ ਚੂਕੀਆਂ ਤੇ ਹਾਲੀਆਂ ਨੇ ਹਲ ਕੱਢੇ। ਸੁੱਤਿਆਂ ਪਿਆਂ ਸੰਖਾਂ ਦਾ ਪੁਜਾਰੀਆਂ ਨੇ ਮੂੰਹ ਚੁੰਮ ਲਿਆ ਤੇ ਦਿਨ ਚੜ੍ਹਨ ਦਾ ਰਾਜ਼ ਖੋਲ੍ਹ ਦਿੱਤਾ। ਸਾਰਾ ਆਸ਼ਰਮ ਜਾਗ ਰਿਹਾ ਸੀ ਤੇ ਪ੍ਰੇਮੀ ਅਜੇ ਨੀਂਦ ਦੀ ਗੋਦ ਵਿਚ ਮਸਤ ਪਿਆਰ ਦੇ ਸੁਪਨੇ ਵੇਖ ਰਹੇ ਸਨ। ਰਾਮ ਚੰਦਰ ਲੁਬਾਣਾ ਦਾਤਣ ਕਰਦਾ ਬਾਹਰ ਆ ਰਿਹਾ ਸੀ।

"ਪੁੱਤ ਈਰਾਵਤੀ ਉਠ ਨਾ, ਦਿਨ ਚੜ੍ਹ ਪਿਆ ਏ, ਅਜ ਕੀ ਗੱਲ ਏ ਫੁੱਲ ਵੀ ਨਹੀਂ ਚੁਗੇ। ਉਠ ਮੇਰਾ ਬੀਬਾ ਪੁੱਤ।"

—"ਆਈ ਪਿਤਾ ਜੀ ! ਅੱਜ ਮੇਰੀ ਸਾਰੀ ਰਾਤ ਅੱਖ ਨਹੀਂ ਲਗੀ। ਹੁਣੇ ਅੱਖ ਲਗੀ ਤੇ ਦਿਨ ਚੜ੍ਹ ਪਿਆ।" ਈਰਾਵਤੀ ਅੱਖੀਆਂ ਮਲਦੀ ਬਾਹਰ ਬੋਲਦੀ ਜਾ ਰਹੀ ਸੀ।

—"ਪੁੱਤ ਪ੍ਰਦੇਸ ਵਿਚ ਜ਼ਰਾ ਅੱਖ ਲਗੀ ਤੇ ਦੁਨੀਆਂ ਪਲਟ ਗਈ। ਪ੍ਰਦੇਸ ਵਿਚ ਇੰਨੇ ਮਦਹੋਸ਼ ਨਹੀਂ ਸੌਂਵੀਦਾ। ਪ੍ਰਦੇਸ ਚੁਕੰਨਿਆਂ ਲਈ ਹੈ, ਬੇ-ਖਬਰਾਂ ਲਈ ਨਹੀਂ।"

ਆਰਤੀ ਆਰੰਭ ਹੋਈ ਤੇ ਪੁਜਾਰੀਆਂ ਦੇ ਬੋਲ ਸਿਖਰ ਤੇ ਪੁਜੇ ਹੋਏ ਸਨ। ਮੇਰੇ ਕੰਨ ਆਰਤੀ ਦੇ ਆਖਰੀ ਬੋਲ ਸੁਣ ਰਹੇ ਸਨ। ਹੁਣ ਆਰਤੀ ਚੁਪ ਦੀ ਗੋਦ ਵਿਚ ਜਾ ਸੁੱਤੀ ਹੈ। ਤੇਰੀ ਹੁਣ ਜਾਗ ਖੁਲ੍ਹੀ ਹੈ। ਦੋ ਚਾਰ ਦਿਨ ਹੋਰ ਤਕਲੀਫ ਏ, ਫੇਰ ਪੁੱਤ ਮੈਂ ਤੈਨੂੰ ਕਦੀ ਨੀਂਦ ਵਿਚੋਂ

ਜਗਾਇਆ ਨਾ ਕਰਾਂਗਾ —ਕਲੀਆਂ ਨੂੰ ਤਰੇਲ ਗੁਸਲ ਕਰਵਾ ਕੇ ਅਜੇ ਹਟੀ ਹੋਵੇ ਤੇ ਤਰੇਲ ਧੋਤੇ ਫੁੱਲ ਚੁਣੇ ਜਾਣ। ਸੁੱਚੇ ਫੁੱਲ ਭਗਵਾਨ ਨੂੰ ਚੜ੍ਹਾਏ ਜਾਂਦੇ ਹਨ ਤੇ ਫੇਰ ਦੇਵਤਾ ਪ੍ਰਸੰਨ ਹੁੰਦਾ ਹੈ। ਊਸ ਦੀ ਪਹਿਲੀ ਕਿਰਨ ਫੁੱਲਾਂ ਦਾ ਮੂੰਹ ਚੁੰਮ ਲੈਂਦੀ ਹੈ ਤੇ ਉਨ੍ਹਾਂ ਫੁੱਲਾਂ ਤੇ ਦੇਵਤਾ ਰੀਝਦਾ ਨਹੀਂ। ਊਸ ਵੇਲੇ ਜਾਗਣ ਦੀ ਆਦਤ ਪਾ। ਪੁੱਤ! ਇਹ ਪ੍ਰਦੇਸ ਏ ਪੰਜਾਬ ਨਹੀਂ—ਰਾਮ ਚੰਦਰ ਲੁਬਾਣਾ ਆਖ ਰਿਹਾ ਸੀ।

—"ਪਿਤਾ ਜੀ ਅੱਜ ਈ ਦੇਰ ਹੋ ਗਈ ਏ! ਨਹੀਂ ਤੇ ਅੱਗੇ ਕਦੀ ਵੀ ਮੈਂ ਊਸ਼ਾ ਦੀ ਪਹਿਲੀ ਕਿਰਨ ਫੁੱਲਾਂ ਤੇ ਪੈਣ ਨਹੀਂ ਦਿੱਤੀ ਸੀ। ਤਰੇਲ ਨਾਲ ਗੜੁਚ ਕਲੀਆਂ ਪੂਜਾ ਲਈ ਕਠੀਆਂ ਕਰਕੇ ਲਿਆਇਆ ਕਰਦੀ ਸੀ। ਰਾਤੀਂ ਮੇਰੀਆਂ ਅੱਖੀਆਂ ਵਿਚ ਨੀਂਦ ਹੀ ਨਹੀਂ ਆਈ। ਅੱਧੀ ਰਾਤੀਂ ਮੁਗਲਾਂ ਦੇ ਖੇਮੇਂ ਵਿਚੋਂ ਪਤਾ ਨਹੀਂ ਕਿਸੇ ਨੇ ਰੋਕਲਾ ਛੱਡ ਦਿੱਤਾ ਜਾਂ ਫੋਕਾ ਫ਼ਾਇਰ—ਸਾਰੀ ਰਾਤ ਪਾਸੇ ਮਾਰਦਿਆਂ ਨਿਕਲੀ। ਤੜਕਸਾਰ ਅੱਖ ਲਗੀ ਤੇ ਊਸ਼ੇਰ ਦੀ ਘੂਕੀ ਨੇ ਅੱਖ ਪੁੱਟਣ ਵੀ ਨਹੀਂ ਦਿੱਤੀ—ਕੱਲ੍ਹ ਤੋਂ ਸਵੇਰੇ ਨੂੰ ਸਵਾਂਗੀ—" ਈਰਾਵਤੀ ਬੋਲੀ।

—"ਜਲਦੀ ਜਾਹ ਤੇ ਚਰਨਾਮਤ ਲੈ ਕੇ ਜਲਦੀ ਆ।" ਰਾਮ ਚੰਦਰ ਲੁਬਾਣਾ ਬੋਲਿਆ।

ਜ਼ਮੀਨ ਤੇ ਥੁਕ ਕੇ ਥੂ—ਮੈਂ ਹੁਣੇ ਆਈ। ਮੈਂ ਵੇਖਦੀ ਹਾਂ ਕਿ ਕਿੰਨਾ ਚਿਰ ਲਗਦਾ ਹੈ। ਊਹ ਚਲੀ ਗਈ। ਸਾਰਾ ਦਿਨ ਊਹ ਆਪਣੀ ਛੰਨ ਵਿਚ ਲੇਟੀ ਰਹੀ। ਤਰਕਾਲਾਂ ਦੀ ਉਡੀਕ ਵਿਚ ਉਹਦਾ ਮਨ ਤਰਲੋ ਮੱਛੀ ਹੋ ਰਿਹਾ ਸੀ। ਊਹ ਕਦੀ ਗੁਦਾਵਰੀ ਵੱਲ ਤਾਕੀ ਖੋਲ੍ਹ ਦੇਂਦੀ ਤੇ ਕਦੀ ਸੋਚਣ ਲਗ ਪੈਂਦੀ।—"ਤਰਕਾਲਾਂ ਨੂੰ ਅੱਜ ਗੁਦਾਵਰੀ ਦੇ ਕੰਢੇ ਦੋ ਚਾਰ ਸਹੇਲੀਆਂ ਵੀ ਆਉਣੀਆਂ ਸਨ ਤੇ ਕੁਝ ਪੀਆ ਮਿਲਣ ਦਾ ਚਾਅ, ਜਿੰਨਾ ਸਵਾਦ ਉਡੀਕ ਵਿਚ ਹੈ ਮਿਲਣ ਵਿਚ ਨਹੀਂ। ਰੇਡੀ ਨੇ ਆਖਿਆ ਸੀ ਕਿ ਮੈਂ ਚਾਨਣੀ ਖਿੜਦਿਆਂ ਹੀ ਗੁਦਾਵਰੀ ਤੇ ਆਣ ਮਿਲਾਂਗਾ। ਤੂੰ ਏਥੇ ਪੱਥਰ ਤੇ ਉਡੀਕ ਕਰੀਂ। ਈਰਾਵਤੀ ਸੋਚਦੀ ਕਿ ਜਦ ਇਕੋ ਜਿਹੇ ਹਾਣੀ ਚਾਨਣੀ ਰਾਤ ਵਿਚ ਮਿਲਦੇ ਹਨ ਤਾਂ ਕਿੰਨਾ ਸਰੂਰ ਆਉਂਦਾ ਹੈ, ਨਿਝਕ ਕਾਹੀ ਤੇ ਸਰਕੜੇ ਕਿਸ ਤਰ੍ਹਾਂ ਆਪਸ ਵਿਚ ਇਕ ਦੂਜੇ ਦਾ ਮੂੰਹ ਚੁੰਮ ਲੈਂਦੇ ਹਨ। ਕਿਨਾਰੇ ਆਪੋ ਵਿਚ ਮਿਲਣ ਤੇ ਮਜਬੂਰ ਹਨ ਪਰ ਨਦੀ ਦੀਆਂ ਲਹਿਰਾਂ ਪਾਣੀ ਦੀ ਗੋਦ ਵਿਚ ਜਨਮ ਲੈ ਕੇ ਕਿਨਾਰਿਆਂ ਨੂੰ ਇਕ ਦੂਜੇ ਨਾਲ ਮਿਲਾ ਦੇਂਦੀਆਂ ਹਨ। ਕੀ ਮੈਂ ਅੱਜ ਜਾਵਾਂ ਕਿ ਨਾ ਜਾਵਾਂ। ਊਹ ਦਾ ਦਿਲ ਅੰਦਰੋਂ ਖੁਸਦਾ। ਜੇ ਕਿਸੇ ਨੂੰ ਪਤਾ ਲਗ ਗਿਆ ਤਾਂ ਫੇਰ ਕੀ ਬਣੇਗਾ?......ਊਹ ਸੋਚਦੀ ਤੇ ਫੇਰ ਉਹਨੂੰ ਸੋਹਣੀ ਮਹੀਂਵਾਲ ਦੀ ਕਹਾਣੀ ਚੇਤੇ ਆ ਜਾਂਦੀ। ਸੋਹਣੀ ਝੁਲਦੇ ਝਖੜ ਤੇ ਵਸਦੇ ਬੱਦਲ, ਤੇ ਤੂਫਾਨਾਂ ਦੀ ਹਿੱਕ ਚੀਰਦੀ ਕੱਚੇ ਘੜੇ ਤੇ ਹੀ ਯਾਰ ਨੂੰ ਮਿਲਣ ਲਈ ਠਿਲ੍ਹ ਪਈ ਸੀ। ਇਨ੍ਹਾਂ ਦਲੀਲਾਂ ਵਿਚ ਹੀ ਡੁਬੀ ਸੋਚਦੀ—ਦਿਨ ਲਹਿੰਦੇ ਨੂੰ ਜਾਣ ਲਗਾ, ਪ੍ਰਛਾਵੇਂ ਢਲ ਪਏ। ਸੁਰਮਈ ਸ਼ਾਮ ਨੇ ਆਪਣੀ ਚਾਦਰ ਦਾ ਸੁਤਰ ਚੋਲਾ ਓੜ੍ਹ ਲਿਆ। ਈਰਾਵਤੀ ਏਸੇ ਵਹਿਣ ਵਿਚ ਦਲੀਲਾਂ ਦੀ ਮਿੱਟੀ ਗੋਈ ਜਾ ਰਹੀ ਸੀ—

ਈਰਾਵਤੀ ਬਾਹਰ ਨਿਕਲੀ। ਰੋਟੀ ਟੁਕ ਤੋਂ ਵਿਹਲੀ ਹੋਈ ਤਾਂ ਰੋੜੀ ਆਸ਼ਰਮ ਵਿਚ ਆਇਆ ਤੇ ਇਸ਼ਾਰਾ ਜਿਹਾ ਕਰ ਕੇ ਚਲਾ ਗਿਆ। ਅੱਜ ਗੁਦਾਵਰੀ ਕੰਢੇ ਗੂੜ੍ਹੀਆਂ ਗੱਲਾਂ ਹੋਣਗੀਆਂ। ਈਰਾਵਤੀ ਸੋਚਦੀ—ਜਿਨ੍ਹਾਂ ਨੂੰ ਲੋੜ ਮਿਤਰਾਂ ਦੀ ਲਕ ਬੰਨ੍ਹ ਪਤਣਾਂ ਤੇ ਖੜੀਆਂ— ਸਾਰੇ ਆਸ਼ਰਮ ਵਿਚ ਨੀਂਦ ਦਾ ਬੂਤਨਾ ਵਿਰ ਰਿਹਾ ਸੀ। ਚੁਪ ਦੇ ਦੇਉ ਦਾ ਟੂਣਾ ਚਲ ਚੁਕਾ ਸੀ। ਕੋਈ ਚਿੜੀ ਵੀ ਪਰ ਮਾਰਦੀ ਨਜ਼ਰ ਨਹੀਂ ਸੀ ਆਉਂਦੀ। ਗੁਦਾਵਰੀ ਦੀਆਂ ਲਹਿਰਾਂ ਦੀ ਮੱਠੀ ਮੱਠੀ ਸ਼ੁਕਰ ਸੀ। ਈਰਾਵਤੀ ਨੇ ਫੂਕ ਫੂਕ ਕੇ ਪੈਰ ਧਰੇ ਤੇ ਉਹ ਪੱਥਰ ਤੇ ਬੈਠੀ ਰੋੜੀ ਦਾ ਇੰਤਜ਼ਾਰ ਕਰ ਰਹੀ ਸੀ।

—"ਅੱਜ ਤੇ ਸਰਕਾਰਾਂ ਬਣ ਠਣ ਕੇ ਆਈਆਂ ਨੇ। ਹੁਸਨ ਦੇ ਸ਼ਾਹ ਸਵਾਰ ਕਿਧਰ ਚੜ੍ਹੇ ਨੇ। ਕਿਸ ਭਾਗਾਂ ਵਾਲੇ ਦੀ ਸ਼ਾਮਤ ਆਈ ਹੈ", ਰੋੜੀ ਬੋਲਿਆ !

—"ਸਵਾਰੀ ਦਾ ਰੁਖ ਤੁਹਾਡੇ ਵੱਲ ਪਿਆ ਜਾਂਦਾ ਹੈ। ਚਤੁਰ ਤੋਂ ਬਚ ਕੇ ਰਹਿਣਾ" ਈਰਾਵਤੀ ਢਿੱਲੇ ਜਿਹੇ ਮੂੰਹ ਨਾਲ ਬੋਲੀ।

—"ਨੈਣਾਂ ਦੀ ਕਤਲਗਾਹ ਵਿਚ ਕਿਤੇ ਮਜ਼ਲੂਮ ਜ਼ਿਬ੍ਹਾ ਨਾ ਕੀਤਾ ਜਾਵੇ। ਨੈਣਾਂ ਦੀਆਂ ਕਟਾਰਾਂ ਦੀਆਂ ਨੋਕਾਂ ਅੱਜ ਬੜੀਆਂ ਤਿੱਖੀਆਂ ਜਾਪਦੀਆਂ ਨੇ। ਮੈਂ ਆਖਿਆ ਜੀ ਸੁਰਮੇ ਦੀ ਧਾਰੀ ਵਲਗਣ ਵਿਚ ਦੋ ਮੈਨਾਂ ਬੜੀਆਂ ਤਾੜ ਕੇ ਡਕੀਆਂ ਹਨ। ਪਲਕਾਂ ਦੇ ਪਿੰਜਰੇ ਵਿਚ ਕਿਧਰੇ ਵਿਚਾਰੀਆਂ ਦਾ ਦਮ ਹੀ ਨਾ ਘੁਟ ਜਾਵੇ। ਸ਼ਰਮ ਦੇ ਘੁੰਡ ਵਿਚ ਕੋਇਲਾਂ ਨੂੰ ਪਰ ਮਾਰਨ ਦੀ ਤਾਂ ਇਜਾਜ਼ਤ ਦੇਹ। ਬੰਦੀਵਾਨ ਘੁੰਡ ਦੀ ਕਾਰਾਗਾਰ ਵਿਚ ਦਮ ਨਹੀਂ ਮਾਰਨਾ ਚਾਹੁੰਦਾ। ਆਜ਼ਾਦ ਕਰ ਦੇਹ ਚੰਨ ਦੀ ਬਹਾਰ ਵਿਚ। ਅੱਜ ਤੇ ਲਕ ਵਿਚ ਸੌ ਸੌ ਵਲ ਪੈਂਦੇ ਨਜ਼ਰ ਆਉਂਦੇ ਨੇ। ਲਕ ਕੀ ਏ ਸਰੂ ਨੂੰ ਵੀ ਲਿਫਾ ਰਿਹਾ ਏ। ਤਕਲੇ ਨੂੰ ਕਿਤੇ ਵਲ ਤੇ ਨਹੀਂ ਪਿਆ ਹੋਇਆ। ਚੁੰਨੀ ਥੱਲੇ ਮਧ ਭਰੀਆਂ ਕਟੋਰੀਆਂ ਨੂੰ ਕਿਉਂ ਮਧੋਲ ਕੇ ਮਾਰ ਰਹੀ ਏਂ। ਕਿਤੇ ਤਿਲੀਅਰ ਚੋਗ ਦੇ ਲਾਲਚ ਵਿਚ ਘੇਰੇ ਵਿਚ ਤੇ ਨਹੀਂ ਆ ਗਿਆ। ਚੰਨ ਦਾ ਰੰਗ ਨਿਖਰਿਆ ਏ ਜਾਂ ਤੇਰੇ ਰੰਗ ਤੇ ਲੋਹੜਾ ਆਇਆ ਏ !" ਰੋੜੀ ਚਸਕੇ ਲੈ ਲੈ ਕੇ ਬੋਲ ਰਿਹਾ ਸੀ। ਈਰਾਵਤੀ ਬੋਲੀ :—

"ਸਾਰੀ ਨਾਂਦੇੜ ਵਿਚ ਸਾਡੀ ਚੁੰਨੀ ਨੂੰ ਕਿਸੇ ਮਾਇਆ ਲਾ ਕੇ ਵੀ ਨਹੀਂ ਦਿੱਤੀ। ਹਰਮ ਦਾ ਕੋਈ ਲਲਾਰੀ ਭਾਵੇਂ ਮਾਇਆ ਲਾਣੀ ਜਾਣਦਾ ਹੋਵੇ। ਕਿਤੇ ਸਾੜ੍ਹੀ ਨੂੰ ਥੋੜੀ ਮਾਇਆ ਲੋੜੀ ਹੈ। ਏਥੇ ਚੁੰਨੀ ਲੈਣੀ ਤੇ ਦਰਕਨਾਰ ਕੋਈ ਨਾਂ ਲੈਣੋ ਵੀ ਨਹੀਂ ਜਾਣਦਾ। ਮਰ ਜਾਣ ਸਾਰੀ ਨਾਂਦੇੜ ਦੇ ਲਲਾਰੀ, ਜਿਨ੍ਹਾਂ ਨੂੰ ਮਾਇਆ ਲੌਣ ਦਾ ਚਜ ਨਹੀਂ।"

—"ਅੱਜ ਬਾਹਾਂ ਕੋਰੀਆਂ ਕੋਰੀਆਂ ਕਿਉਂ ਜਾਪਦੀਆਂ ਨੇ"—ਰੋੜੀ ਆਖ ਰਿਹਾ ਸੀ।

"ਕੱਚ ਦੀਆਂ ਬਲੌਰੀ ਚੂੜੀਆਂ ਕਿਸੇ ਚੂੜੀਗਰ ਕੋਲ ਨਹੀਂ ਹਨ। ਮੈਨੂੰ ਨਹੀਂ ਚੰਗੀਆਂ ਲਗਦੀਆਂ ਲਾਖ ਦੀਆਂ ਚੂੜੀਆਂ। ਇਨ੍ਹਾਂ ਚੂੜੀਆਂ ਨਾਲੋਂ ਤਾਂ ਕੋਰੀਆਂ ਕੋਰੀਆਂ ਵੀਣੀਆਂ ਸੋਹਣੀਆਂ ਲਗਦੀਆਂ ਹਨ।" ਈਰਾਵਤੀ ਪਿਆਰ 'ਚ ਬੋਲੀ।

—"ਲਿਆ ਮੈਂ ਵੇਖਾਂ ਇਹ ਗੋਲ ਗੋਲ ਵੇਲਣੇ ਵੇਲਣੀਆਂ ਬਾਹਵਾਂ ਕੀ ਇਹ ਸੱਚੀਂ ਮੁੱਚੀ ਇੰਨੀਆਂ ਸੋਹਣੀਆਂ ਨੇ। ਕਿਤੇ ਚੰਨ ਨੇ ਮੁਲੰਮਾਂ ਤੇ ਨਹੀਂ ਕਰ ਦਿੱਤਾ ?" ਹੱਥਾਂ ਵਿਚ ਹੱਥ ਪਾ ਕੇ ਬਾਂਹ ਰੇਡੀ ਨੇ ਫੜ ਲਈ। ਈਰਾਵਤੀ ਦੀ ਗੋਲ ਗੋਲ ਬਾਂਹ ਉਤੇ ਰੇਡੀ ਦੇ ਖਰ੍ਹਵੇ ਹੱਥ ਫਿਰ ਰਹੇ ਸਨ।

—"ਬੋਝੇ 'ਚੋਂ ਚੂੜੀਆਂ ਦਾ ਜੋੜਾ ਕਢ ਕੇ ਉਸ ਆਖਿਆ ਦਾਦ ਦੇਹ ਕਿਸੇ ਸੁਗਾਤ ਦੀ। ਵਿਚਾਰੇ ਨੇ ਹੈਦਰਾਬਾਦ ਦੀ ਪੱਥਰ ਗਲੀ ਸਾਰੀ ਛਾਣ ਮਾਰੀ ਸੂ। ਜੇ ਅੱਜ ਤੂੰ ਦੋ ਜਹਾਨਾਂ ਦੀ ਦੌਲਤ ਮੰਗ ਲੈਂਦੀ ਤਾਂ ਪੂਰੀ ਕਰ ਦੇਂਦਾ। ਬੱਤੀਆਂ ਘੜੀਆਂ ਵਿਚ ਆਦਮੀ ਇਕ ਘੜੀ ਤਾਂ ਦੋ ਜਹਾਨਾਂ ਦਾ ਵਾਲੀ ਵੀ ਬਣ ਜਾਂਦਾ ਹੈ। ਲਿਆ ਮੈਂ ਅੱਜ ਤੈਨੂੰ ਕੱਚ ਦੀਆਂ ਚੂੜੀਆਂ ਰਜ਼ਾ ਦੇ ਬੰਧਨ ਪਾ ਦੇਵਾਂ। ਇਹ ਸਾਡੀ ਪਿਆਰ ਦੀ ਨਿਸ਼ਾਨੀ ਏ। ਸਾਡੀ ਪਿਆਰ ਦੀ ਜ਼ੰਜੀਰ ਚੂੜੀਆਂ ਦੇ ਰੂਪ ਵਿਚ ਹੱਥ ਕੜੀਆਂ ਹਨ। ਅਸੀਂ ਅੱਜ ਪਿਆਰ ਦੀ ਮੰਜ਼ਲ ਵਿਚ ਪਹਿਲੀ ਪੌੜੀ ਚੜ੍ਹ ਰਹੇ ਹਾਂ। ਪਥਿਕ ਦੇ ਪੈਰ ਜੇ ਪਹਿਲੀ ਪੌੜੀ ਤੇ ਤਿਲਕੇ ਨਾ ਤਾਂ ਰਾਹੀ ਨੂੰ ਪਿਆਰ ਦੇ ਮਾਰਗ ਵਲ ਲੈ ਜਾਵੇਗਾ, ਜਿਹੜਾ ਇਸ ਦੁਨੀਆਂ ਤੋਂ ਬਹੁਤ ਦੂਰ ਏ। ਜਿੱਥੇ ਧਰਤੀ ਤੇ ਅਕਾਸ਼ ਦੀ ਨੀਲੀ ਚਾਦਰ ਮਿਲਦੀ ਹੈ। ਚੰਨ ਦੇ ਪ੍ਰੇਮ ਕੁੰਡ ਵਿਚ ਗੋਤੇ ਮਾਰਨ ਲਈ ਚਲ ਚਲੀਏ।" ਰੇਡੀ ਅੱਖਾਂ ਵਿਚ ਪਿਆਰ ਮਟਕਾਂਦਿਆਂ ਆਖ ਰਿਹਾ ਸੀ।

"ਚੂੜੀਆਂ ਦੇ ਰੂਪ ਵਿਚ ਗਾਨਾ ਬੱਝ ਗਿਆ ਹੈ ਤੇ ਮੈਂ ਗਾਨੇ ਦੀ ਲਾਜ ਰਖਾਂਗੀ—" ਈਰਾਵਤੀ ਬੋਲੀ।

—"ਦੱਖਣ ਦੇਸ਼ ਵਿਚ ਚੂੜੀ ਪਹਿਨਾਣ ਦਾ ਮਤਲਬ ਇਹ ਹੈ ਕਿ ਉਨ੍ਹਾਂ ਆਪਣੀ ਜ਼ਿੰਦਗੀ ਦੇ ਹਾਣੀਆਂ ਦੀ ਚੋਣ ਕਰ ਲਈ ਤੇ ਉਹ ਇਕ ਦੂਜੇ ਦੇ ਪਿਆਰ ਵਿਚ ਬੱਝ ਗਏ। ਸਿਰਫ ਇਕ ਗਵਾਹ ਦੀ ਲੋੜ ਹੈ। ਪਰ ਸਾਡਾ ਗਵਾਹ ਕੌਣ ਹੈ, ਚੰਨ, ਚਾਨਣੀ, ਗੁਦਾਵਰੀ, ਸੂਖਚੈਨ, ਗੁਲਾਬ ਤੇ ਰਾਤ ਦੀ ਰਾਣੀ। ਸਾਰੀ ਕੁਦਰਤ ਗਵਾਹ ਏ। ਦੁਨੀਆਂ ਦਾ ਦਾਤਾ ਸਾਡੀ ਸ਼ਹਾਦਤ ਦੇਵੇਗਾ—" ਰੇਡੀ ਬੋਲਿਆ।

—"ਪ੍ਰੇਮ ਵਿਚ ਸ਼ਹਾਦਤ ਦੀ ਕੀ ਲੋੜ ਏ ?" ਪ੍ਰੇਮ ਦਾ ਦੇਵਤਾ ਬਲੀਦਾਨ ਮੰਗਦਾ ਹੈ, ਸ਼ਹਾਦਤ ਨਹੀਂ। ਪ੍ਰੇਮੀ ਮਣਕੇ ਹਨ ਤੇ ਪਿਆਰ ਇਕ ਧਾਗੇ ਦੀ ਡੋਰ। ਪਿਆਰ ਦੀ ਸੂਈ ਵਿਚ ਪਰੁਚ ਜਾਵੇ ਤਾਂ ਮਾਲਾ। ਪਿਆ ਪੱਥਰ ਤੇ ਵਿਝਾ ਮੋਤੀ। ਪ੍ਰੇਮ ਜੀਵਨ ਦੀ ਕੁੰਜੀ ਏ। ਪ੍ਰੇਮ ਸ਼ਕਤੀ ਪਹਾੜਾਂ ਦੀ ਹਿੱਕ ਚੀਰ ਕੇ ਝਰਨਿਆਂ ਨੂੰ ਜਨਮ ਦੇਂਦੀ ਏ। ਪ੍ਰੇਮ ਵਿਚ ਬਝੀ ਗੁਦਾਵਰੀ ਦੀਆਂ ਲਹਿਰਾਂ ਬੰਕੇਸ਼ਵਰ ਤੋਂ ਚਲ ਕੇ ਨਾਂਦੇੜ ਤਕ ਪੁਜ ਗਈਆਂ। ਪ੍ਰੇਮ ਚਕੋਰ ਨੂੰ ਆਪਣੀ ਜਾਨ ਦੀ ਬਾਜ਼ੀ ਲਾਣ ਲਈ ਮਜਬੂਰ ਕਰ ਦੇਂਦਾ ਹੈ। ਭੌਰ ਪ੍ਰੇਮ ਦੀ ਝਲਕ 'ਚ ਆ ਕੇ ਸਾਰੀ ਰਾਤ ਪ੍ਰੇਮ ਦਾ ਬੰਦੀਵਾਨ ਬਣ ਕੇ ਰਹਿੰਦਾ ਹੈ। ਪ੍ਰਵਾਨਾ ਸ਼ਮ੍ਹਾਂ ਦੀ ਮਹਿਫਲ ਵਿਚ ਰਤੀ ਸੀ ਨਹੀਂ ਕਰਦਾ। ਪ੍ਰੇਮ ਆਦਮੀ ਨੂੰ ਦੇਵਤਾ ਬਣਾ ਦੇਂਦਾ ਹੈ। ਪ੍ਰੇਮ ਵਿਚ ਸਰਿਸ਼ਟੀ ਦਾ ਵਾਧੂ ਚੱਕਰ ਚਲਦਾ ਹੈ।"

ਈਰਾਵਤੀ ਰੇਡੀ ਦੀ ਗੋਦ ਵਿਚ ਸਿਰ ਰਖੀ ਗੁਦਾਵਰੀ ਦੀਆਂ ਲਹਿਰਾਂ ਵੱਲ ਵੇਖ ਰਹੀ ਸੀ। ਪਿਆਰ ਦੇ ਸੁਪਨੇ ਉਹਦੇ ਹਿਰਦੇ ਵਿਚ ਪਲ ਰਹੇ ਸਨ। ਪਿਆਰ ਦੀਆਂ ਪੀਂਘਾਂ ਗਗਨ ਨਾਲ ਗੱਲਾਂ ਕਰ ਰਹੀਆਂ ਸਨ। ਇਸ਼ਕ ਦੇ ਹੁਲਾਰੇ ਆ ਰਹੇ ਸਨ।

ਰੇਡੀ ਸੋਚ ਰਿਹਾ ਸੀ :—

"ਈਰਾਵਤੀ ਦੀਆਂ ਲੰਮੀਆਂ ਲੰਮੀਆਂ ਕਾਲੀਆਂ ਨਾਗਣਾਂ ਵਰਗੀਆਂ ਜ਼ੁਲਫ਼ਾਂ ਮੇਰੇ ਲਈ ਕਿਤੇ ਕੁੜਿੱਕੀ ਨਾ ਬਣ ਜਾਣ। ਮਸਤ ਕਾਲ਼ੀਆਂ ਕਾਲੀਆਂ ਨਸ਼ੀਲੀਆਂ ਅੱਖੀਆਂ ਵਿਚ ਕਿੰਨਾ ਸਰੂਰ ਏ। ਮਧ ਭਰੇ ਨੈਣਾਂ ਵਿਚ ਜਾਦੂ ਦੀ ਮਧੂਸ਼ਾਲਾ ਏ। ਤਿੱਖੇ ਨਕਸ਼ ਇਕ ਜਾਲ ਹਨ। ਫਾਹੀ ਹੈ ਤਿਤਰਾਂ ਨੂੰ ਫਾਹੁਣ ਦੀ। ਮੈਂ ਇਹਦੇ ਨਾਲ ਨਿਹੁੰ ਕੀ ਲਾਇਆ ਆਪਣੀ ਸੁਧ ਬੁਧ ਭੁਲਾ ਦਿੱਤੀ। ਮੇਰੇ ਦਿਲ ਦੇ ਪੰਛੀ ਦਾ ਆਲ੍ਹਣਾ ਪ੍ਰੇਮ ਦੇ ਤੂਫਾਨ ਵਿਚ ਹਿਲਣ ਲਗ ਪਿਆ। ਮੈਨੂੰ ਡਰ ਏ ਕਿਤੇ ਇਹ ਦੀਆਂ ਤੀਲੀਆਂ ਤੀਰ ਨਾ ਬਣ ਜਾਣ। ਕਮਾਨ ਵਰਗੀਆਂ ਭਵਾਂ ਦਿਲ ਦੀ ਪੱਟੀ ਤੇ ਨਕਸ਼ ਹੋ ਗਈਆਂ ਹਨ। ਹੁਸਨ ਦੀ ਖਿੜੀ ਗੁਲਜ਼ਾਰ ਇਉਂ ਜਾਪਦੀ ਏ ਜਿਵੇਂ ਨੀਲੋਫਰ ਦੇ ਫੁੱਲਾਂ ਤੇ ਬਹਾਰ ਆਈ ਹੋਈ ਹੋਵੇ। ਕਾਲੀਆਂ ਕਜਲ ਛੋਹੀਆਂ ਅੱਖੀਆਂ ਦੀ ਮਹਿਫਲ ਵਿਚ ਦੋ ਪੁਤਲੀਆਂ ਦਾ ਹਲਕਾ ਜਿਹਾ ਨਾਚ, ਰੁਖਸਾਰ ਅੰਗਾਰ ਹਨ ਹੁਸਨ ਦੀ ਭੱਠੀ ਦੇ। ਇਨ੍ਹਾਂ ਅੰਗਾਰਾ ਦੇ ਧੂਏਂ ਨਾਲ ਸ਼ਾਇਦ ਭਵਾਂ ਦਾ ਜਨਮ ਹੋਇਆ ਏ। ਜ਼ੁਲਫਾਂ ਦੀਆਂ ਕਾਲੀਆਂ ਨਾਗਣਾਂ ਦੀਆਂ ਪਟੀਆਂ ਹਿੱਕ ਤੇ ਪਲਮ ਰਹੀਆਂ ਸਨ। ਰੁਖਸਾਰ ਤੇ ਤਿਲ ਇਉਂ ਜਾਪਦਾ ਸੀ ਜਿਵੇਂ ਮੋਤੀਏ ਦੀ ਖਿੜੀ ਕਲੀ ਤੇ ਭੌਰ ਬੈਠਾ ਹੋਵੇ ਜਾਂ ਆਬੇਹਿਯਾਤ ਦੇ ਚਸ਼ਮੇ ਤੇ ਕੋਈ ਹਬਸ਼ੀ ਬੈਠ ਕੇ ਰਾਖੀ ਕਰ ਰਿਹਾ ਹੋਵੇ। ਕਮੰਦ ਏ ਆਸ਼ਕ ਦੀ ਜਿਹੜਾ ਜਾਨ ਤਲੀ ਤੇ ਰਖ ਕੇ ਕਿਲੇ ਨੂੰ ਤੋੜਨਾ ਚਾਹੁੰਦਾ ਏ, ਜਿਵੇਂ ਕਸਤੂਰੀ ਵਾਲੇ ਹਰਨ ਦੀ ਖੁਸ਼ਬੂ ਸਾਰੇ ਜੰਗਲ ਵਿਚ ਫੈਲ ਗਈ ਏ ਤੇ ਸ਼ਿਕਾਰੀ ਪਾਗਲ ਹੋ ਜਾਂਦੇ ਹਨ ਉਸ ਦੀ ਖੋਜ ਵਿਚ। ਚਾਨਣੀ ਰਾਤ ਦੀ ਸਜ ਵਿਆਹੀ ਵਹੁਟੀ ਵਾਂਗ ਫਬੀ ਏ। ਉਸ ਦੇ ਸ਼ੀਸ਼ੇ 'ਚੋਂ ਮੈਨੂੰ ਆਪਣੇ ਦਿਲ ਦੀ ਧੜਕਣ ਜਾਪਦੀ ਏ। ਮਾਂਗ ਇਉਂ ਜਾਪਦੀ ਏ, ਜਿਵੇਂ ਭਾਰਤ ਵਰਸ਼ ਦੀ ਧਰਤੀ ਤੇ ਗੰਗਾ ਵਗ ਰਹੀ ਹੋਵੇ। ਕਾਲੇ ਪੱਥਰਾਂ ਦੇ ਪਹਾੜ ਨੂੰ ਗੰਗਾ ਨੇ ਦੋ ਪਾਟ ਕਰ ਦਿੱਤਾ ਹੋਵੇ, ਜਾਂ ਹਨੇਰੀ ਰਾਤ ਵਿਚ ਕਿਤੇ ਬਿਜਲੀ ਚਮਕ ਪਈ ਹੋਵੇ। ਆਖਰ ਇਹ ਕੀ ਏ ਕਿਤੇ ਹਜ਼ਰਤ ਖਿਜ਼ਰ ਦੀ ਲੱਭੀ ਹੋਈ ਕੋਈ ਪਗਡੰਡੀ ਤੇ ਨਹੀਂ। ਸੂਰਜ ਦੀ ਕਿਤੇ ਪਹਿਲੀ ਕਿਰਨ ਤੇ ਨਹੀਂ—ਮਾਨ-ਸਰੋਵਰ ਝੀਲ ਤੋਂ ਕਿਤੇ ਕੋਈ ਨਦੀ ਤੇ ਨਹੀਂ ਫੁਟ ਪਈ। ਮਸਤਕ ਕੋਹਤੂਰ ਵਾਂਗੂੰ ਮੂਸਾ ਨੂੰ ਬੇਸੁਧ ਕਿਉਂ ਕਰੀ ਜਾ ਰਿਹਾ ਸੀ। ਭਰਵੱਟੇ ਕਿਸੇ ਰਾਜਪੂਤ ਦੀ ਤਲਵਾਰ ਦਾ ਮੋੜ ਜਾਪਦੇ ਹਨ, ਰਬ ਖੈਰ ਕਰੇ—ਈਰਾਵਤੀ ਦੇ ਹੁਸਨ ਨੇ ਚਾਨਣੀ ਰਾਤ ਵਿਚ ਲੋਹੜਾ ਲਿਆ ਦਿੱਤਾ ਏ ਤੇ ਉਹ ਮਸਤ ਹੁਸਨ ਦੀ ਗੋਦ ਵਿਚ ਖਾਬ ਦੇਖ ਰਹੀ ਏ, ਤੇ ਉਤੇ ਚਾਨਣੀ ਰਾਤ ਦੀ ਚਾਨਣੀ ਤਣੀ ਹੋਈ ਹੈ। ਵੇਲਾ ਫੁਲ ਰਿਹਾ ਹੈ। ਰਾਤ ਦੀ ਰਾਣੀ ਮੁੱਠਾਂ ਭਰ ਭਰ ਚਾਨਣੀ ਭਰੀ ਮਹਿਫਲ 'ਚ ਵੰਡ ਰਹੀ ਏ। ਸੁਖਚੈਨ ਦੀਆਂ ਟਹਿਣੀਆਂ ਪਿਆਰ 'ਚ ਦੂਹਰੀਆਂ ਹੋ ਹੋ ਪੈ ਰਹੀਆਂ ਨੇ।

ਗੁਲਾਬ ਖੁਸ਼ੀ 'ਚ ਫੁਲਿਆ ਹੋਇਆ ਏ । ਮੇਰਾ ਦਿਲ ਮੇਰੇ ਕਾਬੂ ਵਿਚ ਨਹੀਂ । ਇਹ ਜੀਵਨ ਦੇ ਚਸ਼ਮੇਂ ਵਿਚ ਕਿਤੇ ਕੋਈ ਪੰਛੀ ਤੇ ਨਹੀਂ ? ਹੀਰੇ ਦੀ ਕਣੀ ਏ, ਜਿਹੜੀ ਦੂਰ ਤੋਂ ਚਮਕ ਮਾਰ ਰਹੀ ਏ ਮੈਂ ਇਸ ਹੀਰੇ ਦੀ ਕਣੀ ਨੂੰ ਆਪਣੇ ਦਿਲ ਦੀ ਅੰਗੂਠੀ ਵਿਚ ਜੜਾ ਲਵਾਂਗਾ । ਹੁਣ ਇਹ ਦੀਆਂ ਅੱਖਾਂ ਵਿਚ ਮਦਹੋਸ਼ੀ ਦਾ ਨਸ਼ਾ ਏ । ਸਾਡੇ ਪਿਆਰ ਦੀਆਂ ਵਾਟਾਂ ਦੂਰ ਨਹੀਂ, ਸਗੋਂ ਇਕ ਜਗ੍ਹਾ ਤੇ ਮਿਲ ਗਈਆਂ ਹਨ" ਈਰਾਵਤੀ ਨੇ ਅੱਖ ਖੋਲ੍ਹੀ :—

—"ਅਖੀਆਂ ਦੀਆਂ ਕਲੀਆਂ ਦੇ ਮੂੰਹ ਬੰਦ ਕਿਉਂ ਹੋ ਰਹੇ ਹਨ । ਹੁਸਨ ਨੀਂਦ ਦੀ ਝੋਲੀ ਵਿਚ ਪਿਆ ਸੌਂ ਰਿਹਾ ਹੈ ।—ਕੀ ਈਰਾਵਤੀ ਅਸੀਂ ਇਕ ਦੂਜੇ ਦੇ ਹੁਸਨ ਦੇ ਸਾਥੀ ਬਣ ਸਕਦੇ ਹਾਂ," ਰੇਡੀ ਬੋਲਿਆ ।

—"ਕਿਉਂ ਨਹੀਂ ਅਸਾਂ ਗੰਧਰਵ ਵਿਆਹ ਜੋ ਕਰ ਲਿਆ ਏ । ਇਹ ਨੂੰ ਕੌਣ ਤੋੜ ਸਕਦਾ ਹੈ ।" ਈਰਾਵਤੀ ਬੋਲੀ ।

ਰੇਡੀ ਨੇ ਆਖਿਆ—"ਤੂੰ ਪੰਜਾਬ ਦੀ ਸੁੰਦਰੀ ਤੇ ਮੈਂ ਦੱਖਣ ਦਾ ਪਹਾੜੀਆ । ਦੋਵਾਂ ਦਾ ਮੇਲ ਸਮਾਜ ਬਰਦਾਸ਼ਤ ਕਰ ਲਵੇਗਾ, ਕੀ ਉਹਦੀ ਹਿੱਕ ਤੇ ਸੱਪ ਨਹੀਂ ਲੇਟਣਗੇ ?"

—"ਔਰਤ ਜ਼ਿੰਦਗੀ ਵਿਚ ਸਿਰਫ ਇਕ ਵਾਰ ਪਿਆਰ ਕਰਦੀ ਹੈ । ਉਹਦੇ ਦਿਲ ਦੇ ਸ਼ੀਸ਼ੇ ਵਿਚ ਸਿਰਫ ਇਕ ਆਦਮੀ ਮੂੰਹ ਵੇਖ ਸਕਦਾ ਹੈ । ਮੈਂ ਤੈਨੂੰ ਪਿਆਰ ਕੀਤਾ ਹੈ । ਜਾਨ ਦੀ ਬਾਜ਼ੀ ਦਾ ਖੇਲ ਉਸੇ ਦਿਨ ਤੋਂ ਖੇਡਿਆ ਸੀ ਜਦ ਕਦਮੁਲਦੀਨ ਦੇ ਮੁਕਾਬਲੇ ਤੇ ਤੇਰੀਆਂ ਤੇ ਮੇਰੀਆ ਅੱਖਾਂ ਦੋ ਚਾਰ ਹੋਈਆਂ ਸਨ । "ਵੇਖੀਂ ਉਸ ਸਿੱਖ ਦੇ ਆਖੇ ਵਾਂਗੂ ਨਾ ਕਰੀਂ । ਕੱਚੀ ਧਰੇਕ ਵਾਂਗੂ ਟੁਟ ਨਾ ਪਵੀਂ । ਪਿਆਰ ਲਾਣਾ ਸੌਖਾ ਤੇ ਨਿਭਾਣਾ ਔਖਾ, ਕਿਤੇ ਉਹ ਗੱਲ ਨਾ ਹੋਵੇ— "ਮੇਰੀ ਲਗਦੀ ਕਿਸੇ ਨਾ ਵੇਖੀ ਤੇ ਟੁਟਦੀ ਨੂੰ ਜਗ ਜਾਣਦਾ । ਯਾਰੀ ਹਸ ਹਸ ਕੇ ਤਾਂ ਲਾ ਰਹੀ ਏਂ ਕਿਤੇ ਰੋ ਕੇ ਦਸ ਨਾ ਦੇਵੀਂ । ਇਹਦੇ ਪੰਧ ਦੇ ਰਸਤੇ ਬੜੇ ਔਖੇ ਨੇ । ਮੈਂ ਬੈਰਾਗੀ ਦੀ ਫੌਜ ਦਾ ਇਕ ਸਿਪਾਹੀ ਹਾਂ । ਦੇਸ਼ ਦੀ ਆਜਾਦੀ ਲਈ ਮੈਂ ਵਿਛੜ ਵੀ ਸਕਦਾ ਹਾਂ ਤੇ ਇਹ ਵੀ ਹੋ ਸਕਦਾ ਕਿ ਮੈਨੂੰ ਬਲੀਦਾਨ ਵੀ ਦੇਣਾ ਪਵੇ ਤੇ ਫੇਰ ਤੇਰਾ ਕੀ ਬਣੇਗਾ—?" ਰੇਡੀ ਬੋਲਿਆ ।

—"ਮੈਂ ਭਾਵੇਂ ਕੱਚ ਦੀਆਂ ਚੂੜੀਆਂ ਪਾਈਆਂ ਹੋਈਆਂ ਨੇ ਪਰ ਕੰਨ ਚੂੜੀਆਂ ਦੀ ਛਣਕਾਰ ਤੇ ਨਹੀਂ ਰੀਝੇ । ਮੈਂ ਤਲਵਾਰ ਦੀ ਛਣਕਾਰ ਤੇ ਲਟਬਾਵਰੀ ਹੋਈ ਹਾਂ । ਮੈਂ ਤੇਰੇ ਨਾਲ ਸਾਵੀਂ ਸਰਨਾਮੀ ਹੋ ਕੇ ਮੁਗਲਾਂ ਦਾ ਮੁਕਾਬਲਾ ਕਰਾਂਗੀ । ਰਾਜਪੂਤਨੀ ਬਣ ਕੇ ਵਿਖਾਵਾਂਗੀ । ਮੈਂ ਰਾਜਪੂਤਾਂ ਦੀ ਗੋਦ ਵਿਚ ਪਲੀ ਹਾਂ । ਮੈਂ ਦਾਸੀ ਦਾ ਦੁੱਧ ਨਹੀਂ ਪੀਤਾ । ਮੈਂ ਖਤਰਾਨੀ ਦਾ ਦੁੱਧ ਚੁੰਘਿਆ ਹੈ । ਮੇਰੀ ਖਲੜੀ 'ਚ ਡਰ ਨਹੀਂ । ਮੈਂ ਇਨ੍ਹਾਂ ਬੁਜ਼ਦਿਲ ਮੁਗਲਾਂ ਤੋਂ ਨਹੀਂ ਡਰਦੀ । ਮੈਂ ਪਦਮਣੀ ਵਾਂਗ ਮੈਦਾਨ 'ਚ ਨਿਤਰਾਂਗੀ । ਮੇਰੇ ਵਲੋਂ ਕੋਈ ਚਿੰਤਾ ਨਾ ਕਰ । ਮੈਂ ਗੱਲ ਦੀ ਪੱਕੀ ਤੇ ਇਰਾਦੇ ਦੀ ਦ੍ਰਿੜ੍ਹ ਹਾਂ । ਤੂੰ ਆਪਣੇ ਦਿਲ ਨੂੰ ਟਟੋਲ । ਪ੍ਰੇਮੀ ਇਹ ਸਭ ਕੁਝ ਨਹੀਂ ਸੋਚਦੇ । ਉਹ ਪ੍ਰਵਾਨੇ ਹਨ ਤੇ ਸ਼ਮ੍ਹਾਂ ਤੇ ਮਰ ਮਿਟਦੇ ਹਨ ਇਹਦੇ ਵਿਚ ਹੀ ਤੇ ਉਹਦੀ ਜ਼ਿੰਦਗੀ ਦਾ ਰਾਜ਼ ਹੈ—ਲੈ ਮੈਂ

ਗੁਦਾਵਰੀ ਦੇ ਜਲ ਨੂੰ ਚੂਲੀ ਵਿਚ ਲੈ ਕੇ ਪ੍ਰਣ ਕਰਦੀ ਹਾਂ ਕਿ ਮੈਂ ਅੱਜ ਤੋਂ ਤੁਹਾਨੂੰ ਪ੍ਰਮੇਸ਼ਵਰ ਮੰਨਦੀ ਹਾਂ। ਜੀਵਾਂਗੇ ਤਾਂ ਇਕੱਠੇ, ਮਰਾਂਗੇ ਤਾਂ ਵੀ ਇਕੱਠੇ। ਸਾਨੂੰ ਦੁਨੀਆਂ ਦੀ ਕੋਈ ਤਾਕਤ ਇਕ ਦੂਜੇ ਤੋਂ ਵਖ ਨਹੀਂ ਕਰ ਸਕਦੀ। ਪਿਆਰ ਦੇ ਸੌਦੇ, ਥਾ ਪੁਛ ਕੇ ਨਹੀਂ ਕੀਤੇ ਜਾਂਦੇ। ਪਿਆਰ 'ਚ ਕੋਈ ਮਤ ਭੇਦ ਨਹੀਂ। ਪਿਆਰ 'ਚ ਊਚ ਨੀਚ ਦਾ ਕੋਈ ਸਵਾਲ ਨਹੀਂ। ਪਿਤਾ ਜੀ ਜੇ ਰਾਜ਼ੀ ਹੋ ਗਏ ਤਾਂ ਅਸੀਂ ਵਿਆਹ ਦੀ ਵੇਦੀ ਤੇ ਬਹਿ ਕੇ ਗੀਢਾ ਬੰਨ੍ਹ ਲਾਂਗੇ। ਫੇਰ ਮੈਂ ਤੂੰ ਦੋਵੇਂ ਹੋਵਾਂਗੇ ਜਾਂ ਇਹ ਚਾਨਣੀ—" ਈਰਾਵਤੀ ਨੇ ਰੇਡੀ ਦੇ ਗਲ ਵਿਚ ਦੋਵੇਂ ਬਾਹਾਂ ਪਾ ਦਿੱਤੀਆਂ।

ਦੋਵੇਂ ਪਿਆਰ ਦੀਆਂ ਪੀਂਘਾਂ ਝੂਟ ਰਹੇ ਸਨ। ਗੁਦਾਵਰੀ ਦੀਆਂ ਲਹਿਰਾਂ ਆਪਣੀ ਮਸਤੀ 'ਚ ਵਗ ਰਹੀਆਂ ਸਨ। ਚੰਨ ਕਦੀ ਬਦਲਾਂ ਦੀ ਚਾਦਰ 'ਚ ਲੁਕ ਜਾਂਦਾ ਤੇ ਝਾਤੀਆਂ ਮਾਰਨ ਲਗ ਪੈਂਦਾ। ਇਸੇ ਤਰ੍ਹਾਂ ਰਾਤ ਦੇ ਦੋ ਪਹਿਰ ਬੀਤ ਗਏ। ਹੁਣ ਰੇਡੀ ਦੀਆਂ ਅੱਖਾਂ ਵਿਚ ਨੀਂਦ ਰੜਕ ਰਹੀ ਸੀ। ਰੇਡੀ ਨੇ ਕਿਹਾ—"ਇੰਨਾ ਚਿਰ ਮੈਂ ਜਾਗਦਾ ਰਿਹਾ ਹਾਂ ਹੁਣ ਜ਼ਰਾ ਮੈਨੂੰ ਅੱਖ ਲਾਣ ਦੇ—ਅਜੇ ਬੜੀ ਰਾਤ ਸਿਰ ਤੇ ਪਈ ਏ।"

—"ਨਹੀਂ, ਨਹੀਂ ਮੈਂ ਜ਼ਰਾ ਇਕ ਝੂਟਾ ਨੀਂਦ ਦਾ ਹੋਰ ਲੈ ਲਵਾਂ, ਏਹੋ ਜਿਹਾ ਮਜ਼ਾ ਆਸ਼ਰਮ ਵਿਚ ਸੁੱਤਿਆਂ ਨਹੀਂ ਆਉਂਦਾ। ਕਲਿਆਂ ਹੁਣ ਛੰਨ ਵੀ ਵਢ ਵਢ ਖਾਂਦੀ ਏ। ਜੀਵਨ ਦੇ ਸਾਰੇ ਮਜ਼ੇ ਇਨ੍ਹਾਂ ਘੜੀਆਂ ਵਿਚ ਲੁਕੇ ਹੋਏ ਹਨ—" ਈਰਾਵਤੀ ਬੋਲ ਰਹੀ ਸੀ।—ਜਾਗੋ ਮੀਟੀ ਦੀ ਹਾਲਤ ਵਿਚ—।

ਰੇਡੀ ਦੇ ਪੱਟ ਦਾ ਸਰਹਾਣਾ ਉਹਨੂੰ ਕੂਲਾ ਕੂਲਾ ਲੱਗਾ ਤੇ ਉਹਦੀ ਅੱਖ ਲਗ ਗਈ। ਰੇਡੀ ਨੇ ਪਿਆਰ 'ਚ ਉਹਦਾ ਮੂੰਹ ਚੁੰਮ ਲਿਆ ਤੇ ਫਿਰ ਸੋਚਿਆ—"ਸੁੱਤਿਆਂ ਮੂੰਹ ਚੁੰਮਿਆ ਕਿਸੇ ਤੇ ਕੀ ਅਹਿਸਾਨ" ਚਾਨਣੀ ਰਾਤ ਵਿਚ ਉਹ ਈਰਾਵਤੀ ਦੇ ਜੋਬਨ ਨਾਲ ਖੇਡ੍ਹ ਰਿਹਾ ਸੀ। ਈਰਾਵਤੀ ਨੇ ਅੱਖ ਖੋਲੀ ਤੇ ਕਿਹਾ—"ਅਜੇ ਤੁਸੀਂ ਜਾਗ ਰਹੇ ਹੋ, ਲੋ ਹੁਣ ਮੈਂ ਜਾਗਦੀ ਹਾਂ—" ਰੇਡੀ ਨੇ ਈਰਾਵਤੀ ਦੇ ਪੱਟਾਂ ਤੇ ਸਿਰ ਰਖ ਦਿੱਤਾ ਤੇ ਉਹ ਉਹਦੇ ਵਾਲਾਂ ਵਿਚ ਹੱਥਾਂ ਨਾਲ ਕੰਘੀ ਕਰ ਰਹੀ ਸੀ। ਸੀਤਲ ਚਾਨਣੀ ਵਿਚ ਉਹਨੂੰ ਨੀਂਦ ਆ ਗਈ। ਠੰਡੀ ਹਵਾ ਦੀਆਂ ਝੋਕਾਂ ਨੇ ਉਹਨੂੰ ਮਸਤ ਬਣਾ ਦਿੱਤਾ। ਉਹ ਵੀ ਝੋਕਾਂ ਲੈ ਰਹੀ ਸੀ। ਇਸੇ ਤਰ੍ਹਾਂ ਉਸ ਵੀ ਆਪਣਾ ਸਿਰ ਨੀਵਾਂ ਕਰ ਲਿਆ ਤੇ ਅੱਖਾਂ ਬੰਦ ਕਰਕੇ ਜ਼ਰਾ ਜਿੰਨਾ ਸਰੂਰ ਲੈਣ ਦਾ ਯਤਨ ਕੀਤਾ ਤੇ ਫੇਰ ਕੀ ਸੀ ਨੀਂਦ ਦੀ ਗੋਦ ਵਿਚ ਉਹ ਦੋਵੇਂ ਝੂਟੇ ਲੈਣ ਲਗ ਪਏ।

ਚਾਨਣੀ ਰਾਤ ਦੋਹਾਂ ਦਾ ਜੋਬਨ ਲੁਟ ਰਹੀ ਸੀ। ਚਾਨਣੀ ਨੂਰ ਦੀ ਵਰਖਾ ਕਰਦੀ ਗੁਦਾਵਰੀ ਦੀਆਂ ਲਹਿਰਾਂ ਲੋਰੀਆਂ ਦੇ ਰਹੀਆਂ ਸਨ। ਖਿਤੀਆਂ ਚੜ੍ਹੀਆਂ ਤੇ ਢਲ ਪਈਆਂ ਦਿਨ ਦਾ ਤਾਰਾ ਚੜ੍ਹਿਆ ਤੇ ਊਸ਼ਾ ਦੀ ਪਹਿਲੀ ਕਿਰਨ ਨੇ ਘੁੰਡ ਲਾਹਿਆ ਤੇ ਕਲੀਆਂ ਤਰੇਲ ਦੀ ਮੂੰਹ ਵਿਖਾਈ ਦਾ ਢੋਆ ਲੈ ਕੇ ਹਾਜ਼ਰ ਹੋਈਆਂ। ਦੋਵੇਂ ਪ੍ਰੇਮ ਸਾਗਰ ਵਿਚ ਚੁਭੀਆਂ ਮਾਰ ਰਹੇ ਸਨ। ਭਾਵੇਂ ਪੁਜਾਰੀਆਂ ਦੀ ਆਉਣ ਜਾਣ ਸ਼ੁਰੂ ਹੋ ਗਈ, ਪਰ ਉਹ ਜ਼ਰਾ ਇਕਲਵਾਂਜੇ ਸਨ, ਇਸ ਲਈ ਕਿਸੇ

ਦੀ ਨਜ਼ਰ ਨਾ ਪਈ ਪਰ ਅਜੇ ਕਲੀ ਨੇ ਘੁੰਡ ਹੀ ਚੁਕਿਆ ਸੀ ਤੇ ਕਿਸੇ ਨੇ ਆਣ ਹੱਥ ਪਾਇਆ, ਸ਼ਿਕਾਰੀ ਵੇਲੇ ਦੀ ਤਾੜ ਵਿਚ ਸੀ।

—"ਗੱਲ ਹੋਈ ਨਾ, ਵੇਖੋ ਇਸ਼ਕ ਦੀਆਂ ਬਰਕਤਾਂ ਪੱਥਰ ਤੇ ਨੀਂਦ ਆ ਗਈ ਏ। ਭਾਵੇਂ ਨੀਂਦ ਸੂਲੀ ਤੇ ਵੀ ਆ ਜਾਂਦੀ ਏ ਪਰ ਪ੍ਰੇਮੀਆਂ ਨੂੰ ਪੱਥਰ ਦੀ ਸਿਲ ਵੀ ਸੇਜ ਏ। ਬਲੇ ਓਏ ਸ਼ੇਰਾ! ਸਾਨੂੰ ਨਹੀਂ ਸੀ ਪਤਾ ਕਿ ਕਾਮਦੇਵ ਨੇ ਇਥੇ ਵੀ ਦਾਣਾ ਸੁੱਟਿਆ ਹੋਇਆ ਏ ਤਾਹੀਓਂ ਸਾਡੇ ਡੇਰੇ ਨਹੀਂ ਸੀ ਵੜਦਾ। ਹੁਣ ਪਤਾ ਲੱਗਾ ਏ ਕਿ ਤੈਨੂੰ ਵਿਹਲ ਕਿਉਂ ਨਹੀਂ ਮਿਲਦੀ। ਚਲ ਲੈ ਆਸ਼ਰਮ ਵਿਚ ਤੇਰੇ ਕੱਚੇ ਪਿਆਰ ਦਾ ਭਾਂਡਾ ਭੰਨਦਾ ਹਾਂ" ਠਾਕਰ ਸਿੰਘ ਨੇ ਆਖਿਆ।

ਠਾਕਰ ਸਿੰਘ ਸਿੱਖਾਂ ਦੇ ਡੇਰੇ ਦਾ ਆਦਮੀ ਸੀ ਤੇ ਉਹਦੀ ਰਾਜਗੁਰੂ, ਬੰਦਾ ਬੈਰਾਗੀ ਤੇ ਰਾਮ ਚੰਦਰ ਲੁਬਾਣੇ ਤਕ ਪਹੁੰਚ ਸੀ, ਇਸੇ ਲਈ ਉਹ ਮੁੱਛਾਂ ਨੂੰ ਵਟ ਦੇ ਕੇ ਆਖ ਰਿਹਾ ਸੀ। ਇੰਨੇ ਵਿਚ ਰੋਡੀ ਤੇ ਈਰਾਵਤੀ ਦੀ ਅੱਖ ਖੁਲ੍ਹ ਗਈ। ਭਾਵੇਂ ਲੋ ਨਹੀਂ ਸੀ ਲੱਗੀ ਪਰ ਦਿਨ ਚੜ੍ਹਿਆ ਹੋਇਆ ਸੀ। ਉਨ੍ਹਾਂ ਬਥੇਰੀ ਕੋਸ਼ਿਸ਼ ਕੀਤੀ ਪਰ ਠਾਕਰ ਸਿੰਘ ਸਿਰ ਤੇ ਖੜਾ ਸੀ ਇਸ ਲਈ ਉਨ੍ਹਾਂ ਦੀ ਲੁਕਣ ਛਿਪਣ ਦੀ ਦਾਲ ਨਾ ਗਲੀ।

ਠਾਕਰ ਸਿੰਘ ਆਖ ਰਿਹਾ ਸੀ "ਚਲ ਖਾਂ ਅਜ ਡੇਰੇ! ਜੇ ਸਾਰੇ ਡੇਰੇ ਵਿਚ ਢੋਲ ਨਾ ਵਜਾ ਦਿੱਤਾ ਤਾਂ ਆਖੀਂ—ਬੱਚੂ! ਇਸ਼ਕ ਤੇ ਮੁਸ਼ਕ ਲੁਕਾਇਆਂ ਨਹੀਂ ਲੁਕਦੇ ਰਾਮ ਚੰਦਰ ਲੁਬਾਣੇ ਨੂੰ ਵੀ ਇਸ ਦੀਆਂ ਕਰਤੂਤਾਂ ਦਸਦਾ ਹਾਂ। ਦੱਖਣ ਦੇ ਗੰਵਾਰ ਮੁੰਡਿਆਂ ਨਾਲ ਪ੍ਰੇਮ ਦੀਆਂ ਔਂਸੀਆਂ ਪਾ ਰਹੀ ਏ। ਪ੍ਰਦੇਸੀਆਂ ਨਾਲ ਨਿਹੁੰ ਕਦੇ ਸਿਰੇ ਨਹੀਂ ਚੜ੍ਹਿਆ। ਪੰਛੀ ਤੇ ਪ੍ਰਦੇਸੀ ਕਿਸੇ ਦੇ ਮਿਤ ਨਹੀਂ। ਇਹ ਦੇ ਵੀ ਗਿੱਟੇ ਗੋਡੇ ਤੁੜਵਾਂਦਾ ਹਾਂ ਤੇ ਤੇਰੇ ਪੈਰਾਂ ਵਿਚ ਰਸੀਆਂ ਪਾ ਕੇ ਜੂੜਦਾ ਹਾਂ ਬੱਚੂ!—ਸ਼ਰਮ ਕਰ ਕਿਹਦੇ ਤੇ ਡੁਲ੍ਹ ਪਈ ਏਂ! ਦੱਖਣੀ ਮੁੰਡੇ ਤੇ। ਪੰਜਾਬ ਨੂੰ ਲਾਜ ਲਾ ਦਿੱਤੀ ਏ—ਕੀ ਅਸੀਂ ਕਿਸੇ ਨਾਲੋਂ ਘਟ ਸੋਹਣੇ ਹਾਂ?"

ਰੋਡੀ ਤੇ ਈਰਾਵਤੀ ਚੁਪ ਸਨ, ਜਿਸ ਤਰ੍ਹਾਂ ਬਿੱਲੀ ਦੇ ਡਰ ਤੋਂ ਕਬੂਤਰ ਸਹਿਮ ਗਿਆ ਹੋਵੇ। ਹੁਣ ਭਾਵੇਂ ਉਹ ਵਖਰੇ ਹੋ ਬੈਠੇ ਸਨ ਪਰ ਫੇਰ ਵੀ ਉਨ੍ਹਾਂ ਦਾ ਦਿਲ ਧਕ ਧਕ ਕਰ ਰਿਹਾ ਸੀ। ਅਪਰਾਧੀ ਵਾਂਗ ਅੱਖਾਂ ਨੀਵੀਆਂ ਸਨ।

ਠਾਕਰ ਸਿੰਘ ਬੋਲ ਰਿਹਾ ਸੀ :—

"ਅਪਰਾਧੀ ਤੇ ਚੋਰ ਦੇ ਪੈਰ ਨਹੀਂ ਹੁੰਦੇ। ਤੇਰੇ ਪਿਉ ਤੋਂ ਤੇਰੀਆਂ ਮੁਸ਼ਕਾਂ ਬੰਨ੍ਹਵਾਂਦਾ ਹਾਂ। ਰਾਈ ਨੂੰ ਪ੍ਰਬਤ ਦਾ ਮੁਕਾਬਲਾ ਕਰਨ ਦੀ ਕਿਸ ਤਰ੍ਹਾਂ ਜੁਰੱਅਤ ਪਈ। ਕੁੜੀਆਂ ਤੇ ਸੌਣ ਵਾਲੇ ਸ਼ੀਸ਼-ਮਹਿਲਾਂ ਦੇ ਖਾਬ ਵੇਖਣ ਲਗ ਪਏ। ਚੁਬਾਰੇ ਦੀ ਇਟ ਮੋਰੀ ਨੂੰ ਜਾ ਲੱਗੀ ਤੇ ਅਸੀਂ ਬੋਲੀਏ ਨਾ। ਓਏ ਤੈਨੂੰ ਜੁਰੱਅਤ ਕਿਸ ਤਰ੍ਹਾਂ ਹੋਈ ਹੀਰੇ ਦੀ ਕਣੀ ਨੂੰ ਹੱਥ ਲਾਣ ਦੀ? ਤੈਨੂੰ ਹੱਥ ਲਾਣ ਲਗਿਆਂ ਲੂਸਣ ਦਾ ਡਰ ਨਾ ਆਇਆ? ਚੰਗੀ ਭਲੀ ਮਾਲਾ ਫੇਰਦਾ ਸੈਂ। ਗੁਰੂ ਦੇ ਨਾਂ ਨੂੰ ਲਾਜ ਲਾ ਦਿੱਤੀ ਊ। ਜਾਤ ਦੀ ਕੋਹੜ ਕਿਰਲੀ ਤੇ ਛਤੀਰਾਂ ਨੂੰ ਜੱਫੇ!"

—"ਸਰਦਾਰ ਜੀ ਐਵੇਂ ਉੱਚੀ ਉੱਚੀ ਨਾ ਬੋਲੋ। ਜ਼ਰਾ ਧੀਰਜ ਨਾਲ ਗੱਲ ਸੁਣੋ। ਅਸੀਂ ਤੇ ਤੁਹਾਡੇ ਸੇਵਕ ਹੋਏ ਨਾ, ਛੋਟੇ ਭੁਲਾਂ ਨਾ ਕਰਨ ਤਾਂ ਉਨ੍ਹਾਂ ਨੂੰ ਛੋਟਾ ਕੌਣ ਕਹੇ। ਵੱਡੇ ਮਾਫ਼ ਕਰ ਦੇਂਦੇ ਹਨ, ਇਸੇ ਵਿਚ ਹੀ ਉਨ੍ਹਾਂ ਦੀ ਸ਼ਾਨ ਹੈ" ਰੋਡੀ ਬੋਲਿਆ।

ਰੋਡੀ ਤੇ ਈਰਾਵਤੀ ਸਹਿਮੇ ਹੋਏ ਜਾ ਰਹੇ ਸਨ। ਠਾਕਰ ਸਿੰਘ ਦੇ ਮੂੰਹ ਵਿਚ ਈਰਾਵਤੀ ਨੂੰ ਵੇਖ ਕੇ ਪਾਣੀ ਆ ਰਿਹਾ ਸੀ :—ਵਾਹ ਬਈ ਬਲਿਹਾਰ ਜਾਵਾਂ ਤੇਰੀ ਮੂਰਤ ਤੋਂ। ਵਾਹ ਬਈ ਚਾਲ ਦੇ ਬਲਹਾਰੇ ਜਾਈਏ। ਤੇ ਠਾਕਰ ਸਿੰਘ ਗੁਣ ਗੁਣਾ ਰਿਹਾ ਸੀ "ਜੇ ਤੂੰ ਮੇਰੀ ਚਾਲ ਵੇਖਣੀ ਮੇਰੀ ਘਗਰੀ ਨੂੰ ਘੂੰਗਰੂ ਲਵਾ ਦੇ"—ਨਿਰੀ ਮਾਸੇ ਦੀ ਡਲੀ ਏ। ਵੇਖ ਨਾ ਮਤ ਮਾਰੀ ਗਈ ਏ ਸਹੁਰੀ ਦੀ! ਸਾਨੂੰ ਛਡ ਕੇ ਕਿਨ੍ਹਾਂ ਨਾਲ ਯਾਰਾਨਾ ਲਾਣ ਲਗ ਪਈ ਏ। ਉਹ ਆਪਣੇ ਮਨ ਹੀ ਮਨ ਵਿਚ ਖਲੋਤਾ ਸੋਚ ਰਿਹਾ ਸੀ।

ਦੂਰ ਤੋਂ ਈਰਾਵਤੀ ਦੰਦ ਖਰਾ ਰਹੀ ਸੀ ਤੇ ਠਾਕਰ ਸਿੰਘ ਜਲ ਰਿਹਾ ਸੀ।

—"ਹੁਣ ਕੀ ਬਣੇਗਾ ਜੇ ਠਾਕਰ ਸਿੰਘ ਨੇ ਦਸ ਦਿੱਤਾ ਤਾਂ ਫੇਰ?" ਈਰਾਵਤੀ ਬੋਲੀ।

—"ਠਾਕਰ ਸਿੰਘ ਨਹੀਂ ਦਸ ਸਕਦਾ। ਉਹ ਹਿਰਸੀ ਏ। ਜ਼ਰਾ ਕੋਲ ਦੀ ਹੱਸ ਕੇ ਲੰਘ ਜਾਵੀਂ ਤੇ ਵੇਰ ਵਾਰੇ ਹੀ ਨਿਆਰੇ ਹੋ ਜਾਣਗੇ!" ਰੋਡੀ ਬੋਲਿਆ।

"ਜੇ ਭੇਰੇ ਵਾਂਗੂ ਮੇਰੇ ਪਿੱਛੇ ਪੈ ਗਿਆ ਤਾਂ ਫੇਰ?" ਈਰਾਵਤੀ ਨੇ ਆਖਿਆ।

—"ਲਾਹੁਣ ਦੀ ਜਾਚ ਆਉਂਦੀ ਏ ਸਾਨੂੰ! ਐਸੀ ਖੁੰਬ ਠਪਾਂਗੇ ਕਿ ਜ਼ਿੰਦਗੀ ਭਰ ਯਾਦ ਰਖੇਗਾ।" ਰੋਡੀ ਨੇ ਕਿਹਾ।

ਰੁੱਖਾਂ ਦੇ ਪਛਵਾੜੇ ਉਹ ਦੋਵੇਂ ਜਣੇ ਗੁੰਮ ਹੋ ਗਏ। ਦੂਰੋਂ ਰੁਖ ਹਿਲਦੇ ਜਾਪ ਰਹੇ ਸਨ।

ਔਹ ਗਏ ਸਾਜਨ

ਬਹਾਦਰ ਸ਼ਾਹ ਦਾ ਖਤ ਕੀ ਆਇਆ ਜਿਵੇਂ ਕਿਸੇ ਨੇ ਇਮਾਨਉੱਲਾ ਦੇ ਅੱਲੇ ਜ਼ਖਮਾਂ ਤੇ ਲੂਣ ਛਿੜਕ ਦਿੱਤਾ ਹੋਵੇ। ਵਿਸ ਘੋਲਦਾ ਸੱਪ ਕਿਸੇ ਨੂੰ ਡਸ ਲੈਣਾ ਚਾਹੁੰਦਾ ਸੀ। ਡੰਗ ਮਾਰ ਕੇ ਉਹ ਦੁਸ਼ਮਨ ਦਾ ਪਿੰਡਾ ਛਾਲਿਆਂ ਨਾਲ ਭਰ ਦੇਂਦਾ ਪਰ ਬੇਵਸ ਸੀ। ਉਹ ਦੇ ਦੰਦ ਸਨ ਤੇ ਜ਼ਬਾਨ ਕੈਦੀ ਵਾਂਗ ਕੈਦਖਾਨੇ ਵਿਚ ਤੜਫ ਰਹੀ ਸੀ। ਉਹਦਾ ਹੱਥ ਮੁੜ ਮੁੜ ਕੇ ਤਲਵਾਰ ਦੇ ਕਬਜ਼ੇ ਤੇ ਪੈਂਦਾ ਤੇ ਉਹਦੇ ਡੌਲੇ ਆਪਣੇ ਨਕਾਰੇਪਨ ਦਾ ਢੰਡੋਰਾ ਪਿਟਦੇ। ਸੱਪਣੀ ਜਿਹੀ ਤਲੁਵਾਰ ਲਲਕਾਰਦੀ ਤੇ ਉਹਦਾ ਦਿਲ ਮਧੋਲਿਆ ਜਾਂਦਾ। ਖੰਜਰ ਸਰੀਰ ਦੀਆਂ ਫੌਲਾਦੀ ਪਿੰਨੀਆਂ ਜਗ-ਮਗਾ ਜਾਂਦੀਆਂ। ਸ਼ਹਿਨਸ਼ਾਹ ਦੇ ਹੁਕਮ ਦਾ ਉਹ ਖੰਡਨ ਕਰ ਸਕਦਾ ਸੀ ਪਰ ਯਾਰ ਮਾਰ ਨਹੀਂ ਸੀ ਕਰਨੀ ਚਾਹੁੰਦਾ। ਉਸ ਬਹਾਦਰ ਸ਼ਾਹ ਬਦਲੇ ਕਈ ਵੇਰ ਔਰੰਗਜ਼ੇਬ ਦੇ ਮੱਥੇ ਦੀ ਤਿਊੜੀ ਦੇ ਜਲਾਲ ਨਾਲ ਟੱਕਰ ਲਈ ਪਰ ਉਹਦਾ ਅੰਗ ਪਾਲਿਆ। ਉਹਨੂੰ ਘੜੀ ਮੁੜੀ ਬਹਾਦਰ ਸ਼ਾਹ ਯਾਰ ਤੇ ਗੁੱਸਾ ਆਉਂਦਾ ਤੇ ਕਦੀ ਸ਼ਹਿਨਸ਼ਾਹੇ ਆਲਮ ਵਾਲੀਏ ਹਿੰਦੁਸਤਾਨ ਤੇ।

ਸ਼ਰਾਬ ਦੇ ਪਿਆਲੇ ਵਿਚ ਉਸ ਆਪਣਾ ਇਮਾਨ ਘੋਲ ਦਿੱਤਾ। ਪਿਆਰ ਵਾਰ ਸੁੱਟਿਆ, ਹੀਰਾਂ ਦੇ ਸਿਰਵਾਰਨੇ ਕੀਤੇ ਤੇ ਯਾਰੀ ਦਾ ਵਾਸਤਾ ਦੇ ਕੇ ਬੁਲ੍ਹੀਆਂ ਨੂੰ ਪਿਆਲੇ ਨਾਲ ਛੁਹਾਇਆ, ਅੱਖਾਂ ਮੰਚਲ ਪਈਆਂ। ਸਰੂਰ ਵਾਲ ਵਾਲ ਵਿਚ ਆ ਗਿਆ, ਨਸ਼ਿਆਈਆਂ ਅੱਖਾਂ ਵਿਚ ਗੁੱਸੇ ਦੀ ਅੱਗ ਭੜਕ ਪਈ ਪਰ ਨਾਚੀ ਦੇ ਘੁੰਗਰੂਆਂ ਦੀ ਛਣਕਾਰ ਨੇ ਉਠਦੇ ਉਠਦੇ ਨੂੰ ਬਾਹੋਂ ਫੜ ਕੇ ਬਿਠਾ ਲਿਆ। ਇਮਾਨਉਲਾ ਨੂੰ ਨਾਚੀ ਨਾਗਨ ਵਾਂਗ ਵਿਸ ਘੋਲਦੀ ਜਾਪੀ। ਨਾਚੀ ਗਾ ਰਹੀ ਸੀ ਤੇ ਮਹਿਫਲ ਦਾ ਦਿਲ ਝੂਮ ਉੱਠਿਆ। ਗਜ਼ਲ ਦੇ ਬੋਲਾਂ ਦਾ ਅਰਥ ਇਹ ਸੀ :—

''ਸੋਮ ਨਾਥ ਦੀ ਪੂਜਾ ਤੇ ਮੱਕੇ ਦਾ ਹਜ ਇਕੋ ਤੁਲ ਹਨ। ਸਿਰਫ ਫਰਕ ਇਕ ਨਾਂ ਦਾ ਈ ਏ। ਦੋਵੇਂ ਬੁਤਖਾਨੇ ਹਨ, ਇਕ ਪਰਦੇ ਵਿਚ ਏ ਤੇ ਇਕ ਸਰੇ ਆਮ। ਗਜ਼ਨੀ ਦੀ ਔਰਤ ਦੀ ਇੱਜ਼ਤ ਵੀ ਓਨੀ ਏ ਜਿੰਨੀ ਦੇਵਦਾਸੀ ਦੀ। ਖਾਵੰਦ ਤੇ ਸਵਾਮੀ ਇਕੋ ਟਾਕਰੇ ਦੇ ਜੋੜ ਹਨ, ਦੋਹਾਂ ਨੂੰ ਮੈਂ ਸਿਜਦਾ ਕਰਦੀ ਹਾਂ। ਪਰ ਬਾਲਮ ਦੀ ਤੇ ਕੋਈ ਜ਼ਾਤ ਨਹੀਂ। ਪਿਆਰ ਸੁੱਚਾ ਤੇ ਨਰੋਆ ਬਾਲਮ ਦੀ ਪੂਜਾ ਲਈ ਏ। ਕਿਸੇ ਹੋਰ ਦੀ ਗੋਦ ਦੇ ਸ਼ਿੰਗਾਰ ਲਈ ਨਹੀਂ, ਪਰ ਤੇਰੇ ਰਾਜ

ਵਿਚ ਦਿਨ ਦਿਹਾੜੇ ਡਾਕੇ ਵਜਦੇ ਹਨ। ਮਜ਼੍ਹਬ ਤੇ ਵਟਾਏ ਜਾ ਸਕਦੇ ਹਨ ਪਰ ਬਾਲਮ ਨਹੀਂ। ਮਧੂਸ਼ਾਲਾ ਦੀ ਮਸਤੀ ਦਾ ਵਾਸਤਾ ਦੇ ਕੇ ਮੈਂ ਆਖਦੀ ਹਾਂ ਕਿ ਹੁਣ ਮੈਨੂੰ ਆਪਣੇ ਬਾਲਮ ਕੋਲ ਜਾਣ ਦਿਉ :—

ਸਰੂਰ ਵਿਚ ਜ਼ਰਾ ਇਮਾਨਉਲਾ ਕੰਬਿਆ ਪਰ ਘੁੰਗਰੂਆਂ ਦੀ ਛਣਕਾਰ ਨੇ ਉਹਨੂੰ ਫੇਰ ਵਜਦ ਵਿਚ ਲੈ ਆਂਦਾ। ਘੁੰਗਰੂ ਛਣਕ ਰਹੇ ਸਨ ਤੇ ਮਹਿਫ਼ਲ ਲੱਗੀ ਹੋਈ ਸੀ ਰਾਤ ਦੀ ਫੁਲਕਾਰੀ ਹੇਠ। ਕਈ ਦਿਨ ਲੰਘ ਗਏ ਤੇ ਕਈ ਰਾਤਾਂ।

ਠਾਕਰ ਸਿੰਘ ਨੂੰ ਇਸ਼ਕ ਦਾ ਸੱਪ ਕੀ ਲੜਿਆ। ਉਹ ਤੇ ਮਜਨੂੰ ਹੋ ਬੈਠਾ ਪਰ ਉਹ ਦੁੱਧ ਪੀਣ ਵਾਲਾ ਮਜਨੂੰ ਸੀ। ਮਲਾਈਆਂ ਖਾਣ ਦਾ ਆਦੀ। ਘਰੋੜੀ ਤੇ ਖੁਰਚਣ ਤੇ ਨਜ਼ਰ ਨਾ ਰੱਖਦਾ। ਬਥੇਰੇ ਈਰਾਵਤੀ ਤੇ ਨੈਣਾਂ ਤੇ ਡੋਰੇ ਸੁੱਟੇ। ਡਰ ਦੀ ਦਹਿਸ਼ ਵੀ ਦਿੱਤੀ। ਰੋਹਬ ਤੇ ਬਦਨਾਮੀ ਦੇ ਜਾਲ ਵੀ ਖਿਲਾਰੇ ਪਰ ਮੱਛੀ ਕਾਬੂ ਨਾ ਆਈ। ਉਹ ਡੇਰੇ ਵਿਚ ਸਿੱਖਾਂ ਨਾਲ ਮੂੰਹ ਜੋੜ ਜੋੜ ਕੇ ਗੱਲਾਂ ਕਰਨ ਲੱਗ ਪਿਆ। ਪਿਆਰ ਦੀਆਂ ਗੱਲਾਂ ਲੋਕ ਕੰਨ ਲਾ ਲਾ ਕੇ ਸੁਣਦੇ ਹਨ—ਸਿੱਖਾਂ ਦੇ ਡੇਰੇ ਵਿਚ ਈਰਾਵਤੀ ਦੇ ਪਿਆਰ ਦੇ ਚਰਚੇ ਹੋਣ ਲੱਗ ਪਏ। ਰਾਜਗੁਰੂ ਦੇ ਕੰਨੀਂ ਵੀ ਭਿਣਕ ਪੈ ਗਈ ਸੀ ਪਰ ਉਹ ਚੁੱਪ ਸੀ। ਠਾਕਰ ਸਿੰਘ ਵਹਿੜਕੇ ਵਾਂਗੂ ਫੜਾਂ ਮਾਰਦਾ, ਪਰ ਰਾਜਗੁਰੂ ਦੇ ਮੱਥੇ ਦੀ ਤਿਊੜੀ ਦੇ ਰੱਸਿਆਂ ਨੇ ਉਹਦੇ ਪੈਰ ਜਕੜ ਦਿੱਤੇ। ਵੈਰਾਗੀ ਨੇ ਅੱਖਾਂ ਕੈਰੀਆਂ ਵਿਖਾ ਕੇ ਉਹਦੀਆਂ ਰੋਝਾਂ ਪੀ ਲਈਆਂ।

ਰਾਮ ਚੰਦਰ ਲੁਬਾਣੇ ਦਾ ਜ਼ਖਮ ਭਰ ਗਿਆ ਤੇ ਉਹਦਾ ਦਿਲ ਮੁੜ ਦੇਸ ਨੂੰ ਜਾਣ ਲਈ ਕਰਦਾ ਸੀ। ਅਚਾਨਕ ਅੱਧੀ ਰਾਤ ਹੋਣੀ ਏਂ ਤੇ ਅੱਧੀ ਪਿੱਛੇ। ਖਿਤੀਆਂ ਨੇ ਨੀਲੀ ਚਾਦਰ ਵਿਚੋਂ ਅਜੇ ਝਾਤਿਆ ਹੀ ਸੀ ਕਿ ਉਸ ਕੂਚ ਦਾ ਸੰਖ ਵਜਾ ਦਿੱਤਾ। ਸਾਰੇ ਕਾਫ਼ਲੇ ਦੀਆਂ ਕੂਚ ਦੀਆਂ ਟੱਲੀਆਂ ਵਜ ਪਈਆਂ। ਰਾਜਗੁਰੂ ਇਹ ਗੱਲ ਜਾਣਦਾ ਸੀ ਪਰ ਉਸ ਬੁਲ੍ਹਾਂ ਤੋਂ ਬੁਲ੍ਹ ਨਾ ਚੁੱਕੇ ਤੇ ਜਾਂਦੇ ਰਾਹੀ ਦੀ ਪਿੱਠ ਨੂੰ ਵੇਖਦਾ ਰਿਹਾ। ਲੁਬਾਣੇ ਸਿੰਘ ਨੇ ਸਚ ਖੰਡ ਨੂੰ ਗਡਬੈਲ ਵਿਚ ਬੈਠਿਆਂ ਹੀ ਨਮਸਕਾਰ ਕਰ ਦਿੱਤੀ ਤੇ ਘੰਡੋਰਚੀ ਨੇ ਦੱਸਿਆ ਕਿ ਅੱਜ ਸਾਡਾ ਪੜਾ ਨਾਂਦੇੜ ਦੀਆਂ ਜੂਹਾਂ ਤੋਂ ਬਾਹਰ ਹੋਵੇਗਾ।

ਰੋਡੀ ਪਿਆਰ ਦੇ ਸ਼ੀਸ਼ ਮਹਿਲ ਵਿਚ ਪਿਆਰ ਦੇ ਹੂਟੇ ਲੈ ਰਿਹਾ ਸੀ ਤੇ ਈਰਾਵਤੀ ਜਾ ਰਹੀ ਸੀ ਕਾਫ਼ਲੇ ਦੇ ਨਾਲ। ਦੂਰ ਨਾਂਦੇੜ ਤੋਂ ਦੂਰ। ਵਿੰਧੀਆਚਲ ਦੀਆਂ ਪਹਾੜੀਆਂ ਤੋਂ ਪਰੇ, ਮੈਦਾਨਾਂ ਦੀ ਗੋਦ ਵਿਚ। ਦਿਲ ਦੇ ਦੁੱਖ ਦੇ ਘੇਰੇ ਦੀ ਵਲਗਣ ਵਿਚ, ਜਿਵੇਂ ਬਧੀ ਰੁਧੀ ਸਲੇਟੀ ਨੂੰ ਡੋਲੀ ਵਿਚ ਪਾ ਦਿੱਤਾ ਹੋਵੇ ਈਰਾਵਤੀ ਗਡਬੈਲ ਵਿਚ ਇਸ ਤਰ੍ਹਾਂ ਡਕੀ ਹੋਈ ਸੀ। ਚਾਕ ਹੁਣ ਮੁੰਦਰਾਂ ਪਾ ਕੇ ਮਿਲ ਸਕੇਗਾ ਸਜਨਾਂ ਨੂੰ। ਝਨਾਂ ਦੀਆਂ ਜੂਹਾਂ ਵਿਚ ਵੰਝਲੀ ਦੀ ਸੁਰ ਰੰਝੇਟੇ ਨੂੰ ਤੜਫਾ ਦੇਂਦੀ। ਰੋਡੀ ਤ੍ਰਭਕ ਪਿਆ ਗੁਦਾਵਰੀ ਦੀ ਠੰਢੀ ਹਵਾ ਨੇ ਥਾਪੜ ਕੇ ਮੁੜ ਸੁਲਾ ਦਿੱਤਾ। ਰੋਡੀ ਆਖ ਰਿਹਾ ਸੀ। "ਈਰਾਵਤੀ ਜਦੋਂ ਇੰਨੀ ਸੋਹਣੀ ਏ ਤਾਂ ਰਾਵੀ ਖੌਰੇ ਕਿੰਨੀ ਸੋਹਣੀ ਹੋਣੀ ਏ"। ਈਰਾਵਤੀ ਵੀ ਰਾਵੀ ਦੀ ਬੇਟੀ ਏ। ਰਾਵੀ ਤੇ ਝਨਾਂ ਦੀਆਂ ਗੋਰੀਆਂ ਖੌਰੇ ਕਿੰਨੀਆਂ ਕੁ ਮੁਟਿਆਰਾਂ

ਹੋਣਗੀਆਂ । ਮੈਂ ਵੀ ਆਵਾਂਗਾ ਈਰਾਵਤੀ ਤੇਰੀ ਪੰਜਾਬੋ । ਚੂੜੇ ਸ਼ਿੰਗਾਰੀਆਂ ਵੀਣੀਆਂ ਵੇਖਣ । ਠਹਿਰ ਜਾ ! ਕੱਲੀ ਨਾ ਜਾ 'ਈਰਾ' ਕੀ ਤੇਰਾ ਜੀਅ ਲਗ ਜਾਊ ਕਲ੍ਹਿਆਂ ਦਾ !" ਤੇ ਈਰਾਵਤੀ ਨੇ ਜ਼ਰਾ ਕੁ ਪਿਛਾਂਹ ਮੁੜ ਕੇ ਵੇਖਿਆ, "ਮੈਂ ਵੀ ਤੇ ਇਕ ਦਿਨ ਸਹੁਰੇ ਤੁਰਨਾ ਏ । ਅੱਛਾ ਮਿਲਾਂਗੇ ਰੇਡੀ ਤਲਵਾਰ ਦੀ ਛਾਂ ਥੱਲੇ, ਤੋਪਾਂ ਦੀ ਘੁੰਮਘਾਰ ਵਿਚ । ਜੰਗ ਦੀਆਂ ਚੀਖਾਂ ਵਿਚ ਤੂੰ ਮੇਰੀ ਮਾਂਗ ਚੁੰਮੀ ਤੇ ਮੈਂ ਤੇਰੇ ਚਰਨਾਂ ਦੀ ਧੂੜ ਨਾਲ ਆਪਣੀ ਮਾਂਗ ਵਿਚ ਸੰਧੂਰ ਭਰਾਂਗੀ । ਕਹਾਰੋ ਜ਼ਰਾ ਕੁ ਠਹਿਰ ਜਾਉ । ਪਲ ਕੁ ਡੋਲੀ ਰੱਖ ਦਿਉ । —ਪਰ ਜ਼ਿੱਦੀ ਕਹਾਰ ਨਾ ਮੰਨੇ । ਮੈਂ ਦੂਰ ਹੋ ਗਈ —ਮੈਂ ਦੂਰ ਨਹੀਂ । ਮੈਂ ਜਿੰਨੀ ਦੂਰ ਹੋ ਰਹੀ ਹਾਂ ਓਨੀ ਤੇਰੇ ਨੇੜੇ ਆ ਰਹੀ ਹਾਂ ਰੇਡੀ । ਕਲੀਰਿਆਂ ਭਰੀ ਡੋਲੀ ਵਿਚੋਂ ਨਿਕਲੀ ਤੇ ਰਾਹ ਵਿਚ ਬਰਾਤੀ ਖੜ ਗਏ । ਵਿਚ ਧਰਮ ਪੈ ਗਿਆ । ਰੇਡੀ ਕੂਕ ਪਿਆ "ਨਹੀਂ, ਨਹੀਂ ਏਦਾਂ ਨਹੀਂ ਹੋਵੇਗਾ, ਈਰਾ ਮੇਰੀ ਏ । ਇਹਨੂੰ ਕੋਈ ਨਹੀਂ ਲਿਜਾ ਸਕਦਾ । ਅਸੀਂ ਲੋਹਗੜ੍ਹ ਦੇ ਵਜਦੀ ਹਾਂ, ਸਾਨੂੰ ਨਾ ਮੋੜੋ, ਸਾਡੀਆਂ ਰੀਝਾਂ ਨੂੰ ਪਿੰਜਰੇ ਵਿਚ ਨਾ ਡੱਕੋ—।"

ਚੜ੍ਹਦੇ ਦਿਨ ਨੇ ਰੇਡੀ ਦੀ ਛੰਨ ਵਿਚ ਝਾਤੀ ਪਾਈ । ਰਾਤੀਂ ਸੁੱਤਿਆਂ ਰੇਡੀ ਆਪਣੇ ਦਿਲ ਦੀ ਬਾਰਾਂਦਰੀ ਲੁਟਾ ਬੈਠਾ । ਜ਼ਾਲਮ ਬਲੋਚ ਲੈ ਗਏ ਸਨ ਪੁੰਨੂੰ ਨੂੰ । ਆਸ਼ਰਮ ਵਿਚ ਹੂੰਝਾ ਫਿਰਿਆ ਹੋਇਆ ਸੀ । ਜਿਵੇਂ ਇੱਥੇ ਕੋਈ ਆਇਆ ਹੀ ਨਹੀਂ, ਤੇ ਕਿਸੇ ਨੇ ਤੁਰਦਿਆਂ ਵੀ ਨਹੀਂ ਵੇਖਿਆ। ਉਹ ਭੱਜਾ ਭੱਜਾ ਈਰਾ ਦੀ ਛੰਨ ਵੱਲ ਗਿਆ । ਮਿੱਟੀ ਦੇ ਬਰਤਨ ਟੁੱਟੇ ਪਏ ਸਨ, ਪਰ ਇਕ ਮਟਕੀ ਪਰੇਰੇ ਨੁਕਰੇ ਲੱਗੀ ਹੋਈ ਸੀ । ਮਟਕੀ ਦੇ ਗਲਵੀਣੇ ਵਿਚ ਲਜ ਸੀ । ਇਕ ਪੰਜੇਬ ਮਟਕੀ ਦੇ ਲਾਗੇ ਪਈ ਰੇਡੀ ਨੂੰ ਜੱਫੀਆਂ ਪਾਉਣ ਲਈ ਕਾਹਲੀ ਪੈ ਰਹੀ ਸੀ । ਸਾਰਾ ਦਿਲ ਸੀ ਤੇ ਸੋਜ਼ ਦਾ ਸਾਗਰ ਸੀ ਉਹ ਪੰਜੇਬ । ਮੂਰਤੀ ਸੀ ਈਰਾਵਤੀ ਦੀ ਲੁਕੀ ਹੋਈ ਪੰਜੇਬ ਵਿਚ —ਬੋਰਾਂ ਦੀ ਜ਼ਬਾਨ ਬੰਦ ਸੀ ਪਰ ਪੰਜੇਬ ਨੇ ਸਾਰਾ ਸੁਨੇਹਾ ਸੈਨਤਾਂ ਨਾਲ ਹੀ ਦੱਸ ਦਿੱਤਾ । ਰੇਡੀ ਚੁੱਪ ਸੀ ਮਿੱਟੀ ਦੇ ਪੁਤਲੇ ਵਾਂਗ । ਛੰਨ ਭਾਂ ਭਾਂ ਕਰ ਰਹੀ ਸੀ ।

ਕੂਤਰੇ ਹੋਏ ਮੁਗਲ ਬਦੋਬਦੀ ਸਿੱਖਾਂ ਦੇ ਗੱਲ ਪੈ ਗਏ । ਅੱਗੋਂ ਸਿੱਖ ਕਿਹੜੇ ਸਿਧ ਪਧਰੇ ਸਨ । ਉਨ੍ਹਾਂ ਵੀ ਖੰਡੇ ਧੂਹ ਲਏ ਮਿਆਨਾਂ ਵਿਚੋਂ । ਬਰਛੀਆਂ ਨੇ ਘੁੰਡ ਲਾਹ ਲਿਆ । ਕਿਰਪਾਨਾਂ ਸੰਗ ਲਾਹ ਕੇ ਪਿੜ ਵਿਚ ਆਣ ਨਚੀਆਂ । ਫੜਕਦੇ ਡੌਲੇ ਰੀਝ ਲਾਹੁਣ ਲਈ ਅਖਾੜੇ ਵਿਚ ਨਿੱਤਰ ਪਏ । ਕੁੰਢੀਆਂ ਮੁੱਛਾਂ ਵਾਲੇ ਮੁਗਲ ਕਚੀਚੀਆਂ ਵਟ ਰਹੇ ਸਨ । ਤਿਊੜੀਆਂ ਉਭਰੀਆਂ ਬੇ-ਰਹਿਮ ਮੱਥਿਆਂ ਤੇ । ਨਿਤਰਵੀਂ ਤਲਵਾਰ ਮਾਰਨ ਵਾਲੇ ਮੁਗਲ ਉਨ੍ਹਾਂ ਸਿੱਖਾਂ ਦੇ ਗਲ ਪੈ ਗਏ ਜਿਹੜੇ ਗੁਦਾਵਰੀ ਪਾਰੋਂ ਸ਼ਿਕਾਰ ਖੇਡ ਕੇ ਆ ਰਹੇ ਸਨ । ਮੁਗਲਾਂ ਦਾ ਡੁਰਲੀ ਜੱਥਾ ਸਿੱਖਾਂ ਦੇ ਗਲ ਕੁਦ ਕੁਦ ਕੇ ਪੈ ਰਿਹਾ ਸੀ । ਜੀਅ ਖੋਲ੍ਹ ਕੇ ਤਲਵਾਰਾਂ ਤਲਵਾਰਾਂ ਨਾਲ ਖਹੀਆਂ । ਬਰਛੇ ਲਿਸ਼ਕੇ, ਖੰਡੇ ਖੜਕ ਪਏ । ਤਲਵਾਰ ਦੇ ਵਗਾਹਤੇ ਵਾਰ ਬਹਾਦਰੀ ਨਹੀਂ ਸਗੋਂ ਬੁਜ਼ਦਿਲੀ ਦੇ ਹੋਛੇ ਹਥਿਆਰ ਹਨ । ਇਕ ਮੁਗਲ ਨੇ ਅੱਖ ਬਚਾਕੇ ਅਜਿਹਾ ਭਰਵਾਂ ਵਾਰ ਮਾਰਿਆ ਕਿ ਇਕ ਸਿੱਖ ਨੂੰ ਚੀਰ ਕੇ ਰੱਖ ਦਿੱਤਾ ਜਿਵੇਂ ਕੁਹਾੜੇ ਨਾਲ ਲੱਕੜਹਾਰੇ ਨੇ ਲੱਕੜੀ ਦੇ ਦੋ ਟੋਟੇ ਕੀਤੇ ਹੋਣ । ਉਸ ਦੇ

ਪੈਰਾਂ ਤੇ ਹੀ ਦਮ ਪੂਰੇ ਹੋ ਗਏ। ਸਿੱਖਾਂ ਦੀ ਗੈਰਤ ਨੂੰ ਸੱਟ ਵੱਜੀ, ਤੇ ਸੁੱਤੀ ਹੋਈ ਜਵਾਲਾ ਫਿਰ ਭੜਕ ਪਈ। ਪੈਰਾਂ ਤੇ ਹੀ ਉਨ੍ਹਾਂ ਪੰਜ ਮੁਗਲ ਖੇਤ ਰਖ ਲਏ। ਬਾਕੀ ਮੁਗਲ ਦੁਮ ਦਬਾ ਕੇ ਅਜਿਹੇ ਨੱਠੇ ਕਿ ਪਿਛਾਂਹ ਮੁੜ ਕੇ ਵੀ ਨਾ ਵੇਖਿਆ। ਮੁਗਲਾਂ ਜਾ ਕੇ ਇਮਾਨਉੱਲਾ ਦੇ ਚੰਗੇ ਕੰਨ ਭਰੇ। ਉਹ ਵੀ ਵਿਸ ਘੋਲ ਰਿਹਾ ਸੀ ਸਪੋਲੀਏ ਵਾਂਗ।

ਸਿੱਖਾਂ ਦੇ ਡੇਰੇ ਵਿਚ ਮੂੰਹ ਜੋੜ ਕੇ ਗੱਲਾਂ ਹੋ ਰਹੀਆਂ ਸਨ। ਨਾਂਦੇੜ ਵਿਚ ਹੋਈ ਇਹ ਹੱਥਾ-ਪਾਈ ਦੇ ਚਰਚੇ ਹਨ। ਰਾਜਗੁਰੂ ਨੇ ਇਹਨੂੰ ਚੰਗੀ ਤਰ੍ਹਾਂ ਚਿੱਥਿਆ ਤੇ ਪੂਰੀ ਸੋਚ ਵਿਚਾਰ ਕੀਤੀ। ਥੋੜ੍ਹੀ ਜਿਹੀ ਗੱਲ ਤੋਂ ਰਾਜਗੁਰੂ ਲੜਾਈ ਮੁੱਲ ਲੈਣਾ ਨਹੀਂ ਸੀ ਚਾਹੁੰਦਾ। ਉਹ ਮੂੰਹੋਂ ਚੁੱਪ ਸੀ ਤੇ ਕੰਨੋਂ ਬੋਲਾ। ਜਿਵੇਂ ਕਿਸੇ ਨੇ ਉਹਦੇ ਕੰਨਾਂ ਵਿਚ ਸੀਸ਼ਾ ਢਾਲ ਕੇ ਪਾ ਦਿੱਤਾ ਹੋਵੇ। ਉਹ ਮੁਗਲਾਂ ਦੇ ਮੋਹਰਿਆਂ ਨੂੰ ਵੇਖ ਕੇ ਚਾਲ ਚਲਣੀ ਚਾਹੁੰਦਾ ਸੀ। ਭੂਤਰੇ ਸਿੱਖ ਬਗੈਰ ਸੋਚਿਆਂ ਸਮਝਿਆਂ ਗੱਲ ਪੈ ਜਾਣਾ ਚਾਹੁੰਦੇ ਸਨ। ਗੁਰੂ ਗੋਬਿੰਦ ਸਿੰਘ ਦੇ ਇਸ਼ਾਰਿਆਂ ਵੱਲ ਲੋਕਾਂ ਦੀਆਂ ਨਜ਼ਰਾਂ ਸਨ। ਥਾਂ ਥਾਂ, ਗਲੀ ਗਲੀ ਤੇ ਮਹੱਲੇ ਮਹੱਲੇ ਹਰ ਟੋਲੀ, ਹਰ ਦਾਇਰੇ ਵਿਚ ਮੁਗਲਾਂ ਦੀ ਛੇੜ ਛਾੜ ਦੇ ਚਰਚੇ ਸਨ।

—'ਯਾਰ ਅੱਜ ਫੇਰ ਮੁਗਲਾਂ ਸਿੱਖਾਂ ਤੇ ਹਮਲਾ ਕਰ ਦਿੱਤਾ—' ਇਕ ਨਗਰ ਵਾਸੀ ਆਖ ਰਿਹਾ ਸੀ।

"ਇਹ ਵੀ ਕੋਈ ਨਵੀਂ ਗੱਲ ਏ" ਦੂਜਾ ਬੋਲਿਆ।

"ਅਸਲ ਵਿਚ ਮੁਗਲ ਤੱਤੇ ਤਵੇ ਤੇ ਵੀ ਬੈਠ ਜਾਵੇ ਤਾਂ ਫੇਰ ਵੀ ਇਤਬਾਰ ਕਰਨ ਵਾਲਾ ਮੂਰਖ ਏ। ਮੁਗਲ ਤੇ ਇਤਬਾਰ! ਅਜਿਹਾ—" ਪਹਿਲੇ ਨਗਰ ਵਾਸੀ ਨੇ ਦੂਸਰੇ ਵੱਲ ਵੇਖਦਿਆਂ ਆਖਿਆ।

—"ਇਨ੍ਹਾਂ ਦੇ ਖਮੀਰ ਵਿਚ ਧੋਖਾ, ਤੋਤਾ ਚਸ਼ਮੀ ਕੁੱਟ ਕੁੱਟ ਕੇ ਭਰੀ ਹੋਈ ਹੈ। ਅਸਲ ਵਿਚ ਮੁਗਲ ਕਿਸੇ ਦਾ ਯਾਰ ਨਹੀਂ। ਇਹ ਤਾਂ ਫਸਿਆ ਹੋਇਆ ਕੁੜਿਕੀ ਵਿਚ ਭਾਵੇਂ ਈਨ ਮੰਨ ਲਵੇ। ਨਹੀਂ ਤੇ ਇਹ ਨੂਤਾ ਧੋਤਾ ਘੋੜਾ ਏ। ਇਹਨੂੰ ਵੱਡੇ ਦਾ ਲਿਹਾਜ਼ ਨਹੀਂ ਤੇ ਛੋਟੇ ਦੀ ਸ਼ਰਮ ਨਹੀਂ। ਇਹ ਤੇ ਆਪਣੇ ਮਤਲਬ ਦੇ ਸਾਹਮਣੇ ਪਿਓ ਦੀ ਸ਼ਾਹਰਗ ਤੇ ਵੀ ਛੁਰੀ ਰੱਖ ਦੇਣੋਂ ਨਹੀਂ ਮੁੜਦਾ। ਸਿੱਖਾਂ ਦੀ ਨੇਕੀ ਦਾ ਏਹੋ ਤਾਂ ਬਦਲਾ ਦਿੱਤਾ ਜਾ ਸਕਦਾ ਸੀ। ਤੁਖਮ ਦੀ ਤਾਸੀਰ ਤੇ ਸੋਹਬਤ ਦਾ ਅਸਰ ਕਿਦੋਂ ਬਦਲ ਜਾਵੇ।" ਦੂਸਰਾ ਨਗਰ ਵਾਸੀ ਬੜੇ ਰੋਹ ਵਿਚ ਆ ਕੇ ਬੋਲਿਆ।

"ਚਲੋ ਹੀਲਾ ਕਰੋ ਤੇ ਚਲੀਏ ਸਿੱਖਾਂ ਦੇ ਡੇਰੇ ਵੱਲ। ਗੁਰੂ ਸਾਹਿਬ ਦੇ ਜ਼ਖਮਾਂ ਦੇ ਤੋਪੇ ਫਿਰ ਟੁੱਟ ਗਏ ਹਨ। ਸੁਣਿਆਂ ਏ ਲਹੂ ਸਿਮ ਰਿਹਾ ਏ ਲਹੂ ਦੇ ਨਾਲ ਪਾਕ ਦੀ ਵੀ ਅਲਾਇਸ ਆ ਰਹੀ ਏ। ਕੋਈ ਕੰਮ ਦਾ ਹਕੀਮ ਵੀ ਤੇ ਨਹੀਂ ਮਿਲਿਆ। ਮੁਗਲ ਸ਼ਾਹੀ ਹਕੀਮ ਇਲਾਜ ਕਰ ਰਿਹਾ ਹੈ ਪਰ ਗੁਰੂ ਜੀ ਨੇ ਹੁਣ ਇਲਾਜ ਕਰਾਣ ਤੋਂ ਇਨਕਾਰ ਕਰ ਦਿੱਤਾ ਹੈ ਤੇ ਆਖਦੇ ਹਨ—ਵਾਹਿਗੁਰੂ ਰਾਖਾ ਜੋ ਉਸ ਨੂੰ ਭਾਵੇ—ਸਾਹਿਬ ਦਾ ਭਾਣਾ ਮਿੱਠਾ ਕਰਕੇ ਮੰਨੀਏ—ਏਹੋ ਤਾਂ

ਸਿੱਖੀ ਏ। ਮਰਦ ਅਗੰਮੜਾ ਏ ਸਤਿਗੁਰੂ—ਬਜਰ ਸਰੀਰ ਤੇ ਫੌਲਾਦੀ ਇਰਾਦਾ—ਚੁਟਕੀ ਸੁਆਹ ਦੀ ਦੇ ਕੇ ਬੈਰਾਗੀ ਨੂੰ ਬੰਦਾ ਬਹਾਦਰ ਬਣਾ ਦਿੱਤਾ। ਸੁਣਿਆ ਏ ਉਸ ਚਿੜੀਆਂ ਤੋਂ ਬਾਜ਼ ਮਰਵਾਏ ਹਨ। ਇਕ ਆਦਮੀ ਦੇ ਹੱਥ ਵਿਚ ਖੰਡਾ ਦੇ ਕੇ ਉਹਨੂੰ ਥਾਪਣਾ ਦੀ ਅਜਿਹੀ ਪੁੱਠ ਦਿੱਤੀ ਕਿ ਉਹ ਸਵਾ ਲੱਖ ਫੌਜ ਦੇ ਸਾਹਮਣੇ ਡਟ ਗਿਆ। ਸਿੱਖਾਂ ਵੀ ਬਹਾਦਰੀ ਦੀ ਸਿਖਰ ਨੂੰ ਛੋਹ ਲਿਆ ਏ। ਇਹ ਵੱਖਰੀ ਗੱਲ ਏ ਕਿ ਫਤਿਹ ਨੇ ਮੁਗਲਾਂ ਦੇ ਪੈਰ ਚੁੰਮੇ ਹਨ, ਪਰ ਹਿੰਮਤ ਤੇ ਸਿੱਖਾਂ ਦੀ ਏ। ਸ਼ੀਂਹ ਵਰਗੇ ਮੁਗਲ ਦੇ ਗਲ ਪੈ ਜਾਂਦੇ ਹਨ। ਦਸਮੇਸ਼ ਗੁਰੂ ਕਾਹਦਾ ਏ, ਅਵਤਾਰ ਜਾਪਦਾ ਏ। ਇਹਦੇ ਵਿਚ ਵੀ ਕੋਈ ਰਾਜ਼ ਏ ਜਿਹੜਾ ਇਲਾਜ ਬੰਦ ਕਰ ਦਿੱਤਾ ਏ।'' ਪਹਿਲਾ ਨਗਰ ਵਾਸੀ ਆਖ ਰਿਹਾ ਸੀ।

—''ਹਾਂ, ਬੜੀ ਗੱਲ ਤੇ ਪਤੇ ਦੀ ਆਖੀ ਊ। ਮੇਰਾ ਵੀ ਖਿਆਲ ਏ ਕਿ ਇਮਾਨਉਲਾ ਵੀ ਬੜਾ ਜ਼ਿੱਦੀ ਤੇ ਅੜੀਅਲ ਆਦਮੀ ਏ। ਉਹ ਵੀ ਜ਼ਰੂਰ ਕੋਈ ਚੰਨ ਚੜ੍ਹਾਵੇਗਾ। ਸੂਬੇਦਾਰੀ ਕੀਤੀ ਤੇ ਮਨ ਮਰਜ਼ੀ ਦੀ ਕੀਤੀ ਏ ਏਥੇ ਕਿਸ ਤਰ੍ਹਾਂ ਸਿੱਖਾਂ ਹੇਠ ਵਗੇ। ਸ਼ਰਾਬੀ ਕਬਾਬੀ ਹੇਂਕੜ ਬਾਜ਼ ਤੇ ਹੋ ਸਕਦੇ ਹਨ ਪਰ ਤਿਆਗੀ ਨਹੀਂ। ਭੜਥੂ ਪਾ ਰਹੇ ਮੁਗਲ ਜ਼ਰੂਰ ਨਾਂਦੇੜ ਦੀ ਇੱਟ ਨਾਲ ਇੱਟ ਖੜਕਾ ਕੇ ਰਹਿਣਗੇ। ਇਨ੍ਹਾਂ ਸਹੁਰਿਆਂ ਆਪਣੀ ਬਣੀ ਬਣਾਈ ਇੱਜ਼ਤ ਤੇ ਸਿਰ ਪਾਣੀ ਪਾ ਲੈਣਾ ਏ। ਜੋ ਦਾਤਾ ਨੂੰ ਭਾਵੇ।'' ਦੂਸਰਾ ਤੀਸਰੇ ਨੂੰ ਤੇ ਕਦੀ ਪਹਿਲੇ ਨੂੰ ਵੇਖਕੇ ਆਖ ਰਿਹਾ ਸੀ।

—''ਜਲਦੀ ਕਰੋ ਪੈਰਾਂ ਨੂੰ ਮਹਿੰਦੀ ਲੱਗੀ ਹੋਈ ਏ'' ਪਹਿਲਾ ਫਿਰ ਬੋਲਿਆ।

ਸਿੱਖਾਂ ਦੇ ਡੇਰੇ ਵੱਲ ਸਾਰੇ ਜਾ ਰਹੇ ਸਨ ਤੇ ਮੁਗਲ ਆਪਣੇ ਡੇਰੇ ਵਿਚ ਹੀ ਨੇਹਰੀਆਂ ਵਟ ਰਹੇ ਸਨ ਪਰ ਕਿਸੇ ਦੀ ਹਿੰਮਤ ਅੱਗੇ ਵੱਧ ਕੇ ਗੱਲ ਪੈਣ ਦੀ ਨਹੀਂ ਸੀ ਪੈਂਦੀ। ਗੁਰੂ ਗੋਬਿੰਦ ਸਿੰਘ ਦੇ ਤੰਬੂ ਦੇ ਗਿਰਦ ਬੜੀ ਸਾਧ ਸੰਗਤ ਸੁੱਖ ਸਾਂਦ ਪੁੱਛਣ ਲਈ ਆਈ ਹੋਈ ਸੀ। ਮੇਲਾ ਜਿਹਾ ਲੱਗਾ ਹੋਇਆ ਸੀ। ਉੱਚੀਆਂ ਮਹਿਲ ਮਾੜੀਆਂ ਦੇ ਖੋਲਿਆਂ ਵਾਂਗ ਚੁੱਪ ਚਾਪ ਸੀ। ਤੰਬੂ ਵਿਚ ਖਾਮੋਸ਼ੀ ਸੀ ਤੇ ਲੋਕ ਇਕ ਦੂਜੇ ਦਾ ਮੂੰਹ ਵੇਖਕੇ ਚੁੱਪ ਹੋ ਜਾਂਦੇ। ਸੂਰਜ ਸਿਰ ਤੋਂ ਥੱਲੇ ਲੱਥ ਰਿਹਾ ਸੀ ਤੇ ਕਈ ਸਿੱਖ ਤਲਵਾਰਾਂ ਨੂੰ ਹੈਰਤ ਭਰੀ ਨਜ਼ਰ ਨਾਲ ਵੇਖ ਰਹੇ ਸਨ। ਕੁਝ ਸਿੰਘ ਨੇਜ਼ਿਆਂ ਨੂੰ ਰੇਤ ਮਾਰ ਮਾਰ ਕੇ ਚਮਕਾਣ ਦੇ ਬੜੇ ਸ਼ੌਕੀਨ ਸਨ। ਸ਼ੇਰਾਂ ਵਰਗੇ ਸਿੰਘਾਂ ਦੇ ਅੰਦਰ ਗੁੱਸੇ ਦੀ ਲਹਿਰ ਉੱਠੀ ਤੇ ਉਨ੍ਹਾਂ ਦੀਆਂ ਤਿਊੜੀਆਂ ਸਮੁੰਦਰ ਦੇ ਮਹਾਂਸਾਗਰ ਵਿਚ ਲੁੱਕ ਗਈਆਂ। ਡੌਲੇ ਫੁਰਕੇ ਤੇ ਫਿਰ ਤਨ ਗਏ। ਹੁਕਮ ਦੇ ਬਝੇ ਸੂਰਮੇ ਮਜਬੂਰ ਸਨ। ਉਨ੍ਹਾਂ ਦੀਆਂ ਹਸਰਤਾਂ ਹੁਕਮ ਦੇ ਪਿੰਜਰੇ ਵਿਚ ਡੱਕ ਦਿੱਤੀਆਂ ਗਈਆਂ ਤੇ ਪੈਰਾਂ ਨੂੰ ਸਤਕਾਰ ਦੇ ਸੰਗਲ ਬਝ ਗਏ। ਤੂਫਾਨਾਂ ਦੇ ਗੋਲੇ ਗੁਦਾਵਰੀ ਦੇ ਥਰੇਤੇ ਵਿਚ ਫਟਣ ਲਈ ਕਾਹਲੇ ਪੈ ਰਹੇ ਸਨ। ਆਖਰਕਾਰ ਇਸ ਚੁੱਪ ਦੇ ਜਿੰਦਰੇ ਨੂੰ ਸਤਿਗੁਰਾਂ ਆਪ ਤੋੜਿਆ।

—''ਰਾਜਗੁਰੂ ਉਹ ਵੇਲਾ ਆ ਗਿਆ ਏ ਜਿਹੜਾ ਕਿ ਇਕ ਵਾਰ ਰਾਣਾ ਪ੍ਰਤਾਪ ਤੇ ਵੀ ਆਇਆ ਸੀ। ਇਸ ਵੇਲੇ ਵਿਚੋਂ ਇਕ ਵਾਰ ਅਸੀਂ ਵੀ ਗੁਜ਼ਰੇ ਹਾਂ। ਚਮਕੌਰ ਦੀ ਜੰਗ ਦਾ

ਨਕਸ਼ਾ, ਅਜੇ ਵੀ ਮੇਰੀਆਂ ਅੱਖਾਂ ਸਾਹਮਣੇ ਨੱਚ ਰਿਹਾ ਹੈ। ਚਮਕੌਰ ਦੀ ਗੜ੍ਹੀ ਵਿਚੋਂ ਅਸੀਂ ਵੀ ਆਪਣਾ ਬਾਣਾ ਵਟਾ ਕੇ ਆਏ ਸਾਂ। ਮਾਛੀਵਾੜੇ ਦੇ ਜੰਗਲ ਵਿਚ ਨਬੀਬਖਸ਼ ਤੇ ਗਨੀਬਖਸ਼ ਦੀ ਦਲੇਰੀ ਦੇ ਚਰਚੇ ਅੱਜ ਵੀ ਪੰਜਾਬ 'ਚ ਗੂੰਜਦੇ ਹਨ। ਦਮਦਮਾ ਸਾਹਿਬ ਅੱਜ ਵੀ ਉਨ੍ਹਾਂ ਪਠਾਣਾਂ ਦੇ ਗੁਣ ਗਾਂਦਾ ਹੈ। ਵੇਲੇ ਦੀ ਨਜ਼ਾਕਤ ਨਾਲ ਆਦਮੀ ਦਾ ਬਦਲ ਜਾਣਾ ਹੀ ਰਾਜਨੀਤੀ ਹੈ। ਇਹ ਮੁਗਲ ਵੀ ਤਾੜ ਵਿਚ ਹਨ। ਇਸ ਲਈ ਸਾਨੂੰ ਬੰਦੇ ਬਹਾਦਰ ਨੂੰ ਪੰਜਾਬ ਤੋਰ ਦੇਣਾ ਚਾਹੀਦਾ ਹੈ। ਮਤ ਬੰਦਾ ਗੱਲ ਕੁੰਡੇ ਦੀਆਂ ਪਹਾੜੀਆਂ ਵਿਚ ਹੀ ਡੱਕਿਆ ਨਾ ਰਹਿ ਜਾਏ। ਪਿੰਜਰੇ ਵਿਚ ਪੰਛੀ ਦੇ ਖੰਭ ਨਾ ਮਰੋੜ ਦਿੱਤੇ ਜਾਣ। ਕਿਉਂ ਤੇਰਾ ਕੀ ਵਿਚਾਰ ਏ ?" ਸਤਿਗੁਰੂ ਬੋਲੇ।

—"ਸਤਿਗੁਰੂ ! ਇਹ ਗੱਲ ਤੇ ਮੈਂ ਈ ਕਲ੍ਹ ਦਾ ਆਖਣ ਆਖਣ ਕਰਦਾ ਸਾਂ ਪਰ ਛੱਪਾ ਜਿਹਾ ਪੈ ਗਿਆ ਤੇ ਮੇਰੀ ਜ਼ਬਾਨ ਬੰਦ ਹੋ ਗਈ। ਬੰਦੇ ਦਾ ਨਾਂਦੇੜ 'ਚ ਰਹਿਣਾ ਹੁਣ ਕਿਸੇ ਖਤਰੇ ਤੋਂ ਖਾਲੀ ਨਹੀਂ। ਭਾਵੇਂ ਅਸੀਂ ਵੀ ਉਸੇ ਭੱਠੀ ਦੇ ਸੇਕ ਦੇ ਲਾਗੇ ਹੀ ਹਾਂ ਪਰ ਬੰਦੇ ਨੂੰ ਇਸ ਸੇਕ ਤੋਂ ਦੂਰ ਭੇਜ ਦੇਣਾ ਚਾਹੀਦਾ ਹੈ। ਮੰਜ਼ਲ ਦੂਰ ਏ ਸਤਿਗੁਰੂ ਤੇ ਅਜੇ ਤੱਕ ਪਥਿਕ ਨੇ ਮੰਜ਼ਲ ਵੱਲ ਪੈਰ ਵੀ ਨਹੀਂ ਪੁੱਟਿਆ। ਤੂੰਬੇ ਦੇ ਗੋੜ੍ਹੇ ਉਨ੍ਹਾਂ ਚਿਰ ਤੱਕ ਹਲਕੇ ਹਨ ਜਿੰਨਾਂ ਚਿਰ ਪਾਣੀ ਵਿਚ ਨਹੀਂ ਪੈਂਦੇ। ਤਲਵਾਰਾਂ ਉੱਨਾਂ ਚਿਰ ਸੋਹਣੀਆਂ ਲੱਗਦੀਆਂ ਹਨ ਜਦ ਤੱਕ ਵੈਰੀ ਦੇ ਖੂਨ 'ਚ ਨਹੀਂ ਡੁਬਦੀਆਂ। ਤਲਵਾਰਾਂ ਦੀ ਪੂਜਾ ਰਣ ਸੰਗਰਾਮ ਵਿਚ ਜਾਣ ਤੋਂ ਪਹਿਲਾਂ ਕੀਤੀ ਜਾਂਦੀ ਹੈ। ਓਹ ਰਣ ਦੀ ਚੰਡੀ ਸੂਰਮੇਂ ਨੂੰ ਹਾਕਾਂ ਮਾਰ ਰਹੀ ਹੈ। ਏਨੀ ਦੇਰ ਨਹੀਂ ਕਰਨੀ ਚਾਹੀਦੀ। ਪੰਜਾਬ ਵਾਲੇ ਸੂਰਮੇ ਤੁਰ ਜਾਣ ਤੇ ਅਸੀਂ ਆਪਣੀ ਮੰਜ਼ਲ ਦੇ ਪੜਾ ਤੇ ਪੁੱਜ ਜਾਵਾਂਗੇ।" ਰਾਜ ਗੁਰੂ ਦੇ ਬੋਲ ਤੰਬੂ ਵਿਚ ਗੂੰਜ ਰਹੇ ਸਨ।

ਸਾਰੇ ਚੁੱਪ ਸਨ। ਬਹਾਦਰ ਇਕ ਦੂਜੇ ਦਾ ਮੂੰਹ ਤਕਦੇ ਤੇ ਮੁੱਛਾਂ ਨੂੰ ਵੱਟ ਦੇਂਦੇ। ਤਲਵਾਰ ਦੀਆਂ ਹੱਥੀਆਂ ਵਿਚ ਆਪਣੀਆਂ ਉਂਗਲਾਂ ਖੋਭ ਕੇ ਵੇਖਦੇ। ਧੂਹ ਲੈਂਦੇ ਤਲਵਾਰਾਂ ਪਰ ਜਾਲ ਦੀਆਂ ਡੋਰੀਆਂ ਬੜੀਆਂ ਮਜਬੂਰ ਸਨ।

—"ਬੰਦੇ ਬਹਾਦਰ ਤਿਆਰ ਏਂ ਰਣਚੰਡੀ ਵਿਚ ਅਹੂਤੀ ਪਾਣ ਲਈ"। ਸਤਿਗੁਰੂ ਬੋਲੇ।

—"ਗੋਲੀ ਕੀਹਦੀ ਤੇ ਗਹਿਣੇ ਕੀਹਦੇ। ਅਸੀਂ ਤੇ ਕਦੋਂ ਦੇ ਘੋੜੀਆਂ ਤੇ ਜੀਨਾਂ ਕੱਸੀ ਬੈਠੇ ਹਾਂ। ਜ਼ਰਾਬਖਤਰ ਸਾਡੇ ਸਰੀਰ ਨਾਲ ਹਰ ਵੇਲੇ ਗਲਵਕੜੀਆਂ ਪਾਈ ਬੈਠਾ ਹੈ ਬਲਦੀਆਂ ਮਸ਼ਾਲਾਂ ਦੀ ਲਾਟ ਵਾਂਗੂੰ। ਮਸ਼ਾਲਚੀ ਮਸ਼ਾਲਾਂ ਲਈ ਖੜੇ ਹਨ। ਹੁਕਮ ਦੀ ਦੇਰ ਏ।" ਬੰਦੇ ਬਹਾਦਰ ਦੀ ਜ਼ਬਾਨ ਖੁਲ੍ਹੀ।

"ਚੰਡੀ ਦੀ ਵਾਰ ਦਾ ਪਾਠ ਕੀਤਾ ਈ। ਕਿੰਨੇ ਸਿੰਘ ਹੋਰ ਪਾਠ ਵਿਚ ਸ਼ਾਮਲ ਹੋ ਰਹੇ ਹਨ। ਤੇਰੇ ਨਾਲ ਕਿੰਨੇ ਸਿੰਘਾਂ ਕਮਰ ਕੱਸੇ ਕੀਤੇ ਹਨ।" ਗੁਰੂ ਸਾਹਿਬ ਨੇ ਪੁੱਛਿਆ।

—"ਪੰਜੀ ਸਿੰਘ ਸਤਿਗੁਰੂ !"

—"ਬਸ ਪੰਜੀ !"

—"ਪੰਜੀ, ਪੰਜੀ ਹਜ਼ਾਰ ਤੇ ਭਾਰੂ।"

—"ਇਨ੍ਹਾਂ ਪੰਛੀਆਂ ਦੇ ਪੰਜਾਬ ਪੁੱਜਣ ਤੋਂ ਪਹਿਲਾਂ ਸਾਡਾ ਜੱਥਾ ਪੰਜਾਬ ਵਿਚ ਪੁੱਜ ਜਾਵੇਗਾ। ਬੰਦੇ ਦੀਆਂ ਪੰਛੀ ਤਲਵਾਰਾਂ ਉੱਠਣਗੀਆਂ ਤੇ ਉਹਦੇ ਮਗਰ ਪੰਛੀ ਹਜ਼ਾਰ ਜੱਥਿਆਂ ਦੀਆਂ ਸਿਰ ਧੜ ਦੀਆਂ ਬਾਜ਼ੀ ਲਾਣ ਵਾਲੀਆਂ ਟੋਲੀਆਂ ਦੇ ਨੇਜ਼ੇ ਉੱਠਣਗੇ। ਬੰਦੇ ਦੀ ਤਲਵਾਰ ਵਿਚ ਤਾਕਤ ਭਰਨਾ ਮੇਰਾ ਕੰਮ ਏ। ਮਾਝੇ, ਮਾਲਵੇ ਤੇ ਰਾਜਪੂਤਾਨੇ ਦੇ ਸਿੰਘਾਂ ਦੇ ਹੱਥਾਂ ਵਿਚ ਤਲਵਾਰਾਂ ਹੋਣਗੀਆਂ। ਮਰਨਾ ਇਨ੍ਹਾਂ ਨੂੰ ਮੈਂ ਦੱਸਣਾ ਏ ਜਾਣ ਦਿਓ ਸਤਿਗੁਰੂ ਇਨ੍ਹਾਂ ਸਿੰਘਾਂ ਨੂੰ ਪੰਜਾਬ। —ਰਾਜਗੁਰੂ ਦੇ ਮੱਥੇ ਦੀਆਂ ਤਿਊੜੀਆਂ ਉਭਰ ਪਈਆਂ।

—"ਉਰੇ ਆ ਬੰਦਿਆ ਤੂੰ ਕਿੰਨਾ ਪਿਆਰਾ ਏਂ। ਜਾਂਦੀ ਵੇਰ ਮੈਥੋਂ ਵੀ ਕੁਝ ਲੈ ਜਾ। ਮੰਦਰ ਵਿਚੋਂ ਪੁਜਾਰੀ ਸਖਣੇ ਹੱਥ ਜਾਂਦਾ ਸੋਹਣਾ ਨਹੀਂ ਲੱਗਦਾ। ਰਾਜ ਦਰਬਾਰ ਵਿਚੋਂ ਖਿਲਤਾਂ ਦੇ ਤੋਹਫ਼ੇ ਦਿੱਤੇ ਜਾਂਦੇ ਹਨ। ਪੰਜ ਹਜ਼ਾਰੀ ਦੱਸ ਹਜ਼ਾਰੀ ਦੇ ਖ਼ਤਾਬ ਬਖਸ਼ੇ ਜਾਂਦੇ ਨੇ। ਰਾਹ ਦਾ ਖਰਚ ਤਾਂ ਪੱਲੇ ਬੰਨ੍ਹ ਲੈ। ਤੇਰੀ ਮੰਜ਼ਲ ਬੜੀ ਦੂਰ ਏ, ਬੰਦਿਆ! ਲੈ ਕੁੱਝ ਸਾਥੀ ਹੋਰ ਲੈ ਜਾਹ ਇਹ ਤੇਰੇ ਨਾਲ ਸ਼ਹੀਦ ਹੋਣਗੇ। ਮੇਰੀ ਜਾਨ ਤੋਂ ਅਜ਼ੀਜ਼ ਭਾਈ (ਜ਼ਰਾ ਕੁ ਜ਼ਬਾਨ ਰੁਕ ਗਈ)। ਸਤਿਗੁਰੂ ਫਿਰ ਬੋਲੇ, ਦਇਆ ਸਿੰਘ ਆ। ਬਾਂਹ ਫੜ ਲੈ ਮੇਰੇ ਬੰਦੇ ਦੀ। ਭਾਈ ਕਾਨ੍ਹ ਸਿੰਘਾ ਤੂੰ ਵੀ ਆ। ਬਿਨੋਦ ਸਿੰਘ ਤੂੰ ਵੀ ਉੱਠ। ਬਾਜ ਸਿੰਘ ਤੇਰੀ ਵੀ ਲੋੜ ਏ। ਰਣ ਸਿੰਘ ਤੂੰ ਕਿਉਂ ਪਿੱਛੇ ਏਂ ਫੜ ਲਓ ਬਣੀ ਬਾਹਾਂ, ਮੇਰੇ ਬੰਦੇ ਦੀਆਂ। ਬੰਦਾ ਤੁਹਾਡਾ ਸਰਦਾਰ ਤੇ ਤੁਹਾਡੀ ਜੱਥੇਬੰਦੀ ਬੰਦੇ ਦੀ ਸਰਦਾਰੀ। ਮਤਾ ਪੰਜਾਂ ਦਾ ਤੇ ਹੁਕਮ ਬੰਦੇ ਦਾ। ਤੁਹਾਡੀ ਪੰਜਾਂ ਦੀ ਰਜ਼ਾ ਅਸਾਡੀ ਰਜ਼ਾ ਹੋਵੇਗੀ। ਅਸੀਂ ਤੇਰੇ ਅੰਗ ਸੰਗ ਹਾਂ। ਪੰਥ ਮੇਰਾ ਰੂਪ ਏ। ਅਕਾਲ ਪੁਰਖ ਦੀ ਸ਼ਕਤੀ ਤੁਹਾਡੀ ਅਰਦਾਸ ਨਾਲ ਅੰਗ ਸੰਗ ਹੋਵੇਗੀ। ਅਰਦਾਸ ਵਿਚ ਬੜਾ ਬਲ ਏ! ਭਗਵਾਨ ਭਗਤ ਦੇ ਹੱਥ ਵਿਚ ਰੁਕਿਆ ਹੋਇਆ ਹੈ।" ਸਚਖੰਡ ਦੇ ਵਾਲੀ ਬੋਲੇ।

ਪਹਿਲਾਂ ਪੰਜਾਂ ਸਤਿਗੁਰੂ ਅਗੇ ਸੀਸ ਨਿਵਾਇਆ ਤੇ ਫੇਰ ਬੰਦੇ ਬਹਾਦਰ ਨੂੰ ਸਲਾਮੀ ਦਿੱਤੀ। ਸਾਰੀ ਸੰਗਤ ਇਸ ਸਲਾਮੀ ਵਿਚ ਸ਼ਾਮਲ ਸੀ।

"ਅਜੇ ਮੇਰਾ ਦਿਲ ਨਹੀਂ ਭਰਿਆ, ਲੈ ਇਕ ਹੋਰ ਨਿਆਮਤ। ਪੰਜ ਤੀਰ ਆਪਣੇ ਭਥੇ ਵਿਚੋਂ। ਇਹ ਫਤਹਿ ਦੀ ਨਿਸ਼ਾਨੀ ਹਨ। ਇਨ੍ਹਾਂ ਕਈ ਮੋਰਚੇ ਜਿੱਤੇ ਹਨ। ਆਹ ਲੈ ਨਿਸ਼ਾਨ ਸਾਹਿਬ! ਜਿਧਰ ਇਹ ਨਿਸ਼ਾਨ ਝੁਲੇਗਾ, ਵੈਰੀ ਸਲਾਮੀ ਦੇਣ ਤੇ ਮਜਬੂਰ ਹੋ ਜਾਣਗੇ। ਇਨ੍ਹਾਂ ਨੂੰ ਜਾਨ ਤੋਂ ਪਿਆਰਾ ਰਖੀਂ ਸਿੰਘਾਂ ਦੀ ਜ਼ਿੰਦਗਾਨੀ ਈ ਇਹ! ਬੜਿਆਂ ਬਹਾਦਰਾਂ ਦੇ ਲਹੂ ਦੀ ਮਹਿੰਦੀ ਲਾ ਲਾ ਕੇ ਮਜੀਠੀ ਰੰਗ ਵਿਚ ਰੰਗਿਆ ਈ। ਸਾਰੀ ਪੰਜਾਬ ਦਾ ਦਿਲ ਧੜਕਦਾ ਈ ਇਹਦੇ ਵਿਚ ਜਤ ਸਤ ਵਿਚ ਪੂਰਾ ਰਹੇਗਾ ਤਾਂ ਤੇਰੀ ਵਾ ਵੱਲ ਕੋਈ ਨਹੀਂ ਵੇਖਦਾ। ਜਾਹ ਵਾਹਿਗੁਰੂ ਤੈਨੂੰ ਚੜ੍ਹਦੀਆਂ ਕਲਾਂ ਦਾ ਮੂੰਹ ਵਿਖਾਵੇ।" ਗੁਰੂ ਗੋਬਿੰਦ ਸਿੰਘ ਨੇ ਅਸ਼ੀਰਵਾਦ ਦੇਂਦਿਆਂ ਆਖਿਆ।

ਰਾਜਗੁਰੂ ਬੋਲਿਆ, ਬੰਦਿਆ! ਤੂੰ ਬੜਾ ਪੂਰਨ ਭਾਗਾਂ ਵਾਲਾ ਏਂ ਤੇਰੀ ਪਦਵੀ ਨੂੰ ਅਜੇ ਤੱਕ

ਕੋਈ ਹੋਰ ਨਹੀਂ ਪੁਜਿਆ । ਤੇਗ਼ ਧਾਰੀ ਸੰਤ ਵੀ ਤੇਰੇ ਨਾਲ ਹਨ ਤੇ ਸ਼ਸਤਰ ਧਾਰੀ ਯੋਧੇ ਵੀ ਆਤਮ ਗਿਆਨੀ ਵੀ ਤੇਰੇ ਜੱਥੇ ਵਿਚ ਹਨ । ਤੂੰ ਮੰਜ਼ਲ ਤੇ ਮੰਜ਼ਲ ਮਾਰਦਾ ਪੰਜਾਬ ਪੁਜ ਜਾਹ ਤੇ ਮੇਰਾ ਇੰਤਜ਼ਾਰ ਕਰ । ਹੁਕਮ ਨਾਮੇ ਵੀ ਲੈ ਲਈ ਈ ! ਸਰਹੰਦ ਦਾ ਮੋਰਚਾ ਅਸੀਂ ਦੋਵੇਂ ਜਿਤਾਂਗੇ । ਦੋਵਾਂ ਦੀ ਤਲਵਾਰ ਅੱਗੇ ਸਰਹੰਦ ਨਿਵੇਂਗਾ । ਸਾਡੇ ਮੇਲ ਹੁਣ ਸਰਹੰਦ ਦੀ ਜੂਹ ਵਿਚ ਹੋਣਗੇ ।" ਰਾਜਗੁਰੂ ਦੇ ਬੋਲ ਅਜੇ ਖਤਮ ਨਹੀਂ ਸੀ ਹੋਏ ਕਿ ਰੋੜੀ ਬੋਲ ਪਿਆ । "ਮੈਂ ਵੀ ਜਾਣਾ ਏ ਸਤਿਗੁਰੂ ਬੰਦੇ ਬਹਾਦਰ ਦੇ ਨਾਲ ।"

—"ਮੈਨੂੰ ਵੀ ਆਗਿਆ ਦਿਓ ਸਤਿਗੁਰੂ !" ਇਕ ਹੋਰ ਸਿਖ ਬੋਲਿਆ ।

—"ਅਸੀਂ ਵੀ ਬੰਦੇ ਦੇ ਜੋਟੀਦਾਰ ਹਾਂ"

—"ਸਾਡੀ ਸ਼ਹੀਦੀ ਦੀ ਵੀ ਬੰਦੇ ਨੂੰ ਲੋੜ ਏ ।"

—'ਸਾਨੂੰ ਰੋਕਿਆ ਨਾ ਜਾਵੇ ਸਤਿਗੁਰੂ ।"

ਸਾਰੇ ਤੰਬੂ ਵਿਚ ਰੌਲਾ ਪੈ ਗਿਆ ਤੇ ਸਤਿਗੁਰੂ ਬੋਲੇ : –

—"ਵਕਤ ਆਉਣ ਤੇ ਤੁਸੀਂ ਵੀ ਬੰਦੇ ਦੇ ਸਾਥੀ ਬਣੋਗੇ ! ਅਜੇ ਬੰਦੇ ਦਾ ਜਾਣਾ ਹੀ ਵਕਤ ਦੀ ਨਜ਼ਾਕਤ ਏ । ਵੇਲੇ ਤੋਂ ਫ਼ਾਇਦਾ ਉਠਾਉ ਤੇ ਬੰਦੇ ਨੂੰ ਆਪਣੀ ਮੰਜ਼ਲ ਦੇ ਲਾਗੇ ਪੁਜਣ ਦਿਉ । ਬਹਾਦਰ ਲਿੱਸੇ ਨਹੀਂ ਪੈਂਦੇ । ਤੂੰ ਕਿਉਂ ਰੋਣ ਲਗ ਪਿਆ ਏਂ ਰੋੜੀ ! ਬੰਦਾ ਤੇਰੇ ਬਗ਼ੈਰ ਸਰਹੰਦ ਫਤਹਿ ਨਹੀਂ ਕਰਨ ਲੱਗਾ । ਸਰਹੰਦ ਤੇਰੀ ਤਲਵਾਰ ਦੀ ਨੋਕ ਨੂੰ ਝੁਕ ਝੁਕ ਕੇ ਸਲਾਮ ਕਰੇਗੀ । ਸਰਹੰਦ ਜਿੱਤਣ ਵਿਚ ਤੇਰਾ ਸਭ ਤੋਂ ਵੱਡਾ ਹੱਥ ਹੋਵੇਗਾ । ਤੇਰੀ ਬਹਾਦਰੀ ਦੀ ਧਾਂਕ ਇਹੋ ਜਿਹੀ ਪਵੇਗੀ ਕਿ ਸੁੱਤੀਆਂ ਪਠਾਣੀਆਂ ਵੀ ਤ੍ਰਭਕ ਪੈਣਗੀਆਂ । ਤੂੰ ਬੰਦੇ ਦਾ ਸਭ ਤੋਂ ਵੱਡਾ ਜਰਨੈਲ ਬਣੇਂਗਾ । ਤੇਰੇ ਜਾਣ ਤੋਂ ਪਹਿਲਾਂ ਤੇਰੀ ਆਤਮਾ ਸਰਹੰਦ ਪੁਜ ਜਾਵੇਗੀ । ਤੇਰੀ ਦੇਹੀ ਸਰਹੰਦ ਦੀ ਗੜ੍ਹੀ ਵਿਚ ਗਡੀ ਹੋਈ ਏ ! ਰਾਜਗੁਰੂ ਦੇ ਨਾਲ ਜਾਵੀਂ ਤੇ ਬੰਦਾ ਅਗੋਂ ਵੱਧ ਕੇ ਤੈਨੂੰ ਫਤਹਿ ਦੀ ਵਧਾਈ ਦੇਣ ਆਵੇਗਾ ਤੇ ਫੇਰ ਰਲ ਕੇ ਪੰਜਾਬ ਜਿਤਿਓ । ਜਿਨਾਂ ਚਿਰ ਤੁਹਾਡਾ ਜੁਟ ਰਹੇਗਾ ਮੁਗਲ ਝੁਕ ਝੁਕ ਕੇ ਸਜਦੇ ਕਰਨਗੇ । ਬੰਦੇ ਨੂੰ ਆਪਣੇ ਹੱਥੀਂ ਤੋਰ ! ਤੇ ਕਾਮਯਾਬੀ ਦਾ ਤਿਲਕ ਆਪਣੀਂ ਹੱਥੀਂ ਲਾ । ਤੇ ਖਿੜੇ ਮੱਥੇ ਉਹਦਾ ਪੈਰ ਰਕਾਬ ਵਿਚ ਰਖ !" ਸਤਿਗੁਰੂ ਕਹਿ ਰਹੇ ਹਨ । ਰੋੜੀ ਬੋਲਿਆ :

ਬੰਦਾ ਬਹਾਦਰ—ਜ਼ਿੰਦਾਬਾਦ

ਧਰਮ ਕੀ—ਜੈ

ਪੰਜਾਬ—ਹਮਾਰੀ ਹੈ

ਮੁਗਲ-ਮਲੇਛ—ਨਸ਼ਟ ਹੋ ।

ਜੈਕਾਰਿਆਂ ਨਾਲ ਸਾਰਾ ਡੇਰਾ ਗੂੰਜ ਉਠਿਆ । ਡੂੰਘੀਆਂ ਤਰਕਾਲਾਂ ਪੈ ਚੁੱਕੀਆਂ ਸਨ ਤੇ ਰਾਤ ਦੇ ਹਨੇਰੇ ਦੀ ਬੁੱਕਲ ਵਿਚ ਬੰਦਾ ਨਾਂਦੇੜ ਦੀਆਂ ਜੂਹਾਂ ਪਾਰ ਕਰ ਚੁੱਕਾ ਸੀ ।

ਊਸ਼ਾ ਦੀ ਪਹਿਲੀ ਕਿਰਨ ਨੇ ਬੰਦੇ ਨੂੰ ਬੁਰਹਾਨਪੁਰ ਵੇਖਿਆ ।

ਨਗੀਨਾ ਘਾਟ

ਅਖੰਡ ਪਾਠ ਦੇ ਭੋਗ ਵਿਚ ਅਜੇ ਇਕ ਦਿਨ ਬਾਕੀ ਸੀ ਤੇ ਸਾਰੀਆਂ ਸੰਗਤਾਂ ਹੁਮ ਹੁਮਾ ਕੇ ਬੈਠੀਆਂ ਪਾਠ ਸੁਣ ਰਹੀਆਂ ਸਨ। ਲੋਕ ਬੰਦੇ ਬਹਾਦਰ ਤੇ ਰਾਮ ਚੰਦਰ ਲੁਬਾਣੇ ਦੀ ਗੈਰ-ਹਾਜ਼ਰੀ ਮਹਿਸੂਸ ਕਰਦੇ। ਪਰ ਰਾਜਗੁਰੂ ਨੇ ਪ੍ਰੇਮੀਆਂ ਨੂੰ ਇਸ ਗੱਲ ਦਾ ਗਿਆਨ ਨਾ ਹੋਣ ਦਿੱਤਾ। ਕੋਈ ਇਹ ਆਖ ਕੇ ਚੁੱਪ ਹੋ ਜਾਂਦਾ, ਬੰਦਾ ਬਹਾਦਰ ਫਿਰ ਛਿਲੇ ਵਿਚ ਬੈਠ ਗਿਆ ਏ ਜਾਂ ਤਪੱਸਿਆ ਲਈ ਸਮਾਧੀ ਦਾ ਅਰੰਭ ਮੁੜ ਨਵੇਂ ਸਿਰਿਓਂ ਸ਼ੁਰੂ ਕੀਤਾ ਸੂ। ਇਨ੍ਹਾਂ ਜੋਗੀਆਂ ਰੰਗ ਦੀਆਂ ਅਲਫੀਆਂ ਵਿਚ ਰੱਬ ਜਾਣਦਾ ਏ ਕਿੰਨੀਆਂ ਕਰਾਮਾਤਾਂ ਹਨ। ਗੁਦਾਵਰੀ ਤਪੱਸਵੀ ਵੀ ਪੈਦਾ ਕਰਦੀ ਏ ਤੇ ਕਰਮਕਾਂਡੀ ਆਗੂ ਵੀ। ਅੰਦੋਲਨ ਕਰਨ ਦੀ ਉਹਨੂੰ ਗੁੜ੍ਹਤੀ ਦਿੱਤੀ ਜਾਂਦੀ ਏ। ਅਸਲ ਵਿਚ ਗੁਦਾਵਰੀ ਦੇ ਪਾਣੀ ਵਿਚ ਹੀ ਤਾਸੀਰ ਏ। ਇਸੇ ਤਰ੍ਹਾਂ ਸਿਵ ਮੰਦਰ ਨੇ ਪੁਜਾਰੀਆਂ ਨੂੰ ਬੀਰਤਾ ਦੀ ਪੁਠ ਦੇ ਕੇ ਜਾਂਨਬਾਜ਼ ਗਭਰੂ ਬਣਾ ਦਿੱਤਾ। ਬੀਰਤਾ ਉਨ੍ਹਾਂ ਦੇ ਡੌਲਿਆਂ 'ਚ ਕੁਦ ਕੁਦ ਪੈ ਰਹੀ ਏ। ਤਿਲਕ ਵਿਚ ਮਹਿਰਾਬਾਂ ਦੇ ਨਿਸ਼ਾਨ ਢਾਲਾਂ ਦੀਆਂ ਚਿਪਰਾਂ ਬਣ ਗਏ ਹਨ। ਦੂਜ ਦਾ ਚੰਨ ਤਲਵਾਰ ਦੇ ਖ਼ਮ ਵਾਂਗ ਅਕਾਸ਼ ਤੇ ਚਮਕਦਾ ਏ ਤੇ ਦੁਸ਼ਮਣਾਂ ਦਾ ਗਰਬ ਟੁਟ ਜਾਂਦਾ ਹੈ। ਮਸਜਦ ਦੀ ਆਜ਼ਾਨ ਦੇ ਨਾਲ ਫਿਰ ਆਰਤੀ ਹੋਵੇਗੀ। ਆਸਾ ਦੀ ਵਾਰ ਪੜ ਰਹੇ ਸਨ ਰਾਗੀ ਸਿੰਘ ਤੇ ਸੰਗਤਾਂ ਰਾਤ ਤੋਂ ਬੈਠੀਆਂ ਹੋਈਆਂ ਸਨ। ਜਗਰਾਤਾ ਮੁਤਵਾਤਰ ਦੋ ਦਿਨਾਂ ਤੋਂ ਚਲ ਰਿਹਾ ਸੀ ਤੇ ਇਧਰ ਮੁਗ਼ਲਾਂ ਦੇ ਖ਼ੇਮਿਆਂ ਵਿਚ ਰੌਣਕਾਂ ਹੀ ਰੌਣਕਾਂ ਸਨ। ਸ਼ਹਿਰ ਸੱਜ ਰਿਹਾ ਸੀ।

ਨਾਂਦੇੜ ਦੀ ਸੱਜ ਧਜ ਅੱਜ ਤਾਂ ਕਿਤੇ ਝਲੀ ਨਹੀਂ ਜਾਂਦੀ। ਬਣੀ ਫਬੀ ਮੁਟਿਆਰ ਨੂੰ ਪੱਲੇ ਨਹੀਂ ਬੰਨ੍ਹਦੀ। ਰੂਪ ਦਾ ਸ਼ਿੰਗਾਰ ਸੱਜ ਵਿਆਹੀ ਮੁਟਿਆਰ ਨੂੰ ਪਾਣੀ ਪਾਣੀ ਕਰ ਰਿਹਾ ਸੀ। ਕੱਚੀਆਂ ਸੜਕਾਂ ਵੀ ਬਲੌਰ ਵਾਂਗੂੰ ਸਾਫ ਹੋ ਰਹੀਆਂ ਸਨ। ਕੱਚਿਆਂ ਕੋਠਿਆਂ ਦੀ ਉੱਲੀ ਲਾਹੀ ਗਈ। ਨਵੀਂ ਗੁਹਟੀ ਫੇਰੀ ਜਾ ਰਹੀ ਸੀ। ਅੱਜ ਤੇ ਈਮਾਨ ਨਾਲ ਨਾਂਦੇੜ ਦੀ ਸਜਾਵਟ ਅੱਗੇ ਦਿੱਲੀ ਦਾ ਰੂਪ ਪਾਸਕੂ ਵੀ ਨਹੀਂ। ਗੱਲ ਕੀ ਨਾਂਦੇੜ ਅੱਜ ਜੰਨਤ ਦੇ ਖ਼ਾਬ ਦੇਖ ਰਹੀ ਸੀ। ਹਜ਼ਰਤ ਆਦਮ ਵੀ ਜੇ ਅੱਜ ਨਾਂਦੇੜ ਤੇ ਝਾਤੀ ਪਾ ਲੈਂਦੇ ਤਾਂ ਜੰਨਤ ਨੂੰ ਲੱਤ ਮਾਰ ਦੇਂਦੇ। ਫਸੋਲਾ

ਦੀਆਂ ਮੁਰੰਮਤਾਂ ਨਵੇਂ ਸਿਰਿਓਂ ਕੀਤੀਆਂ ਗਈਆਂ ਸਨ। ਸ਼ਾਹਰਾਹ ਤੋਂ ਇਲਾਵਾ ਹੋਰ ਵੀ ਦਰਵਾਜ਼ੇ ਆਪਣਾ ਸਾਨੀ ਨਹੀਂ ਸਨ ਰੱਖਦੇ। ਸ਼ਾਹਰਾਹ ਤੇ ਭਾਵੇਂ ਅੱਗੇ ਹੀ ਬਣਿਆਂ ਫਬਿਆ ਰਹਿੰਦਾ ਸੀ ਪਰ ਅੱਜ ਤਾਂ ਉਸ ਦੇ ਰੂਪ ਤੇ ਲੋਹੜਾ ਆ ਰਿਹਾ ਏ। ਆਲਮਗੀਰੀ ਆਲਮ ਝੁਕ ਝੁਕ ਕੇ ਸਲਾਮਾਂ ਕਰ ਰਹੇ ਹਨ। ਡੇਰੀਆਂ ਸਿਰਵਾਰਨੇ ਕਰ ਰਹੀਆਂ ਸਨ। ਆਦਲ ਸ਼ਾਹੀ ਪੁਲ, ਗੋਲ ਕੂੰਡਾ ਡਿਉੜੀ, ਪੱਥਰ ਗਟੀ, ਚਾਰ ਮਿਨਾਰ, ਅਜਮੇਰੀ ਦਰਵਾਜ਼ਾ, ਬੀਜ਼ਾਪੁਰ ਸ਼ਾਹਰਾਹ ਤੇ ਮੱਕਾ ਮਨੱਵਰ ਮਸਜਦ ਨਾਂਦੇੜ ਵਿਚ ਰਲ ਬੈਠਣਾ ਆਪਣੀ ਹਤਕ ਸਮਝ ਰਹੀਆਂ ਸਨ। ਮੁਗਲ ਸ਼ਾਹੀ ਝੰਡੇ ਗੁਦਾਵਰੀ ਦੀਆਂ ਲਹਿਰਾਂ ਵਾਂਗੂੰ ਠਾਠਾਂ ਮਾਰ ਰਹੇ ਸਨ। ਸੰਤਰੀ ਹੱਥ ਵਿਚ ਬੰਦੂਕਾਂ ਲਈ ਪਹਿਰਾ ਦੇਂਦੇ। ਇਕ ਦਰਬਾਰੀ ਭੱਟ ਆਖ ਰਿਹਾ ਸੀ।

—"ਅੱਜ ਨਾਂਦੇੜ ਕੀ ਏ ਪਟੋਲਾ ਏ ਪਟੋਲਾ।"

—"ਖਸਮਾਂ ਬਿਨਾਂ ਕੋਈ ਕਿਸੇ ਨੂੰ ਨਹੀਂ ਪੁੱਛਦਾ।"

—"ਬਹਾਦਰ ਸ਼ਾਹ ਨੇ ਦੱਖਣ ਵਿਚ ਪੈਰ ਕੀ ਪਾਏ ਹਨ ਨਾਂਦੇੜ ਦੀ ਸੁਣੀ ਗਈ ਏ", ਦੱਖਣੀ ਸਿਪਾਹੀ ਨੇ ਆਖਿਆ।

"ਹਾਂ ਹਾਂ, ਸਿਆਣਿਆਂ ਦੀ ਗੱਲ ਝੂਠੀ ਤੇ ਨਹੀਂ, ਖੇਤੀ ਖਸਮਾਂ ਸੇਤੀ।" ਇਕ ਹਿੰਦੁਸਤਾਨੀ ਸਿਪਾਹੀ ਬੋਲਿਆ।

—"ਸ਼ਹਿਨਸ਼ਾਹ ਆਲਮ ਮੁਗਲਆਜ਼ ਬਹਾਦਰ ਸ਼ਾਹ ਨਾਂਦੇੜ ਤਸ਼ਰੀਫ ਫਰਮਾ ਰਹੇ ਹਨ ਤੇ ਸਵਾਰੀ ਦਾ ਇੰਤਜ਼ਾਰ ਕੀਤਾ ਜਾਵੇ।" ਸਰਕਾਰੀ ਅਫ਼ਸਰ ਬੋਲ ਰਿਹਾ ਸੀ।

"ਸੁਣੀ ਗਈ ਏ, ਨਾਂਦੇੜ ਦੀ ਵੀ ਸੁਣੀ ਗਈ ਏ। ਬਾਰੀਂ ਵਰ੍ਹੀਂ ਤੇ ਰੂੜੀ ਤੇ ਵੀ ਸ਼ੀਸ਼ ਮਹਿਲ ਬਣ ਜਾਂਦੇ ਹਨ। ਨਾਂਦੇੜ ਨੇ ਕਿਸੇ ਦੇ ਮਾਂਹ ਥੋੜ੍ਹੇ ਪੁੱਟੇ ਹਨ, ਜਿਹੜੀ ਵਾਤ ਨਹੀਂ ਸੀ ਪੁੱਛਣੀ। ਬੱਲੇ ਬੱਲੇ ਭਈ ਸ਼ਾਹਰਾਹ ਤੇ ਅੱਜ ਲਾੜਾ ਬਣਿਆ ਹੋਇਆ ਏ। ਹੋਰ ਦਰਵਾਜੇ ਤੇ ਸਾਰੇ ਜਾਂਞੀ ਜਾਪਦੇ ਹਨ ਵਾਹ ਉਏ ਸ਼ੇਰਾ, ਅੱਜ ਤੇ ਚਾਂਦਨੀ ਚੰਨ ਨੂੰ ਸ਼ੀਸ਼ੇ ਵਿਚ ਮੂੰਹ ਵੇਖਣ ਤੇ ਮਜਬੂਰ ਕਰ ਦਿੱਤਾ ਈ। ਵਾਰੇ ਵਾਰੇ ਜਾਈਏ ਝੰਡਾ ਗੱਡਣ ਵਾਲੇ ਦੇ, ਝੰਡੇ ਤੇ ਖਲੋ ਕੇ ਕੁਤਬ ਮੀਨਾਰ ਨਜ਼ਰ ਆ ਜਾਂਦਾ ਹੈ। ਦੌਲਤਅਬਾਦ ਵਿਚ ਅਲਾਉਦੀਨ ਦਾ ਚਾਂਦ ਮੀਨਾਰ ਸਾਡੇ ਝੰਡੇ ਨਾਲ ਅੱਡੀਆਂ ਚੁੱਕ ਚੁੱਕ ਕੇ ਕੱਦ ਮੇਚ ਰਿਹਾ ਹੈ। ਝੰਡਾ ਵੇਖ ਇਉਂ ਜਾਪਦਾ ਏ ਜਿਵੇਂ ਸਾਰੀ ਦੱਖਣ ਝੁਕ ਝੁਕ ਸਿਜਦੇ ਕਰ ਰਹੀ ਏ।" ਦਰਬਾਰ ਦਾ ਭਟ ਭੰਗ ਦੇ ਨਸ਼ੇ ਵਿਚ ਚੂਰ ਆਖੀ ਜਾਂਦਾ।

—"ਮੱਢੇ ਤੇ ਹੱਥ ਮਾਰ ਕੇ ਕਿਉਂ ਜ਼ਿਮੀ ਅਸਮਾਨ ਦੇ ਕਲਾਬੇ ਮਿਲਾਉਣ ਲੱਗਾ ਏਂ। ਜਾਨ ਰੱਬ ਨੂੰ ਦੇਣੀ ਊ ਜਾਂ ਮੁਗਲਾਂ ਦੇ ਹੱਥ ਗਹਿਣੇ ਪਾਈ ਹੋਈ ਊ। ਕਿਤੇ ਸ਼ਰਾਬਖਾਨੇ ਦਾ ਬੂਹਾ ਖੁਲ੍ਹਾ ਤੇ ਨਹੀਂ ਮਿਲ ਗਿਆ।" ਇਕ ਹਾਕਮ ਵੀ ਨਸ਼ੇ ਦੇ ਅਮਲ ਵਿਚ ਆਖੀ ਜਾ ਰਿਹਾ ਸੀ।

—"ਅਸੀਂ ਤਾਂ ਸ਼ਰਾਬ ਪੀਣੀ ਕੁਫਰ ਸਮਝਦੇ ਹਾਂ ਪਰ ਅੱਜ ਤੇ ਮੁਤਹਿਰੇ ਨਾਲ ਰਗੜੀ

ਭੰਗ ਦੇ ਦੋ ਪਿਆਲੇ ਹੱਥ ਲੱਗ ਗਏ ਸਨ, ਪਰ ਯਾਰ ਤੂੰ ਕਿਹੜੇ ਸਰਾਬਖਾਨੇ ਦੀ ਚੂਥੀ ਪੁੱਟੀ ਏ" ਭੰਗੀ ਬੋਲਿਆ।

—"ਵਾਹ ਭਈ ਨਥੋ ਸਾਹ ਤੇਰੀਆਂ ਤਾਰੀਫ਼ਾਂ ਹੀ ਸੁਣੀਆਂ ਸਨ ਪਰ ਜ਼ਿਆਰਤ ਅੱਜ ਹੀ ਹੋਈ ਏ। ਬਿਸਮਿਲਾਹ ਕਿਆ ਨੂਰ ਦਾ ਜਲਾਲ ਟਪਕ ਰਿਹਾ ਹੈ। ਅੱਜ ਤੇ ਚੌਦਾਂ ਤਬਕ ਦੇ ਦਰਾਰ ਖੁਲ੍ਹ ਗਏ ਹਨ। ਰਹਿਮ ਦੇ ਬਦੱਲ ਦੀ ਬਰਸਾਤ ਹੋ ਗਈ ਏ 'ਸਰਕਾਰ।' ਹਾਕਮ ਵਜਦ ਵਿਚ ਬੋਲਿਆ।

—"ਕੌਣ, ਸ਼ਾਹਬਾਜ਼ ਖਾਂ ਤੂੰ ਬਰਾਦਰੀ ਤੋਂ ਛੇਕਿਆ ਹੋਇਆ ਏਂ। ਸਾਡੀ ਤੇ ਡੂਮ ਮਰਾਸੀਆਂ ਦੀ ਫਰਿਆਦ ਸੁਣੀ ਗਈ। ਚਲੋ ਯਾਰ ਚਾਰ ਦਿਹਾੜੇ ਬਰਿਆਨੀਆਂ ਉਡਣਗੀਆਂ ਪਰ ਸਹੁੰ ਰੱਬ ਦੀ ਤੂੰ ਵੀ ਸਾਡਾ ਭਰਾ ਹੀ ਹੈਂ। ਕੋਲੋਂ ਦੀ ਲੰਘ ਕੇ ਤੂੰ ਖਾਨ ਨਹੀਂ ਬਣ ਚਲਿਆ। ਮਰਾਸੀ, ਮਰਾਸੀ ਏ ਭਾਵੇਂ ਹਾਕਮ ਏ ਤੇ ਭਾਵੇਂ ਚੌਂਕੀਦਾਰ" ਭੰਗੀ ਭਟ ਆਖ ਰਿਹਾ ਸੀ।

"ਰਾਤੀਂ ਕਿਤੇ ਬੂਹਾ ਮਾਰਨ ਲੱਗਿਆਂ ਆਦਲ ਸ਼ਾਹੀ ਪੁਲ ਤੋਂ ਸਿੱਧਾ ਅੰਬਰ ਬਾਜ਼ਾਰ ਦੇ ਨੁਕਰ ਵਾਲੇ ਸ਼ਰਾਬਖਾਨੇ ਦਾ ਠੇਕੇਦਾਰ ਬੜਾ ਸ਼ਰਾਬੀ ਏ ਉਸ ਦਾ ਨਸ਼ੇ ਵਿਚ ਜੰਦਰਾ ਖੁਲ੍ਹਾ ਰਹਿ ਗਿਆ। ਯਾਰ ਹੋਰਾਂ ਦੀ ਨਜ਼ਰੇ ਚੜ੍ਹ ਗਿਆ ਤੇ ਅਸਾਂ ਵੀ ਰੀਝਾਂ ਲਾਹ ਲਾਹ ਕੇ ਡਾਂਹਜਾਂ ਲਾਹੀਆਂ ਤੇ ਏਨੀ ਪੀਤੀ ਏ ਰਾਤ ਦੀ ਕਿ ਕਿਆਮਤ ਤੱਕ ਨਸ਼ੇ ਆਉਂਦੇ ਰਹਿਣਗੇ। ਸਹੁੰ ਅੱਲਾ ਪਾਕ ਦੀ ਜ਼ਮੀਨ ਕਿਸ ਕਾਫਰ ਨੂੰ ਨਜ਼ਰ ਆਉਂਦੀ ਹੈ। ਰਸੂਲ ਪਾਕ ਦੀ ਮਾਰ ਵਗੇ ਤੇਰੀ ਦਾਹੜੀ ਵਿਚੋਂ ਤੇਰਾ ਮੂੰਹ ਨਹੀਂ ਲੱਭਦਾ ਕਿ ਕਿਥੇ ਏ ਤੇਰਾ ਮੂੰਹ। ਅਜਮੇਰ ਸ਼ਰੀਫ ਤੋਂ ਕੀ ਹੋ ਆਇਆ ਏਂ ਨਾਈਆਂ ਨੂੰ ਵੀ ਰੋਜ਼ੇ ਰੱਖਣੇ ਪੈਣਗੇ। ਨਾਈਆਂ ਨੂੰ ਰੋਜ਼ੇ ਰੱਖਣ ਦੀ ਆਦਤ ਪਾ ਦਿੱਤੀ ਊ। ਬੜਾ ਮੋਮਨ ਏ ਅਜੇ ਪਰਸੋਂ ਦੀ ਗੱਲ ਏ ਕਿ ਅਮਾਨ ਬਖਸ਼ ਆਖ ਰਿਹਾ ਸੀ ਮੈਂ ਸਾਰੇ ਦੇ ਸਾਰੇ ਰੋਜ਼ੇ ਰੱਖੇ ਹਨ। ਭਾਵੇਂ ਨਮਾਜ਼ ਨਹੀਂ ਆਉਂਦੀ ਪਰ ਪੰਜ ਨਮਾਜ਼ੀ ਪੂਰਾ ਹਾਂ। ਇਕ ਨਮਾਜ਼ ਨਹੀਂ ਕਥਾਰੇ ਜਾਣ ਦਿੱਤੀ, ਜੇ ਤੇਰੇ ਵਰਗੇ ਦੋ ਚਾਰ ਭਰਾ ਹੋਰ ਅਜਮੇਰੋਂ ਹੋ ਆਏ ਤਾਂ ਦੇਖਣ ਦੇ ਸਾਰੇ ਨਾਈ ਅਮਾਮ ਬਣ ਜਾਣਗੇ। ਕਿਉਂ ਕਿਸੇ ਦੇ ਢਿੱਡ ਤੇ ਲੱਤ ਮਾਰਨ ਲੱਗਾ ਏਂ। ਸੁਭਾਨ ਅਲਾ ਕਿਆ ਦਾਹੜੀ ਤੇ ਖੁਦਾਈ ਨੂਰ ਵਰ੍ਹ ਰਿਹਾ ਹੈ। ਹੁਣ ਤੂੰ ਹਾਜੀਆਂ ਨੂੰ ਦਾਹੜੀ ਵਿਚ ਲਪੇਟ ਸਕਦਾ ਏਂ। ਅਸਾਂ ਕੀ ਬਖਸ਼ੇ ਜਾਣਾ ਏ ਤੂੰ ਤਾਂ ਦਾਹੜੀ ਦਾ ਵਾਸਤਾ ਪਾ ਕੇ ਆਪਣੇ ਔਗੁਣਾਂ ਦਾ ਕਫਾਰਾ ਕਰ ਲਵੇਂਗਾ। ਸਾਡੀਆਂ ਨਮਾਜ਼ਾਂ ਤੇ ਐਵੇਂ ਭੰਗ ਦੇ ਭਾੜੇ ਜਾਣੀਆਂ ਨੇ। ਪਹਿਲੇ ਤੇਰੇ ਤੁਹਾਡੀ ਵਾਰੀ ਆਉਣੀ ਏ। ਕਿਆਮਤ ਵਾਲੇ ਦਿਨ ਸਾਨੂੰ ਤੇ ਵਾਜ ਹੀ ਨਹੀਂ ਪੈਣੀ, ਤੇਰੇ ਅੱਗੇ ਪਿੱਛੇ ਵਾਜਾਂ ਮਾਰਨ ਵਾਲੇ ਭੌਂਦੇ ਫਿਰਨਗੇ" ਦਰਬਾਰੀ ਭੱਟ ਨਸ਼ੇ ਵਿਚ ਗਲਤਾਨ ਜਬਾਨ ਦੇ ਚਟਕਾਰੇ ਲੈ ਰਿਹਾ ਸੀ।

ਆਲਾ ਹਜ਼ਰਤ ਅੱਜ ਖੰਪੀ ਏ ਸੈਰ ਕਰਨ ਨੂੰ ਸ਼ਾਹਰਾਹ ਬਾਣੀ ਜਾਣਗੇ ਇਕ ਮੁਗਲ ਸਿਪਾਹੀ ਨੇ ਸ਼ਾਹਬਾਜ਼ ਖਾਨ ਨੂੰ ਸਲਾਮੀ ਦਿੰਦਿਆਂ ਆਖਿਆ।

—"ਹੈਂ ! ਜਹਾਂ ਪਨਾਹ ਨਾਂਦੇੜ ਪੁੱਜ ਚੁੱਕੇ ਹਨ। ਕਦੋਂ ਦੇ ? ਸ਼ਾਹਬਾਜ਼ ਖਾਂ ਹਨ੍ਹੇਰ ਪੈ ਗਿਆ। ਕਦਮ ਬੋਸੀ ਦਾ ਇਨਾਮ ਦੂਸਰੇ ਲੈ ਗਏ। ਭੰਗ ਨੇ ਤੇ ਸਾਡੀ ਫਟਕੜੀ ਫੁੱਲ ਕਰ ਦਿੱਤੀ ਏ। ਸਾਡਾ ਤੇ ਭੱਠਾ ਬਹਿ ਗਿਆ ਯਾਰ।" ਦਰਬਾਰੀ ਭੱਟ ਬੋਲ ਰਿਹਾ ਸੀ।

ਇਕੋ ਗੱਲ ਵਿਚ ਸਾਰਾ ਨਸ਼ਾ ਹਰਨ ਹੋ ਗਿਆ। ਜੰਨਤ ਵਾਲੀਆਂ ਮੌਜਾਂ ਬਹਾਰਾਂ ਦੇ ਕਾਫਲੇ ਲੱਦ ਗਏ। ਨਸ਼ੇ ਦੇ ਸ਼ੀਸ਼ ਮਹਿਲਾਂ ਦੀਆਂ ਖਿੜਕੀਆਂ ਟੁੱਟ ਗਈਆਂ ਪਰ ਹੁਣ ਜਾ ਕੇ ਕਿਹੜਾ ਫ਼ਕਾ ਲਾ ਆਉਣਾ ਏ। ਮਲਾਈਆਂ ਚੱਟੀਆਂ ਗਈਆਂ। ਹੁਣ ਤਾਂ ਖੁਰਚਣ ਨਾਲ ਹੀ ਹੱਥ ਲਬੇੜਨ ਵਾਲੀ ਗੱਲ ਏ।

ਢਿਬਰੀ ਟੈਟ ਹੋ ਗਈ। ਜਾਹ ਜਾ ਕੇ ਮੋਠਾਂ ਦੀ ਛਾਵੇਂ ਬੈਠ। ਹੁਣ ਤੇ ਹਦਵਾੜ ਦਾ ਡਟ ਖੋਲ੍ਹ ਲੈ। ਸਾਰੇ ਗਮ ਗਲਤ ਹੋ ਜਾਣਗੇ, ਸਾਹਬਾਜ਼ ਖਾਂ ਨੇ ਦਾਹੜੀ ਤੇ ਹੱਥ ਫੇਰਦਿਆਂ ਆਖਿਆ।

ਅਸਲਾਮਾ ਲੇਕਮ ਖਾਂ ਸਾਹਿਬ, ਅਸੀਂ ਚਲਦੇ ਭਲੇ ਤੇ ਤੁਸੀਂ ਵੱਸਦੇ ਭਲੇ। ਦਰਬਾਰੀ ਭੱਟ ਸਿਰ ਸੁੱਟੀ ਇਸ ਤਰ੍ਹਾਂ ਜਾ ਰਿਹਾ ਸੀ ਜਿਸ ਤਰ੍ਹਾਂ ਕੋਈ ਜਵਾਰੀਆ ਹਾਰ ਦਾ ਮਾਰਿਆ ਸਿਰ ਸੁੱਟੀ ਜਾਵੇ। ਢਲਦਿਆਂ ਪ੍ਰਛਾਵਿਆਂ ਵਾਂਗ ਉਹਦੇ ਪੈਰ ਵੀ ਥਿੜਕਣੇ ਸ਼ੁਰੂ ਹੋ ਗਏ। ਸ਼ਾਹਰਾਹ ਤੋਂ ਦੂਰ ਉਹਦਾ ਧੁੰਦਲਾ ਪ੍ਰਛਾਵਾਂ ਉਹ ਦੀਆਂ ਅੱਖਾਂ ਤੋਂ ਦੂਰ ਹੋ ਰਿਹਾ ਸੀ। ਦੁਪਹਿਰਾਂ ਢੱਲ ਰਹੀਆਂ ਸਨ। ਸੂਰਜ ਦਾ ਜਲਾਲ ਮੱਠਾ ਪੈ ਰਿਹਾ ਸੀ। ਧੁਪ ਦੀ ਤਪਸ਼ ਵਿਚ ਕੋਮਲਤਾ ਆ ਗਈ। ਠੰਢੀ ਹਵਾ ਦੇ ਝੌਂਕੇ ਨੇ ਗਰਮੀ ਦੇ ਬੁਰਕੇ ਵਿਚੋਂ ਝਾਤੀ ਮਾਰੀ। ਲੋਕਾਂ ਭਾਣੇਂ ਲੋੜ੍ਹਾ ਵੇਲਾ ਹੋ ਗਿਆ ਪਰ ਸੂਰਜ ਆਪਣੇ ਪ੍ਰਾਣ ਤਿਆਗਣ ਦੇ ਆਸਰੇ ਲੱਭ ਰਿਹਾ ਸੀ। ਸੂਰਜ ਦੀਆਂ ਆਖਰੀ ਕਿਰਨਾਂ ਵਿਚ ਆਲਮਗੀਰੀ ਝੰਡਾ ਲਹਿਰਾ ਰਿਹਾ ਸੀ। ਸਵਾਰੀ ਵਿਚ ਜ਼ਰਾ ਭਰ ਦੇਰ ਸੀ। ਮੁਨਾਰਾਂ ਉੱਤੇ ਨੌਬਤਾਂ ਨੂੰ ਡਗਾ ਲੱਗ ਗਿਆ। ਸ਼ਾਹੀ ਨਾਕੂਸ਼ ਦਾ ਕਿਸੇ ਮੂੰਹ ਚੁੰਮ ਲਿਆ ਜ਼ਬਰਦਸਤੀ ਤੇ ਉਸ ਇਹ ਜ਼ਬਰਦਸਤੀ ਦਾ ਢੋਲ ਸਾਰੀ ਨਾਂਦੇੜ ਵਿਚ ਪਿੱਟਣਾ ਸ਼ੁਰੂ ਕਰ ਦਿੱਤਾ। ਉਹ ਤੇ ਬੇ-ਇਨਸਾਫੀ ਦਾ ਰੌਲਾ ਪਾ ਰਿਹਾ ਸੀ, ਲੋਕ ਇੱਕਠੇ ਕਰਨ ਲਈ। ਦਿਨ ਦਿਹਾੜੇ ਭਰੀ ਮਹਿਫਲ ਵਿਚ ਉਹਦਾ ਮੂੰਹ ਚੁੰਮਿਆ ਗਿਆ, ਉਹ ਦੋ ਹੱਥ ਪੱਲੇ ਕੀ ਰਹਿ ਗਿਆ। ਕਿਸੇ ਦੀ ਰਜ਼ਾ ਤੋਂ ਬਗੈਰ ਕਿਸੇ ਦੇ ਬੁੱਲ੍ਹਾਂ ਤੇ ਬੁਲ੍ਹ ਧਰਨੇ—ਕਿੰਨਾ ਪਾਪ ਹੈ। ਉਹ ਸੋਚ ਰਿਹਾ ਸੀ। ਔਰਤ ਦਾ ਮੂੰਹ ਚੁੰਮ ਲਿਆ ਜਾਵੇ, ਭਾਵੇਂ ਇਹ ਖੇਡ ਹਨੇਰੇ ਵਿਚ ਹੀ ਕਿਉਂ ਨਾ ਖੇਡੀ ਜਾਵੇ ਕਿਸੇ ਦੇ ਕੰਨ ਭਿਣਕ ਤਾਂ ਨਾ ਪਵੇ ਤੇ ਸੂਰਜ ਦੀ ਪਹਿਲੀ ਕਿਰਨ ਉਹ ਦੇ ਇਨਸਾਫ ਕਰਨ ਲਈ ਕੰਨ ਭਰਨ ਲੱਗ ਪੈਂਦੀ ਹੈ। ਬਾਦਸ਼ਾਹੀ ਇਨਸਾਫ ਉਸ ਬੇਇਨਸਾਫੀ ਦਾ ਫ਼ੈਸਲਾ ਸਰੇ ਬਾਜ਼ਾਰ ਸੁਣਾ ਦੇਂਦਾ ਹੈ। ਉਸ ਬੇਰਹਿਮ ਦੀਆਂ ਅੱਖਾਂ ਦੀ ਲੋ ਖਿੱਚ ਲਈ ਜਾਂਦੀ ਹੈ। ਜੇ ਹਨੇਰੇ ਦੀ ਬੁੱਕਲ ਵਿਚ ਉਸ ਔਰਤ ਨਾਲ ਹੋਈ ਜ਼ਬਰਦਸਤੀ ਦਾ ਇਨਸਾਫ ਜਨਤਾ 'ਚ ਉਜਾਗਰ ਕੀਤਾ ਜਾਂਦਾ ਹੈ ਤਾਂ ਕੀ ਮੇਰਾ ਭਰੀ ਮਹਿਫਲ ਵਿਚ ਜੂਠਾ ਕੀਤਾ ਮੂੰਹ ਕਿਸੇ ਦੀਆਂ ਅੱਖਾਂ ਨੀਵੀਆਂ ਨਾ ਕਰੇਗਾ। ਉਹ ਤੇ ਵਿਚਾਰਾ ਹਾਲ

ਪਾਹਰਿਆ ਮਚਾ ਰਿਹਾ ਸੀ। ਲੋਕ ਆਖ ਰਹੇ ਸਨ, ਨਾਕੂਸ ਵੱਜ ਰਿਹਾ ਏ। ਕਿਸੇ ਦਾ ਬੁਝਦਾ ਦੀਵਾ ਦੂਜੇ ਦੇ ਘਰ ਦਾ ਚਾਨਣ ਬਣਦਾ ਏ। ਦੁਨੀਆਂ ਦੀ ਰੀਤ ਹੀ ਏਹੋ ਹੈ।

ਨੌਬਤਾਂ ਖੜਕ ਪਈਆਂ। ਨਾਕੂਸ ਵੱਜ ਰਹੇ ਸਨ ਤੇ ਸ਼ਹਿਨਾਈਆਂ ਦਾ ਅਲਾਪ ਹੋ ਰਿਹਾ ਸੀ। ਮਛੇਰੂ ਘੋੜੇ ਭੰਗੜੇ ਪਾ ਰਹੇ ਸਨ। ਸ਼ਾਹੀ ਜਲੂਸ ਨੇ ਗੋਲਕੁੰਡੇ ਦੀ ਡਿਉਢੀ ਤੋਂ ਬਾਹਰ ਝਾਤੀ ਪਾਈ। ਨਾਕੂਸ ਦੀਆਂ ਕਤਾਰਾਂ ਮਗਰ ਸ਼ਹਿਨਾਈ ਦਾ ਪਿੜ ਸੀ। ਨੌਬਤਾਂ ਮਗਰ ਢੋਲ ਢਮੱਕੇ ਦੀ ਜੰਞ। ਘੋੜ ਸਵਾਰਾਂ ਦੇ ਭੰਗੜੇ ਮਗਰ ਊਠਾਂ ਦੀ ਕਤਾਰ। ਸ਼ਾਹੀ ਆਲਮ ਵਾਲਿਆਂ ਦੀਆਂ ਕੁੰਢੀਆਂ ਮੁੱਛਾਂ ਵੇਖ ਕੇ ਇਉਂ ਜਾਪਦਾ ਸੀ ਕਿ ਉਹ ਵੇਖਣ ਵਾਲਿਆਂ ਨੂੰ ਮੁੱਛਾਂ ਵਿਚ ਲਪੇਟ ਲੈਣਗੇ। ਮੁੱਛਾਂ ਕਾਹਦੀਆਂ ਸਨ, ਜਿਵੇਂ ਗੰਢੇ ਵਿਚੋਂ ਭੂਕਾਂ ਨਿਕਲਦੀਆਂ ਹੋਣ। ਫੇਰ ਘੋੜ ਸਵਾਰ, ਊਠ ਤੇ ਮਗਰ ਹਾਥੀਆਂ ਦੀ ਕਤਾਰ, ਇਹ ਜਲੂਸ ਦੀ ਚੜ੍ਹਤ ਸੀ। ਸ਼ਿੰਗਾਰਿਆ ਹਾਥੀ, ਜੜਾਊ ਝਾਂਜਰਾਂ ਝਿਲ ਮਿਲ ਝਿਲ ਮਿਲ ਕਰ ਰਹੀਆਂ ਸਨ। ਰੇਸ਼ਮੀ ਫੁੰਮਣ ਸਿਲਕੀ ਡੋਰੀਆਂ ਵਿਚ ਅਮਾਰੀ ਤੇ ਦੁਸ਼ਾਲੇ ਦੀ ਚਮਕ ਝਲੀ ਨਹੀਂ ਸੀ ਜਾਂਦੀ। ਅਮਾਰੀ ਵਿਚ ਸ਼ਹਿਨਸ਼ਾਹੇ ਆਲਮ ਵਾਲੀਏ ਹਿੰਦੁਸਤਾਨ ਬਹਾਦਰ ਸ਼ਾਹ ਬੈਠੇ ਹੋਏ ਸਨ। ਜਲੂਸ ਚਲ ਰਿਹਾ ਸੀ ਜਿਵੇਂ ਕਿਸੇ ਲਾੜੇ ਦੀ ਜੰਞ ਚੜ੍ਹੀ ਹੋਵੇ।

—"ਮਹਾਵਤ" ਬਹਾਦੁਰ ਸ਼ਾਹ ਨੇ ਫਰਮਾਇਆ।

—"ਸ਼ਹਿਨਸ਼ਾਹੇ ਆਲਮ।"

—"ਔਹ ਨੀਲੇ ਜਿਹੇ ਤੰਬੂ ਕਿਨ੍ਹਾਂ ਦੇ ਹਨ?" ਬਹਾਦਰ ਸ਼ਾਹ ਫਿਰ ਬੋਲਿਆ।

—"ਸਿੱਖਾਂ ਦੇ, ਆਲਮ ਪਨਾਹ!"

ਕੋਲੋਂ ਇਮਾਨਉਲਾ ਵੀ ਬੋਲ ਪਿਆ ਜਿਹੜਾ ਘੋੜੇ ਉੱਤੇ ਹਾਥੀ ਦੇ ਨਾਲ ਚਲ ਰਿਹਾ ਸੀ:—

—"ਬਾਗੀ, ਮਫਰੂਰ ਤੇ ਕੁਫਰੇ ਇਸਲਾਮ, ਖੂਨੀ, ਬਘਿਆੜ ਸਿੱਖਾਂ ਦੇ। ਜਿਨ੍ਹਾਂ ਆਲਮ ਪਨਾਹ ਦੇ ਖਿਲਾਫ ਬਗਾਵਤਾਂ ਦੀ ਸਾਜ਼ਸ਼ ਘੜੀ ਏ। ਅਸਲ ਵਿਚ ਮੁਗਲ ਹਕੂਮਤ ਦੇ ਇਹੋ ਦੁਸ਼ਮਣ ਹਨ, ਸੰਗੀਨ ਦੁਸ਼ਮਣ। ਆਲਮ ਪਨਾਹ ਦਾ ਬੜਾ ਪਿਆਰ ਏ ਹਾਰਿਆਂ ਸਿਪਾਹੀਆਂ ਨਾਲ! ਸਿੱਖ ਸਦਾ ਮੁਗਲ ਹਕੂਮਤ ਦੇ ਆਕੀ ਰਹੇ ਹਨ। ਖੁਸਰੋ ਦੇ ਲੁਕਣ ਵਿਚ ਸਿੱਖਾਂ ਦਾ ਹੱਥ ਸੀ। ਦਾਰਾ ਦੀ ਸ਼ਹਿ ਮਗਰ ਸਿੱਖਾਂ ਦੀਆਂ ਥੰਮ੍ਹੀਆਂ ਸਨ। ਸ਼ਾਹ ਜਹਾਨ ਦੇ ਖਿਲਾਫ ਐਲਾਨੇ ਜੰਗ! ਆਲਮਗੀਰ ਦਾ ਨੱਕ ਵਿਚ ਦਮ ਕਰਨ ਵਾਲੇ ਕੌਣ ਸਨ, ਇਹੋ ਨੀਲਿਆਂ ਬਾਣਿਆਂ ਵਾਲੇ ਹਾਰਿਆ ਹੋਇਆ ਸਿਪਾਹੀ ਤੇ ਸੱਟ ਖਾ ਕੇ ਨਸੀ ਹੋਈ ਸਪਣੀ ਖੂਨੀ ਤੇ ਨਾਗਨ ਹੁੰਦੀ ਏ। ਖੂਨ ਉਹਦੀਆਂ ਅੱਖਾਂ ਵਿਚ ਉਤਰ ਆਉਂਦਾ ਏ ਤੇ ਉਹ ਡੰਗ ਮਾਰਨੋਂ ਨਹੀਂ ਮੁੜਦੀ। ਭਗੌੜਾ ਵੇਲੇ ਦੀ ਤਾੜ ਵਿਚ ਏ। ਜ਼ਰੂਰ ਸੱਟ ਕਰੇਗਾ। ਸਪੋਲੀਏ ਦਾ ਸਿਰ ਚਿਥ ਦੇਣਾ ਨੀਤੀ ਏ। ਫਨ੍ਹ ਥੰਲਣ ਨਾਲ ਜ਼ਹਿਰ ਦੇ ਕੁੰਡ ਦਾ ਸ਼ੀਗਜ਼ਾ ਬਿਖਰ ਜਾਂਦਾ ਏ। ਤੇ ਫੇਰ ਬਾਜ਼ੀ ਆਪਣੇ ਹੱਥ ਏ। ਕਾਇਮ ਬਖਸ਼ ਦੇ ਕਤਲ ਤੋਂ ਬਾਅਦ ਹੁਣ ਪੰਜਾਬ ਦੀ ਸੂਬੇਦਾਰੀ ਵੀ ਮੰਗੀ ਜਾ ਸਕਦੀ ਏ ਤੇ ਸਰਹੰਦ ਤੇ ਹੋਰ ਨਵਾਬਾਂ ਦੇ ਸਿਰ ਵੀ। ਕੀ ਆਲਮ ਪਨਾਹ ਫੇਰ ਪਹਿਲਾਂ ਵਾਂਗੂੰ ਇਨਕਾਰ ਕਰ ਦੇਣਗੇ? ਰਾਹ ਦੇ ਪੱਥਰ ਨੂੰ ਖੱਡ 'ਚ ਸੁਟ ਦਿਉ ਆਲਮ ਪਨਾਹ, ਵੇਲਾ ਕਿਸੇ ਦਾ ਇੰਤਜ਼ਾਰ ਨਹੀਂ ਕਰਦਾ।" ਇਮਾਨਉਲਾ ਨੇ ਹਾਥੀ ਦੇ ਨਾਲ ਨਾਲ ਚਲਦਿਆਂ ਆਖਿਆ।

—"ਜਵਾਨੀ ਵਿਚ ਬਘਿਆੜ ਖੂਨ ਕਰ ਲਵੇ ਤਾਂ ਬੁਢਾਪੇ ਵਿਚ ਪ੍ਰਹੇਜ਼ਗਾਰ ਬਣ ਜਾਂਦਾ ਹੈ" ਬਹਾਦਰ ਸ਼ਾਹ ਨੇ ਹੌਲੀ ਜਿਹੀ ਜਵਾਬ ਦਿੱਤਾ।

—"ਪਰ ਹਸਰਤ ਨਹੀਂ ਬਦਲਦੀ, ਆਲਮ ਪਨਾਹ !"

—"ਸੋਹਬਤ ਤੇ ਤਾਸੀਰ ਦਾ ਅਸਰ ਜ਼ਾਇਲ ਨਹੀਂ ਹੁੰਦਾ, ਇਮਾਨਉਲਾ ! ਸੂਬੇਦਾਰੀ ਵਿਚ ਝੁਕਣਾ ਵੀ ਪੈਂਦਾ ਹੈ ਤੇ ਮਨ ਮਾਰਨਾ ਵੀ। ਮਜਬੂਰਨ ਇਕ ਗੱਲ ਨੂੰ ਕਰੀਦਾ ਏ, ਮਜਬੂਰੀ ਦਾ ਵਾਸਤਾ ਦੇ ਕੇ।" ਬਹਾਦਰ ਸ਼ਾਹ ਬੋਲਿਆ ਤੇ ਫੇਰ ਖਾਮੋਸ਼ ਹੋ ਗਿਆ।

ਹਾਥੀ ਝੂਮਦਾ ਜਾ ਰਿਹਾ ਸੀ। ਨਗਾਰੇ ਵੱਜ ਰਹੇ ਸਨ। ਸ਼ਹਿਨਾਈ ਦਾ ਅਲਾਪ ਸੋਜ਼ ਵਿਚ ਸੀ। ਮੁਜਰੇ ਜਲੂਸ ਦੇ ਨਾਲ ਨਾਲ ਚੌਂਕੀਆਂ ਦੇਂਦੇ। ਨਾਚੀ ਦੇ ਘੁੰਗਰੂਆਂ ਦੀ ਛਣਕਾਰ ਤੇ ਉਹਦੇ ਸੀਨੇ ਦੇ ਉਭਾਰ ਅੱਗੇ ਸਾਰਾ ਸ਼ਹਿਰ ਅੱਸ਼ ਅੱਸ਼ ਕਰ ਉਠਿਆ।

—"ਮਹਾਵਤ ਗਜਰਾਜ ਨੂੰ ਰੋਕੋ !"

ਮਹਾਵਤ ਨੇ ਹਾਥੀ ਦੇ ਮਸਤਕ ਵਿਚ ਠਾਹ ਕਰਕੇ ਸੂਆ ਮਾਰਿਆ ਤੇ ਹਾਥੀ ਰੁਕ ਗਿਆ। ਜਲੂਸ ਥਮ੍ਹ ਗਿਆ। ਨਾਚੀ ਦੇ ਘੁੰਗਰੂਆਂ ਦੀ ਜ਼ਬਾਨ ਹਲਕ ਵਿਚੋਂ ਤੋੜੀ ਗਈ। ਪਰ ਸ਼ਹਿਨਾਈ ਵੱਜ ਰਹੀ ਸੀ। ਇਮਾਨਉਲਾ ਵਿਚੋਂ ਵਿਚ ਭੁਜਦਾ ਤੇ ਉਹਦੀ ਹਵਾੜ ਬਾਹਰ ਵੀ ਨਾ ਨਿਕਲਦੀ। ਬਹਾਦਰ ਸ਼ਾਹ ਦੀ ਕਦਮ ਬੋਸੀ ਲਈ ਸਿੱਖ ਅੱਗੇ ਵੱਧੇ ਤੇ ਅੰਦਰ ਜਾ ਕੇ ਸਿੱਧੇ ਗੁਰੂ ਗੋਬਿੰਦ ਸਿੰਘ ਨੂੰ ਦਸਿਆ ਤੇ ਉਨ੍ਹਾਂ ਵੀ ਸਤਿਕਾਰ ਕੀਤਾ ਬਹਾਦਰ ਸ਼ਾਹ ਦਾ। ਇਮਾਨਉਲਾ ਵਿਚੇ ਵਿਚ ਕਚੀਚੀਆਂ ਵੱਟ ਰਿਹਾ ਸੀ।

—"ਸਪੂਤੇ ਪੰਜਾਬ ਕਾ ਕਿਆ ਹਾਲ ਹੈ !" ਬਹਾਦਰ ਸ਼ਾਹ ਬੋਲਿਆ।

—"ਅੱਛਾ ਹਾਲ ਹੈ, ਜਿਸ ਮੇਂ ਉਸਕੀ ਰਜ਼ਾ" ਗੁਰੂ ਗੋਬਿੰਦ ਸਿੰਘ ਜੀ ਬੋਲੇ।

—"ਅਲਹਮਦੁਲਿਲਾ"—ਬਹਾਦਰ ਸ਼ਾਹ ਨੇ ਦੁਆ ਗੋ ਵਾਂਗੂ ਦੋਵੇਂ ਹੱਥ ਚੁੱਕੇ।

—"ਗੁਲਾਮ ਜਵਾਹਰਾਤ ਦੇ ਤੋਹਫੇ।"

—"ਹਾਜ਼ਰ ਆਲਮ ਪਨਾਹ।"

—"ਗੋਲਕੁੰਡਾ ਦੀਆਂ ਕਾਨਾਂ ਜਵਾਹਰਾਤ ਉਗਲਦੀਆਂ ਹਨ। ਉਨ੍ਹਾਂ ਦੀ ਕੁੱਖ ਵਿਚੋਂ ਹੀਰੇ ਜਨਮ ਲੈਂਦੇ ਹਨ। (ਹੀਰਾ ਹੱਥ ਵਿਚ ਫੜ ਕੇ) ਇਹ ਹੀਰਾ ਤਾਨਾਸ਼ਾਹ ਦੀਆਂ ਬੇਗਮਾਂ ਨੇ ਮੇਰੀ ਨਜ਼ਰ ਕੀਤਾ ਸੀ। ਸੁਣਿਆ ਏ ਓਹੋ ਜਿਹਾ ਹੀਰਾ ਗੋਲਕੁੰਡਾ ਸਦੀਆਂ ਤੋਂ ਬਾਅਦ ਉਗਲਦਾ ਏ। ਮੈਂ ਹਜ਼ੂਰ ਦੀ ਨਜ਼ਰ ਕਰਦਾ ਹਾਂ।"

"ਜ਼ਾਹੇ ਕਿਸਮਤ !"

ਗੁਰੂ ਗੋਬਿੰਦ ਸਿੰਘ ਨੇ ਇਸ਼ਾਰਾ ਕੀਤਾ ਤੇ ਇਕ ਸੇਵਕ ਨੇ ਇਕ ਥਾਲੀ ਵਿਚ ਸਿਮਰਨਾ ਅੱਗੇ ਰੱਖ ਕੇ ਪੇਸ਼ ਕੀਤਾ। "ਹਮ ਫਕੀਰੋਂ ਕੇ ਪਾਸ ਇਸ ਕੇ ਸਵਾ ਔਰ ਕਿਆ ਹੋ ਸਕਤਾ ਹੈ।" ਗੁਰੂ ਗੋਬਿੰਦ ਸਿੰਘ ਬੋਲੇ।

—"ਤਸਬੀ" ਬਹਾਦਰ ਸ਼ਾਹ ਖਾਮੋਸ਼ ਸੀ ਤੇ ਉਦਾਸੀ ਉਹਦੀਆਂ ਅੱਖਾਂ ਵਿਚ ਛਲਕ ਪਈ।

—"ਵਾਲੀਏ ਹਿੰਦੋਸਤਾਨ ਦੀਆਂ ਅੱਖਾਂ ਵਿਚ ਉਦਾਸੀ !" ਸਬੱਬ ! ਖਮੋਸ਼ੀ ਦੀ ਇਕ ਲਹਿਰ ਦੌੜ ਗਈ ।

—"ਗੁਦਾਵਰੀ ਦੀਆਂ ਲਹਿਰਾਂ ਦਾ ਨਜ਼ਾਰਾ ਕੀਤਾ ਜਾਵੇ ।" ਗੁਰੂ ਗੋਬਿੰਦ ਸਿੰਘ ਫਿਰ ਬੋਲੇ ।

—"ਤਸਬੀ" ਬਹਾਦਰ ਸ਼ਾਹ ਬੁੜ ਬੁੜਾ ਰਿਹਾ ਸੀ ।

—"ਗੋਲਕੁੰਡੇ ਦੀਆਂ ਖਾਨਾਂ ਤੇ ਰੀਝ ਪਿਆ ਏਂ ਦਿੱਲੀ ਦਾ ਬਾਦਸ਼ਾਹ ਤੇ ਦਿਲ ਦੀ ਦਿੱਲੀ ਆਪਣੇ ਹੱਥੀਂ ਲੁਟਾ ਬੈਠਾ । ਹੀਰਿਆ ਦੇ ਮੋਹ ਨੇ ਤਖਤੇ ਤਾਊਸ ਦੀ ਯਾਦ ਤਾਜ਼ਾ ਕਰ ਦਿੱਤੀ ਏ । ਮੋਹ ਮਾਇਆ ਗੁਦਾਵਰੀ ਦੀਆਂ ਲਹਿਰਾਂ ਵਾਂਗੂ ਚੰਚਲ ਹਨ । ਮਨ ਖੇਵਨਹਾਰ ਏ । ਤਾਨਾਸ਼ਾਹ ਦੇ ਹੀਰੇ ਦੀ ਚਮਕ ਅੱਗੇ ਆਲਮ ਪਨਾਹ ਦੀਆਂ ਅੱਖਾਂ ਚੁੰਧਿਆ ਗਈਆਂ । ਹੀਰਿਆਂ ਦੀ ਚਮਕ ਤੇ ਭਾਰਤ ਵਰਸ਼ ਦੇ ਵਸਨੀਕ ਨਹੀਂ ਰੀਝਦੇ । ਬੜਾ ਪਿਆਰ ਏ ਮੁਗਲਾਂ ਨੂੰ ਹੀਰਿਆਂ ਨਾਲ ।"

—"ਖੁਦਾ, ਤਸਬੀ, ਨਮਾਜ਼, ਮੁਸੱਲਾ, ਅਮਾਮ, ਜ਼ਿੰਦਗੀ ਦੇ ਦੋਜ਼ਖ ਦੇ ਨਿਗ੍ਹੇ ਬਾਨ ਹਨ" ਬਹਾਦਰ ਸ਼ਾਹ ਬੋਲਿਆ ।

—"ਗੁਦਾਵਰੀ ਦੀਆਂ ਸੁਨਹਿਰੀ ਲਹਿਰਾਂ ਨੂੰ ਹਿੰਦੋਸਤਾਨ ਦੇ ਬਹਾਦਰ ਸ਼ਾਹ ਨੇ ਵੇਖਿਆ । ਕਿੰਨੀਆਂ ਸੁੰਦਰ ਹਨ । ਮਨਚਲੀਆਂ, ਚੰਚਲ, ਨਿਰਮਲ ਜਲ । ਜ਼ਿੰਦਗੀ ਆਇਨਾ ਦੇ ਵਾਂਗ ਸਾਫ ਏ । ਬਲੌਰੀ ਚਮਕ ਏ ਹੀਰਿਆਂ ਵਿਚ । ਹੀਰਿਆਂ ਦੀ ਚਮਕ ਝੱਲੀ ਨਹੀਂ ਜਾਂਦੀ ।" ਗੁਰੂ ਗੋਬਿੰਦ ਬੋਲੇ । "ਹੀਰੇ ਬਾਦਸ਼ਾਹਾਂ ਨੂੰ ਹੀ ਚੰਗੇ ਲੱਗਦੇ ਹਨ । ਜੋਗੀ ਹੀਰਿਆਂ ਦੀ ਚਮਕ ਤੇ ਨਹੀਂ ਰੀਝਦੇ ।" (ਹੀਰਿਆਂ ਨੂੰ ਗੁਦਾਵਰੀ ਵਿਚ ਸੁੱਟਕੇ) ਜਾਉ ਹੀਰਿਉ ਗੁਦਾਵਰੀ ਦੀ ਗੋਦ ਵਿਚ ।"

ਬਹਾਦਰ ਸ਼ਾਹ ਦੀਆਂ ਅੱਖਾਂ ਵਿਚ ਗੁੱਸਾ ਛਲਕ ਪਿਆ ਤੇ ਮੱਥੇ ਤੇ ਤਿਊੜੀਆਂ ਚੜ੍ਹ ਗਈਆਂ ।

—"ਹੀਰਿਆਂ ਦੀ ਪਹਿਚਾਨ ਬਾਦਸ਼ਾਹ ਨੂੰ ਹੁੰਦੀ ਏ !" ਬਹਾਦਰ ਸ਼ਾਹ ਬੋਲਿਆ ।

"ਬਾਦਸ਼ਾਹ ਦਾ ਦਿਲ ਡੋਲ ਗਿਆ ਏ ! ਹੀਰਿਆਂ ਦੀ ਚਮਕ ਵਿਚ ਦਿਲ ਮਧੋਲਿਆ ਗਿਆ ਏ ! ਵੇਖ ਜ਼ਰਾ ਗੁਦਾਵਰੀ ਦੀਆਂ ਲਹਿਰਾਂ ਵੱਲ ! ਗੁਦਾਵਰੀ ਵਿਚ ਸੁਟਿਆ ਹੀਰਾ ਟੋਲਿਆਂ ਤੋਂ ਬਗੈਰ ਨਹੀਂ ਲੱਭ ਸਕਦਾ । ਅੱਖ ਉਘੇੜ ਬਹਾਦਰ ਸ਼ਾਹ ! ਤੇਰਾ ਕਿਹੜਾ ਹੀਰਾ ਏ, ਪਹਿਚਾਨ ਖਾਂ । ਕੀ ਕੁਦਰਤ ਦੀ ਕੁੱਖ ਵਿਚ ਹੀਰਿਆਂ ਦੀ ਖਾਣ ਨਹੀਂ ?"

ਬਹਾਦਰ ਸ਼ਾਹ ਚੁੱਪ ਸੀ ਤੇ ਕਦੀ ਉਹ ਗੁਦਾਵਰੀ ਦੀਆਂ ਸੁਨਹਿਰੀ ਲਹਿਰਾਂ ਵੱਲ ਵੇਖਦਾ ਤੇ ਕਦੀ ਗੁਰੂ ਗੋਬਿੰਦ ਸਿੰਘ ਵੱਲ । ਉਹਦੇ ਹੱਥ ਵਿਚ ਰੇਤ ਦੀ ਮੁੱਠ ਸੀ ਮੀਟੀ ਹੋਈ । ਮੁੱਠੀ ਖੁਲ੍ਹ ਗਈ ਤੇ ਉਹਦੀਆਂ ਅੱਖਾਂ ਵਿਚ ਉਦਾਸੀ ਸੀ ਤੇ ਹੱਥ ਰੇਤ ਨੂੰ ਮਸਲ ਰਹੇ ਸਨ ।

—·—·—

੧੨

ਅੰਤਮ ਦਰਸ਼ਨ

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਹੋ ਰਿਹਾ ਸੀ ਤੇ ਕੋਲ ਘਿਉ ਦੀ ਜੋਤ ਦਾ ਪ੍ਰਕਾਸ਼ ਸੀ। ਗ੍ਰੰਥੀ ਸਿੰਘ ਪਾਠ ਦਾ ਉਚਾਰਨ ਕਰ ਰਹੇ ਸਨ। ਸੂਰਜ ਦਾ ਪ੍ਰਕਾਸ਼ ਹੋਇਆ ਤੇ ਸਾਰੀ ਖਲਕਤ ਨੇ ਦੀਦਾਰ ਕੀਤਾ। ਚੰਦਨ ਦੀ ਚੌਂਕੀ ਡਾਹੀ ਗਈ। ਕੋਲ ਗੰਗਾ ਜਲ ਸੀ। ਦਸ਼ਮੇਸ਼ ਗੁਰੂ ਉਠੇ ਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਨਮਸਕਾਰ ਕੀਤੀ ਤੇ ਸੰਗਤ ਵੱਲ ਬੜੀ ਗਹੁ ਨਾਲ ਦੇਖਿਆ। ਸੰਗਤ ਨੇ ਸਤਿਕਾਰ ਵਿਚ ਸੀਸ ਨਿਵਾਇਆ। ਚੰਦਨ ਦੀ ਚੌਂਕੀ ਤੇ ਕੜਾਹ ਪ੍ਰਸ਼ਾਦ ਦੀ ਦੇਗ ਸੀ ਤੇ ਕੋਲ ਤੇਗ ਪਈ ਹੋਈ ਸੀ। ਸਤਿਗੁਰਾਂ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਕਰਮਾ ਵਿਚ ਬੈਠਕੇ ਸੰਗਤ ਨੂੰ ਸੰਬੋਧਨ ਕਰਦਿਆਂ ਆਖਿਆ, ਬਹਾਦਰ ਸ਼ਾਹ ਦਾ ਸਤਿਕਾਰ ਤੇ ਇਮਾਨਉਲੇ ਦੀ ਹਸਦ ਸਾਡੇ ਲਈ ਬੜੀਆਂ ਸਤਿਕਾਰ ਯੋਗ ਹਨ। ਆਦਮੀ ਬਜ਼ੁਰਗੀ ਵਿਚ ਆਣ ਕੇ ਅਪਮਾਨ ਨਹੀਂ ਕਰਾਉਂਦਾ ਉਸਤਤੀ ਦੇ ਖ਼ਾਬ ਵੇਖਦਾ ਹੈ। ਪਰ ਇਥੇ ਇਸ ਰੀਤ ਦੀ ਉਲਟੀ ਗੰਗਾ ਹੈ। ਸਾਡਾ ਤੇ ਬਹਾਦਰ ਸ਼ਾਹ ਦਾ ਸਾਥ ਪੁਰਾਣਾ ਹੁੰਦਾ ਜਾ ਰਿਹਾ ਹੈ ਤੇ ਉਹ ਦੀ ਉਮਰ ਦੇ ਦਿਨ ਵੱਧਦੇ ਜਾ ਰਹੇ ਹਨ। ਨਾਤੇ ਦੀ ਆਯੂ ਵੀ ਬਿਧ ਹੁੰਦੀ ਜਾ ਰਹੀ ਹੈ ਬਿਧ ਪ੍ਰਾਣੀ ਆਪਣੇ ਪ੍ਰਾਣ ਤਿਆਗਣ ਵਿਚ ਵੇਲੇ ਦੀ ਤਾੜ ਕਰਦਾ ਹੈ। ਨਦੀ ਕਿਨਾਰੇ ਰੁਖੜਾ ਅੱਜ ਡਿਗੇ ਜਾਂ ਕੱਲ। ਇਹ ਰੁਖ ਸਿਮਰਨ ਦੀਆਂ ਥੰਮ੍ਹੀਆਂ ਦੇ ਕੇ ਭਾਵੇਂ ਖੜਾ ਕੀਤਾ ਜਾਵੇ, ਉਹ ਦੀਆਂ ਜੜ੍ਹਾਂ ਪੁੱਟੀਆਂ ਹੁੰਦੀਆਂ ਹਨ। ਇਕ ਅੱਧ ਜੜ੍ਹ ਦਾ ਆਸਰਾ ਲੇ ਕੇ ਰੁੱਖ ਨਦੀ ਦੀ ਰਵਾਨੀ ਦੀ ਜ਼ਿੰਦਗੀ ਦੀ ਬਹਾਰ ਦਾ ਜੋਬਨ ਲੁਟਦਾ ਹੈ। ਪੁਰਸ਼ ਦੀ ਜ਼ਿੰਦਗੀ ਨਦੀ ਦੇ ਰੁੱਖ ਵਾਂਗ ਹੈ। ਸਿਮਰਨ ਕਰ ਲੈ ਬੰਦੇ ਤੇ ਆਪਣਾ ਜੀਵਨ ਸਫਲ ਕਰ ਲੈ। ਦੁੱਸ਼ਮਣ ਦੀ ਯਾਤਰਾ ਸਾਡੀ ਪੁਰਾਣੀ ਹੋ ਗਈ ਹੈ। ਭਾਵੇਂ ਅਸੀਂ ਰਾਜਪੂਤਾਂ ਤੇ ਮਰਹੱਟਿਆਂ ਦੀ ਟੋਲੀ ਨਹੀਂ ਬਣਾ ਸਕੇ ਤੇ ਨਾ ਹੀ ਬੀਜਾਪੁਰ ਗੋਲਕੁੰਡੇ ਦੇ ਹਾਰੇ ਹੋਏ ਸਿਪਾਹੀਆਂ ਨੂੰ ਇਕੱਠਾ ਕਰ ਸਕੇ ਹਾਂ। ਸਿਰਫ ਇਕ ਕੰਮ ਕੀਤਾ ਹੈ ਕਿ ਬੰਦੇ ਨੂੰ ਪੰਜਾਬ ਤੋਰ ਦਿੱਤਾ ਹੈ। ਇਹੋ ਲਾਭ ਏ। ਜੇ ਕਰਤਾਰ ਉਹ ਦੀ ਸਹਾਇਤਾ ਕਰਦਾ ਰਿਹਾ ਤਾਂ ਸਰਹੰਦ ਤੇ ਲੋਹਗੜ੍ਹ ਉਤੇ ਤੁਹਾਡੇ ਝੰਡੇ ਝੂਲਣਗੇ ਤੇ ਮੁਗਲ ਝੁਕ ਝੁਕ ਕੇ ਸਿੱਜਦੇ ਕਰਦੇ ਫਿਰਨਗੇ। ਪੰਜਾਬ ਵਿਚ ਤੁਹਾਡੀ ਜੈ ਜੈ ਕਾਰ ਹੋਵੇਗੀ। ਰਾਜਗੁਰੂ ਤੇਰੀ ਬੜੀ ਜਲਦੀ ਬੰਦੇ ਬਹਾਦਰ ਨੂੰ ਲੋੜ ਏ।

ਤੁਹਾਡਾ ਨਾਂਦੇੜ ਵਿਚ ਰਹਿਣਾ ਠੀਕ ਨਹੀਂ। ਹੁਣ ਤੁਸੀਂ ਤਪੱਸਵੀ ਤੇ ਤਿਆਗੀ ਨਹੀਂ ਹੋ ਸਗੋਂ ਸਿੱਖ ਰਾਜ ਦੇ ਜਰਨੈਲ ਹੋ। ਤੁਸੀਂ ਸਿੱਖ ਰਾਜ ਦੀ ਸਥਾਪਨਾ ਕਰਨੀ ਹੈ। ਮੂੰਹ ਬੰਦ ਰਖਣੀ ਖੋਲ੍ਹਣ ਦੀ ਕੋਸ਼ਿਸ਼ ਨਹੀਂ ਕਰਨੀ। ਬੂਰੇ ਮੁਗਲਾਂ ਨੂੰ ਥਰ ਥਰ ਕੰਬਾ ਦੇਣਗੇ। ਮੁਸਾਫਰ ਨਾਂਦੇੜ ਤੱਕ ਯਾਤਰਾ ਕਰਦਾ ਹੈ, ਕਦੀ ਪੈਦਲ, ਕਦੀ ਘੋੜ ਸਵਾਰ ਤੇ ਕਦੀ ਊਠਾਂ ਤੇ। ਗਲਬੈਲਾਂ ਉਸ ਦੇ ਰਸਤੇ ਦੀਆਂ ਸਾਥਣਾਂ ਸਨ। ਪਰ ਮੁਸਾਫਰ ਦੇ ਪੈਰ ਸੁੱਜ ਗਏ। ਉਹਦਾ ਸਰੀਰ ਚੂਰ ਚੂਰ ਹੋ ਗਿਆ। ਦਿਮਾਗ ਬੋਝਲ ਏ, ਆਤਮਾ ਸਮਾਧੀ ਲਾਉਣਾ ਚਾਹੁੰਦੀ ਹੈ। ਜਿਸ ਤਰ੍ਹਾਂ ਸੱਪ ਆਪਣੀ ਕੁੰਜ ਲਾਹੁੰਦਾ ਏ ਜਾਂ ਆਦਮੀ ਆਪਣੇ ਬਸਤਰ ਪੁਰਾਣੇ ਲਾਹ ਕੇ ਨਵੇਂ ਪਾਉਂਦਾ ਹੈ ਇਸ ਤਰ੍ਹਾਂ ਆਤਮਾ ਵੀ ਆਪਣਾ ਚੋਲਾ ਬਦਲਦੀ ਹੈ। ਆਤਮਾ ਅਮਰ ਹੈ ਤੇ ਨਾਸ਼ ਨਹੀਂ ਹੁੰਦੀ। ਇਨਸਾਨ ਕਰਮ ਕਰਦਾ ਜਾਵੇ ਤੇ ਉਹਦੇ ਫਲ ਦੀ ਇੱਛਾ ਭਗਵਾਨ ਤੇ ਸੁੱਟ ਦੇਵੇ। ਕਰਮ ਬੜਾ ਬਲਵਾਨ ਹੈ। ਕਰਮ ਕਰੋ ਤੇ ਕਰਦੇ ਚਲੇ ਜਾਓ। ਦਾਤਾ ਤੁਹਾਡੀ ਮਿਹਨਤ ਨੂੰ ਫਲ ਲਾਵੇਗਾ। ਅਰਦਾਸ ਉਸ ਹਜ਼ੂਰ ਅੱਗੇ ਕਰੋ ਤੇ ਹੋਰ ਕਿਸੇ ਅੱਗੇ ਝੋਲੀ ਨਾ ਅੱਡੋ। ਪ੍ਰਮਾਤਮਾ ਇਕੋ ਏ। ਨਿਰੰਕਾਰ ਇਕੋ ਏ ਤੇ ਉਹ ਸਰਬ ਸ਼ਕਤੀਮਾਨ ਏ। ਸੀਸ ਨਿਵਾਉ ਗੁਰਬਾਣੀ ਅੱਗੇ।"

ਪਹਿਲਾਂ ਸਤਿਗੁਰਾਂ ਆਪ ਸੀਸ ਨਿਵਾਇਆ ਤੇ ਫਿਰ ਸਾਰੀ ਸੰਗਤ ਸੀਸ ਨਿਵਾ ਰਹੀ ਸੀ।

ਰਾਜਗੁਰੂ ਬੋਲਿਆ, "ਦਾਤਾ ਇਹ ਅੜਾਉਣੀਆਂ ਵਾਲੀਆਂ ਬੁਝਾਰਤਾਂ ਹਨ ਸਾਥੋਂ ਨਹੀਂ ਬੁਝੀਆਂ ਜਾਂਦੀਆਂ। ਇਸ ਗੋਰਖ ਧੰਦੇ ਨੂੰ ਅਸੀਂ ਨਹੀਂ ਖੋਲ੍ਹ ਸਕਦੇ। ਮਿਹਰਾਂ ਦੇ ਦਾਤਾ, ਸਾਨੂੰ ਘੁੰਝਲਾਂ ਵਿਚ ਨਾ ਫਸਾਓ। ਜੋਗੀ ਜੋਗ ਦੀ ਮਾਇਆ ਸਮਝਦਾ ਹੈ, ਪਰ ਗ੍ਰਿਹਸਤ ਤਾਂ ਮੋਹ ਮਾਇਆ ਦਾ ਜਾਲ ਏ।"

—"ਹੁਣ ਰਾਜਗੁਰੂ ਚਿੰਤਾ ਨਾ ਕਰ। ਭੌਰ ਉੱਡਣ ਵਿਚ ਅਜੇ ਦੇਰ ਏ। ਖੁਸ਼ਬੂ ਫੁੱਲ ਵਿਚ ਹੀ ਏ। ਮਾਇਆ ਦੇ ਜਾਲ ਵਿਚ ਆਤਮਾ ਫਸੀ ਹੋਈ ਏ। ਜਾਲ ਦੀਆਂ ਤੰਦੀਆਂ ਦੇ ਧਾਗੇ ਕੱਚੇ ਹੋ ਚੁੱਕੇ ਹਨ। ਮਿੱਟੀ ਦਾ ਪੁਤਲਾ ਬੜਾ ਹੰਕਾਰੀ ਏ ਐਂਵੇਂ ਪੈਰ ਪਸਾਰਦਾ ਫਿਰਦਾ ਏ। ਉੱਚੀਆਂ ਉੱਚੀਆਂ ਮਹਿਲ ਮਾੜੀਆਂ ਦੇਖਕੇ ਦਿਲ ਲਲਚਾ ਜਾਂਦਾ ਹੈ। ਲਾਲਚੀ ਕਿਸੇ ਥਾਂ ਦਾ। ਇਹ ਰੈਣ ਬਸੇਰਾ ਏ ਉੱਚੇ ਮਹਿਲ ਚਿੜੀਆਂ ਦਾ ਆਲ੍ਹਣਾ ਇਕ ਰਾਤ ਦੀ ਸਰਾਂ ਏ। ਦੋ ਘੜੀਆਂ ਨਾਂ ਲੈ ਲੈ ਉਸ ਕਰਤਾਰ ਦਾ, ਚੁਰਾਸੀ ਕੱਟੀ ਜਾਊ। ਚਾਰ ਘੜੀਆਂ ਮੰਗੀਆਂ ਸਨ ਅੱਡੀਆਂ ਰਗੜ ਰਗੜ ਕੇ। ਦੋ ਆਰਜ਼ੂ ਵਿਚ ਕਟੀਆਂ ਗਈਆਂ ਤੇ ਦੋ ਇੰਤਜ਼ਾਰ ਵਿਚ। ਜਿਸ ਯਗ ਦਾ ਅਰੰਭ ਕੀਤਾ ਜੇ ਉਸ ਯਗ ਵਿਚ ਪੂਰਨ ਅਹੂਤੀ ਵੀ ਪਾਇਉ। ਤਦ ਯਗ ਸੰਪੂਰਨ ਹੋਵੇਗਾ। ਬੰਦੇ ਦਾ ਸਾਥ ਦਿਉ ਤੇ ਉਹਦੀਆਂ ਭੁੱਲਾਂ ਬਖਸ਼ੋ। ਦਾਤਾ ਤੁਹਾਡੇ ਕਾਰਜ ਆਪ ਸਵਾਰੇਗਾ। ਕਾਫਲੇ ਦੀਆਂ ਟੋਲੀਆਂ ਵੱਲ ਧਿਆਨ ਰੱਖੋ। ਡਾਚੀ ਦੇ ਸਜਰੇ ਪੈਰ ਦੇ ਰੇਤੇ ਵੱਲ ਨਜ਼ਰ ਮਾਰੋ। ਉਹਦੇ ਕਲਾਵੇ ਵਿਚ ਲੋਰੀਆਂ ਲੈ ਕੇ ਸੌਂ ਨਾ ਜਾਣਾ। ਟਿੱਕੀ ਪੁੰਗਰਦੀ ਏ ਤੇ ਤਿਖੜੇ ਦੁਪਹਿਰ ਵਿਚ ਸੂਰਜ ਚੜ੍ਹਦੀਆਂ ਕਲਾਂ ਵਿਚ ਚਮਕਦਾ ਹੈ, ਤੇ ਫਿਰ ਡੁੱਬ ਜਾਂਦਾ ਹੈ। ਰਾਤ ਆਉਂਦੀ ਏ। ਏਨਾ ਹੀ ਜੀਵਨ ਏ ਆਦਮੀ ਦਾ। ਪਾਣੀ ਦੇ ਬੁਲਬਲੇ ਤੇ ਆਦਮੀ ਦੀ ਉਮਰ ਇਕੋ ਹੀ ਤੁਲ ਹਨ। ਸਿਮਰਨ ਕਰੋ ਭਾਈ

ਸਿਮਰਨ। ਦਾਤੇ ਦੀਆਂ ਅੱਖਾਂ ਵਿਚ ਪਿਆਰ ਜਾਗਿਆ ਤੇ ਉਹ ਫਿਰ ਬੋਲੇ—ਇਮਾਨਉਲਾ ਕਰੁੰਡੀਏ ਸੱਪ ਵਾਂਗੂ ਵਿਸ ਘੋਲਦਾ ਏ ਪਰ ਸ਼ੇਸ਼ ਨਾਗ ਨੇ ਅਜੇ ਤੱਕ ਫਨ ਵੀ ਨਹੀਂ ਖਿਲਾਰੀ। ਸਿਰੀ ਮਧੋਲ ਦਿਉ ਕਰੁੰਡੀਏ ਸੱਪ ਦੀ। ਸ਼ੇਸ਼ ਦੇ ਗਲ ਪੈ ਜਾਉ। ਆਸਣ ਤੇ ਜਾ ਬੈਠੇਗਾ। ਮੁਹਾਰਾਂ ਰਾਹ ਤੇ ਲਗ ਜਾਣਗੀਆਂ। ਰਾਤ ਦੀ ਚਾਦਰ ਵਿਚ ਅਲੋਪ ਹੋ ਜਾਵੇਗਾ। ਇਸ ਦਾ ਸੂਰਜ ਤੁਹਾਡੇ ਮੱਥੇ ਨਾ ਲੱਗੇ। ਮੈਨੂੰ ਵੀ ਰਜ ਕੇ ਦਰਸ਼ਨ ਕਰ ਲੈਣ ਦਿਉ। ਧੁੱਪ ਸੇਕ ਲੈਣ ਦਿਉ, ਸ਼ਾਇਦ ਅੱਜ ਰਾਤ ਰਹਿ ਜਾਏ ਤਾਂ ਮਹਿਮਾਨ ਤੇ ਕੱਲ ਦਾ ਸੂਰਜ ਮੈਨੂੰ ਵੀ ਨਾ ਵੇਖੇ। ਤੁਹਾਡੀ ਇੱਜ਼ਤ ਪੰਜਾਬ ਵਿਚ ਹੀ ਏ ਤੇ ਪੰਜਾਬ ਵਿਚ ਹੀ ਤੁਹਾਡੀਆਂ ਸਰਦਾਰੀਆਂ ਦੇ ਮੁੱਲ ਪੈਣਗੇ।''

ਸੰਗਤਾਂ ਦੀਆਂ ਅੱਖਾਂ ਵਿਚੋਂ ਅਥਰੂ ਕਿਰਨ ਲੱਗ ਪਏ। ਉੱਚਿਆਂ ਥੰਮ੍ਹਿਆਂ ਦੀ ਖਾਮੋਸ਼ੀ ਵਾਂਗ ਦੀਵਾਨ ਚੁੱਪ ਸੀ ਪਰ ਗੁੰਥੀ ਪਾਠ ਦਾ ਉਚਾਰਨ ਕਰੀ ਜਾ ਰਿਹਾ ਸੀ।

—''ਸਤਿਗੁਰੂ !'' ਰਾਜਗੁਰੂ ਬੋਲਿਆ।

—''ਮੋਹਰਾਂ ਦੇ ਸਾਂਈ'' ਦੀਵਾਨ ਵਿਚੋਂ ਇਕ ਸਿੰਘ ਦੀ ਆਵਾਜ਼ ਸੀ।

''ਨੀਲੇ ਘੋੜੇ ਦੇ ਸਵਾਰ ਬਾਜ਼ਾਂ ਵਾਲੇ !'' ਦੂਜੇ ਪਾਸਿਉਂ ਇਕ ਹੋਰ ਸੱਜਣ ਬੋਲੇ।

—''ਪ੍ਰਦੇਸ ਵਿਚ ਸਾਨੂੰ ਕੀਹਦਾ ਲੜ ਫੜਾ ਚੱਲੇ ਹੋ ਉੱਚ ਦੇ ਪੀਰ। ਸਾਡੀ ਤੇ ਕਿਸੇ ਨੇ ਵਾਤ ਵੀ ਨਹੀਂ ਪੁੱਛਣੀ'' ਇਕ ਸਿੰਘ ਆਖ ਰਿਹਾ ਸੀ।

—''ਵਕਤ ਦੀ ਨਜ਼ਾਕਤ ਵੱਲ ਵੇਖੋ। ਨਬਜ਼ ਟੋਹੋ ਸ਼ਾਤਰ ਦੀ ਚਾਲ ਦੀ। ਦਿਨ ਢਲਣ ਵਾਲਾ ਏ। ਢਲਦੇ ਪ੍ਰਛਾਵਿਆਂ ਵਿਚ ਨਾ ਫਸੀਂ ਰਾਜਗੁਰੂ—ਇਹ ਦੇਹ ਸਦਾ ਨਹੀਂ ਰਹਿਣੀ ਤੇ ਸਿਆਣੇ ਪੁਰਸ਼ਾਂ ਨੂੰ ਇਹਦੇ ਨਾਲ ਪਿਆਰ ਨਹੀਂ ਕਰਨਾ ਚਾਹੀਦਾ। ਘੁਮਿਆਰ ਮਿੱਟੀ ਦੇ ਬਾਵੇ ਬਣਾਉਂਦਾ ਏ ਤਾਂ ਕਿੰਨੇ ਸੋਹਣੇ ਲੱਗਦੇ ਨੇ ਤੇ ਜਦ ਉਹਦੇ ਹੱਥੋਂ ਡਿੱਗ ਪੈਣ ਤਾਂ ਉਹ ਬਾਵੇ ਟੋਟੇ ਟੋਟੇ ਹੋ ਜਾਂਦੇ ਹਨ, ਤੇ ਇਹ ਮਿੱਟੀ ਨੂੰ ਉਸ ਮਿੱਟੀ ਵਿਚ ਰਲਾਕੇ ਫੇਰ ਪੁਤਲੇ ਬਣਾਉਂਦਾ ਏ ਘੁਮਿਆਰ ਸਾਡੀ ਦੇਹ ਦਾ ਦੀਪਕ ਜੇ ਬੁਝ ਵੀ ਗਿਆ ਭੰਬਟ ਨੂੰ ਸੜਨ ਨਾ ਦਿਉ। ਦੀਵੇ ਦੀ ਮੱਧਮ ਲੋ ਵਿਚ ਰਾਹ ਵੇਖਿਓ। ਤੇ ਸਾਡੇ ਅੰਗੀਠੇ ਨੂੰ ਨਾ ਫੋਲਿਓ। ਕੇਵਲ ਦੋ ਫੁੱਲ ਹੈਨ, ਨਾਰੀਅਲ ਮੰਗਵਾਉ। ਸੁਪਾਰੀ, ਕੇਸਰ, ਮੌਲੀ, ਚਾਵਲ ਤੇ ਗੰਗਾ ਜਲ।''

—''ਹਾਜ਼ਰ ਹਨ ਸਤਿਗੁਰੂ।''

ਸਤਿਗੁਰੂ ਉੱਠੇ ਤੇ ਉਨ੍ਹਾਂ ਅਰਦਾਸ ਕੀਤੀ ਸੱਚ ਖੰਡ ਵਿਚ। ਅਰਦਾਸਾ ਸੋਧਿਆ ਗਿਆ। ਸੰਗਤਾਂ ਬੈਠ ਗਈਆਂ। ਸੂਰਜ ਦੀਆਂ ਕਿਰਨਾਂ ਅਜੇ ਅਲੋਪ ਨਹੀਂ ਸਨ ਹੋਈਆਂ। ਸਤਿਗੁਰੂ ਨੇ ਨਾਰੀਅਲ ਤੇ ਗੰਗਾ ਜਲ ਛਿੜਕਿਆ। ਮੌਲੀ ਬੰਨ੍ਹੀ ਤੇ ਉਹਦੇ ਉੱਤੇ ਕੇਸਰ ਦਾ ਟਿੱਕਾ ਲਾ ਕੇ ਚੌਲਾਂ ਦੀ ਦਛਣਾ ਦਿੱਤੀ। ਪੰਜ ਮੋਹਰਾਂ ਤੇ ਨਾਰੀਅਲ ਦੋ ਫਲ ਗੁਰੂ ਗ੍ਰੰਥ ਸਾਹਿਬ ਅੱਗੇ ਰੱਖ ਕੇ ਮੱਥਾ ਟੇਕ ਦਿੱਤਾ। ਸਾਰੀ ਸੰਗਤ ਦੇ ਮਸਤਕ ਗੁਰੂ ਗ੍ਰੰਥ ਸਾਹਿਬ ਵੱਲ ਝੁਕੇ ਹੋਏ ਸਨ—

—"ਸਾਡੇ ਮਗਰੋਂ ਇਹੋ ਤੁਹਾਡਾ ਗੁਰੂ ਏ ਤੇ ਇਸੇ ਦਾ ਪੱਲਾ ਫੜਨਾ। ਆਪਣੀ ਆਤਮਾ ਦੀ ਘਾਨ ਕਰਕੇ ਸੁੱਧੀ ਕਰਨੀ। ਸ਼ਬਦ ਵਿਚੋਂ ਖੋਜ ਲੈਣੀ।" ਗ੍ਰੰਥੀ ਕੀਰਤਨ ਸੋਹਲੇ ਦਾ ਪਾਠ ਕਰ ਰਿਹਾ ਸੀ। ਗੁਰੂ ਗੋਬਿੰਦ ਸਿੰਘ ਤੰਬੂ ਵੱਲ ਉੱਠ ਕੇ ਚਲੇ ਗਏ। ਪ੍ਰਕਾਸ਼ ਦੇਣ ਵਾਲਾ ਸੂਰਜ ਬਦਲਾਂ ਦੀ ਘਨੇਰੀ ਚਾਦਰ ਵਿਚ ਅਜੇਹਾ ਲੁਕਿਆ, ਕਿ ਮੁੜ ਉਸ ਵਲੇ ਬਿਜਲੀ ਦੀ ਚਮਕ ਵਿਚ ਵੀ ਝਾਤੀ ਨਾ ਮਾਰੀ।

ਸੂਰਜ ਡੁੱਬ ਚੁੱਕਾ ਸੀ ਪਹਾੜਾਂ ਦੀ ਗੋਦ ਵਿਚ, ਕੀਰਤਨ ਸੋਹਲੇ ਦਾ ਪਾਠ ਗ੍ਰੰਥੀ ਪੜ੍ਹ ਰਿਹਾ ਸੀ।

ਘੁੰਗਰੂ ਫਿਰ ਛਣਕੇ

ਪਹੁ ਫੁਟਦਿਆਂ ਹੀ ਸ਼ਾਹੀ ਫੌਜ ਨੇ ਵੀਹਾਂ ਤੋਪਾਂ ਦੀ ਸਲਾਮੀ ਦਿੱਤੀ ਤੇ ਸਾਰਾ ਦਿਨ ਮਾਤਮੀ ਸੁਰਾਂ ਵਿਚ ਸ਼ਹਿਨਾਈਆਂ ਵਜਦੀਆਂ ਰਹੀਆਂ। ਨੌਬਤਾਂ ਦੀ ਮਾਤਮੀ ਧੁਨ ਵਿਚ ਗੂੰਜੀਆਂ। ਬਹਾਦਰ ਸ਼ਾਹ ਦੇ ਹੁਕਮ ਨੇ ਮੁਗਲ ਝੰਡੇ ਨੂੰ ਸਰਨਗੂੰ ਕਰ ਦਿੱਤਾ। ਸਿੱਖਾਂ ਦੇ ਡੇਰਿਆਂ ਵਿਚ ਸਫੇ ਮਾਤਮ ਵਿਛ ਗਈ। ਪਰ ਇਮਾਨਉਲਾ ਦੇ ਖੇਮੇ ਵਿਚ ਗੋਂਦਾ ਗੁੰਦੀਆਂ ਜਾ ਰਹੀਆਂ ਸਨ, ਸ਼ਬਖੂਨ ਮਾਰਨ ਦੀਆਂ। ਵਿਉਂਤ ਵਿਉਂਤੀ ਗਈ ਤੇ ਸਾਰਿਆਂ ਆਪਣੀ ਆਪਣੀ ਡਿਊਟੀ ਦਾ ਫੈਸਲਾ ਕਰ ਲਿਆ— ਸਿੱਖ ਕਿਹੜੇ ਚੁੱਪ ਚਾਪ ਸਨ। ਰਾਜਗੁਰੂ ਆਖ ਰਿਹਾ ਸੀ।

—"ਅੰਗੀਠੇ ਦੀ ਰਖਸ਼ਾ ਵਾਸਤੇ ਕੌਣ ਤਿਆਰ ਏ ?"

ਪੰਜ ਸਿੱਖ ਕਮਰ ਕੱਸੇ ਬੰਨ੍ਹ ਖਲੋਤੇ।

—"ਤੁਸਾਂ ਨਾਂਦੇੜ ਵਿਚ ਈ ਅੰਗੀਠੇ ਸਾਹਿਬ ਦੀ ਅਰਦਾਸ ਵਿਚ ਰਹਿਣਾ ਏ। ਸ਼ਾਇਦ ਅਸੀਂ ਸਵੇਰ ਹੋਣ ਤੋਂ ਪਹਿਲਾਂ ਹੀ ਪੰਜਾਬ ਤੁਰ ਜਾਈਏ। ਸੂਹੀਏ ਦਸ ਰਹੇ ਹਨ ਕਿ ਇਮਾਨਉਲਾ ਸ਼ਬਖੂਨ ਮਾਰੇਗਾ। ਬਹਾਦਰ ਸ਼ਾਹ ਦੇ ਹੁਕਮ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਏ। ਆਕੀ ਹੋ ਕੇ ਵੀ ਇਮਾਨਉਲਾ ਇਕ ਕਲਾ ਮੁੱਲ ਲਵੇਗਾ। ਸਿਰ ਸੁੱਟਿਆਂ ਪੰਜਾਬ ਫਤਹਿ ਨਹੀਂ ਹੋਣੀ। ਭਾਣਾ ਮਿੱਠਾ ਕਰ ਕੇ ਮੰਨੋ ਤੇ ਤਿਆਰ ਬਰ ਤਿਆਰ ਹੋ ਜਾਉ। ਖਾਲਸਾ ਜੀ ਏਦਾਂ ਢੇਰੀ ਨਹੀਂ ਢਾਇਆ ਕਰਦੇ। ਉਠੋ ਸੂਰਮਿਉਂ ਕਮਰ ਕਸੇ ਕੱਸ ਲਓ। ਤਲਵਾਰਾਂ ਨੂੰ ਸਾਣ ਵਖਾ ਦਿਉ। ਨੇਜ਼ੇ ਪੁੱਠ ਦੀ ਪਿਆਸ ਤੋਂ ਵਾਂਝੇ ਨਾ ਰਹਿਣ। ਘੋੜਿਆਂ ਤੇ ਕਾਠੀਆਂ ਪਾ ਰੱਖੋ। ਰਸਦ ਪਾਣੀ ਸਾਂਭ ਲੈਣੀ। ਸ਼ਾਇਦ ਕੂਚ ਦਾ ਬਿਗਲ ਸਵੇਰੇ ਤੋਂ ਪਹਿਲਾਂ ਹੀ ਵਜ ਪਏ। ਅਰਦਾਸਾ ਸੋਧ ਲਵੋ ਤੇ ਕੜਾਹ ਪ੍ਰਸਾਦ ਦੇ ਗੱਫੇ ਛੱਕ ਲਵੋ। ਅਜੇ ਬੜੇ ਕੰਮ ਪਏ ਹੋਏ ਹਨ।"

ਪਹਿਲੇ ਵੇਲੇ ਹੀ ਇਮਾਨਉਲਾ ਦੇ ਡੇਰੇ ਵਿਚ ਹਿਲਜੁਲ ਹੋਣ ਲੱਗ ਪਈ। ਘੜੀ ਘੜੀ ਦੀਆਂ ਖਬਰਾਂ ਸੂਹੀਏ ਦੇ ਰਹੇ ਸਨ। ਪਹਿਲੇ ਹੱਲੇ ਵਿਚ ਕੌਣ ਕੌਣ ਹੋਵੇਗਾ। "ਜਿਹੜਾ ਸਾਹਮਣੇ ਆਵੇ, ਤਹਿ ਤੇਗ ਕਰ ਦਿਉ ਤੇ ਸੂਰਜ ਦੀ ਪਹਿਲੀ ਕਿਰਨ ਆਪਣੀ ਲਾਲੀ ਨਾਲ ਸਿੱਖਾਂ ਦੀ ਰਤ ਮੇਚੇ। ਦੂਜਾ ਹੱਲਾ ਮੈਂ ਖੁਦ ਕਰਾਂਗਾ। ਰਾਜਗੁਰੂ ਮੇਰੇ ਮੁਕਾਬਲੇ ਦੀ ਚੋਟ ਏ। ਕਮਰ ਦੇ ਕੜਾਕੇ

ਨਿਕਲਦਿਆਂ ਈ ਲੱਕ ਤੋੜ ਦਿਓ। ਤੇ ਫੇਰ ਕਦੀ ਵੀ ਸਿੱਖਾਂ ਦੇ ਸਿਰ ਚੁੱਕਣ ਦੀ ਉਮੀਦ ਨਹੀਂ ਹੋ ਸਕਦੀ। ਜ਼ਰਾ ਕੁ ਉਨ੍ਹਾਂ ਨੂੰ ਅੱਖ ਲਾਉਣ ਦਿਉ। ਬੇਖ਼ਬਰ ਸਿੱਖਾਂ ਤੇ ਤੁਹਾਡੀਆਂ ਤਲਵਾਰਾਂ ਚਮਕ ਪੈਣ।" ਇਮਾਨਉਲਾ ਇਹ ਹਦਾਇਤ ਦੇ ਹੀ ਰਿਹਾ ਸੀ ਆਪਣੇ ਸਾਥੀਆਂ ਨੂੰ। ਬਾਕੀ ਸਾਰੇ ਸਾਥੀ ਖਾਮੋਸ਼ ਸਨ। ਬਹਾਦਰ ਸ਼ਾਹ ਮਦਹੋਸ਼ ਸੀ ਮਹਿਫ਼ਲ ਵਿਚ। ਇਕ ਸਿਪਾਹੀ ਆਇਆ ਤੇ ਬੋਲਿਆ :

—"ਆਲਮ ਪਨਾਹ ਨੇ ਯਾਦ ਫੁਰਮਾਇਆ ਏ ਮਹਿਫ਼ਲ ਵਿਚ।"

—"ਮਾਤਮੀ ਦਿਨ ਵਿਚ ਮਹਿਫ਼ਲ।"

—"ਹਰਮ ਵਿਚ ਮਹਿਫ਼ਲ ਜੁੜੀ ਪਈ ਏ। ਖਾਸ ਅਫ਼ਸਰਾਂ ਨੂੰ ਸੱਦੇ ਭੇਜੇ ਗਏ ਹਨ।" ਕਾਸਿਦ ਚਲਾ ਗਿਆ।

"ਹੁਕਮ ਦੀ ਇੰਤਜ਼ਾਰ ਕਰਨੀ ਮੈਂ ਪਿਛਲੇ ਪੈਰੀਂ ਵਾਪਸ ਆ ਜਾਵਾਂਗਾ ਤਿਆਰ ਰਹਿਣਾ।" ਇਮਾਨਉਲਾ ਬੁੜ ਬੁੜਾਂਦਾ ਹਰਮ ਵੱਲ ਚਲਾ ਗਿਆ।

ਸ਼ਾਹੀ ਹਰਮ ਵਿਚ ਰਾਗ ਰੰਗ ਦੇ ਅਖਾੜੇ ਜੰਮੇ ਹੋਏ ਸਨ। ਮਹਿਫ਼ਲਾਂ ਲਗੀਆਂ ਹੋਈਆਂ ਸਨ। ਦੌਰ ਚੱਲ ਰਿਹਾ ਸੀ ਮਧੂਸ਼ਾਲਾ ਦਾ। ਸਾਕੀ ਝੂਮਦਾ ਮੈ ਵੰਡੀ ਜਾਂਦਾ। ਰਾਤ ਦੀ ਗੋਦ ਵਿਚ ਫੁੱਲਾਂ ਤੇ ਬਹਾਰ ਖਿੜ ਰਹੀ ਸੀ। ਗੋਰੀ ਦੀਆਂ ਝਾਂਜਰਾਂ ਬੁਲਾ ਰਹੀਆਂ ਸਨ ਆਪਣੇ ਜੋਬਨ ਦੀਆਂ ਤਿੱਖੀਆਂ ਸੰਗੀਨਾਂ ਦੀਆਂ ਸੈਨਤਾਂ ਨਾਲ। ਮਸਤੀ ਅੱਖਾਂ ਦੇ ਕਟੋਰਿਆਂ ਵਿਚ ਛਲਕ ਰਹੀ ਸੀ। ਇਮਾਨਉਲਾ ਆਖ ਰਿਹਾ ਸੀ :—

—"ਸਰਕਾਰ ਘੁੰਗਰੂਆਂ ਦੀ ਛਣਕਾਰ ਸੁਣ ਸੁਣ ਕੇ ਹੁਣ ਕੰਨ ਵੀ ਪੱਕ ਗਏ ਹਨ, ਕਿਤੇ ਕੋਈ ਮਧੁਰ ਰਾਗਨੀ ਕੰਨੀ ਨਹੀਂ ਪਈ। ਤਾਊਸ ਦਾ ਸੋਜ਼ ਭਰਿਆ ਸਾਜ਼ ਵੀ ਨਹੀਂ ਸੁਣਿਆ।"

—"ਤਲਵਾਰਾਂ ਦੀ ਖਣਕਾਰ ਸੁਣਨ ਵਾਲੇ ਬਹਾਦਰਾਂ ਨੂੰ ਘੁੰਗਰੂਆਂ ਦਾ ਸਾਜ਼ ਸੋਹਣਾ ਨਹੀਂ ਲੱਗਦਾ। ਉਨ੍ਹਾਂ ਦੇ ਕੰਨ ਜੰਗ ਦੀਆਂ ਚੀਕਾਂ ਸੁਣਨ ਦੇ ਆਦੀ ਹੋ ਚੁੱਕੇ ਹਨ। ਉਹ ਘੁੰਗਰੂਆਂ ਦੇ ਸੋਜ਼ ਨੂੰ ਕੀ ਜਾਨਣ"—ਬਹਾਦਰ ਸ਼ਾਹ ਨੇ ਆਖਿਆ।

—"ਆਲਮ ਪਨਾਹ ! ਉਹ ਗੱਲ ਨਹੀਂ। ਮੈਂ ਮੈਦਾਨ ਦਾ ਭਾਵੇਂ ਰਾਜਾ ਹਾਂ ਪਰ ਨਿਰਤ ਕਲਾ ਵਿਚ ਸਮਰਾਟ ਵੀ ਹਾਂ। ਮੈਂ ਗੁਜਰਾਤ ਵਿਚ ਰਹਿ ਕੇ ਆਇਆ ਹਾਂ। ਸੋਮਨਾਥ ਦੀਆਂ ਦੇਵ ਦਾਸੀਆਂ ਤੋਂ ਕਲਾ ਦੀ ਸਿੱਖਿਆ ਲਈ ਏ।" ਇਮਾਨਉਲਾ ਨੇ ਹੱਸਦਿਆਂ ਉੱਤਰ ਦਿੱਤਾ।

—"ਤਾਂ ਅੱਜ ਮਹਿਫ਼ਲ ਦਾ ਸਮਰਾਟ ਇਮਾਨਉਲਾ ਹੀ ਬਣੇ। ਨਟਰਾਜ ਦੀ ਨ੍ਰਿਤਕਲਾ ਦਾ ਸੋਜ਼ ਅੱਜ ਮਹਿਫ਼ਲ ਸੁਣਨਾ ਚਾਹੁੰਦੀ ਹੈ। ਨਾਜ਼ਕ ਪੈਰਾਂ ਵਿਚ ਘੁੰਗਰੂਆਂ ਦੀ ਛਣਕਾਰ ਤੇ ਹੁਸਨ ਦੇ ਲੱਕ ਵਿਚ ਸੌ ਸੌ ਵਲ। ਮ੍ਰਿਗਨੈਣੀ ਅੱਖਾਂ ਵਿਚ ਮਸਤੀ ਦੇ ਡੋਰੇ। ਮਹਿਫ਼ਲ ਵਿਚ ਹੁਸਨ ਦੀ ਖਿੜੀ ਗੁਲਜ਼ਾਰ ਵੇਖ ਕੇ ਅਸੀਂ ਵੀ ਅੱਕ ਗਏ ਹਾਂ। ਸ਼ਹਿਦ ਚੱਟ ਚੱਟ ਕੇ ਜ਼ਬਾਨ ਤੇ ਛਾਲੇ ਪੈ ਗਏ ਹਨ। ਅਸੀਂ ਵੀ ਨਮਕੀਨ ਸਵਾਦ ਵੇਖਣਾ ਚਾਹੁੰਦੇ ਹਾਂ। ਕਿਉਂ ਸਰੋਤਿਉ ਤੁਹਾਡਾ ਕੀ ਖਿਆਲ

ਏ ?" ਬਹਾਦਰ ਸ਼ਾਹ ਨੇ ਸਾਰੀ ਮਹਿਫ਼ਲ ਵੱਲ ਵੇਖਦਿਆਂ ਆਖਿਆ।

—"ਮਰਹਬਾ ! ਮਰਹਬਾ ! ਆਲਮ ਪਨਾਹ !"

—"ਜਹਾਂ ਪਨਾਹ ਨੇ ਮੇਰੇ ਮੂੰਹ ਦੀ ਗੱਲ ਖੋਹ ਲਈ। ਸੋਨੇ ਤੇ ਸੁਹਾਗੇ ਦਾ ਨਿਖਾਰ। ਕਿਆ ਸੋਜ਼ ਏ ਇਮਾਨਉਲਾ ਦੇ ਗਲੇ ਵਿਚ। ਕਿਆ ਲਚਕ ਏ ਸੁਰੀਲੀ ਆਵਾਜ਼ ਵਿਚ। ਨਿਕਿਆਂ ਹੁੰਦਿਆਂ ਇਹ ਕਿਸੇ ਚੰਗੇ ਗਵਈਏ ਨੂੰ ਨਹੀਂ ਸੀ ਕੁਸਕਣ ਦੇਂਦਾ। ਮੀਆਂ ਤਾਨਸੈਨ ਦੀ ਪੁਸ਼ਤ ਤੋਂ ਸ਼ਗਿਰਦੀ ਦਾ ਸ਼ਰਫ਼ ਹਾਸਲ ਏ। ਹੁਣ ਤੇ ਉਮਰ ਤੇ ਤਜਰਬੇ ਨਾਲ ਇਹਦੇ ਰਾਗ ਵਿਚ ਪੁਖ਼ਤਗੀ ਆ ਗਈ ਹੋਣੀ ਏਂ। ਸੁਣਾ ਸੰਗਣ ਕਿਉਂ ਲੱਗ ਪਿਆ ਏਂ ! ਮੁਕਲਾਵੇ ਨਹੀਂ ਆਇਆ ਹੋਇਆ। ਛੋਟਿਆਂ ਹੁੰਦਿਆਂ ਬਾਹੋਂ ਫੜ ਫੜ ਕੇ ਸੁਣਾਇਆ ਕਰਦਾ ਸੈਂ। ਅਜੇ ਕਲ੍ਹ ਦੀ ਗੱਲ ਏ ਆਗਰੇ ਵਿਚ ਜਮਨਾ ਕੰਢੇ ਮੈਂ ਤੇ ਆਲਮ ਪਨਾਹ ਨੇ ਤੇਰੀਆਂ ਤਾਨਾਂ ਸੁਣੀਆਂ ਸਨ"—ਸ਼ਮਸ਼ਾਦ ਖਾਂ ਨੇ ਆਖਿਆ।

—"ਬੁੱਢੇ ਵਾਰੇ ਜੋਗੀ ਦਾ ਲਿਬਾਸ ਪੁਆਣਾ ਚਾਹੁੰਦੇ ਓ ਆਲਮ ਪਨਾਹ ! ਉਹ ਗੱਲਾਂ ਪੁਰਾਣੀਆਂ ਹੋ ਗਈਆਂ। ਜਵਾਨੀ ਜਾਂਦੀ ਵਾਰ ਨਾਲ ਹੀ ਲੈ ਗਈ। ਬਚਪਨ ਦੇ ਨਾਲ ਉਹ ਟੋਲੀਆਂ ਵੀ ਵਿਛੜ ਗਈਆਂ ਤੇ ਰੰਗ ਦਾ ਤਾਅ ਮੱਠਾ ਪੈ ਗਿਆ।" ਇਮਾਨਉਲਾ ਬੋਲਿਆ।

—"ਜ਼ਰਾ ਭਰ ਕੇ ਪਿਆਲਾ ਦੇਵੀਂ ਸਾਕੀ ਸੂਬੇਦਾਰ ਨੂੰ ! ਨਸ਼ੇ ਦਾ ਸਰੂਰ ਅੱਖਾਂ ਵਿਚ ਛਲਕ ਪਵੇ। ਲਿਆ ਓ ਜ਼ੁਲਫ਼ਕਾਰ ਨਾਚੀਆਂ ਦੇ ਘੁੰਗਰੂਆਂ ਦਾ ਜੋੜਾ। ਪਾ ਦਿਓ ਇਮਾਨਉਲਾ ਦੇ ਪੈਰਾਂ ਵਿਚ—ਨਹੀਂ, ਨਹੀਂ ਬਹਾਦਰ ਸ਼ਾਹ ਦੇ ਕੂਲੇ ਹੱਥ ਹੀ ਆਪਣੇ ਲੰਗੋਟੀਏ ਦੇ ਪੈਰਾਂ ਵਿਚ ਘੁੰਗਰੂ ਪਾਣਗੇ ਤੇ ਫੇਰ ਛਣਕੇਗੀ ਛਮਕ ਛਲੋ। ਮੁਸਤਫ਼ਾ ਖਾਂ ਨੇ ਸਫ਼ੈਦ ਦਾੜ੍ਹੀ ਤੇ ਹੱਥ ਫੇਰਦਿਆਂ ਆਖਿਆ। "ਕਹੇ ਸੋਹਣੇ ਫਬਦੇ ਹਨ ਮੇਰੇ ਲੰਗੋਟੀਏ ਦੇ ਪੈਰਾਂ ਵਿਚ ਘੁੰਗਰੂ।" ਫੈਜ਼ੀ ਦਾ ਸ਼ੇਅਰ ਗੁਣਗੁਣਾਂਦਿਆਂ ਬਹਾਦਰ ਸ਼ਾਹ ਆਖ ਰਿਹਾ ਸੀ। "ਵਿਰਾਟ ਸਭਾ ਵਿਚ ਅਰਜਨ ਕਿਆ ਸੋਹਣਾ ਲੱਗਦਾ ਏ ਜਨਾਬ !" ਸ਼ਾਇਸਤਾ ਖਾਂ ਦੀ ਜ਼ਬਾਨ ਨੇ ਚਟਖਾਰੇ ਲਏ।

—"ਉਠਿਆ ਨਾ ਜਾਏ ਤੇ ਫਿਟੇ ਮੂੰਹ ਗੋਡਿਆਂ ਦਾ। ਮਹਿਫ਼ਲ ਦਾ ਏਨਾ ਬੁਜ਼ਦਿਲ ਛੋਟਿਆਂ ਹੁੰਦਿਆਂ ਕੀ ਗੌਂਦਾ ਹੋਣਾ ਏਂ ? ਤਬਲੇ ਸੇਕਦਾ ਹੋਣਾ ਏਂ ਅੱਗ ਤੇ।" ਜਹਾਂਦਾਦ ਖਾਂ ਨੇ ਵਿਅੰਗ ਕਸਿਆ।

ਇਮਾਨਉਲਾ ਨੂੰ ਜਿਵੇਂ ਖਿਝ ਜਿਹੀ ਆ ਗਈ। "ਮੇਰੇ ਰਾਗ ਦੀ ਅਜੇ ਵੀ ਸਹੁੰ ਖਾਧੀ ਜਾਂਦੀ ਹੈ। ਇਹ ਉਮਰ ਦੇ ਨਾਲ ਹੀ ਸੋਹਣਾ ਲਗਦਾ ਏ। ਬੁਢਾਪੇ ਵਿਚ ਤਸਬੀ ਤੇ ਜਵਾਨੀ ਵਿਚ ਤੂੰਬਰਾ।" ਇਮਾਨਉਲਾ ਦੇ ਹੱਥ ਦਾੜ੍ਹੀ ਤੇ ਸਨ।

—"ਸੁਭਾਨ ਅੱਲਾ ! ਸੂਝ ਦੀ ਦਾਦ ਦੇਣੀ ਪੈਂਦੀ ਏ। ਨੱਚਣ ਨਾ ਜਾਣੇ ਤੇ ਆਂਗਣ ਟੇਢਾ। ਇਹ ਵੀ ਕੋਈ ਬਹਾਨਾ ਏ। ਜਦੋਂ ਨੱਚਣ ਲੱਗੀ ਤਾਂ ਫੇਰ ਘੁੰਡ ਕਾਹਦਾ। ਇਥੇ ਕਿਹੜੀ ਮੁੰਡਿਆਂ ਦੀ ਜੁੰਡੀ ਬੈਠੀ ਏ। ਇਕੋ ਜਿਹੇ ਹਾਣੀ ਹਾਂ ਸ਼ਰਮ ਕਾਹਦੀ। ਮਹਿਫ਼ਲ ਵਿਚ ਆਉਣ ਲਗਿਆਂ

ਸਰਮ ਕਿੱਲੀ ਨਾਲ ਟੰਗ ਆਉਣੀ ਸੀ।" ਜਹਾਂਦਾਰ ਖਾਂ ਫਿਰ ਬੋਲਿਆ।

"ਨਗਾਰ ਖਾਨੇ ਵਿਚ ਜਿੱਥੇ ਸੁਰੀਲੀ ਸ਼ਹਿਨਾਈ ਵਜਦੀ ਹੋਵੇ, ਤੂਤੀ ਦੀ ਅਵਾਜ਼ ਕੌਣ ਸੁਣੇਗਾ।" ਇਮਾਨਉੱਲਾ ਦੇ ਬੋਲ ਗੂੰਜੇ।

—"ਸ਼ਹਿਨਾਈਆਂ ਦੀ ਅਵਾਜ਼ ਵਿਚੋਂ ਲੰਗੋਜੇ ਦੀ ਤਾਨ ਵੀ ਨਿਕਲ ਸਕਦੀ ਏ। ਬੁਲਬੁਲਾਂ ਦਾ ਰਾਗ ਸੁਨਣ ਵਾਲੇ ਚਕੋਰਾਂ ਦੀ ਅਵਾਜ਼ ਤੇ ਵੀ ਮਸਤ ਹੋ ਜਾਂਦੇ ਹਨ। ਸੋਜ਼ ਵੀ ਤੇ ਨਾਜ਼ਕ ਗਲੇ ਵਿਚੋਂ ਗੂੰਜਦਾ ਏ। ਬਾਂਸ ਦੀ ਪੋਰੀ ਵੀ ਸੋਜ਼ ਨੂੰ ਜਨਮ ਦੇਂਦੀ ਏ। ਮਿਠਾਸ ਦੋਵਾਂ ਦੇ ਗਲੇ ਵਿਚ ਹੁੰਦੀ ਏ। ਭਾਵੇਂ ਨਾਜ਼ਕ ਕੰਠ ਹੋਵੇ ਤੇ ਭਾਵੇਂ ਬਾਂਸ ਦੀ ਪੋਰੀ। ਅੱਜ ਦੀ ਮਹਿਫਲ ਸਾਨੂੰ ਮੁੜ ਆਪਣਾ ਬਚਪਨ ਚੇਤੇ ਕਰਵਾਏਗੀ।" ਬਹਾਦਰ ਸ਼ਾਹ ਨੇ ਫੁਰਮਾਇਆ।

—"ਕਮਾਲ ਕਰ ਦਿੱਤਾ ਆਲਮ ਪਨਾਹ ਨੇ! ਬਚਪਨ ਹਾਣੀਆਂ ਨਾਲ ਹੀ ਚੇਤੇ ਆਉਂਦਾ ਏ। ਫੁਮਣਾ ਜ਼ਰਾ ਖੜੋ ਕੇ ਬਾਂਹ ਕੱਢ ਕੇ ਗਾ। ਬਚਪਨ ਹੀ ਜੀਵਨ ਦਾ ਅਨਮੋਲ ਗਹਿਣਾ ਏ।" ਜਹਾਂਦਾਦ ਖਾਂ ਨੇ ਕਿਹਾ।

—"ਕਿਉਂ ਤਬਲਚੀ ਦਾਦਰਾ ਨਹੀਂ ਵਜਾ ਸਕਦਾ! ਉਏ ਤਿੰਨ ਤਾਲ ਹੀ ਵਜਾ। ਅਧਿਕ ਤੇ ਪੂਰੀ ਥਾਪ ਰਾਗ ਗਾਣ ਵਾਲੇ ਤਬਲੇ ਦਾ ਉਤਰਾ ਚੜ੍ਹਾ ਜਾਣਦੇ ਹਨ। ਇਹ ਤੇ ਇਮਾਨਉੱਲਾ ਪਿੱਛਾ ਛੁਡਾਣ ਵਾਲੀ ਗੱਲ ਏ। ਨਾਂ ਨੌ ਮਣ ਤੇਲ ਹੋਵੇ ਤੇ ਨਾ ਰਾਧਾ ਨੱਚੇ।" ਸ਼ਾਹਬਾਜ਼ ਖਾਂ ਨੇ ਜ਼ਰਾ ਇਮਾਨਉੱਲਾ ਵੱਲ ਫਰਸ਼ੀ ਸਲਾਮ ਦੇ ਅੰਦਾਜ਼ ਵਿਚ ਝੁਕਦਿਆਂ ਉੱਤਰ ਦਿੱਤਾ।

—"ਜੇ ਗਾਣਾ ਨਹੀਂ ਆਉਂਦਾ ਤਾਂ ਰੋ ਕੇ ਹੀ ਵਿਖਾ ਦੇ!" ਜਹਾਂਦਾਦ ਖਾਂ ਨੇ ਫਿਰ ਹੱਸਦਿਆਂ ਆਖਿਆ।

—"ਤਬਲਚੀ ਲਿਆ ਤਬਲਾ! ਅਸਾਂ ਆਪਣੇ ਯਾਰ ਦੀ ਪਿੱਠ ਨਹੀਂ ਲੱਗਣ ਦੇਣੀ ਭਰੀ ਮਹਿਫਲ ਵਿਚ"—ਬਹਾਦਰ ਸ਼ਾਹ ਬੋਲਿਆ।

—"ਲਓ ਆਲਮ ਪਨਾਹ।" ਤਬਲਚੀ ਨੇ ਅਰਜ਼ ਕੀਤੀ।

ਬਹਾਦਰ ਸ਼ਾਹ ਦੀਆਂ ਉਂਗਲਾਂ ਤਬਲੇ ਦੀ ਹਿੱਕ ਤੇ ਨੱਚ ਉੱਠੀਆਂ ਤੇ ਮਹਿਫਲ ਝੂਮ ਉਠੀ, ਅਤੇ ਅਵਾਜ਼ਾਂ ਆ ਰਹੀਆਂ ਹਨ। "ਮਰਹਬਾ—ਮਰਹਬਾ—"

—"ਇਮਾਨਉੱਲਾ ਤੂੰ ਤਲਵਾਰ ਦਾ ਧਨੀ ਏਂ ਤੇ ਅਸੀਂ ਮਹਿਫਲ ਦੇ ਸਮਰਾਟ। ਭਾਵੇਂ ਹੱਥਾਂ ਦੀਆਂ ਰਗਾਂ ਵਿਚ ਬੁਢਾਪੇ ਦਾ ਖੂਨ ਏ ਪਰ ਜਵਾਨੀ ਦੇ ਜੋਸ਼ ਦਾ ਤਾਅ ਮੱਠਾ ਨਹੀਂ ਪਿਆ। ਸਾਡੇ ਤਬਲੇ ਦੀ ਧੁੰਨ ਵੇਖ ਤੇ ਆਪਣੇ ਰਾਗ ਦਾ ਆਰੰਭ ਕਰ। ਫਿਰ ਵੇਖ ਮਹਿਫਲ ਤੇ ਜੋਬਨ ਆਉਂਦਾ। ਪੋਟਿਆਂ ਦੀ ਹਰਕਤ ਜੇ ਗਲੇ ਦੀ ਲਚਕ ਨਾਲ ਨਾ ਨੱਚੀ ਤਾਂ ਲੱਖ ਲਾਹਨਤ ਏ ਤਬਲਾ ਵਜਾਣ ਤੇ। ਛੇੜ ਇਮਾਨਉੱਲਾ ਕਿਸੇ ਰਾਗਨੀ ਦਾ ਸੋਜ਼" ਬਹਾਦਰ ਸ਼ਾਹ ਨੇ ਥਾਪੀ ਦੇਂਦਿਆਂ ਆਖਿਆ।

—"ਪਨੀਆ ਭਰਨ ਚਲੀ ਰੇ, ਸਰਸੋਂ ਫੂਲੀ।"

ਇਮਾਨਉਲਾ ਦੇ ਪੈਰ ਧਰਤੀ ਤੇ ਕੁੱਦ ਪਏ। ਰਸ਼ਕ ਆਣ ਲੱਗ ਪਿਆ ਵੇਖ ਕੇ ਨਾਚੀਆਂ ਨੂੰ। ਸਾਵਾਂ ਨਾਚੀ ਦੇ ਨਾਲ ਇਮਾਨਉਲਾ ਨੱਚਦਾ ਰਿਹਾ। ਮਹਿਫਲ ਵਿਚ ਜਵਾਨੀ ਤੇ ਬੁਢਾਪੇ ਦਾ ਮੇਲ ਹੋ ਗਿਆ। ਸਾਰੇ ਖੁਸ਼ ਸਨ। ਬਚਪਨ ਦੀਆਂ ਯਾਦਾਂ ਮੁੜ ਨਵੇਂ ਸਿਰਿਉਂ ਤਾਜ਼ਾ ਹੋ ਗਈਆਂ। ਥੱਕਾ ਟੁੱਟਾ ਇਮਾਨਉਲਾ ਅੱਧੀ ਰਾਤ ਨੂੰ ਡੇਰੇ ਮੁੜਿਆ। ਸਾਰੀ ਛੌਣੀ ਘੂਕ ਸੁੱਤੀ ਹੋਈ ਸੀ ਜਾਂ ਇਮਾਨਉਲਾ ਜਾਗਦਾ ਸੀ ਜਾਂ ਉਹਦੇ ਸਾਥੀ। ਮਹਿਫਲ ਨੇ ਸਾਰੀ ਗੌਂਦ ਦਾ ਭੱਠਾ ਬਿਠਾ ਦਿੱਤਾ, ਪਰ ਜਰਨੈਲ ਨੂੰ ਆਪਣੇ ਆਪ ਤੇ ਕਾਬੂ ਸੀ।

—"ਤਿਆਰ ਹੋ ਜਾਉ ਬਹਾਦਰੋ! ਮਸ਼ਾਲਾਂ ਹੱਥ ਵਿਚ ਲੈ ਲਉ ਤੇ ਟੁੱਟ ਪਉ ਸੁੱਤੇ ਸਿੱਖਾਂ ਤੇ ਜਿਹੜਾ ਸਾਹਮਣੇ ਆਵੇ ਤੇਗ ਵਿਚ ਪਰੋ ਦਿਉ। ਜਾਂਦੀ ਵਾਰੀ ਲਾਂਬੂ ਲਾ ਦੇਣਾ। ਮਸ਼ਾਲਾਂ ਨੂੰ ਅੱਗ ਨਹੀਂ ਦੇਣੀ ਜਦ ਤੱਕ ਸਿੱਖ ਘੇਰੇ ਵਿਚ ਨਾ ਆ ਜਾਣ।" ਇਮਾਨਉਲਾ ਨੇ ਇਕ ਤਜਵੀਜ ਦਿੱਤੀ।

—'ਇਸ ਤੋਂ ਚੰਗੀ ਹੋਰ ਸਲਾਹ ਕੀ ਏ? ਸ਼ਬਖੂਨ ਕਿਸੇ ਤਰ੍ਹਾਂ ਕਾਮਯਾਬ ਰਹੇਗਾ। ਜੇ ਮਾਰ ਲਿਆ ਤਾਂ ਰਸਤਾ ਸਾਫ। ਜੇ ਮੁਕਾਬਲਾ ਡੱਟ ਗਿਆ ਤਾਂ ਬਾਕੀ ਸਿਪਾਹੀ ਹੱਲਾ ਕਰ ਦੇਣ ਮਸ਼ਾਲਾਂ ਦੀ ਰੌਸ਼ਨੀ ਵਿਚ। ਧੱਕੋ ਧੱਕੀ ਸਾਰਿਆਂ ਨੂੰ ਬੰਨ੍ਹ ਪਾ ਦੇਣਾ ਤੇ ਮਸ਼ਹੂਰ ਕੀਤਾ ਜਾਵੇ ਮਰਹੱਟੇ ਪੈ ਗਏ ਮੁਗਲ ਸਮਝ ਕੇ। ਮੁਗਲਾਂ ਵਿਚ ਪੈ ਕੇ ਸਿੱਖਾਂ ਦੀ ਮਦਦ ਕੀਤੀ ਏ। ਨਾਲੇ ਦੇਵੀ ਦੇ ਦਰਸ਼ਨ ਤੇ ਨਾਲ ਵੰਙਾਂ ਦੇ ਵਪਾਰੀ। ਕਿਉਂ ਠੀਕ ਏ। ਨਾ ਠਾਕਰ ਸਿੰਘਾ।"

—"ਸੌਲਾਂ ਆਨੇ ਸੱਚ ਸੂਬੇਦਾਰ ਜੀ!" ਠਾਕਰ ਸਿੰਘ ਦੀ ਅਵਾਜ਼ ਸੀ।

ਸਿੱਖ ਸੁੱਤੇ ਨਹੀਂ ਸਨ! ਰਕਾਬਾਂ ਕਾਹਲੀਆਂ ਪੈ ਰਹੀਆਂ ਸਨ ਜਵਾਨਾਂ ਦੇ ਪੈਰਾਂ ਦੀ ਉਡੀਕ ਵਿਚ। ਸ਼ਬਖੂਨ ਦੇ ਮੁਕਾਬਲੇ ਲਈ ਖਾਲਸਾ ਤਿਆਰ ਸੀ।

—"ਤੁਸੀਂ ਐਸ ਪਾਸਿਉਂ ਪੈਣਾ ਤੇ ਆਹ ਟੋਲੀ ਇੱਧਰ ਚਲੀ ਜਾਵੇ! ਤੇ ਉਹ ਪਿੱਛੇ ਵਾਲੇ ਆਦਮੀ ਐਸ ਨੁੱਕਰ ਤੇ ਰਹਿਣ। ਜਦ ਮੁਗਲ ਡੇਰੇ ਵਿਚ ਆ ਜਾਣ ਉੱਤੋਂ ਛੌਲਦਾਰੀ ਸੁੱਟ ਦਿਉ ਤੇ ਖੂਬ ਗਿੱਦੜ ਕੁੱਟ ਕਰੋ। ਬਿਜੂ ਬਣਾ ਕੇ ਕੱਢੋ ਤੇ ਦੂਜਿਆਂ ਤੇ ਮੱਛੀਆਂ ਫੜਨ ਵਾਲੇ ਜਾਲ ਸੁੱਟ ਦੇਣੇ। ਬਾਕੀ ਸਿੰਘ ਤਿਆਰ ਰਹਿਣ ਨੇਜ਼ਿਆਂ ਨਾਲ ਵਿੰਨ੍ਹਣ ਲਈ। ਤੇ ਅਸੀਂ ਪੰਜ ਜਣੇ ਇਮਾਨਉਲਾ ਤੇ ਟੁੱਟ ਪਵਾਂਗੇ। ਪਾਰ ਬੁਲਾ ਦਿਓ ਇਕੋ ਵਾਰ 'ਚ ਇਮਾਨਉਲਾ ਨੂੰ। ਅੰਗੀਠੇ ਦੀ ਅਰਦਲ ਵਿਚ ਸਿਰਫ ਪੰਜ ਸਿੱਖ ਰਹਿਣ। ਬਾਕੀ ਸਾਰੇ ਦਿਨ ਚੜ੍ਹਨ ਤੋਂ ਪਹਿਲਾਂ ਨਾਂਦੇੜ ਦੀਆਂ ਜੂਹਾਂ ਪਾਰ ਕਰ ਲੈਣ। ਹਰ ਆਦਮੀ ਆਪਣੇ ਸਾਥੀ ਦੀ ਦੇਖ ਭਾਲ ਕਰ ਕੇ ਜਾਵੇ। ਲਉ ਫਿਰ ਥਾਉਂ ਥਾਈਂ ਲੱਗ ਜਾਉ। ਮੁਗਲ ਆ ਰਹੇ ਹਨ।"

ਪਹਿਲੀ ਟੋਲੀ ਡੇਰੇ ਵਿਚ ਆਈ ਤਾਂ ਛੌਲਦਾਰੀ ਦੀਆਂ ਚਾਰੇ ਕੰਨੀਆਂ ਖੁਲ੍ਹੀਆਂ ਤੇ ਸਿੱਖਾਂ ਜੀਅ ਖੋਲ੍ਹ ਕੇ ਗਿੱਦੜ ਕੁੱਟ ਕੀਤੀ। ਜਾਲ ਵਾਲਿਆਂ ਦੀ ਫਾਹੀ ਅੜੀ ਹੋਈ ਸੀ। ਉਹ ਵੀ ਕਾਮਯਾਬ

ਹੋ ਗਏ। ਨੇਜ਼ੇ ਵਾਲਿਆਂ ਵਿੰਨ੍ਹ ਵਿੰਨ੍ਹ ਲੰਗਾਰ ਪਾੜੇ ਤੇ ਆਹੂ ਲਾਹੇ। ਹਨੇਰੇ ਵਿਚ ਮੁਗਲਾਂ ਦੇ ਮਸ਼ਾਲਚੀ ਨੂੰ ਵਿਹਲ ਹੀ ਨਾ ਮਿਲੀ ਮਸਾਲ ਬਾਲਣ ਦੀ।

ਰਾਜਗੁਰੂ ਤੇ ਕੁਝ ਸਾਥੀ ਇਮਾਨਉਲਾ ਤੇ ਟੁੱਟ ਪਏ। ਉਹ ਆਪਣੇ ਖਿਆਲ ਵਿਚ ਆਪਣੇ ਬਹਾਦਰਾਂ ਦੀ ਬਹਾਦਰੀ ਤੇ ਸ਼ੇਖੀਆਂ ਭਸਾਰ ਰਿਹਾ ਸੀ। ਦੋ ਨੇਜ਼ੇ ਵਾਲਿਆਂ ਆਹਮੋਂ-ਸਾਹਮਣੇ ਅੱਗੇ ਪਿੱਛੇ ਹੋ ਕੇ ਨੇਜ਼ੇ ਮਾਰ ਕੇ ਇਸ ਤਰ੍ਹਾਂ ਵਿੰਨ੍ਹ ਦਿੱਤਾ ਜਿਵੇਂ ਬੱਕਰੇ ਨੂੰ ਕਬਾਬ ਕਰਨ ਲਈ ਸੀਖਾਂ ਤੇ ਟੰਗ ਦਿੱਤਾ ਹੋਵੇ। ਅਹਿਲਕਾਰਾਂ ਤਲਵਾਰਾਂ ਕੱਢੀਆਂ ਤੇ ਮਸ਼ਾਲਾਂ ਨੂੰ ਅੱਗ ਲਾ ਦਿੱਤੀ। ਮਸ਼ਾਲਾਂ ਦੀ ਲੋ ਵਿਚ ਇਮਾਨਉਲਾ ਤੜਫ ਰਿਹਾ ਸੀ। ਇਕ ਵੀ ਮੁਗਲ ਸਿੱਖਾਂ ਨੇ ਬਾਕੀ ਜਾਣ ਜੋਗਾ ਨਾ ਛੱਡਿਆ।

ਦਿਨ ਚੜ੍ਹਿਆ ਤਾਂ ਸਿੱਖਾਂ ਦੇ ਡੇਰੇ ਦਾ ਕੋਈ ਖੁਰਾਖੋਜ ਹੀ ਨਹੀਂ ਸੀ ਲੱਭਦਾ। ਛੋਲਦਾਰੀਆਂ ਡਿੱਗੀਆਂ ਹੋਈਆਂ ਸਨ ਤੇ ਕੁਝ ਸਿੱਖ ਸਹਿਕ ਰਹੇ ਸਨ। ਮੁਗਲਾਂ ਦੀਆਂ ਲਾਸ਼ਾਂ ਖੂਨ ਨਾਲ ਲੱਥ ਪੱਥ ਸਨ।

ਇਮਾਨਉਲਾ ਦਾ ਹੱਥ ਤਲਵਾਰ ਦੇ ਕਬਜ਼ੇ ਤੇ ਸੀ ਤੇ ਉਹ ਦੀ ਰੂਹ ਪਰਵਾਜ਼ ਕਰ ਗਈ ਸੀ।

ਮਹਿਫਲ ਵੀਰਾਨ ਸੀ ਤੇ ਸਿੱਖਾਂ ਦੇ ਡੇਰੇ ਵਿਚ ਭੂਤਨੇ ਨੱਚ ਰਹੇ ਸਨ।

ਤਲਵਾਰਾਂ ਨੇ ਘੁੰਡ ਲਾਹ ਲਏ

ਛਨ, ਛਨਣ ਛਨਣ, ਛਨ।

ਘੁੰਗਰੂ ਛਣਕੇ, ਧਰਤੀ ਦੀ ਹਿੱਕ ਤੋਂ ਗੋਰੀ ਦੀਆਂ ਅੱਡੀਆਂ ਗਿੱਠ ਗਿੱਠ ਉੱਚੀਆਂ ਹੋ ਨੱਚੀਆਂ ਤੇ ਲੱਕ ਮਚਕੋੜੇ ਖਾਣ ਲੱਗ ਪਿਆ। ਘਗਰੇ ਦੀ ਕੰਨੀ ਨੇ ਜੋਬਨ ਦੇ ਉਭਾਰ ਨਾਲ ਖਹਿ ਕੇ ਮੁੜ ਅੱਡੀ ਦੇ ਬੁਲ੍ਹ ਚੁੰਮ ਲਏ। ਘੁੰਗਰੂ ਛਣਕ ਰਹੇ ਸਨ ਤੇ ਦੂਜੀ ਨਾਚੀ ਦੀ ਅੱਡੀ 'ਝਨਕ ਝਨਕ ਪਾਇਲ ਬਾਜੇ' ਦੀ ਧੁੰਨ ਵਿਚ ਛਣਕ ਰਹੀ ਸੀ। ਤਮਾਸ਼ਬੀਨ ਖੜੋ ਖੜੋ ਕੇ ਵੇਖ ਰਹੇ ਸਨ। ਜਲੂਸ ਜਾ ਰਿਹਾ ਸੀ ਤੇ ਨੌਬਤਾਂ ਵਜ ਰਹੀਆਂ ਸਨ। ਸ਼ਹਿਨਾਈਆਂ ਦੇ ਪਿੜ ਵਿਚ ਨਾਚ ਹੋ ਰਿਹਾ ਸੀ। ਗਭਰੂ ਪਠਾਣਾਂ ਦਾ 'ਬਰੋਈ ਨਾਚ' ਤੇ ਮਗਰ ਪਾਲਕੀ ਸੀ ਆਮਲ ਦੀ। ਦੋ ਕਹਾਰਾਂ ਦੇ ਮੋਢਿਆਂ ਤੇ ਪਾਲਕੀ ਸੀ ਤੇ ਨਾਲ ਦੋ ਦਾਸੀਆਂ ਪੱਖਾ ਝਲਦੀਆਂ ਜਾ ਰਹੀਆਂ ਸਨ। ਆਸੇ ਪਾਸੇ ਘੋੜ ਸਵਾਰਾਂ ਦੀਆਂ ਕਤਾਰਾਂ ਵਿਚ ਆਮਲ ਜਾ ਰਿਹਾ। ਆਮਲ ਦੀਆਂ ਅੱਖਾਂ ਵਿਚ ਡਰ ਸੀ। ਭੈ ਦੇ ਡੋਰੇ ਉਹਦੀਆਂ ਅੱਖਾਂ ਵਿਚ ਝਾਤੀਆਂ ਮਾਰ ਰਹੇ ਸਨ। ਏਨਾ ਢੋਲ ਢਮੱਕਾ ਹੋਣ ਦੇ ਬਾਵਜੂਦ ਉਦਾਸੀ ਜਿਹੀ ਸੀ।

—"ਅੱਜ ਪਾਲਕੀ ਦੇ ਨਾਲ ਘੋੜ ਸਵਾਰਾਂ ਦਾ ਹੋਣਾ ਜ਼ਰੂਰ ਕੋਈ ਚੰਦ ਚੜ੍ਹਾਵੇਗਾ।" ਪਾਲਾ ਸਿੰਘ ਬੋਲਿਆ।

—"ਚੰਦ ਚੁੰਦ ਕੀ ਚੜ੍ਹਾਉਣਾ ਸੂ। ਉਨ੍ਹਾਂ ਦੇ ਚਿਹਰਿਆਂ ਤੇ ਉਡਦੀਆਂ ਹਵਾਈਆਂ ਦੇਖੋ" ਗੰਗਾ ਬਿਸ਼ਨ ਪੰਡਤ ਆਖ ਰਿਹਾ ਸੀ।

—"ਤੂੰ ਕੱਢ ਖਾਂ ਪਤਰਾ ਪੰਡਤਾ, ਐਵੇਂ ਮੁਫ਼ਤ ਦੇ ਚੰਦੇ ਖਾਂਦਾ ਰਿਹਾ ਹੈਂ। ਕੋਈ ਕੰਮ ਦੀ ਗੱਲ ਵੀ ਕਦੀ ਦੱਸਿਆ ਕਰ।" ਸ਼ੰਗਾਰੇ ਨੇ ਤਾਹਨੇ ਭਰੀ ਆਵਾਜ਼ ਵਿਚ ਆਖਿਆ।

—"ਪੱਤਰੀ ਸਾਫ਼ ਆਖ ਰਹੀ ਏ। ਮੁਗਲਾਂ ਦੀ ਬਾਰਾਂ-ਦਰੀ ਨੂੰ ਦਰਵਾਜ਼ੇ ਲੱਗ ਚੁੱਕੇ ਹਨ ਤੇ ਉਨ੍ਹਾਂ ਦਾ ਭਰਮ ਭੌ ਉੱਠ ਗਿਆ ਹੈ। ਦਿਲ ਵਿਚ ਦਹਿਸ਼ਤ ਏ। ਤਲਵਾਰਾਂ ਦੀ ਛਤਰ ਛਾਵੇਂ ਕਿੰਨਾਂ ਕੁ ਚਿਰ ਰਾਖੀ ਕਰ ਲੈਣਗੇ।" ਗੰਗਾ ਬਿਸ਼ਨ ਦੇ ਬੁਲ੍ਹ ਹਿਲੇ।

ਪਾਲਕੀ ਆਉਣ ਤੋਂ ਪਹਿਲਾਂ ਪਿੰਡ ਜਗਦੇਵਾਂ ਤੋਂ ਵਿਸਾਖਾ ਸਿੰਘ ਆਇਆ ਸੀ ਤੇ ਆਖ ਰਿਹਾ ਸੀ ਤਿਆਰੇ ਕੱਸ ਲਓ, ਸੰਗਤਾਂ ਮੱਸਿਆ ਨਹਾਉਣ ਆਉਣ ਤਾਂ ਸਾਰੀ ਵਾਰਦਾਤ ਦੱਸੀ ਜਾਏਗੀ। ਮਾਇਆ ਦੇ ਗੱਫੇ ਨਾਲ ਬੰਨ੍ਹ ਕੇ ਲਿਆਉਣ।

ਪਾਲਕੀ ਲੰਘ ਗਈ। ਸੜਕ ਦੇ ਦੋ ਪਾਸੀਂ ਪਿੰਡ ਵਾਸੀ ਗੱਲਾਂ ਵਿਚ ਜੁਟੇ ਰਹੇ। ਪਿੰਡ ਵਿਚ ਭਾਵੇਂ ਦਬਦਬਾ ਮੁਸਲਮਾਨਾਂ ਦਾ ਸੀ ਪਰ ਗਿਣਤੀ ਵਿਚ ਹਿੰਦੂ ਅਤੇ ਸਿੱਖ ਜ਼ਿਆਦਾ ਸਨ। ਆਮਲ ਮੁਗਲ ਸੀ।

× + ×

ਜੋਗੀਆ ਰੰਗ ਦੀਆਂ ਅਲਫੀਆਂ ਵਿਚ ਘੋੜੀਆਂ ਵਾਲੇ ਸੰਤ ਪੰਜਾਬ ਦੀਆਂ ਜੂਹਾਂ ਕਢਦੇ ਦਿਸੇ। ਪਿੰਡ ਪਿੰਡ, ਗਲੀ ਗਲੀ, ਮਹੱਲੇ ਮਹੱਲੇ ਵਿਚ ਉਨ੍ਹਾਂ ਦੇ ਚਰਚੇ ਲੋਕਾਂ ਦੇ ਮੂੰਹ ਚੜ੍ਹ ਬੋਲੇ। ਮੁਟਿਆਰਾਂ ਦੇ ਤ੍ਰਿੰਞਣ ਵਿਚ ਉਨ੍ਹਾਂ ਦੀਆਂ ਮੂੰਹ ਜੋੜ ਜੋੜ ਕੇ ਗੱਲਾਂ ਹੁੰਦੀਆਂ। ਸ਼ਹਿਰ ਤੇ ਕਸਬਿਆਂ ਵਿਚ ਚਰਖੇ ਦੀ ਪੂਣੀ ਛੋਹਦਿਆਂ ਹੀ ਤ੍ਰੀਵੀਆਂ ਉਨ੍ਹਾਂ ਸੰਤਾਂ ਦੀ ਵਾਰਦਾਤ ਦੀ ਕਹਾਣੀ ਛੁਹ ਲੈਂਦੀਆਂ। ਖੇਤਾਂ ਦੇ ਬੰਨਿਆਂ ਤੇ ਕਾਠੇ ਕਮਾਦ ਛਿਲਦੇ ਮੁਜ਼ਾਰਿਆਂ ਦੀ ਜੁੰਡੀ ਵਿਚ, ਖੂਹ ਦੀ ਗਾੜ੍ਹੀ ਉੱਤੇ, ਤਖਤ ਪੋਸ਼ ਤੇ ਬੈਠੇ ਚੌਧਰੀਆਂ ਦੀ ਮੰਡਲੀ ਵਿਚ, ਦਾਇਰਿਆਂ ਦੇ ਚੰਡੂਖਾਨੇ ਦੀ ਬਗਲ ਉਹਲੇ, ਸ਼ਰਾਬ ਦੀਆਂ ਭੱਠੀਆਂ ਤੇ ਗੱਲ ਕੀ ਉਹ ਇਸ ਵੇਲੇ ਪੰਜਾਬ ਦੀਆਂ ਵਾਰਾਂ ਦੇ ਕੇਂਦਰ ਸਨ।

ਸਾਧੂਆਂ ਦੀ ਮੰਡਲੀ ਜਿਹੜੀ ਘੜੀ ਮੁੜੀ ਲੋਕਾਂ ਦੇ ਸਾਹਮਣੇ ਆਉਂਦੀ ਅੰਵਾਣੇ, ਓਪਰੇ ਤੇ ਓਭੜ ਆਦਮੀਆਂ ਦੀ ਸੀ। ਪਿੰਡ ਵਿਚ ਨਿਤਰਵੀਂ ਤੇ ਨਿਖੇੜਵੀਂ ਗੱਲ ਚੌਧਰੀਆਂ ਦੇ ਭੈ ਦੀ ਪ੍ਰਵਾਹ ਨਾ ਕਰਦਿਆਂ ਉਹ ਕਹਿਣੋਂ ਨਾ ਮੁੜਦੇ ਭਾਵੇਂ ਚੌਧਰੀ ਉਨ੍ਹਾਂ ਦਾ ਜਾਣੂ ਨਾ ਹੁੰਦਾ। ਨਾਂਹ ਕਰਨ ਲੱਗਿਆਂ ਓਹਦੀ ਜ਼ਬਾਨ ਥਰ ਥਰ ਕੰਬਦੀ। ਇਕ ਇਕ ਗੱਲ ਵਿਚ ਸੌ ਸੌ ਵੱਲ ਪੈਂਦੇ। ਤੇ ਲੋਕਾਂ ਉੱਤੇ ਉਹ ਆਪਣੇ ਦਬਦਬੇ ਦਾ ਅਸਰ ਛੱਡਦੇ ਗਏ। ਉਹ ਕਦੀ ਕਬੀਰ ਦੀ ਬਾਣੀ ਪੜ੍ਹਦੇ ਕਦੀ ਫਰੀਦ ਛੂਹ ਲੈਂਦੇ, ਸ਼ਾਹ ਹੁਸੈਨ, ਸੁਲਤਾਨ ਬਾਹੂ ਤੇ ਬੁੱਲ੍ਹੇ ਸ਼ਾਹ ਦੀਆਂ ਕਾਫੀਅ ਤੇ ਉਨ੍ਹਾਂ ਨੂੰ ਕਮਾਲ ਦਾ ਕਾਬੂ ਸੀ ਲੋਟਨ ਪੱਟਨ ਕਬੂਤਰਾਂ ਵਾਂਗੂ ਉਹ ਹਿੰਦੂ ਤੇ ਮੁਸਲਮਾਨਾਂ ਤੇ ਜਾਦੂ ਧੂੜ ਜਾਂਦੇ। ਮੁਸਲਮਾਨ ਉਨ੍ਹਾਂ ਦੇ ਸਿਰੇ ਨਾ ਹੋਏ। ਜੋਗੀਆਂ ਨੂੰ ਮੁਸਲਮਾਨ ਸਮਝਦੇ ਤੇ ਸੰਤ ਆਖ ਕੇ ਸਤਕਾਰਦੇ। ਕੀ ਲੋੜ ਏ ਸਾਧ ਦੀ ਜ਼ਾਤ ਪੁੱਛਣ ਦੀ। ਉਨ੍ਹਾਂ ਦੋਂਹ ਚੋਂਹ ਦਿਨਾਂ ਵਿਚ ਲਾਗੇ ਦੇ ਪੰਜਾਂ ਸੱਤਾਂ ਪਿੰਡਾਂ ਵਿਚ ਆਪਣੀ ਧਾਂਕ ਜਮਾ ਲਈ। ਲੋਕ ਉਚੇਚੇ ਰਾਤ ਲੱਭਦੇ। ਸੰਧਿਆ ਤੋਂ ਬਾਦ ਉਹ ਅਲੋਪ ਹੋ ਜਾਂਦੇ, ਜੰਗਲਾਂ, ਕਮਾਦਾਂ, ਸਰਕੜੇ ਤੇ ਬੁਰਜਾਂ ਦੇ ਉਹਲੇ।

ਵੱਗ ਵਿਚ ਤੇ ਦਾਣੇ ਭੁੰਨਦੀ ਝਿਊਰੀ ਦੇ ਗਵਾਂਢ ਬੈਠੇ ਬਾਗੀ ਚੌਧਰੀ ਰਾਹੀਂ ਮੁਸਾਫਰਾਂ ਵਿਚ ਵੀ ਇਹੋ ਵਾਰਦਾਤ ਪਰਚਲਤ ਹੁੰਦੀ। ਉਨ੍ਹਾਂ ਕਰਨੀਆਂ ਵਾਲਿਆਂ ਦੀਆਂ ਕਰਨੀਆਂ ਦੀ ਕਥਾ।

ਇਕ ਵਾਗੀ ਮੁੰਡਾ ਬੋਲਿਆ, "ਮੈਂ ਠਠਾ ਕਰਦਿਆਂ ਇਕ ਸੰਤ ਨੂੰ ਆਖਿਆ, ਭੁੱਖ ਲੱਗੀ

ਏ ਮਹਿ ਚੋ ਦਿਓ। ਸੰਤ ਨੇ ਅੱਗੋਂ ਆਖਿਆ ਚੰਗਾ ਬੱਚਾ ਕਿਹੜੀ ਮੱਝ ਚੋਣੀ ਊ। ਮੈਂ ਉਂਗਲ ਰੱਖੀ ਉਸ ਬੂਰੀ ਤੇ ਵੱਗ ਛੇੜਨ ਤੋਂ ਪਹਿਲਾਂ ਵਲਟੋਹੀ ਚੋ ਕੇ ਆਏ ਸਨ। ਨਾਲੇ ਕਿਹੜੀ ਮਹਿੰ ਰੋਟੀ ਟੁਕਰ ਵੇਲੇ ਦੂਜੀ ਵਾਰ ਪਸਮਦੀ ਏ। ਜੇ ਮੈਂ ਭੁਲਦਾ ਨਹੀਂ ਤੇ ਬੰਤੋ ਭੱਤਾ ਲੈ ਕੇ ਦਿਓਰ ਦਾ ਆਈ ਸੀ। ਹਾਲੀਆਂ ਅਜੇ ਹੱਲ ਹੀ ਡੱਕੇ ਸਨ ਕਿ ਬੂਰੀ ਵਾਲੇ ਸੰਤਾਂ ਥਾਪੀ ਮਾਰ ਕੇ ਮੱਝ ਪਸਮਾ ਲਈ ਤੇ ਇਕ ਕਰਮੰਡਲ ਭਰ ਕੇ ਪੀ ਗਿਆ ਸ਼ੇਰ ਦਾ ਪੁੱਤ। ਰਹਿੰਦ ਖੂੰਹਦ ਮਿਲੀ ਸਾਨੂੰ।”

—“ਕੂਤਨੇ ਕੱਢ ਦਿੱਤੇ ਉਨ੍ਹਾਂ ਬੇਗਮਾ ਲੁਹਾਰਨ ਦੇ। ਨੌ ਬਰ ਨੌ ਘੋੜੀ ਵਰਗੀ ਨੱਠੀ ਫਿਰਦੀ ਏ ਨਹੀਂ ਤੇ ਸਾਰੇ ਪਿੰਡ ਦੇ ਮੁੰਡੇ ਉਹਦੇ ਪਿੱਛੇ ਲੱਗੇ ਰਹਿੰਦੇ ਸਨ।” ਚੀਮਾ ਘੁਮਿਆਰ ਆਖ ਰਿਹਾ ਸੀ।

—“ਚੌਧਰੀ ਦੀ ਨੂੰਹ ਵੱਸ ਪਈ ਏ। ਇਹ ਕੋਈ ਝੂਠ ਤੇ ਨਹੀਂ, ਆਹ ਦਸ ਮੀਲ ਦੀ ਗੱਲ ਏ। ਬੰਨੇ ਨਾਲ ਬੰਨਾ ਲੱਗਦਾ ਏ। ਡੰਡਿਆਂ ਦੇ ਡਰ ਨੇ ਉਹਦਾ ਚੰਮ ਸੁਕਾ ਦਿੱਤਾ ਪਰ ਉਹ ਵੀ ਮਾਂ ਦੀ ਧੀ ਇਕ ਦਿਨ ਰਾਸ ਨਾ ਆਈ ਅਜੀਮ ਬੇਗ ਨਾਲ। ਸੰਤਾਂ ਥਾਪੀ ਕੀ ਦਿੱਤੀ ਏ ਹੁਣ ਤੇ ਉਹ ਪੋਟਿਆਂ ਨਾਲ ਤੌੜੀਆਂ ਚਟਦੀ ਫਿਰਦੀ ਏ। ਗੁਲਾਬੋ ਤੋਂ ਹੁਸੈਨੀ ਬਣੀ ਏ ਸੁੱਖ ਨਾਲ। ਚੌਧਰੀ ਬੜਾ ਖੁਸ਼ ਏ। ਅਜੀਮ ਬੇਗ ਪਿਆ ਪੁੱਠੀਆਂ ਛਾਲਾਂ ਮਾਰਦਾ ਫਿਰਦਾ ਏ। ਸਾਰੇ ਬਾਹਰੇ ਵਿਚ ਸੁਹਣੀ ਸੀ ਗੁਲਾਬੋ। ਡੋਲੀ ਵਿਚੋਂ ਕੱਢ ਕੇ ਆਂਦੀ ਸੀ ਚੌਧਰੀ ਨੇ।” ਦਾਣੇ ਚਬਦਿਆਂ ਇਕ ਮੁਸਾਫਰ ਨੇ ਆਖਿਆ।

ਦਾਣਿਆਂ ਦਾ ਫੱਕਾ ਮਾਰਦਿਆਂ ਸ਼ੇਰੂ ਖਾਂ ਬੋਲਿਆ, “ਵਲੀ ਅੱਲਾ ਫਿਰਦੇ ਹਨ ਭੇਸ ਵਟਾਈ ਕਿਕਰ ਖਾਨ ਵਰਗੇ ਜਵਾਨ ਹਨ।”

ਮੁਸਤਫਾ ਦੀ ਅੱਖ ਫਰਕੀ। ਗੇਲੀਆਂ ਵਰਗੇ ਪੱਟ, ਵੰਝਾ ਜਿੱਡੇ ਲੰਮੇ ’ਤੇ ਖੂਹ ਦੀ ਝਲਣੀ ਵਰਗੇ ਨਿਗਾਰ। ਫੌਜ ਵਿਚ ਭਰਤੀ ਹੋ ਜਾਣ ਤੇ ਅਮਾਨ ਨਾਲ ਘਮੁੰਨ ਮਾਰ ਮਾਰ ਕੇ ਦਿੱਲੀ ਦੇ ਸੂਬੇ ਬਣ ਜਾਣ।

—“ਆਹੋ ਭਈ, ਤੇਰੇ ਨਵੇਂ ਨਵੇਂ ਚਾਚੇ ਤਾਏ ਜੁ ਬਣੇ ਹਨ ਮੁਗ਼ਲ। ਤੇਰਾ ਤੇ ਗੁੜ ਵਿਚ ਰੰਬਾ ਏ।” ਸ਼ਿੰਗਾਰਾ ਬੋਲਿਆ।

—“ਸ਼ਿੰਗਾਰਿਆ ਇਸ ਤਰ੍ਹਾਂ ਨਹੀਂ। ਮੈਂ ਸੁਖੀ ਨਹੀਂ। ਅੱਜ ਤੁਸੀਂ ਮੈਨੂੰ ਆਪਣਾ ਭਰਾ ਬਣਾ ਲਓ। ਧਰਮ ਨਾਲ ਮੈਂ ਮੜ੍ਹੀ ਮੁਸਲਮਾਨੀ ਤੇ ਲੱਤ ਮਾਰ ਦਿਆਂ। ਤੁਸਾਂ ਤੇ ਛੇਕ ਦਿੱਤਾ ਏ। ਆਹਲਣਿਓਂ ਡਿੱਗਾ ਬੋਟ ਤੇ ਚੌਂਕਿਓਂ ਉਠਿਆ ਭਰਾ ਮੁੜ ਦਲੀਜ ਦੇ ਅੰਦਰ ਰਲ ਨਹੀਂ ਬੈਠ ਸਕਦਾ। ਹਿੰਦੂ ਦਾ ਧਰਮ ਏ।”

—“ਐਧਰ ਆ, ਅਸੀਂ ਬਣਾ ਲੈਂਦੇ ਹਾਂ ਤੈਨੂੰ ਸਿੱਖ, ਉਠ ਖਾਂ ਗੁਰਮੇਜਿਆ, ਸਦ ਖਾਂ ਗੰਥੀ ਨੂੰ ਤੇ ਪਤਾਸੇ ਘੋਲ ਖਾਂ ਛੰਨੇ ਵਿਚ। ਅੰਮ੍ਰਿਤ ਬਣਾ ਕੇ ਛਕਾ ਦਿਊ। ਮਾਰ ਖਾਂ ਸ਼ਿੰਗਾਰਿਆ ਦੋ ਚਾਰ ਛਿੱਟੇ ਅੰਮ੍ਰਿਤ ਦੇ ਇਹਦੇ ਮੂੰਹ ਤੇ। ਲੈ ਭਈ ਅੱਜ ਤੋਂ ਤੂੰ ਸਾਡਾ ਭਰਾ ਹੋਇਓਂ।

ਭਈ ਅੱਜ ਤੋਂ ਇਹਨੂੰ ਬਦਲਾ ਸਿੰਘ ਆਖਿਉ।" ਇਹ ਇਕ ਜੋਗੀਆ ਰੰਗ ਦੀ ਅਲਫੀ ਦਾ ਚਮਤਕਾਰ ਸੀ।

× × ×

—"ਓਹ ਸਲਾਮਾ ਲੇਕਮ," ਜਮਰੂ ਖਾਂ ਦਾਇਰੇ ਵਿਚ ਬੈਠਦਿਆਂ ਬੋਲਿਆ, "ਬੁਰਛਿਆਂ ਵਰਗੇ ਜੁਆਨ ਹਨ ਜੋਗੀਆਂ ਅਲਫੀਆਂ ਵਾਲੇ ਮੁਸ਼ਟੰਡੇ ਸੰਤ। ਘੋੜੀਆਂ ਤੇ ਖਚਰਾਂ ਵਾਲੇ। ਰਾਤੀਂ ਉਨ੍ਹਾਂ ਡਾਕੂਆਂ ਨੂੰ ਕੁੱਟ ਕੁੱਟ ਕੇ ਵੱਖੀਆਂ ਅੰਦਰ ਪਾ ਦਿੱਤੀਆਂ! ਸੁਦਾਗਰ ਦਿੱਲੀ ਜਾ ਰਹੇ ਸਨ ਤੇ ਖੋਪੀਏ ਦੁੰਬਿਆਂ ਦਾ ਇੱਜੜ ਵੀ ਸਾਡੇ ਪਿੰਡ ਵਿਚ ਆਣ ਥੰਮਿਆ। ਬਕਰੀਦ ਸਿਰ ਤੇ ਆ ਗਈ। ਡੂੰਘੀਆਂ ਤਰਕਾਲਾਂ ਪਈਆਂ ਤੇ ਡਾਕੂਆਂ ਦਾ ਇਕ ਤੁਰਲੀ ਜੱਥਾ ਆਣ ਗੱਜਿਆ। ਮੂੰਹ ਲਹੂ ਲੱਗਾ ਹੋਇਆ ਸੀ। ਕਈ ਵਾਰ ਉਨ੍ਹਾਂ ਪਿੰਡ ਦੇ ਹਟਵਾਣੀਏ ਲੁੱਟੇ। ਕਈਆਂ ਸੁਦਾਗਰਾਂ ਦੀਆਂ ਕੰਨੀਆਂ ਸੱਖਣੀਆਂ ਕੀਤੀਆਂ। ਦੁਰਾਹੇ ਤੇ ਪਿੰਡ ਏ ਨਾ। ਮਹੰਦੇ ਸ਼ਾਹ ਦਾ ਦਾਇਰਾ ਸਾਰੀ ਪੰਜਾਬ ਵਿਚ ਮੰਨਿਆਂ ਪ੍ਰਮੰਨਿਆ ਹੈ ਪਰ ਕਿਸੇ ਨੇ ਚੂੰ ਨਾ ਕੀਤੀ। ਉਨ੍ਹਾਂ ਸੰਤਾਂ ਮਤਹਿਰ ਖੋਹ ਕੇ ਅਜਿਹੀ ਖੁੰਬ ਠੱਪੀ ਕਿ ਅੱਗੇ ਲਾ ਲਿਆ। ਤੋਬਾ ਕਰਵਾਈ ਵੀਹ ਵੀਹ ਵਾਰ। ਸੰਦੇਵੇ, ਛਵ੍ਹੀਆਂ, ਟਕੂਏ ਖੋਹ ਲਏ, ਤੇ ਲੰਮੇ ਪਾ ਕੇ ਚੰਗੀ ਗਿੱਦੜ ਕੁੱਟ ਕੀਤੀ। ਪਿੰਡ ਦਾ ਚੌਧਰੀ ਅਸ਼ ਅਸ਼ ਕਰ ਉਠਿਆ। ਦੂਜੇ ਦਿਨ ਉਹ ਬਾਹਰੇ ਛਟੇ ਫੂਕੇ ਡਾਕੂ ਉਨ੍ਹਾਂ ਦੇ ਛੰਨਿਆ ਤੇ ਲੱਗੇ ਡਿੱਠੇ। ਕਿਸੇ ਨੇ ਅੱਜ ਤੱਕ ਉਨ੍ਹਾਂ ਸੰਤਾਂ ਦਾ ਡੇਰਾ ਨਹੀਂ ਡਿੱਠਾ। ਜੁੱਤੇ ਸੰਤ ਅੱਜ ਤੱਕ ਕਿਸੇ ਦੇ ਨਜ਼ਰੀਂ ਨਹੀਂ ਪਏ। ਕੋਈ ਨਹੀਂ ਜਾਣਦਾ ਕਿ ਇਹ ਸੰਤ ਕੌਣ ਹਨ, ਕਿਥੋਂ ਆਏ, ਕੌਣ ਲੋਕ ਸੰਤਾਂ ਦੀ ਪਿੱਠ ਤੇ ਹਨ। ਮੁਗਲਾਂ ਨਾਲ ਉਨ੍ਹਾਂ ਦੀ ਦੰਦੀ ਟੁਕਵੀਂ ਰੋਟੀ ਏ। ਹਿੰਦੂ ਥਾਲੀਆਂ ਪਰੋਸਦੇ ਹਨ। ਸਿੱਖਾਂ ਦੇ ਲੰਗਰ ਵਿਚ ਵਰਤਾਵੇ ਹਨ। ਸਿੱਖਾਂ ਦੀ ਤਾਕਤ ਦਿਨ ਬਦਿਨ ਵੱਧ ਰਹੀ ਏ। ਦਬੀ ਭੁੱਬਲ ਵਿਚੋਂ ਚੰਗਿਆੜੀਆਂ ਮੂੰਹ ਚੁੱਕ ਚੁੱਕ ਕੇ ਝਾਤੀਆਂ ਮਾਰਦੀਆਂ ਹਨ। ਉਏ ਖੇਹ ਪਾਉ ਇਨ੍ਹਾਂ ਸਾਰੀਆਂ ਗੱਲਾਂ ਤੇ। ਸੌ ਹੱਥ ਰੱਸਾ ਤੇ ਸਿਰੇ ਉੱਤੇ ਗੰਢ। ਸੰਤ ਬੜੇ ਭਲੇ ਲੋਕ ਹਨ।"

—"ਇੱਥੇ ਸਤਰ ਪਰਦਿਆਂ ਦੀ ਲੋਕ ਪ੍ਰਵਾਹ ਨਹੀਂ ਕਰਦੇ। ਬੇਗਮਾਂ ਬੁਰਕਿਆਂ ਵਿਚ ਹੀ ਸੰਘਣੀਆਂ ਉਜਾੜਾਂ ਵਿਚ ਜਾ ਮਿਲਦੀਆਂ ਹਨ। ਟੂਣੇ ਤਵੀਤਾਂ ਦੇ ਧਨੀ ਹਨ। ਹਵੇਲੀਆਂ ਵਿਚ ਬਿਨ ਰੋਕ ਟੋਕ ਅੰਦਰ ਚਲੇ ਜਾਂਦੇ ਹਨ। ਜੋਗੀਆਂ ਰੰਗ ਦੀ ਅਲਫੀ ਵਿਚ ਹੀ ਬਰਕਤ ਏ। ਮੁਲਾਣਿਆਂ ਦੀ ਤੇ ਰੋਟੀ ਚੱਲਣੀ ਮੁਸ਼ਕਲ ਹੋ ਗਈ ਏ। ਤਵੀਤ ਵੀਹਾਂ ਵੀਹਾਂ ਕੋਹਾਂ ਤੋਂ ਲੋਕ ਕਰਵਾਉਣ ਆਉਂਦੇ ਹਨ। ਕੰਨ ਵਿਚ ਮੰਤਰ ਵੀ ਫੂਕਦੇ ਹਨ। ਪਰ ਚੰਗੀ ਪ੍ਰੀਖਿਆ ਤੋਂ ਬਾਅਦ।" ਮੁਲਤਾਨ ਬੋਲ ਰਿਹਾ ਸੀ।

—"ਭੂਤ ਤੇ ਛਲੇਡੇ ਦਾ ਥਾਂ ਥਿਤਾ ਨਹੀਂ। ਕਬਰਾਂ ਵਿਚ ਅੰਗਿਆਰ ਦਹਿਕਦੇ ਸੁਣੇ ਹਨ ਪਰ ਕਿਸੇ ਨੇ ਅੱਖੀਂ ਨਹੀਂ ਡਿੱਠੇ। ਜਿੰਨ ਦਾ ਨਾਂ ਸਾਰਿਆਂ ਦੀ ਜ਼ਬਾਨ ਤੇ ਹੈ ਪਰ ਉਹ ਕਿਸ ਸ਼ਕਲ ਦਾ ਸੀ, ਇਹਦੇ ਵੱਲੋਂ ਕੋਰਾ ਜਵਾਬ ਏ। ਉਨ੍ਹਾਂ ਤੇ ਘੋੜਿਆਂ ਦੇ ਖੁਰ ਦਿਸਦੇ ਹਨ, ਪਰ ਸਵਾਰਾਂ ਦੀ ਦੇਹ ਨਹੀਂ। ਕਈ ਮਨਚਲਿਆਂ ਪਿੱਛਾ ਕੀਤਾ ਪਰ ਸੰਧਿਆ ਹੋਣ ਤੋਂ ਬਾਅਦ ਇਨ੍ਹਾਂ

ਦਾ ਕੋਈ ਖੋਜ ਖੁਰਾ ਨਹੀਂ ਲੱਭਦਾ। ਸੁਣਿਆਂ ਏ ਜਿਹੜਾ ਦੱਖਣ ਵਿਚੋਂ ਕੋਈ ਨਵਾਂ ਗੁਰੂ ਆਇਆ ਏ ਉਹਦੇ ਵੱਸ ਵਿਚ ਬੀਰ ਹਨ ਤੇ ਉਹ ਬੀਰ ਵੈਰੀਆਂ ਦੀ ਜਾਨ ਕਬਜ਼ ਕਰ ਲੈਂਦੇ ਹਨ। ਉਹਦੇ ਤੇ ਕੋਈ ਤਲਵਾਰ, ਤੀਰ ਦਾ ਅਸਰ ਨਹੀਂ ਹੁੰਦਾ। ਉਹਦੀ ਦੇਹ ਈ ਨਹੀਂ ਲੱਭਦੀ। ਮੈਨੂੰ ਤੇ ਇਹ ਸੰਤ ਵੀ ਉਨ੍ਹਾਂ ਦੇ ਚੇਲੇ ਚਾਟੇ ਈ ਜਾਪਦੇ ਹਨ।" ਚੌਧਰੀ ਦੇ ਪੁੱਤ ਦਾ ਇਹ ਅੰਦਾਜ਼ਾ ਸੀ।

—"ਜਬਰੂ ਖਾਂ ਦਾ ਅੱਬਾ ਦੱਸਦਾ ਸੀ ਕਿ ਇਨ੍ਹਾਂ ਦੇ ਇਕ ਗੁਰੂ ਨੇ ਚਾਂਦਨੀ ਚੌਕ ਵਿਚ ਇਹ ਤਕੱਬਰ ਕੀਤਾ ਸੀ ਕਿ ਮੇਰੇ ਤੇ ਤਲਵਾਰ ਦਾ ਕੋਈ ਅਸਰ ਨਹੀਂ ਹੁੰਦਾ। ਤਲਵਾਰ ਨੇ ਗਰਦਨ ਧੜ ਤੋਂ ਵੱਖਰੀ ਕਰ ਦਿੱਤੀ। ਅਸਲ ਵਿਚ ਉਨ੍ਹਾਂ ਨੂੰ ਤਲਵਾਰ ਦੀ ਧਾਰ ਈ ਨਹੀਂ ਡੋਹੀ। ਤਲਵਾਰ ਤੇ ਕਿਸੇ ਦਾ ਲਿਹਾਜ਼ ਨਹੀਂ ਕਰਦੀ, ਉਹਨੂੰ ਕੀ ਹਿੰਦੂ ਤੇ ਮੁਸਲਮਾਨ ਨਾਲ। ਚਲੋ ਚਲੀਏ ਹਨੇਰਾ ਪੈ ਗਿਆ ਏ ਰੋਟੀ ਟੁੱਕਰ ਖਾਈਏ। ਵੇਖਿਆ ਜਾਊ ਜਦੋਂ ਉਹ ਵੇਲਾ ਆਵੇਗਾ। ਅਸਾਂ ਕਿਹੜੇ ਕਲੀਰੇ ਪਾਏ ਹੋਏ ਨੇ। ਵੇਖ ਤਾਂ ਮੇਰੀ ਬਾਂਹ ਦੇ ਮਸਲ"।

× × ×

ਤੂੜੀ ਵਾਲਾ ਇਕ ਕੋਠਾ ਸੀ ਤੇ ਉਹਦੇ ਆਸੇ ਪਾਸੇ ਮੁਸਲ। ਓਸ ਟਿੱਬੇ ਨੂੰ ਪਿੰਡ ਵਾਲੇ ਤੂੜੀ ਵਾਲਾ ਟਿੱਬਾ ਆਖਦੇ ਸਨ। ਮੁਸਲ ਚੌਧਰੀ ਦੇ ਜ਼ਿਆਦਾ ਸਨ ਤੇ ਹਿੰਦੂ ਤੇ ਸਿੱਖ ਮੁਜ਼ਾਰਿਆਂ ਦੇ ਘੱਟ। ਚੌਧਰੀਆਂ ਦੇ ਕੰਮੀ ਕਮੀਣ ਹਿੰਦੂ ਤੇ ਸਿੱਖ ਹੀ ਸਨ। ਬੁੱਤੀਆਂ ਸਾਰੀਆਂ ਸਿੱਖਾਂ ਤੇ ਹਿੰਦੂਆਂ ਦੇ ਜ਼ੁੰਮੇ ਸਨ। ਮੁਸਲਮਾਨ ਆਪਣੇ ਆਪ ਨੂੰ ਹੁਕਮਰਾਨ ਸਮਝਦੇ ਤੇ ਬਾਕੀ ਸਾਰਿਆਂ ਨੂੰ ਗੁਲਾਮ। ਤੂੜੀ ਵਾਲੇ ਦਾ ਸੱਤੀਂ ਵੀਹ ਸੌ ਹੁੰਦਾ ਹੈ। ਦੋ'ਹ ਦਿਨਾਂ ਦਾ ਕੋਠਾ ਸਖਣਾ ਸੀ ਤੇ ਆਸੇ ਪਾਸੇ ਮਿੱਟੀਆਂ ਦੀਆਂ ਭਰੀਆਂ ਪਈਆਂ ਹੋਈਆਂ ਸਨ ਤੇ ਕੋਠੇ ਦੇ ਅੰਦਰ ਗੁੱਝੀਆਂ ਗੱਲਾਂ ਦਾ ਤਾਣਾ ਬਾਣਾ ਸੀ। ਇਕ ਨੁਕਰੇ ਸਰ੍ਹੋਂ ਦੇ ਤੇਲ ਦਾ ਦੀਵਾ ਜਗ ਰਿਹਾ ਸੀ। ਮੁਸਲਾਂ ਦੇ ਬਾਹਰਵਾਰ ਮੜਾਸਾ ਬੰਨ੍ਹੀ ਸੰਤ ਰਾਖੀ ਕਰ ਰਹੇ ਹਨ।

—"ਕੌਣ ?" ਆਵਾਜ਼ ਲਾਗੇ ਹੁੰਦੀ ਜਾ ਰਹੀ ਸੀ।—ਮੈਦਾਨ ਜੰਗ ਦੇ ਬੋਲਿਆਂ ਦੇ ਸ਼ਬਦ ਸਨ। ਜਿਹਦੇ ਤੋਂ ਦੁਸ਼ਮਣ ਦਾ ਪਤਾ ਲੱਗ ਜਾਂਦਾ। ਜਾਂ ਕੋਡ ਵਰਡ ਆਖ ਲਉ।

—"ਸਤ ਬਚਨ, ਜੈ ਅਕਾਲ।" ਅਵਾਜ਼ ਦੂਰ ਹੱਟ ਗਈ।

ਟਿਕ, ਟਿਕ, ਟਿਕ, ਤੂੜੀ ਵਾਲੇ ਕੋਠੇ ਦਾ ਦਰਵਾਜ਼ਾ ਖੜਕਿਆ।

—"ਕੌਣ ਗਿਣਿਆ।" ਅੰਦਰੋਂ ਅਵਾਜ਼ ਆਈ।

—"ਜੁਆਲਾ।"

—"ਕਿੰਨੀਆਂ ਲਾਟਾਂ" ਅੰਦਰ ਦੇ ਬੋਲ ਸਨ।

—"ਸਵਾ ਲੱਖ।"

ਜ਼ਰਾ ਕੁ ਚੀਤ ਹੋਈ ਤੇ ਇਕ ਪਰਛਾਵਾਂ ਅੰਦਰ ਲੰਘਿਆ। ਮੈਂ ਆਖਿਆ ਪਹਿਲਾਂ ਇਨ੍ਹਾਂ ਦੀ ਗੱਲ ਸੁਣ ਲਈਏ। ਇਹ ਆਖ ਉਸ ਪਰਛਾਵੇਂ ਨੇ ਦੀਵੇ ਦੀ ਲੋਅ ਵਿਚ ਮੜਾਸਾ ਖੋਲ੍ਹਿਆ।

ਕੌਣ ? ਸੰਤਣੀ ?

—"ਹੁਕਮਨਾਮੇ ਹਨ, ਸਰਦਾਰਾਂ ਦੇ ਨਾਂ। ਤੁਸਾਂ ਆਪਣੇ ਹੁਕਮਨਾਮੇ ਥਾਉਂ ਥਾਈਂ ਪਹੁੰਚਾ ਦਿੱਤੇ ਹਨ ਤੇ ਇਨ੍ਹਾਂ ਦਾ ਵੀ ਜ਼ੁਮਾ ਲੈ ਲਓ। ਸਵੇਰ ਹੋਣ ਤੱਕ ਇਹ ਮਾਝੇ ਦੇ ਸਰਦਾਰਾਂ ਕੋਲ ਪੁੱਜ ਜਾਣੇ ਚਾਹੀਦੇ ਹਨ। ਇਕ ਹੁਕਮਨਾਮਾ ਮੈਂ ਆਪਣੇ ਜ਼ੁਮੇ ਲੈਂਦੀ ਹਾਂ ਕਪੂਰੀ ਦਾ। ਬਾਕੀ ਸਾਰੇ ਦਿਨ ਦੀ ਟਿੱਕੀ ਪੁੰਗਰਨ ਤੋਂ ਪਹਿਲਾਂ ਮਿਲ ਜਾਣ, ਤਾਂ ਜੋ ਉਹ ਛੇਤੀ ਤਿਆਰੀਆਂ ਕਰ ਲੈਣ। ਤੁਸੀਂ ਵੀ ਕਲ੍ਹ ਤੋਂ ਤਿਆਰੀਆਂ ਸ਼ੁਰੂ ਕਰ ਦਿਓ ਤੇ ਪਰਸੋਂ ਮੱਸਿਆ ਏ। ਹਰਿਮੰਦਰ ਦੀਆਂ ਪ੍ਰਕਰਮਾਂ ਤੇ ਉਜੜਿਆਂ ਬੁੰਗਿਆਂ ਵਿਚ ਅਕਾਲ ਦੇ ਨਾਹਰੇ ਗੂੰਜਣ ਤੇ ਫੇਰ ਸੂਰਮਿਆਂ ਨੂੰ ਬੀਰਤਾ ਦੀ ਪੁੱਠ ਦੇ ਕੇ ਕੀਰਤਪੁਰ ਵੱਲ ਤੋਰ ਦਿੱਤਾ ਜਾਵੇਗਾ।"

—"ਭਈ ਕਮਾਲ ਕਰ ਦਿੱਤੀ ਸੂ ਪਰਸੋਂ ਸੰਤ ਜੀਊਣੇ ਨੇ ਛੁਪਿਆ ਰੁਸਤਮ ਨਿਕਲਿਆ ਏ। ਭੋਰੇ ਵਿਚ ਬੈਠਾ ਈ ਆਲਮ ਬਣ ਗਿਆ। ਕੁਰਾਨ ਦਾ ਹਾਫਿਜ਼ ਜਾਪਦਾ ਏ, ਆਖ ਰਿਹਾ ਸੀ ਇਸਲਾਮ ਵਿਚ ਅਜ਼ਾਬ ਦੇਣਾ ਗੁਨਾਹ ਹੈ। ਗਵਾਂਢੀ ਦਾ ਦਿਲ ਰਾਜ਼ੀ ਕਰਨਾ ਹਜੇ ਅਕਬਰ ਏ ਖੁਦਾ ਦੀ ਖਲਕਤ ਨੂੰ ਭਰਾ ਸਮਝੋ। ਅਮਾਮ ਦੇ ਨਿਵਾਸੀਆਂ ਦਾ ਵਾਸਤਾ ਦੇਂਦਿਆਂ ਉਸ ਆਖਿਆ, ਧਿਆਨ ਦਿਉ। ਧੀਆਂ ਭੈਣਾਂ ਸਭ ਦੀਆਂ ਸਾਂਝੀਆਂ ਹਨ। ਕਮਾਈ ਹੱਕ ਹਲਾਲ ਦੀ। ਹਮਸਾਇਆ ਮੁਸਲਮਾਨ ਨਹੀਂ ਤੇ ਨਾ ਹਿੰਦੂ ਏ, ਪਰ ਭਰਾ ਏ। ਮਾਸੂਮਾਂ ਤੇ ਛੁਰੀ ਨਾ ਫੇਰੋ। ਗ਼ੈਬੀ ਤਾਕਤ ਪਾਸੇ ਭੰਨ ਸੁੱਟੇਗੀ। ਮੁਗ਼ਲ ਹਕੂਮਤ ਦੇ ਚੁਬਾਰੇ ਢਹਿ ਰਹੇ ਸਨ। ਕੰਧਾਂ ਕਿਰ ਰਹੀਆਂ ਨੇ। ਹੌਲਿਆਂ ਤੇ ਆਕੜਾਂ ਨਾ ਭੰਨੋ। ਨਮਾਜ ਪੜ੍ਹੋ, ਰੋਜ਼ੇ ਰੱਖੋ ਤੇ ਦੂਜਿਆਂ ਨੂੰ ਰਖਵਾਉ। ਇਸਲਾਮ ਦੀ ਤਬਲੀਗ ਕਰੋ। ਬੜੀਆਂ ਆਲਮ ਵਾਲੀਆਂ ਗੱਲਾਂ ਸਨ। ਬਹਿਰੂਪੀਏ ਦੇ ਵੀ ਕੰਨ ਕੁਤਰ ਸੁੱਟੇ ਜੀਊਣ ਸਿੰਘ ਨੇ। ਅਸਲ ਵਿਚ ਰਾਜਗੁਰੂ ਦੀ ਗੱਦੀ ਦਾ ਏਸ ਤੇ ਅਸਰ ਏ। ਸੰਤਣੀ ਦੀ ਸੋਹਬਤ ਵਿਚ ਵੀ ਰਿਹਾ ਏ ਜੀਊਣਾ। ਕਿਉਂ ਸੰਤਣੀ ਜੀ ਮਹਾਰਾਜ।"

ਦੋਵੇਂ ਹੱਸ ਪਏ।

—"ਇਹ ਦੱਖਣ ਨਹੀਂ ਪੰਜਾਬ ਏ। ਏਥੇ ਫਾਹੀਆਂ ਗੱਡੀਆਂ ਨੇ ਤੇ ਸ਼ਿਕਾਰੀ ਤਾਕ ਵਿਚ ਏ। ਜ਼ਬਾਨ ਬੰਦ ਏ ਗੱਲ ਕਰਨ ਤੋਂ ਜ਼ਬਾਨ ਤਰਸਦੀ ਏ, ਪਰ ਚੁੱਪ ਏ। ਚੁੱਪ ਫਤਹਿ ਹੈ, ਜ਼ਬਾਨ ਬੰਦੀ ਜਿੱਤ ਦਾ ਨਿਸ਼ਾਨ ਏ। ਜ਼ਬਾਨ ਖੁਲ੍ਹਦਿਆਂ ਹੀ ਕੈਦਖਾਨੇ ਦੀ ਕਾਰਾਗਾਰ। ਜੀਊਣੇ ਤੇ ਸਾਨੂੰ ਬੜਾ ਮਾਣ ਏ। ਸਿੱਖ ਵੀ ਮਾਣ ਕਰਨਗੇ ਜੀਊਣੇ ਤੇ। ਲੋਹਗੜ੍ਹ ਦੇ ਕਿਲੇ ਤੇ ਝੰਡਾ ਜੀਊਣਾ ਹੀ ਲਹਿਰਾਏਗਾ।" ਸੰਤਣੀ ਬੋਲ ਰਹੀ ਸੀ ਤੇ ਉਹਦੀਆਂ ਅੱਖਾਂ ਦੀਵੇ ਦੀ ਲੋਅ ਵਿਚ ਚਮਕ ਰਹੀਆਂ ਸਨ।

—"ਪਿੰਡਾਂ ਵਿਚ ਸੰਤਾਂ ਦੇ ਰੂਪ ਵਿਚ ਤੇ ਭੇਡੂਆਂ ਦੇ ਆਜੜੀ ਬਣ ਕੇ ਮੁਸਲਮਾਨਾਂ ਦੇ ਨਾਲ ਸਰ੍ਹੋਂ ਦਾ ਸਾਗ, ਜਵਾਰ ਦਾ ਆਟਾ ਤੇ ਗੰਨੇ ਲੈਕੇ ਚੌਧਰੀਆਂ ਦੇ ਘਰ ਜਾਓ। ਗੁੜ ਦੀਆਂ ਰੋੜੀਆਂ ਵੰਡੋ ਪਿੰਡ ਪਿੰਡ ਤੇ ਗੁੜ ਦੀ ਰੋੜੀ ਦਾ ਮਤਲਬ ਵੀ ਦੱਸੋ। ਜਿਹੜਾ ਗੁੜ ਦੀ ਰੋੜੀ ਚੁੱਕ ਲਵੇ ਉਹਨੂੰ ਕੀਰਤਪੁਰ ਜ਼ਰੂਰ ਜਾਣਾ ਪਵੇਗਾ। ਘਰ ਘਰ ਵਿਚ ਤੁਹਾਡੀਆਂ ਰੋੜੀਆਂ ਪੁੱਜਣ। ਖੇ ਗਿਆੜੀਆਂ ਵੰਡ ਦਿਓ ਖਲਵਾਨਾਂ ਦੇ ਲਾਗੇ ਲਾਗੇ। ਹਵਾ ਲੱਗਣ ਦੀ ਲੋੜ ਏ ਖਲਵਾਨ ਸੜ

ਕੇ ਸੁਆਹ ਹੋ ਜਾਣਗੇ, ਤੇ ਫਿਰ ਤੁਹਾਡੀ ਜਿੱਤ ਏ। ਪਾਲਕੀਆਂ ਆਪੇ ਚੁੱਕੋ ਤੇ ਕੰਮੀ ਬਣ ਜਾਓ, ਚੌਧਰੀਆਂ ਤੇ ਆਮਲਾਂ ਦੇ। ਸਾਰੀ ਪੰਜਾਬ ਵਿਚ ਖਿਲਰ ਜਾਉ ਤੇ ਸਾਰੀ ਪੰਜਾਬ ਨੂੰ ਇੱਕਠਾ ਕਰ ਲਓ" ਜੀਊਣ ਸਿੰਘ ਬੋਲਿਆ।

ਬਾਹਰ ਖੜਾਕ ਹੋਇਆ। ਤਲਵਾਰਾਂ ਚੱਲ ਪਈਆਂ। ਕੌਣ ? ਚੌਧਰੀ ਦਾ ਪੁੱਤ। ਫੜ ਲਉ ਤੇ ਅੰਦਰ ਡੱਕ ਦਿਓ, ਦੋ ਚਾਰ ਮਛਿਟੀਆਂ ਦੀਆਂ ਭਰੀਆਂ ਖੋਹਲ ਦਿਉ, ਤੇ ਚੌਧਰੀ ਦੇ ਪੁੱਤ ਦੀਆਂ ਮੁਸ਼ਕਾਂ ਬੰਨ੍ਹ ਕੇ ਤੂੜੀ ਵਾਲੇ ਅੰਦਰ ਸੁੱਟ ਦਿਉ। ਮਛਿਟੀਆਂ ਨਾਲ ਕੋਠੇ ਦੀ ਮੜ੍ਹੀ ਬੰਨ੍ਹ ਦਿਉ। ਸਾਰੇ ਲੋਕ ਹਵਾ ਹੋ ਜਾਣ, ਤਾਂ ਦੀਵੇ ਨਾਲ ਅੱਗ ਲਾ ਦਿਉ। ਅੱਗ ਦੀਆਂ ਲਾਟਾਂ ਵਿਚ ਕਿਸੇ ਨੇ ਚੀਕ ਨਾ ਸੁਣੀ ਚੌਧਰੀ ਦੇ ਪੁੱਤ ਦੀ। ਸਾਰੀ ਰਾਤ ਬੁਝਾਂਦੇ ਰਹੇ ਪਿੰਡ ਵਾਲੇ ਲੋਕ ਅੱਗ। ਦਿਨੇ ਖੋਜ ਕਰਨ ਤੇ ਵੀ ਚੌਧਰੀ ਦੇ ਪੁੱਤ ਦਾ ਖੁਰਾ ਖੋਜ ਨਾ ਲੱਭਾ। ਕੁਝ ਪਤਾ ਨਾ ਲੱਗਿਆ ਕਿ ਕਿਹੜੇ ਸ਼ਰੀਕ ਨੇ ਅੱਗ ਲਾਈ ਏ। ਮੁਗਲਾਂ ਦੀਆਂ ਅੱਖਾਂ ਗਹਿਰੀਆਂ ਸਨ।

× × ×

ਕਈਆਂ ਪਿੰਡਾਂ ਵਿਚੋਂ ਵਾਹਰ ਉੱਠੀ ਤੇ ਕਈਆਂ ਕਸਬਿਆਂ ਨੂੰ ਉਨ੍ਹਾਂ ਆਪਣੀ ਲਪੇਟ ਵਿਚ ਲੈ ਲਿਆ। ਵਾਹਰ ਕੰਨੋਂ ਬੋਲੀ ਤੇ ਜ਼ਬਾਨੋਂ ਗੂੰਗੀ ਸੀ। ਰਾਤ ਦੇ ਹਨੇਰੇ ਵਿਚ ਉਨ੍ਹਾਂ ਦੀ ਜ਼ਬਾਨ ਦੇ ਤੰਦੂਏ ਟੁੱਟਦੇ। ਇਸ ਤਰ੍ਹਾਂ ਇਕ ਲੰਮੀ ਸਾਰੀ ਸਾਧ ਸੰਗਤ ਨਾਲ ਸੰਤਾਂ ਦੀ ਜਾਣ ਪਛਾਣ ਹੋਣ ਲੱਗ ਪਈ। ਲੁਟ-ਮਾਰ ਕਰਨ ਵਾਲੇ ਪਹਿਲਾਂ ਹੀ ਬੈਠਕਾਂ ਕੱਢਣ ਡਹੇ ਸਨ। ਚੁਪ ਚੁਪੀਤੇ ਬੋਲ ਕੰਨੋ ਕੰਨੀ ਖੇਤੋਂ ਖੇਤ ਡੰਡੀਉ ਡੰਡੀ, ਸੜਕਾਂ ਦੇ ਪੜਾਵਾਂ ਤੋਂ ਹੁੰਦੇ ਸਾਰੀ ਪੰਜਾਬ ਵਿਚ ਫੈਲ ਗਏ, ਅੱਗ ਦੀਆਂ ਚੰਗਿਆੜੀਆਂ ਵਾਂਗ। ਲੋਕਾਂ ਹਾਣ ਪ੍ਰਵਾਣ ਦੇਖ ਕੇ ਜਵਾਨ ਕੁੜੀਆਂ ਦੇ ਹੱਥ ਪੀਲੇ ਕਰ ਦਿੱਤੇ। ਕਈ ਡੋਲੀਆਂ ਆਈਆਂ ਤੇ ਗਈਆਂ। ਚੀਰੇ ਬੰਨ੍ਹੀ ਲਾੜੇ ਆਪਣੀਆਂ ਵਹੁਟੀਆਂ ਨੂੰ ਲੈ ਕੇ ਰਾਹ ਪਏ। ਪਰ ਇਸ ਦਬੀ ਜ਼ਬਾਨ ਦੇ ਬੋਲ ਇਕ ਦਿਨ ਗੂੰਜ ਉਠੇ।

ਸਰਹਿੰਦ ਵਿਚ ਨਿਰਦੋਸ਼ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚੁਣਿਆ ਗਿਆ ਸੀ। ਮਾਸੂਮਾਂ ਦੀਆਂ ਆਹਾਂ ਨੂੰ ਦੀਵਾਰ ਵਿਚ ਡੱਕ ਦਿੱਤਾ। ਉੱਚੇ ਬੁਰਜ ਵਿਚ ਮਾਤਾ ਦੇ ਹੌਕੇ, ਹਾਵੇ, ਹਿਚਕੀਆਂ ਤੇ ਵੈਣ ਅਜੇ ਵੀ ਕੈਦ ਹਨ। ਘਰਾਂ ਵਿਚੋਂ ਧੂ ਧੂ ਕੇ ਕਤਲ ਕੀਤੇ ਗਏ ਸਿੱਖ। ਸ਼ਗਨਾਂ ਵਾਲੀਆਂ ਮਹਿੰਦੀਆਂ ਵਿਸ਼ੇ ਦੇ ਲਹੂ ਨਾਲ ਰੰਗੀਆਂ ਗਈਆਂ। ਅੱਧ ਖਿੜੀਆਂ ਕਲੀਆਂ ਨੂੰ ਖਿੜਨ ਤੋਂ ਪਹਿਲਾਂ ਹੀ ਤੋੜ ਮਰੋੜ ਦਿੱਤਾ। ਅਸਮਤ ਦਾ ਭਰੀ ਮਹਿਫਲ ਵਿਚ ਸ਼ਿੰਗਾਰ ਇਸਲਾਮ ਈ ਤਾਂ ਹੈ। ਇਨ੍ਹਾਂ ਦੋਜ਼ਖੀ ਕੁੱਤਿਆਂ ਨੂੰ ਵੇਲਣੇ ਵਿਚ ਪੀੜ ਦਿਉ। ਬਕਰੇ ਵਾਂਗੂੰ ਅੱਗ ਤੇ ਪੁੱਠਾ ਕਰ ਕੇ ਟੰਗ ਦਿਉ ਤੇ ਕਬਾਬ ਵਾਂਗੂੰ ਭੁੰਨੋ। ਬੁਲਬੁਲਾਂ ਦੇ ਪੈਰਾਂ ਹੇਠ ਕੋਲੇ ਰੱਖ ਦੇਣੇ ਇਸੇ ਦਾ ਨਾਂ ਇਨਸਾਨੀਅਤ ਏ। ਇਕ ਜਰਨੈਲ ਆਇਆ ਏ ਦੱਖਣ ਵਿਚੋਂ ਗੁਰਾਂ ਦਾ ਭੇਜਿਆ। ਪੰਜਾਬ ਦੀਆਂ ਹੱਦਾਂ ਵਿਚ ਪੁੱਜ ਗਿਆ ਹੈ। ਧਰਮ ਯੁੱਧ ਵਿਚ ਹਿੰਦੂ ਸਿੱਖ ਦਾ ਧਰਮ ਏ ਯਥਾ ਸ਼ਕਤੀ ਆਹੂਤੀ ਪਾਵੇ। ਛੱਡੋ ਭਰਾਵੋ ਘਰ ਦੇ ਕੰਮ ਧੰਦੇ। ਫਸਲਾਂ ਨੂੰ ਖੇਤਾਂ ਵਿਚ ਹੀ ਰਹਿਣ ਦਿਉ। ਕਪਾਹ ਚੁਣਨ ਦੀ ਲੋੜ

ਨਹੀਂ। ਮਾਮਲੇ ਦਿੱਤੇ ਜਾਣਗੇ। ਰਾਹ ਆਣ ਕੇ ਇੱਕਠੇ ਪਾਵਾਂਗੇ। ਕਮਾਦ ਨੂੰ ਗੰਡੀ ਦੀ ਲੋੜ ਨਹੀਂ। ਕਾਲੀਆਂ ਭੇਡਾਂ ਦੇ ਮੂੰਹ ਡੰਮ੍ਹੋ। ਜਦੋਂ ਭੂੰਡਾਂ ਦੇ ਖੱਖਰ ਵਿਚ ਹੱਥ ਪਾਉਣਾ ਏ ਤੇ ਫਿਰ ਡਰ ਕਿਸ ਗੱਲ ਦਾ। ਛੱਡੋ ਇਨ੍ਹਾਂ ਹਵੇਲੀਆਂ ਦੇ ਡਰ ਨੂੰ। ਜਿਸ ਘਰ ਵਿਚ ਚਾਰ ਬੰਦੇ ਹਨ ਦੋ ਘਰ ਦੀ ਰਾਖੀ ਕਰਨ ਤੇ ਦੋ ਕੀਰਤਪੁਰ ਪੁੱਜ ਜਾਣ। ਜੱਥੇ ਦੇ ਨਾਲ ਰਲ ਕੇ, ਸਰਹਿੰਦ ਮਾਰੋ ਤੇ ਹੱਥ ਰੰਗੋ। ਬੜੀਆਂ ਦੌਲਤਾਂ ਹਨ ਸਰਹਿੰਦ ਵਿਚ। ਰਾਹ ਖਰਚੀ ਪੱਲੇ ਬੰਨ੍ਹੋ ਤੇ ਜੱਥੇ ਨਾਲ ਰਲ ਪਵੋ, ਪਰ ਤਲਵਾਰਾਂ ਨੂੰ ਸਾਣ ਵਖਾ ਲੈਣੀ। ਨੇਜ਼ਿਆਂ ਦੇ ਮੂੰਹ ਨੂੰ ਜ਼ਹਿਰ ਦੀ ਪੁੱਠ ਦੇ ਕੇ ਘਰੋਂ ਨਿਕਲਿਓ। ਕਮਾਦਾਂ ਵਿਚੋਂ ਜੰਗਾਲੀਆਂ ਛਵ੍ਹੀਆਂ ਕੱਢ ਲਵੋ। ਪੰਜਾਬ ਜਿੱਤੋ ਤੇ ਮੌਜਾਂ ਮਾਣੋ। ਚੱਲੋ ਸਿੰਘੋ ਕੀਰਤਪੁਰ। ਇਹ ਬੋਲ ਹੌਲੀ ਹੌਲੀ ਪੰਜਾਬ ਦੀਆਂ ਜੂਹਾਂ ਵਿਚ ਇਸ ਤਰ੍ਹਾਂ ਫੈਲਦੇ ਗਏ ਜਿਸ ਤਰ੍ਹਾਂ ਅਸਮਾਨ ਤੇ ਲਾਲ ਹਨੇਰੀ।

—"ਜਾਂ ਸੰਤ ਫੜੇ ਗਏ ਜਾਂ ਸਰਹਿੰਦ ਜਿੱਤ ਗਏ। ਜੱਸਾ ਸਿੰਘ ਨੇ ਦੂਜੇ ਸਾਥੀ ਨੂੰ ਆਖਿਆ।"

ਜਿਨ੍ਹਾਂ ਦਾ ਘਰ ਲੁੱਟੀਏ ਤੇ ਪੱਗ ਨੂੰ ਹੱਥ ਪਾਈਏ ਤੇ ਉਹ ਹੁਣ ਹਕੂਮਤ ਦੇ ਅਹਿਲਕਾਰ ਉਹ ਨਾਕੇ ਬੰਦ ਨਹੀਂ ਕਰ ਦਿੰਦੇ। ਮਾਰ ਮਾਰ ਕੇ ਸੂਹ ਖਣਾ ਦਿੰਦੇ ਨੇ। ਸੁਣਿਆ ਏ ਪਤਣਾਂ ਤੇ ਤਲਾਸ਼ੀਆਂ ਹੋਣ ਲੱਗ ਪਈਆਂ ਨੇ। ਸ਼ੇਰ ਸ਼ਾਹ ਵਾਲੀ ਸੜਕ ਤੇ ਚੌਂਕੀਆਂ ਬੈਠ ਗਈਆਂ ਹਨ। ਸਰਾਵਾਂ ਵਿਚ ਪੁੱਛ ਗਿੱਛ ਹੋਣ ਲੱਗ ਪਈ ਏ। ਚਾਨਣ ਮੁਨਾਰਿਆਂ ਤੇ ਮਸ਼ਾਲਚੀ ਮਸ਼ਾਲ ਨਹੀਂ ਬਾਲਦਾ। ਸ਼ੱਕੀ ਆਦਮੀ ਗ੍ਰਿਫਤਾਰ ਕੀਤੇ ਜਾ ਰਹੇ ਹਨ। ਕੀਰਤਪੁਰ ਪੁੱਜਣਾ ਕਿਹੜਾ ਰਾਹ ਤੇ ਪਿਆ ਹੋਇਆ ਏ।

—"ਘਬਰਾਉ ਨਾ ਮੈਂ ਇਨ੍ਹਾਂ ਦੀਆਂ ਰੋਕਾਂ ਰੋਕੀਆਂ ਸੀ। ਤੁਸੀਂ ਤਿਆਰ ਹੋਵੋ ਤੇ ਬਾਕੀ ਮੇਰੇ ਜ਼ੁੰਮੇ।" ਸੰਤਣੀ ਨੇ ਹੌਲੀ ਜਿਹੀ ਕੰਨ ਵਿਚ ਆਖਿਆ।

ਮੱਸਿਆ ਜਾਣ ਵਾਲੀਆਂ ਸੰਗਤਾਂ ਜਾ ਰਹੀਆਂ ਹਨ। ਬੋਲ ਉਡਦੇ ਉਡਦੇ ਕਫ਼ੂਰ ਵਾਂਗੂੰ ਫੈਲ ਰਹੇ ਸਨ। ਪਿੰਡਾਂ ਵਿਚ ਪੱਲੇ ਫੇਰੇ ਗਏ। ਨਿਤਰੋ ਸੂਰਮਿਓ ਸ਼ਹੀਦ ਹੋਣ ਲਈ। ਦੇਸ਼ ਨੂੰ ਅੱਜ ਤੁਹਾਡੀ ਲੋੜ ਏ। ਹਰਿਮੰਦਰ ਦੀ ਪ੍ਰਕਰਮਾ ਵਿਚ, ਗੋਇੰਦਵਾਲ, ਤਰਨਤਾਰਨ ਤੇ ਬਾਬੇ ਬਕਾਲੇ ਇਸੇ ਤਰ੍ਹਾਂ ਦੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਸਨ। ਲੰਗਰ ਵਿਚ ਸੰਗਤਾਂ ਦੇ ਦਿਲ ਪਾਟ ਕੇ ਦੋ ਹੋ ਗਏ। ਘਰ ਦਾ ਮੋਹ ਟੁੱਟ ਗਿਆ। ਤਲਵਾਰਾਂ ਦੇ ਕਬਜ਼ਿਆਂ ਤੇ ਹੱਥ ਰੀਝ ਪਏ। ਛਵ੍ਹੀਆਂ ਤੋਲਣ ਤੇ ਗਭਰੂ ਕਚੀਚੀਆਂ ਵੱਟਣ ਲੱਗ ਪਏ। ਲੁਕੇ ਨਸੇ ਸਿੰਘ ਜੰਗਲਾਂ ਵਿਚੋਂ ਨਿਕਲ ਪਏ। ਅਕਾਲ ਅਕਾਲ ਕਰਦਿਆਂ ਉਨ੍ਹਾਂ ਘੋੜਿਆਂ ਨੂੰ ਨਿਹਾਰੀਆਂ ਚਾਰੀਆਂ। ਚਰਨਾਮਤ ਨੂੰ ਬੀਰਤਾ ਦੀ ਪੁੱਠ ਦੇ ਕੇ ਨਵੇਂ ਸਿਰਿਓਂ ਗੁੜ੍ਹਤੀਆਂ ਦਿੱਤੀਆਂ ਗਈਆਂ। ਸਿਰਾਂ ਤੇ ਕਫ਼ਨੀਆਂ ਬੰਨ੍ਹ ਕੇ ਗਭਰੂ ਮੱਸਿਆ ਵੇਖਣ ਗਏ ਤੇ ਜੱਥੇ ਨਾਲ ਰਲ ਗਏ। ਅਕਾਲ ਤਖਤ ਦੀ ਸਰਦਲ ਤੇ ਜਿਸ ਸੀਸ ਨਿਵਾਇਆ ਢਾਲ ਤਲਵਾਰ ਤੇ ਤੀਰਾਂ ਦੀ ਪਰਸ਼ਾਦੀ ਮਿਲੀ।

ਰਾਮ ਬਾਗ ਦੇ ਬਾਹਰ ਵਾਰ ਘੋੜ ਮੰਡੀ ਲੱਗੀ ਹੋਈ ਸੀ। ਇਕ ਬੂਤਰਿਆ ਵਛੇਰਾ ਤੇ ਦੋ ਸਾਨ੍ਹ ਜਿਨ੍ਹਾਂ ਨੂੰ ਸ਼ਰਾਬ ਵਿਚ ਮਸਤ ਕੀਤਾ ਹੋਇਆ ਸੀ ਛੱਡ ਦਿੱਤੇ ਤੇ ਰੌਲਾ ਪਾ ਦਿੱਤਾ ਕਿ ਡਾਕੂ ਪੈ ਗਏ। ਫੜ ਲਓ ਫੜ ਲਓ ਹੋ ਗਈ। ਘੜੀ ਵਿਚ ਸਾਰੀ ਮੰਡੀ ਵਿਚ ਭੂਤਨੇ ਨੱਚ ਪਏ। ਖਬੀਖਾਨ ਆਪਣੇ ਘੋੜੇ ਛੱਡ ਕੇ ਜਾਨ ਲੈ ਨੱਠੇ। ਘੋੜਿਆਂ ਦੇ ਤੰਦ ਟੁੱਟ ਗਏ। ਜਿਹਦੇ ਹੱਥ ਜੋ ਘੋੜਾ ਚੜ੍ਹਿਆ ਲੈ ਕੇ ਉਸ ਕੀਰਤਪੁਰ ਨੂੰ ਸੇਧ ਰੱਖ ਲਈ। ਇਸ ਕਾਂਡ ਮਗਰ ਇਕ ਬੁੱਢੇ ਜਿਹੇ ਸੰਤ ਦਾ ਹੱਥ ਸੀ ਜਾਂ ਲੁਕੀ ਛਿਪੀ ਸੰਤਣੀ ਹੱਥ ਪੈਰ ਮਾਰ ਰਹੀ ਸੀ। ਹਟਵਾਣੀਏ ਖੱਚਰਾਂ ਲੱਦੀ ਘਰ ਪੂਰੀ ਮਾਣੀ ਕਣਕ ਜਵਾਰ ਜਾਂ ਬਾਜਰਾ ਲੈ ਆਏ। ਗੁੜ ਦੀਆਂ ਰੋੜੀਆਂ ਕਿਸੇ ਦੀ ਟੋਕਰੀ ਵਿਚ ਸਨ। ਘਿਓ ਦੇ ਕੁੱਪੇ ਖੋਤਿਆਂ ਤੇ ਲੱਦੇ ਗਏ ਤੇ **ਸਮਾਣੇ** ਵੱਲ ਵਪਾਰੀਆਂ ਦੇ ਰੂਪ ਵਿਚ ਹਟਵਾਣੀਏ ਚੱਲ ਪਏ! ਚੌਂਕੀਆਂ ਦੇਂਦੇ ਅਜੇ ਆਪਣੇ ਟਿਕਾਣੇ ਨਹੀਂ ਸਨ ਪੁੱਜੇ ਕਿ ਸਿੰਘਾਂ ਨੂੰ ਵੀ ਸੂਹੀਆਂ ਦੀ ਹੱਥੀਂ ਖਬਰ ਲੱਗ ਗਈ। ਮਾਝੇ ਵਿਚੋਂ ਆਮਲ ਚੌਧਰੀ ਆਪਣੇ ਲਾਗੀ ਪਠਾਣਾਂ ਨੂੰ ਨਾਲ ਤੋਰ ਕੇ ਰਸਦ ਤੇ ਜਿਨਸ ਆਪਣੇ ਪਰਗਣੇ ਵਿਚੋਂ ਇਸ ਤਰ੍ਹਾਂ ਇਕੱਠੀ ਕਰ ਕੇ ਤੇ ਕੁਝ ਆਮਲ ਤੇ ਸਰਕਾਰੀ ਮੋਦੀ ਖਾਨਿਆਂ ਵਿਚੋਂ ਤੇ ਕੁਝ ਹਟਵਾਣੀਆਂ ਦੀਆਂ ਹੱਟੀਆਂ ਲੁੱਟ ਕੇ ਸਮਾਣੇ ਭੇਜ ਰਹੇ ਹਨ। ਸਿੱਖ ਰਾਤੀਂ ਪੈ ਗਏ। ਦੋ ਪਠਾਣ ਨੱਠ ਗਏ। ਬਾਕੀ ਸਾਰੇ ਮੈਦਾਨ ਦਾ ਸ਼ਿੰਗਾਰ ਬਣੇ। ਕਈ ਖੱਚਰਾਂ ਖੋਤੇ ਤੇ ਜਿਨਸਾਂ ਦੀਆਂ ਛਟਾਂ ਸਿੱਖਾਂ ਖੋਹ ਲਈਆਂ। ਵਪਾਰੀ ਪਰੇ ਹੋ ਕੇ ਖੜੇ ਗਏ। ਮੁੜ ਉਹ ਵਪਾਰੀ ਨਾ ਲੱਭੇ ਨਾ ਉਹ ਖੋਤੇ ਤੇ ਨਾ ਖੱਚਰਾਂ। ਇਹ ਵੀ ਚਾਲ ਉਸੇ ਸੰਤ ਦੀ ਸੀ।

ਰਸਤੇ ਬੰਦ ਸਨ ਤੇ ਲੋਕ ਬੜੇ ਔਖੇ ਸਨ। ਮੌਲੀ ਦੀਆਂ ਅੱਟੀਆਂ, ਕੇਸਰੀ ਰੰਗ ਦੇ ਚੋਲੇ, ਸੁੱਖਣਾਂ ਦੀਆਂ ਗੰਢਾਂ ਸਿਰ ਤੇ ਰੱਖ ਕੇ ਜੈ ਮਾਤਾ, ਜੈ ਦੁਰਗਾ ਕਰਦੇ ਵੈਸ਼ਨੋ ਦੇਵੀ ਨੂੰ ਜਾ ਰਹੇ ਸਨ। ਅਸਲ ਵਿਚ ਇਹ ਭੇਸ ਵਟਾਣਾ ਮੁਗਲਾਂ ਦੀ ਅੱਖ ਵਿਚ ਘੱਟਾ ਪਾਣਾ ਸੀ। ਜੈਕਾਰੇ ਮਾਰਦੀਆਂ ਸੰਗਤਾਂ ਹੁਸ਼ਿਆਰਪੁਰ ਥਾਣੀਂ ਮਾਤਾ ਦੇ ਦਰਸ਼ਨਾਂ ਨੂੰ ਜਾ ਰਹੀਆਂ ਸਨ। ਕਈ ਜੱਥੇ ਲੰਘ ਰਹੇ ਸਨ। ਕਈ ਜਾਂਦੇ ਕਈ ਆਂਦੇ। ਇਸ ਗੜਬੜ ਗੁਟਾਲੇ ਵਿਚ ਕਈ ਸਿੱਖ ਤੇ ਹਿੰਦੂ ਕੀਰਤਪੁਰ ਪੁੱਜ ਗਏ। ਸਤਿਗੁਰ ਦੇ ਹੁਕਮਨਾਮੇ ਜਿਨ੍ਹਾਂ ਸਰਦਾਰਾਂ, ਆਮਲਾਂ ਜਾਂ ਜਗੀਰਦਾਰਾਂ ਨੂੰ ਮਿਲੇ ਸਨ। ਅੰਦਰ ਖਾਨਿਓਂ ਉਨ੍ਹਾਂ ਸ਼ਮਤਰਾਂ ਦੀ ਮਦਦ ਕੀਤੀ ਤੇ ਕੁੱਝ ਤਨਖਾਹੀ ਆਦਮੀ ਕੀਰਤਪੁਰ ਭੇਜੇ ਤੇ ਕਈ ਜੱਥਿਆਂ ਦੇ ਆਗੂ ਵੀ ਸਨ।

ਪੁਰਾਣੀਆਂ ਹੱਥਕੜੀਆਂ ਟੁੱਟੀਆਂ। ਕੈਦਖਾਨਿਆਂ ਵਿਚ ਰਿਸ਼ਵਤਾਂ ਦੇ ਬਜ਼ਾਰ ਗਰਮ ਹੋ ਗਏ। ਕੁਤਵਾਲਾਂ ਨੂੰ ਮੂੰਹ ਮੰਗੀਆਂ ਮੁਰਾਦਾਂ ਮਿਲੀਆਂ। ਬੇੜੇ ਤ੍ਰੁਸੇ ਗਏ, ਲੁਹਾਰਾਂ ਨੇ ਛੈਣੀਆਂ ਤਿੱਖੀਆਂ ਕਰ ਕੇ ਹੱਥਕੜੀਆਂ ਦੇ ਟੋਟੇ ਕੀਤੇ। ਹਰਮਾਂ ਵਿਚੋਂ ਸੰਧੂਰ ਪੂੰਝਦੀਆਂ ਮੁਟਿਆਰਾਂ ਬੁਰਕੇ ਪਾ ਕੇ ਸੰਤਾਂ ਦੀ ਚਰਨੀ ਆਣ ਲੱਗੀਆਂ ਤੇ ਚੁੰਨੀ ਦਾ ਪੱਲਾ ਕਟਾਰ ਦੀ ਧਾਰ ਬਣ ਗਿਆ। ਸਾਂਘੇ ਲੈ ਕੇ ਉੱਠ ਤੁਰੇ ਖੇਤਾਂ ਦੇ ਰਾਜੇ। ਵਹਿੜਾਂ ਅਵਾਰਾ ਹੋਇਆ ਤੇ ਮੁਸਲਮਾਨਾਂ ਕਬਾਬ ਜ਼ਾਇਕੇ ਲਾ ਲਾ ਖਾਧੇ। ਸ਼ਰਾਬ ਦੀਆਂ ਭੱਠੀਆਂ ਦਿਨ ਦਿਹਾੜੇ ਚੜ੍ਹਨ ਲੱਗ ਪਈਆਂ। ਪਿੰਡਾਂ ਦੇ ਚੌਧਰੀ ਸ਼ਰਾਬ

ਦੇ ਨਸ਼ੇ ਵਿਚ ਚੂਰ ਹੋ ਗਏ। "ਕਬਾਬ ਖਾਣ ਦਾ ਮਜ਼ਾ ਥੋੜ੍ਹੇ ਦਿਨਾਂ ਤੋਂ ਖਬਰੇ ਕਿਓਂ ਆਣ ਲੱਗ ਪਿਆ ਏ" ਕਈਆਂ ਚੌਧਰੀਆਂ ਦੇ ਬੋਲ ਸਨ।

ਬਣਾਉਟੀ ਡੋਲੀਆਂ ਚੁੱਕੀਆਂ ਗਈਆਂ। ਕਹਾਰ ਮਗਰ ਲੱਗ ਗਏ। ਫਰਜ਼ੀ ਜੋੜ, ਕੋਈ ਮੁਕਲਾਵਾ ਲੈ ਕੇ ਆ ਰਿਹਾ ਏ। ਕੋਈ ਸੋਹਰਿਉਂ ਆ ਰਹੀ ਏ। ਕੋਈ ਭੱਤਾ ਲੈ ਕੇ ਜਾ ਰਹੀ ਏ। ਕਿਸੇ ਨੇ ਪੈਰਾਂ ਦੇ ਥੱਲੇ ਅੱਡੀਆਂ ਨੂੰ ਗੂਹੜੀਆਂ ਮਹਿੰਦੀਆਂ ਲਾਈਆਂ ਨੇ। ਕੋਈ ਕੋਠੇ ਤੇ ਫੁਲਕਾਰੀ ਦੀ ਕੰਨੀ ਵਿਚੋਂ ਗੋਰਾ ਜਿਹਾ ਮੂੰਹ ਕੱਢ ਕੇ ਝਾਤੀ ਮਾਰ ਰਹੀ ਏ। ਕੋਈ ਵਾਲ ਸੁਕਾਉਣ ਕੋਠੇ ਤੇ ਬਹਿ ਗਈ। ਗਿੱਧੇ ਦੇ ਪਿੜ ਵਿਚੋਂ ਖਿੱਚੀ ਜ਼ਬਾਨ ਤੇ ਫਿਰ ਬੋਲ ਗੂੰਜ ਉੱਠੇ। ਗਿੱਧੇ ਦੇ ਪਿੜ ਦੀ ਘੁਣਘਾਰ ਪਿੰਡ ਦੀਆਂ ਜੂਹਾਂ ਵਿਚ ਗੂੰਜੀ। ਕੋਈ ਨਾਚੀ ਦੇ ਰੂਪ ਵਿਚ ਸਿਜਦੇ ਕਰਨ ਚੱਲੀ ਗਈ। ਕੋਈ ਅਤਰ ਫਲੇਲ ਦੀ ਮਹਿਕ ਤੇ ਰੀਝ ਪਈ। ਕਈਆਂ ਨੇ ਜਵਾਨੀ ਦੇ ਉਭਾਰ ਨੂੰ ਸੰਗੀਨਾਂ ਦੇ ਤੁੱਲ ਕਰ ਲਿਆ। ਜ਼ੁਲਫਾਂ ਦੇ ਵਾਲ ਖਿਲਰ ਗਏ। ਸਾਰੀ ਰਾਤ ਉਨ੍ਹਾਂ ਨੇ ਆਪਣੀ ਗੋਦ ਵਿਚ ਪੈਂਚ ਤੇ ਆਮਲ ਨੂੰ ਹੁਸਨ ਤੇ ਇੱਸ਼ਕ ਦਾ ਵਾਸਤਾ ਦੇ ਕੇ ਕੋਲ ਬਠਾਈ ਰੱਖਿਆ। ਦਿਨ ਚੜ੍ਹਦਾ ਕਿਸੇ ਚੌਧਰੀ ਨਾ ਡਿੱਠਾ। ਝੁੱਲਦੇ ਪਰਛਾਵੇਂ ਉਹ ਦੀਆਂ ਅੱਖਾਂ ਸਾਹਮਣੇ ਰਹੇ। ਹਾਸਾ ਗੋਰੀਆਂ ਦੇ ਬੁਲ੍ਹਾਂ ਤੇ ਖਿੜਿਆ ਤੇ ਸ਼ਰਾਬ ਦੀਆਂ ਪਿਆਲੀਆਂ ਹਾਕਮਾਂ ਦੀਆਂ ਬੁਲ੍ਹੀਆਂ ਨਾਲ। ਮੀਨਾ ਬਜ਼ਾਰ ਲੱਗਾ ਹੋਇਆ ਸੀ ਪਿੰਡਾਂ ਵਿਚ, ਕਿਸੇ ਨੇ ਅੱਖ ਪੁੱਟ ਕੇ ਨਾ ਵੇਖੀ ਕੌਣ ਆਇਆ ਏ। ਕਿਹੜਾ ਤੁੱਰ ਗਿਆ ਏ। ਇਹ ਸੰਤਾਂ ਦੇ ਉਪਦੇਸ਼ ਦਾ ਅਸਰ ਸੀ। ਹੁਸੈਨੀ ਬੇਗਮਾਂ ਤੇ ਸੰਤਣੀ ਇਸ ਜੱਥੇ ਦੀਆਂ ਆਗੂ ਸਨ।

ਸੰਤਣੀ ਆਖ ਰਹੀ ਸੀ ਸਭ ਮੁਟਿਆਰਾਂ ਦਾ ਅਨੰਦ ਕਾਰਜ ਹੋ ਜਾਵੇਗਾ। ਲੋਹਗੜ੍ਹ ਜਿੱਤਣ ਤੇ, ਸਰਹਿੰਦ ਮਾਰਦਿਆਂ ਹੀ ਤੁਹਾਨੂੰ ਜੀਵਨ ਸਾਥੀ ਚੁਨਣ ਦਾ ਹੱਕ ਹੋਵੇਗਾ। ਸਾਰੀ ਸਮਾਜ ਵਿਚੋਂ ੬੦ ਆਦਮੀ ਕੱਢ ਲੈਣੇ ਕੋਈ ਮੁਸ਼ਕਲ ਨਹੀਂ। ਚੱਲੋ ਤੁਹਾਡੇ ਹੀ ਕਹਿਣ ਤੇ ਅਸੀਂ ਸੱਠਾਂ ਦੀ ਕੁਰਬਾਨੀ ਦੇ ਕੇ ਪੰਜਾਬ ਦੀਆਂ ਅਲ੍ਹੜ ਮੁਟਿਆਰਾਂ ਦੀ ਇੱਜ਼ਤ ਬਚਾ ਸਕਦੇ ਹਾਂ। ਪੰਜਾਬ ਦੀ ਔਰਤ ਦੀ ਇੱਜ਼ਤ ਬਚ ਜਾਵੇਗੀ। ਦੇਸ਼ ਹਰ ਇਕ ਦਾ ਏ। ਦੇਸ਼ ਵਾਸਤੇ ਸਭ ਕੁੱਝ ਕਰਨਾ ਧਰਮ ਏ। ਸਾਡੇ ਕੋਲ ਘੋੜੇ ਤੋਪਾਂ ਨਹੀਂ, ਤੋਪਾਂ ਅਸੀਂ ਅੱਖੀਂ ਨਹੀਂ ਡਿੱਠੀਆਂ, ਰਸਦ ਸਾਡੇ ਕੋਲ ਨਹੀਂ। ਤੋਪਾਂ ਦਾ ਮੁਕਾਬਲਾ ਕਰਨਾ ਖਾਲਸਾ ਜੀ ਦਾ ਘਰ ਨਹੀਂ। ਜਵਾਨਾਂ ਨੂੰ ਆਪਣੀ ਹੱਥੀਂ ਤੋਰੋ। ਰੱਖੜੀਆਂ ਭੈਣੋਂ ਆਪਣੇ ਵੀਰਾਂ ਨੂੰ ਤੇ ਜੰਗ ਵਿਚ ਜਾਣ ਲਈ ਤਿਲਕ ਲਾਓ।

ਕਈ ਕਬੂਤਰੀਆਂ ਦੇ ਖੰਭ ਮਰੋੜੇ ਗਏ। ਸ਼ਗਨਾਂ ਵਾਲੀ ਰਾਤ ਬਿਰਹਨ ਬਣ ਗਈ। ਗਾਨੇ ਹੱਥੀਂ ਬੱਝੇ ਰਹਿ ਗਏ ਤੇ ਮਾਹੀ ਨੇ ਰਕਾਬ ਤੇ ਪੈਰ ਰੱਖ ਦਿੱਤਾ। ਉਲੀਆਂ ਲੱਥੀਆਂ ਤਲਵਾਰ ਦੀਆਂ। ਬੁਰਕਿਆਂ ਵਿਚੋਂ ਪਦਮਣੀਆਂ ਕੁੱਦ ਪਈਆਂ। ਤੇਗਾਂ ਨੇ ਜੀਭਾਂ ਕੱਢੀਆਂ, ਤਲਵਾਰਾਂ ਨੇ ਘੁੰਡ ਲਾਹ ਲਏ ਤੇ ਪਿੜ ਵਿਚ ਨੱਚਣ ਨੂੰ ਕਾਹਲੀਆਂ ਪੈਣ ਲੱਗੀਆਂ।

੧੫

ਬੁਰਜ ਢਹਿ ਗਏ

ਪੰਜਾਬ ਦੀਆਂ ਜੂਹਾਂ ਵਿਚ ਬੰਦੇ ਬਹਾਦਰ ਨੇ ਪੈਰ ਕੀ ਪਾਇਆ, ਮੁਸਲਮਾਨ ਥਰ ਥਰ ਕੰਬੇ ਪਰ ਉਹਦੇ ਸਾਹਮਣੇ ਇਨੀਆਂ ਔਕੜਾਂ ਖੜੀਆਂ ਕਰ ਦਿੱਤੀਆਂ ਕਿ ਉਹਦੇ ਵਾਸਤੇ ਸਾਹ ਲੈਣਾ ਔਖਾ ਹੋ ਗਿਆ। ਨਿਹੱਥੇ ਪਰੇਮੀ ਸਿੰਘ, ਜਿਹੜੇ ਦੱਖਣ ਤੋਂ ਬੰਦੇ ਬਹਾਦਰ ਨਾਲ ਆਏ ਸਨ, ਉਹ ਤੇ ਆਟੇ ਵਿਚ ਲੂਣ ਸਨ। ਰਾਜਪੂਤ ਭਾਵੇਂ ਸਿਰਲਥ ਜਵਾਨ ਤੇ ਨਿਰਭੈ ਜੋਧੇ ਸਨ ਪਰ ਮੁਗਲਾਂ ਅੱਗੇ ਉਨ੍ਹਾਂ ਦੀ ਫਟਕੜੀ ਫੁੱਲ ਹੋ ਜਾਣ ਦਾ ਡਰ ਸੀ ਭਾਵੇਂ ਮੁਕਾਬਲੇ ਵਿਚ ਹਾਰ ਜਿੱਤ ਦੀ ਪਰਖ ਨਹੀਂ ਸੀ ਹੋਈ। ਬੰਦਾ ਬਹਾਦਰ ਇਸ ਤਰ੍ਹਾਂ ਸੋਚਦਾ, ਪਰ ਬੰਦਾ ਕਦੀ ਇਹ ਵੀ ਵਿਚਾਰਦਾ, ਜੰਗ ਵਿਚ ਮੌਤ ਦਾ ਭਾਅ ਪੁੱਛਣ ਵਾਲੇ ਜੋਧੇ ਮੇਰੇ ਨਾਲ ਹਨ। ਕੋਈ ਵੀ ਮੇਰਾ ਸਾਥੀ ਐਸਾ ਨਹੀਂ ਜਿਸ ਪੰਜ ਸੱਤ ਮਾਅਰਕੇ ਦੀਆਂ ਲੜਾਈਆਂ ਨਾ ਲੜੀਆਂ ਹੋਣ। ਭਾਈ ਦਇਆ ਸਿੰਘ, ਬਿਨੋਦ ਸਿੰਘ, ਕਾਨ੍ਹ ਸਿੰਘ, ਬਾਜ ਸਿੰਘ ਤੇ ਰਣ ਸਿੰਘ। ਇਹ ਇਨੇ ਤਲਵਾਰ ਦੇ ਧਨੀ ਹਨ, ਇਨ੍ਹਾਂ ਕੱਲਿਆਂ ਕਈਆਂ ਮੈਦਾਨਾਂ ਵਿਚ ਤੇਗ ਵਾਹੀ ਸੀ ਘੁੰਡ ਲਾਹ ਕੇ ਨੱਚਣ ਵਾਲੀਆਂ ਤਲਵਾਰਾਂ ਨੂੰ ਪਰਖਣ ਦੀਆਂ ਸਾਖੀਆਂ ਬੰਦੇ ਨੇ ਵੀ ਸੁਣੀਆਂ ਸਨ, ਪਰ ਭੂੰਡਾਂ ਦੀ ਖੱਖਰ ਵਿਚ ਉਹ ਐਵੇਂ ਹੱਥ ਨਹੀਂ ਸੀ ਪਾਉਣਾ ਚਾਹੁੰਦਾ। ਪਹਿਲਾਂ ਮਸ਼ਾਲ ਬਾਲ ਕੇ ਹੱਥ ਵਿਚ ਫੜ ਲੈਣੀ ਚਾਹੁੰਦਾ ਸੀ ਤੇ ਕਦੀ ਇਸ ਤਰ੍ਹਾਂ ਵੀ ਸੋਚਦਾ ਕਿ ਮੰਗਵੀਂ ਧਾੜ ਦੀ ਅਗਾੜ ਹੁੰਦੀ ਏ। ਪਛਾੜ ਨਹੀਂ। ਲਹੂ ਆਪਣਾ ਲੜਦਾ ਏ ਜਾਂ ਸਿਦਕ ਤੇ ਵਤਨ ਦੇ ਪਿਆਰ ਦਾ ਜਜ਼ਬਾ। ਸਾਡੇ ਸਾਥੀਆਂ ਵਿਚੋਂ ਦੋ ਹਿੱਸੇ ਡਾਕੂਆਂ ਦੀ ਢਾਣੀ ਹਨ ਜਿਹੜੇ ਮੁਫਤ ਦੀਆਂ ਮਾਰੀਆਂ ਹੋਈਆਂ ਮਾਰਾਂ ਖਾਣ ਦੇ ਆਦੀ ਹਨ। ਇਨ੍ਹਾਂ ਖਲੋ ਕੇ ਨਹੀਂ ਲੜਨਾ। ਇਹ ਉਦੋਂ ਤੱਕ ਚੜ੍ਹਦੀਆਂ ਕਲਾਂ ਵਿਚ ਰਹਿਣਗੇ ਜਦ ਤੱਕ ਭਾਜੜ ਅੱਗੇ ਲੱਗੇਗੀ ਤੇ ਜਦ ਕਦੀ ਮੁਕਾਬਲਾ ਹੋਇਆ ਤਾਂ ਇਨ੍ਹਾਂ ਨੂੰ ਦੌੜਦਿਆਂ ਰਾਹ ਨਹੀਂ ਲੱਭਣਾ। ਅੱਛਾ ਇਹ ਵੀ ਪਰਖ ਏ ਕਰ ਵੇਖੋ!" ਬੰਦੇ ਦੇ ਚਿਹਰੇ ਤੇ ਬੜਾ ਜਲਾਲ ਸੀ ਤੇ ਇੱਧਰ ਸੰਤ ਤੇ ਸੰਤਣੀ ਨੇ ਲੋਕਾਂ ਵਿਚ ਕਈ ਸਾਖੀਆਂ ਪਰਚਲਤ ਕਰ ਦਿੱਤੀਆਂ ਸਨ, ਜਿੰਨ ਤੇ ਭੂਤ ਵਸ ਵਿਚ ਹੋਣ ਦੀਆਂ। ਬੰਦਾ ਬਹਾਦਰ ਵੀ ਏ ਤੇ ਸਾਧੂ ਸੰਤ ਵੀ। ਵਲੀ ਅੱਲਾ ਵੀ ਏ ਤੇ ਕਰਨੀਵਾਨ ਵੀ। ਜਿਸ ਨੂੰ ਚਾਹੇ ਦੁੱਧ ਪੁੱਤ ਬਖਸ਼ ਦੇਵੇ। ਬੜੀ ਪਹੁੰਚ ਏ ਸਰਿਸ਼ਟੀ ਦੇ ਦਾਤੇ ਕੋਲ। ਪਠਾਣਾਂ

ਤੇ ਖੱਬੀ ਖਾਨਾਂ ਦੀਆਂ ਬੇਗਮਾਂ ਬੰਦੇ ਕੋਲ ਧਾਗੇ ਕਰਾਣ ਆਉਂਦੀਆਂ ਨੇ। ਇਸ ਤਰ੍ਹਾਂ ਮੁਸਲਮਾਨਾਂ ਵਿਚ ਬੰਦੇ ਦੀ ਪੂਜਾ ਹੋਣ ਲੱਗ ਪਈ ਤੇ ਹਿੰਦੂ ਇਸਤ੍ਰੀਆਂ ਪਹੁੰਚਿਆ ਹੋਇਆ ਸੰਤ ਮੰਨਦੀਆਂ ਹਨ। ਇਹ ਕਾਢ ਸੰਤਣੀ ਦੀ ਸੀ। ਇਹ ਦੇ ਨਾਲ ਮੁਗਲਾਂ ਦੇ ਘਰ ਦੇ ਹਾਲ, ਝਗੜੇ ਝਾਂਜੇ, ਵੈਰ ਵਿਰੋਧ, ਖਾਰਾਂ, ਸਾਰੀਆਂ ਦੀਆਂ ਸਾਰੀਆਂ ਔਰਤਾਂ ਦੇ ਰਾਹੀਂ ਪਤਾ ਲੱਗ ਜਾਂਦੀਆਂ। ਔਰਤ ਜ਼ਬਾਨ ਦੀ ਬੜੀ ਕੱਚੀ ਏ। ਰਾਤ ਦਾ ਖਾਧਾ ਵੀ ਸਿੱਖਾਂ ਦੇ ਕੰਨੀਂ ਪਾ ਜਾਂਦੀਆਂ ਹਨ, ਬੜੇ ਬੜੇ ਖਾਨਾਂ ਦੀਆਂ ਬੇਗਮਾਂ ਬੰਦੇ ਦੇ ਡੇਰੇ ਵਿਚ ਅੱਗੇ ਪਿੱਛੇ ਦੀਆਂ ਗੱਲਾਂ ਮੂੰਹ ਜੋੜ ਜੋੜ ਕੇ ਕਰਦੀਆਂ ਹਨ, ਜਦੋਂ ਦੋ'ਹ ਪਿੰਡਾਂ ਦੀਆਂ ਜ਼ਨਾਨੀਆਂ ਮਿਲ ਜਾਣ। ਬੜੀਆਂ ਤਾਕਤਾਂ ਦਾ ਮਾਲਕ ਏ ਬੰਦਾ ਬਹਾਦਰ, ਭੂਤ ਵਸ ਵਿਚ ਹਨ, ਜਦੋਂ ਹਮਲਾ ਕਰਦਾ ਏ, ਹੜੱਪ ਕਰ ਲੈਂਦਾ ਏ ਇਓ ਵਾਂਗੂ। ਭਗਤੀ ਕਰਦੇ ਦਾ ਸਰੀਰ ਵੇਖਿਆ ਏ ਪਰ ਜੰਗ ਲੜਦੇ ਨੂੰ ਕਿਸੇ ਨੇ ਅੱਖੀਂ ਨਹੀਂ ਡਿੱਠਾ। ਉਹਦੇ ਘੋੜੇ ਦੇ ਨਿਸ਼ਾਨ ਲੱਭਦੇ ਹਨ ਪਰ ਸਰੀਰ ਨਹੀਂ। ਮਲਕੁਲ ਮੌਤ ਦੀ ਭੈਣ ਜਾਪਦੀ ਏ ਉਹਦੀ ਤਲਵਾਰ। ਜਿੱਤ ਉਹ ਦੇ ਕਦਮਾਂ ਵਿਚ ਏ। ਸ਼ਿਕਸਤ ਦਾ ਉਹ ਨਾਂ ਹੀ ਨਹੀਂ ਜਾਣਦਾ।'' ਏਹੋ ਜਹੀਆਂ ਗੱਲਾਂ ਮੁਗਲਾਂ ਦੀਆਂ ਢਾਣੀਆਂ ਵਿਚ ਹੁੰਦੀਆਂ।

ਕੀਰਤਪੁਰ ਸਿੰਘਾਂ ਦੇ ਜੱਥੇ ਭਾਵੇਂ ਪੁੱਜ ਚੁੱਕੇ ਸਨ ਤੇ ਉਹ ਅਜੇ ਤੱਕ ਜ਼ਾਹਰ ਨਹੀਂ ਸਨ ਹੋਏ। ਨਵੇਕਲੀਆਂ ਥਾਵਾਂ ਵਿਚ ਲੁਕੇ ਛਿਪੇ ਸਨ। ਝੁੰਡਾਂ ਵਿਚ ਟੋਇਆਂ ਦੀ ਆੜ ਲੈ, ਮਸਜਦਾਂ ਵਿਚ ਮੁਸਲਮਾਨਾਂ ਦੇ ਰੂਪ ਵਿਚ, ਮੰਦਰ ਵਿਚ ਜਟਾਂ ਧਾਰੀ ਸੰਤਾਂ ਦੀ ਸ਼ਕਲ ਵਿਚ। ਦੋ ਜੱਥੇ ਬਾਜੀਗਰ ਸਨ, ਜਿਨ੍ਹਾਂ ਨਾਲ ਸੌ ਸੌ ਜਵਾਨ ਹੋਵੇਗਾ। ਉਹ ਆਖਦੇ ਸਨ। ਅਸਾਂ ਸਮਾਣੇ ਜਾਣਾ ਹੈ। ਜਲਾਲੁਦੀਨ ਦੇ ਘਰ। ਉਹਦੇ ਮੁੰਡੇ ਦਾ ਵਿਆਹ ਹੈ। ਭਾਵੇਂ ਢੋਲ ਢਮੱਕੇ ਜਲਾਲੁਦੀਨ ਦੇ ਘਰ ਕਈ ਦਿਨਾਂ ਦੇ ਵਜ ਰਹੇ ਸਨ ਤੇ ਸਰਹਿੰਦ ਤੋਂ ਵੀ ਮੰਨੇ ਪ੍ਰਮੰਨੇ ਜਗੀਰਦਾਰ ਸੱਦੇ ਹਏ ਸਨ। ਰੰਗ ਤਮਾਸ਼ੇ ਨਕਲੀਏ ਤੇ ਮੁਜਰਈ ਵੀ ਡੇਰਿਆਂ ਦੇ ਡੇਰੇ ਆ ਰਹੇ ਸਨ। ਭੰਡਾਂ ਦੀ ਟੋਲੀ ਪੰਜਾਹ ਸੱਠਾਂ ਤੋਂ ਘੱਟ ਕੀ ਹੋਣੀ ਏ। ਮੁਜਰੇ ਵਾਲਿਆਂ ਦੇ ਪੰਜ ਸੱਤ ਡੇਰੇ ਸਨ, ਹੱਟੇ ਕੱਟੇ ਜਵਾਨ। ਭਗਤਾਂ ਦੀਆਂ ਵੀਹ ਪੰਜੀ ਟੋਲੀਆਂ ਹੋਣੀਆਂ ਨੇ ਕੱਦੂ ਵਰਗੇ ਸਿਰੇ ਕੱਢੀ ਡੌਲਿਆਂ ਨਾਲ ਮਾਤਾ ਦੀਆਂ ਭੇਟਾਂ ਪੜ੍ਹਦੇ, ਗੱਲ ਕੀ ਜਿੰਨੇ ਸਿੱਖ ਸਨ, ਉਨ੍ਹਾਂ ਆਪਣੇ ਰੂਪ ਵਟਾਏ ਹੋਏ ਸਨ—ਸਿਰਫ ਇਕ ਇਸ਼ਾਰੇ ਦੀ ਲੋੜ ਸੀ ਤੇ ਸਿਰਫ ਸੰਤਣੀ ਉਹ ਇਸ਼ਾਰਾ ਜਾਣਦੀ ਸੀ। ਅਜੇ ਸੰਤਣੀ ਵੀ ਤੇ ਬੰਦਾ ਵੀ ਚੁੱਪ ਸਨ।

ਸਰਹਿੰਦ ਦੇ ਸੂਬੇ ਵਜ਼ੀਰ ਖਾਂ ਨੇ ਸਲੋਟੀ ਪਿੰਡ ਦੇ ਆਲੀ ਸਿੰਘ ਤੇ ਮਾਲੀ ਸਿੰਘ ਨੂੰ ਬੜੀਆਂ ਪੁੱਠੀਆਂ ਗੱਲਾਂ ਕੀਤੀਆਂ। ਆਖਣ ਲੱਗਾ, ਵੇਖਿਆ ਏ ਤੇਰਾ ਗੁਰੂ! ਜਿਹਨੂੰ ਹਫਾ ਹਫਾ ਕੇ ਅਸਾਂ ਪੰਜਾਬੋਂ ਕੱਢ ਦਿੱਤਾ ਸੀ। ਉਹ ਦੀਆਂ ਤੇ ਹੱਡੀਆਂ ਵੀ ਪੰਜਾਬ ਵਿਚ ਨਹੀਂ ਆਈਆਂ। ਇਹ ਹੁਣ ਕੋਈ ਦੂਜਾ ਗੁਰੂ ਆਇਆ ਏ। ਜੇ ਅਸਾਂ ਉਹ ਦੀ ਗੁਰਿਆਈ ਪੱਲੇ ਨਾ ਬੰਨ੍ਹ ਦਿੱਤੀ ਤਾਂ ਸਾਨੂੰ ਮੁਗਲ ਨਾ ਆਖੀਂ। ਤੁਸੀਂ ਨਹੀਂ ਸ਼ਾਮਲ ਹੋਏ ਧਰਮ ਯੁੱਧ ਵਿਚ? ਨਾਲ ਲੈ ਆਉਣਾ ਸੀ ਸਰਹਿੰਦ, ਉਹ ਵੀ ਗੁਬਾਰ ਕੱਢ ਲੈਂਦਾ। ਸਰਹਿੰਦ ਦੀਆਂ ਦੀਵਾਰਾਂ ਨਾਲ ਟੱਕਰਾਂ ਮਰਵਾ ਮਰਵਾ ਕੇ

ਮੱਥੇ ਨਾ ਰੰਗ ਦਿੱਤੇ ਤਾਂ ਸਾਨੂੰ ਵੀ ਮਾਂ ਨਹੀਂ ਚੁੱਕੀ ਫਿਰੀ । ਲਾਸ਼ ਚੁੱਕਣੀ ਤੇ ਦਰ ਕਨਾਰ ਜੇ ਫੁੱਲ ਵੀ ਚੁੱਕ ਸਕਿਉਂ ਤੇ ਅਸਾਂ ਮੁਗਲਾਂ ਦੇ ਘਰ ਕਾਹਨੂੰ ਜੰਮਣਾ ਸੀ । ਅਜੇ ਆਲੀ ਸਿੰਘ ਤੇ ਮਾਲੀ ਸਿੰਘ ਦੀ ਜ਼ਬਾਨ ਹੀ ਫੜਕੀ ਸੀ ਕਿ ਉਹ ਨੂੰ ਮੋਟੇ ਮੋਟੇ ਸੰਗਲਾਂ ਨਾਲ ਜੂੜ ਕੇ ਸੁੱਟ ਦਿੱਤਾ । ਬੜੀਆਂ ਤਾਕਤਾਂ ਨੇ ਰੁਪਿਆਂ ਦੀ ਛਣਕਾਰ ਵਿਚ । ਪਹਿਲੇ ਪਹਿਰ ਹੀ ਆਲੀ ਸਿੰਘ ਤੇ ਮਾਲੀ ਸਿੰਘ ਸਰਹਿੰਦ ਦੀਆਂ ਹੱਦਾਂ ਟੱਪ ਗਏ । ਦਿਨ ਚੜ੍ਹੇ ਕੈਦ ਖਾਨੇ ਦੀਆਂ ਕੰਧਾਂ ਵਿਚ ਮਘੋਰੇ ਸਨ, ਤੇ ਪਹਿਰੇਦਾਰ ਕਹਿ ਰਹੇ ਸਨ । "ਕੰਧਾਂ ਪਾੜ ਕੇ ਕੱਢ ਕੇ ਲੈ ਗਏ ਆਲੀ ਸਿੰਘ ਤੇ ਮਾਲੀ ਸਿੰਘ ਨੂੰ ।" ਵਜ਼ੀਰ ਖਾਂ ਹੱਥ ਮਲ ਰਿਹਾ ਸੀ ।

ਕੀਰਤਪੁਰ ਬੰਦੇ ਬਹਾਦਰ ਨਾਲ ਤੇਈਆਂ ਸਿੰਘਾਂ ਦਾ ਜੱਥਾ ਆਣ ਰਲਿਆ । ਫਤਹਿ ਸਿੰਘ ਭਾਈ ਭਗਤੂ ਦਾ ਚੋਖੇ ਵਣਜਾਰੇ ਸਿੱਖ ਨਾਲ ਲੈ ਆਇਆ । ਰੁਪੈਕ੍ਰਿਆਂ ਵਿਚੋਂ ਕਰਮ ਸਿੰਘ, ਧਰਮ ਸਿੰਘ, ਨਿਗਾਹੀਆ ਸਿੱਖਾਂ ਦੇ ਚੂਹੜ ਸਿੰਘ ਤੇ ਬਗੜ ਦੇ ਜੱਟ ਵੀ ਜੱਥੇ ਨਾਲ ਆਣ ਰਲੇ । ਫੂਲ ਕੇ ਰਾਮ ਸਿੰਘ ਤੇ ਤਰਲੋਕ ਸਿੰਘ ਆਪ ਤਾਂ ਨਾ ਆਏ ਬਹੁਤ ਸਾਰੇ ਤਨਖਾਹੀ ਸਿੱਖ ਭੇਜੇ । ਸਾਰੇ ਜੱਥੇ ਤੇ ਹੋਰ ਸੰਗਤਾਂ ਦੀ ਗਿਣਤੀ ਪੰਜ ਛੇ ਸੋ ਦੇ ਲੱਗ ਭਗ ਹੋਣੀ ਏਂ ਥੋੜ੍ਹੇ ਜਿਹੇ ਬੰਦੇ ਦੇ ਪੈਰ ਪੱਕੇ ਹੋਏ । ਜਲਾਲੁਦੀਨ ਦੇ ਘਰ ਨੌਬਤਾਂ ਖੜਕ ਰਹੀਆਂ ਸਨ ।

ਬੰਦੇ ਨੇ ਇਕ ਮਤਾ ਰੱਖਿਆ ਜਿਨ੍ਹਾਂ ਦੇ ਸਲਾਹੀ ਛੇ ਜਣੇ ਸਨ, ਪੰਜ ਪੁਰਸ਼ ਤੇ ਇਕ ਔਰਤ ਅਤੇ ਸੱਤਵਾਂ ਬੰਦਾ ਬਹਾਦਰ ਆਪ । "ਸਮਾਣਾ ਲੁੱਟਣ ਵੇਲੇ ਸਾਨੂੰ ਚੰਗੀ ਤਰ੍ਹਾਂ ਸੋਚ ਵਿਚਾਰ ਕਰਕੇ ਕਦਮ ਚੁੱਕਣਾ ਚਾਹੀਦਾ ਹੈ । ਕੀ ਤੁਹਾਡਾ ਖਿਆਲ ਏ ਕਿ ਅਸੀਂ ਇਹ ਪੰਜ ਛੇ ਸੋ ਪੈਦਲ ਸਿਪਾਹੀ ਲੈ ਕੇ ਸਮਾਣੇ ਨੂੰ ਕਾਬੂ ਕਰ ਲਵਾਂਗੇ ।" ਬੰਦੇ ਦੀ ਇਹ ਤਜਵੀਜ਼ ਸੀ ।

—"ਮੇਰਾ ਖਿਆਲ ਏ ਸਾਡੀ ਫੌਜ ਜਿਹੜੀ ਜੱਥਿਆਂ ਨਾਲ ਬਣੀ ਹੋਈ ਏ, ਮਾਂਗਵੀਂ ਧਾੜ ਬਹੁਤੀ ਏ । ਜੱਦੀ ਟਾਵਾਂ ਟਾਵਾਂ ਏ । ਇਸ ਲਈ ਸਾਨੂੰ ਆਲਾ ਦੁਆਲਾ ਸੋਚ ਕੇ ਕਦਮ ਚੁੱਕਣੇ ਚਾਹੀਦੇ ਹਨ ।" ਭਾਈ ਦਇਆ ਸਿੰਘ ਦੇ ਬੁਲ੍ਹ ਫਰਕੇ । ਵਿਚ ਸੰਤਣੀ ਬੋਲ ਪਈ, —"ਮੇਰੀ ਸਲਾਹ ਇਹ ਹੈ ਕਿ ਮੁਜਰੇ ਵਾਲੇ ਭੰਡ ਤੇ ਬਾਜੀਗਰ ਪਹਿਲਾਂ ਜਲਾਲੁਦੀਨ ਦੇ ਘਰ ਦੁਆ ਕਰਨ ਤੇ ਫੇਰ ਸੂਹੀਏ ਸਾਨੂੰ ਖਬਰ ਦੇਣ, ਤੇ ਅਸੀਂ ਏਥੋਂ ਤਿਆਰ ਰਹੀਏ । ਇਸੇ ਤਰ੍ਹਾਂ ਸਾਡੀ ਤਾਕਤ ਦਾ ਕੁਝ ਹਿੱਸਾ ਸਮਾਣੇ ਪੁੱਜ ਜਾਵੇਗਾ । ਸਰਹਿੰਦ ਵੱਲੋਂ ਤੇ ਦਿੱਲੀ ਵੱਲੋਂ ਮਹਿਮਾਨ ਆ ਰਹੇ ਹਨ ਉਨ੍ਹਾਂ ਨਾਲ ਕਈ ਖੁਸ਼ਾਮਦੀ ਲਾਗੀ, ਕੰਮੀ ਤੇ ਚਾਪਲੂਸੀ ਹਨ । ਜੇ ਉਨ੍ਹਾਂ ਨਾਲ ਘੋੜਿਆਂ ਦੀਆਂ ਲਗਾਮਾਂ ਫੜਣ ਵਿਚ ਕੁਝ ਸਿੱਖ ਜਾ ਰਲਣ ਤਾਂ ਕੀ ਖਿਆਲ ਏ । ਇਸ ਤਰ੍ਹਾਂ ਅਸੀਂ ਸਮਾਣੇ ਵਿਚ ਆਪਣੇ ਆਦਮੀ ਭੇਜਣ ਵਿਚ ਕਾਮਯਾਬ ਹੋ ਸਕਾਂਗੇ । ਮੈਂ ਮੁਜਰੇ ਵਾਲਿਆਂ ਦੇ ਨਾਲ ਜਾਵਾਂਗੀ । ਜਦ ਸਾਡੀਆਂ ਮਸ਼ਾਲਾਂ ਧੂਏਂ ਛੱਡਣ ਤਦ ਤੁਸੀਂ ਹਮਲਾ ਕਰ ਦਿਉ, ਅਸੀਂ ਵੀ ਟੁੱਟ ਪਵਾਂਗੇ ।"

—"ਮੇਰਾ ਖਿਆਲ ਏ ਇਹ ਤਜਵੀਜ਼ ਚੰਗੀ ਕਾਰਗਰ ਸਾਬਤ ਹੋਵੇਗੀ ਤੁਹਾਡਾ ਕੀ ਖਿਆਲ ਏ ?" ਬੰਦੇ ਬਹਾਦਰ ਨੇ ਦੂਜੇ ਸਾਥੀਆਂ ਤੋਂ ਪੁੱਛਿਆ ।

—"ਪ੍ਰਵਾਨ, ਸਾਨੂੰ ਮਨਜ਼ੂਰ ਏ" ਬਾਕੀਆਂ ਦੀ ਆਵਾਜ਼ ਸੀ।

ਜੈਤਣੀ ਆਪਣੇ ਮਤਲਬ ਦੇ ਜੱਥੇ ਨਾਲ ਲੈ ਕੇ ਅਗੜ ਪਿਛੜ ਕੀਰਤਪੁਰ ਤੋਂ ਤੁਰ ਪਈ। ਬੰਦੇ ਬਹਾਦਰ ਨੇ ਏਧਰ ਬਾਕੀ ਫੌਜ ਨੂੰ ਇੱਕਠਾ ਕੀਤਾ। ਗਿਣਤੀ ਮਿਣਤੀ ਦੇ ਆਦਮੀ ਸਨ, ਜਿਨ੍ਹਾਂ ਕੋਲ ਘੋੜੇ ਸਨ। ਖੱਚਰਾਂ ਤੇ ਵੀ ਕਈ ਸਵਾਰ ਸਨ। ਹਥਿਆਰਾਂ ਵੱਲੋਂ ਤੇ ਰੱਬ ਦਾ ਨਾਂ ਹੀ ਸੀ। ਤਲਵਾਰਾਂ ਜੰਗਾਲ ਖਾਧੀਆ, ਨੇਜ਼ਿਆਂ ਨੂੰ ਵਟੀ ਵਟੀ ਮੈਲ ਲੱਗੀ ਹੋਈ। ਬੰਦਾ ਸੋਚ ਰਿਹਾ ਸੀ—"ਸੋਨੀਪਤ ਤੇ ਈ ਪਰਖ ਲਿਆ ਜਾਵੇ, ਇਹ ਜੱਥੇ ਕਿੰਨੇ ਕੁ ਪਾਣੀ ਵਿਚ ਹਨ। ਸੁੱਤੇ ਪਏ ਸੋਨੀਪਤ ਤੇ ਸਿੱਖ ਜਾ ਪਏ। ਦਿਨ ਚੜ੍ਹਣ ਤੋਂ ਪਹਿਲਾਂ ਉਨ੍ਹਾਂ ਹੂੰਝਾ ਫੇਰ ਦਿੱਤਾ। ਪਰ ਫੌਜਦਾਰ ਦੀ ਕੋਈ ਦੱਸ ਪੁੱਛ ਨਾ ਪਈ। ਚੰਗੇ ਹੱਥ ਰੰਗੇ ਜੱਥੇ ਨੇ ਲੁੱਟ ਮਾਰ ਵਿਚ। ਹੁਣ ਸਿੱਖਾਂ ਕੈਥਲ ਵੱਲ ਸੇਧ ਕਰ ਲਈ। ਜੱਥਾ ਚਾਵਾਂ ਚਾਵਾਂ ਵਿਚ ਵੱਧ ਰਿਹਾ ਸੀ। ਇਕ ਸੂਹੀਏ ਨੇ ਖਬਰ ਦਿੱਤੀ ਸਰਕਾਰੀ ਖਜ਼ਾਨਾ ਦਿੱਲੀ ਜਾ ਰਿਹਾ ਏ, ਨਾਲ ਸੌ ਕੁ ਸਵਾਰ ਹਨ। ਭੁੱਖੇ ਸ਼ੇਰਾਂ ਵਾਂਗੂ ਸਰਕਾਰੀ ਦਸਤੇ ਤੇ ਆਣ ਪਏ। ਸਾਰਾ ਖਜ਼ਾਨਾ ਬੰਦੇ ਬਹਾਦਰ ਦੇ ਹੱਥ ਲੱਗਾ। ਅੱਖਾਂ ਪਾੜ ਪਾੜ ਕੇ ਦੇਖ ਰਹੇ ਸਨ ਜੱਥੇ ਵਾਲੇ। ਬੰਦੇ ਬਹਾਦਰ ਨੇ ਸਾਵਾਂ ਹਿੱਸਾ ਕਰਕੇ ਸਾਰੇ ਜੱਥੇ ਵਿਚ ਖਜ਼ਾਨਾ ਵੰਡ ਦਿੱਤਾ। ਭੱਜੇ ਸਪਾਹੀ ਕੈਥਲ ਵੱਲ ਨੱਸੇ ਤੇ ਉਨ੍ਹਾਂ ਆਮਲ ਦੇ ਕੰਨੀ ਸਾਰੀ ਵਾਰਦਾਤ ਗੋਸ਼ਗੁਜ਼ਾਰ ਕੀਤੀ। ਆਮਲ ਹਿੰਦੂ ਸੀ। ਚਾਰ ਸੌ ਸਵਾਰ ਲੈ ਕੇ ਬੰਦੇ ਨਾਲ ਟਾਕਰਾ ਤੇ ਆਣ ਗਜਿਆ। ਬੰਦੇ ਨੇ ਵੀ ਅੱਗੇ ਕਈ ਪਾਪੜ ਵੇਲੇ ਹੋਏ ਸਨ। ਦਸ ਪੰਦਰਾਂ ਸਿੱਖਾਂ ਨੂੰ ਅੱਗੇ ਭੇਜ ਦਿੱਤਾ ਤੇ ਆਪ ਜੰਗਲ ਵਿਚ ਜਾ ਲੁਕੇ। ਆਮਲ ਨੇ ਹੰਕਾਰ ਵਿਚ ਆਕੇ ਸਿੱਖਾਂ ਨੂੰ ਜੂੜ ਕੇ ਚੰਗਾ ਗੁੱਲੀ ਡੰਡਾ ਚਾੜ੍ਹਿਆ ਤੇ ਘੋੜਿਆਂ ਤੇ ਲੱਦ ਲਿਆ। ਝਾੜੀਆਂ ਦੀ ਪ੍ਰਕਰਮਾਂ ਵਿਚ ਜਦੋਂ ਸਵਾਰ ਪੁੱਜੇ ਤੱਦ ਮਿੱਠੀਆਂ ਫਿੱਕੀਆਂ ਗੱਲਾਂ ਕਰਨ ਲੱਗਾ ਆਮਲ। ਸਿੱਖਾਂ ਤਲਵਾਰਾਂ ਧੂਹ ਲਈਆਂ ਤੇ ਘੋੜਿਆਂ ਤੋਂ ਵੀ ਨਾ ਉਤਰਨ ਦਿੱਤਾ ਤੇ ਉਨ੍ਹਾਂ ਦੀ ਗਿੱਚੀ ਜਾ ਨੱਪੀ। ਆਮਲ ਨੂੰ ਸਿੱਖਾਂ ਰੱਸਿਆਂ ਨਾਲ ਜੂੜ ਲਿਆ। ਚਾਰ ਸੌ ਘੋੜੇ ਸਿੱਖਾਂ ਦੇ ਹੱਥ ਲੱਗੇ ਤੇ ਇਕ ਤੋਪ। ਭਾਵੇਂ ਇਬਰਾਹੀਮ ਲੋਧੀ ਦੇ ਵੇਲੇ ਦੀ ਸੀ ਪਰ ਅਜੇ ਵੀ ਕਾਫੀ ਮਾਰ ਕਰਦੀ ਸੀ। ਆਮਲ ਨੂੰ ਬਹਾਲ ਕਰ ਦਿੱਤਾ ਗਿਆ। ਅੱਗੇ ਤੋਂ ਮਾਮਲਾ ਇਕੱਠਾ ਕਰਕੇ ਬੰਦੇ ਬਹਾਦਰ ਦੀ ਨਜ਼ਰ ਕਰਿਆ ਕਰੇ। ਭਗੌੜੇ ਸਿਪਾਹੀਆਂ ਦੇ ਮਗਰ ਵਾਹਰ ਲਾ ਦਿੱਤੀ ਤੇ ਉਨ੍ਹਾਂ ਸਮਾਣੇ ਵੱਲ ਮੂੰਹ ਕਰ ਲਿਆ ਤੇ ਪਿੱਛੇ ਮੁੜ ਕੇ ਵੇਖਣ ਦੀ ਖੇਚਲ ਵੀ ਨਾ ਕੀਤੀ।

ਸਮਾਣੇ ਵਿਚ ਜਲਾਲੁਦੀਨ ਦੇ ਘਰ ਮੁਜਰੇ ਹੋ ਰਹੇ ਸਨ। ਇਕ ਪਾਸੇ ਭੰਡ ਨਕਲਾਂ ਵਿਚ ਰੁਝੇ ਹੋਏ ਸਨ। ਬਾਜ਼ੀਗਰ ਬਾਜ਼ੀਆਂ ਪਾ ਪਾ ਕੇ ਬੱਕ ਟੁੱਟ ਕੇ ਚੂਰ ਗੜ੍ਹੂ ਹੋਏ ਪਏ ਸਨ। ਸਾਰਾ ਪਿੰਡ ਸ਼ਰਾਬ ਦੇ ਨਸ਼ੇ ਵਿਚ ਚੂਰ ਸੀ। ਬਾਈਆਂ ਪਾਲਕੀਆਂ ਦੇ ਲਾੜੇ ਅਮੀਰਜ਼ਾਦਿਆਂ ਦੇ ਪੁੱਤ ਜਲਾਲੁਦੀਨ ਦੇ ਘਰ ਜਸ਼ਨ ਵਿਚ ਸ਼ਾਮਲ ਸਨ ਤੇ ਲਾੜੇ ਨੇ ਦਿਨੇ ਘੋੜੀ ਚੜ੍ਹਨਾ ਸੀ। ਅਸਲੀ ਨਾਚੀਆਂ ਨੇ ਨੱਚ ਨੱਚ ਕੇ ਆਪਣੇ ਪੈਰਾਂ ਦੀ ਜੜ ਪੁੱਟ ਲਈ। ਬਾਕੀ ਤੇ ਪਿੜ ਛੱਡ ਕੇ ਕਦੋਂ ਦੀਆਂ ਨੁਕਰੇ ਲੱਗੀਆਂ ਤਮਾਸ਼ਾ ਵੇਖ ਰਹੀਆਂ ਸਨ। ਦਿਲ ਖੋਲ੍ਹ ਕੇ ਵੇਲਾਂ ਵਾਲਿਆਂ ਵੇਲਾਂ ਕੀਤੀਆਂ ਤੇ

ਸਤੰਗੀ ਵਾਲਿਆਂ ਬੁੱਕ ਭਰ ਭਰ ਕੇ ਰੁਪਏ ਰੋਲੇ। ਭਗੌੜੇ ਸਪਾਹੀ ਪੁੱਜੇ ਪਰ ਉਨ੍ਹਾਂ ਦੀ ਆਵਾਜ਼ ਰੌਲੇ ਰੱਪੇ ਵਿਚ ਹੀ ਗਵਾਚ ਗਈ ਤੇ ਨਾਲ ਨਾਚੀਆਂ ਤੇ ਭੰਡਾਂ ਨੇ ਆਹਰੇ ਲਾਈ ਰੱਖਿਆ। ਬੜੇ ਤਕੱਬਰ ਵਿਚ ਸਨ ਸਮਾਣੇ ਦੇ ਅਮੀਰਜ਼ਾਦੇ। ਬੜੀਆਂ ਹਵੇਲੀਆਂ, ਉੱਚੇ ਉੱਚੇ ਬੁਰਜ। ਹਜ਼ਾਰ ਪੰਜ ਸੌ ਫੌਜ ਨੂੰ ਤੇ ਉਹ ਹਵੇਲੀਆਂ ਵਿਚ ਡੱਕ ਕੇ ਸਾਹ ਘੁੱਟ ਕੇ ਮਾਰ ਦੇਂਦੇ ਸਨ। ਕੋਈ ਡਰਦਾ ਉਸ ਰਾਹ ਨਹੀਂ ਸੀ ਜਾਂਦਾ।

ਓਸ ਵੇਲੇ ਦੀ ਗੱਲ ਏ, ਜਦੋਂ ਪਿਆਰਕੜਾਂ ਨੂੰ ਜਾਮੇ ਸਬੂਰੀ ਦੀ ਲੋੜ ਪੈਂਦੀ ਏ—16 ਨਵੰਬਰ 1709 ਈਸਵੀਂ ਨੂੰ ਬੰਦਾ ਰਾਤੋ ਰਾਤ ਮੰਜ਼ਲਾਂ ਤੇ ਮੰਜ਼ਲਾਂ ਮਾਰਦਾ ਸਮਾਣੇ ਪੁੱਜ ਗਿਆ। ਚੁੱਪ ਚੁਪੀਤੇ ਸਿੱਖ ਸਮਾਣੇ ਦੀਆਂ ਜੂਹਾਂ ਵਿਚ ਖਿੜਕਾਂ ਲੈ ਰਹੇ ਸਨ ਪਰ ਮਸ਼ਾਲਾਂ ਵਿਚ ਧੂਏਂ ਦਾ ਨਿਸ਼ਾਨ ਤੱਕ ਵੀ ਨਹੀਂ ਸੀ :—

—"ਅਸੀਂ ਏਸ ਵੇਲੇ ਲਾ ਪਾ ਕੇ ਤਿੰਨ ਕੁ ਹਜ਼ਾਰ ਦੇ ਲਗ ਭਗ ਹੋਵਾਂਗੇ। ਭਾਵੇਂ ਸਾਡੀ ਫੌਜ ਵਿਚ ਜੱਦੀ ਪੁਸ਼ਤੀ ਫੌਜੀ ਨਹੀਂ ਪਰ ਫੇਰ ਵੀ ਅਸੀਂ ਗਿਣਤੀ ਵਿਚ ਕਾਫੀ ਹਾਂ। ਇਨ੍ਹਾਂ ਉੱਚੀਆਂ ਹਵੇਲੀਆਂ ਵੱਲ ਵੇਖੋ। ਇਨ੍ਹਾਂ ਬੁਰਜਾਂ ਤੇ ਨਜ਼ਰ ਟਕਾਉ। ਇਨ੍ਹਾਂ ਵਿਚ ਜਲਾਲੁਦੀਨ ਵਸਦਾ ਏ। ਗੁਰੂ ਤੇਗ ਬਹਾਦਰ ਦਾ ਕਾਤਲ ਅਲੀ ਹੁਸੈਨ ਵੀ ਇਥੋਂ ਦਾ ਵਸਨੀਕ ਏ, ਜਿਸ ਨੇ ਧੋਖਾ ਦੇ ਕੇ ਗੁਰੂ ਗੋਬਿੰਦ ਸਿੰਘ ਤੋਂ ਅਨੰਦਪੁਰ ਛੁਡਵਾਇਆ ਸੀ। ਸਾਸ਼ਲ ਬੇਗ ਤੇ ਬਾਸ਼ਲ ਬੇਗ ਦੀ ਚੁੱਕ ਤੇ ਵਜ਼ੀਰ ਖਾਂ ਨੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਵਾ ਦਿੱਤਾ। ਸੱਪ ਦੇ ਬੱਚੇ, ਸਪੋਲੀਏ ਹੁੰਦੇ ਹਨ। ਬਾਸ਼ਲ ਬੇਗ ਦੀਆਂ ਦਰਾੜਾਂ ਵਿਚੋਂ ਇਹ ਬੋਲ ਗੂੰਜਦਿਆਂ ਹੀ ਵਜ਼ੀਰ ਖਾਂ ਨੇ ਹੁਕਮ ਸਾਦਰ ਕਰ ਦਿੱਤਾ। ਬੇਟੀਆਂ ਨੱਚ ਲਉ। ਢੋਲ ਵਜਾ ਦਿਉ। ਲਾਗੇ ਚਾਗੇ ਦੇ ਪਿੰਡਾਂ ਵਿਚ, ਸਮਾਣੇ ਦੀ ਲੁੱਟ ਵਿਚ ਜਿਨ ਸ਼ਾਮਿਲ ਹੋਣਾ ਹੋਵੇ। ਜਿਹੜਾ ਜਿੰਨਾ ਮਾਲ ਲੁੱਟੇਗਾ, ਉਹ ਉਸ ਨੂੰ ਦਿੱਤਾ ਜਾਵੇਗਾ, ਪਰ ਹੁਕਮ ਤੋਂ ਬਗੈਰ ਤੁਸੀਂ ਇਕ ਪੈਰ ਅੱਗੇ ਨਹੀਂ ਟਪਣਾ। ਸਾਰੇ ਤਿਆਰ ਰਹਿਣ! ਨੱਠਣ ਵਾਲੇ ਆਦਮੀ ਬੁਕਲਾਂ ਮਾਰ ਕੇ ਸੌਂ ਜਾਣ। ਜਿਨ੍ਹਾਂ ਜਾਨ ਤਲੀ ਤੇ ਰੱਖੀ ਹੋਈ ਏ ਉਹ ਅੱਗੇ ਵਧਣ ਜਾਂ ਸਵੇਰੇ ਸਮਾਣੇ ਤੇ ਤੁਸੀਂ ਹੁਕਮਰਾਨ ਹੋਵੋਗੇ ਤੇ ਜਾਂ ਤੁਹਾਡੀਆਂ ਲਾਸ਼ਾਂ ਤੇ ਚੀਲਾਂ ਮੰਡਰਾ ਰਹੀਆਂ ਹੋਣਗੀਆਂ ਤੇ ਕੁੱਤੇ ਬੁਰਕ ਮਾਰ ਰਹੇ ਹੋਣਗੇ। ਇਸ ਲਈ ਤੁਸੀਂ ਸੋਚ ਸਮਝ ਕੇ ਅੱਗੇ ਵਧਣਾ। ਪਿੱਛੋਂ ਜਾਣ ਵਾਲਿਆਂ ਨੂੰ ਵੀ ਲੁੱਟ ਦਾ ਹਿੱਸਾ ਦਿੱਤਾ ਜਾਵੇਗਾ। ਪਿੱਛੇ ਹੋ ਜਾਓ ਨੱਸਣ ਵਾਲੇ।"

ਲੁਟੇਰੇ ਕੱਦ ਪਿੱਛੇ ਹੋਣ ਲੱਗੇ ਸਨ ਪਰ ਬੰਦਾ ਬਹਾਦਰ ਫੇਰ ਬੋਲਿਆ, "ਜੇ ਹੁਣ ਕੋਈ ਪਿੱਛੇ ਨਾ ਹੋਇਆ ਤਾਂ ਯਾਦ ਰੱਖੋ ਨੱਸਣ ਵਾਲੇ ਦੀ ਗਰਦਨ ਉਡਾ ਦਿੱਤੀ ਜਾਵੇਗੀ। ਉਹਦੇ ਪੈਰ ਵਿਚ ਰੱਸੀ ਪਾਕੇ ਘੋੜੇ ਦੇ ਮਗਰ ਘਸੀਟਿਆ ਜਾਵੇਗਾ।" ਫੌਜ ਟੱਸ ਤੋਂ ਮੱਸ ਨਾ ਹੋਈ। ਬੰਦੇ ਦੀ ਤਲਵਾਰ ਮਸ਼ਾਲ ਦੀ ਮੱਧਮ ਜਿਹੀ ਲੋਅ ਵਿਚ ਚਮਕ ਰਹੀ ਸੀ।

ਸੰਤਰੀ ਪਛਾਣੀ ਗਈ ਤੇ ਉਨ੍ਹਾਂ ਮੁਸ਼ਕਾਂ ਬੰਨ੍ਹ ਕੇ ਇਕ ਕੋਠੜੀ ਵਿਚ ਸੁੱਟ ਦਿੱਤਾ। ਸ਼ਰਾਬੀ

ਅਹਿਲਕਾਰ ਨਸ਼ੇ ਵਿਚ ਵਿਚ ਹੀ ਸਰੂਰ ਲੈ ਰਹੇ ਸਨ। ਸੰਤਣੀ ਨੇ ਭੰਡਾਂ ਦੀ ਟੋਲੀ ਵਿਚੋਂ ਇਕ ਦੇ ਕੰਨ ਵਿਚ ਫੂਕ ਮਾਰ ਦਿੱਤੀ। ਉਹ ਵੀ ਵੇਲੇ ਦੀ ਤਾੜ ਵਿਚ ਜੁੱਟ ਗਿਆ। ਜਾਮੇ ਸਬੂਹੀ ਵੰਡਿਆ ਜਾ ਰਿਹਾ ਸੀ ਤੇ ਅਮੀਰਜ਼ਾਦਿਆਂ ਦੀਆਂ ਅੱਖਾਂ ਵਿਚ ਨਸ਼ੇ ਦੇ ਡੋਰੇ ਉਭਰ ਰਹੇ ਸਨ ਪਰ ਏਧਰ ਦਿਨ ਚੜ੍ਹਨ ਦੀਆਂ ਤਿਆਰੀਆਂ ਵਿਚ ਸੀ। ਪਰ ਮਸ਼ਾਲਾਂ ਬਲਦੀਆਂ ਤੇ ਜਾਪੀਆਂ ਪਰ ਧੂਆਂ ਨਾ ਉੱਠਿਆ। ਆਖਰਕਾਰ ਬੰਦੇ ਨੇ ਅੱਗੇ ਵਧਣ ਦਾ ਹੁਕਮ ਦੇ ਦਿੱਤਾ। ਹੌਲੀ ਹੌਲੀ ਫੌਜ ਵੱਧ ਰਹੀ ਸੀ ਤੇ ਅਚਾਨਕ ਧੂਏਂ ਦੇ ਬੱਦਲ ਛਾ ਗਏ। ਭੰਡਾਂ ਮਸ਼ਾਲਾਂ ਤੇ ਤੇਲ ਡੋਲ੍ਹ ਦਿੱਤਾ : ਧੂਏਂ ਵਿਚ ਅਜੇ ਵੀ ਮਸ਼ਾਲਾਂ ਦੀ ਲੋਅ ਚਮਕ ਰਹੀ ਸੀ।

ਤਲਵਾਰ ਤੇ ਤਲਵਾਰ ਆਣ ਖੜਕੀ। ਢਾਲਾਂ ਨੇ ਹਿੱਕ ਤਾਣੀ। ਬੱਸ ਪੜਛੇ ਲਾਹੁਣ ਲੱਗ ਪਈਆਂ ਸਿੰਘਾਂ ਦੀਆਂ ਤਲਵਾਰਾਂ—ਜੰਗਾਲੀਆਂ ਹੋਈਆਂ ਤਲਵਾਰਾਂ ਦੀ ਚਮਕ ਸੀ ਮਸ਼ਾਲਾਂ ਦੇ ਚਾਨਣ ਵਿਚ। ਬਾਕੀ ਚਾਰ ਚੁਫੇਰੇ ਹਨੇਰਾ ਘੁੱਪ ਸੀ। ਚੀਕਾਂ ਨਾਲ ਸਾਰਾ ਪਿੰਡ ਗੂੰਜ ਉੱਠਿਆ। ਫੌਜ ਨੇ ਅਜੇ ਸਮਾਣੇ ਦੀ ਫਸੀਲ ਤੋਂ ਹੀ ਛਾਲਾਂ ਮਾਰੀਆਂ ਸਨ। ਸੁੱਤੇ ਪਏ ਸਿਪਾਹੀਆਂ ਦੀ ਗਿੱਚੀ ਨੱਪੀ ਗਈ। ਪਰ ਮੁਗਲਾਂ ਵੀ ਦਿਲ ਖੋਲ੍ਹ ਕੇ ਤਲਵਾਰ ਵਾਹੀ ਤੇ ਸਿੱਖਾਂ ਦੀ ਚੰਗੀ ਖੁੰਭ ਠੱਪੀ।

ਬੰਦਾ ਬਹਾਦਰ ਬੋਲ ਰਿਹਾ ਸੀ, "ਜਿਹੜਾ ਅੱਗੇ ਆਵੇ ਤੇਗ ਦੀ ਭੇਟਾ ਚੜ੍ਹਾ ਦਿਉ। ਨਾਸਾਂ ਬੰਦ ਕਰ ਦਿਓ ਮੁਗਲਾਂ ਦੀਆਂ ਦਿਨ ਚੜ੍ਹੇ ਸਾਹ ਲੈਣ ਜੋਗਾ ਕੋਈ ਨਾ ਦਿਸੇ।"

ਸਿੱਖਾਂ ਦਿਨ ਦੀ ਟਿਕੀ ਚੜ੍ਹਨ ਤੋਂ ਪਹਿਲਾਂ ਹੀ ਤਲਵਾਰਾਂ ਦੀ ਚੰਗੀ ਤ੍ਰਿਹ ਬੁਝਾਈ। ਪੜਛੇ ਲਾਹੁਣ ਵਾਲੀਆਂ ਕਲਜੀਭੀਆਂ ਸਵਾਈਆਂ ਹੋ ਕੇ ਚੱਲੀਆਂ। ਵੈਣਾਂ ਤੇ ਚੀਕਾਂ ਦੇ ਝੁਰਮਟ ਵਿਚ ਕਈਆਂ ਸੁਹਾਗਣਾਂ ਨੇ ਖੂਹਾਂ ਵਿਚ ਛਾਲਾਂ ਮਾਰੀਆਂ। ਕਈਆਂ ਨੇ ਮੌਹਰੇ ਚੱਟ ਲਏ। ਭੇਤੀ ਲੁਟੇਰਿਆਂ ਅਜੇਹੀਆਂ ਮੱਲਾਂ ਮਾਰੀਆਂ ਜੋ ਸਿੱਖਾਂ ਦੇ ਚਿਤ ਚੇਤੇ ਵੀ ਨਹੀਂ ਸਨ। ਗੁਪਤ ਭੜੋਲੀਆਂ ਭੰਨੀਆਂ, ਗੈਬੀ ਖਜ਼ਾਨਿਆਂ ਦੇ ਮੂੰਹ ਭਨੇਂ। ਛਟਾਂ ਲੱਦ ਲੱਦ ਕੇ ਲੋਕ ਸਮਾਣਿਉਂ ਬਾਹਰ ਨਿਕਲੇ। ਸੂਰਜ ਦੀ ਪਹੁ ਫੁਟੀ ਤੇ ਅਧ ਮੋਈ ਮੁਟਿਆਰ ਨੇ ਧਰਤੀ ਦੀ ਮਿੱਟੀ ਦੀ, ਜਿਹੜੀ ਲਹੂ ਵਿਚ ਗੜੁਚ ਸੀ, ਇਕ ਮੁੱਠ ਮੀਟੀ। ਕਦੀ ਉਹ ਉਸ ਮਿੱਟੀ ਵੱਲ ਵੇਖ ਰਹੀ ਸੀ ਤੇ ਕਦੀ ਤਲੀ ਤੇ ਲੱਗੀ ਮਹਿੰਦੀ ਤੇ ਫੇਰ ਉਸ ਉਨ੍ਹਾਂ ਦੋਹਾਂ ਨੂੰ ਧੁੱਪ ਦੀ ਲਾਲੀ ਨਾਲ ਮੇਚਿਆ। ਜਿੱਤੇ ਸੂਰਮੇਂ ਲੁੱਟ ਦੀ ਖੁਮਾਰੀ ਵਿਚ ਸਮਾਣੇ ਤੋਂ ਬਾਹਰ ਨਿਕਲ ਰਹੇ ਸਨ ਕਿ ਯਕਦਮ ਆਵਾਜ਼ ਆਈ :—

—"ਠਹਿਰੋ! ਕੋਈ ਸ਼ਹਿਰ ਦੀ ਫਸੀਲ ਤੋਂ ਬਾਹਰ ਪੈਰ ਨਾ ਕੱਢੋ! ਅਸਾਂ ਅਜੇ ਆਪਣੇ ਆਦਮੀ ਲੱਭਣੇ ਹਨ। ਲੁੱਟ ਦਾ ਮਾਲ ਸਾਰਾ ਇਕ ਜਗਾਹ ਇੱਕਠਾ ਕੀਤਾ ਜਾਵੇ ਤੇ ਫੇਰ ਇਸ ਦੀਆਂ ਵੰਡੀਆਂ ਪੈਣਗੀਆਂ।" ਬੁੱਢੇ ਸੰਤ ਦੇ ਹੱਥ ਵਿਚ ਤਲਵਾਰ ਚਮਕ ਰਹੀ ਸੀ।

ਇਕ ਵਾਰ ਠਠੰਬਰ ਗਏ ਸਮਾਣੇ ਦੇ ਵਿਜਈ। ਪੈਰਾਂ ਵਿਚ ਜਿਵੇਂ ਮੇਖਾਂ ਲੱਗ ਗਈਆਂ ਸਨ। ਸਮਾਣੇ ਦਾ ਪੱਤਾ ਪੱਤਾ ਛਾਣਿਆ ਪਰ ਸੰਤਣੀ ਦਾ ਕੋਈ ਨਾਂ ਨਿਸ਼ਾਨ ਨਾ ਮਿਲਿਆ। ਬੇਗਮਾਂ, ਹੁਸੈਨੀ ਦੋਵਾਂ ਨੇ ਦੱਸਿਆ ਕਿ ਉਹ ਐਸ ਕੋਠੜੀ ਵਿਚ ਬੰਦ ਕੀਤੀ ਸੀ। ਸਾਰੇ ਸਿੱਖ ਫਤਹਿ ਦੀ

ਖੁਸ਼ੀ ਵਿਚ ਖੁਸ਼ ਸਨ ਪਰ ਸੰਤ ਗੁੰਮਸੁੰਮ ਸੀ, ਉਹਨੂੰ ਚਿੰਤਾ ਸੀ ਸੰਤਣੀ ਦੀ ਤੇ ਜੀਵਨ ਸਿੰਘ ਵੀ ਉਸੇ ਸੰਤਣੀ ਬਾਰੇ ਸੋਚ ਰਿਹਾ ਸੀ। ਫਤਹਿ ਸਿੰਘ ਦੀ ਬਹਾਦਰੀ ਦੀਆਂ ਧੁਮਾਂ ਪੈ ਗਈਆਂ ਸਮਾਣੇ ਦੇ ਹੱਲੇ ਵਿਚ। ਸਮਾਣੇ ਦੇ ਜਸ਼ਨ ਵਿਚ ਬੰਦੇ ਬਹਾਦਰ ਨੇ ਫਤਹਿ ਸਿੰਘ ਨੂੰ ਸੂਬੇਦਾਰ ਥਾਪ ਦਿੱਤਾ। ਫਤਹਿ ਸਿੰਘ ਦੀ ਮੌਜੂਦਗੀ ਤੋਂ ਬਗੈਰ।

—"ਸੂਬੇਦਾਰ ਫਤਹਿ ਸਿੰਘ।"

—"ਜ਼ਿੰਦਾਬਾਦ!"

—"ਸਾਰਾ ਪਿੰਡ ਅੱਗ ਦੇ ਸ਼ੋਹਲਿਆਂ ਵਿਚ ਸੜ ਕੇ ਸਵਾਹ ਹੋ ਗਿਆ। ਖੋਲਿਆਂ ਵਿਚੋਂ ਧੂਆਂ ਉੱਠ ਰਿਹਾ ਸੀ ਤੇ ਲਾਸ਼ਾਂ ਦੇ ਢੇਰਾਂ ਵਿਚੋਂ ਨਾ ਅਜੇ ਤੱਕ ਫਤਹਿ ਸਿੰਘ ਦੇ ਦਰਸ਼ਨ ਹੋਏ ਸਨ ਤੇ ਨਾ ਜਲਾਲੁਦੀਨ ਦੇ, ਤੇ ਨਾ ਹੀ ਕਿਸੇ ਸੇਹਰਿਆਂ ਵਾਲੇ ਲਾੜੇ ਦੀ ਘੋੜੀ ਵੇਖੀ। ਬਾਜ਼ਲ ਬੇਗ, ਸਾਜ਼ਲ ਬੇਗ ਅਤੇ ਅਲੀ ਹੁਸੈਨ ਦਾ ਵਿਆਜ ਵੀ ਤੇ ਹਾਸਲ ਨਹੀਂ ਹੋਇਆ। ਮੇਰੀ ਰੀਝ ਅਜੇ ਵੀ ਦਿਲ ਵਿਚ ਦਬੀ ਹੋਈ ਹੈ। ਮੈਂ ਸਜਦੇ ਕਰ ਲੈਂਦਾ, ਪੰਜ ਹਜ਼ਾਰੀਆਂ ਨੂੰ ਝੁੱਕ ਕੇ ਸਲਾਮ ਕਰਨੀ ਬੜੀ ਪਹੁੰਚ ਦੀ ਗੱਲ ਏ" ਬੰਦੇ ਬਹਾਦਰ ਨੇ ਤਲਵਾਰ ਤੋਂ ਲਹੂ ਪੂੰਝਦਿਆਂ ਆਖਿਆ।

—'ਦਸ ਹਜ਼ਾਰ ਮੁਗਲ ਮੌਤ ਦੀ ਝੋਲੀ ਵਿਚ ਪੈ ਗਏ। ਮੱਛੀ ਵਾਂਗ ਤੜਫਦੀਆਂ ਲਾਸ਼ਾਂ ਖਾਲਸੇ ਦੀ ਜਿੱਤ ਦਾ ਪਹਿਲਾ ਨਿਸ਼ਾਨ ਹਨ।" ਨਸ਼ੇ ਵਿਚ ਇਕ ਲੁਟੇਰਾ ਆਖ ਰਿਹਾ ਸੀ।

—"ਲਓ ਆ ਗਿਆ ਜੇ ਫਤਹਿ ਸਿੰਘ!
"ਜਲਾਲੁਦੀਨ ਦਾ ਪੁੱਤ ਏਹੋ।" ਬੁੱਢੇ ਸੰਤ ਦੇ ਬੋਲ ਸਨ।

—"ਸੇਹਰਿਆਂ ਵਾਲਿਆਂ ਨੂੰ ਬਗੈਰ ਘੋੜੀ ਤੋਂ ਹੀ ਲੈ ਆਂਦਾ ਜੇ" ਬੰਦਾ ਬਹਾਦਰ ਬੋਲਿਆ "ਤੇ ਇਹ ਦੇ ਨਾਲ ਦੇ ਜਾਂਞੀ ਕਿਥੇ ਹਨ?"

—"ਨੱਸ ਗਏ ਬੁਰਕੇ ਪਾ ਕੇ!" ਫਤਹਿ ਸਿੰਘ ਬੋਲਿਆ।

—"ਲਾੜੇ ਨੂੰ ਸਵਾਰੀ ਤੋਂ ਬਗੈਰ ਭੇਜਣਾ ਲਾੜੇ ਦੀ ਹਤੱਕ ਏ। ਸਵਾਰੀ ਦਾ ਇੰਤਜ਼ਾਮ ਕਰੋ" ਬੰਦਾ ਬਹਾਦਰ ਆਖ ਰਿਹਾ ਸੀ।

ਖੋਤੇ ਤੇ ਬੂਰਾ ਪਾ ਕੇ ਇਕ ਸਿੱਖ ਡੰਡਿਆਂ ਨਾਲ ਕੁੱਟਦਾ ਆ ਰਿਹਾ ਸੀ।

—"ਹਾਜ਼ਰ ਏ ਸਰਕਾਰ ਸਵਾਰੀ ਲਾੜੇ ਲਈ।"

—"ਬਾਹੋਂ ਫੜ ਕੇ ਲਾੜੇ ਨੂੰ ਸ਼ਗਨਾਂ ਨਾਲ ਘੋੜੀ ਚੜ੍ਹਾਓ।"

ਇਕ ਵਿਜਈ ਸਿੱਖ ਨੇ ਆਖਿਆ।

ਲਾੜੇ ਦਾ ਮੂੰਹ ਕਾਲਾ ਸੀ ਤੇ ਮਗਰ ਡੰਡਿਆਂ ਵਾਲੇ ਸਿੱਖ ਲੱਗੇ ਹੋਏ ਸਨ। ਲਾੜੇ ਨੂੰ ਸਰਹਿੰਦ ਦੀ ਡੰਡੀ ਪਾ ਦਿੱਤਾ। ਦੁਲੱਤੀਆਂ ਮਾਰਦਾ ਖੋਤਾ ਨਾ ਜਾਣੇ ਕਦੋਂ ਦਾ ਸਰਹਿੰਦ ਪੁਜ ਗਿਆ।

———

ਡਾਟ ਤਿੜਕੀ

ਵਿਜਈ ਸਿੱਖਾਂ ਨੇ ਚੀਕਾਂ ਦੀ ਕੋਈ ਪ੍ਰਵਾਹ ਨਾ ਕੀਤੀ ਤੇ ਨਾ ਹੀ ਉਨ੍ਹਾਂ ਕਿਸੇ ਦੇ ਵੈਣਾਂ ਤੇ ਕੰਨ ਈ ਧਰੇ। ਖੋਲਿਆਂ ਵਿਚੋਂ ਧੂਆਂ ਉੱਠ ਰਿਹਾ ਸੀ। ਭਾਵੇਂ ਬੰਦੇ ਬਹਾਦਰ ਨੇ ਆਪਣੀ ਫਤਹਿ ਦੀ ਧਾਂਕ ਕਾਫੀ ਇਲਾਕੇ ਤੇ ਜਮਾ ਲਈ ਸੀ ਪਰ ਬੁੱਢਾ ਸੰਤ ਖੁਸ਼ ਨਹੀਂ ਸੀ ਤੇ ਨਾ ਹੀ ਬੰਦੇ ਬਹਾਦਰ ਨੂੰ ਲਾਲੀਆਂ ਚੜ੍ਹੀਆਂ ਸਨ। ਮੰਦੇ ਹਾਲ ਵਿਚ ਹੀ ਬੰਦਾ ਬਹਾਦਰ ਛੱਡ ਕੇ ਆਪਣੇ ਡੇਰੇ ਪੁਜ ਗਿਆ। 'ਸਤਿਗੁਰ ਰਾਖਾ' ਬੰਦੇ ਬਹਾਦਰ ਦੀ ਜ਼ਬਾਨ ਤੋਂ ਜ਼ਬਰਦਸਤੀ ਬੋਲ ਨਿਕਲਿਆ। ਵਿਚੋ ਵਿਚ ਕਚੀਚੀਆਂ ਵਟ ਰਿਹਾ ਸੀ ਸਿੱਘਾਂ ਦਾ ਜਰਨੈਲ। ਡੇਰੇ ਵਿਚ ਪਰ੍ਹੇ ਜੁੜੀ ਹੋਈ ਸੀ।

ਫਤਹਿ ਸਿੰਘ ਬੋਲਿਆ, "ਹੁਣ ਸਾਡਾ ਨਿਸ਼ਾਨਾ ਲੋਹਗੜ੍ਹ ਹੈ। ਸਢੌਰਾ ਲੁਟਿਆ ਜਾ ਸਕਦਾ ਹੈ। ਪਰ ਪਹਿਲਾਂ ਤਿਆਰੀ ਲੋਹਗੜ੍ਹ ਦੀ ਕਰ ਲਈ ਜਾਵੇ।"

ਬਿਨੋਦ ਸਿੰਘ ਦੇ ਬੋਲ ਸਨ, "ਠੀਕ ਏ ਗਿੱਦੜ ਮਾਰਨ ਲਈ ਸ਼ੇਰ ਦਾ ਸਮਾਨ ਕਰ ਲੈਣਾ ਕਾਫੀ ਹੈ। ਦੁਸ਼ਮਣ ਨੂੰ ਕਦੀ ਕਮਜ਼ੋਰ ਨਾ ਸਮਝੋ। ਇਹੋ ਸਿਆਣਪ ਹੈ।"

ਰਣ ਸਿੰਘ ਖਿਝ ਕੇ ਬੋਲਿਆ "ਲੁਟਣੀ ਅਸਾਂ ਸਰਹਿੰਦ ਏ। ਰੌਲਾ ਵੀ ਸਰਹਿੰਦ ਦਾ ਪਾਇਆ ਜਾਵੇ। ਤੇ ਰਾਹ ਵਿਚ ਜਿਹੜਾ ਵੀ ਅੜੇ, ਕੰਡਾ ਕਢ ਦਿਓ ਤੇ ਲੁੱਟਦੇ ਚਲੇ ਜਾਓ। ਏਸ ਤਰ੍ਹਾਂ ਲੁਟੇਰੇ ਸਾਡੇ ਨਾਲ ਚੰਬੜੇ ਰਹਿਣਗੇ ਤੇ ਅਸੀਂ ਆਪਣੇ ਨਿਸ਼ਾਨੇ ਤੇ ਠੀਕ ਪੁਜ ਜਾਵਾਂਗੇ।"

ਬੁੱਢੇ ਸੰਤ ਦੀ ਜ਼ਬਾਨ ਹਾਰ ਕੇ ਖੁਲ੍ਹੀ, "ਸਰਹਿੰਦ ਮਾਰਨਾ ਖੇਡ ਨਹੀਂ ਵਜ਼ੀਰ ਖਾਂ ਨਾਲ ਟੱਕਰ ਲੈਣੀ ਹੈ। ਜੇ ਲੋਹੇ ਦੇ ਚਣੇ ਨਾ ਚਬਾ ਦਿੱਤੇ ਤਾਂ ਉਹਦਾ ਵੀ ਨਾਂ ਵਜ਼ੀਰ ਖਾਂ ਨਹੀਂ। ਲਾਹੌਰ ਜਿਤਣੀ ਅਸਾਨ ਹੈ ਪਰ ਸਰਹਿੰਦ ਮਾਰਨੀ ਬੜੀ ਮੁਸ਼ਕਲ। ਸਾਰੇ ਇਲਾਕੇ ਦੀਆਂ ਫੌਜਾਂ ਸਰਹਿੰਦ ਇਕੱਠੀਆਂ ਹੋ ਰਹੀਆਂ ਹਨ। ਜਮੂਰ ਖਾਨੇ ਦੇ ਸਿਪਾਹੀ ਸਰਹਿੰਦ ਦੀਆਂ ਫਸੀਲਾਂ ਦੇ ਲਾਗੇ ਖੜੇ ਕਰ ਦਿੱਤੇ ਗਏ ਹਨ। ਬੁਰਜੀਆਂ ਤੇ ਤੋਪਾਂ ਚੜ੍ਹਾ ਦਿੱਤੀਆਂ ਗਈਆਂ ਹਨ। ਘੋੜ ਸਵਾਰਾਂ ਨੂੰ ਨਵੇਂ ਸਿਰਿਉਂ ਮੁਹਾਰਨੀ ਪਕਾਈ ਜਾ ਰਹੀ ਹੈ ਤਲਵਾਰਾਂ ਸੂਤੀਆਂ ਜਾ ਰਹੀਆਂ ਹਨ। ਵਜ਼ੀਰ ਖਾਂ ਸੁੱਤਾ ਨਹੀਂ ਜਾਗਦਾ ਹੈ। ਰਾਹ ਬੰਦ ਨਾ ਹੁੰਦਾ ਤਾਂ ਕੀ ਮਜਾਲ ਸੀ ਕਿ ਦਿਲੀਉਂ ਫੌਜ ਨਾ ਪੁਜਦੀ। ਤੁਹਾਡਾ ਕੀ ਖਿਆਲ ਹੈ ਕਿ ਉਸ ਘੱਟ ਕੀਤੀ ਹੋਣੀ ਹੈ ਦਿਲੀ ਤੋਂ ਫੌਜ ਮੰਗਾਣ ਦੀ। ਦਿੱਲੀ ਦੀ

ਫੌਜ ਜਦ ਪੁਜੇਗੀ ਸਰਹਿੰਦ ਵਾਲਾ ਅਸੀਂ ਫੱਕਾ ਮਾਰ ਲਵਾਂਗੇ। ਇਸ ਲਈ ਸਾਨੂੰ ਸਭ ਤੋਂ ਪਹਿਲਾਂ ਫੌਜ ਨੂੰ ਜੱਥੇਬੰਦ ਕਰਨਾ ਹੈ ਤੇ ਚੰਗੇ ਫੌਜੀਆਂ ਦੇ ਹੱਥ ਕਮਾਨ ਦੇਣੀ ਹੈ। ਨਥੀ ਹੋਈ ਫੌਜ ਭਾਵੇਂ ਸਰਹਿੰਦ ਜਿੱਤ ਲਵੇ। ਬੇਮੁਹਾਰੀਆਂ ਫੌਜਾਂ ਸਰਹਿੰਦ ਦੀਆਂ ਜੂਹਾਂ ਵੀ ਟੱਪ ਸਕਦੀਆਂ। ਪਹਿਲਾਂ ਮੁਫਲਸਗੜ੍ਹ ਜਿਤਿਆ ਜਾਵੇ ਤੇ ਇਥੇ ਹੀ ਜੰਗ ਦੇ ਸਾਰੇ ਸਮਾਨ ਇਕੱਠੇ ਕਰ ਲਵਾਂਗੇ। ਤੇ ਫਿਰ ਫੌਜਾਂ ਅੱਗੇ ਵਧਣ। ਜੇਕਰ ਅਸੀਂ ਲੋਹਗੜ੍ਹ (ਮੁਫਲਸ ਗੜ੍ਹ) ਫਤਹਿ ਕਰਨ ਵਿਚ ਕਾਮਯਾਬ ਹੋ ਗਏ ਤਾਂ ਮੇਰਾ ਯਕੀਨ ਹੈ ਕਿ ਸਰਹਿੰਦ ਸਾਡੀ ਸਰਦਲ ਤੇ ਨੀਵੇਂਗੀ।''

—'ਸੌ ਹੱਥ ਰੱਸਾ ਤੇ ਸਿਰੇ ਤੇ ਗੰਢ' ਸੰਤਾਂ ਦੀ ਗੱਲ ਜ਼ਿੰਦਗੀ ਦੇ ਤਜਰਬੇ ਦਾ ਨਿਚੋੜ ਏ'' ਭਾਈ ਦਇਆ ਦੇ ਬੋਲ ਗੂੰਜ ਉਠੇ।

—''ਏਸ ਕੰਮ ਵਿਚ ਬਾਜ ਸਿੰਘ ਦੀ ਸਲਾਹ ਲੈਣੀ ਬਹੁਤ ਜ਼ਰੂਰੀ ਏ। ਭਾਵੇਂ ਮਾਲੀ ਸਿੰਘ ਵੀ ਆਪਣੀ ਸਲਾਹ ਦੇ ਦੇਵੇ ਪਰ ਆਲੀ ਸਿੰਘ ਵਜ਼ੀਰ ਖਾਂ ਦਿਆਂ ਪੋਤੜਿਆਂ ਦਾ ਜਾਣੂ ਏ'' ਬੰਦੇ ਬਹਾਦਰ ਨੇ ਆਖਿਆ।

—''ਗੱਲ ਤੇ ਸੋਲਾਂ ਆਨੇ ਸੱਚ ਏ ਵਜ਼ੀਰ ਖਾਂ ਛਟਿਆ ਢੁਕਿਆ ਆਦਮੀ ਏ। ਉਸ ਕਈ ਪਾਪੜ ਵੇਲੇ ਹਨ। ਉਹਦੇ ਭਾ ਦੇ ਅਜੇ ਤੁਸੀਂ ਜੰਮੇ ਹੀ ਨਹੀਂ। ਖਬਰੇ ਉਹ ਕਿਹੜੀਆਂ ਮੱਲਾਂ ਮਾਰਨ ਤੇ ਬੈਠਾ ਹੋਇਆ ਹੈ। ਸਹਿਮਿਆਂ ਸੱਪ ਏ। ਡੰਡਾ ਹੱਥ ਵਿਚ ਰੱਖੋ ਮਤਾਂ ਡੰਗ ਨਾ ਦੇਵੇ। ਉਹ ਦੇ ਡੰਗੇ ਨੇ ਤੇ ਕਦੇ ਪਾਣੀ ਵੀ ਨਹੀਂ ਮੰਗਿਆ। ਬੀਨ ਵਜਾ ਕੇ ਸੱਪ ਕੀਲਣ ਵਾਲੇ ਬੰਗਾਲੀ ਜ਼ਰੂਰ ਹੱਥ ਠੋਕਾ ਰੱਖੋ।'' ਆਲੀ ਸਿੰਘ ਨੇ ਜ਼ਰਾ ਮੁੱਛਾਂ ਵਟਦਿਆਂ ਆਪਣੀ ਗੱਲ ਆਖੀ।

—''ਮੁਖੋਰਾ ਜਿੱਤ ਕੇ ਮੁਫਲਸ ਗੜ੍ਹ ਜਾ ਵੜੋ ਤੇ ਤੁਹਾਡੇ ਹੱਥ ਕਾਫੀ ਸਮਾਨ ਆ ਜਾਵੇਗਾ।'' ਬੁੱਢਾ ਸੰਤ ਅਜੇ ਵੀ ਬੋਲ ਰਿਹਾ ਸੀ।

—''ਦੋ ਆਦਮੀ ਅਵਾਰਾ ਗਰਦੀ ਕਰਦੇ ਫੜੇ ਹਨ। ਭਾਵੇਂ ਚੰਗੀ ਗਿੱਦੜ ਕੁੱਟ ਕੀਤੀ ਏ। ਪਰ ਸਰਕਾਰ ਦੇ ਹਵਾਲੇ ਕਰ ਦਿੱਤਾ ਏ।'' ਚਾਰ ਪੰਜ ਸਿੱਖਾਂ ਦੀਆਂ ਆਵਾਜ਼ਾਂ ਸਨ।

—''ਕੌਣ ਹੋ ਤੁਸੀਂ ? ਸੱਚੀ ਸੱਚੀ ਗੱਲ ਦੱਸੋ। ਜਾਨ ਬਖਸ਼ੀ ਜਾਵੇਗੀ। ਵਰਨਾ ਸੜਦੀ ਬਾਰਾਂਦਰੀ ਵਿਚ ਤੁਹਾਨੂੰ ਵੀ ਲਾਂਬੂ ਲਾ ਦਿੱਤਾ ਜਾਵੇਗਾ।'' ਬੰਦੇ ਬਹਾਦਰ ਨੇ ਕੜਕਦੀ ਆਵਾਜ਼ ਵਿਚ ਆਖਿਆ।

''ਅਸੀਂ ਸਰਹੰਦ ਤੋਂ ਆਏ ਹਾਂ। ਵਜ਼ੀਰ ਖਾਂ ਦੇ ਸੂਹੀਏ ਹਾਂ। ਭਾਵੇਂ ਰੱਖੋ ਤੇ ਭਾਵੇਂ ਮਾਰੋ। ਓਹ ਬੜਾ ਜ਼ਾਲਮ ਏ ਸਰਕਾਰ। ਮਜਬੂਰੀ ਕੰਮ ਕਰਵਾ ਲੈਂਦਾ ਹੈ। ਬਮੌਤੇ ਮਰਨ ਨਾਲੋਂ ਏਥੇ ਮਰ ਜਾਣਾ ਚੰਗਾ ਹੈ। ਇਕ ਸੂਹੀਏ ਨੇ ਕੰਬਦਿਆਂ ਕੰਬਦਿਆਂ ਜਵਾਬ ਦਿੱਤਾ।

—''ਇਹ ਕੌਣ ਏ ? ਬੜਾ ਕੁੱਟ ਕੁੱਟ ਕੇ ਆਲੂ ਵਾਂਗੂੰ ਛਿਲ ਦਿੱਤਾ ਜੇ। ਕਿਉਂ ਭਾਈ ਸਿੰਘਾ ! ਤੇਰਾ ਕੀ ਨਾਂ ਏ।'' ਬੰਦਾ ਬਹਾਦਰ ਫਿਰ ਬੋਲਿਆ।

—''ਗੁਲਾਮ ਮੁਸਤਫਾ, ਸਰਕਾਰ !''

—"ਤੂੰ ਵੀ ਇਨ੍ਹਾਂ ਦਾ ਸਾਥੀ ਏਂ" ਬੰਦੇ ਬਹਾਦਰ ਨੇ ਸਵਾਲ ਕੀਤਾ।

—"ਨਹੀਂ ਸਰਕਾਰ, ਮੈਂ ਸਰਹੰਦ ਦਾ ਵਸਨੀਕ ਨਹੀਂ। ਮੈਂ ਕਪੂਰੀ ਤੋਂ ਆਇਆ ਹਾਂ। ਮੇਰੇ ਹਾਕਮਾਂ ਭੇਜਿਆ ਹੈ ਉਹ ਕਹਿੰਦੇ ਹਨ ਕਿ ਅਸੀਂ ਤੁਹਾਡੇ ਨਾਲ ਰਲ ਕੇ ਕਦਮੁਲਦੀਨ ਦੀਆਂ ਰੋਜਾਂ ਪੀਏ।" ਗੁਲਾਮ ਮੁਸਤਫਾ ਦੀ ਆਵਾਜ਼ ਸੀ।

"—ਹਾਂ, ਹਾਂ! ਕਦਮੁਲਦੀਨ, ਉਹ ਦੱਖਣ ਵਾਲਾ। ਇਮਾਨਉਲਾ ਦਾ ਪੁੱਤ। ਬੜਾ ਬਦਮਾਸ਼ ਹੈ।" ਬਾਜ ਸਿੰਘ ਬੋਲਿਆ।

—"ਓਸ ਚਹੁੰ ਕੂਟਾਂ ਵਿਚੋਂ ਕੋਈ ਜਵਾਨ ਕੁੜੀ ਨਹੀਂ ਛੱਡੀ, ਜਿਸਦੀ ਸਫੇਦ ਚਾਦਰ ਤੇ ਗੁਨਾਹ ਦਾ ਦਾਗ ਨਾ ਲਾਇਆ ਹੋਵੇ। ਹਿੰਦੂਆਂ ਦੀਆਂ ਤਾਂ ਡੋਲੀਆਂ ਵਿਚੋਂ ਕੱਢ ਕੇ ਲੈ ਆਉਂਦਾ ਹੈ।" ਮਾਲੀ ਸਿੰਘ ਨੇ ਆਖਿਆ।

—"ਨਹੀਂ ਸਰਕਾਰ, ਓਹਦੇ ਵਾਸਤੇ ਹਿੰਦੂ ਤੇ ਮੁਸਲਮਾਨ ਵਿਚ ਕੋਈ ਫਰਕ ਨਹੀਂ। ਉਹਨੂੰ ਤੇ ਜਵਾਨ ਮੁਟਿਆਰ ਕੁੜੀ ਚਾਹੀਦੀ ਏ। ਭਾਵੇਂ ਕਿਸੇ ਮਜ਼੍ਹਬ ਦੀ ਹੋਵੇ ਤੁਹਾਡਾ ਕੀ ਖਿਆਲ ਏ ਕਿ ਉਹ ਮੁਸਲਮਾਨਣੀਆਂ ਨੂੰ ਭੈਣਾਂ ਬਣਾ ਕੇ ਰੱਖਦਾ ਹੈ, ਕਦੀ ਨਹੀਂ। ਉਹ ਦੇ ਅੰਦਰ ਸਰੀਰਕ ਭੁੱਖ ਏ। ਉਹ ਵੱਡੇ ਛੋਟੇ ਦੀ ਇੱਜ਼ਤ ਨਹੀਂ ਵੇਖਦਾ। ਉਹ ਸੂਰ ਏ ਸਰਕਾਰ।" ਗੁਲਾਮ ਮੁਸਤਫਾ ਬੜੀ ਦਲੇਰੀ ਵਿਚ ਬੋਲਿਆ।

—"ਅੱਛਾ ਠਹਿਰੋ, ਪਹਿਲਾਂ ਇਨ੍ਹਾਂ ਸੂਹੀਆਂ ਨਾਲ ਨਿੱਬੜ ਲਈਏ ਤੇ ਫਿਰ ਤੇਰੀ ਵੀ ਸੁਣਦੇ ਹਾਂ। ਇਕ ਸੂਹੀਏ ਦੀ ਬਾਂਹ ਵੱਢ ਦਿਉ ਤੇ ਦੂਜੇ ਦਾ ਇਕ ਚੰਨਾ ਦਾਹ ਦਿਉ। ਬੱਸ ਇਨ੍ਹਾਂ ਲਈ ਇਹੋ ਸਜ਼ਾ ਕਾਫੀ ਏ, ਤੇ ਮੇਰਾ ਸੁਨੇਹਾ ਜ਼ਰੂਰ ਚੇਤੇ ਨਾਲ ਦੇਣਾ ਵਜ਼ੀਰ ਖਾਨ ਨੂੰ। ਪੱਲੇ ਗੰਢ ਬੰਨ੍ਹ ਲਓ। ਆਖਣਾ—ਤਿਆਰ ਰਹੇ। ਸਿੱਖ ਆਉਣ ਵਾਲੇ ਹਨ। ਕਬਰਾਂ ਪੁੱਟਵਾ ਰੱਖੇ। ਸਿੱਖਾਂ ਕੋਲ ਕਬਰਾਂ ਪੁਟਾਉਣ ਦੀ ਵਿਹਲ ਨਹੀਂ। ਤਾਬੂਤ ਵਿਚ ਅਸੀਂ ਉਹ ਦੇ ਸਰੀਰ ਨੂੰ ਬੜੇ ਸਤਿਕਾਰ ਨਾਲ ਰੱਖਣਾ ਚਾਹੁੰਦੇ ਹਾਂ ਭੁਲੇ ਨਾ ਤਾਬੂਤ ਦਾ ਮੇਚਾ ਦੇ ਰੱਖੇ। ਸਾਹਿਬਜ਼ਾਦਿਆਂ ਨਾਲ ਹੀ ਕਬਰ ਤੇ ਮਿੱਟੀ ਪਾਈ ਜਾਵੇਗੀ। ਤੇ ਆਹ ਲਓ ਖੰਜਰ, ਮੇਰੀ ਵੱਲੋਂ ਸੁਗਾਤ ਦੇਣੀ। ਸਾਰੇ ਦੁੱਖ ਨਿਵਾਰਨ ਕਰ ਦਏਗਾ। ਸ਼ਾਂਤੀ ਦਾ ਦੇਵਤਾ ਹੈ। ਦੱਖਣ ਦੀ ਖਾਸ ਸੁਗਾਤ ਹੈ। ਅਸੀਂ ਉਹਦੇ ਨਾਲ ਜੰਗ ਵਿਚ ਮਿਲਣੀ ਕਰਾਂਗੇ। ਮੈਂ ਉਚੇਚਾ ਉਹਨੂੰ ਮਿਲਣ ਦੱਖਣ ਤੋਂ ਆਇਆ ਹਾਂ। ਜਾਓ ਲੈ ਜਾਉ। ਇਨ੍ਹਾਂ ਨੂੰ।' ਬੰਦਾ ਬਹਾਦਰ ਨੇ ਆਪਣੀ ਗੱਲ ਦਾ ਰੁਖ ਬਦਲਦਿਆਂ ਆਖਿਆ। 'ਕਿਨੇ ਕੁ ਜਵਾਨ ਹਨ।'

—"ਸੌ, ਡੇਢ ਸੌ ਹੋਣਾ ਹੈ।" ਗੁਲਾਮ ਮੁਸਤਫਾ ਨੇ ਜਵਾਬ ਦਿੱਤਾ।

—"ਈਮਾਨ ਦੇ ਤੇ ਪੱਕੇ ਹਨ। ਰਸੂਲ ਤੇ ਕਲਮੇ ਤੇ ਈਮਾਨ ਲਿਆਉਂਦੇ ਹਨ" ਬੰਦੇ ਬਹਾਦਰ ਨੇ ਫਰਮਾਇਆ।

—'ਜੀ ਸਰਕਾਰ, ਪੰਜ ਵਕਤ ਦੇ ਨਮਾਜ਼ੀ ਹਨ।'

—'ਕੀ ਨਾਂ ਏ ਤੁਹਾਡੇ ਸਰਦਾਰਾਂ ਦਾ, ਬੰਦਾ ਬਹਾਦਰ ਬੋਲਿਆ।

—'ਦੀਨਦਾਰ ਖਾਂ ਤੇ ਨਸੀਰ-ਉਲ-ਦੀਨ।'

—'ਅੱਛਾ, ਲੈ ਆ। ਅਸੀਂ ਵੀ ਇਹ ਜੂਆ ਖੇਡ ਕੇ ਦੇਖ ਲੈਂਦੇ ਹਾਂ। ਪਰ ਇਹ ਗੱਲ ਸੋਚ ਕੇ ਆਉਣਾ। ਦਗੇ ਦੀ ਸਜ਼ਾ ਮੌਤ ਤੋਂ ਘੱਟ ਨਹੀਂ। ਅਸੀਂ ਦੁਸ਼ਮਣ ਤੇ ਮਾਫ਼ ਕਰ ਸਕਦੇ ਹਾਂ ਪਰ ਦਗੇਬਾਜ਼ ਦੀ ਪੁੱਠੀ ਖੱਲ ਲੁਹਾ ਦਿੱਤੀ ਜਾਂਦੀ ਹੈ।' ਬੰਦੇ ਬਹਾਦਰ ਦੇ ਚਿਹਰੇ ਤੇ ਜਲਾਲ ਟਪਕ ਰਿਹਾ ਸੀ।

—'ਮੇਰੇ ਹਾਕਮ ਵਫ਼ਾਦਾਰ ਰਹਿਣਗੇ। ਉਹ ਪਠਾਣਾਂ ਦੇ ਪੁੱਤ ਹਨ। ਪਠਾਣ ਯਾਰ ਮਾਰ ਨਹੀਂ ਕਰਦਾ।' ਗੁਲਾਮ ਮੁਸਤਫਾ ਬੜੇ ਹੌਸਲੇ ਨਾਲ ਬੋਲਿਆ।

ਗੁਲਾਮ ਮੁਸਤਫਾ ਗਿਆ ਤੇ ਸਿੱਖ ਕਾਨਾ ਫੂਸੀ ਕਰਨ ਲੱਗ ਪਏ। "ਇਹ ਗਲਤੀ ਏ ਦੁਸ਼ਮਣ ਨੂੰ ਘਰ ਰੱਖਣਾ।"

—'ਬੰਦੇ ਨੇ ਜੋ ਕੁੱਝ ਕੀਤਾ ਠੀਕ ਏ। ਇਸ ਦੁਨੀਆਂ ਵਿਚ ਜ਼ਾਲਮ ਹੀ ਨਹੀਂ ਸਗੋਂ ਇਨਸਾਨ ਵੀ ਵੱਸਦੇ ਹਨ। ਇਹ ਜੰਗ ਜ਼ਾਲਮ ਦੇ ਖਿਲਾਫ਼ ਹੀ ਤੇ ਲੜੀ ਜਾ ਰਹੀ ਏ ਤੇ ਇਹ ਸੱਚ ਏ ਕਿ ਸਾਡੇ ਦੁਸ਼ਮਣ ਸਿਰਫ ਮੁਗਲ ਈ ਹਨ ਤੇ ਉਹ ਬੜੇ ਜ਼ਾਲਮ ਹਨ। ਪਰ ਕੀ ਇਹ ਗੱਲ ਵੀ ਠੀਕ ਨਹੀਂ ਕਿ ਉਨ੍ਹਾਂ ਵਿਚ ਵੀ ਤੇ ਬੜੇ ਨੇਕ ਦਿਲ ਤੇ ਖੁਦਾ ਰਸੀਦਾ ਬਜ਼ੁਰਗ ਹਨ। ਬੁਧੂ ਸ਼ਾਹ ਨੇ ਵੀ ਭੰਗਾਣੀ ਦੀ ਜੰਗ ਵਿਚ ਵੈਰੀਆਂ ਦਾ ਮੁਕਾਬਲਾ ਕੀਤਾ ਸੀ ਤੇ ਮੀਆਂ ਮੀਰ ਵੀ ਤੇ ਮੁਸਲਮਾਨ ਈ ਸੀ। ਉਸ ਵੀ ਲਾਹੌਰ ਦੀ ਇੱਟ ਨਾਲ ਇੱਟ ਖੜਕਾਣ ਦਾ ਹੋਕਾ ਦਿੱਤਾ ਸੀ। ਥੋੜ੍ਹੇ ਜਿਹੇ ਅਯਾਸ਼ ਆਦਮੀਆਂ ਦੀ ਗਿਣਤੀ ਨੇ ਮੁਗਲਾਂ ਨੂੰ ਬਦਨਾਮ ਕਰ ਦਿੱਤਾ। ਬਦ ਨਾਲੋਂ ਬਦਨਾਮ ਬੁਰਾ। ਇਹ ਹਾਕਮ ਤੇ ਮਹਿਕੂਮ ਦੀ ਜੰਗ ਏ। ਜਨਤਾ ਤੇ ਰਾਜੇ ਦੀ ਜੰਗ ਏ। ਗਰੀਬਾਂ ਤੇ ਬਿਸਵੇਦਾਰਾਂ ਦਾ ਘੋਲ ਏ। ਇਹਦੇ ਤੇ ਐਵੇਂ ਮਜ਼ਬੀ ਰੰਗਣ ਦਿੱਤੀ ਜਾ ਰਹੀ ਏ। ਅਸਲ ਵਿਚ ਨਿਜ਼ਾਮ ਬਦਲਣ ਵਾਲਾ ਏ। ਹਰ ਚੰਗੇ ਆਦਮੀ ਨੂੰ ਭਾਵੇਂ ਕਿਸੇ ਮਜ਼ਬ ਦਾ ਏ ਬਰਾਬਰ ਹਿੱਸਾ ਦਿੱਤਾ ਜਾਵੇਗਾ। ਮੁਗਲਾਂ ਸਾਡੇ ਮਾਂਹ ਨਹੀਂ ਪੁੱਟੇ। ਜ਼ੁਲਮ ਈ ਕੀਤਾ ਏ ਨਾ। ਇਹਦੇ ਵਿਚ ਅਹਿਲਕਾਰ ਬਹੁਤੇ ਦੋਸ਼ੀ ਹਨ। ਹੁਕਮ ਦੀ ਤੇ ਪਾਲਣਾ ਈ ਨਹੀਂ ਕੀਤੀ ਜਾਂਦੀ। ਹਨੇ ਹਨੇ ਰਾਜ ਏ। ਕੌਣ ਪੁੱਛਦਾ ਏ ਸੂਬੇਦਾਰੀ ਨੂੰ। ਪਿੰਡ ਦਾ ਚੌਧਰੀ ਆਪਣੇ ਬਾਹਰੇ ਦਾ ਸੂਬੇਦਾਰ ਏ। ਜਨਤਾ ਤੰਗ ਏ। ਅਵਾਮ ਤੁਹਾਡੇ ਨਾਲ ਮੋਢੇ ਨਾਲ ਮੋਢਾ ਮੇਲ ਕੇ ਲੜਨਗੇ। ਭਾਵੇਂ ਮੁਸਲਮਾਨ ਹਨ ਤੇ ਭਾਵੇਂ ਹਿੰਦੂ। ਥੋੜ੍ਹ-ਦਿਲੇ ਨਾ ਬਣੋ। ਰਲਣ ਦਿਉ ਜਿਨ ਰਲਣਾ ਏ ਇਨਸਾਫ ਦੇ ਅੰਦੋਲਨ ਵਿਚ। ਬੁੱਢੇ ਸੰਤ ਦੀ ਦਾੜ੍ਹੀ ਦੇ ਵਾਲ ਕੰਡਿਆਂ ਵਾਂਗੂ ਖੜੇ ਹੋ ਗਏ।

—'ਲੈ ਆਇਆ ਏ ਗੁਲਾਮ ਮੁਸਤਫਾ ਆਪਣੇ ਸਰਦਾਰਾਂ ਨੂੰ' ਦਇਆ ਸਿੰਘ ਦੇ ਬੋਲ ਗੂੰਜੇ।

—'ਹਾਂ, ਅਸੀਂ ਹਾਂ, ਦੀਨਦਾਰ ਖਾਂ ਤੇ ਨਸੀਰ ਉਲਦੀਨ। ਅਸੀਂ ਜ਼ਾਲਮਾਂ ਦੇ ਹੱਕ ਵਿਚ ਨਹੀਂ। ਭਾਵੇਂ ਉਹ ਸਾਡਾ ਭਰਾ ਈ ਕਿਉਂ ਨਾ ਹੋਵੇ। ਸਾਡੇ ਵਾਸਤੇ ਹਰ ਔਰਤ ਦੀ ਇੱਜ਼ਤ

ਬਰਾਬਰ ਏ । ਭਾਵੇਂ ਉਹ ਹਿੰਦੂ ਹੈ ਤੇ ਭਾਵੇਂ ਮੁਸਲਮਾਨ । ਸੁਹਾਗ ਮਾਨਣ ਵਾਸਤੇ ਔਰਤ ਜਵਾਨੀ ਸਾਂਭ ਸਾਂਭ ਕੇ ਰੱਖਦੀ ਏ । ਅਜ਼ਮਤ ਉਹਦੀ ਅਮਾਨਤ ਤੇ ਡਾਕਾ ਮਾਰਦਾ ਏ । ਉਹਦੀ ਕੁੱਖ ਵਿਚੋਂ ਵਲੀ ਅਲਾ ਵੀ ਜਨਮ ਲੈਂਦਾ ਹੈ ਤੇ ਬਹਾਦਰ ਵੀ । ਜੇ ਸ਼ੈਤਾਨ ਈ ਜੰਮਣਾਂ ਏ ਤਾਂ ਸੂਰਨੀ ਦੇ ਪੇਟੋਂ ਕਿਉਂ ਨਾ ਜੰਮਿਆ ਜਾਏ ।' ਦੀਨਦਾਰ ਖਾਂ ਬੋਲਿਆ ।

—'ਅੱਛਾ ਤੁਹਾਡੀ ਸਲਾਹ ਤੇ ਵੀ ਵਿਚਾਰ ਕੀਤੀ ਜਾਵੇਗੀ । ਮੋਦੀਖਾਨੇ ਵਿਚੋਂ ਕੱਚੀ ਰਸਦ ਦੇ ਦਿੱਤੀ ਜਾਵੇ ਇਨ੍ਹਾਂ ਜਵਾਨਾਂ ਨੂੰ । ਤੁਸੀਂ ਆਪਣੇ ਦਸਤੇ ਦਾ ਆਪ ਇੰਤਜ਼ਾਮ ਕਰਨਾ ਨਸੀਰਉਲਦੀਨ ।'' ਬੰਦੇ ਬਹਾਦਰ ਨੇ ਹੁਕਮ ਸਾਦਰ ਕੀਤਾ ।

ਤਰਕਾਲਾਂ ਪੈ ਗਈਆਂ ਅਜ਼ਾਨ ਹੋ ਰਹੀ ਸੀ । ਹਨੇਰੇ ਦੀ ਚਾਦਰ ਨੇ ਚਾਨਣ ਦਾ ਲੱਕ ਤੋੜ ਦਿੱਤਾ । ਗੁੰਥੀ ਸਿੰਘ ਅਰਦਾਸ ਕਰ ਰਿਹਾ ਸੀ ।

—'ਕਿਧਰੋਂ ਆਇਆਂ ਏਂ ਕਰਮ ਸਿੰਘਾਂ' ਬੁੱਢੇ ਸੰਤ ਨੇ ਆਖਿਆ ।

—''ਪੁਰਾਣੇ ਯਾਰ ਮਿਲੇ ਹਨ ਦੀਨਦਾਰ ਖਾਂ ਤੇ ਨਸੀਰਉਲਦੀਨ ਆਪਣੇ ਲੰਗੋਟੀਏ ਹਨ । ਬੜੇ ਦਿਨਾਂ ਜ਼ਰਾ ਜਿੰਨੀ ਮੂੰਹ ਲਾ ਬੈਠੇ ਹਾਂ, ਸਹੁਰੀ ਸੁਰਤ ਈ ਆਉਣ ਵਿਚ ਨਹੀਂ ਆਉਂਦੀ । ਬੜੇ ਦਿਨਾਂ ਦੀ ਮੂੰਹ ਨਹੀਂ ਸੀ ਛੁਹਾਈ । ਧਰਮ ਨਾਲ ਅੱਜ ਹੀ ਮੂੰਹ ਜੂਠਾ ਕੀਤਾ । ਅਸੀਂ ਫਤਹਿ ਦੀ ਖੁਸ਼ੀ ਵਿਚ ਦਾਹਵਤੇ ਸ਼ਬਿਰਾਤ ਯਾਰਾਂ ਨਾਲ ਮਾਣੀਏ । ਦੋ ਦਿਨ ਮੌਜ ਮੇਲਾ ਕਰ ਲੈਣ ਦਿਉ । ਫੇਰ ਤੇ ਬਲਦੀ ਦੇ ਬੁੱਥੇ ਆਉਣਾ ਈ ਏ ।'' ਕਰਮ ਸਿੰਘ ਦੇ ਪੈਰ ਨਸ਼ੇ ਵਿਚ ਡਗਮਗਾ ਰਹੇ ਸਨ ਤੇ ਉਹ ਜਾ ਰਿਹਾ ਸੀ ਆਪਣੇ ਡੇਰੇ ਵੱਲ ।

—''ਕਦਮੁਲਦੀਨ ਨੇ ਮੇਰੇ ਕਲੇਜੇ ਨੂੰ ਹੱਥ ਪਾਇਆ ਏ । ਮੇਰੀ ਇੱਜ਼ਤ ਦਾ ਰੁਗ ਭਰਿਆ ਸੂ । ਲਾਡਾਂ ਵਿਚ ਪਲੀ ਧੀ ਜ਼ਿੰਦਗੀ ਦੀ ਪੂੰਜੀ ਸੀ । ਉਸ ਦੀ ਦਸ ਪੁਖ ਪੈਣ ਨਹੀਂ ਦਿੱਤੀ । ਲੋਕ ਆਖਦੇ ਹਨ । ''ਉਹ ਉਹਦੇ ਹਰਮ ਵਿਚ ਇਕ ਬਾਂਦੀ ਏ । ਸਾਡੇ ਲਈ ਤੇ ਹਰਮ ਦੇ ਫਾਟਕ ਬੰਦ ਹਨ । ਅੱਛਾ, ਜੇ ਅਸਾਂ ਉਹਦੀਆਂ ਬੇਟੀਆਂ ਨਾ ਨੋਚ ਲਈਆਂ ਤਾਂ ਸਾਨੂੰ ਵੀ ਮਾਂ ਨਹੀਂ ਚੁੰਘੀ ਫਿਰੀ ।'' ਦੀਨਦਾਰ ਖਾਂ ਨੇ ਨਸ਼ੇ ਵਿਚ ਆਖਿਆ ।

''ਸਾਡੇ ਪਿਓ ਦੀ ਪੱਗ ਲਾਹੀ ਸੂ । ਕੌਣ ਭਰਾ ਏ ਜਿਹੜਾ ਸਾਹਮਣੇ ਆਪਣੀ ਭੈਣ ਦੀ ਬੇਇੱਜ਼ਤੀ ਬਰਦਾਸ਼ਤ ਕਰ ਸਕਦਾ ਏ । ਮੇਰੀ ਮਾਂ ਦੀਆਂ ਆਂਦਰਾਂ ਲੂੱਹੀਆਂ ਸੂ । ਜੇ ਕਿੱਤੇ ਟੋਟੇ ਚੜ੍ਹ ਗਿਆ ਤੇ ਛੱਟੀ ਦਾ ਦੁੱਧ ਯਾਦ ਕਰਵਾ ਦੇਵਾਂਗਾ । ਤੋੜ ਤੋੜ ਕੀ ਮਾਰਨਾ ਏ ਲੱਤ ਤੇ ਲੱਤ ਰੱਖ ਕੇ ਚੀਰ ਸੁਟਾਂਗੇ । ਬੰਦੇ ਬਹਾਦਰ ਨਾਲ ਰਲ ਕੇ ਉਹਦਾ ਘੇਰਾ ਚੁੱਕ ਦਿਉ, ਪਰ ਵਜ਼ੀਰ ਖਾਂ ਨੇ ਕਿਹੜੀ ਸਾਡੇ ਨਾਲ ਘੱਟ ਕੀਤੀ ਏ । ਮੇਰੇ ਚਾਚੇ ਨੂੰ ਸਰੇ ਬਾਜ਼ਾਰ ਕਤਲ ਕੀਤਾ ਸੀ । ਅੱਖਾਂ ਕਢਵਾ ਦਿੱਤੀਆਂ ਸਨ ਉਸ ਮੇਰੇ ਚਾਚਾ ਜ਼ਾਦ ਭਰਾ ਦੀਆਂ । ਸਰਹਿੰਦ ਦੀ ਤਬਾਹੀ ਵਿਚ ਅਸੀਂ ਡੱਟਕੇ ਲੜਾਂਗੇ । ਚੇਲਾ ਗੁਰੂ ਗੋਬਿੰਦ ਸਿੰਘ ਦਾ ਛੇੜਿਆ ਹੋਇਆ ਏ । ਬੁਧੂ ਸ਼ਾਹ ਵਰਗਾ ਪਿਆਰ ਮਿਲੇਗਾ । ਨਬੀ ਖਾਨ ਤੇ ਗਨੀ ਖਾਂ ਜਿੰਨਾ ਸਤਕਾਰ ਪਾਵਾਂਗੇ । ਅਸੀਂ ਜ਼ੁਲਮ ਦੇ ਖਿਲਾਫ ਤਲਵਾਰ ਚੁੱਕਣੀ ਏ । ਮਜ਼ਲੂਮ ਦੇ ਹੱਕ ਵਿਚ ਬੋਲਣਾ ਏ । ਸਭ ਕੁੱਝ ਛੱਡ ਦਿਉ, ਪਰ ਇਨਸਾਨੀਅਤ

ਪਲਿਉਂ ਨਾ ਖੋਲ੍ਹੋ।" ਨਸੀਰਉਲਦੀਨ ਦੀ ਆਵਾਜ਼ ਵਿਚ ਗੁੱਸੇ ਦੀ ਅਮੇਜ਼ਸ਼ ਹੁੰਦੀ ਜਾ ਰਹੀ।

ਬੁੱਢੇ ਸੰਤ ਨੇ ਸਾਰੀਆਂ ਗੱਲਾਂ ਸੁਣੀਆਂ ਉਹਲੇ ਹੋ ਕੇ, ਤੇ ਗਿਣੇ ਮਿੱਥੇ ਆਦਮੀਆਂ ਨੂੰ ਸੱਦਿਆ ਤੇ ਆਪਣਾ ਫੈਸਲਾ ਦਿੱਤਾ ਜੰਗ ਬਾਰੇ।

—"ਲੋਹਗੜ੍ਹ ਦੀ ਜੰਗ ਇਸ ਤਰ੍ਹਾਂ ਲੜੀ ਜਾਵੇ। ਸਭ ਤੋਂ ਪਹਿਲਾਂ ਲੁਟੇਰਿਆਂ ਦੀਆਂ ਟੋਲੀਆਂ ਹੋਣ ਤੇ ਉਹਦੇ ਮਗਰ ਪਠਾਣਾਂ ਤੇ ਮੁਗਲਾਂ ਦੇ ਦਸਤੇ। ਇਹਦੇ ਮਗਰ ਧਰਮ ਦੇ ਨਾਂ ਤੇ ਸ਼ਹੀਦ ਹੋਣ ਵਾਲੇ ਯੋਧੇ ਸਾਰਿਆਂ ਤੋਂ ਮਗਰ ਸਾਡੇ ਖਾਸ ਆਦਮੀ ਹੋਣੇ ਚਾਹੀਦੇ ਹਨ। ਦੋਹ ਪਾਸੀਂ ਘੋੜ ਸਵਾਰਾਂ ਦੀਆਂ ਕਤਾਰਾਂ ਹੋਣ। ਸਾਰੀ ਫੌਜ ਦੇ ਵਿਚਕਾਰ ਜਿਹੜੀ ਅੱਗੇ ਹੈ ਤੇ ਪਿੱਛੇ ਸਿੱਧੀ ਨੱਕ ਦੀ ਸੇਧੇ ਇਕ ਗਲੀ ਬਣਾਈ ਜਾਵੇ। ਤਾਂ ਜੋ ਪਿੱਛਲਾ ਸਵਾਰ ਸਾਰੀ ਫੌਜ ਦੀ ਦੇਖ ਭਾਲ ਕਰਦਾ ਸਾਰਿਆਂ ਦੇ ਮੋਹਰੀ ਆਣ ਖਲੋਵੇ! ਜਮੂਰ ਖਾਨੇ ਉਸੇ ਗਲੀ ਵਿਚ ਖੜੇ ਕੀਤੇ ਜਾਣ। ਤੋਪਾਂ ਉਚੇ ਥੇਹ ਤੇ। ਮੈਂ, ਜੀਵਨ ਸਿੰਘ, ਬੰਦਾ ਬਹਾਦਰ ਅਤੇ ਪੰਜ ਮੁੱਖੀ ਸਰਦਾਰ ਇਸ ਰਾਹ ਵਿਚ ਰਹਾਂਗੇ। ਬਾਕੀ ਸਾਰੇ ਸਰਦਾਰ ਜੱਥਿਆਂ ਦੀ ਅਗਵਾਈ ਕਰਨ। ਇਸ ਤਰ੍ਹਾਂ ਅਸੀਂ ਮੈਦਾਨ ਮਾਰ ਲਵਾਂਗੇ। ਇਸ ਤਜਵੀਜ਼ ਨੂੰ ਪੱਲੇ ਬੰਨ੍ਹਕੇ ਜੰਗ ਲੜਨੀ ਹੈ। ਹਾਂ, ਹਾਂ, ਇਕ ਗੱਲ ਤੇ ਮੈਂ ਭੁੱਲ ਹੀ ਗਿਆਂ ਹਾਂ। ਉਹ ਇਹ ਕਿ ਜਿਹੜਾ ਤੁਹਾਨੂੰ ਡਰ ਹੈ ਕਿ ਲੁਟੇਰੇ ਮੁਕਾਬਲਾ ਕਰਨ ਵੇਲੇ ਨੱਸ ਖੜੇ ਹੋਣਗੇ ਤੇ ਪਠਾਣਾਂ ਤੰਬੇ ਚੁੱਕ ਕੇ ਨੱਸ ਜਾਣਾ ਏ—ਕੋਈ ਡਰਨ ਵਾਲੀ ਗੱਲ ਨਹੀਂ। ਮੈਂ ਪਠਾਣਾਂ ਦੇ ਕੰਨੀਂ ਫੂਕ ਮਾਰ ਦਿੱਤੀ ਏ। ਜੇ ਸਾਡੀ ਅੱਗੇ ਵਾਲੀ ਫੌਜ ਪਿੱਛੇ ਹੱਟੇ ਤੇ ਤਲਵਾਰ ਨਾਲ ਜ਼ਿਬ੍ਹਾ ਕਰ ਦਿਉ। ਧਰਮ ਯੁੱਧ ਦੇ ਸਰਦਾਰ ਇਸ ਗੱਲ ਤੇ ਤਿਆਰ ਕਰ ਦਿੱਤੇ ਹਨ। ਜੇ ਪਠਾਣ ਨੱਸਣ ਦਾ ਨਾਂ ਲੈਣ ਤਾਂ ਸਿਰੀ ਸਾਹਿਬ ਨਾਲ ਝਟਕਾ ਦਿਉ। ਇਸ ਤਰ੍ਹਾਂ ਸਾਰੀ ਫੌਜ ਇਕ ਦੂਜੇ ਦੀ ਰਾਖੀ ਕਰੇਗੀ। ਲੋਹਗੜ੍ਹ ਤੱਕ ਕਿੱਤੇ ਤੁਹਾਨੂੰ ਗੋਡਾ ਨਿਵਾਉਣਾ ਨਹੀਂ ਪੈਣਾ। ਲੋਹਗੜ੍ਹ ਤੇ ਅਸਾਂ ਸਾਹ ਲੈਣਾ ਹੈ। ਸ਼ਾਮ ਦੀ ਲਾਲੀ ਵਿਚ ਤੁਹਾਡਾ ਝੰਡਾ ਚੜ੍ਹੇਗਾ ਤੇ ਮੁਗਲ ਸਮਰਾਟ ਦੇ ਝੰਡੇ ਲੀਰਾਂ ਲੀਰਾਂ ਕੀਤੇ ਜਾਣਗੇ। ਸਵੇਰੇ ਕੂਚ ਦਾ ਬਿਗਲ ਵੱਜ ਜਾਵੇ।"

ਰਾਤ ਵਿਚਾਰਾਂ ਵਿਚ ਲੰਘ ਗਈ। ਕਿਸੇ ਗੱਲ ਦੀ ਨਾ ਗੌਲੀ ਪਠਾਣਾਂ ਨਾਲ ਸਲਾਹ ਕਰਨ ਦੀ। ਬੁੱਢਾ ਸੰਤ, ਪਿਅਕੜਾਂ ਨੂੰ ਨਸ਼ੇ ਦੀ ਜਦੋਂ ਟੋਟ ਆਈ ਤਾਂ ਉਹ ਉਦੋਂ ਸਿਰ ਤੇ ਆਣ ਗੱਜਿਆ। ਬੁੱਢਾ ਸੰਤ ਆਖ ਰਿਹਾ ਸੀ, "ਗਿੱਟੀਆਂ ਢੱਲਦਿਆਂ ਦੀ ਅਸੀਂ ਕਪੂਰੀ ਤੇ ਹੱਲਾ ਬੋਲ ਦੇਣਾ ਹੈ। ਤੁਸੀਂ ਜ਼ਰਾ ਬਖਤਰ ਨਹੀਂ ਪਹਿਨੇ। ਜਲਦੀ ਕਰੋ ਅਜੇ ਬੜੀ ਵਾਟ ਏ। ਪਹਿਲੀ ਕੁੱਕੜ ਦੀ ਬਾਂਗੇ ਅਸਾਂ ਕਪੂਰੀ ਦੇ ਨਾਕੇ ਬੰਦ ਕਰ ਲੈਣੇ ਨੇ। ਜੇ ਕਦਮੁਲਦੀਨ ਦੀਆਂ ਨਾਸਾਂ ਬੰਦ ਨਾ ਕਰ ਦਿੱਤੀਆਂ ਤਾਂ ਸਾਨੂੰ ਸਿੱਖ ਕਿਸ ਆਖਣਾ ਹੈ।"

—"ਉਠੋ, ਫੌਜ ਨੂੰ ਹੁਕਮ ਦਿਉ ਸੂਬੇਦਾਰ ਜੀ।" ਬੁੱਢੇ ਸੰਤ ਦੇ ਬੋਲ ਗੂੰਜੇ।

—'ਧੌਂਸਿਆਂ ਵਾਲਿਆਂ ਨੂੰ ਤੁਸੀਂ ਕੱਢੋ ਤੇ ਅਸੀਂ ਨਾਲ ਆ ਰਲਦੇ ਹਾਂ" ਨਸੀਰਉਲ-ਦੀਨ ਨੇ ਆਖਿਆ।

—"ਲੁਟੇਰਿਆਂ ਦੀਆਂ ਟੋਲੀਆਂ ਦੀ ਖਾਸ ਪਹਿਚਾਨ ਨਹੀਂ ਸੀ। ਪਰ ਬੁੱਢੇ ਸੰਤ ਨੇ ਵ

ਤਾੜਨ ਵਿਚ ਕਮਾਲ ਕਰ ਦਿੱਤੀ। ਛੱਤੀ ਘਾਟਾਂ ਦਾ ਪਾਣੀ ਪੀਤਾ ਹੋਇਆ ਸੀ ਬੁੱਢੇ ਸੰਤ ਨੇ। ਅੱਖ ਝਮਕੀ ਤੇ ਸਾਰੇ ਆਪਣੀ ਆਪਣੀ ਥਾਂ ਤੇ ਖੜੇ ਹੋ ਗਏ। ਛਾਂਟ ਛਾਂਟ ਕੇ ਨਿਖੇੜਿਆ ਲੁਟੇਰਿਆਂ ਦੇ ਸਰਦਾਰਾਂ ਨੂੰ ਤੇ ਚੰਗੀ ਤਰ੍ਹਾਂ ਪਿੰਨ ਠੋਕੀ। ਆਪਣੇ ਮਕਸਦ ਵਿਚ ਕਾਮਯਾਬ ਰਿਹਾ ਬੁੱਢਾ ਸੰਤ। ਇਸ ਤਰ੍ਹਾਂ ਸ਼ਹੀਦਾਂ ਦਾ ਕਾਫ਼ਲਾ ਕਪੂਰੀ ਵੱਲ ਵਧਿਆ। ਘੇਰਾ ਘਤੀ ਖੜੇ ਸਨ ਸੂਰਮੇ ਤੇ ਕਪੂਰੀ ਘੂਕ ਸੁੱਤੀ ਪਈ ਸੀ। ਇਕ ਘੋੜ ਸਵਾਰ ਬੰਨ੍ਹੇ ਸਵਾਰ ਨੂੰ ਲੱਦੀ ਇਸ ਤੇਜ਼ੀ ਨਾਲ ਡਿਓਢੀ ਵਿਚੋਂ ਨਿਕਲਿਆ ਕਿ ਸਿੱਖ ਹੱਕੇ ਬੱਕੇ ਬਹਿ ਗਏ। ਬਥੇਰਾ ਪਿੱਛਾ ਕੀਤਾ ਪਰ ਕੋਈ ਪੇਸ਼ ਨਾ ਗਈ। ਸਵਾਰ ਪਤਾ ਨਹੀਂ ਮਿਰਜ਼ੇ ਦੀ ਬਕੀ ਤੇ ਬੈਠਾ ਹੋਇਆ ਸੀ। ਨਿਕਲ ਗਿਆ ਅੱਖਾਂ ਵਿਚ ਧੂੜ ਪਾ ਕੇ। ਇਕ ਦਰਵਾਜ਼ਾ ਖੁੱਲ੍ਹਾ ਤੇ ਦੂਜਾ ਮੌਲਾਨੇ ਦੀਆਂ ਬਾਹਾਂ ਨੇ ਖੋਲ੍ਹ ਦਿੱਤਾ। ਸਿੱਖਾਂ ਨੇ ਅੱਗ-ਲਾਏ ਮੁਗ਼ਲਾਂ ਦੀ ਧੌਣ ਨੱਪੀ। ਅਜ਼ਾਨ ਦੀ ਸੰਘੀ ਘੁੱਟਣ ਦੇ ਨਾਲ ਚੀਕਾਂ, ਵੈਣ ਤੇ ਚਾਂਗਰਾਂ ਨਾਲ ਸੰਘ ਪਾਟ ਗਏ। ਕਦਮੁਲਦੀਨ ਨੇ ਜਾਮੇ ਸਬੂਰੀ ਪੀਤੀ ਹੋਈ ਸੀ। ਨਸ਼ੇ ਦੀ ਮੰਜ ਤੇ ਹੀ ਸਿੱਖਾਂ ਫੜ ਲਿਆ ਤੇ ਇਕ ਬੋਰੀ ਵਿਚ ਬੰਦ ਕਰ ਕੇ ਉਹਦਾ ਮੂੰਹ ਰੱਸੀ ਨਾਲ ਬੰਨ੍ਹ ਦਿੱਤਾ। ਪਠਾਣਾਂ ਆਪਣੇ ਵੈਰ ਕੱਢੇ। ਪੁਰਾਣੀਆਂ ਖਾਰਾਂ ਨਿੱਤਰੀਆਂ। ਦਿਲ ਦੇ ਗੁਬਾਰ ਕੱਢੇ ਪਠਾਣ ਸੂਰਮਿਆਂ। ਦਿਨ ਚੜ੍ਹਨ ਤੋਂ ਪਹਿਲਾਂ ਈ ਕਪੂਰੀ ਵਾਲੀ ਬੰਬ ਬੁਲਾ ਦਿੱਤੀ। ਚੰਗੇ ਫੌਜੀ ਦਸਤੇ ਤੇ ਬੰਦਾ ਬਹਾਦਰ ਕਪੂਰੀ ਵਿਚ ਵਾਹ ਵਾਹ ਦਿਨ ਚੜ੍ਹੇ ਦਾਖ਼ਲ ਹੋਇਆ। ਕੁਰਬਲ ਕੁਰਬਲ ਕਰਦੀਆਂ ਲਾਸ਼ਾਂ ਪੈਰਾਂ ਨੂੰ ਲੱਗ ਰਹੀਆਂ ਸਨ। ਤੱਤਾ ਲਹੂ ਪੈਰਾਂ ਵਿਚ ਨਿਕਲ ਚੁੱਕਾ ਸੀ। ਚੰਗੇ ਕੁੱਤੇ ਨੂੰ ਫੌਜੀ ਪਿਆਰ ਤਾਂ ਕਰਦੇ ਪਰ ਇਨਸਾਨ ਦੇ ਪੁੱਤ ਦਾ ਕੋਈ ਝੂਠਾ ਸੱਚਾ ਮੂੰਹ ਵੀ ਨਾ ਚੁੰਮਦਾ। ਮੋਰੀਆਂ ਵਿਚੋਂ ਲਹੂ ਵਗ ਰਿਹਾ ਸੀ। ਫੌਜੀ ਖਿਲੀਆਂ ਮਾਰਦੇ ਕੋਲ ਦੀ ਲੰਘ ਰਹੇ ਸਨ। ਰਿੱਛ ਤੇ ਕੁੱਤਿਆਂ ਦੀ ਲੜਾਈ ਦਾ ਬੜਾ ਸ਼ੌਕੀਨ ਸੀ ਕਦਮੁਲਦੀਨ। ਫੌਜ ਦੇ ਹੱਥ ਦੋ ਰਿੱਛ ਆ ਗਏ ਤੇ ਪੰਜ ਸੱਤ ਕੁੱਤੇ। ਭਾਵੇਂ ਸਾਰੀ ਕਪੂਰੀ ਦਾ ਫੱਕਾ ਵੱਜ ਚੁੱਕਾ ਸੀ ਪਰ ਫੌਜੀਆਂ ਦੇ ਘੇਰੇ ਵਿਚ ਰਿੱਛ ਤੇ ਕੁੱਤੇ ਸਵਾਏ ਹੋਕੇ ਲੜ ਰਹੇ ਸਨ ਭਰ ਜੋਬਨ ਵਿਚ ਸੀ ਉਹ ਮੇਲਾ। ਉਨ੍ਹਾਂ ਬੋਰੀ ਰਿੱਛਾਂ ਵਾਲੀ ਜਗ੍ਹਾ ਤੇ ਰੱਖ ਦਿੱਤੀ ਇਕ ਰਿੱਛ ਹਾਰ ਕੇ ਲਾਂਭੇ ਹੋ ਬੈਠਾ। ਕੁੱਤੇ ਇਸ ਬੋਰੀ ਨੂੰ ਚੱਕ ਮਾਰ ਰਹੇ ਸਨ। ਵਿਚ ਕਦਮੁਲਦੀਨ ਚੀਕਾਂ ਮਾਰ ਰਿਹਾ ਸੀ।

—"ਲੰਡਾ ਚੰਗਾ ਬੁਰਕ ਭਰਦਾ ਐ।" ਦੀਨਦਾਰ ਖਾਂ ਬੋਲਿਆ।

—"ਭਈ ਕਮਾਲ ਕਰ ਦਿੱਤੀ ਏ ਕਾਲੂ ਨੇ" ਨਸੀਰਉਲਦੀਨ ਨੇ ਵਿਅੰਗ ਕੱਸਿਆ।

—"ਸ਼ੇਰ ਦਾ ਪੁੱਤ ਸੀ ਡੱਬਾ" ਆਲੀ ਸਿੰਘ ਆਖ ਰਿਹਾ ਸੀ।

—"ਕੱਝ ਵੀ ਆਖੋ ਮਜ਼ਾ ਆ ਗਿਆ ਮੁਕਾਬਲੇ ਦਾ। ਬੋਰੀ ਵਿਚੋਂ ਈ ਕੁੱਤੇ ਦੀਆਂ ਫੰਘਾੜਾਂ ਫੜ ਲੈਂਦਾ ਸੂਰਮਾ।" ਦੀਨਦਾਰ ਖਾਂ ਬੋਲਿਆ।

—"ਜਾਤ ਭਰਾ ਜੁ ਹੋਇਆ" ਜੀਵਨ ਸਿੰਘ ਦੀ ਅਵਾਜ਼ ਸੀ।

—"ਬੜਾ ਬਿਜੂ ਵਣਾਇਆ ਹੋਇਆ ਜੇ। ਕੌਣ ਏ? ਖੋਲੋ ਖਾਂ ਜ਼ਰਾ ਬੋਰੀ ਦਾ ਮੂੰਹ।" ਬੁੱਢੇ ਸੰਤ ਨੇ ਪਿੜ ਚੀਰ ਕੇ ਆਖਿਆ।

ਆਵਾਜ਼ ਗੂੰਜ ਗਈ ਸਾਰੇ ਪਿੜ ਵਿਚ। ਇਕ ਵਾਰ ਸਾਰੇ ਦੇ ਸਾਰੇ ਠਠੰਬਰ ਗਏ। ਬੋਰੀ ਦੇ ਗਲਮੀਨੇ ਦੀ ਰੱਸੀ ਖੋਲ੍ਹੀ ਗਈ ਤੇ ਕਦਮੁਲਦੀਨ ਬੁੜ ਬੁੜ ਕਰਦਾ ਨਿਕਲਿਆ। ਸਰੀਰ ਤੇ ਚੱਕ ਵੱਜੇ ਹੋਏ ਸਨ ਤੇ ਲਹੂ ਸਿਮ ਰਿਹਾ ਸੀ।

—"ਕੌਣ ਏ ਦੀਨਦਾਰ ਖਾਂ ਜੀ ?" ਬੁੱਢੇ ਸੰਤ ਬੋਲ ਰਹੇ ਸਨ।

—"ਕਦਮੁਲਦੀਨ।" ਸਰਕਾਰ।

—"ਬੜੇ ਕਾਜ਼ੀ ਹੋ। ਲੈ ਚੱਲੋ ਸਰਕਾਰ ਦੇ ਕੋਲ।" ਗਿੜਗਿੜਾ ਕੇ ਬੰਦੇ ਦੇ ਅੱਗੇ ਫਰਿਆਦੀ ਹੋਇਆ ਕਦਮੁਲਦੀਨ।

ਬੰਦਾ ਬਹਾਦਰ ਬੋਲਿਆ "ਲੈ ਜਾਓ ਦੀਨਦਾਰ ਖਾਂ ਜੀ ਜਿਵੇਂ ਤੁਹਾਡੀ ਮਰਜ਼ੀ ਹੋਵੇ ਸਲੂਕ ਕਰੋ। ਤੇਰਾ ਆਪਣਾ ਭਾਈਦਾਰਾ ਏ। ਅਸੀਂ ਇਸ ਮੁਆਮਲੇ ਵਿਚ ਦਖਲ ਨਹੀਂ ਦਿੰਦੇ। ਪਰ ਸੂਬੇਦਾਰ ਜੀ, ਸੰਤਣੀ ਦੀ ਦਸ ਧੁੱਖ ਤੇ ਪਾ ਜਾਣੀ ਸੀ।"

—"ਕੌਣ ? ਈਰਾਵਤੀ।" ਕਦਮੁਲਦੀਨ ਬੋਲਿਆ। ਉਹਨੂੰ ਇਵੇਂ ਭਾਸਿਆ ਜਿਵੇਂ ਬੰਦਾ ਬਹਾਦਰ ਉਹਦੇ ਤੇ ਮਿਹਰਬਾਨ ਹੋ ਗਿਆ ਹੋਵੇ।

—"ਹਾਂ ! ਈਰਾਵਤੀ" ਜੀਵਨ ਸਿੰਘ ਬੋਲਿਆ :

—"ਹਾਂ, ਉਹਨੂੰ ਕਰਾਮਤ ਅਲੀ ਸਰਹੰਦ ਲੈਕੇ ਨੱਠ ਗਿਆ ਹੈ।" ਕਦਮਲਦੀਨ ਦੇ ਬੁਲ੍ਹ ਫਰਕੇ।

—"ਚੰਗਾ ਸਰਕਾਰ, ਮਹਿਮਾਨ ਨਿਵਾਜ਼ੀ ਕਰ ਲਵਾਂ ਕਦਮਲਦੀਨ ਦੀ।" ਦੀਨਦਾਰ ਖਾਂ ਨੇ ਅਰਜ਼ ਕੀਤੀ।

—"ਸਤਿਗੁਰ ਰਾਖਾ।" ਬੰਦੇ ਬਹਾਦਰ ਨੇ ਫਰਮਾਇਆ।

ਜਿਊਂਦੇ ਨੂੰ ਪੁੱਠਾ ਟੰਗ ਦਿੱਤਾ ਤੇ ਚੌਗਿਰਦੇ ਵਿਚ ਖੂਨ ਖਾਰ ਕੁੱਤੇ ਛੱਡ ਦਿੱਤੇ। ਬਥੇਰਾ ਕਦਮੁਲਦੀਨ ਨੇ ਵਾ ਵੇਲ਼ਾ ਕੀਤਾ ਪਰ ਓਸ ਵੇਲੇ ਕੌਣ ਸੁਣਦਾ ਸੀ ਉਹਦੀ।

ਕਦਮੁਲਦੀਨ ਆਖ ਰਿਹਾ ਸੀ, ਮੈਂ ਤੇਰਾ ਮੁਸਲਮਾਨ ਭਰਾ ਹਾਂ। ਇਨ੍ਹਾਂ ਕਾਫਰਾਂ ਦੇ ਆਖੇ ਲੱਗ ਕੇ ਮੈਨੂੰ ਮਾਰਨ ਲੱਗਾ ਹੈਂ।"

"ਜ਼ਲੀਲ ਕੁੱਤੇ, ਤੇਥੋਂ ਕਈ ਦਰਜੇ ਚੰਗੇ ਹਨ ਸਿੱਖ। ਤੇਰੇ ਵਰਗੇ ਹਰਾਮਜ਼ਾਦੇ ਤੇ ਨਹੀਂ ਇਨਸਾਨ ਕਾਫਰ ਵੀ ਏ ਤਾਂ ਵੀ ਇਨਸਾਨ ਏ।" ਦੀਨਦਾਰ ਖਾਂ ਆਖ ਰਿਹਾ ਸੀ।

ਕੁੱਤਿਆਂ ਬੁੱਰਕ ਮਾਰ ਮਾਰ ਕੇ ਤੜਫਦੇ ਕਦਮੁਲਦੀਨ ਦੀ ਰੂਹ ਕਬਜ਼ ਕਰ ਦਿੱਤੀ।

—"ਕਪੂਰੀ ਤੱਕ ਸਾਰਾ ਇਲਾਕਾ ਹੁਣ ਸਾਡਾ ਏ।" ਇਕ ਸਿੱਖ ਸਰਦਾਰ ਤਲਵਾਰ ਦੀ ਧਾਰ ਨੂੰ ਛੂਹ ਕੇ ਆਖ ਰਿਹਾ ਸੀ।

———

ਬਾਂਸ ਦੀ ਪੋਰੀ

ਉਸਮਾਨ ਖਾਂ ਨੂੰ ਕੌਣ ਨਹੀਂ ਸੀ ਜਾਣਦਾ, ਸਾਰੇ ਪਰਗਣੇ ਵਿਚ ਉਸ ਦੀ ਧਾਂਕ ਸੀ। ਹਿੰਦੂ ਦੀ ਕੌਡੀ ਨਹੀਂ ਸੀ ਵਟੀ ਜਾਂਦੀ ਪਰ ਮੁਗਲ ਵੀ ਸ਼ਮਲਾ ਕੱਢ ਕੇ ਨਹੀਂ ਸੀ ਚੱਲ ਸਕਦਾ। ਆਮਲ ਦੇ ਬਰਾਬਰ ਕਿਸੇ ਦਾ ਚੁਬਾਰਾ ਉੱਚਾ ਨਹੀਂ ਸੀ ਹੁੰਦਾ। ਜਬਰਨ ਉਹ ਉਹਦੀ ਮਮਟੀ ਢੁਹਾ ਦਿੰਦਾ। ਕੀ ਮਜਾਲ ਸੀ, ਉਸਮਾਨ ਲੰਘ ਰਿਹਾ ਹੋਵੇ ਬਜ਼ਾਰ ਵਿਚੋਂ ਮੁਗਲ ਖੜੇ ਨਾ ਹੋ ਜਾਣ ਵੀਹ ਵੀਹ ਵਾਰ ਝੁਕ ਫਰਸ਼ੀ ਸਲਾਮਾਂ ਕਰਦਿਆਂ ਦੇ ਲੱਕ ਵਿਚ ਕੜੱਲ ਪੈ ਜਾਂਦੇ। ਕੰਨਾਂ ਦਾ ਬੜਾ ਕੱਚਾ ਸੀ। ਕਾਜ਼ੀਆਂ ਦੀ ਜੁੰਡੀ ਵਿਚ ਬਹਿ ਕੇ ਖਿੜਗਿਲੀਆਂ ਮਾਰਦਾ ਪਰ ਕੋਈ ਸਿਆਣਾ ਕਾਜ਼ੀ ਜੇ ਕਿਤੇ ਸਾਹਮਣੇ ਡੱਟ ਜਾਂਦਾ ਸ਼ਰ੍ਹਾ ਦਾ ਮਸਲਾ ਲੈ ਕੇ ਤਾਂ ਉਹ ਦੇ ਭਾ ਦੀ ਬਣਾ ਦਿੰਦਾ। ਰੂਹ ਆਈ ਨਮਾਜ਼ ਪੜ੍ਹਦਾ। ਮਰਜ਼ੀ ਆਵੇ ਵੁਜ਼ੂ ਕਰਦਿਆਂ ਸ਼ਰਾਬ ਵਾਲੀ ਠੂਠੀ ਮੂੰਹ ਨਾਲ ਲੱਗੀ ਹੋਵੇ। ਖਾਲੀ ਮੁਸੱਲਾ ਸਖਣੀ ਸਫ ਨਮਾਜ਼ੀ ਦੇਖ ਕੇ ਨਮਾਜ਼ ਅਦਾ ਕਰ ਲੈਂਦੇ, ਪਰ ਉਸਮਾਨ ਖਾਂ ਨੂੰ ਪਿਆਕੜਾਂ ਕੋਲੋਂ ਵੀ ਵਿਹਲ ਨਾ ਮਿਲਦੀ। ਉਹਦੇ ਹੱਥ ਵਿਚ ਹਰ ਵੇਲੇ ਤਸਬੀ ਘੁੰਮਦੀ ਤੇ ਉਹ ਮਣਕੇ ਤੇ ਨਾਹ ਮਣਕਾ ਮਾਰਦਾ। ਦਾਹੜੀ ਮਹਿੰਦੀ ਰੰਗੀ ਸੀ, ਤੰਗ ਦਿਲ ਤੇ ਮਤਲਬੀ ਪਰਲੇ ਦਰਜੇ ਦਾ ਸੀ। ਉਸ ਬੁਧੂ ਸ਼ਾਹ ਨੂੰ ਚਿੱਟੇ ਦਿਨ ਕਤਲ ਕਰਵਾ ਦਿੱਤਾ ਇਸ ਲਈ ਕਿ ਉਸ ਗੁਰੂ ਗੋਬਿੰਦ ਸਿੰਘ ਨਾਲ ਰਲ ਕੇ ਭੰਗਾਣੀ ਦੇ ਮੈਦਾਨ ਵਿਚ ਤੇਗ ਵਾਹੀ ਸੀ। ਬੜੀਆਂ ਉੱਚੀਆਂ ਹਵੇਲੀਆਂ ਸਨ ਬੁਧੂ ਸ਼ਾਹ ਦੀਆਂ ਕਿਤੇ ਬਧੀ ਨਹੀਂ ਸੀ ਛੁੱਟਦੀ ਬੁਧੂ ਸ਼ਾਹ ਦੀ, ਪਰ ਜਦ ਵੇਲਾ ਆਇਆ ਕਿਸੇ ਨੇ ਬਾਂਹ ਵੀ ਨਾ ਫੜੀ ਉਸਮਾਨ ਖਾਂ ਦੀ।

ਸਾਧੂ ਵਾੜਾ ਆਖਦੇ ਸਨ ਜਥੇ ਨੂੰ। ਬੁੱਢੇ ਸੰਤ ਦੀ ਸਾਰੀ ਤਜਵੀਜ਼ ਕਾਰਗਰ ਹੋਈ। ਫੌਜਾਂ ਉਸੇ ਤਰ੍ਹਾਂ ਵਧੀਆਂ ਜਿਸ ਤਰ੍ਹਾਂ ਉਹ ਚਾਹੁੰਦਾ ਸੀ। ਸਿਰਫ ਲੁੱਟ ਮਾਰ ਵੇਲੇ ਭਾਜੜ ਪਈ ਪਰ ਜਦੋਂ ਗਿਰਝਾਂ ਮੰਡਲਾ ਰਹੀਆਂ ਸਨ ਕਪੂਰੀ ਤੇ ਉਦੋਂ ਆਪਣੀ ਥਾਂ ਉੱਤੇ ਜਮ ਬੈਠੀਆਂ ਸਨ। ਬੜਾ ਜਲਾਲ ਸੀ ਬੁੱਢੇ ਸੰਤ ਦੇ ਮਸਤਕ ਤੇ।

ਤੋਪਾਂ ਦੇ ਮੂੰਹ ਘੁੰਮੇ ਮਛੇਰੂ ਘੋੜਿਆਂ ਦੇ ਕੰਨ ਫਰਕੇ, ਸਵਾਰਾਂ ਨੇ ਲਗਾਮਾਂ ਉਂਗਲੀਆਂ 'ਚ ਜਾਚੀਆਂ। ਲਾਲੀਆਂ ਭੱਖ ਪਈਆਂ ਸੂਰਮਿਆਂ ਦੇ ਚਿਹਰਿਆਂ ਤੇ। ਘੋੜਿਆਂ ਦੇ ਸੁੰਮਾਂ ਹੇਠੋਂ ਅੱਗ

ਨੇ ਚਮਕ ਮਾਰੀ। ਨੇਜ਼ਿਆਂ ਨੂੰ ਇਸ਼ਕ ਕੁੱਦ ਪਿਆ, ਤਲਵਾਰ ਨੇ ਆਕੜਾਂ ਭੰਨੀਆਂ, ਖਰੂਦ ਕਰਦੇ ਘੋੜੇ ਹਿਣਕ ਪਏ। ਤੀਰ, ਤਰਕਸ਼ਾਂ ਵਿਚ ਉਥਲਵਟੇ ਲੈ ਰਹੇ ਸਨ। ਪੈਦਲ ਦਸਤਿਆਂ ਨੇ ਮਾਰਚ ਕੀਤੀ। ਵੰਝਲੀਆਂ ਵਜ ਰਹੀਆਂ ਸਨ ਤੇ ਢੋਲ ਖੜਕ ਰਿਹਾ ਸੀ। ਡਗੇ ਦੀ ਆਵਾਜ਼ ਤੇ ਸੂਰਮੇ ਵੱਧ ਪਏ। ਜਦੋਂ ਬੰਦੇ ਦੇ ਲਸ਼ਕਰ ਦੀ ਚੜ੍ਹਤ ਦੇਖੀ ਉਸਮਾਨ ਖਾਂ ਦੀ ਤਾਂ ਭੀਂ ਬੋਲ ਗਈ। ਆਸਾਂ ਦੀਆਂ ਢੇਰੀਆਂ ਢੇਹ ਹੋ ਗਈਆਂ। ਪਲ ਵਿਚ ਸ਼ਹਿਰ ਦੇ ਬਾਜ਼ਾਰ ਸਖਣੇ ਹੋ ਗਏ। ਭੂਤਨੇ ਨੱਚ ਰਹੇ ਸਨ ਸਾਰੇ ਚੌਕਾਂ ਵਿਚ ਸ਼ਹਿਰ ਦੇ ਵਸਨੀਕ ਸੱਦੇ। ਉਸਮਾਨ ਖਾਨ ਬੁਧੂ ਸ਼ਾਹ ਦੀ ਹਵੇਲੀ ਜਾ ਲੁਕਿਆ ਇਸ ਖਿਆਲ ਵਿਚ ਕਿ ਸਿੱਖ ਬੁਧੂ ਸ਼ਾਹ ਦੀ ਹਵੇਲੀ ਤੇ ਬਰਬਾਦ ਨਹੀਂ ਕਰਨ ਲੱਗੇ।

ਪਰ ਘੁਣ ਵੀ ਪਿਸ ਗਿਆ ਕਣਕ ਦੇ ਦਾਣਿਆਂ ਨਾਲ। ਭੇਤੀ ਸਿੱਖ ਸਿੱਧੇ ਹਵੇਲੀ ਵੱਲ ਆਏ ਪਰ ਰੱਬ ਜਾਣੇ ਅੱਜ ਲੁਟੇਰਿਆ ਨੇ ਇੰਨਾ ਸਬਰ ਕਿਵੇਂ ਕਰ ਲਿਆ। ਮਹਿਲ ਮਾੜੀਆਂ ਵੱਲ ਕਿਸੇ ਨੇ ਅੱਖ ਵੀ ਮੈਲੀ ਨਾ ਕੀਤੀ। ਫਾਟਕ ਤੋੜ ਕੇ ਜਾ ਵੜੇ ਲਲਾ ਲਲਾ ਕਰਦੇ, ਸਾਰੀ ਹਵੇਲੀ ਨੂੰ ਲਹੂ ਦੀ ਪਾਣ ਦੇ ਦਿੱਤੀ। ਇੱਟਾਂ ਤੇ ਰੰਗ ਚੜ੍ਹਾ ਦਿੱਤਾ ਲਹੂ ਰੰਗਾ। ਕੁਰਬਲ ਕੁਰਬਲ ਕਰਦੀਆਂ ਲਾਸ਼ਾਂ ਵਿਚੋਂ ਕਿਸੇ ਨੂੰ ਉਸਮਾਨ ਖਾਂ ਦੀ ਲਾਸ਼ ਵੀ ਨਾ ਲੱਭੀ। ਪਠਾਣਾਂ ਦੇ ਗੁਬਾਰ ਦਿਲ ਵਿਚ ਹੀ ਡੱਕੇ ਰਹੇ, ਸਾਰੇ ਦੇ ਸਾਰੇ ਸਣੇ ਬੁਧੂ ਦੇ ਕਬੀਲੇ ਮੌਤ ਦੀ ਝੋਲੀ ਵਿਚ ਪਾ ਦਿੱਤੇ ਗਏ।

ਪਤਵੰਤੇ ਨੱਸ ਗਏ ਸਿੱਖਾਂ ਦੀਆਂ ਫੌਜਾਂ ਆਣ ਤੋਂ ਪਹਿਲਾਂ ਹੀ ਮੁਖਲਸ ਗੜ੍ਹ। ਮੁਖਲਸ ਗੜ੍ਹ ਜਾਣ ਦੀ ਸਿੱਖਾਂ ਨੂੰ ਖੇਚਲ ਹੀ ਨਹੀਂ ਸੀ ਕਰਨੀ ਪਈ। ਅਜੇ ਪੈਰ ਹੀ ਚੁੱਕੇ ਸਨ, ਢੋਲ ਨੂੰ ਡਗਾ ਹੀ ਲੱਗਾ ਸੀ, ਤਲਵਾਰਾਂ ਅਜੇ ਘੁੰਡ ਨਹੀਂ ਸਨ ਲਾਹੇ, ਤੋਪਾਂ ਨੇ ਮੂੰਹ ਨਹੀਂ ਸੀ ਅੱਡਿਆ, ਨੱਸੇ ਪਤਵੰਤੇ ਤੇ ਮੁਖਲਸ ਗੜ੍ਹ ਦੇ ਨਾਮੀ ਗਰਾਮੀ ਮੁਗ਼ਲ ਨਜ਼ਰਾਨੇ ਤੇ ਤੋਹਫ਼ੇ ਲੈ ਕੇ ਅੱਗੋਂ ਮਿਲੇ ਤੇ ਸਿਰ ਨਿਵਾ ਕੇ ਈਨ ਮੰਨ ਲਈ। ਬੰਦਾ ਖਿੜਖੜਾ ਕੇ ਹੱਸ ਪਿਆ। ਝੁੱਕ ਝੁੱਕ ਕੇ ਫਰਸ਼ੀ ਸਲਾਮਾਂ ਹੋ ਰਹੀਆਂ ਸਨ। ਕਮਖਾਬ ਜਰੀ ਵਿਛਾ ਦਿੱਤੀ ਬੰਦੇ ਦੇ ਕਦਮਾਂ ਥਲੇ। ਅੱਖਾਂ ਦੀਆਂ ਝਿਮਣੀਆਂ ਨੇ ਬੰਦੇ ਦਾ ਸਤਿਕਾਰ ਕੀਤਾ, ਸਿਰ ਨਿਵਿਆਂ ਤੇ ਅੱਖਾਂ ਝੁਕੀਆਂ। ਹਿੰਦੂ ਹਟਵਾਣੀਆਂ ਸ਼ਹਿ ਨੇ ਇਹ ਈਨ ਮਨਵਾਈ ਸੀ। ਫੁਲਾਦ ਦੀ ਆਬ ਲੱਥ ਗਈ ਤੇ ਉਹ ਆਪਣਾ ਆਪ ਭੁੱਲ ਗਿਆ। ਜਲਾਲ ਵਿਚ ਨਿਮਰਤਾ ਆਈ ਤੇ ਅੱਜ ਬੰਦਾ ਮੁਖਲਸ ਗੜ੍ਹ ਵਿਜਈ ਸੀ।

ਦਰਬਾਰ ਲੱਗਾ ਹੋਇਆ ਸੀ। ਜਸ਼ਨ ਮਨਾਇਆ ਜਾ ਰਿਹਾ ਸੀ। ਫਤਹਿ ਦਾ। ਮੂੰਹ ਮੰਗੀਆਂ ਮੁਰਾਦਾਂ ਬਖਸ਼ੀਆਂ ਜਾ ਰਹੀਆਂ ਸਨ। ਦੇਗਾਂ ਦੇ ਮੂੰਹ ਖੋਲ੍ਹ ਦਿੱਤੇ ਗਏ। ਖਾਲਸਾ ਖ਼ੁਸ਼ੀ ਵਿਚ ਫੁਲਿਆ ਨਹੀਂ ਸੀ ਸਮਾਂਦਾ। ਦੋ ਦਿਨ ਲਗਾਤਾਰ ਜਸ਼ਨ ਵਿਚ ਮੁਗ਼ਲ ਪਠਾਣ ਤੇ ਹਟਵਾਣੀਏਂ ਸਿੱਖਾਂ ਨਾਲ ਰਲਕੇ ਜਸ਼ਨ ਦਾ ਅਨੰਦ ਮਾਣਦੇ ਰਹੇ। ਇਕ ਦਿਨ ਜਦ ਜਸ਼ਨ ਤੇ ਭਰਪੂਰ ਜੋਬਨ ਸੀ, ਸਿੱਖਾਂ ਦਾ ਝੰਡਾ ਲਹਿਰਾਂ ਮਾਰ ਰਿਹਾ ਸੀ, ਓਸ ਵੇਲੇ ਬੰਦੇ ਨੇ ਫਰਮਾਨ ਜਾਰੀ ਕੀਤਾ,— ਅੱਜ ਤੋਂ ਮੁਖਲਸ ਗੜ੍ਹ ਦਾ ਨਾਂ ਲੋਹਗੜ੍ਹ ਹੋਵੇਗਾ। ਵਿਨੋਦ ਸਿੰਘ ਜੀ ! ਇਸ ਕਿਲੇ ਦੀ ਵੀ ਮੁਰੰਮਤ ਕੀਤੀ ਜਾਵੇ। ਸਿੱਖ ਰਾਜ ਦੀ ਨੀਂਹ ਸਰਹਿੰਦ ਜਿੱਤਣ ਤੋਂ ਬਾਅਦ ਲੋਹਗੜ੍ਹ ਵਿਚ ਰੱਖੀ ਜਾਵੇਗੀ। ਅੱਜ ਦਾ ਦਿਨ ਤੇ ਅੱਜ ਦੀ ਰਾਤ ਦਿਲ ਖੋਲ੍ਹ ਕੇ ਰੀਝਾਂ ਲਾਹ ਲਵੋ। ਕੋਈ ਦਿਲ ਵਿਚ

ਚਾਅ ਦਬਿਆ ਨਾ ਰਹੇ। ਦੀਨਦਾਰ ਖਾਂ ਜੀ! ਨਸੀਰਉਲਦੀਨ! ਤੂੰ ਵੀ ਮੰਗ ਲੈ ਵੇਲਾ ਈ। ਜਗੀਰ ਲੈਣੀ ਏਂ ਤਾਂ ਜਗੀਰ ਲੈ ਲਾ! ਜੇ ਸੂਬੇਦਾਰ ਬਣਨਾ ਏਂ ਤਾਂ ਮੂੰਹੋਂ ਬੋਲ। ਅੱਜ ਦਿਆਲ ਹੋ ਗਿਆ ਏ ਖਾਲਸਾ ਬਤੀਆਂ ਦੰਦਾਂ ਵਿਚੋਂ ਜੋ ਆਖੇਂ ਪੂਰਾ ਹੋ ਸਕਦਾ ਹੈ। ਜਾਹ ਵੀਹ ਪਿੰਡ ਦਿੱਤੇ ਸਢੌਰੇ ਦੇ ਲਾਗੇ ਦੇ। ਦੀਦਾਰ ਖਾਂ ਜੀ! ਮੈਂ ਜਾਣਦਾ ਹਾਂ, ਤੇਰਾ ਵੀਹਾਂ ਪਿੰਡਾਂ ਨਾਲ ਕੁਝ ਨਹੀਂ ਬਣਨਾ। ਸਰਹਿੰਦ ਜਿੱਤਣ ਤੋਂ ਬਾਅਦ ਤੈਨੂੰ ਵੀ ਜਗੀਰ ਦਾ ਪਟਾ ਲਿੱਖ ਦਿੱਤਾ ਜਾਵੇਗਾ ਜਿਸ ਦਿਨ ਸਿੱਖ ਰਾਜ ਦੀ ਨੀਂਹ ਰੱਖੀ ਜਾਵੇਗੀ। ਸੋਨੇ ਵਰਗਾ ਸੁੱਚਾ ਈ ਸਿੱਖ ਦਾ ਦਿਲ। (ਇਕ ਛਨੇ ਦੇ ਛੱਪਰ ਵਿਚ ਸਿੱਖ ਰਾਜ ਅਹਿਲਕਾਰ, ਫੌਜੀ ਤੇ ਜਗੀਰਦਾਰ ਕਿਸੇ ਨੂੰ ਸੁੱਧ ਨਹੀਂ ਸੀ। ਸਾਬਤ ਕਦਮ ਸਨ ਬੁੱਢਾ ਸੰਤ ਤੇ ਬੰਦਾ! ਯਕਦਮ ਅਵਾਜ਼ ਆਈ—)

—"ਲੋਹੜਾ ਪੈ ਗਿਆ ਹਨੇਰਾ ਆ ਗਿਆ। ਇਕ ਦਿਨ ਨਹੀਂ ਕੱਢ ਸਕੇ ਇਹ ਸ਼ਰਾਫਤ ਦੇ ਪੁਤਲੇ।" ਇਕ ਸਿੱਖ ਆਖ ਰਿਹਾ ਸੀ।

"ਚੁੱਪ!" ਬੁੱਢੇ ਸੰਤ ਨੇ ਸਿੱਖ ਦੇ ਮੂੰਹ ਅੱਗੇ ਹੱਥ ਰੱਖਕੇ ਆਖਿਆ। ਗੁੰਮ-ਸੁੰਮ ਹੋ ਗਿਆ ਉਹ ਸਿੱਖ ਤੇ ਪਿਛਲੀ ਪੈਰੀਂ ਮੁੜ ਪਏ ਬੁੱਢਾ ਸੰਤ ਤੇ ਉਹ! ਬੰਦੇ ਤੇ ਸੰਤ ਨੇ ਸਾਰੀ ਗੱਲ ਸੁਣੀ ਤੇ ਚੰਗੀ ਤਰ੍ਹਾਂ ਚਿੱਥੀ। ਗੋਂਦ ਗੁੰਦੀ ਗਈ। ਰਾਤ ਉਸੇ ਤਰ੍ਹਾਂ ਬੀਤ ਗਈ। ਪਹੁ ਫੁੱਟੀ ਤੇ ਬੰਦਾ ਓਸੇ ਤਰ੍ਹਾਂ ਆਖ ਰਿਹਾ ਸੀ—'ਸਰਹਿੰਦ ਤੇ ਹੁਣ ਸਾਡੀ ਨਜ਼ਰ ਏ, ਅਰਾਮ ਕਰਨ ਦਿਉ ਸੂਰਮਿਆਂ ਨੂੰ ਬੜਾ ਵੱਡਾ ਮੋਰਚਾ ਏ ਸਰਹਿੰਦ ਦਾ। ਸਰਹਿੰਦ ਜਿੱਤ ਲੈਣਾ ਤੇ ਦਿੱਲੀ ਫਤਹਿ ਕਰ ਲੈਣੀ ਇਕੋ ਜਿਹੀ ਗੱਲ ਏ। ਵਜ਼ੀਰ ਖਾਨ ਨਾਲ ਮਿਲਣੀ ਕਰਨੀ ਏ, ਸੌਣ ਦਿਉ ਕੱਚੀ ਨੀਂਦ ਵਿਚ ਹੁੱਜ ਨਾ ਮਾਰੋ ਮੇਰੇ ਬਹਾਦਰਾਂ ਨੂੰ। ਮੇਰੇ ਵਸ ਵਿਚ ਹੁੰਦਾ ਤਾਂ ਮੈਂ ਕੁੱਕੜ ਬੋਲਣ ਨਾ ਦਿੰਦਾ ਤੇ ਕਦੀ ਦਿਨ ਚੜ੍ਹਨ ਦਾ ਰਾਜ਼ ਨਾ ਖੁਲ੍ਹਦਾ। ਉੱਚੇ ਥੜ੍ਹੇ ਤੇ ਬੈਠਾ ਸੀ ਬੰਦਾ ਬਹਾਦਰ। ਲਾਗੇ ਚਾਗੇ ਯੋਧੇ ਸਨ। ਬੁੱਢਾ ਸੰਤ ਕੋਲ ਢੁੱਕ ਕੇ ਬੈਠਾ ਹੋਇਆ ਸੀ। ਸਾਰੇ ਦੀਵਾਨ ਵਿਚ ਚੁੱਪ ਵਰਤੀ ਹੋਈ ਸੀ ਤੇ ਬੰਦਾ ਬਹਾਦਰ ਆਖ ਰਿਹਾ ਸੀ"—

—"ਸਿੱਖ ਰਾਜ ਦੀ ਭਾਵੇਂ ਨੀਂਹ ਰੱਖੀ ਗਈ ਏ ਪਰ ਫੇਰ ਵੀ ਇਹ ਰਾਜ ਏ ਤੇ ਰਾਜ ਦੇ ਧਰੋਹੀ ਨੂੰ ਕੀ ਸਜ਼ਾ ਦੇਣੀ ਚਾਹੀਦੀ ਹੈ।" ਬੰਦੇ ਬਹਾਦਰ ਨੇ ਫਰਮਾਇਆ। "ਮੌਤ"! ਦੀਨਦਾਰ ਖਾਂ ਬੋਲਿਆ। ਸਾਰੇ ਦੀਵਾਨ ਦੀ ਅਵਾਜ਼ ਮਗਰ ਸੀ।

—"ਕਿਉਂ ਸੂਬੇਦਾਰ ਜੀ ਤੁਹਾਡਾ ਕੀ ਖਿਆਲ ਏ। ਵੈਰੀ ਨਾਲ ਮਿਲਣ ਵਾਲੇ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇ, ਇਹ ਬੇਇਨਸਾਫੀ ਤਾਂ ਨਹੀਂ।" ਬੰਦਾ ਮੁਫਲਸ ਗੜ੍ਹ ਦੇ ਚੌਧਰੀ ਵੱਲ ਮੁਖਾਤਬ ਹੋ ਕੇ ਬੋਲਿਆ।

"ਉਸ ਪਾਜੀ ਨੂੰ ਮੌਤ ਤੋਂ ਬਗੈਰ ਹੋਰ ਕੀ ਸਜ਼ਾ ਦਿਉਗੇ?" ਮੁਫਲਸ ਗੜ੍ਹ ਦੇ ਚੌਧਰੀ ਦੀ ਅਵਾਜ਼ ਸੰਘ ਵਿਚੋਂ ਮਰ ਕੇ ਨਿਕਲੀ।

"ਜੇ ਮੈਂ ਕੁਝ ਰਿਆਇਤ ਕਰ ਦੇਵਾਂ ਤਾਂ ਫੇਰ!" ਬੰਦੇ ਬਹਾਦਰ ਦੀ ਅਵਾਜ਼ ਵਿਚ ਜ਼ਰਾ ਕੁ ਨਿਮਰਤਾ ਸੀ।'

—"ਹਾਕਮ ਦੀ ਸਮਝਦਾਰੀ ਤੇ ਸ਼ੱਕ ਕੀਤਾ ਜਾਵੇਗਾ।" ਚੌਧਰੀ ਨੇ ਆਖਿਆ।

— "ਵੇਖ ਲਓ! ਮੁੜ ਕੇ ਮੈਨੂੰ ਨਾ ਆਖਿਓ! ਪਤਾ ਨਹੀਂ ਕੀਹਦੀ ਸ਼ਾਮਤ ਆ ਜਾਵੇ। ਹੋ ਸਕਦਾ ਹੈ ਕਿ ਮੈਂ ਹੀ ਤੁਹਾਡਾ ਮੁਜਰਮ ਹੋਵਾਂ ਤੇ ਫੇਰ ਕੀ ਤੁਸੀਂ ਕੋਈ ਰਿਆਇਤ ਨਾ ਵਰਤੋਗੇ। ਮੈਂ ਤੁਹਾਡਾ ਜਰਨੈਲ ਹੋਇਆ। ਮੈਂ ਤੁਹਾਨੂੰ ਇੰਨਾ ਇਲਾਕਾ ਜਿੱਤ ਕੇ ਦਿੱਤਾ ਏ। ਦੇਖ ਲਓ! ਫੈਸਲਾ ਕਰਨ ਤੋਂ ਪਹਿਲਾਂ ਸੋਚ ਵਿਚਾਰ ਕਰ ਲਓ। ਮੁੜ ਕੇ ਕਿਸੇ ਦੀ ਗੱਲ ਨਹੀਂ ਮੰਨੀ ਜਾਵੇਗੀ। ਕਿਸੇ ਦਾ ਲਿਲੜੀਆਂ ਕੱਢਣਾ ਫਜ਼ੂਲ ਹੋਵੇਗਾ।" ਬੰਦਾ ਆਖ ਰਿਹਾ ਸੀ।

"ਦਰਬਾਰ ਬੰਦੇ ਨੂੰ ਵੀ ਉਹੋ ਸਜ਼ਾ ਦੇਵੇਗਾ ਜਿਹੜੀ ਦੇਸ਼ ਧਰੋਹੀ ਨੂੰ ਦਿੱਤੀ ਜਾਵੇਗੀ" ਬੁੱਢੇ ਸੰਤ ਦੇ ਬੋਲ ਸਨ।" 'ਕਿਉਂ ਠੀਕ ਏ', ਬੰਦੇ ਨੇ ਫਰਮਾਇਆ।

"ਹਾਂ ਬਿਲਕੁਲ ਠੀਕ।" ਸਾਰੇ ਦਰਬਾਰ 'ਚੋਂ ਮਗਰ ਅਵਾਜ਼ ਦਾ ਇਕ ਹੜ੍ਹ ਉਮਡ ਪਿਆ।

—"ਮੈਂ ਵੱਡੀ ਉਲਝਣ ਵਿਚ ਫਸ ਗਿਆ ਹਾਂ ਬੋਲਾਂ ਤਾਂ ਜ਼ਬਾਨ ਸੰਗਦੀ ਏ, ਨਾ ਬੋਲਾਂ ਤੇ ਲਾਜ ਆਉਂਦੀ ਏ, ਦਿਲ ਵਿਚ ਰੱਖਾਂ ਤਾਂ ਕੋਹੜ ਹੁੰਦਾ ਹੈ। ਇਕ ਤਾਂ ਸੋਚਦਾ ਹਾਂ ਇਹਨੂੰ ਵਿਚੇ ਵਿਚ ਪੀ ਜਾਵਾਂ। ਪਰਵਾਹ ਨਹੀਂ ਅੰਗ ਅੰਗ ਵਿਚੋਂ ਹੀ ਤੇ ਫੁਟੇਗਾ ਨਾ ਜ਼ਹਿਰ! ਨਸੂਰ ਈ ਤੇ ਬਣ ਕੇ ਵਗੇਗਾ ਪਰ ਇਹ ਰਾਜ਼ ਫਾਸ਼ ਨਹੀਂ ਹੋਣਾ ਚਾਹੀਦਾ। ਅਜੇ ਅਸਾਂ ਬੜੀ ਮੰਜ਼ਿਲ ਤੈਅ ਕਰਨੀ ਏਂ ਬੜੀ ਦੂਰ ਏ ਮੰਜ਼ਿਲੇ ਮਕਸੂਦ! ਫੇਰ ਤੇ ਚੁੱਕ ਕੇ ਖੜਨਾ ਵੀ ਮੁਸ਼ਕਲ ਹੋ ਜਾਵੇਗਾ ਸਾਥੀਆਂ ਨੂੰ। ਬਾਂਸ ਦੀ ਪੋਰੀ ਦਾ ਅੰਦਰ ਨਾ ਫੋਲੋ। ਇਹ ਦੇ ਕੰਠ ਦੀ ਦਾਦ ਦਿਓ। ਉਹ ਦੇ ਸੋਜ਼ ਤੇ ਲੋ ਤੇ ਝੂਮ ਉਠੋ ਉਹਨੂੰ ਪੁੱਠਾ ਸਿੱਧਾ ਕਰ ਕੇ ਨਾ ਵੇਖੋ। ਕੀ ਇਹ ਭੈੜਾ ਕੁ ਜਿੰਨੀ ਪੋਰੀ ਏ ਬਾਂਸ ਦੀ, ਜਾਨ ਕੱਢ ਲੈਂਦੀ ਏ! ਗੋਪੀਆਂ ਲਟਬਾਵਰੀਆਂ ਹੋਈਆਂ ਫਿਰਦੀਆਂ ਸਨ ਕਾਨ੍ਹ ਦੀ ਦੋ ਮਟੀਆਂ ਵਾਲੀ ਪੋਰੀ ਤੇ। ਹਰ ਆਦਮੀ ਬਹਾਦਰ ਏ ਪਰ ਬਹਾਦਰ ਉਸ ਨੂੰ ਆਖਦੇ ਹਨ ਜਿਹੜਾ ਟੱਪ ਜਾਵੇ ਪੜੁਲ ਤੋਂ। ਜਿਸ ਦੇ ਪੜੁਲ ਤੇ ਆ ਕੇ ਪੈਰ ਤਿਲਕ ਜਾਣ ਉਹ ਨੂੰ ਸਾਰੇ ਈ ਫੋਸੜ ਆਖਣਗੇ। ਉਹ ਦੀ ਬਹਾਦਰੀ ਦੀ ਕਿਸੇ ਦਾਦ ਨਹੀਂ ਦੇਣੀ। ਹਥਿਆਰ ਉਹ ਜਿਹੜਾ ਵੇਲੇ ਸਿਰ ਕੰਮ ਆ ਜਾਵੇ। ਤਲਵਾਰਾਂ ਦੀ ਧਾਰ ਨੂੰ ਕਿਸੇ ਵੀ ਨਹੀਂ ਵੇਖਣਾ।" ਬੰਦੇ ਬਹਾਦਰ ਨੇ ਸ਼ਸ਼ੋ-ਪੰਜ ਵਿਚ ਪਾ ਦਿੱਤਾ ਸਾਰਿਆਂ ਨੂੰ। ਦਰਬਾਰੀ ਇਕ ਦੂਜੇ ਦਾ ਮੂੰਹ ਵੇਖ ਰਹੇ ਸਨ। "ਮੇਰੀ ਦੋਸਤੀ ਦੇ ਧਾਗੇ ਅਜੇ ਬੜੇ ਕੱਚੇ ਹਨ, ਜ਼ਰਾ ਮੁਹੱਬਤ ਦੀ ਮਾਇਆ ਤਾਂ ਲੱਗ ਲੈਣ ਦਿਓ। ਕੱਚੇ ਤੰਦਾਂ ਨੂੰ ਤੋੜੀਦਾ ਨਹੀਂ ਨਾ ਪੁੱਛੋ ਮੇਰੇ ਸਾਥੀਓ ਮੈਥੋਂ ਨਾ ਪੁੱਛੋ। ਇਹ ਨੂੰ ਰਾਜ਼ ਹੀ ਰਹਿਣ ਦਿਉ। ਖਿਦੋ ਫੋਲੋਗੇ ਤਾਂ ਵਿਚੋਂ ਲੀਰਾਂ ਹੀ ਨਿਕਲਣੀਆਂ ਹਨ, ਹੋਰ ਕਿਤੇ ਜ਼ਰੀ ਤੇ ਪਟ ਦੇ ਸਾਲੂ ਨਹੀਂ ਨਿਕਲਣ ਲੱਗੇ। ਕਾਹਨੂੰ ਚਲਦੀ ਨਦੀ ਵਿਚ ਬੰਨ੍ਹ ਪਾਣ ਲੱਗੇ ਹੋ।" ਬੰਦੇ ਦੇ ਜ਼ਰਾ ਕੁ ਬੋਲ ਥੰਮ੍ਹੇ।

—"ਨਹੀਂ ਦੱਸੋ!" ਸਾਰੇ ਦਰਬਾਰ ਦੀ ਅਵਾਜ਼ ਗੂੰਜੀ। "ਮੈਂ ਮਜਬੂਰ ਹਾਂ।"

—"ਮੈਂ ਤੈਨੂੰ ਹੁਕਮ ਦੇਂਦਾ ਹਾਂ! ਦੱਸ ਤੇ ਜਲਦੀ ਦੱਸ" ਬੁੱਢਾ ਬੋਲ ਉਠਿਆ। ਉਹ ਦੇ ਸਰੀਰ ਦੇ ਸਾਰੇ ਲੂੰ ਕੰਡੇ ਹੋ ਗਏ।

—"ਅੱਛਾ ਤੇ ਸੁਣੋ। ਅੱਧ ਵਿਚ ਨਾ ਰਹਿ ਜਾਏ ਮੁਸਾਫਰ।" ਬੰਦਾ ਇਕ ਵਾਰ ਫਿਰ ਰੁਕਿਆ।

—"ਖੜਾ ਹੋ ਖਾਂ ਬਿਨੋਦ ਸਿੰਘਾ ! ਕਾਨ੍ਹ ਸਿੰਘ ਕਿੱਥੇ ਹੈ ! ਭਾਈ ਦਇਆ ਸਿੰਘ ਕਿਹੜੇ ਖੂੰਜੇ ਬੈਠਾ ਹੈ ? ਰਣ ਸਿੰਘ ਨੂੰ ਕਿਹੜੀ ਮਹਿੰਦੀ ਦੇ ਰੰਗ ਦੀ ਚਿੰਤਾ ਪਈ ਏ। ਜੀਵਨ ਸਿੰਘ ਨਿਤਰ ਖਾਂ ਭਰੇ ਦਰਬਾਰ ਵਿਚ ! ਮੇਲ ਖਾਂ ਅੱਖ ਮੇਰੇ ਨਾਲ। ਠਹਿਰੋ ! ਦੀਨਦਾਰ ਖਾਂ ਨੂੰ ਵੀ ਸੱਦ ਲਵੋ ! ਉਹ ਵੀ ਤੁਹਾਡਾ ਭਾਈਵਾਲ ਏ ! ਤੁਸਾਂ ਤੇ ਕੋਈ ਜੁਰਮ ਨਹੀਂ ਕੀਤਾ। ਤੁਹਾਨੂੰ ਤੇ ਕੋਈ ਸਜ਼ਾ ਨਹੀਂ ਮਿਲਣੀ ਚਾਹੀਦੀ। ਤੁਸੀਂ ਤੇ ਅਪਰਾਧੀ ਨਹੀਂ ਹੋ !" ਬੰਦਾ ਬਲ ਰਿਹਾ ਸੀ। ਸਾਰਾ ਦੀਵਾਨ ਚੁੱਪ ਸੀ, ਕਿਤੇ ਮੱਖੀ ਪਰ ਨਹੀਂ ਸੀ ਮਾਰਦੀ।

—"ਸੱਪ ਸੁੰਘ ਗਿਆ ਜੇ ! ਬੁਲ੍ਹ ਸੀਤੇ ਗਏ ਹਨ ! ਬੋਲਦੇ ਕਿਉਂ ਨਹੀਂ।" ਬੰਦਾ ਬਹਾਦਰ ਬੋਲਿਆ। ਸਾਰੇ ਚੁੱਪ ਸਨ।

—"ਸਰਦਾਰੀਆਂ ਲੈਣੀਆਂ ਹਨ ਤੁਸਾਂ ਸੂਬੇਦਾਰ ਬਨਣਾ ਸੀ। ਮਾਰੀਆਂ ਹੋਈਆਂ ਮੱਲਾਂ ਤੇ ਕਿਸਮਤ ਵਾਲੇ ਹੀ ਬੈਠਦੇ ਹਨ। ਮਜ਼ਾ ਤੇ ਤਾਂ ਏਂ ਜੇ ਆਪ ਮਾਰੋ। ਇਹ ਪੰਜਾਬ ਏ ਕੰਡਿਆਂ ਦੀ ਵਾੜ ਇਥੇ ਪੈਰ ਪੈਰ ਤੇ ਸੂਲਾਂ ਗਡੀਆਂ ਹਨ। ਪੈਰ ਪੈਰ ਤੇ ਖੜੱਪੇ ਲੁਕੇ ਹਨ ਵਨ੍ਹ ਖਲੋਣੀ। ਇਨ੍ਹਾਂ ਮੀਸਣੀਆਂ ਬੁਲਬੁਲਾਂ ਨੂੰ ਨਾ ਵੇਖੋ। ਇਨ੍ਹਾਂ ਦੇ ਭੋਲੇਪਨ ਤੇ ਨਾ ਜਾਉ। ਇਨ੍ਹਾਂ ਦੇ ਮੂੰਹ ਤੇ ਰੱਬ ਰੱਬ ਤੇ ਬਗਲਾਂ ਵਿਚ ਛੁਰੀਆਂ ਹਨ। ਬੜਾ ਮਿਠ-ਬੋਲੜਾ ਸੱਜਣ ਏ ਪਰ ਨਿਰੀ ਜ਼ਹਿਰ ਦੀ ਗੰਦਲ ਜੇ। ਮੈਂ ਇੰਨਾ ਬੋਲ ਗਿਆ ਹਾਂ ਤੇ ਤੁਸਾਂ ਅਜੇ ਤੱਕ ਆਪਣਾ ਅਪਰਾਧ ਨਹੀਂ ਮੰਨਿਆ। ਬੋਲਦੇ ਕਿਉਂ ਨਹੀਂ ਸਰ੍ਹੋਂ ਦਾ ਸਾਗ ਤੇ ਮੱਖਣ ਦਾ ਚੇਤਾ ਆ ਗਿਆ ਜੇ। ਅਜੇ ਬੇਰੜੇ ਦੀਆਂ ਰੋਟੀਆਂ ਖਾਉ ਦੁਪੜਾਂ ਤੇ ਨਾ ਰੀਝੋ। ਬੂਰੀਆਂ ਦਾ ਦੁੱਧ ਅਜੇ ਮਲਾਈਆਂ ਤੋਂ ਬਗੈਰ ਏ। ਕੱਚੇ ਦੁੱਧ ਤੋਂ ਮਲਾਈਆਂ ਲਾਹੀਆਂ ਜਾਂਦੀਆਂ ਹਨ ਪਰ ਉਸ ਖਾਂਘੜ ਨੇ ਮਖਣੀ ਕੀ ਕਢਣੀ ਏਂ, ਜਿਦ੍ਹੇ ਪਿੰਡੇ ਤੇ ਮਾਸ ਨਹੀਂ।" ਇਹ ਕੀ ਬੁਝਾਰਤ ਏ ! ਇਸ ਗੋਰਖ ਧੰਦੇ ਨੂੰ ਛੇਤੀ ਖੋਲ੍ਹ। ਸੂਰਮੇ ਦੇਰ ਨਹੀਂ ਕਰਦੇ ਕਿਸੇ ਕੰਮ ਵਿਚ।" ਬੁੱਢਾ ਸੰਤ ਬੋਲਿਆ।

ਬੰਦੇ ਬਹਾਦਰ ਨੇ ਥੈਲੀ ਜਹੀ ਕਢੀ ਤੇ ਸਾਰੀ ਸੰਗਤ ਨੂੰ ਵੰਗਾਰਿਆ "ਇਹ ਕੀ ਏ। ਇਕ ਥੈਲੀ। ਇਹਦੇ ਵਿਚ ਕੀ ਏ ਮੈਂ ਨਹੀਂ ਦਸਣਾ ਚਾਹੁੰਦਾ। ਮੋਹਰਾਂ ਵੀ ਹੋ ਸਕਦੀਆਂ ਹਨ, ਹੁਕਮਨਾਮੇ ਦੀ ਜਗੀਰਦਾਰੀ ਦਾ ਪਟਾ ਵੀ। ਕਿਸੇ ਮੁਖਬਰ ਦੀ ਖਾਧੀ ਹੋਈ ਚੁੱਗਲੀ ਦਾ ਕੱਚਾ ਚਿੱਠਾ ਵੀ। ਇਹ ਵੀ ਇਕ ਕਸਵਟੀ ਹੈ ਇਨਸਾਨ ਪਰਖਣ ਦੀ। ਸੋਨੇ ਦੀ ਇਕ ਲਾਗ ਸੋਨੇ ਦੀ ਜਾਤ ਉਜਾਗਰ ਕਰ ਦੇਂਦੀ ਏ। ਇਨਸਾਨ ਦੀ ਪਰਖ ਇਸ ਥੈਲੀ ਵਿਚ ਰੇਸ਼ਮੀ ਸਾਲੂਆਂ ਵਿਚ ਲਪੇਟੀ ਹੋਈ ਏ। ਤੁਖਮ. ਤਾਸੀਰ ਤੇ ਖਮੀਰ ਦੀ ਸੁੱਚੀ ਤੇ ਸੱਚੀ ਕਸਵਟੀ ਇਹਦੇ ਤੇ ਨਿਤਰ ਪਵੇਗੀ। ਬੜੇ ਬੜੇ ਧਨੰਤਰ ਖਾਨਾਂ ਦੀ ਇਹਦੇ ਵਿਚ ਪਤ ਲੁਕੀ ਹੋਈ ਏ, ਸਜੀਆਂ ਤੇ ਖਬੀਆਂ ਬਾਹਾਂ ਦੱਸਦੇ ਹਨ ਸਿੱਖ ਰਾਜ ਦੀਆਂ। ਹਵਾਈ ਕਿਲੇ ਤੇ ਖਿਆਲੀ ਪੁਲਾ ਦੇ ਫਿਠੇ ਫਿਕੇ ਸਵਾਦ ਹਨ। ਇਸਲਾਮ, ਹਿੰਦੂ ਮਤ ਇਹ ਮੁੱਖ ਦਵਾਰ ਹਨ, ਦੋਜ਼ਖ ਤੇ ਜੰਨਤ ਦੇ। ਕੁਤਵਾਲ ਦੇ ਹੱਥ ਵਿਚ ਕਸਵਟੀ ਏ, ਕਰਮ ਪਰਖਣ ਦੀ। ਜ਼ਿੰਦਗੀ ਵਿਚ ਸ਼ੀਸ਼ ਮਹਿਲਾਂ ਤੇ ਸੌਣ ਵਾਲਿਉ ਜ਼ਰਾ ਤੂੜੀਆਂ ਤੇ ਸੁੱਤੇ ਭਰਾਵਾਂ ਵੱਲ ਝਾਤੀ ਤਾਂ ਮਾਰੋ। ਪੀਲੇ ਜ਼ਰਦ ਪੱਤਿਆਂ ਦੇ ਰੰਗ ਵਰਗੀ ਸੋਚ ਨੂੰ

ਲਲਕਾਰੋ ਕਿ ਉਹ ਇਨ੍ਹਾਂ ਲੀਰਾਂ ਦੀ ਗਠੜੀ ਤਾਂ ਖੋਲ੍ਹੇ। ਬੀਜ ਇਕ ਏ ਤੇ ਉਹ ਧਰਤੀ ਦੀ ਕੁੱਖ ਵਿਚ ਜਾ ਕੇ ਬਨਾਸਪਤੀ ਖਿੜਾ ਦੇਂਦਾ ਏ, ਧਰਤੀ ਦੀ ਹਿੱਕ ਤੇ। ਨੇਕੀ ਕਰ, ਵੰਡ ਖਾ, ਖੁਦਾ ਦੇ ਪਿਆਰਿਆਂ ਦੇ ਹੱਡਾਂ ਦੀ ਅੱਗ ਨਾ ਸੇਕ, ਧਰੀਆਂ ਰਹਿ ਜਾਣੀਆਂ ਹਨ ਇਹ ਬਾਰਾਂਦਰੀਆਂ ਚਿੜੀਆਂ ਰਾਤ ਕੱਟਣੀ ਏਂ। ਇਕ ਰਾਤ ਦੀ ਮੋਹਲਤੇ ਵਾਸਤੇ ਕੀ ਲੋੜ ਏ। ਸ਼ੀਸ਼ ਮਹਿਲਾਂ ਦੀ ਐਵੇਂ ਬਾਰਾਂ ਦਰੀਆਂ ਤੇ ਹੁਜਰਿਆਂ ਤੇ ਰੀਝਦਾ ਏਂ। ਰਾਤ ਤੇ ਤੰਦੂਰ ਤੇ ਬੈਠੇ ਬੈਠੇ ਵੀ ਕੱਟ ਲੈਣੀ ਏਂ। ਰਾਹੇ ਲਿਲਾ ਦੇ ਦੇਹ, ਜੋ ਕੁਝ ਦਿੱਤਾ ਜਾਂਦਾ ਏ—ਅਜੇ ਮੰਜ਼ਿਲ ਖੜੀ ਦੂਰ ਏਂ।

—"ਗਿਆਨ ਧਰਮ ਦਾ ਵੇਲਾ ਨਹੀਂ, ਜ਼ੁੱਧ ਤੇ ਨੀਤੀ ਦੀ ਚੱਕੀ ਦੀ ਅਵਾਜ਼ ਸੁਣ ਵਿਰਾਗੀ ਵੀਰ! ਖਲਕਤ ਦੀ ਕੁਰਲਾਟ ਤੇ ਕੰਨ ਧਰ। ਗੋਰਖ ਧੰਦੇ ਨੂੰ ਖੋਲ੍ਹ! ਸ਼ਾਮਤ ਦੀ ਪਰਵਾਹ ਨਾ ਕਰ! ਬਾਜ਼ ਦੀਆਂ ਡੋਰੀਆਂ ਨੂੰ ਕਾਬੂ ਵਿਚ ਰੱਖ ਤੇ ਚਿੜੀਆਂ ਨੂੰ ਛੱਡ ਦੇਹ, ਨੀਲੇ ਅਕਾਸ਼ ਦੀ ਖੁਲ੍ਹੀ ਚਾਦਰ ਵਿਚ।" ਬੁੱਢੇ ਸੰਤ ਦੇ ਮਸਤਕ ਤੇ ਰਾਜਗੁਰੂ ਵਾਲਾ ਜਲਾਲ ਟਪਕ ਰਿਹਾ ਸੀ।

—"ਰਾਜਗੁਰੂ ਸਿੱਖ ਰਾਜ ਦੀ ਨੀਂਹ ਦਾ ਪਹਿਲਾ ਪੱਥਰ ਰੱਖਣਾ ਚਾਹੁੰਦਾ ਏ ਤੇ ਉਸੇ ਕਾਮੇ ਦੇ ਹੱਥੋਂ, ਜਿਹਦੀਆਂ ਰਗਾਂ ਫੁਲੀਆਂ ਹੋਈਆਂ ਹਨ, ਸਿਰ ਦੇ ਭਾਰ ਨਾਲ। ਉਹ ਭਾਰ ਨੀਂਹ ਦਾ ਪਹਿਲਾ ਪੱਥਰ ਏ। ਇਕ ਵਾਰ ਫਿਰ ਸ਼ਰਾ ਦਾ ਵਾਸਤਾ ਪਾ ਲਓ।" ਬੰਦਾ ਬਹਾਦਰ ਬੋਲਿਆ।

—"ਇਸਲਾਮੀ ਸ਼ਰ੍ਹਾ ਵਿਚ ਤੇ ਹਿੰਦੂ ਧਰਮ ਦੀ ਮਰਿਆਦਾ ਅਨੁਸਾਰ, ਦਗਾਬਾਜ਼ ਚੁਗਲਖੋਰ ਦੀ ਕੀ ਸਜ਼ਾ ਹੋਣੀ ਚਾਹੀਦੀ ਏ?"

—"ਮੌਤ!" ਸਾਰੇ ਦੀਵਾਨ ਦੀ ਅਵਾਜ਼ ਸੀ।

—"ਇਹ ਹੁਕਮਨਾਮੇ ਨਹੀਂ! ਤੇ ਨਾ ਹੀ ਜਗੀਰਦਾਰੀ ਦਾ ਪਟਾ ਏ। ਚੁਗਲਖੋਰ ਦੀ ਕਰਤੂਤ ਏ। ਸਰਹਿੰਦ ਦੇ ਸੂਬੇ ਅਗੇ ਸ਼ਿਕਾਇਤ ਕੀਤੀ ਗਈ ਏ। ਮੇਰੇ ਸੋਹਲ ਤੇ ਆਰਾਮ ਤਲਬ ਹੋਣ ਦੀ। ਚੁਗਲਖੋਰ ਮੈਨੂੰ ਹੱਥਾਂ ਤੇ ਪਾ ਰਿਹਾ ਏ। ਸ਼ਿਕਾਰੀ ਦਾਣਾ ਪਾ ਕੇ ਜਾਲ ਸੁੱਟਣਾ ਚਾਹੁੰਦਾ ਏ।"

ਰੰਗ ਉੱਡ ਗਿਆ ਨਵੀਂ ਦੋਸਤੀ ਦਾ, ਕੱਚੇ ਧਾਗੇ ਟੁੱਟ ਗਏ। ਚਿਹਰੇ ਪੀਲੇ ਜ਼ਰਦ ਸਨ ਧਰੇਕ ਦੇ ਪੱਤਿਆਂ ਵਾਂਗੂ। ਤੋਰੀ ਦੇ ਫੁੱਲ ਵਰਗਾ ਪੀਲਾ ਰੰਗ ਸੀ ਖਬੀਖਾਨਾਂ ਦਾ।

—"ਉਠਣੀ ਵਾਲਿਆ ਆਖ ਖਾਂ! ਜ਼ਰਾ ਨਿਤਰ ਖਾਂ ਮੈਦਾਨ ਵਿਚ। ਤੇਰੀ ਡਾਚੀ ਨੇ ਤਾਂ ਸਰਹਿੰਦ ਦੇ ਬੂਹੇ ਖੋਲ੍ਹ ਦਿੱਤੇ। ਸਮ ਚੜ੍ਹਾ ਦੇਵਾਂ ਤੇਰੀ ਡਾਚੀ ਦੇ ਖੁਰਾਂ ਨੂੰ ਸੋਨੇ ਦੇ।' ਬੰਦਾ ਬਹਾਦਰ ਆਖ ਰਿਹਾ ਸੀ।

ਡਾਚੀ ਵਾਲਾ ਆਖ ਰਿਹਾ ਸੀ:—

—"ਬਾਂਸ ਦੀ ਪੋਰੀ ਵਿਚ ਲੈ ਜਾ ਰਿਹਾ ਸੀ ਕਾਸਦ ਇਹ ਫੁਰਮਾਨ! ਮੇਰੀ ਡਾਚੀ ਅਥਰੀ ਸੀ ਤੇ ਉਹ ਡਰ ਗਈ। ਮੈਂ ਬਥੇਰੀਆਂ ਨਕੇਲਾਂ ਖਿਚੀਆਂ ਪਰ ਉਹ ਵਸ ਵਿਚ ਨਾ ਆਈ। ਮੈਂ ਕਾਸਦ ਦੇ ਹੱਥੋਂ ਬਾਂਸ ਖੋਹ ਲਿਆ ਤੇ ਡਾਚੀ ਨੂੰ ਕੁੱਟ ਕੁੱਟ ਕੇ ਫਾਵਾ ਕਰ ਦਿੱਤਾ। ਬਾਂਸ ਦੀ ਪੋਰੀ ਟੁੱਟ ਗਈ ਤੇ ਬੁੜ੍ਹਕ ਕੇ ਖਿਦੋ ਵਾਂਗੂ ਡਿਗ ਪਿਆ ਇਹ ਰੁੱਕਾ—"

—"ਡਾਚੀ ਦੇ ਰਾਖੇ ਨੂੰ ਜਗੀਰਦਾਰੀ ਦਾ ਪਟਾ ਦੇ ਦਿਉ ਤੇ ਚੁਗਲਖੋਰਾਂ ਨੂੰ ਮੁੜ ਕੇ ਲੈ ਚੱਲੋ ਬੁਧੂ ਸ਼ਾਹ ਦੀ ਗੜ੍ਹੀ ਵਿਚ। ਕਾਲੀਆਂ ਭੇਡਾਂ ਨੂੰ ਅੱਗੇ ਲਾ ਲਓ ਤੇ ਬਘਿਆੜਾਂ ਨੂੰ ਸ਼ਸ਼ਕਾਰ ਦਿਉ। ਬੰਦੇ ਬਹਾਦਰ ਨੇ ਆਖਿਆ।

ਬਥੇਰੀਆਂ ਅੱਡੀਆਂ ਰਗੜੀਆਂ ਨਵਿਆਂ ਪ੍ਰਾਹੁਣਿਆਂ ਸਣੇ ਹਟਵਾਣੀਏਂ ਤੇ ਖਬੀਖਾਨ ਨਜ਼ਰਾਨੇ ਦੇਣ ਵਾਲੇ ਮੁਫਲਸਗੜ੍ਹ ਤੋਂ ਸਢੌਰੇ ਚਲੇ ਆਏ। ਬੁਧੂਸ਼ਾਹ ਦੀ ਹਵੇਲੀ ਇਕ ਵਾਰ ਮਹਿੰਦੀ ਲਾਣ ਤੇ ਰੰਗ਼ ਪਈ ਰਤ ਦੀ!

ਇਕ ਪਠਾਣ ਆਖ ਰਿਹਾ ਸੀ,—"ਕੀ ਇਹ ਜ਼ਿਬ੍ਹਾ ਖਾਨਾ ਨਹੀਂ? ਬੁਚੜ ਖਾਨੇ ਤੋਂ ਘੱਟ ਏ। ਇਹਨੂੰ ਕਤਲਗਾਹ ਨਹੀਂ ਆਖੋਂਗੇ? ਕਤਲਗੜ੍ਹ ਆਖੋ ਜਾਂ ਕਤਲਗਾਹ! ਦੋਵੇਂ ਇਕ ਹੀ ਏ।"

—"ਮਾਰੋਗੇ! ਇਸ ਪਾਜੀ ਨੂੰ! ਜ਼ਬਾਨ ਖਿੱਚ ਲਵੋ ਹਲਕ ਹਲਕ ਕਲਕ ਕਰਦੀ।" ਕਾਨ੍ਹ ਸਿੰਘ ਆਖ ਰਿਹਾ ਸੀ।

ਜ਼ਬਾਨ ਬੰਦ ਸੀ ਤੇ ਲਾਸ਼ ਤੜਫ ਰਹੀ ਸੀ, ਬੁਧੂ ਸ਼ਾਹ ਦੀ ਹਵੇਲੀ ਦੀ ਸਰਦਲ ਤੇ!

ਸਰਹਿੰਦ ਕੌਣ ਜਿੱਤੇ

ਕਰਾਮਾਤ ਅਲੀ ਦੀਆਂ ਗੱਲਾਂ ਸੁਣਕੇ ਵਜ਼ੀਰ ਖਾਂ ਇਕ ਵਾਰੀ ਤਾਂ ਸੜ ਕੇ ਕੋਲਾ ਹੋ ਗਿਆ। ਭੜਥਾ ਹੋਇਆ ਦਿਲ ਲੂਹਣੀਆਂ ਲੈ ਰਿਹਾ ਸੀ। ਉੱਥੇ ਬਾਣੀ ਦੀਆਂ ਵਜ਼ੀਰ ਖਾਂ ਬਥੇਰੀਆਂ ਤਸੱਲੀਆਂ ਦੇਂਦਾ, ਪਰ ਝੂਠੇ ਪਲਾਨ ਸਨ। ਪੈਂਤੜੇ ਬਦਲਣ ਨਾਲ ਆਦਮੀ ਨੂੰ ਕਿੰਨਾ ਕੁ ਚਿਰ ਧੀਰਜ ਮਿਲ ਸਕਦੀ ਏ, ਪਰ ਵਿਚੋਂ ਵਿਚ ਸਤ-ਕਪੜੀਂ ਅੱਗ ਲੱਗੀ ਹੋਈ ਸੀ। ਆਪਨੀ ਵੱਲੋਂ ਬਥੇਰਾ ਹੱਥ ਪੈਰ ਮਾਰਦਾ' ਪਰ ਦਿਲ ਡਾਵਾਂ ਡੋਲ ਸੀ। ਕੋਈ ਔਹੁੜਦੀ ਨਹੀਂ ਸੀ। ਹੇਰੀਆਂ ਫੇਰੀਆਂ ਚਲ ਸਕਦੀਆਂ ਹਨ ਜਿੰਨਾ ਚਿਰ ਆਪਨੇ ਗੁਰਦੇ ਵਿਚ ਜਾਨ ਹੋਵੇ। ਧੀਰਜ ਦੀਆਂ ਥਮ੍ਹੀਆਂ ਦੇਂਦਾ ਚੰਦਰੇ ਦਿਲ ਨੂੰ, ਪਰ ਨਦੀ ਕਿਨਾਰੇ ਰੁਖੜਾ ਅੱਜ ਡਿੱਗੇ ਜਾਂ ਕਲ੍ਹ। ਇਨ੍ਹਾਂ ਵਿਚਾਰਾਂ ਵਿਚ ਡੁੱਬਾ ਉਹ ਦਲੀਲਾਂ ਦੀ ਮਿੱਟੀ ਗੋ ਰਿਹਾ ਸੀ। ਵਜ਼ੀਰ ਖਾਂ ਘੜੀ ਮੁੜੀ ਆਪਨੀ ਮਹਿੰਦੀ ਰੰਗੀ ਦਾਹੜੀ ਤੇ ਹੱਥ ਫੇਰਦਿਆਂ ਸੋਚਦਾ :

—"ਈਰਾਵਤੀ ਨੂੰ ਕਰਮਤ ਅਲੀ ਨੇ ਹੱਥਾਂ ਤੇ ਪਾਣ ਦੇ ਬਥੇਰੇ ਚਮਕੇ ਦਿੱਤੇ। ਸਬਜ਼ ਬਾਗ ਦਿਖਾਏ ਵੰਨ ਸਵੰਨੇ, ਪਰ ਕਬੂਤਰੀ ਪਿੰਜਰੇ ਵਿਚ ਡੱਕੀ ਨਾ ਗਈ। ਸੋਨੇ ਦੀਆਂ ਸੀਖਾਂ ਵਿਚ ਬੰਦ ਹੋਣਾ ਨਹੀਂ ਸੀ ਚਾਹੁੰਦੀ। ਉਹ ਸੋਨੇ ਦੀਆਂ ਜੰਜੀਰਾਂ ਨਾਲੋਂ ਗਰੀਬੀ ਦਾਹਵੇ ਦੇ ਮੌਲੀ ਦੇ ਤੰਦ ਨੂੰ ਲੱਖ ਵਾਰ ਸਤਕਾਰ ਨਾਲ ਚੁੰਮਦੀ। ਉਸਨੂੰ ਆਪਨੀ ਜਵਾਨੀ ਤੇ ਮਾਣ ਸੀ ਤੇ ਸਿਦਕ ਫਰੋਸ਼ਾ। ਖਿਡਾਰੀ ਭਾਵੇਂ ਕੱਚੀਆ ਖੇਡਣ ਦਾ ਆਦੀ ਸੀ, ਪਰ ਚਲਾਕ 'ਈਰਾਵਤੀ' ਨੇ ਉਹਦੇ ਦਿਲ ਦੀਆਂ ਚਾਲਾਂ ਨੂੰ ਚੰਗੀ ਤਰ੍ਹਾਂ ਜਾਂਚ ਲਿਆ ਸੀ। ਥੋੜ੍ਹੀ ਉਮਰ ਵਿਚ ਹੀ ਉਹ ਘਾਟ ਘਾਟ ਦੇ ਪਾਣੀ ਪੀ ਕੇ ਬੜੀ ਚਤੁਰ ਤੇ ਸਿਆਣੀ ਬਣ ਗਈ ਸੀ। ਉਹ ਕਿਸ ਤਰ੍ਹਾਂ ਦੇ ਹੱਥ ਕੰਡਿਆਂ ਨੂੰ ਚੰਗੀ ਤਰ੍ਹਾਂ ਤੋਲ ਨਾਪ ਸਕਦੀ ਸੀ। ਉਸ ਕੰਧਾਂ ਨਾਲ ਮੱਥਾ ਮਾਰ ਮਾਰ ਕੇ ਰੰਗ ਲਿਆ। ਡੁਸਕਣਾ ਔਰਤ ਕੋਲ ਬੜਾ ਅਜ਼ਮਾਇਆ ਹੋਇਆ ਹਥਿਆਰ ਏ। ਉਹਦੀ ਮਾਸੂਮੀਅਤ, ਢਾਹਾਂ, ਹਾਵੇ ਤੇ ਹਟਕੋਰੇ ਆਦਿ ਨੇ ਕਰਾਮਤ ਅਲੀ ਨੂੰ ਆਪਨੇ ਹੱਥਾਂ ਤੇ ਪਾ ਲਿਆ, ਤੇ ਉਹਦੇ ਰਹਿਮ ਨੇ ਉਹਨੂੰ ਨਵੇਕਲੀ ਕੋਠੜੀ ਬਖਸ਼ ਦਿੱਤੀ। ਹੁਣ ਡੱਕੀ ਹੋਈ ਸੀ ਬਗਾਵਤ ਦੀ ਦੇਵੀ। ਚੰਗਿਆੜੀਆਂ ਤੂਬਲ ਵਿਚ ਡੱਕੀਆਂ ਨਹੀਂ ਰਹਿ ਸਕਦੀਆਂ। ਰੋਸਾ ਖਤਮੀ ਹੋ ਗਿਆ ਕਰਾਮਤ ਅਲੀ ਦਾ ਈਰਾਵਤੀ ਦੇ ਅਥਰੂ ਤੇ।

ਭਾਵੇਂ ਦਿਨ ਤੇ ਬੜੇ ਰੁਝੇਵੇਂ ਸਨ ਪਰ ਫਿਰ ਵੀ ਹਿਰਸੀ ਟਟੂ ਫੁੰਮਣੀਆਂ ਪਾਉਂਦਾ ਫਿਰਦਾ। ਉਸ ਕਈ ਵਾਰ ਕੌਡੀਆਂ ਸੁਟੀਆਂ ਪਾਸੇ ਦੀ ਹਿੱਕ ਤੇ, ਨਰਦਾ ਪੁਗਦੀਆਂ ਨਹੀਂ ਸਨ ਜਾਪਦੀਆਂ। ਕਰਾਮਤ ਅਲੀ ਦੇ ਚਾਵਾਂ ਦਾ ਹੜ੍ਹ ਉਹਦੇ ਦਿਲ ਦੀ ਕਾੜ੍ਹਨੀ ਵਿਚ ਹੀ ਉਬਾਲੇ ਖਾ ਕੇ ਰਹਿ ਗਿਆ। ਕੰਢੇ ਲੂੰਹਦਾ ਤੇ ਵਾਪਸ ਚਲਿਆ ਜਾਂਦਾ।

ਅੱਧ ਖਿੜੀ ਕਲੀ ਵਾਂਗੂ ਜਦ ਦੀਰਾਵਤੀ ਦੇ ਬੁਲ੍ਹਾਂ ਤੇ ਮੁਸਕਾਨ ਕਿੱਕਲੀ ਪਾਉਂਦੀ ਤੇ ਪਹਿਰੇਦਾਰ ਲੋਟਨ ਕਬੂਤਰ ਬਣ ਜਾਂਦੇ। ਕੌਣ ਪੁੱਛਦਾ ਸੀ ਲੜਾਈ ਦੇ ਦਿਨਾਂ ਵਿਚ ਇਕ ਦੂਜੇ ਦੀ ਬਾਤ ਭਾਵੇਂ ਜੇਲ੍ਹ ਹੀ ਸੀ, ਪਰ ਉਹ ਜੇਲ੍ਹ ਕੋਈ ਖਾਸ ਅਮੀਰਜ਼ਾਦਿਆਂ ਲਈ ਬਣੀ ਹੋਈ ਜਾਪਦੀ ਸੀ, ਸਿਰਫ ਸੀਖਾਂ ਹੀ ਫਾਲਤੂ ਸਨ। ਬਾਕੀ ਹਰਮ ਵਾਲੇ ਸਾਰੇ ਸੁੱਖ ਸਨ। ਕਰਾਮਤ ਅਲੀ ਆਪਣੀ ਸਾਰੀ ਤਾਕਤ ਦੀ ਵਰਤੋਂ ਕਰ ਰਿਹਾ ਸੀ। ਸਾਰੇ ਚੁੱਪ ਸਨ, ਪਰ ਵਿਚੋਂ ਬੜੇ ਸੜਦੇ ਸਨ। "ਦਫਾ ਹੋਵੇ ਬਲਾ ਮਗਰੋਂ ਨਹੀਂ ਲੱਥਦੀ।" ਪਹਿਰੇਦਾਰ ਇਸ ਤਰ੍ਹਾਂ ਵੀ ਇਕ ਦੂਜੇ ਨੂੰ ਆਖਦੇ।

ਵਜ਼ੀਰ ਖਾਂ ਨੇ ਜਦ ਸੁਣਿਆ ਕਿ ਸਿੱਖਾਂ ਕੁਮਕ ਪੁੱਜਣ ਦਾ ਯਤਨ ਹੋ ਰਿਹਾ ਏ, ਤਾਂ ਉਹਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਕੀਰਤਪੁਰ ਤੇ ਮਾਝੇ ਦੇ ਭਾਜ਼ਾ ਦਮ ਜੱਥੇ ਆਣ ਬਿਰਾਜੇ ਹਨ, ਤੇ ਉਹਨਾਂ ਸਿੱਧੀ ਸਰਹਿੰਦ ਵੱਲ ਸੇਧ ਕਰ ਲਈ ਏ ਤੇ ਫੇਰ ਸਰਹਿੰਦ ਦਾ ਬਾਬਾ ਆਦਮ ਹੀ ਨਿਰਾਲਾ ਏ। ਅੱਲਾ ਹੀ ਭਾਵੇਂ ਰੱਖੇ ਇਹਨਾਂ ਸ਼ੈਤਾਨਾਂ ਤੋਂ। ਸਰਹਿੰਦ ਦੀਆਂ ਕੰਧਾਂ ਡੋਲਦੀਆਂ ਹਨ। ਨੀਹਾਂ ਵਿਚੋਂ ਪਾਪ ਦੇ ਝਲਕਾਰੇ ਵੱਜਦੇ ਹਨ। ਬੇਦੋਸ਼ੀਆਂ ਰੂਹਾਂ ਤੜਫਦੀਆਂ ਹਨ। ਬੁਰਜਾਂ ਦੇ ਚਾਨਣ ਮੁਨਾਰਿਆਂ ਵਿਚ ਦਿਲ ਹੌਂਦਾ ਜਾਪਦਾ ਏ। ਕਿਸੇ ਪਿਓ ਕੋਲੋਂ ਉਹਦੇ ਪੁੱਤ ਖੋਹ ਲੈਣੇ, ਕਿਸੇ ਦਾਦੀ ਕੋਲੋਂ ਉਹਦੇ ਪੋਤਰੇ, ਉਹ ਵੀ ਅੱਖਾਂ ਸਾਹਮਣੇ, ਉਹਦੀਆਂ ਆਂਦਰਾਂ ਵਿਲ੍ਹੂੰ ਵਿਲ੍ਹੂੰ ਨਾ ਕਰਨਗੀਆਂ—ਕੀ ਉਹਦਾ ਪਿਓ ਜੀਉਂਦਾ ਫਿਰਦਾ ਹੋਵੇਗਾ। ਜੇ ਮੇਰੇ ਨਾਲ ਇਸ ਤਰ੍ਹਾਂ ਵਾਪਰਦੀ, ਕੀ ਮੈਂ ਸਹਾਰ ਲੈਂਦਾ। ਕਦੀ ਵੀ ਨਾ। ਇਹ ਮੇਰੀ ਜ਼ਿੰਦਗੀ ਦੀ ਸਭ ਤੋਂ ਵੱਡੀ ਭੁੱਲ ਸੀ। ਸੂਰਮੇ ਸ਼ੇਰ ਦਾ ਸ਼ਿਕਾਰ ਕਰਦੇ ਹਨ। ਦੁੱਧ ਪੀਂਦੇ ਬੱਚਿਆਂ ਦਾ ਨਹੀਂ। ਮੈਂ ਤਾਂ ਦੁੱਧ ਦੀਆਂ ਦੰਦੀਆਂ ਤੋੜੀਆਂ ਹਨ। ਮਾਂ ਦੀ ਹਿੱਕ ਵਿਚ ਵਰਮ ਪਾਏ ਹਨ। ਯਾ ਅੱਲਾ! ਰਹਿਮ ਤੇ ਪਰਵਰਦਗਾਰ ਕਾਲੀ ਕਮਲੀ ਵਾਲੇ ਮੌਲਾ, ਐ ਖਾਜਾ-ਏ-ਅਜਮੇਰ ਔਸ ਵੇਲੇ ਮੇਰੀ ਬਾਂਹ ਫੜ' ਤੇ ਉਸ ਆਪਣੀ ਦਾਹੜੀ ਤੇ ਦੋਵੇਂ ਹੱਥ ਫੇਰੇ ਤੇ ਦੁਆ ਮੰਗਣ ਲਈ ਕਲਮਾ ਪੜ੍ਹਿਆ। ਲਾ ਇੱਲਾ ਇਲ ਲਿਲਾ ਮੁਹੰਮਦ ਰਸੂਲ ਲਿਲਾ। ਵਜ਼ੀਰ ਖਾਂ ਦਿਲ ਹੀ ਦਿਲ ਵਿਚ ਪਸ਼ੇਮਾਨ ਸੀ।

ਬੜਾ ਤਲਮਲਾਇਆ ਅਤੇ ਤਲੀਆਂ ਮਲਣ ਤੋਂ ਬਗੈਰ ਉਹਦੇ ਹੱਥ ਕੁਝ ਨਾ ਪਿਆ। ਬਿਬਲੀਆਂ ਮਾਰਦੇ ਸਿੰਘ ਕੀਰਤਪੁਰ ਅਰਦਾਸੇ ਸੋਧ ਰਹੇ ਸਨ। ਬੱਕਰੇ ਬੁਲਾਂਦੇ ਤੇ ਖਰੂਦ ਕਰਦੇ। ਘੜੀ ਘੜੀ ਦੀ ਖਬਰ ਵਜ਼ੀਰ ਖਾਂ ਦੇ ਕੰਨੀਂ ਪੈਂਦੀ। ਬੜਾ ਪੁਰਾਣਾ ਖਰਾਂਟ ਸੀ। ਵਜ਼ੀਰ ਖਾਂ ਵੀ ਸੱਦੇ ਭੇਜ ਕੇ ਫੌਜ ਜਮ੍ਹਾਂ ਕਰ ਲਈ ਸੀ। ਕਿਤੇ ਤਿਲ ਭੁੰਜੇ ਪੈਣ ਦੀ ਜਗ੍ਹਾ ਨਹੀਂ ਸੀ ਸਾਰੀ ਸਰਹਿੰਦ ਵਿਚ। ਕੁਰਬਲ ਕੁਰਬਲ ਕਰਦੀ ਫੌਜ ਫਸੀਲ ਵਿਚ ਡੱਕੀ ਹੋਈ ਸੀ। ਗੱਤਕੇ ਦੀਆਂ

ਲੜਾਈਆਂ ਜਿੱਤਣ ਵਾਲੇ ਬਹਾਦਰ ਸਰਹਿੰਦ ਵਿਚ ਬੈਠਕਾਂ ਕੱਢ ਰਹੇ ਸਨ। ਉਹ ਕਿਹੜੇ ਸਿੱਖਾਂ ਨੂੰ ਪੱਲੇ ਬੰਨ੍ਹਦੇ ਸਨ। ਸ਼ਰਾਬਾਂ ਉੱਡ ਰਹੀਆਂ ਸਨ ਤੇ ਕੁੱਕੜ ਭੁੱਜ ਰਹੇ ਸਨ।

ਘੁੰਗਰੂਆਂ ਦੀ ਛਣਕਾਰ ਵਿਚ 'ਹੁਸੈਨੀ' ਤੇ 'ਬੇਗਮਾਂ' ਸ਼ਰਾਬ ਦੇ ਸਰੂਰ ਵਿਚ ਛਲਕਦੀਆਂ। ਇਨ੍ਹਾਂ ਨਾਲ ਰਾਜਗੁਰੂ ਦੀ ਨੀਤੀ ਕੰਮ ਕਰ ਰਹੀ ਸੀ।

ਇਕ ਬੈਠਕ 'ਚ ਵਜ਼ੀਰ ਖਾਂ ਨੇ ਆਖਿਆ, ਸਦੋਂ ਖਾਂ ਮਲੇਰ ਕੋਟਲੀਆਂ ਨੂੰ ਗਪੌੜੇ ਮਾਰ ਮਾਰਕੇ ਪੱਡਾਂ ਕੀ ਬੰਨ੍ਹੀਆਂ ਮੂਸਲ ਖੜੇ ਕਰ ਦਿੱਤੇ ਹਨ। ਵਿਹਲੇ ਅਖਾੜਿਆਂ 'ਚ ਬੈਠਕਾਂ ਕੱਢ ਕੱਢਕੇ ਲਵੇ ਲਵੇ ਕੁੱਕੜ ਸਾਰੇ ਖਾ ਲਏ ਹਨ ਆਪਣੀ ਜੂਹ ਦੇ। ਆਉ ਖਾਂ ਸੂਰਮਿਓਂ ਨਿੱਤਰੋ ਜ਼ਰਾ ਮੈਦਾਨ 'ਚ ਤੁਹਾਡੇ ਦਾਅ ਪੇਚ ਵੇਖੀਏ। ਬੜੇ ਦਿਨਾਂ ਦੇ ਸ਼ੋਰ ਸ਼ਰਾਬੇ ਸੁਣੀਦੇ ਸਨ। ਉਹ ਛਿਞ ਪੈਣ ਵਾਲੀ ਏ। ਸਾਵੇਂ ਜੋੜ ਹਨ। ਖੜੀਆਂ ਮਾਲੀਆਂ ਲੈਣ ਦੇ ਦਿਨ ਲੱਦ ਗਏ। ਲੰਗੋਟੇ ਸੁਆਓ ਤੇ ਨਿੱਤਰੋ ਅਖਾੜੇ ਵਿਚ। ਸਦੋ ਢੋਲ ਵਾਲਿਆਂ ਨੂੰ ਚੂਰੀਆਂ ਦੇ ਛੰਨੇ ਕੀਰਤਪੁਰ ਬੇਲੇ ਵਿਚ ਰੰਝੇਟੇ ਲਈ ਹੀਰ ਲੈਕੇ ਖਲੋਤੀ ਹੋਈ ਏ। ਇਨ੍ਹਾਂ ਬੇਲਿਆਂ ਵਿਚ ਵੰਝਲੀ ਦੀ ਲੈ ਸੁਣੋ। ਕੌਣ ਏ ਜਿਹੜਾ ਕੀਰਤਪੁਰ ਸਿੱਖਾਂ ਨੂੰ ਡੱਕੇ। ਇਕ ਪੈਰ ਪੁੱਟਣ ਨਾ ਦੇਵੇ ਜਵਾਨਾਂ ਨੂੰ। ਕਿਸ ਪਰਖਣੀ ਏ ਆਪਣੀ ਤਲਵਾਰ ਦੀ ਧਾਰ। ਕਿਸ ਮੌਤ ਨਾਲ ਨਕਾਹ ਕਰਾਉਣਾ ਏ। ਕਿਹੜੇ ਕਹਾਰ ਡੋਲੀ ਚੁੱਕਣਗੇ।'' ਹੱਸਦੇ ਵਜ਼ੀਰ ਖਾਂ ਦੇ ਮੂੰਹ ਵਿਚੋਂ ਬੋਲ ਇਵੇਂ ਨਿਕਲਦੇ ਸਨ ਜਿਵੇਂ ਫੁੱਲ ਕਿਰ ਰਹੇ ਹੋਣ।

—''ਸਰਹਿੰਦ ਵੱਲ ਮੂੰਹ ਕਰਨਾ ਜਣੇ ਖਣੇ ਦਾ ਕੰਮ ਨਹੀਂ ਬੂਥੀਆਂ ਭੰਨ ਦੇਵਾਂਗੇ ਬੁਥਾੜ ਤੋੜ ਦਿਆਂਗੇ ਘਸੁੰਨ ਮਾਰ ਮਾਰ ਕੇ। ਸ਼ਿਵਾ ਜੀ ਦੇ ਨੱਕ ਵਿਚ ਅਸਾਂ ਹੀ ਨਕੇਲ ਪਾਈ ਸੀ। ਕਿੱਧਰੋਂ ਆ ਗਏ ਹਨ ਚਿੜੀ ਮਾਰ। ਬੁੜਿਆਂ ਵਿਚੋਂ ਸਿਰ ਤਾਂ ਕੱਢ ਲੈਣ। ਕਿਸੇ ਪਠਾਣ ਨਾਲ ਟਾਕਰਾ ਨਹੀਂ ਪਿਆ ? ਕੰਮੀਂ ਕਮੀਣ ਨਾਲ ਹੀ ਵਾਹ ਪੈਂਦਾ ਰਿਹਾ ਹੈ ਤਾਂ ਹੀ ਸੰਘ ਪਾੜਦੇ ਹਨ। ਵੇਖ ਲਾਂਗੇ ਆਣ ਦਿਉ ਸਰਹਿੰਦ ਦੇ ਨੇੜੇ।' ਅਫਜ਼ਲ ਖਾਂ ਨੇ ਨਸ਼ੇ ਦੀ ਹਾਲਤ ਵਿਚ ਆਖਿਆ। ''ਪਿਦਰਮ ਸਲਤਾਨ ਬੂਦ, ਗੁਲੇਲ ਮਾਰਨ ਵਾਲਿਓ ਬੇਰੀਆਂ ਦੀ ਹਾਨੀ ਨਾ ਕਰੋ। ਵਾੜ ਪੱਟਦੇ ਦੀ ਗਿੱਚੀ ਨੱਪ ਲਓ'' ਵਜ਼ੀਰ ਖਾਂ ਦੇ ਬੋਲ ਸਨ।

''ਅਸੀਂ ਨਲ੍ਹ ਪਾ ਦੇਵਾਂਗੇ ਸਿੱਖਾਂ ਨੂੰ। ਜੇ ਸਾਰੀ ਉਮਰ ਯਾਦ ਨਾਂ ਰੱਖਣਗੇ ਤੇ ਸਾਨੂੰ ਮਲੇਰਕੋਟਲੀਏ ਕਿਸ ਆਖਣਾ ਏ'' ਸ਼ੇਰ ਮੁਹੰਮਦ ਖਾਂ ਬੋਲਿਆ।

''ਜੇ ਸਰਹਿੰਦ ਦੇ ਨੇੜੇ ਆ ਗਏ ਸਿੱਖ ਤੇ ਬੰਦਾ ਬਹਾਦਰ ਉਨ੍ਹਾਂ ਦੇ ਨਾਲ ਜਾ ਮਿਲਿਆ ਤਾਂ ਫਿਰ ਫੱਕਾ ਵੱਜ ਜਾਊ ਸਰਹਿੰਦ ਵਾਲਾ। ਫਿਰ ਨਹੀਂ ਰਹਿਣ ਦੇਂਦੇ ਉਹ ਇਨ੍ਹਾਂ ਚਹਿਕਦੀਆਂ ਬੁੱਲਬੁਲਾਂ ਨੂੰ। ਦੋਵੇਂ ਫੌਜਾਂ ਨਿੱਖੜੀਆਂ ਰਹਿਣ ਤੇ ਮੈਂ ਇੱਧਰ ਸਿੱਖਾਂ ਦੇ ਕਾਫੀਏ ਤੰਗ ਕਰ ਦੇਵਾਂਗਾ। ਉੱਧਰ ਸ਼ੇਰ ਮੁਹੰਮਦ ਖਾਂ ਜੀਅ ਖੋਲ੍ਹ ਕੇ ਗਿੱਦੜ ਕੁੱਟ ਕਰੇ। ਫਟਕੜੀ ਫੁਲ ਹੋ ਜਾਵੇ ਸਿੱਖਾਂ ਦੀ। ਪਿੰਜਰੇ ਵਿਚ ਪਾ ਲਓ ਬੜੇ ਬੰਦੇ ਨੂੰ'' ਵਜ਼ੀਰ ਖਾਂ ਦੀ ਤਜਵੀਜ਼ ਸੀ।

—''ਚੰਗਾ ਜੇ ਸਾਡੇ ਤੇ ਗੁਣਾ ਪਿਆ ਏ ਤਾਂ ਅਸਾਂ ਕਿਹੜੀਆਂ ਵੰਗਾਂ ਪਾਈਆਂ ਹੋਈਆਂ ਨੇ।

ਚਰਖੇ ਨਹੀਂ ਡਾਹੇ ਹੋਏ ਕੱਢ ਖਾਂ ਓਏ ਖਿਜ਼ਰ ਖਾਨਾ ਧੌਂਸਾ ਤੇ ਝੰਡਾ। ਸੱਦ ਲੈ ਨੁਸਰਤ ਖਾਂ ਨੂੰ, ਵਲੀ ਮੁਹੰਮਦ ਖਾਂ ਘੇਰਾ ਘੱਤ ਕੇ ਦਮ ਘੁੱਟ ਦਿਊ, ਕੀ ਯਾਦ ਕਰਨਗੇ ਸਿੱਖ ਚੌਲਾਂ ਵਰਗੇ ਚਿੱਟੇ ਨਿਤਾਰ ਦਿਊ।" ਸ਼ੇਰ ਮੁਹੰਮਦ ਖਾਂ ਨੇ ਮੁੱਛਾਂ ਨੂੰ ਵੱਟ ਦੇਂਦਿਆਂ ਆਖਿਆ।

ਪੰਜ ਤੋਪਾਂ ਤੇ ਪੰਜ ਹਜ਼ਾਰ ਫੌਜ ਸਣੇ ਖਲਤ ਤੇ ਨਾਲ ਫਰਮਾਨ ਸ਼ੇਰ ਮੁਹੰਮਦ ਖਾਂ ਦੀ ਝੋਲੀ ਪਿਆ ਤੇ ਦੁਆ ਸਲਾਮ ਲਈ 'ਖੁਦਾ ਹਾਫਜ਼'। ਵਜ਼ੀਰ ਖਾਂ ਨੇ ਆਖਿਆ 'ਖੁਦਾ ਹਾਫਜ਼' ਸ਼ੇਰ ਮੁਹੰਮਦ ਖਾਂ ਆਖ ਰਿਹਾ ਸੀ। ਅਫਜ਼ਲ ਖਾਂ ਨੇ ਮਾਂਗਵੀਂ ਧਾੜ ਨੂੰ ਫੌਜ ਦੀ ਸਫ ਵਿਚ ਲਿਆ ਖੜਾ ਕਰ ਦਿੱਤਾ।

ਧੌਂਸਾ ਖੜਕਿਆ—ਨੌਬਤ ਵੱਜੀ ਤੇ ਫਰੇਰਾ ਲਹਿਰਾਂ ਵਿਚ ਝੂਮਿਆ। ਮਲੇਰ ਕੋਟਲੀਆਂ ਨੇ ਕੂਚ ਦੇ ਬਿਗਲ ਵਜਾ ਦਿੱਤੇ। ਇੱਧਰ ਲੋਹਗੜ੍ਹ ਵਿਚ ਸਿੰਘ ਤਿਆਰੇ ਕੱਸ ਰਹੇ ਸਨ। ਕਈ ਕੰਨੀ ਖਸਕਾਉਣਾ ਚਾਹੁੰਦੇ ਸਨ। ਪਰ ਲੁੱਟ ਦੇ ਲਾਲਚ ਨੇ ਉਨ੍ਹਾਂ ਦੇ ਪੈਰਾਂ ਵਿਚ ਸੰਗਲ ਮਾਰ ਦਿੱਤੇ। ਗੁਜ਼ਾਰੇ ਜੋਗਾ ਜੰਗੀ ਸਮਾਨ, ਜ਼ਮੂਰਖਾਨੇ, ਤੋਪਾਂ, ਘੋੜੇ ਤੇ ਖੱਚਰਾਂ ਸਿੰਘਾਂ ਕੋਲ ਕਾਫੀ ਸਨ। ਪਰ ਕਮਾਨ ਥੱਲੇ ਫੌਜ ਨੂੰ ਵੇਖ ਕੇ ਬੰਦਾ ਲੜਾਈ ਲੜਨਾ ਚਾਹੁੰਦਾ ਸੀ!

ਰਾਜਗੁਰੂ ਬੋਲਿਆ—"ਬਾਜ ਸਿੰਘ ਹੁਣ ਪਰਖਣ ਦਾ ਵੇਲਾ ਆਇਆ ਏ। ਇਹ ਲੜਾਈ ਧੱਕੇ ਜ਼ੋਰ ਦੀ ਨਹੀਂ, ਸੋਚ ਸਮਝ, ਚਾਲਾਕੀ ਤੇ ਨੀਤੀ ਵਿਚ ਜਦ ਤਾਕਤ ਦਾ ਪਰਵੇਸ਼ ਹੋਵੇਗਾ ਤਦ ਲੜਾਈ ਜਿੱਤੀ ਜਾਵੇਗੀ। ਜੇ ਕਿਸੇ ਨੇ ਵੀ ਮਨ ਮਰਜ਼ੀ ਕੀਤੀ ਤੇ ਫੇਰ ਹੱਥਕੜੀਆਂ ਹੀ ਉਨ੍ਹਾਂ ਦਾ ਸਤਕਾਰ ਕਰਨਗੀਆਂ। ਬਾਜ ਸਿੰਘ ਸੱਜੇ ਪਾਸੇ ਦਸਤੇ ਦਾ ਤੂੰ ਨਿਗੇਹਬਾਨ ਰਹੇਂਗਾ। ਘੋੜ ਅਸਵਾਰਾਂ ਨੂੰ ਫਤਹਿ ਸਿੰਘ ਆਪਣੇ ਕਬਜ਼ੇ ਵਿਚ ਰੱਖੇ। ਆਲੀ ਸਿੰਘ ਤੇ ਮਾਲੀ ਸਿੰਘ ਤੋਪਾਂ ਦੇ ਮੂੰਹ ਖੋਲ੍ਹਣ ਵਿਚ ਆਪਣੀ ਬਹਾਦਰੀ ਦੇ ਜੌਹਰ ਵਿਖਾਉਣ। ਨੇਜ਼ੇਬਾਜ਼ਾਂ ਦੀ ਫੌਜ ਨੂੰ ਕਾਹਨ ਸਿੰਘ ਆਪਣੀ ਅਰਦਲ ਵਿਚ ਰੱਖੇ। ਬਿਨੋਦ ਸਿੰਘ ਪੈਦਲ ਦਸਤੇ ਦੀ ਦੇਖ ਭਾਲ ਆਪ ਕਰੇ। ਇਹ ਲੜਾਈ ਮੈਂ ਆਪ ਲੜਾਂਗਾ। ਬੰਦਾ ਬਹਾਦਰ ਆਪਣੇ ਖਾਸ ਸੂਰਮੇ ਲੈਕੇ ਇਕ ਥੇਹ ਤੇ ਜਾ ਬੈਠੇ ਤੇ ਲੜਾਈ ਦਾ ਸਾਰਾ ਨਕਸ਼ਾ ਅੱਖੀਂ ਵੇਖੇ। ਵੇਲੇ ਦੀ ਲੋੜ ਅਨੁਸਾਰ ਇਸ਼ਾਰਾ ਕੀਤਾ ਜਾਵੇਗਾ। ਤਾਜ਼ਾ ਦਮ ਫੌਜ ਲੈ ਕੇ ਟੁੱਟ ਪੈਣਾ ਬੰਦੇ ਦਾ ਕੰਮ ਹੈ। ਬੁਰਛਿਆਂ ਵਰਗੇ ਜਵਾਨ ਵਜ਼ੀਰ ਖਾਂ ਦਾ ਨੱਕ ਵਿਚ ਦਮ ਕਰ ਦੇਣਗੇ। ਪਿੰਡਾਂ ਵਿਚ ਢੰਡੋਰੇ ਪਟਵਾ ਦਿਉ। ਢੋਲ ਵਜਾ ਦਿਉ। ਸਾਹਿਬ-ਜ਼ਾਦਿਆਂ ਦਾ ਬਦਲਾ ਲੈਣ ਵਾਸਤੇ ਜਿਸ ਸ਼ਾਮਲ ਹੋਣਾ ਹੋਵੇ, ਜਿਸ ਸਰਹਿੰਦ ਦੀ ਲੁਟ ਮਾਰ ਵਿਚ ਹੱਥ ਰੰਗਣੇ ਹੋਣ, ਬਸੰਤੀ ਚੋਲੇ ਪਾ ਕੇ ਆਣ ਰਲਣ।"

—"ਤੁਹਾਡੀ ਮਦਦ ਲਈ ਨਵੇਂ ਜੱਥੇ ਕੀਰਤਪੁਰ ਪੁੱਜ ਚੁੱਕੇ ਹਨ। ਵਜ਼ੀਰ ਖਾਂ ਸਾਡੇ ਘੇਰੇ ਵਿਚ ਹੋਵੇਗਾ। ਜੇ ਬੰਦੂਕਾਂ ਜ਼ਿਆਦਾ ਨਹੀਂ ਤੇ ਰਹਿਕਲੇ ਹੀ ਲੈ ਆਉ ਮਾਲੀਆਂ ਕੋਲੋਂ। ਪੱਥੀ ਤੋਪਾਂ ਬਹੁਤ ਹਨ। ਬਾਰੂਦ ਕੁਟ ਕੁਟ ਕੇ ਭਰੋ ਤੇ ਨਿਸ਼ਾਨੇ ਬੰਨ੍ਹ ਬੰਨ੍ਹ ਕੇ ਮਾਰੋ। ਦਿੱਲੀ ਤੇ ਲਾਹੌਰ 'ਚ ਹਾਹਾਕਾਰ ਮਚ ਜਾਏ। ਜੇ ਸਰਹਿੰਦ ਜਿੱਤੀ ਗਈ ਤੇ ਤੁਸੀਂ ਸਮਝੋ ਤੁਸਾਂ ਪੰਜਾਬ ਜਿੱਤ ਲਿਆ। ਹਾਂ ਹਾਂ ਸੁੱਚਾ ਨੰਦ ਦਾ ਭਤੀਜਾ ਕਿੱਥੇ ਜੇ? ਅੱਛਾ ਤੁਸੀਂ ਤੇ ਤੁਹਾਡੇ ਸਿਪਾਹੀ ਮੇਰੇ ਨਾਲ ਰਹਿਣਗੇ।

ਅਸੀਂ ਸਾਰਿਆਂ ਦੇ ਮੋਹਰੀ ਹੋ ਕੇ ਲੜਾਂਗੇ।" "ਸੱਤ ਬਚਨ" ਸੁਚਾ ਨੰਦ ਦਾ ਭਤੀਜਾ ਬੋਲਿਆ।

—"ਕਾਹਨ ਸਿੰਘ, ਆਲੀ ਸਿੰਘ, ਧਰਮ ਸਿੰਘ ਨੇਜ਼ੇਬਾਜ਼ ਮਝੈਲਾਂ ਨੂੰ ਨਾਲ ਲੈ ਕੇ ਹੱਲਾ ਕਰਨ। ਮਜ਼ਹਬੀ ਜੋਸ਼ ਦਾ ਵਾਸਤਾ ਦੇ ਕੇ। ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਵਾਰਦਾਤ ਦੱਸ ਕੇ। ਭੁੱਖੇ ਸ਼ੇਰਾਂ ਵਾਂਗ ਟੁੱਟ ਕੇ ਪੈਣ।" ਰਾਜਗੁਰੂ ਦੀਆਂ ਅੱਖਾਂ ਵਿਚ ਗੁੱਸਾ ਸੀ ਤੇ ਉਹ ਦੇ ਬੋਲ ਵਿਚ ਗਰਜਨਾ।

ਕੀਰਤਪੁਰ ਵਿਚ ਸਿੰਘ ਮਲੇਰਕੋਟਲੀਆਂ ਡੱਕ ਲਏ ਤੇ ਉਨ੍ਹਾਂ ਨੂੰ ਇਕ ਕਦਮ ਵੀ ਅੱਗੇ ਵੱਧਣ ਤੋਂ ਮਜਬੂਰ ਕਰ ਦਿੱਤਾ। ਸੂਰਜ ਦੀ ਟਿੱਕੀ ਪੁੰਗਰਦਿਆਂ ਹੀ ਦੋ ਪਾਸੇ ਸੂਰਮੇ ਮੈਦਾਨਾਂ ਵਿਚ ਆਣ ਗੱਜੇ। ਰਾਜਗੁਰੂ ਨੇ ਪੰਜ ਸੌ ਸਵਾਰਾਂ ਨੂੰ ਅੱਗੇ ਵੱਧਣ ਦਾ ਹੁਕਮ ਦਿੱਤਾ। ਇਸ ਹੁਕਮ ਵਿਚ ਰਾਜਗੁਰੂ ਨੂੰ ਸ਼ਿਕਸਤ ਸਾਹਮਣਿਉਂ ਲਭਦੀ ਸੀ। ਜਿਵੇਂ ਭਰਾਈਆਂ ਦਾ ਪਿੰਡ ਭਰਾਈਆਂ ਤੋਂ। ਉਸ ਫਿਰ ਵੀ ਇਕ ਗੋਲਾ ਚਲਾਇਆ—ਵਜ਼ੀਰ ਖਾਨ ਨੇ ਓਧਰ ਤੋਪਖਾਨੇ ਨੂੰ ਗੋਲੇ ਵਰ੍ਹਾਣ ਦਾ ਹੁਕਮ ਦੇ ਦਿੱਤਾ। ਜਮੂਰ ਖਾਨਿਆਂ ਅੱਗ ਵਰ੍ਹਾਣੀ ਸ਼ੁਰੂ ਕਰ ਦਿੱਤੀ। ਤੋਪਾਂ ਨੇ ਗੋਲੇ ਉਗਲੇ। ਧਰਤੀ ਹਿੱਲੀ ਅਸਮਾਨ ਡੋਲਿਆ। ਧੂਏਂ ਦੇ ਬਦਲਾਂ ਵਾਵਰੋਲਿਆਂ ਨੂੰ ਆਪਣੀ ਬੁੱਕਲ ਵਿਚ ਲੈ ਲਿਆ। ਉੱਚੇ ਟਿੱਬੇ ਤੋਂ ਬੰਦੇ ਬਹਾਦਰ ਨੇ ਖਿੱਚ ਖਿੱਚ ਕੇ ਤੀਰ ਛੱਡੇ ਤੇ ਗੋਲਿਆਂ ਦਾ ਅਜਿਹਾ ਲੜਾਕਾ ਮੀਂਹ ਵਰ੍ਹਾਇਆ ਕਿ ਤੋਪਾਂ ਦੇ ਗੋਲਿਆਂ ਦੇ ਤਬਾਹੇ ਲਾਹ ਛੱਡੇ। ਇਕ ਦੂਜਾ ਆਪਣੇ ਆਦਮੀ ਨੂੰ ਪਹਿਚਾਣ ਨਹੀਂ ਸੀ ਸਕਦਾ। ਗੱਲ ਕੀ ਤੋਪਾਂ ਤੇ ਗੋਲਿਆਂ ਕੋਈ ਖੋਹਣ ਨਾ ਖੋਹੀ। ਜਵਾਨ ਤਲਵਾਰਾਂ ਲੈ ਕੇ ਨਿੱਤਰ ਪਏ। ਮੌਤ ਦੀ ਛਿੰਝ ਤੇ ਵਰ੍ਹਦਿਆਂ ਗੋਲਿਆਂ ਵਿਚ ਸਿੰਘਾਂ ਨੇ ਤੋਪਾਂ ਉੱਤੇ ਕਬਜ਼ੇ ਜਾ ਕੀਤੇ। ਤੋਪਾਂ ਦਾ ਰੁੱਖ ਉਹ ਅਜੇ ਭੁਆਣ ਦੀ ਸਲਾਹ ਹੀ ਕਰ ਰਹੇ ਸਨ ਕਿ ਜੀਵਨ ਸਿੰਘ ਪੁੱਜ ਗਿਆ ਫਿਰ ਲੜਾਕੇ ਦੀ ਤਲਵਾਰ ਚੱਲੀ। ਰਹਿੰਦ ਖੂੰਹਦ ਜੀਵਨ ਸਿੰਘ ਦੇ ਹੱਲੇ ਨਾਲ ਮੌਤ ਦੀ ਝੋਲੀ ਵਿਚ ਜਾ ਪਈ। ਲੋਥਾਂ ਤੇ ਲੋਥਾਂ ਚੜ੍ਹ ਗਈਆਂ। ਬੰਦਾ ਆਪਣੇ ਟਿੱਲੇ ਤੇ ਸੀ ਤੇ ਰਾਜਗੁਰੂ ਫੌਜ ਡੱਕੀ ਖੜਾ ਸੀ। ਬਾਜ ਸਿੰਘ, ਰਣ ਸਿੰਘ ਤੇ ਦਇਆ ਸਿੰਘ ਮੁੜ ਆਪਣੀ ਫੌਜ ਦੇ ਮੋਹਰੇ ਆਣ ਖਲੋਤੇ। ਸੁਚਾ ਨੰਦ ਦਾ ਭਤੀਜਾ ਅੱਗੇ ਵਧਿਆ ਤੇ ਉਸ ਮੁੱਛਾਂ ਨੂੰ ਵੱਟ ਦੇ ਕੇ ਇਕ ਵਾਰ ਸਿੱਖਾਂ ਦੀ ਸਾਰੀ ਫੌਜ ਨੂੰ ਵੇਖਿਆ। ਰਾਜਗੁਰੂ ਤੋਂ ਚੋਰੀ ਜਾਂਦਿਆਂ ਸਾਰ ਹੀ ਉਸ ਚਾਲਾਕੀ ਦਾ ਇਕ ਸ਼ੋਸ਼ਾ ਛੱਡਿਆ ਤੇ ਰੌਲਾ ਪਾ ਦਿੱਤਾ ਭੱਜ ਜਾਉ ਨੱਸ ਜਾਉ ਤੇ ਆਪ ਇਕ ਹਜ਼ਾਰ ਆਦਮੀ ਲੈ ਕੇ ਨੱਸ ਉੱਠਿਆ ਸਰਹਿੰਦ ਵੱਲ। ਸਿੱਖਾਂ ਦੇ ਇਸੇ ਰੌਲੇ ਰੱਪੇ ਵਿਚ ਪੈਰ ਉਖੜ ਗਏ। ਨੱਸਦੇ ਮੁਗਲ ਫੇਰ ਆਪਣੇ ਪੈਰੀਂ ਖੜੇ ਹੋ ਗਏ। ਪੰਜ ਸੌ ਸਿੱਖ ਮੁਗਲਾਂ ਦੇ ਘੇਰੇ ਵਿਚ ਸਨ। ਇਸ ਮਾਜਰੇ ਨੇ ਸਿੱਖਾਂ ਦੇ ਹੱਥਾਂ ਦੇ ਤੋਤੇ ਉਡਾ ਦਿੱਤੇ। ਰਾਜਗੁਰੂ ਵਿਚੇ ਵਿਚ ਕਚੀਚੀਆਂ ਵੱਟ ਰਿਹਾ ਸੀ। ਉਸ ਬਲਦੀ ਭੱਠੀ ਵਿਚ ਹੋਰ ਮੁੱਠ ਸੁੱਟਣ ਦਾ ਹੁਕਮ ਦਿੱਤਾ। ਰਾਜਗੁਰੂ ਨੇ ਆਪਣੇ ਦਿਲ ਨੂੰ ਆਪਣੇ ਕਬਜ਼ੇ ਵਿਚ ਲਿਆ ਤੇ ਅੱਖਾਂ ਨੂੰ ਨੀਤੀ ਦੀ ਐਨਕ ਲਾਈ। ਹੁਕਮ ਸਾਦਰ ਕਰ ਦਿੱਤਾ। ਨੀਲੇ ਰੰਗ ਦਾ ਚਾਦਰਾ ਹਵਾ ਵਿਚ ਉੱਡਿਆ। ਇਹ ਦਾ ਮਤਲਬ ਸੀ, ਤੋਪਾਂ ਦੇ ਮੂੰਹ ਖੋਲ੍ਹ ਦਿਉ। ਗੋਲੇ ਤੇ ਗੋਲੇ ਛੱਡੋ, ਇਨ੍ਹਾਂ ਗੋਲਿਆਂ ਨੇ ਇਕ ਵਾਰ ਤਾਂ ਬੰਬ

ਬੁਲਾ ਦਿੱਤੀ। ਮੁਗਲ ਤੇ ਮਰਦੇ ਹੀ ਮਰੇ ਪਰ ਨਾਲ ਪੰਜ ਸੌ ਸਿੱਖਾਂ ਦਾ ਵੀ ਅਰਦਾਸਾ ਸੋਧਿਆ ਗਿਆ। ਮੁਗਲ ਫੌਜ ਨੱਸ ਗਈ। ਵਜ਼ੀਰ ਖਾਂ ਨੇ ਕਿਲ੍ਹੇ ਦੇ ਦਰਵਾਜ਼ੇ ਬੰਦ ਕਰ ਲਏ। ਦੂਜੀ ਵਾਰ ਫਿਰ ਜੀਅ ਖੋਲ੍ਹ ਕੇ ਆਹੂ ਲਾਹੇ ਸਿੱਖਾਂ, ਪਰ ਅਫਸੋਸ ਪੰਜ ਸੌ ਸਿੱਖ ਮੌਤ ਦੀ ਝੋਲੀ ਪੈ ਚੁੱਕਾ ਸੀ। ਭਾਵੇਂ ਕਈ ਤੋਪਾਂ ਤੇ ਬੰਦੂਕਾਂ ਸਿੱਖਾਂ ਦੇ ਹੱਥ ਆਈਆਂ ਪਰ ਬਹੁਤਾ ਚਿਰ ਸਿੱਖ ਉਸ ਮੋਰਚੇ ਤੇ ਖੜ੍ਹੇ ਨਾ ਰਹੇ। ਕਈਆਂ ਤਾਂ ਦੋ ਕੋਹਾਂ ਤੇ ਜਾ ਕੇ ਸਾਹ ਲਿਆ। ਸਰਹਿੰਦ ਦੀ ਮਾਂਗਵੀਂ ਧਾੜ ਬਿੱਲੇ ਲੱਗ ਚੁੱਕੀ ਸੀ। ਭਾਵੇਂ ਫਤਹਿ ਦਾ ਸਿਹਰਾ ਸਿੰਘਾਂ ਦੇ ਸਿਰ ਬੱਝਾ, ਪਰ ਅਸਲ ਵਿਚ ਇਹ ਸਿੰਘਾਂ ਦੀ ਪਹਿਲੀ ਹਾਰ ਸੀ। ਸੂਰਜ ਡੁੱਬ ਰਿਹਾ ਸੀ ਤੇ ਭੱਜਦੇ ਪਰਛਾਵੇਂ ਸਿੰਘਾਂ ਦੇ ਮਗਰ ਦੌੜ ਰਹੇ ਸਨ।

ਇਸ ਹੱਲੇ ਵਿਚ ਸਭ ਤੋਂ ਵੱਡਾ ਖਾਲਸੇ ਨੂੰ ਘਾਟਾ ਹੋਇਆ ਜੀਵਨ ਸਿੰਘ ਦੇ ਕੈਦ ਹੋਣ ਦਾ। ਭਾਵੇਂ ਚੰਗੇ ਉਸਤਾਦ ਦਾ ਚੰਡਿਆ ਹੋਇਆ ਸੀ, ਪਰ ਸਰਹਿੰਦ ਦੇ ਸੂਬੇ ਅੱਗੇ ਉਹ ਦੀ ਦਾਲ ਗਲਣੀ ਮੁਸ਼ਕਲ ਜਾਪਦੀ ਸੀ। ਇਸ ਤਰ੍ਹਾਂ ਬੰਦਾ ਬਹਾਦਰ ਸੋਚਦਾ ਤੇ ਕਦੇ ਰਾਜਗੁਰੂ ਇਸ ਤਰ੍ਹਾਂ ਵੀ ਆਖਦਾ, 'ਗੁਰੂ ਜਿਨ੍ਹਾਂ ਦੇ ਟੱਪਣੇ ਚੇਲੇ ਜਾਣ ਛੜੱਪ।' ਵਜ਼ੀਰ ਖਾਂ ਭਾਵੇਂ ਕਿੰਨੇ ਪੱਤਣ ਤਰਿਆ ਹੋਵੇ। ਮੈਂ ਉਦੋਂ ਮੰਨਾਂਗਾ ਜਦੋਂ ਜੀਵਨ ਸਿੰਘ ਪਾਸੋਂ ਉਹ ਕੁਝ ਪੁੱਛ ਲਵੇ। ਜਿੰਨਾ ਚਿਰ ਮਰਜ਼ੀ ਬਹਿਕਾ ਲਵੇ। ਉਹ ਐਸੀ ਮਿੱਟੀ ਦਾ ਬਣਿਆ ਹੋਇਆ ਹੈ ਕਿ ਉਹਦੇ ਅੰਦਰ ਫੌਲਾਦ ਦੇ ਗੁਣ ਹਨ। ਮੈਂ ਵੀ ਪੁੱਠ ਦੇ ਕੇ ਫੌਲਾਦ ਨੂੰ ਉਜਾਗਰ ਕਰ ਦਿੱਤਾ ਹੈ। ਜੇ ਉਹ ਦਾ ਦਾਅ ਚਲ ਗਿਆ ਤਾਂ ਯਾਦ ਰੱਖੋ ਉਹ ਵਜ਼ੀਰ ਖਾਂ ਵਾਲੀ ਢਿਬਰੀ ਟਾਈਟ ਕਰ ਦੇਵੇਗਾ। ਜੇ ਉਸ ਫੌਜ ਵਿਚ ਫੁੱਟ ਨਾ ਪਾ ਦਿੱਤੀ ਤਾਂ ਉਸ ਨੂੰ ਜੀਵਨ ਸਿੰਘ ਕਿਸ ਆਖਣਾ ਏਂ। ਤੁਹਾਨੂੰ ਮਜਬੂਰਨ ਉਹ ਦੀ ਹਿੰਮਤ ਤੇ ਦਾਦ ਦੇਣੀ ਪਵੇਗੀ। ਸ਼ੇਰਨੀ ਇਕ ਪੁੱਤ ਜਣਦੀ ਏ ਤੇ ਮੈਂ ਇਕ ਚੇਲੇ ਦੇ ਕੰਨ ਵਿਚ ਮੁੰਦਰਾਂ ਪਾਈਆਂ ਨੇ।'' ਰਾਜਗੁਰੂ ਨੇ ਹੂਰਾ ਵਟਿਆ ਤੇ ਆਪਣੇ ਹੱਥ ਦੀ ਤਲੀ ਤੇ ਮਾਰਿਆ।

—''ਪੰਜ ਸੌ ਸਿੱਖ ਮਰ ਗਏ। ਰਾਜਗੁਰੂ ਦੀ ਥੋੜ੍ਹੀ ਜਿਹੀ ਭੁੱਲ ਨਾਲ'' ਕੋਲੋਂ ਰਤਨ ਸਿੰਘ ਬੋਲਿਆ।

—''ਇਨ੍ਹਾਂ ਤੋਪਾਂ ਨੇ ਦਾਣਿਆਂ ਵਾਂਗ ਭੁੰਨ ਕੇ ਰੱਖ ਦਿੱਤਾ'', ਦਇਆ ਸਿੰਘ ਦੇ ਬੋਲ ਗੂੰਜੇ।

—''ਕੀ ਹੋਇਆ ਜੰਗ ਦਾ ਮੈਦਾਨ ਏ। ਤ੍ਰਿੰਞਣ ਦਾ ਵਿਹੜਾ ਨਹੀਂ। ਹਾਰ ਜਿੱਤ ਨਾਲ ਲੱਗੀ ਹੋਈ ਏ। ਜਦੋਂ ਤੁਸੀਂ ਕਿਸੇ ਦਾ ਝੁੱਗਾ ਉਜਾੜ ਦੇਂਦੇ ਹੋ, ਪਿੰਡਾਂ ਦੇ ਪਿੰਡ ਫੂਕ ਕੇ ਭੁੱਬਲ ਕਰ ਦੇਂਦੇ ਹੋ, ਕਈਆਂ ਬੇ-ਦੋਸ਼ਿਆਂ ਨੂੰ ਮੌਤ ਦੀ ਝੋਲੀ ਵਿਚ ਪਾਉਂਦਿਆਂ ਕਦੇ ਸੋਚਿਆ ਜੇ ਕਿਸੇ ਮਾਂ ਦੀ ਗੋਦ ਸੱਖਣੀ ਹੋ ਰਹੀ ਏ, ਕਿਸੇ ਦੀਆਂ ਆਂਦਰਾਂ ਵਿਚ ਰੁਗ ਭਰਿਆ ਜਾ ਰਿਹਾ ਏ। ਕਿਸੇ ਦਾ ਸੁਹਾਗ ਉਜੜਿਆ, ਕਿਸੇ ਨੇ ਆਪਣੇ ਭਰਾ ਲਈ ਆਹ ਮਾਰੀ ਤੇ ਤੁਸਾਂ ਉਹ ਦੀ ਜ਼ਬਾਨ ਹਲਕ ਵਿਚੋਂ ਖਿੱਚ ਲਈ। ਉਦੋਂ ਕਦੇ ਨਹੀਂ ਸੀ ਸੋਚਿਆ ਕਿ ਕਦੇ ਸਾਡੇ ਨਾਲ ਵੀ ਇਸ ਤਰ੍ਹਾਂ ਦਾ ਵੇਲਾ ਆ ਸਕਦਾ ਏ। ਕੀ ਹੋਇਆ ਜੇ ਪੰਜ ਸੌ ਸਿੱਖ ਮਰ ਗਏ। ਕਲ੍ਹ ਤੁਸੀਂ ਦੋ ਹਜ਼ਾਰ ਮੁਗਲ ਮਾਰ ਲੈਣੇ। ਜ਼ਿੰਦਗੀ ਤੇ ਮੌਤ ਦਾ ਖੇਲ ਏ, ਜੰਗੀ ਬਹਾਦਰ ਇਸ ਤਰ੍ਹਾਂ ਨਹੀਂ ਸੋਚਿਆ ਕਰਦੇ'',

ਬੰਦੇ ਬਹਾਦਰ ਨੇ ਦਇਆ ਸਿੰਘ ਨੂੰ ਸਮਝਾਇਆ।

—"ਗਲਤੀ ਨਾਲ ਜਾਣ ਬੁਝ ਕੇ ਮਰਵਾ ਲੈਣਾ ਇਹ ਨੀਤੀ ਨਹੀਂ। ਅਸੀਂ ਜੇ ਵੱਧ ਜਾਂਦੇ ਤਾਂ ਉਹ ਕਦੀ ਨਾ ਮਰਦੇ।" ਰਣ ਸਿੰਘ ਨੂੰ ਫੇਰ ਤੈਸ਼ ਆਈ।

—"ਮੰਨ ਲੋ ਜੇ ਤੁਹਾਡਾ ਇਹੋ ਖਿਆਲ ਠੀਕ ਹੋਵੇ, ਪਰ ਮੈਂ ਆਖਦਾ ਹਾਂ ਜੇ ਤੁਸੀਂ ਵੀ ਇਸ ਹੱਲੇ ਵਿਚ ਵਾ ਵਰੋਲੇ ਵਾਂਗ ਉੱਡ ਜਾਂਦੇ ਤਾਂ ਫੇਰ ਕਿਸ ਦੀ ਗਲਤੀ ਸੀ। ਰਾਜਗੁਰੂ ਨੇ ਪੰਜ ਸੌ ਸਿੰਘਾਂ ਦੀ ਮੌਤ ਨਾਲ ਸਰਹਿੰਦ ਦੀ ਜਿੱਤ ਦਾ ਸੌਦਾ ਕਰ ਲਿਆ ਏ।" ਬੰਦੇ ਬਹਾਦਰ ਨੇ ਅਸਰ ਭਰੀ ਤਜਵੀਜ਼ ਪੇਸ਼ ਕੀਤੀ।

—"ਮੈਦਾਨ ਵਿਚ ਪੈਰ ਧਰਨ ਵਾਲੇ ਸੂਰਮਿਆਂ ਦੇ ਮਨ ਵਿਚ ਕਈ ਉਮੰਗਾਂ ਹੁੰਦੀਆਂ ਹਨ, ਪਰ ਸੰਧਿਆ ਦਾ ਸੂਰਜ ਕਦੀ ਬੇ-ਲੱਛਣਾ ਥੰਮ੍ਹ ਵੀ ਬਣ ਜਾਂਦਾ ਹੈ। ਜੇ ਹੁਕਮਰਾਨੀ ਦਾ ਤਾਜ ਪਹਿਨਾਉਂਦਾ ਏ ਡੁੱਬਦਾ ਸੂਰਜ ਤਾਂ ਕਦੀ ਚਿਤਾ ਦੇ ਸ਼ੋਹਲੇ ਨਾਲ ਰੰਗ ਵੀ ਮੇਚਦਾ ਏ ਦਮ ਤੋੜਦਾ ਸੂਰਜ ਦਾ ਜਲਾਲ। ਸੂਰਮੇ ਦਾ ਕੰਮ ਏ ਲੜਣੇ। ਹਾਰ ਜਿੱਤ ਉਸ ਭਗਵਾਨ ਦੇ ਹੱਥ ਹੈ।" ਰਾਜ-ਗੁਰੂ ਬੋਲਿਆ।

—"ਜੇ ਤੁਸੀਂ ਇਕ ਹਜ਼ਾਰ ਹੋਰ ਬਹਾਦਰਾਂ ਦੀ ਅਹੂਤੀ ਦੇ ਕੇ ਸਰਹਿੰਦ ਫਤਹਿ ਕਰ ਲਓ ਤਾਂ ਇਹ ਸੌਦਾ ਖਸਾਰੇ ਦਾ ਨਹੀਂ। ਸਰਹਿੰਦ ਜਿੱਤਣ ਦਾ ਮਤਲਬ ਇਹ ਹੈ ਕਿ ਸਾਰੇ ਪੰਜਾਬ ਨੇ ਈਨ ਮੰਨ ਲਈ", ਬੰਦਾ ਬਹਾਦਰ ਆਖ ਰਿਹਾ ਸੀ।

—"ਲੋਹੇ ਦੇ ਚਣੇ ਚਬਾਣ ਵਾਲੇ ਦੋ ਧਾਰੀ ਤਲਵਾਰ ਤੇ ਭੰਗੜਾ ਪਾਣ ਲੱਗ ਜਾਣ, ਇਹ ਤੇ ਹੋ ਸਕਦਾ ਏ, ਪਰ ਸਰਹਿੰਦ ਦੀ ਸ਼ਾਹ ਰਗ ਤੇ ਬੈਠ ਕੇ ਉਹਦਾ ਲਹੂ ਪੀਣਾ ਨਾ-ਮੁਮਕਨ ਹੈ। ਹੁਣ ਇਹ ਸੋਚੋ ਕਿ ਸਰਹਿੰਦ ਕੌਣ ਜਿੱਤੇ, ਤੇ ਕਿਸ ਦੇ ਮੱਥੇ ਤੇ ਸਰਹਿੰਦ ਦੀ ਫਤਹਿ ਦਾ ਸਿਹਰਾ ਬੱਝੇ", ਆਲੀ ਸਿੰਘ ਬੋਲਿਆ।

—"ਜਦ ਤੀਕ ਸਰਹਿੰਦ ਲਈ ਪੂਰੀ ਤਾਕਤ ਤੇ ਅੰਦਰੂਨੀ ਸਾਜ਼ਸ਼ ਨਾ ਕੀਤੀ ਗਈ ਸਰਹਿੰਦ ਵੱਲ ਅੱਖ ਚੁਕਣੀ ਮੁਸ਼ਕਲ ਏ। ਵਜ਼ੀਰ ਖਾਂ ਉਹ ਨਾਗ ਹੈ ਜਿਹਦੀ ਵਰਮੀ ਧਤੂਰੇ ਦੇ ਲਾਗੇ ਹੈ ਤੇ ਉਹਦੇ ਡੰਗ ਨੂੰ ਜ਼ਹਿਰ ਦੀ ਪੁੱਠ ਲੱਗੀ ਹੋਈ ਏ", ਮਾਲੀ ਸਿੰਘ ਨੇ ਆਪਣੀ ਰਾਏ ਰੱਖੀ।

—"ਅੰਦਰੂਨੀ ਸਾਜ਼ਸ਼ ਕਰਨ ਵਿਚ ਕੌਣ ਕਾਮਯਾਬ ਹੋ ਸਕਦਾ ਏ" ਬਿਨੋਦ ਸਿੰਘ ਬੋਲਿਆ

—"ਮੈਂ ਜਾਂਦਾ ਹਾਂ", ਜਹਾਂਦਾਦ ਖਾਨ ਨੇ ਆਪਣੇ ਆਪ ਨੂੰ ਪੇਸ਼ ਕੀਤਾ।

—"ਤੇਰਾ ਵੇਲਾ ਲੰਘ ਗਿਆ, ਹੁਣ ਤੇਰੇ ਵਸ ਦੀ ਗੱਲ ਨਹੀਂ", ਕਾਨ੍ਹ ਸਿੰਘ ਦੀ ਆਵਾਜ਼ ਵਿਚ ਕੁੜੱਤਣ ਸੀ।

"ਪਹਿਲਾਂ ਤਾਂ ਕਿਲੇ ਦੇ ਅੰਦਰ ਜਾਣ ਵਾਲੀ ਗੱਲ ਏ। ਸਾਜ਼ਸ਼ ਤਾਂ ਅੰਦਰੋਂ ਹੋਣੀ ਏ।" ਬੰਦੇ ਬਹਾਦਰ ਨੇ ਫਰਮਾਇਆ।

ਸਾਰੇ ਚੁੱਪ ਸਨ, ਤੇ ਹਵਾਈਆਂ ਉੱਡੀਆਂ ਹੋਈਆਂ ਸਨ। ਸਾਰਿਆਂ ਦੇ ਚਿਹਰੇ ਬੁੱਤ ਬਣੇ ਇਕ ਦੂਜੇ ਦਾ ਮੂੰਹ ਤੱਕ ਰਹੇ ਸਨ।

ਮਜਬੂਰਨ ਦਬੀ ਆਵਾਜ਼ ਨੇ ਜੋਸ਼ ਦੇ ਰੂਪ ਵਿਚ ਪਰਵੇਸ਼ ਕੀਤਾ। "ਮੈਂ ਜਾਂਦਾ ਹਾਂ", ਬੰਦੇ ਬਹਾਦਰ ਨੇ ਆਖਿਆ।

—"ਸਰਹਿੰਦ ਤੇ ਖ਼ਬਰੇ ਜਿੱਤੀ ਜਾਣੀ ਏ ਕਿ ਨਾਂ, ਅਸੀਂ ਜਰਨੈਲ ਹੀ ਹੱਥੋਂ ਗੁਆ ਬਹੀਏ।" ਰਾਜਗੁਰੂ ਨੇ ਉੱਤਰ ਦਿੱਤਾ।

—"ਮੈਂ ਤੇ ਦਇਆ ਸਿੰਘ ਇਸ ਨੂੰ ਨੇਪਰੇ ਚੜ੍ਹਾਵਾਂਗੇ। ਮੇਰੀ ਵਜਾਹ ਨਾਲ ਪੰਜ ਸੌ ਸਿੰਘ ਗੋਲੀਆਂ ਦਾ ਨਿਸ਼ਾਨਾ ਬਣੇ ਹਨ, ਤੇ ਸਰਹਿੰਦ ਵੀ ਮੈਂ ਹੀ ਜਿਤਾਂਗਾ। ਜੇ ਸਰਹਿੰਦ ਜਿੱਤੀ ਗਈ ਤਾਂ ਰਾਜਗੁਰੂ ਮੁੜ ਆਣ ਰਲੇਗਾ ਨਹੀਂ ਤੇ ਲਾਸ਼ ਤੁਸਾਂ ਸਰਹਿੰਦ ਦੀ ਖਾਈ ਵਿਚੋਂ ਲੱਭ ਲੈਣੀ। ਮੇਰੇ ਪਿੱਛੋਂ ਮੇਰਾ ਕੰਮ ਬੰਦਾ ਸੰਭਾਲੇਗਾ। ਜਿੰਨਾਂ ਚਿਰ ਤੁਸੀਂ ਆਪਣੀ ਤਾਕਤ ਇਕੱਠੀ ਕਰੋ ਤੇ ਮੈਂ ਉਧਰ ਵਜ਼ੀਰ ਖਾਂ ਦੀ ਫੌਜ ਵਿਚ ਫੁੱਟ ਪਾਉਂਦਾ ਹਾਂ। ਘਬਰਾਓ ਨਾ ਮੈਂ ਛੇਤੀ ਮੁੜਾਂਗਾ। ਸਰਹਿੰਦ ਤੇ ਮੈਂ ਆਪਣੇ ਹੱਥਾਂ ਨਾਲ ਸਿੱਖ ਰਾਜ ਦਾ ਝੰਡਾ ਗਾਡਾਂਗਾ। ਜੈ ਅੰਬੀਕਾ, ਜੈ ਦੁਰਗਾ ਭਵਾਨੀ, ਜੈ ਸਿੱਖ ਰਾਜ", ਰਾਜਗੁਰੂ ਦੇ ਬੋਲ ਇਕ ਵਾਰ ਸਾਰੀ ਫੌਜ ਵਿਚ ਫੈਲ ਗਏ।

ਬੰਦੇ ਬਹਾਦਰ ਨੇ ਅੰਗੂਠਾ ਖੰਜਰ ਨਾਲ ਚੀਰ ਕੇ ਲਹੂ ਦਾ ਤਿਲਕ ਰਾਜਗੁਰੂ ਨੂੰ ਲਾਇਆ ਤੇ ਆਖਿਆ "ਰਾਜਗੁਰੂ ਜ਼ਿੰਦਾਬਾਦ" ਸਾਰਿਆਂ ਦੀਆਂ ਆਵਾਜ਼ਾਂ ਗੂੰਜ ਉੱਠੀਆਂ। ਰਾਜਗੁਰੂ ਜ਼ਿੰਦਾਬਾਦ।

—"ਕੌਣ ਜਿੱਤੇ ਸਰਹਿੰਦ। "ਰਾਜਗੁਰੂ" ਸਾਰਿਆਂ ਦੀਆਂ ਆਵਾਜ਼ਾਂ ਦਾ ਮਗਰ ਹੜ੍ਹ ਸੀ।

ਖਲੀਲ ਖਾਂ ਇਕ ਚੌਧਰੀ ਸੀ, ਉਸ ਦੇ ਅਧੀਨ 600 ਸਵਾਰ ਹੋਣਾ ਏਂ ਪਠਾਣ ਤੇ ਮੁਗ਼ਲ। ਖਲੀਲ ਖਾਂ ਪੱਕਾ ਮੁਸਲਮਾਨ ਸੀ। ਇਸਲਾਮ ਦੇ ਨਾਂ ਤੇ ਉਹ ਜਾਨ ਦਾ ਸੌਦਾ ਕਰ ਲੈਂਦਾ, ਪਰ ਹੁਣ ਭਾਵੇਂ ਉਸ ਦੇ ਸਾਹਮਣੇ ਇਸਲਾਮ ਦੇ ਨਾਂ ਦੇ ਢੋਲ ਵਜਾਈ ਜਾਉ ਉਹ ਕੰਨ ਵੀ ਨਾ ਧਰਦਾ। ਉਸ ਨੇ ਇਸ ਢੋਲ ਦੇ ਪੋਲ ਨੂੰ ਚੰਗੀ ਤਰ੍ਹਾਂ ਪਰਖ ਲਿਆ ਸੀ। ਝੂਠਾ ਅਡੰਬਰ ਅੱਡਕੇ ਭੋਲੇ ਭਾਲੇ ਮੁਸਲਮਾਨਾਂ ਨੂੰ ਗੁਮਰਾਹ ਕੀਤਾ ਜਾਂਦਾ ਸੀ। ਹਸਨ ਹੁਸੈਨ ਦਾ ਵਾਸਤਾ ਦੇਕੇ ਚੌਧਰੀ ਆਪਣਾ ਉਲੂ ਸਿੱਧਾ ਕਰ ਲੈਂਦੇ। ਗਰੀਬ ਸੀ ਮੁਸਲਮਾਨ ਪਰ ਚੌਧਰੀ ਨੂੰ ਕਾਫਰ ਵੀ ਆਖ ਦਿਉ ਤਾਂ ਸ਼ਬਦ ਦੀ ਤੌਹੀਨ ਸੀ। ਉਹ ਇਸ ਤੋਂ ਵੀ ਗਏ ਗੁਜ਼ਰੇ ਸਨ। ਉਹਨਾਂ ਦਾ ਕੋਈ ਦੀਨ ਈਮਾਨ ਨਹੀਂ ਸੀ। ਨਫ਼ਾ ਹੋਣਾ ਚਾਹੀਦਾ ਏ, ਚੌਧਰ ਬਣੀ ਰਹੇ, ਰਾਜ ਭਾਵੇਂ ਕਿਸੇ ਦਾ ਹੋਵੇ। ਚੰਗਾ ਚੋਖਾ ਖਾਣ ਪੀਣ ਨੂੰ ਮਿਲ ਜਾਵੇ ਚੰਡਾਲ ਚੌਂਕੜੀ ਜੁੜੀ ਰਹੇ, ਕੁੱਕੜ ਭੁੱਜਦੇ ਰਹਿਣ ਤੇ ਭੰਗੜੇ ਪੈਂਦੇ ਰਹਿਣ ਤੇ ਹਰਮਾਂ ਵਿਚ ਹਰ ਰਾਤ ਨੂੰ ਨਵੀਂ ਹੁਸੀਨਾ ਦਾ ਦੀਦਾਰ ਹੋ ਜਾਵੇ। ਬੱਸ, ਇਹ ਹੀ ਈਮਾਨ ਸੀ ਤੇ ਇਹੋ ਹੀ ਮਜ਼੍ਹਬ। ਚੌਹ ਪਾਸੀਂ ਮੌਤ ਗਰੀਬ ਦੀ ਸੀ। ਚਾਂਦੀ ਦੇ ਸਿੱਕੇ ਅਮੀਰਾਂ ਦਾ ਈਮਾਨ ਸਨ। ਖਲੀਲ ਖਾਂ ਲਈ ਈਮਾਨ ਸਿਰਫ ਦਿਲ ਦੀ ਤਸਕੀਨ ਸੀ। ਉਹ ਅੱਗਾ ਸੁਆਰਨ ਵਾਸਤੇ

ਰੋਜ਼ੇ ਰੱਖਦਾ ਤੇ ਨਮਾਜ਼ ਪੜ੍ਹਦਾ। ਉਸ ਨੂੰ ਕਿਸੇ ਮੌਲਵੀ ਤੇ ਯਕੀਨ ਨਹੀਂ ਸੀ ਤੇ ਨਾ ਹੀ ਉਹ ਕਿਸੇ ਮੁਲਾਣੇ ਤੇ ਈਮਾਨ ਧਰਦਾ। ਫਤਵਾ ਦੇਣ ਵਾਲਿਆਂ ਨਾਲ ਉਸ ਨੂੰ ਖੜੀ ਨਫਰਤ ਸੀ। ਉਹ ਜ਼ਾਹਰਾ ਬਾਤਨ ਇਕ ਚਾਹੁੰਦਾ ਸੀ। ਜ਼ੁਲਮ ਦੇ ਖਿਲਾਫ ਉਸ ਦਾ ਇਕੋ ਅਕੀਦਾ ਸੀ। ਹਰ ਇਨਸਾਨ ਖੁਦਾ ਦੀ ਕਾਇਆਨਾਤ ਵਿਚੋਂ ਹੈ। ਇਨਸਾਨ ਦੀ ਖਿਦਮਤ ਹਜੇ-ਅਕਬਰ ਹੈ। ਵਜ਼ੀਰ ਖਾਂ ਦੇ ਜ਼ੁਲਮ ਨੇ ਉਸ ਦੇ ਲੂੰ ਕੰਡੇ ਖੜੇ ਕਰ ਦਿੱਤੇ ਸਨ, ਪਰ ਉਹ ਮਜਬੂਰ ਸੀ। ਉਸ ਦੀ ਪੇਸ਼ ਨਹੀਂ ਸੀ ਜਾਂਦੀ। ਨਗਾਰਖਾਨੇ ਵਿਚ ਤੂਤੀ ਦੀ ਆਵਾਜ਼ ਕੌਣ ਸੁਣਦਾ ਹੈ। ਇਕ ਦਿਨ ਤਰਕਾਲਾਂ ਦੀ ਹਨੇਰੀ ਘੁਪ ਚੁੰਨੀ ਨੇ ਸਾਰੀ ਸਰਹਿੰਦ ਨੂੰ ਆਪਣੀ ਬੁਕਲ ਵਿਚ ਲਿਆ ਹੋਇਆ ਸੀ। ਵੱਡੇ ਫਾਟਕ ਦੇ ਪਛਵਾੜੇ ਛੋਟੇ ਜਿਹੇ ਗੁਪਤ ਦਰਵਾਜ਼ੇ ਦੀ ਝੁਰਨੀ ਜਿਹੀ ਵਿਚੋਂ ਉਹ ਨੱਸ ਉੱਠਿਆ ਤੇ ਉਸ ਸਮੇਂ ਪਤਾ ਲੱਗਾ ਜਦ ਉਹ ਸਿੱਖਾਂ ਦੇ ਪਾਸ ਪੁੱਜ ਚੁੱਕਾ ਸੀ। ਪਹਿਲਾਂ ਤਾਂ ਸਿੱਖ ਟਾਕਰੇ ਲਈ ਤਿਆਰ ਹੋ ਪਏ, ਪਰ ਰਾਜਗੁਰੂ ਦਾ ਦੱਸਿਆ ਇਸ਼ਾਰਾ ਵੇਲੇ ਸਿਰ ਕੰਮ ਆਇਆ। ਸਰਦਾਰ ਵੀ ਚੁੱਪ ਸਨ ਤੇ ਖਲੀਲ ਖਾਂ ਨੂੰ ਬੰਦੇ ਦੇ ਹਜ਼ੂਰ ਵਿਚ ਹਾਜ਼ਰ ਕੀਤਾ ਗਿਆ।

—"ਬਹਾਦਰ ਕਿੱਥੋਂ ਦੇ ਵਸਨੀਕ ਹਨ।" ਬੰਦੇ ਬਹਾਦਰ ਨੇ ਸੁਆਲ ਕੀਤਾ।

—"ਸਰਹਿੰਦ ਦੇ", ਖਲੀਲ ਖਾਂ ਦੇ ਉੱਤਰ ਨੇ ਭਰੀ ਸਭਾ ਵਿਚ ਇਕ ਸਨਾਟਾ ਜਿਹਾ ਪੈਦਾ ਕਰ ਦਿੱਤਾ।

—"ਇਥੇ ਆਉਣ ਦਾ ਕਾਰਨ" ਬੰਦੇ ਦਾ ਸੁਆਲ ਸੀ।

—"ਜ਼ਾਲਮ ਦੇ ਖਿਲਾਫ ਆਵਾਜ਼ ਬੁਲੰਦ ਕਰਨਾ।" ਖਲੀਲ ਖਾਂ ਦੀ ਆਵਾਜ਼ ਗੂੰਜੀ।

—"ਭਰਾ ਦੀ ਗਰਦਨ ਤੇ ਖੁੰਢੀ ਛੁਰੀ ਦਾ ਵਾਰ। ਇਹ ਮਜ਼ਹਬ ਤੇ ਨਹੀਂ ਸਿਖਾਂਦਾ," ਖਾਨ ਬਹਾਦਰ ਆਖ ਰਿਹਾ ਸੀ।

—"ਮੈਂ ਸਮਝਦਾ ਹਾਂ ਕਿ ਇਹ ਜੰਗ ਸਿੱਖਾਂ ਤੇ ਮੁਸਲਮਾਨਾਂ ਦੀ ਜੰਗ ਨਹੀਂ, ਜ਼ਾਲਮ ਤੇ ਮਜ਼ਲੂਮ ਦੀ ਜੰਗ ਏ। ਸਿੱਖ ਤੋਂ ਮੇਰੀ ਮੁਰਾਦ, ਹਿੰਦੂ ਤੋਂ ਵੀ ਏ। ਬਹੁਤੇ ਦੁਖੀ ਹਨ ਹਿੰਦੂ ਤੇ ਉਨ੍ਹਾਂ ਨੇ ਆਪਣੀ ਲੋਈ ਲਾਹ ਲਈ ਏ, ਉਹ ਹੁਣ ਸੀ ਵੀ ਨਹੀਂ ਕਰਦੇ। ਉਨ੍ਹਾਂ ਦਾ ਮੱਚ ਮਾਰਿਆ ਗਿਆ ਹੈ। ਸਿੱਖ ਘਰ ਬਾਰ ਤਿਆਗ ਬੈਠਾ ਏ ਤੇ ਨਵਾਂ ਨਵਾਂ ਸੂਰਬੀਰ ਬਣਿਆ ਹੈ। ਉਹ ਬਰਦਾਸ਼ਤ ਨਹੀਂ ਕਰਦਾ। ਇਸ ਲਈ ਇਹ ਜੰਗ ਸਿੱਖਾਂ ਤੇ ਮੁਸਲਮਾਨਾਂ ਦੀ ਆਮ ਲੋਕਾਂ ਵਾਸਤੇ ਨਜ਼ਰ ਆਉਂਦੀ ਏ। ਮੈਂ ਇਸ ਤਰ੍ਹਾਂ ਨਹੀਂ ਸਮਝਦਾ" ਖਲੀਲ ਖਾਂ ਆਖ ਰਿਹਾ ਸੀ।

—"ਜੇ ਅਸੀਂ ਇਸ ਲਈ ਤੈਨੂੰ ਗ੍ਰਿਫਤਾਰ ਕਰ ਲਈਏ ਕਿ ਤੂੰ ਮੁਗਲ ਏਂ ਤੇ ਫੇਰ ਕੀ। ਅੱਗੇ ਸਾਡੇ ਨਾਲ ਵਿਸ਼ਵਾਸਘਾਤ ਹੋਇਆ ਹੈ। ਜੇ ਵੇਲੇ ਸਿਰ ਪਤਾ ਨਾ ਲੱਗਦਾ, ਤਾਂ ਸਾਡੇ ਵਾਲੀ ਸਰਦਾਰੀ ਦਾ ਘੁਗੂ ਬੋਲ ਜਾਂਦਾ। ਹੁਣ ਅਸੀਂ ਹਰ ਮੁਗਲ ਤੇ ਇਤਬਾਰ ਨਹੀਂ ਕਰ ਸਕਦੇ। ਅੱਗ ਦਾ ਡਰਿਆ ਟਟੈਣੇ ਤੋਂ ਵੀ ਡਰਦਾ ਏ। ਦੁੱਧ ਦਾ ਸੜਿਆ ਕੱਚੇ ਦੁੱਧ ਨੂੰ ਫੂਕਾਂ ਮਾਰਦਾ ਏ। ਸਾਨੂੰ ਸਾਡੀ ਸਭਾ ਵਿਚ ਤੇਰੇ ਜ਼ਾਮਨ ਦੀ ਲੋੜ ਏ।" ਬੰਦੇ ਬਹਾਦਰ ਨੇ ਫਰਮਾਨ ਦੇ ਅੰਦਾਜ਼ ਵਿਚ ਆਖਿਆ।"

—ਨਸੀਰਉਲਦੀਨ ਤੇ ਜਹਾਂਦਾਦ ਖਾਂ ਵੀ ਤੇ ਮੁਗਲ ਹਨ, ਉਹ ਮੈਨੂੰ ਜਾਣਦੇ ਹਨ ਕਿ ਮੈਂ ਆਪਣੇ ਵਹਿਦੇ ਦਾ ਕਿੰਨਾ ਕੁ ਪੱਕਾ ਹਾਂ। ਕਿਸਮਤ ਸੜ ਗਈ ਜਿਹੜਾ ਮੈਂ ਵਜ਼ੀਰ ਖਾਂ ਦੇ ਪੱਲੇ ਪੈ ਗਿਆ। ਬਹਾਦਰ ਸ਼ਾਹ ਨੇ ਸਾਡੀਆਂ ਜੱਦਾਂ ਗਾਲ ਦਿੱਤੀਆਂ, ਕਲੰਕ ਲਾ ਦਿੱਤਾ ਸਾਡੀ ਕੁਲ ਨੂੰ। ਚਿੱਕੜ ਵਿਚ ਇੱਟ ਮਾਰਿਆਂ ਆਪਣੇ ਤੇ ਹੀ ਛਿੱਟਾਂ ਪੈਂਦੀਆਂ ਹਨ। ਇਕ ਮੱਛੀ ਸ਼ੀਸ਼ੇ ਵਰਗੇ ਜਲ ਨੂੰ ਗੰਦਾ ਕਰਕੇ ਰੱਖ ਦਿੰਦੀ ਹੈ। ਇਸ ਕਮੀਨੇ ਨੇ ਮੁਸਲਮਾਨ ਕੌਮ ਦਾ ਸਿਰ ਨੀਵਾਂ ਕਰ ਦਿੱਤਾ। ਇਸ ਵਿਚ ਬਾਦਸ਼ਾਹ ਦਾ ਹੱਥ ਨਹੀਂ, ਉਹ ਕੁੱਝ ਜਾਣਦਾ ਵੀ ਨਹੀਂ। ਵਜ਼ੀਰ ਖਾਂ ਨੀਚ ਏ, ਉਸ ਮੁਸਲਮਾਨ ਨਾਲ ਵੀ ਘੱਟ ਨਹੀਂ ਕੀਤੀ। ਤੁਹਾਨੂੰ ਕੀ ਪਤਾ ਹੋਵੇ, ਉਸ ਦੇ ਪੁੱਤਰ ਨੇ ਮੇਰੀ ਭੈਣ ਦੀ ਧੀ ਦੀ ਭਰੇ ਬਾਜ਼ਾਰ ਵਿਚ ਬਾਂਹ ਫੜ ਲਈ। ਨਕਾਹ ਕਰ ਲੈਂਦਾ ਤਾਂ ਮੈਨੂੰ ਕੋਈ ਦੁੱਖ ਨਹੀਂ ਸੀ, ਪਰ ਉੱਥੇ ਤਾਂ ਇਕ ਰਾਤ ਦਾ ਸੁਹਾਗ ਹੁੰਦਾ ਹੈ ਤੇ ਦੂਜੇ ਦਿਨ ਮੁਨਸ਼ੀ ਮਸੱਦੀ ਉਸ ਦੇ ਖਾਵਿੰਦ ਬਣ ਜਾਂਦੇ ਹਨ। ਅਵਾਰਾ ਔਰਤਾਂ ਸ਼ਾਹੀ ਹਰਮ ਦੀਆਂ ਲੌਂਡੀਆਂ ਹਨ। ਇਹ ਕੀ ਅਜੇ ਤੁਸਾਂ ਸਰਹਿੰਦ ਤੋਂ ਬਾਹਰ ਦੀਆਂ ਗੱਲਾਂ ਸੁਣੀਆਂ ਹਨ। ਅੰਦਰ ਨਹੀਂ ਫੋਲਿਆ। ਝੱਗਾ ਚੁਕਿਆਂ ਆਪਣਾ ਹੀ ਢਿੱਡ ਨੰਗਾ ਹੁੰਦਾ ਹੈ। ਸਹਿਬਜ਼ਾਦਿਆਂ ਲਈ ਖਾਸ ਕਿਸਮ ਦੀਆਂ ਔਰਤਾਂ ਦੀ ਪਰਵਰਸ਼ ਕੀਤੀ ਜਾਂਦੀ ਹੈ। ਸ਼ਾਹੀ ਹਰਮ ਵਿਚ ਖੂਬਸੂਰਤ ਮੁਟਿਆਰਾਂ ਦਾ ਚੰਗਾ ਚਿੜੀਆ ਘਰ ਹੈ ਤੇ ਉਸ ਦੇ ਵਿਚ ਜਵਾਨ ਮਰਦ ਛੱਡੇ ਜਾਂਦੇ ਹਨ ਦੋਵਾਂ ਲੁਤਫਿਆਂ ਵਿਚੋਂ ਜਿਹੜੀ ਔਲਾਦ ਜਨਮ ਲੈਂਦੀ ਏ, ਸ਼ਾਹੀ ਖਰਚ ਤੇ ਉਸ ਦੀ ਪਰਵਰਸ਼ ਕੀਤੀ ਜਾਂਦੀ ਹੈ। ਉਹ ਬਾਂਦੀਆਂ ਦੇ ਰੂਪ ਵਿਚ ਹਰਮ ਵਿਚ ਪ੍ਰਵੇਸ਼ ਕਰਦੀਆਂ ਹਨ। ਇਹ ਤੇ ਅਖਲਾਕ ਏ! ਬਾਹਰ ਢੰਡੋਰੇ ਪਿੱਟੇ ਜਾਂਦੇ ਹਨ ਪੰਜ ਵਕਤ ਨਮਾਜ਼ ਦੇ। ਹੱਥ ਵਿਚ ਤਸਬੀ, ਤੇ ਮਹਿੰਦੀ ਰੰਗੀ ਦਾਹੜੀ ਥੱਲੇ ਸਾਰੇ ਗੁਨਾਹ ਛੁੱਪ ਜਾਂਦੇ ਹਨ। ਇਹ ਨਮਾਜ਼ ਏ। ਮੈਂ ਖੁਦਾ ਪਾਕ ਦੀ ਕਸਮ ਖਾਂਦਾ ਹਾਂ ਕਿ ਮੈਂ ਉਸ ਦੇ ਖ਼ਲਾਫ ਤਲਵਾਰ ਚੁੱਕਾਂਗਾ! ਮੇਰਾ ਦਿਲ ਤੇ ਉਸ ਖ਼ੁਦਾ ਤੋਂ ਬਗੈਰ ਹੋਰ ਮੇਰਾ ਕੋਈ ਜ਼ਾਮਨ ਨਹੀਂ। ਮੈਂ ਸਭ ਤੋਂ ਪਹਿਲਾਂ ਵਜ਼ੀਰ ਖਾਂ ਦੇ ਖ਼ਲਾਫ ਆਪਣੀ ਤਲਵਾਰ ਚੁੱਕਾਂਗਾ।'' ਖਲੀਲ ਖਾਂ ਦੀਆਂ ਅੱਖਾਂ ਵਿਚ ਅਥਰੂ ਆ ਗਏ।

—''ਹਲੀਫ਼ ਉਲਾ'' ਜਹਾਂਦਾਦ ਖਾਂ ਨੇ ਅੱਗੇ ਵਧ ਕੇ ਆਖਿਆ।

—''ਪ੍ਰਵਾਹ ਨਹੀਂ, ਮੈਂ ਜਾਣਦਾ ਹਾਂ। ਖਲੀਲ ਖਾਂ ਨੂੰ ਇਹ ਜ਼ਬਾਨ ਦਾ ਧਨੀ ਪੱਕਾ ਮੁਸਲਮਾਨ ਏ।''

—''ਚਲੋ, ਜ਼ਹਿਰ ਗੁੜ ਦੇ ਲਾਲਚ ਨਾਲ ਖਾਣਾ ਵੀ ਪੈ ਗਿਆ ਤਾਂ ਅਲਹਮਦ ਲਿੱਲਾ ਖਲੀਲ ਖਾਂ ਸਾਡੇ ਵਿਚ ਬੈਠਾ ਸੋਹਣਾ ਲੱਗੇਗਾ।'' ਬਹਾਦਰ ਜਰਨੈਲ ਜਹਾਂਦਾਦ ਖਾਂ ਦੀ ਆਵਾਜ਼ ਗੂੰਜੀ।

ਬੰਦੇ ਬਹਾਦਰ ਨੇ ਖਲੀਲ ਖਾਂ ਦੇ ਮੋਢੇ ਤੇ ਹੱਥ ਰੱਖਦਿਆਂ ਕੁੱਝ ਆਖਣਾ ਚਾਹਿਆ ਪਰ ਨਾਲ ਹੀ ਆਵਾਜ਼ਾਂ ਗੂੰਜ ਉੱਠੀਆਂ ''ਖਲੀਲ ਖਾਂ ਜ਼ਿੰਦਾਬਾਦ।''

—''ਲਓ ਭਈ ਐਸ ਦਸਤੇ ਦਾ ਸਰਦਾਰ ਅੱਜ ਤੋਂ ਖਲੀਲ ਖਾਂ ਹੋਇਆ।'' ਬੰਦਾ

ਬਹਾਦਰ ਦੀ ਆਵਾਜ਼ ਸੀ। ਸਾਰਿਆਂ ਝੁੱਕ ਕੇ ਸਲਾਮੀ ਦਿੱਤੀ। ''ਸਰਹਿੰਦ ਵਿਚ ਸਾਡੇ ਕਿਸੇ ਆਦਮੀ ਦਾ ਪਤਾ ਲੱਗਾ ਈ।'' ਬੰਦੇ ਬਹਾਦਰ ਨੇ ਖੋਜ ਭਰਿਆ ਸੁਆਲ ਕੀਤਾ।

—''ਹਾਂ ਇਕ ਸਾਨੀ ਕਬੂਤਰਾਂ ਵਾਲਾ ਵੇਖਿਆ ਸੀ। ਗੁਟਕੂੰ, ਗੁਟਕੂੰ ਕਰਦੇ ਕਬੂਤਰ ਵੀ ਉਸਦੇ ਇਸ਼ਾਰਿਆਂ ਤੇ ਚਲਦੇ ਹਨ। ਮੇਰੀ ਤਾੜ ਵਿਚ ਉਹ ਆਪ ਦਾ ਆਦਮੀ ਜਾਪਦਾ ਸੀ, ਪਰ ਉਸ ਨੂੰ ਕੋਈ ਪਹਿਚਾਨ ਨਹੀਂ ਸਕਦਾ। ਬੜਾ ਆਲਮ ਏ ਅਰਬੀ ਤੇ ਫ਼ਾਰਸੀ ਦਾ। ਮੇਰੀ ਐਵੇਂ ਥੋੜ੍ਹੀ ਜਿਹੀ ਗਲਬਾਤ ਹੋਈ ਸੀ ਕਿ ਉੱਤੋਂ ਸ਼ਾਹੀ ਸਿਪਾਹੀ ਆ ਗਏ ਇਕ ਮੁੰਡਾ ਜਿਹਾ ਜਿਹੜਾ ਵਜ਼ੀਰ ਖਾਂ ਨੇ ਫੜ ਕੇ ਖੜਿਆ ਸੀ, ਜੀਊਣਾ ਆਖਦੇ ਹਨ ਉਸ ਨੂੰ, ਉਸ ਦੀ ਤੇ ਮਾਰ ਮਾਰ ਕੇ ਛੌਖੀ ਲਾਹ ਦਿੱਤੀ ਏ। ਉਸ ਦੇ ਪੈਰਾਂ ਦੀਆਂ ਤਲੀਆਂ ਬੈਂਤ ਮਾਰ ਮਾਰ ਕੇ ਦੋ ਦੋ ਉਂਗਲਾਂ ਸੁਜਾ ਦਿੱਤੀਆਂ ਹਨ। ਖਲੋਤਾ ਨਹੀਂ ਜਾਂਦਾ ਉਸ ਪਾਸੋਂ ਤੇ ਉਹ ਚੱਲ ਨਹੀਂ ਸਕਦਾ। ਸ਼ਰੇ ਆਮ ਸਜ਼ਾ ਦਿੱਤੀ ਏ। ਮੂੰਹ ਵਿਚ ਉਂਗਲਾਂ ਪਾਉਂਦੇ ਹਨ ਸਰਹਿੰਦ ਦੇ ਲੋਕ। ਹੁਣ ਉਹ ਕੈਦਖਾਨੇ ਵਿਚ ਏ। ਜਿਥੋਂ ਤੱਕ ਮੈਨੂੰ ਪਤਾ ਲੱਗਾ ਏ, ਉਸ ਕੈਦ ਵਿਚ ਬਗਾਵਤ ਕਰਾ ਦਿੱਤੀ ਏ। ਕੈਦੀ ਮਚਲ ਉਠੇ ਹਨ ਹੱਥ ਕੜੀਆਂ ਤੋੜਨ ਵਾਸਤੇ। ਦੀਵਾਰਾਂ ਦੇ ਅੰਦਰ ਇਕ ਤੂਫ਼ਾਨ ਜਨਮ ਲੈ ਰਿਹਾ ਹੈ। ਪਹਿਰੇਦਾਰਾਂ ਨੂੰ ਆਪਣੇ ਨਾਲ ਵੀ ਗੰਢ ਲਿਆ ਹੈ ਪਹਿਲਾ ਮੇਰੀ ਮਰਜ਼ੀ ਉਸ ਨਾਲ ਅੰਦਰੋਂ ਬਗਾਵਤ ਕਰਨ ਦੀ ਸੀ। ਪਰ ਮੈਂ ਇਸ ਨੂੰ ਚੰਗਾ ਨਾ ਸਮਝਿਆ ਤੇ ਇੱਥੇ ਆ ਗਿਆ।'' ਖਲੀਲ ਖਾਂ ਬੋਲ ਰਿਹਾ ਸੀ।

—''ਔਹ ਕਬੂਤਰ ਕਿਸ ਦਾ ਏ।'' ਬੰਦੇ ਬਹਾਦਰ ਨੇ ਉੱਤੇ ਨਜ਼ਰ ਮਾਰਦਿਆਂ ਆਖਿਆ।

ਝੱਟ ਇਕ ਤੀਰ ਵਜਾ ਤੇ ਕਬੂਤਰ ਡਿਗ ਪਿਆ। ਅਜੇ ਕਬੂਤਰ ਜ਼ਮੀਨ ਵੱਲ ਆ ਹੀ ਰਿਹਾ ਸੀ ਕੀ ਯਕਦਮ ਇਕ ਬਾਜ਼ ਪਿਆ ਤੇ ਉਸ ਨੂੰ ਬੋਚ ਲਿਆ ਤੇ ਉਹ ਬਾਜ਼ ਸਵੇਰੇ ਵੱਲ ਉਡਦਾ ਆਪਣੇ ਸਿਰ ਤੋਂ ਲੰਘਿਆ। ਬੰਦੇ ਬਹਾਦਰ ਨੇ ਤੀਰ ਦਾ ਨਿਸ਼ਾਨਾ ਬੰਨ੍ਹ ਕੇ ਮਾਰਿਆ। ਸਣੇ ਕਬੂਤਰ ਤੇ ਬਾਜ਼ ਜ਼ਮੀਨ ਤੇ ਆਣ ਡਿੱਗੇ। ਬੰਦੇ ਨੇ ਉਸ ਦੇ ਪੈਰਾਂ ਦੀ ਝਾਂਜਰਾਂ ਵਿਚੋਂ ਇਕ ਰੁੱਕਾ ਕੱਢਿਆ। ਰੁੱਕਾ ਇਹ ਸੀ।

—''ਹਮਲੇ ਲਈ ਤਿਆਰ ਰਹੋ। ਸ਼ਬਖੂਨ ਮਾਰੋ। ਮੁਗਲ ਐਸ਼ ਵਿਚ ਜੁਟੇ ਹੋਏ ਹਨ। ਫ਼ਤਹਿ ਦੇ ਜਸ਼ਨ ਮਨਾਏ ਜਾ ਰਹੇ ਹਨ। ਸਿੱਖਾਂ ਦੇ ਨਿਵ ਜਾਣ ਦੇ ਚਰਚੇ ਹਰ ਇਕ ਦੀ ਜ਼ਬਾਨ ਤੇ ਗੂੰਜਦੇ ਸੁਣਾਈ ਦੇਂਦੇ ਹਨ। ਸ਼ਬਖੂਨ ਪਰਸੋਂ ਮਾਰਿਆ ਜਾਵੇ। ਜੀਵਨ ਸਿੰਘ ਦੀ ਜੇ ਚਾਲ ਕਾਰਗਰ ਹੋ ਗਈ ਤਾਂ ਅਸੀਂ ਤੁਹਾਡੇ ਆਉਣ ਤੋਂ ਪਹਿਲਾਂ ਹੀ ਅਸੀਂ ਸਰਹਿੰਦ ਦੇ ਨੱਕ ਵਿਚ ਨਕੇਲ ਪਾ ਲਵਾਂਗੇ। ਪਿਛਲੇ ਦੋ ਫਾਟਕ ਆਪ ਨੂੰ ਖੁਲ੍ਹੇ ਮਿਲਣਗੇ। ਕਬੂਤਰ ਉੱਡਣ ਤਾਂ ਤੁਸੀਂ ਸਮਝਿਓ ਕਿ ਦਰਵਾਜ਼ੇ ਦੇ ਕੁੰਡੇ ਟੁੱਟ ਗਏ। ''ਜੈ ਪੰਜਾਬ।''

—ਰਾਜ ਗੁਰੂ

ਕੌਣ ਹਨ, ਬੜੀ ਧੂੜ ਉੱਡਦੀ ਏ। ਦੇਗ ਤੇਗ ਫਤਹਿ। ਇਕ ਦਮ ਜੈਕਾਰਾ ਗੂੰਜਿਆ।

(ਹੈਰਾਨੀ ਵਿਚ) ਮਾਝੇ ਦਾ ਜੱਥਾ। ਤੁਹਾਨੂੰ ਤੇ ਖਿਜ਼ਰ ਖਾਂ ਨੇ ਡਕਿਆ ਹੋਇਆ ਸੀ। ਤੁਸੀਂ

ਕਿਸ ਤਰਾਂ ਪੁੱਜ ਗਏ । ਵੇਖਦਿਆਂ ਵੇਖਦਿਆਂ ਇਕ ਹਜ਼ਾਰ ਆਦਮੀਆਂ ਘੇਰਾ ਪਾ ਲਿਆ ।

ਇਕ ਬੋਲਿਆ :—ਭਾਵੇਂ ਸਾਡਾ ਖਿਜ਼ਰ ਖਾਂ ਵਲੀ ਮੁਹੰਮਦ ਤੇ ਸ਼ੇਰ ਮੁਹੰਮਦ ਖਾਂ ਨੇ ਕਾਫੀਆ ਤੰਗ ਕਰ ਦਿੱਤਾ ਸੀ ਪਰ ਸਾਡਾ ਵੀ ਅਜਿਹਾ ਦਾਅ ਫੁਰਿਆ ਕਿ ਸਾਰੇ ਆਦਮੀ ਅੱਗੇ ਲੱਗ ਕੇ ਨੱਸ ਉਠੇ । ਉਹ ਸਾਰੇ ਦੇ ਸਾਰੇ ਸਿੱਖ ਸਨ । ਰਾਹ ਖਾਲੀ ਹੋ ਗਿਆ । ਖ੍ਵਾਜਾ ਖਿਜ਼ਰ ਖਾਂ ਦੀ ਚੱਪਾ ਹਿੱਕ ਵੱਧ ਗਈ ਤੇ ਉਹ ਜੋਸ਼ ਵਿਚ ਹੀ ਅੱਗੇ ਵੱਧ ਪਿਆ । ਅਸਾਂ ਘੇਰਾ ਪਾ ਲਿਆ ਤੇ ਚੰਗੀ ਖੁੱਭ ਠੱਪੀ । ਤਲਵਾਰਾਂ ਸਵਾਹਰੀਆਂ ਹੋ ਕੇ ਨੱਚੀਆਂ । ਖੂਨ ਦਾ ਭਾਅ ਪੁੱਛਦੇ ਪੁੱਛਦੇ ਆਪਣੇ ਹੀ ਲਹੂ ਦਾ ਮੁੱਲ ਕਰ ਬੈਠੇ । ਵਲੀ ਮੁਹੰਮਦ ਖਾਂ ਤੇ ਨੁਸਰਤ ਖਾਂ ਮੌਤ ਦੀ ਦਾਹੜ ਥੱਲੇ ਆ ਗਏ ਤੇ ਚਿੱਥ ਲਿਆ ਮਲਕੁਲ ਮੌਤ ਦੇ ਫ਼ਰਿਸ਼ਤੇ ਨੇ ਦੋਵਾਂ ਵਰਗੇ ਜੁਆਨਾਂ ਨੂੰ । ਸ਼ੇਰ ਮੁਹੰਮਦ ਖਾਂ ਆਪਣੇ ਜ਼ਖਮੀ ਭਰਾਵਾਂ ਦੀਆਂ ਲੋਥਾਂ ਲੈ ਕੇ ਮਰਦੇ ਮਰਦੇ ਨੇ ਆਪਣੀ ਜਾਨ ਬਚਾਈ । ਇਸੇ ਹੀ ਦਬਦਬੇ ਵਿਚ ਅਸੀਂ ਸਰਹਿੰਦ ਪੁੱਜ ਗਏ ਹਾਂ ਤੇ ਉਹ ਸਰਹਿੰਦ ਦੀ ਗੜ੍ਹੀ ਵਿਚ ਜਾ ਵੜਿਆ ਏ ।

ਸਿੰਘਾਂ ਦੋ ਪਾਸਿਆਂ ਤੋਂ ਸਰਹਿੰਦ ਨੂੰ ਘੇਰੇ ਵਿਚ ਲੈ ਲਿਆ । ਦੂਰ ਦੂਰ ਸਿੱਖਾਂ ਦੀਆਂ ਢਾਣੀਆਂ ਸਨ । ਇਨੀ ਦੂਰ ਜਿਥੋਂ ਤੱਕ ਕਿ ਨਜ਼ਰ ਨੇ ਤਾਂ ਕੀ ਕੰਮ ਕਰਨਾ ਸੀ ਦੂਰਬੀਨ ਵੀ ਕੋਈ ਖੋਹਣ ਨਹੀਂ ਸੀ ਖੋਂਹਦੀ । ਸਾਹਮਣੇ ਮੁੱਖ ਦਵਾਰ ਜਿਥੇ ਮੁਗਲਾਂ ਦਾ ਜ਼ੋਰ ਸੀ ਉਨ੍ਹਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਸਿੱਖ ਫੌਜ ਸਾਹਮਣੇ ਮੋਰਚਾ ਲਾਈ ਬੈਠੀ ਸੀ । ਕਦੀ ਕਦੀ ਗੋਲੇ ਵੀ ਛੱਡਦੇ । ਕਦੀ ਪਹਿਲ ਸਿੰਘਾਂ ਵੱਲੋਂ ਹੁੰਦੀ ਤੇ ਕਦੀ ਮੁਗਲ ਮੋਹਰੀ ਹੁੰਦੇ । ਇਸੇ ਤਰ੍ਹਾਂ ਦਿਨ ਲੰਘ ਗਏ, ਤੇ ਕਈ ਰਾਤਾਂ ਵੀ । ਸ਼ਾਮਾਂ ਦਾ ਪਹਿਰਾ ਇਸੇ ਜਵਾਂ-ਮਰਦੀ ਵਿਚ ਲੰਘਦਾ ਗਿਆ । ਇਕ ਰਾਤ ਸਾਰੇ ਕਿਲੇ ਵਿਚ ਮਸ਼ਹੂਰ ਹੋ ਚੁੱਕਾ ਸੀ ਕਿ ਸਿੱਖ ਭਜ ਗਏ ਹਨ । ਰਹਿੰਦ ਖੂੰਹਦ ਮੋਰਚਿਆਂ ਵਿਚ ਲੁਕੇ ਹੋਏ ਹਨ । ਦਿਨ ਚੜ੍ਹਦੇ ਨਾਲ ਉਨ੍ਹਾਂ ਮਗਰ ਵਾਹਰ ਲਾ ਦਿੱਤੀ ਜਾਵੇ । ਫਿਰ ਇਹ ਆਪਣੀ ਜ਼ਿੰਦਗੀ ਵਿਚ ਇਧਰ ਮੂੰਹ ਨਹੀਂ ਕਰਨ ਲੱਗੇ । ਇਨ੍ਹਾਂ ਸਿੱਖਾਂ ਦੀ ਅਗਾੜ ਹੁੰਦੀ ਏ, ਪਛਾੜ ਨਹੀਂ । ਇਹ ਭਜਦਿਆਂ ਦੇ ਮੋਹਰੀ ਤੇ ਆਉਂਦਿਆਂ ਦੇ ਅੱਗੇ ਹੁੰਦੇ ਹਨ । ਕੋਈ ਸ਼ਰਾਬ ਦੇ ਨਸ਼ੇ ਵਿਚ ਆਖਦਾ ਤੇ ਕੋਈ ਜੁਆਨੀ ਦੇ ਖੁਮਾਰ ਵਿਚ । ਗੱਲ ਕੀ, ਸਾਰੀ ਸਰਹਿੰਦ ਨਸ਼ੇ ਦੀ ਘੋੜੀ ਤੇ ਸਵਾਰ ਸੀ । ਚੋਰ ਦਰਵਾਜ਼ੇ ਵੱਲੋਂ ਕੋਈ ਇਸ਼ਾਰਾ ਨਹੀਂ ਹੋਇਆ ਤੇ ਨਾ ਹੀ ਮਸ਼ਾਲ ਦੀ ਲਾਟ ਹੀ ਉਠੀ । ਰਾਤ ਦਾ ਤਾਂ ਲੱਕ ਟੁਟਣ ਵਾਲਾ ਏ । "ਸਰਦਾਰੇ ਆਜ਼ਮ" ਖਲੀਲ ਨੇ ਆਖਿਆ ।

—"ਜਾਂ ਰਾਜਗੁਰੂ ਦੀ ਸਾਜ਼ਸ਼ ਪਕੜੀ ਗਈ ਏ ਜਾਂ ਜੀਵਨ ਸਿੰਘ ਨੂੰ ਮਾਰ ਦਿੱਤਾ ਏ । ਜੇ ਇਹ ਵੀ ਨਹੀਂ ਹੋਇਆ ਤਾਂ ਬੇਗਮਾਂ ਤੇ ਹੁਸੈਨੀ ਦੇ ਹੱਥਾਂ ਵਿਚੋਂ ਸੁਰਾਹੀਆਂ ਡੋਲੀਆਂ ਨਹੀਂ ਹੋਈਆਂ । ਕਰਾਮਤ ਅਲੀ ਦੀਆਂ ਅੱਖਾਂ ਦੀਆਂ ਪੁਤਲੀਆਂ ਵਿਚ ਸਰੂਰ ਨਹੀਂ ਛਲਕਿਆ । ਇਨ੍ਹਾਂ ਧਾਰੀਆਂ ਨੂੰ ਢਹਿਣ ਦਿਓ ਤੇ ਫਿਰ ਵੇਖਣਾ ਸਾਂਈਂ ਕਬੂਤਰਾਂ ਵਾਲੇ ਦੇ ਹੱਥਾਂ ਵੱਲ । ਹਸਰਤਾਂ ਦਬੀਆਂ ਹੋਈਆਂ ਤੇ ਚਾਅ ਮਚਲ ਰਹੇ ਹਨ । ਵੇਲੇ ਦੀ ਨਾੜ ਤਾੜ ਕੇ ਮੋਹਰੇ ਸੁੱਟੀਦੇ ਹਨ" ਖਲੀਲ ਖਾਂ ਨਸੀਰਉਲਦੀਨ ਦੇ ਮੋਢੇ ਤੇ ਹੱਥ ਮਾਰਦਿਆਂ ਬੋਲਿਆ ।

—"ਕਿਤੇ ਸਾਨੂੰ ਜਾਂ ਰਾਜਗੁਰੂ ਨੂੰ ਲੱਭਣਾ ਤਾਂ ਨਾ ਪਵੇਗਾ।" ਬੰਦੇ ਬਹਾਦਰ ਨੇ ਜ਼ਰਾ ਭੋਲੇਪਨ ਵਿਚ ਉੱਤਰ ਦਿੱਤਾ।

—"ਰਾਜਗੁਰੂ ਝੰਡੇ ਪਾੜਦਾ ਤਾਂ ਪਛਾਤਾ ਜਾ ਸਕਦੈ ਪਰ ਇਸ ਤਰ੍ਹਾਂ ਕਿਸੇ ਦੀ ਮਾਂ ਨਹੀਂ ਜੰਮੀਂ ਜਿਹੜਾ ਪਛਾਣ ਲਵੇ। ਰਾਤ ਨੂੰ ਪਿੰਜਣ ਦਿਉ। ਸਰੂਰ ਤੇ ਖੁਮਾਰੀ ਨੱਚ ਨੱਚ ਦੂਹਰੀਆਂ ਹੋ ਲੈਣ ਫਿਰ ਹੀ ਕੋਈ ਉਮੀਦ ਭਾਵੇਂ ਬਰ ਆਵੇ" ਖਲੀਲ ਖਾਂ ਵਿਚੋਂ ਬੋਲਿਆ!

ਚਾਰ ਫਾਨੂਸ ਚੜ੍ਹੇ। ਜਿਨ੍ਹਾਂ ਤੇ ਲਿਖਿਆ ਹੋਇਆ ਸੀ 'ਨਾਹਰਾ ਤਕਬੀਰ', 'ਅੱਲਾ ਹੂ ਅਕਬਰ' 'ਯਾ ਅਲੀ' ਭਾਵੇਂ ਇਹ ਮੁਗ਼ਲ ਗੁਮਾਸ਼ਤਿਆਂ ਦੀਆਂ ਕਾਰਸਤਾਨੀਆਂ ਸਨ ਪਰ ਇਸ ਮਗਰ ਰਾਜਗੁਰੂ ਦਾ ਵੀ ਹੱਥ ਕੰਮ ਕਰਦਾ ਸੀ। ਇਹ ਇਕ ਇਸ਼ਾਰਾ ਸੀ ਕਾਮਯਾਬੀ ਦਾ। ਈਰਾਵਤੀ ਸਾਕੀ ਬਣ ਕੇ ਕਰਾਮਤ ਅਲੀ ਦੀਆਂ ਅੱਖਾਂ ਵਿਚ ਧੂੜ ਪਾ ਰਹੀ ਸੀ। ਉਸ ਇਸ ਖੁਸ਼ੀ ਵਿਚ ਏਨੀ ਪੀਤੀ ਤੇ ਈਰਾਵਤੀ ਨੇ ਇੰਨੀ ਪਿਆਈ ਕਿ ਉਹ ਮੁਰਦਾ ਜਿਹਾ ਹੋ ਗਿਆ। ਉਸ ਖਬੀ ਖਾਂ ਦਰਬਾਨ ਨਾਲ ਸੀਟੀ ਮੇਲੀ ਹੋਈ ਸੀ। ਜੰਦਰਾ ਮਾਰ ਕੇ ਨੱਸ ਉਠੀ ਨਾਲ ਅਰਦਲੀ ਕਰਾਮਤ ਅਲੀ ਖਾਨ ਦੇ। ਕਰਾਮਤ ਅਲੀ ਨਸ਼ੇ ਵਿਚ ਸੀਖਾਂ ਦੇ ਪਛਵਾੜੇ ਅਨੰਦ ਲੈ ਰਿਹਾ ਸੀ। ਅਰਦਲੀ ਨੇ ਬਥੇਰੇ ਦਾਅ ਪੇਚ ਖੇਡੇ ਪਰ ਈਰਾਵਤੀ ਨੇ ਉਂਗਲੀ ਲਾ ਕੇ ਕੈਦ ਖਾਨੇ ਵੱਲ ਲੈ ਆਂਦਾ। ਇਕ ਕੋਠੜੀ ਖਾਲੀ ਸੀ ਦੋਵੇਂ ਉਹਦੇ ਅੰਦਰ ਜਾ ਵੜੇ। ਈਰਾਵਤੀ ਨੇ ਜ਼ਰਾ ਪਿਆਰ ਵਿਚ ਆ ਕੇ ਉਸ ਅਰਦਲੀ ਵੱਲ ਤਕਿਆ। ਆਪਣੇ ਆਪ ਵਿਚ ਫੁੱਲ ਫੁੱਲ ਕੁੱਪਾ ਹੁੰਦਾ ਜਾਂਦਾ ਸੀ। ਈਰਾਵਤੀ ਬੋਲੀ, 'ਮੈਂ ਆਖਿਆ ਸਰਕਾਰ ਪਾਣੀ ਪੀਲੈ ਇਨ੍ਹਾਂ ਮੱਟੀਆਂ ਦਾ ਪਾਣੀ ਪੀ ਪੀ ਕੇ ਸੰਘ ਵੀ ਪੱਕ ਗਿਐ" ਤੇ ਉਸ ਪਿਆਰ ਦੀ ਝਲਕ ਵਿਖਾ ਕੇ ਚਾਬੀਆਂ ਦਾ ਗੁੱਛਾ ਹੱਥ ਵਿਚ ਲੈ ਲਿਆ। ਪਹਿਲਾਂ ਤੇ ਮਿੱਠੀਆਂ ਮਿੱਠੀਆਂ ਗੱਲਾਂ ਨਾਲ ਪਰਚਾਉਂਦੀ ਰਹੀ। ਜਦੋਂ ਵੇਖਿਆ ਕਿ ਨਸ਼ਾ ਖਤਮ ਹੀ ਹੋ ਗਿਆ ਏ ਤਾਂ ਇਕ ਦਮ ਧੱਕਾ ਮਾਰਿਆ ਤੇ ਛੜੱਪਾ ਮਾਰ ਕੇ ਦਰਵਾਜ਼ਿਓਂ ਬਾਹਿਰ ਆ ਗਈ। ਤਾਲੇ ਅੰਦਰ ਡੱਕ ਦਿੱਤਾ ਨਵੇਂ ਮਜਨੂੰ ਨੂੰ। ਅੱਗੇ ਜੀਵਨ ਸਿੰਘ ਦੀਆਂ ਹਥਕੜੀਆਂ ਵਾਲਾ ਕੈਦੀਆਂ ਨੇ ਭੋਗ ਪਾ ਦਿੱਤਾ ਸੀ। ਕਈ ਕੈਦੀ ਹਥਕੜੀਆਂ ਤੁੜਵਾ ਚੁਕੇ ਸਨ ਤੇ ਕਈ ਤੁੜਵਾ ਰਹੇ ਸਨ। ਰੱਸੇ ਵੱਢੇ ਗਏ। ਰਾਜਗੁਰੂ ਵੀ ਪੁੱਜ ਗਿਆ। ਦਇਆ ਸਿੰਘ ਦੇ ਹੱਥ ਲਹੂ ਨੁਚੜਦੀ ਤਲਵਾਰ ਸੀ। ਕਰਾਗਾਰ ਦੇ ਦਰਵਾਜ਼ੇ ਖੁੱਲ ਗਏ। ਸੰਗਲਾਂ ਦੀਆਂ ਕੜੀਆਂ ਟੁਟੀਆਂ। ਪੰਜਾਹ ਸਠਾਂ ਕੈਦੀਆਂ ਹਨੇਰ ਪਾ ਦਿੱਤਾ। ਪਹਿਰੇਦਾਰ ਕੁਝ ਤਾਂ ਉੱਥੇ ਹੀ ਢੇਰੀ ਹੋ ਗਏ ਤੇ ਬਾਕੀ ਦੁੱਮ ਦਬਾ ਕੇ ਨੱਸ ਉਠੇ, ਬੜੇ ਚਾਅ ਨਾਲ ਤਲਵਾਰ ਵਾਹੀ ਕੈਦੀਆਂ। ਕਿਲੇ ਵਿਚ ਖਲਬਲੀ ਮੱਚ ਗਈ। ਪਿਆਕੜਾਂ ਦੇ ਭਾਅ ਦੀ ਤੇ ਮੁਸੀਬਤ ਬਣ ਗਈ। ਅਜੇ ਵੀ ਕਈ ਵਜ਼ੀਰ ਖਾਂ ਨੂੰ ਆਖ ਰਹੇ ਸਨ, 'ਵਲਾ ਕਿਆ ਮਜਾਲ ਹੈ ਜੋ ਸਿੱਖਾਂ ਨੇ ਦਮ ਮਾਰਾ ਤੋ। ਛਟੀ ਦਾ ਦੁੱਧ ਯਾਦ ਦਿਲਾ ਦੇਂਗੇ ਮੁਗ਼ਲ। ਆਪ ਕੀ ਤਰਫ ਕੋਈ ਨਜ਼ਰ ਉਠਾ ਕਰ ਦੇਖ ਸਕਦਾ ਹੈ?" ਪਰ ਵਜ਼ੀਰ ਖਾਂ ਵਿਚੇ ਵਿਚ ਝੁਰ ਰਿਹਾ ਸੀ ਤੇ ਫਾਨੂਸ ਉੱਡ ਰਹੇ ਸਨ ਆਕਾਸ਼ ਵਿਚ। ਇਕ ਫਾਨੂਸ ਡੋਲ ਰਿਹਾ ਸੀ ਤੇ ਉਹਦੇ ਥੱਲੇ ਭਾਰੀ ਜਿਹੀ ਗੁੱਛੀ ਸੀ। ਕਿਲਿਉਂ ਬਾਹਰ ਉਹਨੂੰ ਅੱਗ ਲੱਗ ਗਈ। ਇਸ ਇਸ਼ਾਰੇ ਨੇ ਸਿੱਖਾਂ ਦੇ

ਦਿਲ ਪੱਕੇ ਕਰ ਦਿੱਤੇ। ਉਹ ਅੱਗੇ ਹੀ ਸਰਹਿੰਦ ਦੀਆਂ ਗਲੀਆਂ ਵਿਚ ਧਸੇ ਹੋਏ ਸਨ। ਸਾਰੀ ਸਰਹਿੰਦ ਚੀਖਾਂ ਦੇ ਘੇਰੇ ਵਿਚ ਆ ਗਈ। ਬੰਦੇ ਬਹਾਦਰ ਨੇ ਚੋਰ ਦਰਵਾਜ਼ਿਆਂ ਰਾਹੀਂ ਸਰਹਿੰਦ ਵਿਚ ਪਰਵੇਸ਼ ਕੀਤਾ। ਹਫੜਾ ਦਫੜੀ ਪੈ ਗਈ ਸਾਰੀ ਸਰਹਿੰਦ ਵਿਚ ਬਾਹਰੋਂ ਸਿੰਘ ਗੋਲੇ ਵਰਸਾ ਰਹੇ ਸਨ ਤੇ ਅੰਦਰੋਂ ਬੰਦਾ ਬਹਾਦਰ ਕਤਲੇ-ਆਮ ਕਰ ਰਿਹਾ ਸੀ। ਘਰ ਫੂਕੇ ਜਾ ਰਹੇ ਸਨ। ਸਿੱਖ ਕਤਲ ਕਰੀ ਜਾਂਦੇ ਜਿਹੜਾ ਅੱਗੇ ਆ ਜਾਂਦਾ। ਬੰਦਾ ਬਹਾਦਰ ਸ਼ਾਹੀ ਮਸਜਦ ਦੀਆਂ ਸੀੜ੍ਹੀਆਂ ਤੇ ਜਾ ਬੈਠਾ ਤੇ ਤਲਵਾਰ ਨੂੰ ਮਿਆਨੋਂ ਕੱਢ ਲਿਆ। ਉਹਦੇ ਬੋਲ ਗੂੰਜ ਰਹੇ ਸਨ: ਜਦ ਤੱਕ ਮੇਰੀ ਤਲਵਾਰ ਮਿਆਨ ਵਿਚ ਨਹੀਂ ਜਾਂਦੀ ਕਤਲੇ-ਆਮ ਜਾਰੀ ਰਹੇ। ਦਿਨ ਚੜ੍ਹਨ ਤੋਂ ਏਥੇ ਕੋਈ ਘਰ ਨਾ ਲੱਭੇ ਨਾ ਕੁੱਲਾ, ਲਾਸ਼ਾਂ ਦੇ ਢੇਰ ਲੱਗੇ ਹੋਣ ਤੇ ਗਿਰਜਾਂ ਦਾ ਮੇਲਾ ਭਰਿਆ ਹੋਵੇ। ਸ਼ਾਹੀ ਮਸਜਦਾਂ ਦੀਆਂ ਬੁਰਜੀਆਂ ਉੱਤੇ ਮੁਸਲਮਾਨਾਂ ਦੀਆਂ ਈ ਤੋਪਾਂ ਬੀੜ ਦਿਤੀਆਂ। ਖੁਦਾ ਦਾ ਘਰ ਗੋਲੇ ਵਰ੍ਹਾਣ ਲੱਗ ਪਿਆ। ਸਰਹਿੰਦ ਦੀ ਗੜ੍ਹੀ ਵਿਚ ਸ਼ੋਰ, ਚੀਕਾਂ ਤੇ ਹਾਹਾਕਾਰ ਮਚਿਆ ਹੋਇਆ ਸੀ। ਚੋਹਾਂ ਕੂਟਾਂ ਵਿਚ ਜਮੂਰ ਖਾਨੇ ਅੱਗ ਵਰ੍ਹਾ ਰਹੇ ਸਨ। ਸਰਹਿੰਦ ਦੀ ਗੜ੍ਹੀ ਦੀਆਂ ਤੋਪਾਂ ਦੇ ਗੋਲੇ ਉਗਲਨ ਤੋਂ ਪਹਿਲਾਂ ਹੀ ਸਿੱਖ ਉਨ੍ਹਾਂ ਦਾ ਮੂੰਹ ਬੰਦ ਕਰ ਦੇਂਦੇ। ਸਿੱਖ ਤੇ ਮਰਦੇ ਈ, ਪਰ ਨਾਲ ਈ ਮੁਗਲ ਵੀ ਮਲਕੁਲ ਮੌਤ ਦੀ ਅਰਦਲ ਵਿਚ ਖੜੇ ਹੋ ਜਾਂਦੇ। ਬਾਹਾਂ ਥੱਕ ਗਈਆਂ ਤੇ ਡੌਲੇ ਫੁੱਲ ਗਏ ਤਲਵਾਰਾਂ ਵਾਹ ਵਾਹ ਕੇ, ਕੁਰਬਲ ਕੁਰਬਲ ਕਰਦੀਆਂ ਲਾਸ਼ਾਂ ਦੇ ਢੇਰ ਲਗ ਗਏ। ਚੰਗੀ ਲੁੱਟ ਮਾਰ ਕੀਤੀ, ਚੰਗੇ ਹੱਥ ਰੰਗੇ ਸੂਰਮਿਆਂ, ਪਰ ਅਜੇ ਲੁੱਟ ਦੇ ਮਗਰ ਨਾ ਪਓ ਕਤਲ ਕਰੋ। ਖੂਨ ਨਾਲ ਰੰਗ ਦਿਓ ਇਨ੍ਹਾਂ ਦੀਆਂ ਝਾਲਰਾਂ ਨੂੰ, ਤੇ ਰੰਗੀਨ ਦਰਵਾਜ਼ਿਆਂ ਦੇ ਰੰਗ ਬਦਲ ਦਿਉ! ਓਨਾ ਚਿਰ ਤੱਕ ਇਨ੍ਹਾਂ ਨੂੰ ਛੱਡਿਆ ਨਹੀਂ ਜਾ ਸਕਦਾ ਜਦ ਤੀਕ ਇਨ੍ਹਾਂ ਦੀਆਂ ਚੀਕਾਂ ਦਿੱਲੀ ਤੱਕ ਨਾ ਪੁੱਜ ਜਾਣ। ਓਨਾ ਚਿਰ ਤਲਵਾਰ ਨਾ ਰੁਕੇ। ਦੂਜੇ ਦਸਤੇ ਕਿਲੇ ਤੇ ਜਾ ਗਜਣ ਤੇ ਉਨ੍ਹਾਂ ਤੇ ਪੌੜੀਆਂ ਲਾਕੇ ਕਿਲੇ ਦੀਆਂ ਬੁਰਜੀਆਂ ਤੇ ਤੋਪਾਂ ਤੇ ਕਬਜ਼ਾ ਕਰ ਲੈਣ। ਭਾਵੇਂ ਬਥੇਰਾ ਖੂਨ ਖਰਾਬਾ ਹੋਇਆ ਪਰ ਉਨ੍ਹਾਂ ਸੰਘੀ ਜਾ ਨੱਪੀ ਵਜ਼ੀਰ ਖਾਨ ਦੀ। ਜੇ ਘੜੀ ਨਾ ਆਉਂਦੇ ਸਿੰਘ ਤਾਂ ਜੀਵਨ ਸਿੰਘ ਦੀ ਬੱਬ ਬੁਲਾ ਦੇਂਦਾ। ਪਿਛਲੇ ਪਾਸਿਓਂ ਘੋੜ ਅਸਵਾਰਾਂ ਦੇ ਦਸਤੇ ਆਏ। ਹੁਸੈਨੀ ਤੇ ਹੀਰਾਵਤੀ ਨੇ ਦਰਵਾਜ਼ੇ ਖੋਲ੍ਹ ਦਿੱਤੇ, ਤੇ ਦੂਜੇ ਪਾਸਿਓਂ ਵਜ਼ੀਰ ਖਾਨ ਨੱਸ ਉੱਠਿਆ। ਕਤਲੇ-ਆਮ ਵਿਚ ਹੀ ਸਿੱਖ ਰੁਝੇ ਰਹਿ ਗਏ। ਰਾਜਗੁਰੂ ਨੇ ਛੇਤੀ ਜਾਕੇ ਇਕ ਆਤਸ਼ਬਾਜ਼ ਦੇ ਘਰ ਨੂੰ ਅੱਗ ਲਾ ਦਿੱਤੀ। ਬੰਦੇ ਬਹਾਦਰ ਦੀਆਂ ਅੱਖਾਂ ਅੱਡੀਆਂ ਦੀਆਂ ਅੱਡੀਆਂ ਰਹਿ ਗਈਆਂ ਨੰਗੀ ਤਲਵਾਰ ਲੈ ਕੇ ਨੱਸ ਉੱਠਿਆ ਮਗਰ ਪਰ ਵਜ਼ੀਰ ਖਾਨ ਦੇ ਘੋੜਿਆਂ ਦੀਆਂ ਆਵਾਜ਼ਾਂ ਆ ਰਹੀਆਂ ਸਨ। ਰਾਜ ਗੁਰੂ ਤੇ ਜੀਵਨ ਸਿੰਘ ਮਗਰ ਲੱਗੇ ਹੋਏ ਸਨ। ਰਾਜ ਗੁਰੂ ਨੂੰ ਤਾਂ ਮੁਗਲਾਂ ਨੇ ਪਿੱਛੇ ਹੀ ਡੱਕ ਲਿਆ। ਪਰ ਜੀਵਨ ਸਿੰਘ ਤੇ ਬੰਦਾ ਦੋਵੇਂ ਖੁਰਾ ਨੱਪੀ ਵਜ਼ੀਰ ਖਾਨ ਦੇ ਮਗਰ ਜਾ ਪੁੱਜੇ। ਇਹ ਕਬਰਸਤਾਨ ਸੀ। ਚੰਗੀ ਮਾਅਰਕੇ ਦੀ ਜੰਗ ਹੋਈ। ਪਰ ਜਦ ਟਾਕਰਾ ਸਨਮੁਖ ਹੋਇਆ ਤੇ ਫੇਰ ਕੀ ਸੀ ਇਕ ਪੁਰਾਣੀ ਕਬਰ ਨੇ ਮੂੰਹ ਅੱਡਿਆ ਹੋਇਆ ਸੀ ਤੇ ਉਸ ਵਿਚ ਵਜ਼ੀਰ ਖਾਨ ਦੇ ਘੋੜੇ ਨੇ ਅਗਲੇ ਪੈਰ ਜਾ ਧਰੇ। ਘੋੜੇ ਦੀਆਂ ਪੈਰ ਬਾਹਰ ਕੱਢਣ ਵਿਚ ਸਾਰੀਆਂ

ਕੋਸ਼ਿਸ਼ਾਂ ਬੇਕਾਰ ਗਈਆਂ। ਬੰਦਾ ਬਹਾਦਰ ਵੇਲੇ ਸਿਰ ਪੁੱਜ ਚੁੱਕਾ ਸੀ। ਤਲਵਾਰ ਨਾਲ ਤਲਵਾਰ ਖਹੀ ਆਖਰਕਾਰ ਵਜ਼ੀਰ ਖਾਨ ਦੀਆਂ ਮੁਸ਼ਕਾਂ ਬੰਨ੍ਹ ਲਈਆਂ ਬੰਦੇ ਬਹਾਦਰ ਨੇ। ਰਾਜਗੁਰੂ ਲਹੂ ਲਿਬੜੀ ਤਲਵਾਰ ਲੈ ਕੇ ਕਿਲੇ ਦੀ ਬੁਰਜੀ ਤੇ ਚੜ੍ਹ ਗਿਆ ਉਹ ਮੁਗਲ ਸਾਮਰਾਜ ਦਾ ਝੰਡਾ ਲੀਰਾਂ ਲੀਰਾਂ ਕਰ ਰਿਹਾ ਸੀ ਆਪਣੀ ਤਲਵਾਰ ਨਾਲ। ਸਾਰੀ ਰਾਤ ਤਲਵਾਰ ਚਲਦੀ ਰਹੀ ਤੇ ਚੀਕਾਂ ਵਜਦੀਆਂ ਰਹੀਆਂ। ਦਿਨ ਚੜ੍ਹੇ ਕਿਧਰੇ ਸਾਹ ਲਿਆ ਹੋਣੇ ਸਿੱਖਾਂ। ਜੈਕਾਰੇ ਵਜ ਰਹੇ ਸਨ। ਦੇਗ ਤੇਗ ਫਤਹਿ। ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ।

ਫਤਹਿ ਦੀ ਖੁਸ਼ੀ ਵਿਚ ਖੁਦਾ ਦੀਆਂ ਰਹਿਮਤਾਂ ਨੇਸਤੋ-ਨਾਬੂਦ ਹੋ ਗਈਆਂ। ਦਿਨ ਚੜ੍ਹ ਰਿਹਾ ਸੀ ਤੇ ਸਰਹਿੰਦ ਵਿਚੋਂ ਧੂਆਂ ਉੱਠ ਰਿਹਾ ਸੀ ਚੜ੍ਹਦੇ ਸੂਰਜ ਨੂੰ ਨਮਸਕਾਰ ਕਰਨ ਲਈ।

— — - —

ਅਪਰਾਧੀ

ਤਿੰਨ ਦਿਨ ਲੁੱਟ ਮਾਰ ਦੇ ਬਾਜ਼ਾਰ ਵਿਚ ਖੂਬ ਗਰਮਾ ਗਰਮੀ ਰਹੀ ਮਣਾਂ ਮੂੰਹੀਂ ਲਹੂ ਮੋਰੀਆਂ ਰਾਹੀਂ ਰੁੜ੍ਹਿਆ। ਜੇ ਝੂਠ ਨਹੀਂ ਤੇ ਲਾਸ਼ਾਂ ਦੇ ਢੇਰ ਗਿਰਿਆਂ ਦੇ ਗਹੀਰਿਆਂ ਜਿੰਨੇ ਉੱਚੇ ਲੱਗ ਗਏ ਸਨ। ਮੁਰਦਾਰ ਖਾਣ ਵਾਲੀਆਂ ਗਿਰਝਾਂ ਨੂੰ ਸੱਦੇ ਭੇਜ ਭੇਜ ਕੇ ਮੇਲੇ ਵਿਚ ਹੁਮ ਹੁਮਾ ਕੇ ਸਦਿਆ ਗਿਆ ਕੁੱਤਿਆਂ ਨੇ ਲਵੇ ਲਵੇ ਗੋਸ਼ਤ ਵਿਚ ਚੰਗੇ ਦੰਦ ਖੋਭੇ।

ਬੋਲੀ ਵਿਖਾ ਕੇ ਭਾਵੇਂ ਕੋਈ ਬਚ ਜਾਂਦਾ ਉਸ ਤਰ੍ਹਾਂ ਓਹਦੀ ਮਾਂ ਨਹੀਂ ਸੀ ਜੰਮਿਆ ਜੋ ਕੋਈ ਸਖਣਾ ਲੰਘਿਆ ਹੋਵੇ। ਸਹਿਕਦੀਆਂ ਅਧਮੋਈਆਂ ਲਾਸ਼ਾਂ, ਸਹਿਕਦੇ ਇਨਸਾਨ ਕਈ ਭੰਗ ਦੇ ਭਾੜੇ ਰੁੜ ਗਏ ਤੇ ਕਿਸੇ ਨੇ ਵਾਤ ਨਾ ਪੁੱਛੀ। ਕਿਸੇ ਨੂੰ ਰੱਬ ਚੇਤੇ ਨਾ ਰਿਹਾ। ਮੌਤ ਸਿੱਖਾਂ ਦੀ ਤਲਵਾਰ ਦੀ ਦਾਸੀ ਬਣ ਗਈ ਤੇ ਕਾਲ ਉਹਨਾਂ ਆਪਣੀ ਮੁੱਠ ਵਿਚ ਕੈਦ ਕਰ ਲਿਆ। ਮਲਕੁਲ ਮੌਤ ਉਨ੍ਹਾਂ ਦੀ ਅਰਦਲ ਵਿਚ ਖੜੀ ਸੀ। ਸ਼ਾਇਦ ਉਸ ਵੇਲੇ ਕੁੱਕੜ ਦਾ ਮੁੱਲ ਹੋਣਾ ਏ ਪਰ ਆਦਮੀ ਦੇ ਬੁੱਤ ਦਾ ਕੋਈ ਮੁੱਲ ਨਹੀਂ ਸੀ। ਬੁਚੜ ਤੇ ਕਸਾਈ ਦੇ ਮਨ ਵਿਚ ਭਾਵੇਂ ਕਦੀ ਕਰੀਚ ਆਈ ਹੋਣੀ ਏਂ ਪਰ ਸਰਹੰਦ ਦੇ ਵਿਜਈਆਂ ਦੇ ਕਰੀਚ ਕਦੀ ਲਾਗਿਉਂ ਨਹੀਂ ਸੀ ਲੰਘੀ। ਕੋਈ ਵਲੀ ਅੱਲਾ ਨਾ ਬਹੁੜਿਆ ਤੇ ਨਾ ਹੀ ਕਿਸੇ ਦੀ ਦੁਆ ਹੀ ਕਾਰਗਰ ਹੋਈ। ਮਹਿਲਾਂ ਦੇ ਦਰਵਾਜ਼ਿਆਂ ਵਿਚ, ਬਜ਼ਾਰਾਂ ਦੇ ਚੌਰਸਤਿਆਂ ਵਿਚ ਉਨ੍ਹਾਂ ਦੇ ਸਿਰ ਲਟਕਾ ਦਿੱਤੇ ਜਿਨ੍ਹਾਂ ਦੇ ਹੁਕਮ ਤੋਂ ਬਗੈਰ ਉੱਥੇ ਮੱਖੀ ਪਰ ਨਹੀਂ ਸੀ ਮਾਰਦੀ। ਰੁੱਖਾਂ ਨਾਲ ਬੰਨ੍ਹ ਬੰਨ੍ਹ ਕੇ ਤੀਰਾਂ ਨਾਲ ਵਿੰਨ੍ਹ ਦਿੱਤੇ ਫਤਵੇ ਦੇਣ ਵਾਲੇ ਆਲਮ ਤੇ ਆਫਲ ਮਹਿੰਦੀ ਰੰਗੀ ਦਾੜ੍ਹੀਆਂ ਵਿਚੋਂ ਖੂਨ ਸਿੰਮ ਪਿਆ।

ਬਾਂਗ ਤਾਂ ਕਿਸੇ ਨੇ ਕੀ ਦੇਣੀ ਸੀ ਕਿਸੇ ਨੇ ਡਰਦਿਆਂ ਅੱਲਾ ਦਾ ਨਾਂ ਵੀ ਨਾ ਲਿਆ। ਹਿੰਦੂਆਂ ਦੇ ਘਰਾਂ ਵਿਚ ਅਜੇ ਵੀ ਕਈ ਮੁਗਲ ਪਠਾਣ ਲੁਕੇ ਬੈਠੇ ਸਨ।

ਸਤਰ ਦੇ ਪਰਦਿਆਂ ਦਾ ਘੁੰਗ ਖੁੱਲ ਗਿਆ ਤੇ ਮਹਿੰਦੀ ਰਤੀਆਂ ਸੁਹਾਗਣਾਂ ਕੇਸਾਂ ਤੋਂ ਧੂਹ ਕੇ ਸਰੀਰਕ ਭੁੱਖ ਦੀ ਭੱਠੀ ਵਿਚ ਪਈਆਂ। ਕੋਈ ਕਿਸੇ ਦੀ ਬਾਂਹ ਫੜੀ ਜਾ ਰਿਹਾ ਸੀ ਤੇ ਦੂਜਾ ਉਸ ਦੀ ਦੂਜੀ ਬਾਂਹ ਖਿਚ ਰਿਹਾ ਸੀ। ਤੀਜੇ ਨੇ ਨੇਜ਼ਾ ਮਾਰ ਕੇ ਦੋਹਾਂ ਦੇ ਝਗੜੇ ਦਾ ਇਕ ਮਿੰਟ ਵਿਚ ਫੈਸਲਾ ਕਰ ਦਿੱਤਾ। ਛਤੀਰ ਕੜੱਕ ਰਹੇ ਸਨ ਤੇ ਛਤਾਂ ਡਿਗ ਰਹੀਆਂ ਸਨ। ਆਲੀਸ਼ਾਨ

ਬਾਰਾਂਦਰੀਆਂ ਖੋਲਿਆਂ ਵਿਚ ਬਦਲ ਗਈਆਂ । ਅਚਾਨਕ ਧੌਂਸਾ ਖੜਕਿਆ ਤੇ ਅਵਾਜ਼ ਗੂੰਜੀ ।

ਲਹੂ ਲਿਬੜੀਆਂ ਤਲਵਾਰਾਂ ਪੂੰਝ ਲਉ । ਹੁਣ ਕਿਸੇ ਦੀ ਤਲਵਾਰ ਮਿਆਨ ਵਿਚੋਂ ਬਾਹਰ ਨਾ ਨਿਕਲੇ । ਕੋਈ ਲੁੱਟ ਮਾਰ ਕਰਦਾ ਫੜਿਆ ਗਿਆ ਤਾਂ ਸ਼ਾਹੀ ਅਪਰਾਧੀ ਠਹਿਰਾਇਆ ਜਾਏਗਾ ਤੇ ਉਸ ਦੇ ਡੰਡ ਦੀ ਸਜ਼ਾ ਮੌਤ ਤੋਂ ਘੱਟ ਨਹੀਂ ਹੋਵੇਗੀ । ਹੁਕਮ ਰਾਜਗੁਰੂ ਤੇ ਮੋਹਰ ਬੰਦਾ ਬਹਾਦਰ । ਸਾਵਧਾਨ ।

ਢੰਡੋਰਚੀ ਦੀ ਅਵਾਜ਼ ਗੂੰਜੀ ਤੇ ਸਾਰੀ ਸਰਹੰਦ ਵਿਚ ਚੁੱਪ ਚਾਪ ਵਰਤ ਗਈ । ਸ਼ਾਦਿਆਨੇ ਵਜ ਰਹੇ ਸਨ ਤੇ ਸਿੱਖ ਖੁਸ਼ੀਆਂ ਮਨਾਉਣ ਵਿਚ ਰੁਝ ਗਏ । ਵਜ਼ੀਰ ਖਾਂ ਦੇ ਤਖਤ ਨੂੰ ਬੰਦੇ ਨੇ ਵਰਤਿਆ ਤੇ ਉੱਥੇ ਹੀ ਦਰਬਾਰੇਆਮ ਕੀਤਾ ਜਿਸ ਵਿਚ ਮੁਸਲਮਾਨ ਵੀ ਸ਼ਾਮਲ ਸਨ, ਮੁਗਲ ਤੇ ਪਠਾਣ ਵੀ । ਸਰਹੰਦ ਵਿਚੋਂ ਜਾਨ ਬਖਸ਼ੀ ਦੀ ਦਰਖਾਸਤ ਕਰਨ ਲਈ ਦਰਬਾਰ ਵਿਚ ਆਣ ਹਾਜ਼ਰ ਹੋਏ ।

ਰਾਜਗੁਰੂ ਬੋਲਿਆ ।

--"ਅੱਜ ਸਰਹੰਦ ਸਾਡੀ ਏ, ਅਸੀਂ ਮੁਸਲਮਾਨਾਂ ਦੇ ਵੈਰੀ ਨਹੀਂ । ਸਾਨੂੰ ਪਠਾਣਾਂ ਤੇ ਮੁਗਲਾਂ ਨਾਲ ਕੋਈ ਜੱਦੀ ਖਾਰ ਨਹੀਂ । ਸਿੱਖ ਜੇ ਸਾਡੀ ਸੱਜੀ ਬਾਂਹ ਹਨ ਤਾਂ ਮੁਸਲਮਾਨ ਖੱਬੀ । ਸਾਡੇ ਧਰਮ ਵਿਚ ਮੁਸਲਮਾਨ ਤੇ ਹਿੰਦੂ ਵਿਚ ਕੋਈ ਫਰਕ ਨਹੀਂ । ਪੰਜ ਤੱਤ ਦਾ ਪੁਤਲਾ ਹੈ ਇਹ ਇਨਸਾਨ । ਮੰਦਰਾਂ ਤੇ ਮਸਜਦਾਂ ਵਿਚ ਸਾਂਝਾ ਰੱਬ ਵਸਦਾ ਹੈ । ਅਸੀਂ ਸ਼ਾਇਦ ਇਤਨਾ ਕਤਲੇਆਮ ਨਾ ਕਰਦੇ ਸਰਹੰਦ ਵਿਚ ਪਰ ਸਾਡਾ ਖੂਨ ਖੌਲਦਾ ਏ ਜਦ ਸਾਨੂੰ ਸਾਹਿਬਜ਼ਾਦਿਆਂ ਦੀ ਸ਼ਹੀਦੀ ਚੇਤੇ ਆਉਂਦੀ ਏ । ਇਸ ਦੇ ਬਦਲੇ ਦੇ ਹੱਕ ਵਿਚ ਮੇਰੇ ਮੁਸਲਮਾਨ ਭਰਾ ਵੀ ਹਨ । ਅਪਰਾਧੀ ਨੂੰ ਸਜ਼ਾ ਮਿਲਣੀ ਚਾਹੀਦੀ ਏ, ਪਰ ਇਹ ਵੀ ਗੱਲ ਸੱਚ ਏ ਕਿ ਗੁਨਾਹਗਾਰਾਂ ਨਾਲ ਪਾਕ ਦਾਮਨਾਂ ਦਾ ਖੂਨ ਵੀ ਹੋ ਗਿਆ ਹੈ । ਇਕ ਕੁਦਰਤ ਦਾ ਕਾਨੂੰਨ ਏਂ ਕਿ ਕਣਕ ਨਾਲ ਘੁਣ ਵੀ ਪਿਸ ਜਾਂਦਾ ਹੈ । ਸਾਡੀ ਹੁਣ ਕਿਸੇ ਨਾਲ ਦੁਸ਼ਮਣੀ ਨਹੀਂ । ਸਾਡੇ ਅਪਰਾਧੀ ਸਾਡੇ ਕੋਲ ਹਨ ਤੇ ਅਸੀਂ ਤੁਹਾਡੇ ਸਾਹਮਣੇ ਉਨ੍ਹਾਂ ਨੂੰ ਡੰਡ ਦੇਵਾਂਗੇ । ਹਰ ਮੁਸਲਮਾਨ ਸਰਹੰਦ ਵਿਚ ਵਸਣ ਦਾ ਉੱਨਾ ਹੀ ਹੱਕ ਰੱਖਦਾ ਹੈ, ਜਿਨਾ ਹਿੰਦੂ ਤੇ ਸਿੱਖ । ਸਰਹੰਦ ਅੱਜ ਵੀ ਮੁਸਲਮਾਨ ਦੀ ਏ, ਅਮਾਮ ਬਾਂਗ ਦੇਵੇ, ਤੇ ਸਾਰੀ ਰਿਆਇਆ ਜਿਹੜੀ ਇਸਲਾਮ ਤੇ ਇਮਾਨ ਰੱਖਦੀ ਹੈ ਨਮਾਜ਼ ਗੁਜ਼ਾਰੇ ਖੁਦਾ ਤਾਲਾ ਦੀ ਦਰਗਾਹ ਵਿਚ । ਸਰਕਾਰ ਉਨ੍ਹਾਂ ਦੇ ਹਰ ਹੱਕ ਰਾਖੀ ਕਰੇਗੀ । ਮੈਂ ਬੰਦੇ ਬਹਾਦਰ ਵੱਲੋਂ ਸ਼ਾਹੀ ਫ਼ਰਮਾਨ ਦਾ ਐਲਾਨ ਕਰਦਾ ਹਾਂ" ਰਾਜਗੁਰੂ ਬੋਲ ਰਿਹਾ ਸੀ ।

—"ਸਿੱਖ ਰਾਜ ਜ਼ਿੰਦਾਬਾਦ", ਅਵਾਜ਼ ਆਈ ।

—"ਰਾਜਗੁਰੂ ਤੇ ਬੰਦਾ ਬਹਾਦਰ, ਜ਼ਿੰਦਾਬਾਦ ।" "ਹਿੰਦੂ ਮੁਸਲਮ, ਭਾਈ ਭਾਈ ।"

—"ਅੱਛਾ ਸਦੋ ਖਾਂ ਜਿੱਤੇ ਹੋਏ ਸਰਦਾਰਾਂ ਨੂੰ ।" ਬੰਦੇ ਬਹਾਦਰ ਨੇ ਫ਼ਰਮਾਇਆ ।

—"ਕੌਣ ? ਜਹਾਂਦਾਦ ਖਾਂ !"

—"ਜੀ, ਜਹਾਂਦਾਦ ਖਾਂ, ਇਹ ਮੋਤੀਆਂ ਦੀਆਂ ਮਾਲਾਂ ਹਨ ਪੰਜਾਹ ਸੱਠ ਤੇ ਕੁਝ ਹਾਰ ਹਨ ਗਾਨੀਆਂ ਵਰਗੇ। ਇਕ ਪਾਸੇ ਢੇਰ ਹਨ ਪੰਜੇਬਾਂ ਤੇ ਬਾਜੂਬੰਦਾਂ ਦੇ। ਸ਼ਾਇਦ ਅਜੇ ਸਿੱਖ ਜਰਨੈਲ ਇਤਨਾ ਖੁਸ਼ ਨਾ ਹੋਇਆ ਹੋਵੇ ਸਰਹੰਦ ਦੀ ਜਿੱਤ ਤੇ, ਪਰ ਅੱਜ ਮੈਂ ਬੜਾ ਖੁਸ਼ ਹਾਂ। ਜਿਨ ਉਹ ਚੀਜ਼ ਲੱਭੀ ਹੈ ਜਿਸ ਦੀ ਹੀਰੇ ਵੀ ਕੀਮਤ ਨਹੀਂ ਦੇ ਸਕਦੇ। ਜਿਸ ਦੇ ਮੋਤੀ ਵੀ ਮੁੱਲ ਨਹੀਂ ਪਾ ਸਕਦੇ। ਮੈਂ ਬੜਾ ਖੁਸ਼ ਹਾਂ ਖਿੜ ਖੜਾ ਕੇ ਜਹਾਂ ਖਾਂ ਹੱਸਿਆ। ਫਿਰ ਬੋਲਿਆ, ਮੇਰੇ ਸਰਦਾਰ ਹਾਸਾ ਵਰਾਛਾਂ ਵਿਚੋਂ ਫੁੱਟ ਫੁੱਟ ਪੈ ਰਿਹਾ ਸੀ।

—"ਹਰ ਲੁੱਟ ਦੇ ਮਾਲ ਤੇ ਸਾਡਾ ਹੱਕ ਹੈ", ਬਿਨੋਦ ਸਿੰਘ ਕੋਲੋਂ ਹੀ ਬੋਲਿਆ।

—"ਪਰ ਜਿਹੜੀ ਚੀਜ਼ ਮੇਰੇ ਹੱਥ ਲੱਗੀ ਏ, ਉਸ ਨੂੰ ਮੈਂ ਤੁਹਾਡੇ ਹਵਾਲੇ ਕਰਨ ਲਈ ਤਿਆਰ ਨਹੀਂ। ਉਹ ਮੈਂ ਹੀ ਲੱਭੀ ਏ, ਤੁਸਾਂ ਨਹੀਂ।" ਜਹਾਂਦਾਦ ਖਾਂ ਬੋਲ ਰਿਹਾ ਸੀ।

—"ਪਰ ਤੈਨੂੰ ਦਰਬਾਰ ਵਿਚ ਪੇਸ਼ ਕਰਨੀ ਪਵੇਗੀ, ਜਹਾਂਦਾਦ ਖਾਂ। ਇਹ ਦਰਬਾਰ ਦਾ ਹੁਕਮ ਏ", ਬੰਦੇ ਬਹਾਦਰ ਦੇ ਬੋਲ ਗੂੰਜੇ।

—"ਮੈਂ ਇਹ ਹੁਕਮ ਮੰਨਣ ਤੋਂ ਮਜਬੂਰ ਹਾਂ ਆਲੀ ਜਾਹ"। ਜਹਾਂਦਾਦ ਖਾਂ ਦੀ ਅਵਾਜ਼ ਵਿਚ ਰਹਿਮ ਦੀ ਝਲਕ ਸੀ।

—"ਤੂੰ ਨਹੀਂ ਜਾਣਦਾ ਹੁਕਮ ਅਦੂਲੀ ਕਰਨ ਵਾਲੇ ਦੀ ਸਜ਼ਾ ਕੀ ਹੁੰਦੀ ਏ"। ਰਾਜ-ਗੁਰੂ ਦੇ ਬੋਲ ਗੂੰਜੇ।

—"ਮੈਂ ਜਾਣਦਾ ਹਾਂ, ਮੌਤ।"

—"ਤੇ ਫਿਰ ਤੂੰ ਦੱਸਦਾ ਕਿਉਂ ਨਹੀਂ?"

—"ਮੈਨੂੰ ਇਸ ਸਜ਼ਾ ਤੋਂ ਮਹਿੰਗੀ ਨਹੀਂ ਉਹ ਚੀਜ਼।"

—"ਸ਼ਾਇਦ ਦਰਬਾਰ ਤੈਨੂੰ ਇਨਾਮ ਵਿਚ ਹੀ ਬਖਸ਼ ਦੇਵੇ। ਬੋਲ ਜਹਾਂਦਾਦ ਖਾਂ ਜਲਦੀ ਬੋਲ!" ਬੰਦੇ ਬਹਾਦਰ ਦੀਆਂ ਅੱਖਾਂ ਵਿਚ ਖੂਨ ਉਤਰ ਆਇਆ।

—"ਮਾਂ ਪਿਉ ਜਾਈ, ਭੈਣ ਨੂੰ ਕੋਈ ਦਰਬਾਰ ਵਿਚ ਪੇਸ਼ ਕਰ ਸਕਦਾ ਹੈ। ਦਸ ਸਾਲ ਜਿਸ ਦੀ ਦਸ ਕੁਝ ਨਹੀਂ ਸੀ ਪਾਈ, ਜਿਸ ਦੀ ਖੋਜ ਵਿਚ ਮੈਂ ਦਰ ਦਰ ਭਟਕਦਾ ਰਿਹਾ, ਪਠਾਣ ਦਾ ਪੁੱਤ ਦਰਬਾਰ ਵਿਚ ਆਪਣੀ ਇੱਜ਼ਤ ਨੂੰ ਨਿਲਾਮ ਨਹੀਂ ਕਰ ਸਕਦਾ। ਬੋਟੀ ਬੋਟੀ ਤਾਂ ਕਟਾ ਸਕਦਾ ਹੈ ਪਰ ਆਪਣੇ ਸਾਹਮਣੇ ਇੱਜ਼ਤ ਦਾ ਨੰਗਾ ਨਾਚ ਨਹੀਂ ਵੇਖ ਸਕਦਾ।" ਜਹਾਂਦਾਦ ਖਾਂ ਦੇ ਬੋਲਾਂ ਵਿਚ ਗੁੱਸੇ ਦੀ ਕੁੜੱਤਣ ਸੀ।

—"ਜਾਹ, ਚੁੱਕ ਕੇ ਲੈ ਜਾ ਹੀਰੇ ਤੇ ਜਵਾਹਰਾਤਾਂ ਦੇ ਥਾਲ। ਪਾਜ਼ੇਬਾਂ ਤੇ ਪਰੀਬੰਦਾਂ ਦੇ ਢੇਰ ਵਿਚ ਲੱਦ ਦੇ ਆਪਣੀ ਭੈਣ ਨੂੰ। ਕੀ ਯਾਦ ਕਰੇਗੀ ਕਿ ਕਿਸੇ ਭਰਾ ਨੇ ਸਰਹੰਦ ਜਿੱਤੀ ਸੀ ਤੇ ਉਸ ਨੂੰ ਕਿਸੇ ਇਨਾਮ ਨਹੀਂ ਦਿੱਤਾ। ਖਾਲਸਾ ਖੁਸ਼ ਹੋ ਗਿਆ ਈ ਤੇਰੀ ਜਵਾਂ ਮਰਦੀ ਤੇ। ਇਸ ਮਾਲ ਤੇ ਦਰਬਾਰ ਦਾ ਕੋਈ ਹੱਕ ਨਹੀਂ।" ਬੰਦੇ ਬਹਾਦਰ ਨੇ ਹੁਕਮ ਸਾਦਰ ਕੀਤਾ।

ਜਹਾਂਦਾਦ ਖਾਂ ਨੇ ਤਿੰਨ ਵਾਰੀ ਝੁਕ ਕੇ ਫ਼ਰਸ਼ੀ ਸਲਾਮ ਕੀਤੀ, ਸਿੱਖ ਦਰਬਾਰ ਨੂੰ।

ਬਿਨੋਦ ਸਿੰਘ ਨੇ ਖੜੇ ਹੋ ਕੇ ਫ਼ਰਸ਼ੀ ਸਲਾਮ ਕੀਤੀ ਤੇ ਆਖਿਆ !

—"ਦੋ ਕਰੋੜ ਦਾ ਮਾਲ ਸਾਡੇ ਹੱਥ ਲੱਗਾ ਹੈ। ਵਜ਼ੀਰ ਖਾਂ ਦੇ ਸ਼ਾਹੀ ਖ਼ਜ਼ਾਨੇ ਵਿਚੋਂ।" ਲਾਗਿਉਂ ਹੀ ਆਲੀ ਸਿੰਘ ਬੋਲ ਪਿਆ, 'ਕੋਈ ਲੱਖ ਦੇ ਲਗ ਭਗ ਜ਼ੇਵਰਾਤ ਮਿਲੇ ਹਨ, ਸੁਚਾ ਨੰਦ ਦੇ ਘਰੋਂ।"

ਮਾਲੀ ਸਿੰਘ ਦੀ ਅਵਾਜ਼ ਆਈ, 'ਪੰਜ ਲੱਖ ਦੇ ਹੀਰੇ ਜਵਾਹਰਾਤ, ਮੈਂ ਭੱਜਕੇ ਸੁਚਾ ਨੰਦ ਪਾਸੋਂ ਖੋਹੇ ਹਨ।"

ਨਸੀਰਉਲ ਦੀਨ ਦੀ ਆਵਾਜ਼ ਗੂੰਜੀ, ਪੰਜਾਹ ਤੋਪਾਂ, ਦੋ ਹਜ਼ਾਰ ਘੋੜੇ, ਨੌ ਸੌ ਊਠ ਤੇ ਚਾਰ ਸੌ ਹਾਥੀ ਇਕ ਹਜ਼ਾਰ ਜਮੂਰ ਖਾਨੇ ਤੇ ਨੌਬਤਾਂ ਨਗਾਰੇ ਮੇਰੇ ਕਬਜ਼ੇ ਵਿਚ ਹਨ! ਖਲੀਲ ਖਾਂ ਦੀ ਹਿੰਮਤ ਦੀ ਸਾਨੂੰ ਦਾਦ ਦੇਣੀ ਪਵੇਗੀ, ਹਾਜ਼ਰ ਏ ਸਰਕਾਰ।'

ਬੰਦੇ ਬਹਾਦਰ ਨੇ ਫਰਮਾਇਆ "ਇਹ ਜਿੱਤ ਦਾ ਸਮਾਨ ਰਾਜਗੁਰੂ ਦੇ ਹਵਾਲੇ ਕਰ ਦਿਉ।"

—"ਤੁਹਾਡੀ ਹਿੰਮਤ ਤੇ ਸਿੱਖ ਰਾਜ ਦੀ ਨੀਂਹ ਰੱਖੀ ਜਾਵੇਗੀ, ਆਉਣ ਵਾਲੀਆਂ ਨਸਲਾਂ ਤੁਹਾਨੂੰ ਅੱਖਾਂ ਤੇ ਚੁੱਕ ਲੈਣਗੀਆਂ।" ਰਾਜਗੁਰੂ ਦੇ ਬੋਲਾਂ ਵਿਚ ਬੜੀ ਧੀਰਜ ਦਾ ਅਸਰ ਸੀ।

—"ਤੂੰ ਕਿਥੇ ਰਿਹਾ ਏ ਦਇਆ ਸਿੰਘਾ" ਰਾਜਗੁਰੂ ਬੋਲਿਆ।

ਤਸਬੀਆਂ ਦਾ ਢੇਰ ਲਾਕੇ, "ਮੈਂ ਇਨ੍ਹਾਂ ਦੀ ਹਿੱਕ ਲੱਭਦਾ ਰਿਹਾ ਹਾਂ, ਸ਼ਾਇਦ ਰੱਬ ਇਨ੍ਹਾਂ ਦੀ ਕਿਸੇ ਨੁਕਰੇ ਬੈਠਾ ਮਿਲ ਜਾਵੇ।" ਦਇਆ ਸਿੰਘ ਨੇ ਗੁਰਮੁਖਾਂ ਵਾਂਗ ਜਵਾਬ ਦਿੱਤਾ।

—"ਫਿਰ ਲੱਭ ਪਿਆ ਈ', ਰਾਜਗੁਰੂ ਨੇ ਪੁਛਿਆ।

—"ਲੱਭਣਾ ਕਿਥੋਂ ਏ ਉਹ ਤਾਂ ਕਿਤੇ ਦਿਲ ਦੇ ਹੁਜਰੇ ਵਿਚ ਬੈਠਾ ਹੋਣਾ ਏ, ਇਨ੍ਹਾਂ ਮੰਦਰਾਂ ਤੇ ਮਸਜਦਾਂ ਵਿਚ ਰੱਬ ਨੇ ਬੈਠਕੇ ਸੂਲਾਂ ਦੀਆਂ ਸੇਜਾਂ ਮਾਨਣੀਆਂ ਹਨ ਜਾਂ ਕੂੜ ਤੇ ਪਾਪ ਦੀ ਮਦਰਾ ਪੀਣੀ ਏ', ਇਹ ਖ਼ਾਲੀ ਤਸਬੀਆਂ ਹਨ ਰਾਜਗੁਰੂ, ਸਰਹੰਦ ਜਿੱਤੀ ਗਈ ਪਰ ਕੋਈ ਇਨਸਾਨ ਨਾ ਲੱਭਾ। ਰਾਜ ਬਦਲ ਗਿਆ ਏ, ਕਿਰਿਆ ਨਹੀਂ ਬਦਲੀ।" ਦਇਆ ਸਿੰਘ ਬੋਲੀ ਜਾ ਰਿਹਾ ਸੀ ਕਿ ਉਸ ਦੇ ਬੋਲ ਮੱਧਮ ਪੈ ਗਏ।

'ਰਾਜ ਦੀ ਅਸਥਾਪਨਾ ਕਰਨੀ ਏ, ਧਰਮ ਯੱਗ ਨਹੀਂ ਕਰਨਾ। ਇਸ ਸਮੇਂ ਡੰਡੇ ਨਾਲ ਰਾਜ ਦੀ ਨੀਂਹ ਤੇ ਰੱਖੀ ਜਾ ਸਕਦੀ ਏ। ਰਹਿਮ ਤੇ ਨਰਮੀ ਨਾਲ ਤੁਸੀਂ ਇਕ ਪਲ ਇਥੇ ਖੜੇ ਨਹੀਂ ਰਹਿ ਸਕਦੇ, ਖੜੱਪੇ ਸਿਰੀਆਂ ਕੱਢੀ ਬੈਠੇ ਹਨ। ਅੱਖ ਬਚਾ ਕੇ ਵੇਖ ਦਇਆ ਸਿੰਘਾ ਰਾਜਗੁਰੂ ਨੇ ਤਸਬੀਆਂ ਵੱਲ ਇਸ਼ਾਰਾ ਕਰਦਿਆਂ ਆਖਿਆ, ਤਸਬੀਆਂ ਵਿਚ ਹੀ ਸਭ ਕੁਝ ਹੈ। ਵੇਖ ਕੇ ਸੋਚ।"

—"ਬਾਜ਼ ਸਿੰਘ ਜੀ ਜ਼ਰਾ ਸਰਹੰਦ ਦੇ ਵਾਲੀ ਦੇ ਦਰਸ਼ਨ ਹੋ ਜਾਣ, ਸੰਗਤਾਂ ਬੜੀਆਂ ਹੀ ਕਾਹਲੀਆਂ ਹਨ।" ਬੰਦੇ ਬਹਾਦਰ ਨੇ ਹੁਕਮ ਦਿੱਤਾ।

—"ਹਾਜ਼ਰ ਕਰੋ ਵਜ਼ੀਰ ਖਾਂ ਨੂੰ" ਬਾਜ਼ ਸਿੰਘ ਨੇ ਕੜਕਵੀਂ ਅਵਾਜ਼ ਵਿਚ ਆਖਿਆ।"

—"ਗੋਡਿਆਂ ਪਰਨੇ ਹੋ ਕੇ ਦਰਬਾਰ ਵਿਚ ਹਾਜ਼ਰ ਹੋ। ਸ਼ਾਇਦ ਦਾਤੇ ਦੇ ਮਨ ਮਿਹਰ ਪੈ ਜਾਵੇ।" ਖਲੀਲ ਖਾਂ ਨੇ ਵਜ਼ੀਰ ਖਾਂ ਨੂੰ ਸਲਾਹ ਦਿੱਤੀ।

—"ਜਿਨ੍ਹਾਂ ਸਲਾਮਾ ਕਰਵਾਈਆਂ ਹੋਣ ਉਨ੍ਹਾਂ ਨੂੰ ਝੁਕਣਾ ਮੌਤ ਏ। ਸਿਰ ਕਟਵਾਇਆ ਜਾ ਸਕਦਾ ਏ ਪਰ ਝੁੱਕ ਨਹੀਂ ਸਕਦਾ।" ਵਜ਼ੀਰ ਖਾਂ ਬੋਲਿਆ

—"ਡਾਂਗ ਮਾਰ ਕੇ ਗੋਡੇ ਦੀ ਚੱਪਣੀ ਤੋੜ ਦਿਉ। ਜੇ ਰਿੜ੍ਹ ਕੇ ਦਰਬਾਰ ਵਿਚ ਜਾਣ ਲਈ ਤਿਆਰ ਏ ਤਾਂ ਠੀਕ, ਨਹੀਂ ਤਾਂ ਦੂਜੀ ਦੀ ਵੀ ਅਲਖ ਮੁਕਾ ਦਿਉ।" ਬਾਜ ਸਿੰਘ ਨੇ ਦਰਬਾਰ ਤੋਂ ਪਰੇ ਹੀ ਹੁਕਮ ਦਿੱਤਾ।

ਠਾਹ!

—"ਹਾਏ ਅੱਲਾ, ਰਹੀਮ!" ਇਕੋ ਹੀ ਡਾਂਗ ਨੇ ਉਸਨੂੰ ਉਕੜੂ ਬਣਾ ਦਿੱਤਾ। ਰਜਿਆਂ ਵਿਚ ਬਝਾ ਵਜ਼ੀਰ ਖਾਂ ਦਰਬਾਰ ਵਿਚ ਪੁੱਜਾ।

—"ਸੂਬੇਦਾਰ ਜੀ ਆਪਣੀ ਸਰਹੰਦ ਦਾ ਨਜ਼ਾਰਾ ਵੇਖਿਆ ਜੇ। ਸ਼ਮ੍ਹਾਦਾਨਾਂ ਦੀਆਂ ਰੌਸ਼ਨੀਆਂ ਵਿਚ ਝਾਂਜਰਾਂ ਦੀ ਛਣਕਾਰ ਸੁਣੀ ਜੇ। ਸੱਚ ਆਖੀਂ ਹੁਣ ਮੌਤ ਸੰਘੀ ਦੇ ਨੇੜੇ ਆ ਚੁਕੀ ਏ। ਮਲਕੁਲ ਮੌਤ ਤੇਰੀ ਸ਼ਾਹ ਰਗ ਦੇ ਲਾਗੇ ਬੈਠ ਗਿਆ ਏ। ਦੋ ਘੜੀਆਂ ਤਾਂ ਸੱਚ ਬੋਲ ਲੈ। ਸ਼ਾਇਦ ਦੋ ਘੜੀਆਂ ਦੀ ਮੋਹਲਤ ਤੇਰੀ ਜਿੰਦਗੀ ਦੀ ਮੰਜ਼ਲ ਤੋਂ ਪਾਰ ਹੋ ਜਾਵੇ। ਝੂਠ ਬੋਲਿਆਂ ਵੀ ਤਾਂ ਅਸੀਂ ਸੱਚ ਅਖਵਾ ਲੈਣਾ ਏਂ। ਕੀ ਤੂੰ ਬਿਨਾ ਕਾਰਨ ਤੋਂ ਆਨੰਦਪੁਰ ਤੇ ਚੜ੍ਹਾਈ ਨਹੀਂ ਸੀ ਕੀਤੀ? ਕੀ ਝੂਠੀਆਂ ਕਸਮਾਂ ਖਾ ਕੇ ਗੁਰੂ ਜੀ ਤੋਂ ਕਿਲਾ ਖਾਲੀ ਨਹੀਂ ਸੀ ਕਰਵਾਇਆ? ਕੀ ਤੂੰ ਚਮਕੌਰ ਕੀ ਗੜ੍ਹੀ ਵਿਚ ੪੦ ਭੁੱਖੇ ਸਿੰਘ ਲੱਖਾਂ ਦੇ ਘੇਰੇ ਵਿਚ ਸ਼ਹੀਦ ਨਹੀਂ ਸੀ ਕੀਤੇ? ਕੀ ਉਸ ਵੇਲੇ ਤੈਨੂੰ ਮੌਤ ਚੇਤੇ ਨਾ ਆਈ? ਕੀ ਉਸ ਵੇਲੇ ਤੇਰੀ ਦਾਹੜੀ ਦਾ ਰੰਗ ਫਿਕਾ ਨਾ ਪਿਆ? ਤੇਰੀ ਤਸਬੀ ਦੇ ਮਣਕਿਆਂ ਵਿਚ ਗੁਨਾਹ ਦੀ ਆਵਾਜ਼ ਨਾ ਗੂੰਜੀ? ਭੁਖਿਆ ਦੀ ਪੁੱਠੀ ਖੱਲ ਲੁਹਾਣ ਲਗਿਆਂ ਤੇਰੀ ਜ਼ਬਾਨ ਨਾ ਥਿੜਕੀ? ਤੇਰੀਆਂ ਲੱਤਾਂ ਨੂੰ ਭੋਲਾ ਨਾ ਹੋਇਆ। ਪੰਜਾਂ ਸੱਤਾਂ ਸਾਲਾਂ ਦੇ ਬੇਗੁਨਾਹ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿਚ ਚੁਣਵਾਂਦਿਆਂ ਤੇਰਾ ਕਲੇਜਾ ਮੂੰਹ ਨੂੰ ਨਾ ਆਇਆ? ਤੈਨੂੰ ਫਰੂਨ ਦੀ ਮੌਤ ਚੇਤੇ ਨਹੀਂ ਸੀ? ਯਜ਼ੀਜ਼ ਦਾ ਹਸ਼ਰ ਤੇਰੀਆਂ ਅੱਖਾਂ ਸਾਹਮਣੇ ਨਾ ਘੁੰਮਿਆ। ਭੈੜਿਆ, ਜੇ ਇਕ ਵਾਰ ਕਰਬਲਾ ਹੀ ਚੇਤੇ ਕੀਤੀ ਹੁੰਦੀ ਤਾਂ ਸ਼ਾਇਦ ਇਹ ਜ਼ੁਲਮ ਕਰਨ ਲਗਿਆਂ ਤੇਰੇ ਦਿਲ ਵਿਚ ਕੁੜੱਲ ਪੈ ਜਾਂਦੇ! ਤੂੰ ਬੱਚਿਆਂ ਵਾਲਾ ਨਹੀਂ ਸੀ।" ਬੰਦਾ ਬਹਾਦਰ ਬੋਲ ਰਿਹਾ ਸੀ।

ਵਜ਼ੀਰ ਖਾਂ ਚੁੱਪ ਸੀ ਅਤੇ ਹੁਣ ਉਸ ਪਾਸ ਇਸ ਦਾ ਕੋਈ ਜਵਾਬ ਨਹੀਂ ਸੀ।

—"ਰੱਸੇ ਬੰਨ੍ਹ ਕੇ ਜੂੜ ਦਿਓ ਤੇ ਇਸ ਦੇ ਸਾਹਮਣੇ ਇਸ ਦੇ ਹਮਾਇਤੀਆਂ ਦਾ ਤਮਾਸ਼ਾ ਵਖਾਓ।" ਬੰਦੇ ਬਹਾਦਰ ਨੇ ਗੁੱਸੇ ਵਿਚ ਆਖਿਆ।

—"ਆਹ ...ਹਾਂ।" ਹਾਸਾ ਖਿੜ ਖਿੜਾ ਕੇ ਬੰਦੇ ਦੇ ਬੁਲ੍ਹਾਂ ਤੇ ਨੱਚ ਉੱਠਿਆ "ਸੁਚਾ ਨੰਦ ਸਵਾਰੀ ਤੇ ਪਸੰਦ ਆਈ ਏ ਦੀਵਾਨ ਸਾਹਿਬ। ਖੋਤੇ ਨੂੰ ਵੀ ਸ਼ਰਮ ਆ ਰਹੀ ਏ, ਸਵਾਰ ਦੀ ਸ਼ਕਲ ਵੇਖ ਕੇ। ਬੋਲਦੀਆਂ ਨਹੀਂ ਸਰਕਾਰਾਂ, ਜ਼ਬਾਨ ਤਾਲੂ ਨਾਲ ਲੱਗ ਗਈ। ਮੈਂ ਆਖਿਆ ਏ ਉਸ ਵੇਲੇ ਤਾਂ ਕਿਤੇ ਜ਼ਬਾਨ ਵਿਚ ਵਲ ਵੀ ਨਹੀਂ ਸੀ ਪਿਆ। ਕਮੀਨੇ ਉਨ੍ਹਾਂ ਮਸੂਮਾਂ ਕਿਹੜੀ ਤੇਰੀ ਪੈਲੀ ਉਜਾੜੀ ਸੀ? ਕਿਹੜੀ ਤੇਰੀ ਜ਼ਾਇਦਾਦ ਦਾ ਹਿੱਸਾ ਵੰਡਣਾ ਸੀ ਉਨ੍ਹਾਂ ਤੋਤਲੀਆਂ ਜ਼ਬਾਨਾਂ? ਤੈਨੂੰ ਮਾਂ ਪਿਉ ਹੋਣ ਦੀ ਸ਼ਰਮ ਨਾ ਆਈ। ਖ਼ਾਨਦਾਨ ਤੇ ਲਾਹਨਤ ਦੇ ਧੱਬੇ ਦਾ ਅਸਰ ਨਾ ਪਿਆ? ਕੀ ਤੇਰੇ ਧਰਮ ਨੇ ਤੈਨੂੰ ਮਜਬੂਰ ਨਾ ਕੀਤਾ? ਘਰ ਤੇਰੀ ਤੇ ਦੀਵਾਨੀ ਖੁਸਦੀ ਸੀ ਨਾ ਸੇਜਾਂ ਵਿਚ ਖਲਲ ਪੈਂਦਾ ਸੀ। ਸ਼ੀਸ਼ ਮਹਿਲ ਦੀ ਥਾਂ ਝੁੱਗੀਆਂ ਵਿਚ ਸੌਣ ਦਾ ਡਰ ਸੀ। ਆਉਣ ਵਾਲੀਆਂ ਨਸਲਾਂ ਤੈਨੂੰ ਕਿਨ੍ਹਾਂ ਸ਼ਬਦਾਂ ਨਾਲ ਯਾਦ ਕਰਨਗੀਆਂ ਕਦੀ ਸੋਚਿਆ ਈ? ਕੀ ਲੋੜ ਏ ਤੈਨੂੰ ਸੋਚਣ ਦੀ। ਤੇਰੇ ਘਰ ਤਾਂ ਘਿਉ ਦੇ ਚਰਾਗ ਜਲਦੇ ਸਨ। ਪਰ ਉਸ ਘਰ ਦਾ ਵੀ ਖਿਆਲ ਕੀਤਾ ਸੀ ਜਿਸ ਘਰ ਦੇ ਦੋ ਚਰਾਗ ਫੂਕ ਮਾਰ ਕੇ ਬੁਝਾ ਦਿੱਤੇ। ਹਰ ਮਾਂ ਪਿਉ ਨੂੰ ਆਪਣੀ ਔਲਾਦ ਪਿਆਰੀ ਹੁੰਦੀ ਹੈ। ਕਦੀ ਉਨ੍ਹਾਂ ਦਾ ਦਿਲ ਵੀ ਟਟੋਲਿਆ ਈ।" ਬੰਦੇ ਦੇ ਬੋਲਾਂ ਵਿਚ ਗੁੱਸੇ ਦੀ ਗਰਜ ਸੀ।

—"ਹਜ਼ੂਰ ਏ ਅਨਵਰ ਦੇ ਬੁਲ੍ਹ ਨਹੀਂ ਖੁਲ੍ਹਦੇ। ਜ਼ਬਾਨ ਨਹੀਂ ਚਲਦੀ। ਇਸ ਦਰਬਾਰ ਵਿਚ ਚੁੱਪ ਨਾਲ ਕੰਮ ਨਹੀਂ ਚਲ ਸਕਦਾ। ਕੁਝ ਨਾ ਕੁਝ ਤੇ ਬੋਲਣਾ ਹੀ ਪਵੇਗਾ" ਬੰਦੇ ਬਹਾਦਰ ਨੇ ਫਿਰ ਆਪਣੇ ਹੁਕਮ ਤੇ ਜ਼ੋਰ ਦਿੱਤਾ।

—"ਰਹਿਮ, ਅੰਨ ਦਾਤਾ ਰਹਿਮ।" ਸੁਚਾ ਨੰਦ ਬੋਲ ਰਿਹਾ ਸੀ। ਵਿਲਕਦਾ ਲਿੱਲੜੀਆਂ ਲੈਂਦਾ।

—"ਇਹਨੂੰ ਜਲਦੀ, ਬੜੀ ਜਲਦੀ ਰੱਬ ਚੇਤੇ ਆ ਗਿਆ ਈ। ਕਿਤੇ ਰੱਬ ਨਾਲ ਭਾਈ ਵਾਲੀ ਤਾਂ ਨਹੀਂ ਪਾਈ ਹੋਈ। ਸੂਬੇਦਾਰ ਨਾਲ ਦਸਤ ਪੰਜਾ ਲੈਂਦਾ ਸੀ। ਸਾਂਝੀਆਂ ਬੁਰਕੀਆਂ ਸਨ। ਦੰਦ ਖਿੱਚ ਲਵੋ ਇਸ ਸਪੋਲੀਏ ਦੇ ਮੁੜ ਕੇ ਨਾ ਇਸ ਦੇ ਦੰਦਾਂ ਵਿਚ ਕਰੀਚ ਆਵੇ ਤੇ ਨਾ ਇਹ ਜਨਮ ਭਰ ਮੁੜ ਕੇ ਡੰਗ ਹੀ ਮਾਰੇ। ਦੰਦਾਂ ਵਿਚ ਸੰਨ੍ਹੀਆਂ ਪਾ ਕੇ ਪੁੱਟ ਲਵੋ ਜੜ੍ਹਾਂ ਤੋਂ।" ਬਾਜ਼ ਸਿੰਘ ਨੇ ਆਪਣੇ ਵੱਲੋਂ ਹੁਕਮ ਦਿੱਤਾ।

ਸੁਚਾ ਨੰਦ ਦੇ ਦੰਦ ਸੰਨ੍ਹੀਆਂ ਨਾਲ ਪੁੱਟੇ ਜਾ ਰਹੇ ਸਨ। ਲਹੂ ਤੇ ਗੋਸ਼ਤ ਦੇ ਲੋਥੜੇ ਵਗ ਰਹੇ ਸਨ ਮੂੰਹ ਵਿਚੋਂ। ਅੱਧਾ ਕੁ ਲਫ਼ਜ਼ ਹਾਇ ਰਾਮ ਨਿਕਲਦਾ।

—"ਠੂਠਾ ਦੇ ਦਿਉ ਇਸ ਦਾਤੇ ਦੇ ਹੱਥ ਵਿਚ ਤੇ ਮੂੰਹ ਕਾਲਾ ਕਰ ਦਿਉ। ਵੇਖਣਾ ਭੁਲਣਾ ਨਹੀਂ। ਜੁਤੀਆਂ ਦੀ ਵਰ ਮਾਲਾ ਜ਼ਰੂਰ ਪਾਉਣੀ। ਗਲੀ ਗਲੀ, ਘਰ ਘਰ ਇਹ ਕੌਡੀਆਂ ਮੰਗੇ! ਫਿਰ ਪੁੱਠਾ ਕਰ ਕੇ ਟੰਗ ਦਿਉ। ਤੀਰ ਮਾਰ ਮਾਰ ਕੇ ਵਿਨ੍ਹੋ ਇਸ ਦਾ ਅੰਗ ਅੰਗ। ਇਸ ਦੀ ਜਾਨ ਨਿਕਲਣ ਤੇ ਮਜਬੂਰ ਹੋ ਜਾਵੇ।" ਬੰਦੇ ਬਹਾਦਰ ਦਾ ਫਰਮਾਨ ਸਾਦਰ ਹੋਇਆ।

ਸਾਰੇ ਸ਼ਹਿਰ ਵਿਚ ਹਾਹਾਕਾਰ ਮੱਚ ਗਈ। ਇਧਰ ਸੁਚਾ ਨੰਦ ਦੀ ਰੂਹ ਦਸਮ ਦਵਾਰ ਜਾ ਰਹੀ ਸੀ। ਇਕ ਸਿੱਖ ਮੂੰਹ ਵਿਚ ਗੁਣਗੁਣਾ ਰਿਹਾ ਸੀ।

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ।

ਨਾਨਕ ਜਿਉਂ ਮਥਨਿ ਮਾਧਾਣੀਆ

ਤਿਉ ਮਥੇ ਧ੍ਰਮਰਾਇ।

—"ਖਲੀਲ ਖਾਂ ਨੂੰ ਸਰਹੰਦ ਦਾ ਕੋਤਵਾਲ ਬਣਾ ਦਿਉ ਤੇ ਬਾਜ ਸਿੰਘ ਨੂੰ ਸੂਬੇਦਾਰ ਬਣਾ ਦਿਉ।" ਰਾਜਗੁਰੂ ਨੇ ਐਲਾਨ ਪੜ੍ਹ ਕੇ ਸੁਣਾਇਆ।

ਫਿਰ ਕੀ ਸੀ ਸਾਰਾ ਦੀਵਾਨ ਜੈਕਾਰਿਆਂ ਨਾਲ ਗੂੰਜ ਉਠਿਆ।

—"ਔਹ ਕੀ ਲਈ ਆਉਂਦੇ ਹਨ। ਬਾਜ ਸਿੰਘ!" ਬੰਦੇ ਬਹਾਦਰ ਨੇ ਆਖਿਆ।

—"ਰੱਬ ਜਾਣੇ ਇਕ ਸੰਦੂਕ ਜਾਪਦੈ। ਲੈ ਆਉ ਰੁਕੋ ਨਾ। ਕੌਣ, ਕਾਹਨ ਸਿੰਘ ਰਾਮ ਸਿੰਘ, ਸ਼ਾਮ ਸਿੰਘ। ਮੈਂ ਆਖਿਆ ਇਹ ਕੀ ਸੁਗਾਤ ਏ।" ਬਾਜ ਸਿੰਘ ਬੋਲਿਆ।

—"ਪਠਾਣ ਲਈ ਜਾਂਦੇ ਸਨ। ਖੋਹ ਕੇ ਹਾਜ਼ਰ ਕਰ ਦਿੱਤੀ ਏ।" ਕਾਹਨ ਸਿੰਘ ਨੇ ਆਖਿਆ!

—"ਲੁੱਟ ਦਾ ਮਾਲ ਜਾਪਦੈ। ਸ਼ਾਹੀ ਖਜ਼ਾਨੇ ਦਾ ਸੰਦੂਕ ਏ! ਇਸ ਵਿਚ ਜ਼ੇਵਰਾਤ ਦੇ ਭੰਡਾਰ ਹਨ।" ਖਲੀਲ ਖਾਂ ਦੀ ਆਵਾਜ਼ ਸੀ।

—"ਵੇਖਦੇ ਕੀ ਹੋ, ਤੋੜ ਦਿਉ ਤਾਲਾ ਤੇ ਖੋਹਲੋ।" ਬਾਜ ਸਿੰਘ ਨੇ ਹੁਕਮ ਦਿੱਤਾ।

ਸੰਦੂਕ ਖੋਲ੍ਹਿਆ ਤਾਂ ਵਿਚੋਂ ਇਕ ਮੁਟਿਆਰ ਸੁੰਦਰੀ ਨਿਕਲੀ। ਭਾਵੇਂ ਜ਼ੇਵਰਾਤ ਨਾਲ ਸੰਦੂਕ ਭਰਿਆ ਹੋਇਆ ਸੀ, ਅਚੰਭੇ ਦੀ ਗੱਲ ਸੀ।

"ਤੂੰ ਕੌਣ ਏਂ", ਬਾਜ ਸਿੰਘ ਨੇ ਪੁੱਛਿਆ।

ਸੁੰਦਰੀ ਚੁੱਪ ਸੀ।

—"ਵਜ਼ੀਰ ਖਾਂ ਦੀ ਬੇਟੀ" ਖਲੀਲ ਖਾਂ ਨੇ ਆਖਿਆ।

ਵਜ਼ੀਰ ਖਾਂ ਹੱਕਾ ਬੱਕਾ ਸੀ ਤੇ ਉਸ ਦੇ ਚਿਹਰੇ ਤੇ ਉਦਾਸੀ ਦੇ ਬਦਲਾਂ ਨੇ ਡੇਰੇ ਪਾ ਲਏ।

—"ਵਜ਼ੀਰ ਖਾਂ ਤੇਰੀ ਸਾਹਿਬਜ਼ਾਦੀ ਏ, ਕੀ ਸਲੂਕ ਕੀਤਾ ਜਾਵੇ।" ਬੰਦੇ ਨੇ ਫੁਰਮਾਇਆ।

ਵਜ਼ੀਰ ਖਾਂ ਦੀਆਂ ਅੱਖਾਂ ਵਿਚ ਅਥਰੂ ਸਨ।

—"ਅਸੀਂ ਤੇਰੇ ਵਾਂਗ ਜ਼ਾਲਮ ਨਹੀਂ, ਇਸ ਨੂੰ ਬੜੀ ਇੱਜ਼ਤ ਨਾਲ ਦਿੱਲੀ ਭੇਜ ਦਿਓ। ਹਾਂ ਬੇਟੀ ਆਪਣੇ ਭਰਾ ਨੂੰ ਆਖੀਂ ਕਿ ਤੇਰੇ ਅੱਬਾ ਜਾਨ ਬਹਿਸ਼ਤ ਵਿਚ ਤੇਰੀ ਉਡੀਕ ਕਰਨਗੇ।

ਲਿਆਓ ਪਾਲਕੀ ਤੇ ਲੈ ਜਾਉ ਕਹਾਰੋ ਦਿੱਲੀ ।" ਬਹਾਦਰ ਬੰਦੇ ਨੇ ਫੁਰਮਾਨ ਜਾਰੀ ਕੀਤਾ ।

ਝੁੱਕ ਕੇ ਸਲਾਮ ਕੀਤੀ ਸੁੰਦਰੀ ਨੇ ਤੇ ਪਾਲਕੀ ਵਿਚ ਬੈਠ ਗਈ । ਕਹਾਰਾਂ ਪਾਲਕੀ ਚੁੱਕ ਲਈ । "ਖੁਦਾ ਹਾਫਜ਼ ਅੱਬਾ ਜਾਨ" ਸੁੰਦਰੀ ਦੀ ਅਵਾਜ਼ ਸੀ ।

"ਖੁਦਾ ਹਾਫਜ਼" ਵਜ਼ੀਰ ਖਾਂ ਨੇ ਦੁਆ ਪੜ੍ਹੀ । ਉਸ ਦੀ ਆਵਾਜ਼ ਸੀ 'ਆਮੀਨ' ।

—"ਕਿੰਨੇ ਇਨਸਾਫ ਪਸੰਦ ਹਨ ਇਹ ਸਿੱਖ । ਕਿੰਨੇ ਬਲੰਦ ਇਨਸਾਨ ਹਨ । ਯਾ ਅੱਲਾ ! ਬਖਸ਼" ਵਜ਼ੀਰ ਖਾਂ ਆਖ ਰਿਹਾ ਸੀ ।

—'ਅੱਛਾ ਇਸ ਨੂੰ ਰੱਸੇ ਵਿਚ ਜੂੜ ਕੇ ਦੋ ਵਹਿੜਕਿਆਂ ਪਿੱਛੇ ਜੋੜ ਦਿਉ ਤੇ ਸਾਰੀ ਸਰਹਿੰਦ ਵਿਚ ਘਸੀਟੋ ਤੇ ਫਿਰ ਬਲਦੀ ਅੱਗ ਵਿਚ ਸੁੱਟ ਦਿਉ ।' ਬੰਦਾ ਬਹਾਦਰ ਜਾਂਦਾ ਜਾਂਦਾ ਆਖ ਰਿਹਾ ਸੀ ।

ਦਰਬਾਰ ਬਰਖਾਸਤ ਹੋਇਆ ਤੇ ਸੂਰਜ ਦੀ ਰੋਸ਼ਨੀ ਮਠੀ ਪਈ ।'

ਵਹਿੜਕਿਆਂ ਸਾਰਾ ਸ਼ਹਿਰ ਘੁੰਮ ਲਿਆ ਵਜ਼ੀਰ ਖਾਂ ਨੂੰ ਘਸੀਟ ਕੇ । ਸੂਰਜ ਡੁੱਬਣ ਨਾਲ ਹੀ ਵਜ਼ੀਰ ਖਾਂ ਅੱਗ ਦੀ ਬੁੱਕਲ ਵਿਚ ਜਾ ਪਿਆ । ਅੱਗ ਗੁਲੇ ਗੁਲਨਾਰ ਤਾਂ ਨਾ ਬਣੀ ਪਰ ਸਵੇਰ ਦੀ ਟਿੱਕੀ ਪੁੰਗਰਨ ਤੱਕ ਵਜ਼ੀਰ ਖਾਂ ਦਾ ਕਿਤੇ ਖੋਜ ਖੁਰਾ ਵੀ ਨਾ ਲੱਭਾ ।

———

੨੦

ਜਾਗੇ ਖੇਤਾਂ ਦੇ ਰਾਜੇ

ਜਿਤੇ ਹੋਏ ਨੂੰ ਲੋਕ ਬਹਾਦਰ, ਬੀਰ ਅਤੇ ਸ਼ਕਤੀਵਾਨ ਆਖਦੇ ਹਨ। ਹਾਰੇ ਹੋਏ ਨੂੰ ਕਾਇਰ, ਨਿਕੰਮਾ, ਬੁਜ਼ਦਿਲ ਤੇ ਮੂਰਖ, ਇਹ ਦੁਨੀਆਂ ਦਾ ਵਤੀਰਾ ਏ। ਦਾਤੀ ਦੇ ਇਕ ਪਾਸੇ ਦੰਦੇ ਹੁੰਦੇ ਹਨ ਤੇ ਦੁਨੀਆਂ ਦੇ ਦੋਹੀਂ ਪਾਸੀਂ। ਇਹ ਕਿਸੇ ਛਾਬੇ ਵੀ ਪੂਰੀ ਨਹੀਂ ਹੁੰਦੀ। ਜਿਸ ਨੂੰ ਅੱਜ ਪਰਮਾਤਮਾ ਆਖਦੀ ਏ ਉਸੇ ਨੂੰ ਕਲ ਪਾਪੀ, ਪਾਖੰਡੀ ਆਖਣੋਂ ਜ਼ਰਾ ਨਹੀਂ ਸੰਗਦੀ। ਬੜੀ ਰਾਹਕਾਰ ਏ ਦੁਨੀਆਂ। ਚੜ੍ਹਦੇ ਸੂਰਜ ਨੂੰ ਸਲਾਮਾਂ ਹੁੰਦੀਆਂ ਹਨ, ਤੇਜ ਅੱਗੇ ਹਰ ਇਕ ਮਸਤਕ ਝੁਕਦਾ ਹੈ। ਕੌਣ ਜਾਣੇ ਕਿਸ ਅੰਦਰ ਹੀਰੇ ਦੀ ਕਣੀ ਏ। ਲਾਲ ਗੋਦੜੀਆਂ ਵਿਚ ਹੀ ਹੁੰਦੇ ਹਨ। ਚਿੱਕੜ ਵਿਚੋਂ ਕੰਵਲ ਫੁੱਲ ਦਾ ਜਨਮ ਹੁੰਦਾ ਹੈ। ਦੇਵਤੇ ਦੇ ਮਸਤਕ ਤੇ ਚੜ੍ਹਦਿਆਂ ਗੜੇ ਗੁਲਾਬ ਨੂੰ ਕਿਸੇ ਨੇੜੇ ਨਾ ਆਉਣ ਦਿੱਤਾ। ਮਨੁੱਖ ਇਕ ਕਿਸਤੀ ਏ, ਲਹਿਰ ਦੀ ਚਾਦਰ ਤੇ ਚਲਦੀ ਜਾਂਦੀ ਏ. ਪਤਵਾਰ ਨੂੰ ਮੁੜ ਮੁੜ ਕੇ ਨਾ ਵੇਖ। ਦਰਿਆ ਦੇ ਉਤਾਰ ਚੜ੍ਹਾ ਵੱਲ ਨਜ਼ਰ ਨਾ ਮਾਰ। ਬੰਦਾ ਬਹਾਦਰ ਕਦੀ ਇਸ ਤਰ੍ਹਾਂ ਬੋਲਦਾ। ਉਹ ਗੁਲਾਬ ਦੇ ਫੁੱਲ ਵਾਂਗ ਰਹਿਣਾ ਚਾਹੁੰਦਾ ਸੀ, ਉਹ ਲੋਭੀ ਤੇ ਲਾਲਚੀ ਨਹੀਂ ਸੀ, ਤਿਆਗੀ ਸੀ। ਉਹ ਸਭ ਕੁਝ ਜਿੱਤ ਕੇ ਵੀ ਦੂਜੇ ਦੇ ਅਰਪਣ ਕਰ ਦਿੰਦਾ। ਹੁਣ ਉਸ ਅੱਧੀ ਪੰਜਾਬ ਜਿੱਤ ਲਈ ਸੀ। ਬੰਦੇ ਦੇ ਪਾਲੀ ਘੋੜੇ ਨੂੰ ਵੀ ਸਲਾਮਾਂ ਹੁੰਦੀਆਂ, ਸਾਰੇ ਇਲਾਕੇ ਵਿਚ ਘੋੜਾ ਘੁੰਮਦਾ ਨਜ਼ਰਾਨੇ ਲੈਂਦਾ ਅੱਗੇ ਵੱਧਦਾ ਜਾਂਦਾ। ਮਗਰ ਲੱਗੇ ਸਿੱਖ ਮਾਮਲਾ ਉਗਰਾਹ ਰਹੇ ਸਨ, ਚਾਰੇ ਚੱਕ ਜਗੀਰਾਂ ਸੀ, ਛੱਟਾਂ ਭਰ ਭਰ ਮਾਮਲਾ ਲੋਹਗੜ੍ਹ ਪੁੱਜਦਾ। ਥਾਂ ਥਾਂ ਢਾਣੀਆਂ ਬੈਠੀਆਂ ਹੋਈਆਂ ਸਨ ਕੋਈ ਹਾਲ ਮਸਤ ਕੋਈ ਚਾਲ ਮਸਤ। ਜਿਸ ਰੰਗ ਦਾ ਕੋਈ ਸੀ, ਆਪਣਾ ਅਨੰਦ ਲੈ ਰਿਹਾ ਸੀ। ਲੋਹਗੜ੍ਹ ਵਿਚ ਮਹਿਫਲਾਂ ਜੁੜੀਆਂ ਹੋਈਆਂ ਸਨ। ਜਸ਼ਨ ਹੋ ਰਹੇ ਸਨ। ਕੋਈ ਘੁੰਗਰੂਆਂ ਦੀ ਛਣਕਾਰ ਤੇ ਕੰਨ ਧਰੀ ਬੈਠਾ ਸੀ, ਕਿਸੇ ਚੌਸਰ ਵਿਛਾਈ ਹੋਈ ਸੀ। ਕਿਤੇ ਭੰਗਾਂ ਘੁਟ ਰਹੀਆਂ ਸਨ ਤੇ ਕਿਤੇ ਮਦਰਾ ਉੱਡ ਰਹੀ ਸੀ। ਪੋਸਤੀਆਂ ਦੀਆਂ ਢਾਣੀਆਂ ਨਸ਼ੇ ਵਿਚ ਗੁੱਟ ਸਨ। ਇਕ ਪੋਸਤੀ ਨੇ ਆਖਿਆ।

—"ਸੁਣ ਓਏ ਸ਼ੰਗਾਰਿਆ, ਕੁਝ ਮਜ਼ਾ ਵੀ ਆਇਆ ਈ ਡੋਡਿਆਂ ਦਾ।"

—"ਛੱਡ ਓਏ ਵੰਮਣਾ, ਹਰ ਵੇਲੇ ਪੋਸਤੀਆਂ ਵਾਲੀਆਂ ਗੱਲਾਂ ਕਰਦਾ ਰਹਿੰਦਾ ਏਂ।

ਇਹ ਕੋਈ ਨਸ਼ਾ ਏ। ਬੁਜ਼ਦਿਲ ਨਸ਼ਾ ਏ। ਸ਼ਰਾਬ ਪੀ ਕੇ ਵੇਖ ਸ਼ੇਰ ਬਣਾ ਦੇਂਦੀ ਏ। ਲਾਲੀਆਂ ਭਖਣ ਲੱਗ ਪੈਂਦੀਆਂ ਹਨ ਚਿਹਰਿਆਂ ਤੇ।" ਇਕ ਪਿਆਕੜ ਨੇ ਜ਼ਰਾ ਰੰਗ ਵਿਚ ਆਣ ਕੇ ਆਖਿਆ।

—"ਭਈ ਪਰਸੋਂ ਵਾਲੀ ਗੱਲ ਖੂਬ ਰਹੀ ਪੰਜ ਰਤਨੀ ਨੇ ਤਾਂ ਕਮਾਲ ਹੀ ਕਰ ਦਿੱਤਾ" ਨੱਥਾ ਸਿੰਘ ਬੋਲਿਆ।

—"ਹਾਂ, ਹਾਂ ਯਾਰ, ਚਰਚਾ ਤਾਂ ਬੜੀ ਸੁਣੀਂਦੀ ਏ। ਉਹ ਕੀ ਮਾਜਰਾ ਏ", ਸ਼ੰਗਾਰਾ ਬੋਲਿਆ।

ਗੁਲਾਬਾ ਆਖ ਰਿਹਾ ਸੀ 'ਜਦੋਂ ਸਰਹਿੰਦੋਂ ਆਏ ਤਾਂ ਅਸੀਂ ਚਾਰ ਸਾਥੀ ਸਾਂ। ਇਥੇ ਇਕ ਹੋਰ ਆਣ ਰਲਿਆ। ਤਿੰਨ ਨਿਹੰਗ ਤੇ ਦੋ ਦੁਆਬੀਏ। ਬਸ ਕੀ ਸੀ ਪੰਜਾਂ ਦੀ ਜੁੰਡੀ ਇਕੱਠੀ ਬੈਠਦੀ ਤੇ ਲੋਹਗੜ੍ਹ ਆ ਕੇ ਅਸਾਂ ਸੁੱਖਾ ਘੋਟਣਾ ਸ਼ੁਰੂ ਕਰ ਦਿੱਤਾ ਤੇ ਇਕ ਆਦਮੀ ਬੋਲਿਆ ਯਾਰ ਅੱਜ ਪੰਜ ਰਤਨੀ ਉੱਡੇ। ਅਸੀਂ ਜਾਣਦੇ ਨਹੀਂ ਸੀ ਪੰਜ ਰਤਨੀ ਕੀ ਬਲਾ ਏ। ਉਸ ਦੇ ਮਗਰ ਹੁੰਗਾਰਾ ਭਰ ਦਿੱਤਾ ਤੇ ਫੇਰ ਕੀ ਸੀ, ਸੁੱਖਾ ਘੋਟ ਘੋਟ ਕੇ ਅਸੀਂ ਮਹਿੰਦੀ ਵਰਗਾ ਕਰ ਦਿੱਤਾ। ਡੰਡਾ ਕੂੰਡੀ ਵਿਚ ਇਸ ਤਰ੍ਹਾਂ ਨੱਚ ਰਿਹਾ ਸੀ, ਸਹੁੰ ਗੁਰੂ ਦੀ ਜਿਸ ਤਰ੍ਹਾਂ ਪਿੜ ਵਿਚ ਨਾਚੀ ਆਪਣਾ ਜੋਬਨ ਖਲੇਰ ਰਹੀ ਹੋਵੇ। ਉਸ ਪਿਓ ਦੇ ਪੁੱਤ ਨੇ ਸੁੱਖੇ ਨੂੰ ਅਫੀਮ ਦੀ ਪੁੱਠ ਦੇ ਦਿੱਤੀ ਤੇ ਮਗਰੋਂ ਲਾਲ ਜਿਹੇ ਰੰਗ ਦਾ ਪਾਣੀ, ਜਿਹੜਾ ਉਸ ਮਗਰੋਂ ਦਸਿਆ ਸ਼ਰਾਬ ਸੀ ਪਾਈ। ਅਸਾਂ ਘੋਟਾ ਕੇ ਇਕ ਜਾਨ ਕਰ ਦਿੱਤੀ। ਮਗਰੋਂ ਡੋਡਿਆਂ ਦਾ ਛਿਟਾ ਚਾ ਮਾਰਿਆ। ਉੱਠਦੇ ਉੱਠਦੇ ਨੇ ਧਤੂਰੇ ਦੀ ਚਾਸ਼ਨੀ ਵੀ ਦੇ ਦਿੱਤੀ। ਅੱਧੀ ਦਿਹਾੜੀ ਗਰਕ ਹੋ ਗਈ ਸਾਡੀ ਘੋਟਦਿਆਂ, ਤਾਂ ਜਾ ਕੇ ਗਲਾਸ ਵਿਚ ਉਤਰੀ ਉਹ ਨਸ਼ੇ ਦੀ ਨਟ ਖਟ ਅਲ੍ਹੜ ਮੁਟਿਆਰ। ਫੁਮਣੀਆਂ ਪਾਉਂਦੇ ਨਸ਼ਈਆਂ ਦੇ ਸੰਘ ਵਿਚ ਪਾਣੀ ਆ ਗਿਆ। ਤਿੰਨਾਂ ਨਿਹੰਗਾਂ ਇਕ ਬਾਟਾ ਭਰ ਲਿਆ ਤੇ ਉਸ ਦੇ ਤਿੰਨ ਹਿੱਸੇ ਕਰ ਦਿੱਤੇ। ਦੋ ਦੋ ਚੂਲੀਆਂ ਅਸਾਂ ਵੀ ਲਿਆ ਹੋਣਾ ਏ। ਪੰਜ ਸੱਤ ਪ੍ਰਸਾਦ ਲੈਣ ਵਾਲੇ ਖੜੇ ਸਨ ਉਨ੍ਹਾਂ ਨੂੰ ਵੀ ਚਿਮਚਾ ਚਿਮਚਾ ਪੱਲੇ ਪਈ। ਬਾਕੀ ਦੀ ਅਸਾਂ ਸੱਤਾਂ ਘੋੜਿਆਂ ਨੂੰ ਪਾਣੀ ਪਾ ਕੇ ਪਲਾ ਦਿੱਤੀ ਬਸ ਫੇਰ ਕੀ ਸੀ ਦਿਨੇ ਹੀ ਤਾਰੇ ਦਿਸਣ ਲੱਗ ਪਏ। ਜ਼ਮੀਨ ਘੁੰਮ ਰਹੀ ਸੀ ਤੇ ਅਸਮਾਨ ਚੱਕਰ ਕੱਟ ਰਿਹਾ ਸੀ। ਆਦਮੀ ਨਹੀਂ ਸੀ ਲੱਭਦਾ, ਇਕ ਦੂਜਾ ਲਾਗੇ ਹੀ ਬੈਠਾ ਪਛਾਤਾ ਨਹੀਂ ਸੀ ਜਾਂਦਾ। ਬਸ ਗੱਲਾਂ ਬਾਤਾਂ ਵਿਚ ਭੰਬੀਰੀ ਭੌਂ ਗਈ ਤੇ ਘੋੜੇ ਹਿਣਕਣ ਲੱਗ ਪਏ। ਰੱਸੇ ਤੁੜਵਾ ਲਏ ਘੋੜਿਆਂ। ਘੋੜੇ ਅੱਗੇ ਅੱਗੇ ਸਨ ਤੇ ਮਗਰ ਸਿੱਖ ਸੂਰਮੇ। ਸਾਰੀ ਲੋਹਗੜ੍ਹ ਵਿਚ ਖ਼ੂਰਦ ਮਚਾ ਦਿੱਤਾ ਉਨ੍ਹਾਂ ਘੋੜਿਆਂ। ਚਿਮਚਾ ਲੈਣ ਵਾਲਿਆਂ ਨੂੰ ਤਾਂ ਦੂਜੇ ਦਿਨ ਹੋਸ਼ ਆਈ ਤੇ ਚੂਲੀਆਂ ਵਾਲਿਆਂ ਨੂੰ ਕਿਸੇ ਤੀਜੇ ਦਿਨ ਸੂਰਜ ਨਜ਼ਰ ਆਇਆ। ਬੌਂਦਲ ਗਏ ਬਾਟੇ ਪੀਣ ਵਾਲੇ। ਸੇਰ ਸੇਰ ਘਿਓ ਝਸ ਦਿੱਤਾ ਉਨ੍ਹਾਂ ਦੇ ਸਿਰਾਂ ਵਿਚ। ਅਜੇ ਤੱਕ ਹੋਸ਼ ਨਹੀਂ ਆਈ। ਘੋੜੇ ਚੌਥੇ ਦਿਨ ਮਸਾਂ ਰਸਿਆਂ ਵਿਚ ਜੂੜੇ ਗਏ। ਹੁਣ ਤਾਂ ਪੰਜ ਰਤਨੀ ਦਾ ਨਾਂ ਲੈਣਾ ਵੀ ਲੋਹਗੜ੍ਹ ਵਿਚ ਜੁਰਮ ਏ।'

—'ਤਾਂ ਪੰਜ ਰਤਨੀ ਨੇ ਸਾਰੇ ਲੋਹਗੜ੍ਹ ਨੂੰ ਰੰਗ ਵਿਖਾ ਹੀ ਦਿੱਤਾ' ਸੰਗਾਰਾ ਸਿੰਘ ਬੋਲਿਆ।

—'ਮੈਂ ਆਖਿਆ ! ਇਨੀਆਂ ਜੰਗਾਂ ਜਿੱਤੀਆਂ ਨੇ ਪਰ ਤੂੰ ਕੋਈ 'ਆਪਣੀ ਬਹਾਦਰੀ ਦੇ ਜੌਹਰ ਨਹੀਂ ਦੱਸੇ।' ਨੱਥਾ ਸਿੰਘ ਨੇ ਦਾਹੜੇ ਤੇ ਹੱਥ ਫੇਰਦਿਆਂ ਆਖਿਆ।

—'ਲੈ ਫਿਰ ਸੁਣ, ਅਸਾਂ ਸਮਾਣਾ ਮਾਰਿਆ, ਸਰਹਿੰਦ ਜਿੱਤੀ, ਕਰਨਾਲ ਨਵਾਈ, ਰਾਜੌਰੀ ਦਾ ਲੱਕ ਤੋੜਿਆ, ਅਸਾਂ ਤਲਵਾਰ ਦੀ ਧਾਂਕ ਬਠਾ ਦਿੱਤੀ। ਪਰ ਮੇਰੀ ਤਲਵਾਰ ਅੱਗੇ ਕਿਸੇ ਦਮ ਨਾ ਮਾਰਿਆ। ਅਸਾਂ ਆਹੂ ਲਾਹ ਦਿੱਤੇ ਗਾਜਰਾਂ ਮੂਲੀਆਂ ਵਾਂਗ ਕਈ ਵੱਡੇ ਦੁਸ਼ਮਣਾਂ ਦੇ। ਸਾਡੀ ਬਹਾਦਰੀ ਦੀ ਧਾਂਕ ਪੈ ਗਈ। ਜੈ ਜੈ ਕਾਰ ਨਾਲ ਸਾਰਾ ਮੈਦਾਨ ਗੂੰਜ ਉੱਠਿਆ। ਸਾਡੀ ਤਲਵਾਰ ਜਦੋਂ ਵੀ ਮਿਆਨ ਵਿਚੋਂ ਨਿਕਲੀ, ਦੁਸ਼ਮਣ ਅੱਗੇ ਲੱਗ ਕੇ ਭੱਜ ਉੱਠਿਆ। ਮੈਂ ਬੋਟੀ ਬੋਟੀ ਕਰ ਦਿੱਤਾ ਜਿਹੜਾ ਮੇਰੇ ਮੁਕਾਬਲੇ ਵਿਚ ਖੜਾ ਹੋਇਆ। ਆਖਰ ਇਕ ਦਿਨ ਤਲਵਾਰ ਵਾਹ ਵਾਹ ਕੇ ਸਾਡੀਆਂ ਬਾਹਵਾਂ ਰਹਿ ਗਈਆਂ। ਡੌਲੇ ਫੁਲ ਗਏ, ਮੈਂ ਅਜੇ ਵੀ ਉਸ ਨਾਲ ਲੜ ਰਿਹਾ ਸਾਂ। ਜਦੋਂ ਫੌਜ ਭੱਜ ਚੁੱਕੀ ਸੀ ਤੇ ਸਿੱਖ ਖੁਸ਼ੀ ਦੇ ਸ਼ਾਦਿਆਨੇ ਵਜਾ ਰਹੇ ਸਨ। ਮੈਂ ਤਲਵਾਰ ਦਾ ਹੱਥ ਮਾਰ ਮਾਰਕੇ ਬਾਂਹ ਵਢ ਦਿੱਤੀ। ਛਾਤੀ ਵਿਚ ਪੰਦਰਾਂ ਜ਼ਖਮ ਕਰ ਦਿੱਤੇ। ਦਸ ਬਾਂਹ ਤੇ ਲੱਗੇ ਸਨ ਪੰਜ ਉਸ ਦੇ ਪੱਟਾਂ ਉੱਤੇ। ਪਰ ਗੁਰੂ ਦੀ ਸਹੁੰ ਉਹ ਬੜਾ ਜਣਾ ਸੀ ਉਸ ਵੀ ਸੀ ਨਹੀਂ ਕੀਤੀ, ਜਣੇ ਦੇ ਪੁੱਤ ਨੇ। ਅਸਾਂ ਵੀ ਦਿਲ ਨਾ ਹਾਰਿਆ, ਜਵਾਨ ਹਾਂ ਕੋਈ ਮਖੌਲ ਨਹੀਂ।' ਸੰਗਾਰਾ ਜੋਸ਼ ਵਿਚ ਹੀ ਬੋਲੀ ਜਾ ਰਿਹਾ ਸੀ।

—'ਪਰ ਉਸ ਦਾ ਸਿਰ ਵੀ ਤੂੰ ਹੀ ਵਢਿਆ ਸੀ' ਨੱਥਾ ਸਿੰਘ ਬੋਲਿਆ।

—'ਨਹੀਂ ਓਏ, ਮੈਂ ਕਿਥੇ ਵਢਿਆ ਸੀ ਉਸ ਦਾ ਸਿਰ ਤਾਂ ਅੱਗੇ ਹੀ ਵਢਿਆ ਹੋਇਆ ਸੀ।' ਸਾਰਿਆਂ ਦੇ ਬੁਲ੍ਹਾਂ ਤੇ ਹਾਸਾ ਖਿੜ ਖਿੜਕੇ ਹੱਸਿਆ।

ਦਾਰਾ ਸਿੰਘ ਦੇ ਅੰਦਰ ਵੀ ਕੁੜ ਕੁੜੀ ਹੋਈ। ਬੋਲਿਆ, 'ਤੁਸਾਂ ਤਾਂ ਆਪਣੀ ਬਹਾਦਰੀ ਦੇ ਝੰਡੇ ਗੱਡ ਲਏ ਜੇ ਸਾਡੀ ਬਹਾਦਰੀ ਦੀ ਰਾਮ ਕਹਾਣੀ ਸੁਣ ਲਈ ਤਾਂ ਪੱਕੇ ਫੌਜੀ ਬਣ ਜਾਉਗੇ। ਇਹ ਤਾਂ ਬੱਚਿਆਂ ਦੇ ਕਿੱਸੇ ਹਨ। ਬਹਾਦਰਾਂ ਦੀਆਂ ਵਾਰਾਂ ਨਹੀਂ ਸੁਣੀਆਂ ਸ਼ਾਇਦ। ਅਸੀਂ ਤੁਹਾਨੂੰ ਤਾਜ਼ੀ ਗੱਲ ਸੁਣੌਂਦੇ ਹਾਂ। ਰਾਜ ਗੁਰੂ ਦਾ ਜਦੋਂ ਹੁਕਮ ਹੋਇਆ ਕਿ ਸਰਹਿੰਦ ਤੇ ਟੁੱਟ ਪਓ, ਬਸ ਫੇਰ ਕੀ ਸੀ, ਦਾਰੂ ਸਿੱਕਾ ਬੰਨ੍ਹ ਲਿਆ ਤੇ ਧੌਂਸਾ ਖੜਕਾ ਦਿੱਤਾ ਫੌਜੀਆਂ। ਪਰ ਲੰਗਰ ਮਸਤਾਨਾ ਹੀ ਸੀ। ਪਿੱਛੋਂ ਭੁੱਖਾ ਜਿਦਾਂ ਬਟੇਰਾ ਹੁਛ ਹੁਛ ਕੇ ਗੱਲ ਪੈਂਦਾ ਏ। ਇਸ ਤਰ੍ਹਾਂ ਅਸੀਂ ਵੀ ਮੁਗਲਾਂ ਦੇ ਗੱਲ ਨੂੰ ਕਾਹਲੇ ਪੈ ਰਹੇ ਸਾਂ। ਬੰਦੂਕਾਂ ਸਾਡੇ ਤੋਂ ਵੀ ਪਹਿਲਾਂ ਦੁਸ਼ਮਣ ਤੇ ਫਾਇਰ ਕਰਨ ਨੂੰ ਕਾਹਲੀਆਂ ਸਨ। ਪਰ ਜਦੋਂ ਅੱਗੋਂ ਮੀਂਹ ਵਰਗੀ ਗੋਲੀਆਂ ਦੀ ਵਰਖਾ ਹੋਈ ਉਹ ਰੱਬ ਹੀ ਜਾਣਦਾ ਹੈ। ਘੁਗੂ ਬੋਲ ਗਿਆ ਕਈਆਂ ਸੂਰਮਿਆਂ ਦਾ। ਕਈਆਂ ਦੇਹ ਤਿਆਗ ਦਿੱਤੀ। ਮੇਰੇ ਨਾਲ ਦੇ ਦੀ ਤਾਂ ਬੋਲੋ ਰਾਮ ਹੋ ਗਈ। ਪਰ ਮੈਂ ਅਜੇ ਵੀ ਜੀਉਂਦਾ ਸਾਂ। ਮੁਗਲਾਂ ਦਾ ਇਕ

ਸਰਦਾਰ ਜਦ ਸਾਡੇ ਕੋਲ ਆਇਆ ਤਾਂ ਮੁਰਦਿਆਂ ਨੂੰ ਉਸ ਠੁਡ ਮਾਰਿਆ। ਤਾਂ ਮੈਂ ਸਿਰ ਉੱਚਾ ਕਰ ਕੇ ਆਖਿਆ ਕਿਉਂ ਮਖੌਲ ਕਰਦਾ ਏਂ ਸ਼ਹੀਦਾਂ ਨੂੰ। ਉਹ ਖਿੜਖਿੜਾ ਕੇ ਹੱਸ ਪਿਆ। ਤੂੰ ਵੀ ਕੀ ਯਾਦ ਕਰੇਂਗਾ ਜਾਹ ਨੱਸ ਜਾ ਆਪਣੇ ਡੇਰੇ। ਅਸਾਂ ਸੌ ਸੌ ਸੁੱਖ ਦੇ ਆਪਣੀ ਜਾਨ ਲੈ ਕੇ ਘਰ ਮੁੜੇ।'

—"ਮੈਂ ਕਿਹਾ ਸਰਕਾਰਾਂ ਮਰਾਸੀਆਂ ਦੇ ਘਰ ਦੇ ਲਾਗੇ ਰਹਿਣ ਵਾਲੀਆਂ ਹਨ ਜਾਂ ਹੋਰ ਕਿਸੇ ਦਾ ਪਰਛਾਵਾਂ ਆਇਆ ਹੋਇਆ ਏ।' ਨੱਥਾ ਸਿੰਘ ਬੋਲਿਆ।

—'ਮੇਰਾ ਪਛਵਾੜਾ ਖੁਸਰਾ ਅਲ੍ਹ ਸਲਾਮ ਦਾ ਏ। ਸਾਹਮਣੇ ਮੌਚ ਮਰਾਸੀਆਂ ਦਾ ਘਰ। ਇਕ ਪਾਸੇ ਪਾਂਡੇ ਰਹਿੰਦੇ ਹਨ ਤੇ ਦੂਜੇ ਪਾਸੇ ਬੱਟ। ਪਰ ਸਾਰਿਆਂ ਉਸ ਵੇਲੇ ਭੰਗ ਪੀਤੀ ਹੋਈ ਸੀ ਜਦੋਂ ਦੀ ਮੈਂ ਇਹ ਕਹਾਣੀ ਦੱਸ ਰਿਹਾ ਸਾਂ।'

ਹਾਸਾ ਖਿੜ ਖਿੜਾਕੇ ਫਿਰ ਗੂੰਜਿਆ।

ਕਈ ਦਿਨਾਂ ਤੋਂ ਬਾਅਦ ਜਦ ਸਿੱਖਾਂ ਦੇ ਰਾਜ ਦੀ ਧਾਂਕ ਜੰਮ ਗਈ, ਉਦੋਂ ਇਕ ਦਿਨ......!

ਚੂੜੇ ਦੀ ਖਣਕ ਤੇ ਮਧਾਣੀ ਦੀ ਘੁਮਕਾਰ ਦਾ ਸਾਂਝਾ ਰਾਗ ਕੰਨੀਂ ਪਿਆ। ਹਾਲੀਆਂ ਹੱਲ ਕੱਢੇ। ਸੂਰਜ ਦੀ ਟਿੱਕੀ ਪੁੰਗਰੀ ਜਿਸ ਤਰ੍ਹਾਂ ਕੁੰਵਾਰੀ ਦਾ ਜੋਬਨ ਡਲ੍ਹਕਾਂ ਮਾਰਦਾ ਏ। ਭੱਤਾ ਲੈ ਕੇ ਤੁਰ ਪਈ ਖੇਤਾਂ ਦੀ ਰਾਣੀ। ਗੰਢੇ ਦੀ ਛਿਲ ਵਰਗੀ ਢਾਕੇ ਦੀ ਮਲਮਲ ਦੇ ਦੁੱਪਟੇ ਵਿਚੋਂ ਸੈਨਤਾਂ ਮਾਰਦੀ ਜਾ ਰਹੀ ਸੀ ਚੰਚਲ ਮੁਟਿਆਰ। ਧਾਰੀ ਬੰਨ੍ਹਵਾਂ ਸੁਰਮਾ ਪਾਈ, ਲੌਂਗ ਦੇ ਲਿਸ਼ਕਾਰੇ ਨੇ ਵਗਦੇ ਹੱਲ ਡੱਕ ਲਏ ਤੇ ਵਾਹਣ ਤੇ ਹੀ ਬਹਿ ਗਿਆ ਕ੍ਰਿਸਾਨ ਰਾਜਾ। ਮੱਕੀ ਦੀ ਰੋਟੀ, ਮੱਖਣ ਦਾ ਪੇੜਾ ਖਾ, ਕਟੋਰਾ ਭਰ ਲੱਸੀ ਦਾ ਛੰਨਾ ਗਟਾ ਗਟ ਪੀ ਗਿਆ ਜਣਾ। ਦਿਨੇ ਤ੍ਰਿੰਜਣ ਤੇ ਰਾਤੀਂ ਗਿੱਧਾ ਪਿਆ ਗਭਰੂ ਭੰਗੜੇ ਵਿਚ ਜੁੱਟੇ ਹੋਏ ਸਨ। ਗੱਲ ਕੀ ਖੇਤਾਂ ਦਾ ਰਾਜਾ, ਮੋਤੀਆਂ ਵਰਗੀ ਕਣਕ ਵੇਖ ਕੇ ਫੁਲਿਆ ਨਹੀਂ ਸੀ ਸਮਾਉਂਦਾ। ਫਿਰ ਖੂਹ ਦਾ ਰਾਹ ਛਿੜਿਆ ਤੇ ਕਿਸੇ ਡਾਚੀ ਦੇ ਗਲ ਵਿਚ ਟੱਲੀਆਂ ਬੰਨ੍ਹ ਦਿੱਤੀਆਂ। ਗਭਰੂ ਵਿਸਾਖੀ ਵੇਖਣ ਜਾ ਰਹੇ ਸੀ। ਗੱਲ ਕੀ ਮੁੜ ਉਜੜੀ ਪੰਜਾਬ ਵਸ ਪਈ।

ਇਕ ਦਿਨ ਜਦ ਬੰਦੇ ਬਹਾਦਰ ਦਾ ਦਰਬਾਰ ਲੱਗਾ ਹੋਇਆ ਸੀ। ਰਾਜਗੁਰੂ ਨੇ ਖੜੇ ਹੋਕੇ ਆਖਿਆ, 'ਗੁਰੂ ਘਰ ਦੀ ਸਾਜੀ ਨਿਵਾਜੀ ਸਾਧ ਸੰਗਤ ਅੱਗੇ ਮੈਂ ਅਰਦਾਸ ਕਰਦਾ ਹਾਂ ਕਿ ਅਸੀਂ ਹੁਣ ਪੰਜਾਬਦੀ ਹਿੱਕ ਤੇ ਪੂਰੀ ਤਰ੍ਹਾਂ ਕਾਬਜ਼ ਹਾਂ। ਸਿਰਫ ਲਾਹੌਰ ਹੀ ਸਾਡੇ ਲਈ ਮੁਸ਼ਕਲ ਮਾਅਰਕਾ ਹੈ। ਦਿੱਲੀ ਵੱਲ ਸਾਨੂੰ ਅੱਖ ਪੁੱਟਣ ਦੀ ਲੋੜ ਨਹੀਂ। ਮੁੜ ਪੰਜਾਬ ਵਸ ਪਈ ਏ ਤੇ ਸਿੱਖ ਹੁਣ ਹਿੱਕ ਕੱਢ ਕੇ ਚੱਲ ਸਕਦੇ ਹਨ। ਉਹ ਜ਼ਮਾਨਾ ਲੰਘ ਗਿਆ ਜਦ ਸਿੱਖਾਂ ਨੂੰ ਫੜ ਕੇ ਸਰੇ ਬਜ਼ਾਰ ਵਿਚ ਕਤਲ ਕੀਤਾ ਜਾਂਦਾ ਸੀ ਹੁਣ ਸਾਨੂੰ ਆਪਣਾ ਆਪ ਪਛਾਨਣਾ ਚਾਹੀਦਾ ਏ। ਅਸੀਂ ਆਪਣੇ ਪੈਰਾਂ ਤੇ ਖੜੇ ਹੋਈਏ ਤੇ ਆਪਣੀ ਬਹਾਦਰੀ ਦੇ ਝੰਡੇ ਗੱਡ ਦੇਈਏ। ਦਿੱਲੀ ਦਾ ਸ਼ਹਿਨਸ਼ਾਹ ਸਾਡੇ

ਵੱਲ ਭੈੜੀ ਅੱਖ ਕਰਨ ਲਗਿਆਂ ਆਪਣੇ ਆਪ ਅੰਦਰ ਝਾਤੀ ਮਾਰੇ। ਉਹ ਇਸੇ ਤਰ੍ਹਾਂ ਹੋ ਸਕਦਾ ਹੈ ਕਿ ਅਸੀਂ ਸਿੱਖ ਰਾਜ ਦੀ ਸਥਾਪਨਾ ਕਰੀਏ। ਸਾਡੀ ਆਪਣੀ ਫੌਜ ਹੋਵੇ, ਸਾਡਾ ਆਪਣਾ ਸਿੰਘਾਸਣ ਬਣੇ। ਕਿਲੇ ਤੇ ਸਾਡਾ ਆਪਣਾ ਝੰਡਾ ਲਹਿਰਾਂ ਮਾਰੇ। ਸਾਡੇ ਨਾਂ ਦਾ ਸਿੱਕਾ ਚਲੇ ਤੇ ਸਾਨੂੰ ਮੁਗਲ ਹਿੰਦ ਦੀ ਹਕੂਮਤ ਦਾ ਇਕ ਅੰਗ ਮੰਨ ਲੈਣ ਤੇ ਫੇਰ ਸਾਡੇ ਜੀਉਣ ਦਾ ਹੱਜ ਏ।'

ਸਾਰੇ ਦਰਬਾਰ ਵਿਚੋਂ ਅਵਾਜ਼ਾਂ ਆਈਆਂ, 'ਰਾਜਗੁਰੂ ਦੀ ਸਲਾਹ ਦੇ ਅਸੀਂ ਵੀ ਮਗਰ ਹਾਂ।'

—'ਸ੍ਰੀ ਗੁਰੂ ਗੋਬਿੰਦ ਸਿੰਘ ਦਾ ਬਖਸ਼ਿਆ ਕੇਸਰੀ ਨਿਸ਼ਾਨ ਸਾਹਿਬ ਸਾਡਾ ਨਿਸ਼ਾਨ ਹੋਵੇਗਾ ਤੇ ਸਾਡਾ ਬਾਦਸ਼ਾਹ ਬੰਦਾ ਬਹਾਦਰ। ਮੋਹਰ ਬੰਦੇ ਦੇ ਨਾਂ ਦੀ ਤੇ ਸਿੱਕਾ ਗੁਰੂ ਦੇ ਨਾਂ ਦਾ, ਮੇਰੇ ਖਿਆਲ ਵਿਚ ਰਾਜਧਾਨੀ ਸਰਹੰਦ ਹੀ ਬਣਾਈ ਜਾਵੇ, ਬਾਜ਼ ਸਿੰਘ ਬੋਲਿਆ।

—ਮੈਂ ਬਾਜ਼ ਸਿੰਘ ਦੇ ਖਿਆਲ ਦੇ ਵਿਰੁੱਧ ਹਾਂ ਸਰਹੰਦ ਬਣਿਆ ਬਣਾਇਆ ਕਿਲਾ ਜ਼ਰੂਰ ਮਿਲ ਸਕਦਾ ਹੈ। ਫ਼ਸੀਲ ਵੀ ਸੋਹਣੀ ਏ, ਖਾਈ ਵਿਚ ਕੁਦਰਤੀ ਪਾਣੀ ਦਾ ਪ੍ਰਵੇਸ਼ ਏ, ਤਖਤ ਜੜਾਊ ਸ਼ਿੰਗਾਰਿਆ ਹੋਇਆ ਏ, ਅਦਾਲਤਾਂ ਚੱਲ ਰਹੀਆਂ ਹਨ, ਸੋਹਣੀਆਂ ਮੰਡੀਆਂ ਹਨ ਵਿਉਪਾਰ ਦਾ ਹਟ ਖੁਲ੍ਹਾ ਏ, ਪਰ ਇਕ ਅਰਜ਼ ਕਰ ਦੇਵਾਂ, ਇਹ ਬਹੁਤੇ ਦਿਨ ਨਹੀਂ ਚੱਲ ਸਕਦੀ। ਮੁਗਲਾਂ ਦੀ ਹਿੱਕ ਤੇ ਸੱਪ ਲੇਟ ਰਹੇ ਹਨ। ਦਿੱਲੀ ਤੋਂ ਲਾਹੌਰ ਜਾਣ ਵਾਲੀ ਸੜਕ ਤੇ ਸਰਹੰਦ ਦੀ ਰਾਜਧਾਨੀ ਹੋਣਾ ਖਤਰੇ ਤੋਂ ਖਾਲੀ ਨਹੀਂ, ਇਸ ਵਾਸਤੇ ਹਰ ਵੇਲੇ ਹਮਲੇ ਦਾ ਧੜਕੂ ਲੱਗਾ ਰਹੇਗਾ। ਚਟਈਅੱਲ ਮੈਦਾਨ ਤੇ ਰਾਜਧਾਨੀ ਬਣਾਉਣਾ ਮੂਰਖਤਾ ਏ। ਲੋਹਗੜ੍ਹ ਤੋਂ ਸੁੰਦਰ ਅਸਥਾਨ ਸਾਨੂੰ ਹੋਰ ਕਿਤੇ ਨਹੀਂ ਮਿਲ ਸਕਦਾ, ਇਸ ਲਈ ਲੋਹਗੜ੍ਹ ਨੂੰ ਅਸੀਂ ਆਪਣਾ ਗੜ੍ਹ ਬਣਾਈਏ। ਮੈਂ ਅੱਜ ਪ੍ਰਤਿਗਿਆ ਕਰਦਾ ਹਾਂ, ਜਿਸ ਕਿਲੇ ਦੀ ਮੈਂ ਅਸਥਾਪਨਾ ਕਰਦਾ ਹਾਂ ਮੇਰੇ ਪ੍ਰਾਣ ਉਸ ਦੇ ਨਾਲ ਹੀ ਸਾਹ ਲੈਣਗੇ। ਜਦ ਤੱਕ ਮੈਂ ਜੀਵਾਂਗਾ ਤਦ ਤੱਕ ਕਿਲੇ ਤੇ ਕੇਸਰੀ ਨਿਸ਼ਾਨ ਹੀ ਝੁਲੇਗਾ। ਲਿਆ ਬਾਜ਼ ਸਿੰਘ ਮੈਂ ਆਪਣੇ ਹੱਥ ਨਾਲ ਕਿਲੇ ਦੀ ਬੁਰਜੀ ਤੇ ਨਿਸ਼ਾਨ ਸਾਹਿਬ ਚੜ੍ਹਾਉਂਦਾ ਹਾਂ।'

ਬਾਜ਼ ਸਿੰਘ ਨੇ ਨਿਸ਼ਾਨ ਸਾਹਿਬ ਲਿਆ ਹਾਜ਼ਰ ਕੀਤਾ। ਧੂਫ ਤੇ ਪੁਸ਼ਪ ਨਾਲ ਪੂਜਾ ਕੀਤੀ। ਗੰਗਾ ਜਲ ਦਾ ਛਿੱਟਾ ਮਾਰਿਆ, ਤਿਲਕ ਲਾਇਆ ਤੇ ਲੋਹਗੜ੍ਹ ਦੀ ਕੱਚੀ ਬੁਰਜੀ ਤੇ ਨਿਸ਼ਾਨ ਸਾਹਿਬ ਖੜਾ ਕਰ ਦਿੱਤਾ। 20 ਤੋਪਾਂ ਦੀ ਸਲਾਮੀ ਦਿੱਤੀ। ਸਾਰੇ ਅਹਿਲਕਾਰਾਂ ਨੇ ਝੁੱਕ ਕੇ ਸਲਾਮ ਕੀਤੀ। ਖੁਸ਼ੀਆਂ ਮਨਾਇਆਂ ਗਈਆਂ। ਸ਼ਗਨਾਂ ਦੀ ਪੂਜਾ ਕਰਕੇ ਬੰਦੇ ਨੂੰ ਬਾਦਸ਼ਾਹ ਦਾ ਖਤਾਬ ਦਿੱਤਾ। ਸਿੱਕਾ ਢਾਲਣ ਦਾ ਹੁਕਮ ਜਾਰੀ ਹੋਇਆ ਮੋਹਰ ਤਿਆਰ ਕਰਵਾਈ ਗਈ। ਸ਼ਾਹੀ ਫਰਮਾਨ ਤੇ ਬੰਦੇ ਬਹਾਦਰ ਦੀ ਮੋਹਰ ਲੱਗੀ, ਹੁਣ ਸਿੱਖ ਰਾਜ ਪੂਰਨ ਸ਼ਬਦਾਂ ਵਿਚ ਕਾਇਮ ਹੋ ਗਿਆ, ਇਸ ਦੀ ਸਹਾਇਤਾ ਸਿੱਖਾਂ ਦੇ ਹੱਥ ਵਿਚ ਏ ਹਰ ਸਿੱਖ ਦਾ ਧਰਮ ਏ ਕਿ ਇਸ ਤੇ ਜਿੰਦ ਜਾਨ ਵਾਰੇ।

ਰਾਜ ਗੁਰੂ ਨੇ ਐਲਾਨ ਪੜ੍ਹ ਕੇ ਸੁਣਾਇਆ :

ਹੁਣ ਕੋਈ ਮਾਮਲਾ ਦਿੱਲੀ ਨਾ ਭੇਜੇ, ਮਾਮਲੇ ਦਾ ਮਾਲਕ ਲੋਹਗੜ੍ਹ ਏ, ਸਾਰੀ ਆਮਦਨ ਲੋਹਗੜ੍ਹ ਵਿਚ ਜਮਾਂ ਹੋਵੇ ਤੇ ਇਥੋਂ ਸਾਰੀ ਫੌਜ ਨੂੰ ਤਨਖਾਹ ਤੇ ਰਾਸ਼ਨ ਦਿੱਤਾ ਜਾਵੇ।

ਮੋਹਰ

ਬਾਦਸ਼ਾਹ ਬੰਦਾ ਬਹਾਦਰ ਲੋਹਗੜ੍ਹ।

—'ਇਹ ਰੌਲਾ ਕਾਹਦਾ ਏ' ਬੰਦੇ ਬਹਾਦਰ ਨੇ ਬਾਜ਼ ਸਿੰਘ ਨੂੰ ਆਖਿਆ।

—'ਕੋਈ ਓਪਰੇ ਆਦਮੀ ਜਾਪਦੇ ਹਨ,' ਬਾਜ਼ ਸਿੰਘ ਨੇ ਉੱਤਰ ਦਿੱਤਾ।

—'ਸੱਦ ਲਵੋ ਫਿਰ ਅੰਦਰ,' ਬੰਦੇ ਬਹਾਦਰ ਨੇ ਫੁਰਮਾਇਆ।

ਅੰਦਰ ਆਏ ਕੋਈ ਪੰਜਾਹ ਦੇ ਲੱਗ ਪੱਗ ਕਿਰਸਾਨ ਸਨ, ਭੈੜੇ ਜਹੇ ਮੂੰਹ ਬਣਾਏ ਹੋਏ ਸਨ ਮੰਦੇ ਹਾਲ, ਮੈਲੇ ਕੁਚੈਲੇ ਕੱਪੜੇ, ਪੱਗਾਂ ਪਾਟੀਆਂ ਹੋਈਆਂ ਤੇ ਪੈਰੀ ਟੁੱਟੇ ਖੌਸੜੇ।

—"ਸੰਗਤ ਦਾ ਕੀ ਹੁਕਮ ਏ" ਬੰਦੇ ਬਹਾਦਰ ਨੇ ਅਰਜ਼ ਕੀਤੀ।

—'ਅਸੀਂ ਬੜੇ ਦੁਖੀ ਹਾਂ, ਸਰਕਾਰ ਸਾਡੇ ਘਰ ਬਾਰ ਉਜਾੜ ਦਿੱਤੇ, ਜ਼ਮੀਨ ਖੁਸ ਗਈ, ਸਾਡਾ ਕੁਝ ਨਾ ਰਿਹਾ, ਸਾਡੇ ਬਾਲ ਬੱਚੇ ਸਾਡੇ ਸਾਹਮਣੇ ਕਤਲ ਕੀਤੇ ਗਏ ਤੇ ਅਸੀਂ ਸੀ.ਨਾ ਕਰ ਸਕੇ', ਉਨ੍ਹਾਂ ਵਿਚੋਂ ਇਕ ਆਗੂ ਨੇ ਆਖਿਆ।

ਅਬਦੁੱਲਾ ਇਕ ਚੌਧਰੀ ਸੀ ਵੱਡਾ ਸਾਰਾ ਪੱਗੜ ਉਸ ਉੱਚਾ ਕਰਕੇ ਆਖਿਆ, 'ਸੁਰਹਿੰਦ ਦੇ ਵਾਲੀ ਤੇਰੇ ਰਾਜ ਵਿਚ ਮੇਰੇ ਧੌਲਿਆਂ ਵਿਚ ਖੇਹ ਪੈ ਗਈ। ਦਾੜ੍ਹੀ ਭੰਡੀ ਗਈ, ਮੇਰੀ ਉਮਰ ਦੀ ਚਿੱਟੀ ਖੁੰਬ ਵਰਗੀ ਪੱਗ ਨੂੰ ਦਾਗ ਲਗ ਗਿਆ ਏ ਮੇਰੇ ਤੇ ਘਰ ਦਾ ਨੱਕ ਨਮੂਜ ਨਿਕਲ ਗਿਆ ਦਾਤਾ। ਮੇਰੀ ਜਵਾਨ ਧੀ ਦੀ ਅਜ਼ਮਤ ਲੁੱਟ ਲਈ ਏ। ਮੇਰੀਆਂ ਅੱਖਾਂ ਵਿਚ ਗਲੇਡੂ ਆ ਜਾਂਦੇ ਹਨ ਜਦ ਮੈਨੂੰ ਆਪਣੀ ਧੀ ਦੀਆਂ ਚੀਕਾਂ ਚੇਤੇ ਆਉਂਦੀਆਂ ਹਨ।'

ਇਨੇ ਚਿਰ ਨੂੰ ਦੂਜਾ ਅੱਗੇ ਵਧਿਆ,—'ਜੈਮਲ ਬੇਗ ਏ ਮੇਰਾ ਨਾਂ ਸਰਕਾਰ। ਮੇਰਾ ਘਰ ਕੁੱਲਾ ਉਜਾੜ ਦਿੱਤਾ ਉਸ ਸ਼ੈਤਾਨ ਨੇ। ਮੇਰੇ ਪੁੱਤ ਦੇ ਚਾਰ ਟੋਟੇ ਕਰ ਕੇ ਖੂਹ ਵਿਚ ਸੁੱਟ ਦਿੱਤਾ, ਮੇਰੀ ਨੂੰਹ ਨੂੰ ਉਹਨਾਂ ਸ਼ੈਤਾਨਾਂ ਨੇ ਨਾ ਪਾਕ ਕਰ ਕੇ ਫੂਕ ਦਿੱਤਾ, ਮੇਰੇ ਪੋਤਰੇ ਦੀਆਂ ਅੱਖਾਂ ਕਢਵਾ ਦਿੱਤੀਆਂ ਨੇ। ਸਾਰੀ ਜ਼ਮੀਨ ਉੱਤੇ ਕਾਬਜ ਹੋ ਗਏ ਹਨ ਸਰਕਾਰ। ਉਹਨਾਂ ਦੇ ਮੂੰਹ ਨੂੰ ਲਹੂ ਲੱਗ ਗਿਆ ਹੈ।'

ਖਿੜ ਖਿੜਾ ਕੇ ਹੱਸ ਪਿਆ, ਬੰਦਾ—'ਹਾ .. ਹਾ ...ਹਾ ...ਹਾ, ਕੌਣ ਏ ਉਹ ਜ਼ਾਲਮ ਜ਼ਰਾ ਮੈਂ ਵੀ ਸੁਣਾਂ ਉਸ ਗਭਰੂ ਦਾ ਨਾਂ।'

—'ਜਲਾਲ ਬਾਦ ਦਾ ਜ਼ਿਮੀਦਾਰ ਅਮੀਰ ਬੇਗ। ਉਸ ਦਸ ਬਾਰਾਂ ਹੱਟੇ ਕੱਟੇ ਗੁੰਡੇ ਰੱਖੇ ਹੋਏ ਹਨ, ਸਰਕਾਰ ਤੇ ਉਹਨਾਂ ਮਾਰ ਮਾਰ ਕੇ ਸਾਡੀ ਖੱਲ ਉਧੇੜ ਦਿੱਤੀ ਓ।' ਇਕ ਫਰਿਆਦੀ ਸਿੱਖ ਬੋਲ ਰਿਹਾ ਸੀ।

'ਤੁਹਾਥੋਂ ਅੱਗੋਂ ਕੁੱਛ ਨਾ ਸਰਿਆ' ਬੰਦੇ ਨੇ ਅੱਗੋਂ ਫੇਰ ਪੁੱਛਿਆ ।

—'ਨਹੀਂ ਸਰਕਾਰ ਉਹ ਬੜੇ ਜ਼ਾਲਮ ਹਨ, ਮੁਸ਼ਟੰਡੇ ਫਿਟੇ ਹੋਏ ਜਵਾਨ ਉਹਨਾਂ ਅੱਗੇ ਸਾਡੀ ਕੋਈ ਪੇਸ਼ ਨਹੀਂ ਚਲੀ ।' ਫਰਿਆਦੀਆਂ ਕਠੇ ਹੋ ਕੇ ਅਰਜ਼ ਗੁਜ਼ਾਰੀ,—'ਚੰਗਾ ਖੜੇ ਹੋ ਜਾਉ ਕਤਾਰ ਵਿਚ,' ਬੰਦੇ ਦੇ ਚਿਹਰੇ ਤੇ ਗੁੱਸੇ ਦੇ ਆਸਾਰ ਉਮਡ ਪਏ ਤੇ ਫੇਰ ਹੱਸਿਆ ਹਾ ...ਹਾ .. ਹਾ, ਹਾਸਾ ਇਕ ਵਾਰੀ ਸਾਰੇ ਦਰਬਾਰ ਵਿਚ ਗੂੰਜ ਪਿਆ ।

ਸਾਰੇ ਨੱਕ ਦੀ ਸੇਧੇ ਇਕ ਦੂਜੇ ਦੇ ਮਗਰ ਖੜੇ ਹੋ ਗਏ । —'ਬਾਜ਼ ਸਿੰਘ ਤੋਪ ਬੀੜ ਕੇ ਸਾਰਿਆਂ ਨੂੰ ਉਡਾ ਦੇ, ਜਦ ਤੀਕ ਬੋਟੀ ਬੋਟੀ ਨਾ ਉੱਡ ਜਾਵੇ ਫਾਇਰ ਕਰਨੋਂ ਨਾ ਮੁੜੀਂ ।'

ਬੰਦੇ ਬਹਾਦਰ ਨੇ ਹੁਕਮ ਦਿੱਤਾ ਤੇ ਉਹ ਦੀਆਂ ਅੱਖਾਂ ਵਿਚ ਖੂਨ ਉਤਰ ਪਿਆ ।

ਫਰਿਆਦੀ ਇਕ ਦਮ ਬੋਲ ਉਠੇ 'ਸਰਕਾਰ ਅਸੀਂ ਤਾਂ ਫਰਿਆਦ ਕਰਨ ਆਏ ਸਾਂ, ਰਹਿਮ ਸਰਕਾਰ, ਸਾਨੂੰ ਕਿਹੜੇ ਦੋਸ਼ ਦੀ ਸਜ਼ਾ ਮਿਲਣ ਲੱਗੀ ਏ ।' ਫਰਿਆਦੀ ਇਕ ਜ਼ਬਾਨ ਹੋ ਕੇ ਬੋਲੇ ।

—'ਹੁਣ ਕੁਝ ਮੈਨੂੰ ਉਮੀਦ ਹੋਂਦੀ ਏ ਤੇ ਕੁਝ ਮਹਿਸੂਸ ਹੋਇਐ ਕਿ ਤੁਸੀਂ ਉਹ ਦੇ ਅਪਰਾਧੀ ਨਹੀਂ ਮੇਰੇ ਅਪਰਾਧੀ ਹੋ । ਤੁਹਾਡਾ ਸਭ ਤੋਂ ਵੱਡਾ ਅਪਰਾਧ ਏ ਤੁਸੀਂ ਕਮਜ਼ੋਰ ਹੋ । ਬੁਜ਼ਦਿਲ ਹੋ । ਬੁਜ਼ਦਿਲ ਇਸ ਦੁਨੀਆਂ ਵਿਚ ਨਹੀਂ ਜੀ ਸਕਦਾ, ਤੁਹਾਨੂੰ ਸ਼ਰਮ ਨਾ ਆਈ ਮੇਰੇ ਕੋਲ ਆਉਂਦਿਆਂ ਨੂੰ, ਉੱਥੇ ਹੀ ਮੁੜਾਂ ਮਨਵਾਂ ਲੈਣੀਆਂ ਸਨ, ਓਏ ਮੇਰੇ ਕੋਈ ਚਾਰ ਹੱਥ ਹਨ, ਤੁਸੀਂ ਇਕ ਇਕ ਦੇ ਗਲ ਅੱਠ ਅੱਠ ਜਣੇ ਪੈ ਜੀਓ ਤਾਂ ਤੁਸੀਂ ਪਟੋਕੀਆਂ ਮਾਰ ਮਾਰ ਕੇ ਉਹਨਾਂ ਦਾ ਦਮ ਕੱਢ ਦਿਓ । ਮੇਰੇ ਪਾਸ ਨਸ ਆਏ ਹੋ । ਮੁੜ ਜਾਓ ਪਿਛਲੀ ਪੈਰੀਂ ਤੇ ਔਲੀ ਔਲੀ ਕਰ ਕੇ ਗਲ ਪੈ ਜਾਓ ਫਤਿਹ ਤੁਹਾਡੀ ਅਰਧੰਗਣੀ ਬਣੇਗੀ । ਇਕੱਠ ਵਿਚ ਹੀ ਬਰਕਤ ਏ, ਮੇਰੇ ਕੋਲ ਵੀ ਤਾਂ ਇਕੱਠ ਦੀ ਸ਼ਕਤੀ ਏ, ਮੈਂ ਚਾਹੁੰਦਾ ਹਾਂ ਕਿ ਹਰ ਆਦਮੀ ਸਿਪਾਹੀ ਬਣੇ ਤੇ ਆਪਣੀ ਰਖਸ਼ਾ ਆਪ ਕਰੇ, ਮੁਗ਼ਲਾਂ ਵਿਚ ਸਾਹ ਸਤ ਨਹੀਂ ਰਿਹਾ, ਚਲੇ ਜਾਉ ਤੇ ਛੇਤੀ ਆ ਕੇ ਪਤਾ ਦਿਉ ਕਿ ਤੁਸੀਂ ਇਸ ਕੰਮ ਵਿਚ ਫਤਹਿ ਪਾਈ ਏ । ਜਾਓ ਦਾਤਾ ਤੁਹਾਡੀ ਮਦਦ ਕਰੇਗਾ', ਬੰਦੇ ਬਹਾਦਰ ਦੇ ਚਿਹਰੇ ਤੇ ਜਲਾਲ ਟਪਕ ਰਿਹਾ ਸੀ ।

ਸਾਰੇ ਫਰਿਆਦੀ ਜਾ ਰਹੇ ਸਨ, ਬਹਾਦਰੀ ਦੇ ਮਾਰਗ ਵੱਲ, ਲੋਕ ਜੈਕਾਰੇ ਮਾਰ ਰਹ ਸਨ, ਤੇ ਸਿੱਖ ਆਖ ਰਹੇ ਸਨ ।

ਫਤਹਿ ਦਰਸ਼ਨ ।

———

ਨੈਣ ਬਾਵਰੇ

ਕੰਘਾ, ਕੇਸ, ਕੱਛਾ, ਕੜਾ, ਕਿਰਪਾਨ, ਪੰਜਾਂ ਦੀ ਰਹਿਤ ਮਨੁੱਖ ਨੂੰ ਸਿੱਖ ਬਣਾਉਂਦੀ ਹੈ। ਪੰਜਾਂ ਤੱਤਾਂ ਦੇ ਸੰਗਮ ਨਾਲ ਇਕ ਪੁਤਲਾ ਵਜੂਦ ਵਿਚ ਆਉਂਦਾ ਹੈ ਜਿਹਨੂੰ ਲੋਕ ਇਨਸਾਨ ਆਖਦੇ ਹਨ ਤੇ ਜੇ ਇਨਸਾਨ ਤੇ ਰਹਿਤ ਲਾਗੂ ਹੋ ਜਾਵੇ ਤੇ ਉਹ ਉਹਦੇ ਤੇ ਹਾਵੀ ਹੋ ਜਾਵੇ ਤਾਂ ਉਹ ਪੂਰਨ ਸਿੱਖ ਦੀ ਪਦਵੀ ਪਰਾਪਤ ਕਰ ਲੈਂਦਾ ਹੈ। ਪਹਿਚਾਣ ਦੀ ਅੱਖ ਗੋਦੜੀਆਂ ਵਿਚੋਂ ਲਾਲ ਦੀ ਭਾਲ ਕਰ ਲੈਂਦੀ ਹੈ ਤੇ ਚਮਕ ਪੱਥਰ ਕੂੜੇ ਵਿਚੋਂ ਫੌਲਾਦ ਦੀਆਂ ਕਣੀਆਂ ਚੁਣ ਲੈਂਦਾ ਹੈ। ਜੇ ਆਦਮੀ ਉਸ ਫੌਲਾਦ ਨੂੰ ਢਾਲ ਲਵੇ ਤੇ ਉਹਨੂੰ ਪਾਣੀ ਦੀ ਪੁੱਠ ਦੇ ਦੇਵੇ ਤੇ ਉਸ ਫੌਲਾਦ ਵਿਚ ਬੱਜਰ ਦੀ ਸ਼ਕਤੀ ਦਾ ਪ੍ਰਵੇਸ਼ ਹੋ ਜਾਂਦਾ ਹੈ। ਕਿਸੇ ਚੀਜ਼ ਨੂੰ ਸੋਧਣ ਨਾਲ ਉਹਦੇ ਗੁਣ ਦੀ ਪਰਖ ਹੁੰਦੀ ਹੈ। ਅਰਬੀ ਅਥਰੇ ਵਛੇਰੇ ਤੇ ਕਾਠੀ ਪਾਉਣ ਦਾ ਅਰਥ ਏ ਕਿ ਉਹਦੇ ਅੰਦਰ ਘੋੜੇ ਦੀ ਸ਼ਕਤੀ ਦਾ ਪ੍ਰਵੇਸ਼ ਹੋ ਗਿਆ। ਰਹਿਤ ਨਾਲ ਇਕ ਚੀਜ਼ ਆਦਮੀ ਕਦੀ ਹੱਥੋਂ ਨਾ ਜਾਣ ਦੇਵੇ—ਉਹ ਹੈ ਮਨੁੱਖ ਨੂੰ ਮਨੁੱਖ ਸਮਝਣ ਦੀ। ਆਤਮਾ ਹਰ ਮਨੁੱਖ ਦੀ ਜ਼ਿੰਦਗੀ ਜਾਨ ਏ। ਆਤਮਾ ਵਿਚ ਕੋਈ ਮੱਤ ਭੇਦ ਨਹੀਂ, ਜੀਵ ਹਰ ਇਕ ਦਾ ਪਵਿੱਤਰ ਤੇ ਸ਼ੁੱਧ ਹੁੰਦਾ ਹੈ। ਅੰਮ੍ਰਿਤ ਇਕ ਪੁੱਠ ਏ ਜਿਹਦੇ ਨਾਲ ਆਦਮੀ ਦੇ ਗੁਣ ਉਜਾਗਰ ਹੁੰਦੇ ਹਨ।

—'ਮੈਂ ਆਖਿਆ ਕੌਣ ਜਾਪ ਸਾਹਿਬ ਦਾ ਪਾਠ ਕਰ ਰਿਹਾ ਏ।' ਭਾਈ ਦਇਆ ਸਿੰਘ ਨੇ ਆਖਿਆ।

—'ਪੰਜ ਅੰਮ੍ਰਿਤਧਾਰੀ ਸਿੱਖ ਅੰਮ੍ਰਿਤ ਤਿਆਰ ਕਰਨ ਵਿਚ ਰੁਝੇ ਹੋਏ ਹਨ। ਜਾਪ ਸਾਹਿਬ ਦਾ ਪਾਠ ਜ਼ੋਰਾਂ ਤੇ ਹੈ। ਪੰਜ ਗੁਰਮੁੱਖ ਪਿਆਰੇ ਉਸ ਸ਼ਕਤੀ ਨੂੰ ਵਜੂਦ ਵਿਚ ਲਿਆਉਣ ਦਾ ਜਤਨ ਕਰ ਰਹੇ ਹਨ, ਜਿਸ ਚਿੜੀਆਂ ਨੂੰ ਬਾਜ਼ਾਂ ਨਾਲ ਲੜਨ ਦਾ ਹੌਸਲਾ ਬਖਸ਼ਿਆ।' ਆਤਮਾ ਸਿੰਘ ਨੇ ਅਰਜ਼ ਕੀਤੀ।

—'ਕਿਹੜੇ ਕਿਹੜੇ ਸਿੱਖ ਅੰਮ੍ਰਿਤ ਪਾਨ ਕਰਨਗੇ?' ਦਇਆ ਸਿੰਘ ਫੇਰ ਬੋਲਿਆ।

'ਰੋਡੀ ਰਾਜ ਗੁਰੂ ਦਾ ਚੇਲਾ, ਨਸੀਰੁਦੀਨ ਤੇ ਦੀਨਦਾਰ ਖਾਂ। ਇਹ ਵੀ ਆਪਣਾ ਚੋਲਾ ਮਜੀਠੀ ਰੰਗ ਵਿਚ ਰੰਗ ਰਹੇ ਹਨ।' ਆਤਮਾ ਸਿੰਘ ਨੇ ਫਿਰ ਅਰਜ਼ ਕਰਦਿਆਂ ਆਖਿਆ।

'ਜਹਾਨ ਦਾਦ ਖਾਂ, ਇਸਲਾਮ ? ਇਸਲਾਮ ਥਿੜਕ ਪਿਆ, ਅੰਮ੍ਰਿਤ ਦਾ ਆਨੰਦ ਰੱਖਣ ਲਈ ਫਤਵੇ ਦੇਣ ਵਾਲੀ ਸ਼ਕਤੀ ਨਸੀਰੁਦੀਨ ਅੰਮ੍ਰਿਤ ਅੱਗੇ ਬੁਕ ਅੱੜ ਖਲੋਤੀ। ਡਰਪੋਕ ਕਾਇਰ ਦੀ ਕਾਇਆ ਪਲਟ ਹੋਣ ਲੱਗੀ ਏ। ਸ਼ੇਰ ਦੇ ਚੋਲ ਨੂੰ ਗ੍ਰਹਿਣ ਕਰਣ ਲਈ ਆਪਣਾ ਮਸਤਕ ਨਿਵਾ ਰਿਹਾ ਏ ਰੇਡੀ। ਕੌਣ ਜਾਣਦਾ ਏ—ਇਹ ਤਿੰਨ ਸੂਰਮੇ ਕਿਸੇ ਦਿਨ ਸਿੱਖ ਰਾਜ ਦੇ ਥੰਮ੍ਹ ਹੋਣਗੇ।' ਦਇਆ ਸਿੰਘ ਆਪਣੇ ਮਨ ਹੀ ਮਨ ਵਿਚ ਸੋਚਦਾ ਆਪਣੇ ਡੇਰੇ ਵੱਲ ਮੁੜਿਆ। ਸਿਮਰਨਾ ਉਹਦੇ ਹੱਥ ਵਿਚ ਸੀ। ਮਾਲਾ ਦੇ ਮਣਕੇ ਉਹਦੇ ਪੋਟੇ ਟਟੋਲ ਰਹੇ ਸਨ।

ਤਿੰਨ ਵੱਖ ਵੱਖ ਦ੍ਰਿਸ਼ਟੀਆਂ ਇਕ ਜੋਤ ਵਿਚ ਪ੍ਰਵੇਸ਼ ਕਰ ਰਹੀਆਂ ਹਨ। ਅਰਦਾਸੇ ਦਾ ਭੋਗ ਪਿਆ ਤੇ ਅੰਮ੍ਰਿਤ ਬਾਟੇ ਸਿੱਖਾਂ ਦੇ ਹੱਥ ਵਿਚ ਸਨ। ਤਿੰਨ ਮੂਰਤੀਆਂ ਹੋਰ ਸਨਮੁੱਖ ਆਣ ਖਲੋਤੀਆਂ ਤੇ ਉਨ੍ਹਾਂ ਦੇ ਨਾਲ ਸਾਵੀਆਂ ਹੋ ਕੇ ਬੈਠ ਗਈਆਂ। ਸੂਭਰ ਚੋਲਿਆਂ ਵਿਚ ਲਪੇਟੀਆਂ ਹੋਈਆਂ ਸੁੰਦਰੀਆਂ। ਈਰਾਵਤੀ ਨੇ ਅੰਮ੍ਰਿਤ ਪਾਨ ਕੀਤਾ ਤੇ ਫੇਰ ਹੁਸੈਨੀ ਉਹ ਦੇ ਮਗਰ ਬੇਗਮਾਂ ਸੀ। ਰੇਡੀ, ਜਹਾਂਦਾਦ ਖਾਂ ਤੇ ਨਸੀਰ ਖਾਂ ਅੰਮ੍ਰਿਤ ਚਖ ਰਹੇ ਸਨ। ਛਿੱਟੇ ਮਾਰ ਮਾਰ ਕੇ ਉਨ੍ਹਾਂ ਦੇ ਰੂਪ ਵਿਚੋਂ ਜਲਾਲ ਉਮਡ ਪਿਆ ਤੇ ਗੁੰਬੀ ਵਾਕ ਲੈ ਰਿਹਾ ਸੀ।

ਦਇਆ ਸਿੰਘ ਬੋਲਿਆ, 'ਰੇਡੀ ਨੂੰ ਗੁਰ ਦਰਸ਼ਣਾ ਵਿਚ ਜੀਵਨ ਸਿੰਘ ਦੀ ਪਦਵੀ ਮਿਲ ਗਈ ਹੈ, ਨਸੀਰ ਦੀਨ ਨੂੰ ਅਸੀਂ ਅੱਜ ਤੋਂ ਬਾਅਦ ਨਸੀਰ ਸਿੰਘ ਦੇ ਨਾਂ ਨਾਲ ਸਦਾਂਗੇ ਤੇ ਦੀਨਦਾਰ ਖਾਂ ਨੂੰ ਦੀਨਦਾਰ ਸਿੰਘ।' ਸਤਿਗੁਰੂ ਇਹਨਾਂ ਨੂੰ ਸਿੱਖੀ ਸਿਦਕ ਬਖਸ਼ੇ।

ਅਜੇ ਦਿਨ ਨਹੀਂ ਸੀ ਚੜ੍ਹਿਆ, ਪਰਭਾਤ ਫੇਰੀ ਦੀ ਮਨ ਭਿੰਨੀ ਸੁਰੀਲੀ ਲੈ ਨੇ ਰਾਗਨੀ ਦੀ ਕੁੱਖ ਵਿਚੋਂ ਜਨਮ ਨਹੀਂ ਸੀ ਲਿਆ। ਅੱਧੀ ਰਾਤ ਤੋਂ ਹਵਨ ਹੋ ਰਿਹਾ ਸੀ। ਹਵਨ ਦੀ ਲਾਟ ਬੈਠੀ ਹੋਈ ਸੰਗਤ ਤੋਂ ਉੱਚੀ ਹੋ ਕੇ ਆਪਣਾ ਪ੍ਰਕਾਸ਼ ਕਰ ਰਹੀ ਸੀ। ਸਾਮਗਰੀ ਤੇ ਘਿਓ ਦੀ ਖੁਸ਼ਬੂ ਨਾਲ ਸਾਰਾ ਦੀਵਾਨ ਲਪਟਾਂ ਮਾਰ ਰਿਹਾ ਸੀ। ਪੰਡਤ ਦੀ ਆਵਾਜ਼ ਵਿਚ ਜੋਸ਼ ਸੀ ਤੇ ਉਹ ਗਾਇਤਰੀ ਦੇ ਮੰਤਰ ਉਚਾਰਨੇ ਸ਼ੁਰੂ ਕਰਦਾ ਤੇ ਚੌਕੇ ਪੂਰ ਕੇ ਇਕੋ ਸਾਹ ਵਿਚ ਮੰਤਰ ਪੜ੍ਹ ਜਾਂਦਾ। ਆਖਰ ਉਹ ਦੀ ਤਾਨ ਸੁਆਹਾ ਤੇ ਆਣ ਕੇ ਟੁੱਟਦੀ। ਅਗਨੀ ਨੂੰ ਸੁਆਹਾ ਬਣਾ ਕੇ ਉਨ੍ਹਾਂ ਪ੍ਰਾਣੀਆਂ ਦਾ ਲਗਨ ਹੋਣਾ ਸੀ। ਅਗਨੀ ਕਸਵਟੀ ਹੈ ਜਿਹਦੇ ਤੇ ਹਰ ਭਾਂਤ ਦੇ ਮਨੁੱਖ ਦੀ ਪਰਖ ਹੋ ਜਾਂਦੀ ਹੈ।

ਤਿੰਨ ਬਹਾਦਰ ਮੁਟਿਆਰਾਂ ਤੇ ਤਿੰਨ ਵਿਜਈ ਸੂਰਮੇ। ਊਸ਼ਾ ਦੀ ਪਹਿਲੀ ਕਿਰਨ ਫੁਟਦਿਆਂ ਹੀ ਉਨ੍ਹਾਂ ਦਾ ਸਗਨ ਹੋਣਾ ਸੀ। ਬੇਦੀ ਫੁੱਲਾਂ ਨਾਲ ਸ਼ਿੰਗਾਰੀ ਹੋਈ ਸੀ ਤੇ ਇੱਧਰ ਹੁਸੈਨੀ, ਬੇਗਮਾਂ ਤੇ ਈਰਾਵਤੀ ਨੂੰ ਸ਼ਿੰਗਾਰਿਆ ਜਾ ਰਿਹਾ ਸੀ—ਵੰਨ ਸੁਵੰਨੇ ਫੁੱਲਾਂ ਨਾਲ ਜ਼ਰੀ ਵਿਚ ਲਪੇਟੀਆਂ ਜਾ ਰਹੀਆਂ ਸਨ—ਨਟ ਖਟ ਮੁਟਿਆਰਾਂ ਮੱਥਾ ਚਿਤਰਿਆ, ਮਹਿੰਦੀ ਨਾਜ਼ਕ ਤਲੀਆਂ ਤੇ ਫਬ ਫਬ ਬੈਠੀ ਸੀ ਤੇ ਕਲੀਰੇ ਛਣਕ ਰਹੇ ਸਨ। ਔਰਤਾਂ ਗਾ ਰਹੀਆਂ ਸਨ 'ਚੰਨਣ ਦੇ ਓਹਲੇ ਓਹਲੇ ਕੌਣ ਖੜੀ, ਵਿਆਹ ਦਾ ਚਾਅ ਠਾਠਾਂ ਮਾਰ ਰਿਹਾ ਸੀ। ਸਾਲੂ ਵਿਚ ਲਪੇਟੀ ਮੁਟਿਆਰ ਦਾ ਦਿਲ

ਕੁਸੰਭੜੇ ਦੇ ਫੁੱਲਾਂ ਵਾਂਗ ਖਿੜ ਪਿਆ ਮੌਲੀ ਦੇ ਤੰਦਾਂ ਨਾਲ ਉਹਨਾਂ ਦਾ ਜੀਵਨ ਉਸ ਨੂੰ ਪੱਕੀ ਡੋਰੀ ਵਿਚ ਬੱਝ ਜਾਵੇਗਾ। ਜਿਹਨੂੰ ਜੀਵਨ ਵਿਚ ਜੇ ਕੋਈ ਨਿਖੇੜ ਸਕੇਗੀ ਤੇ ਸਿਰਫ ਮੌਤ।

ਪਰਭਾਤ ਹੋਈ। ਦੀਵਾਨ ਖਚਾ ਖਚ ਭਰਿਆ ਸੀ। ਰਾਜਗੁਰੂ ਦੇ ਮਸਤਕ ਤੇ ਜਲਾਲ ਦਾ ਪ੍ਰਵੇਸ਼ ਸੀ। ਬੰਦਾ ਬਹਾਦਰ ਤਲਵਾਰ ਦੀ ਮੁੱਠ ਤੇ ਹੱਥ ਧਰੀ ਦੀਵਾਨ ਨੂੰ ਚਾਰ ਚੰਨ ਲਾ ਰਿਹਾ ਸੀ। ਬਿਨੋਦ ਸਿੰਘ, ਬਾਜ਼ ਸਿੰਘ ਤੇ ਹੋਰ ਸੂਰਮੇ ਬੜੀ ਸੱਜ ਧੱਜ ਵਿਚ ਮੁੱਛਾਂ ਨੂੰ ਵੱਟ ਦੇ ਰਹੇ ਸਨ, ਤਿੰਨ ਤਿੰਨ ਵੇਦੀਆਂ ਸਨ ਤੇ ਤਿੰਨ ਪੰਡਤ, ਰਾਜਗੁਰੂ ਬੋਲਿਆ, 'ਲਗਨ ਦਾ ਮਹੂਰਤ ਆ ਗਿਆ ਹੈ, ਕੰਨਿਆਂ ਕਿੱਥੇ ਹਨ?'

—'ਦੋ ਕੰਨਿਆਂ ਹੱਥਲੇਵਿਆਂ ਤੇ ਬੈਠੀਆਂ ਹਨ ਮਹਾਰਾਜ ਤੇ ਤੀਜੀ ਕੰਨਿਆਂ ਅਜੇ ਤੱਕ ਮੈਂ ਨਹੀਂ ਡਿੱਠੀ।' ਇਕ ਬਰਾਹਮੰਣ ਨੇ ਡਰਾਕੁਲ ਜਿਹੀ ਅਵਾਜ਼ ਵਿਚ ਆਖਿਆ।

—'ਮਹੂਰਤ ਬੀਤ ਰਿਹਾ ਏ, ਲਾਵਾਂ ਪੜ੍ਹੋ ਪੰਡਤ ਜੀ। ਰਾਜਗੁਰੂ ਦੇ ਸ਼ਬਦ ਸਨ। ਦੋਹਾਂ ਦਾ ਗੰਢ ਚਤਰਾਵਾ ਹੋ ਗਿਆ। ਈਰਾਵਤੀ ਅਜੇ ਤੱਕ ਵੀ ਨਾ ਆਈ। ਕੌਣ ਹੁਸੈਨੀ ਤੇ ਨਸੀਰ ਸਿੰਘ, ਬੇਗਮਾਂ ਤੇ ਦੀਨਦਾਰ ਸਿੰਘ। ਜੁਗ ਜੁਗ ਜੀਓ, ਦੁਧੀਂ ਨਹਾਉ ਤੇ ਪੁਤੀਂ ਫਲੋ।' ਰਾਜਗੁਰੂ ਨੇ ਅਸ਼ੀਰਵਾਦ ਦੇਂਦਿਆਂ ਆਖਿਆ।

—'ਜੋੜੀਆਂ ਸਲਾਮਤ ਰਹਿਣ' ਦੀਵਾਨ ਵਿਚੋਂ ਆਵਾਜ਼ਾਂ ਗੂੰਜੀਆਂ। ਸਾਰਿਆਂ ਦੀਆਂ ਨਜ਼ਰਾਂ ਉਸ ਵੇਦੀ ਤੇ ਟਿਕੀਆਂ ਹੋਈਆਂ ਸਨ ਜਿੱਥੇ ਰੋਡੀ ਸਖਣਾ ਬੈਠਾ ਹੋਇਆ ਸੀ—ਇੰਤਜ਼ਾਰ ਕਰ ਰਿਹਾ ਸੀ ਈਰਾਵਤੀ ਦਾ। ਸ਼ਿੰਗਾਰੀ ਈਰਾਵਤੀ ਸਹੇਲੀਆਂ ਨਾਲ ਵੇਦੀ ਤੇ ਆਣ ਬੈਠੀ।

—ਬੜੀ ਦੇਰ ਹੋ ਗਈ, ਲਗਨ ਲੰਘ ਗਿਆ ਏ ਰਾਜ ਗੁਰੂ। ਮਹੂਰਤ ਦੀ ਪਾਬੰਦੀ ਬਹੁਤ ਜ਼ਰੂਰੀ ਏ। ਵੇਦਾਂ ਦੀ ਬਿਧੀ ਅਨੁਸਾਰ ਇਸ ਵਿਆਹ ਵਿਚ' ਬ੍ਰਾਹਮਣ ਦੀ ਜ਼ਬਾਨ ਜ਼ਰਾ ਕੁ ਰੁਕੀ ਤੇ ਉਸ ਚੁਪ ਸਾਧ ਲਈ।

ਈਰਾਵਤੀ ਸ਼ਿੰਗਾਰ ਵਿਚ ਮਸਤ ਸੀ ਤੇ ਰੋਡੀ ਲਾਵਾਂ ਦੀ ਇੰਤਜ਼ਾਰ ਵਿਚ। ਪੰਛੀਆਂ ਦਾ ਜੋੜਾ ਨਦੀ ਦੇ ਕੰਢੇ ਰਹਿ ਕੇ ਪਿਆਸਾ ਏ। ਨਦੀ ਵਗਦੀ ਏ ਪਰ ਦੋਵੇਂ ਕੰਢੇ ਆਪਸ ਵਿਚ ਮਿਲਣ ਤੋਂ ਮਜਬੂਰ ਹਨ। ਬੜੀ ਕਠਨ ਤਪੱਸਿਆ, ਹੇ ਪਰਮਾਤਮਾ, ਹੇ ਭਗਵਾਨ ਤੂੰ ਹੀ ਰਾਖਾ ਏਂ। ਇਨ੍ਹਾਂ ਦਾ ਲਗਨ ਹੋ ਜਾਵੇ ਤੇ ਮੇਰੀ ਜ਼ੁਮੇਵਾਰੀ ਛੁਟੀ ਜਵਾਨ ਧੀਆਂ ਮਾਪਿਆਂ ਦੇ ਘਰ ਨਹੀਂ ਸਮਾ ਸਕਦੀਆਂ। ਧੀ ਪਰਾਇਆ ਧਨ ਏ। ਰਾਜਗੁਰੂ ਮਨ ਹੀ ਮਨ ਵਿਚ ਦਲੀਲਾਂ ਵਿਚ ਗੋਂਦ ਗੁੰਦ ਰਿਹਾ ਸੀ।

ਦੋਵੇਂ ਤਲਵਾਰ ਵਿਚ ਰੱਖ ਕੇ ਸੌਣ ਵਾਲੇ ਅੱਜ ਗ੍ਰਿਹਸਤੀ ਦੇ ਬੰਧਨ ਵਿਚ ਬੱਝ ਜਾਣ। ਸਤਿਗੁਰੂ ਜੋੜੀ ਸਲਾਮਤ ਰੱਖੇ, ਭਾਈ ਦਇਆ ਸਿੰਘ ਨੇ ਦਿਲ ਹੀ ਦਿਲ ਵਿਚ ਅਸੀਸ ਦਿੱਤੀ।

—"ਕਿੰਨੀ ਦੇਰੀ ਏ ਪੰਡਤ ਜੀ" ਰਾਜਗੁਰੂ ਬੋਲਿਆ। 'ਕੰਨਿਆ ਹੱਥਲੇਵਿਆਂ ਤੇ ਬੈਠੀ ਹੈ।' ਪੰਡਤ ਬੋਲਿਆ!

—'ਮੈਂ ਆਇਆ ਕੰਨਿਆ ਦਾਨ ਕਰਵਾਉਣ ਲਈ' ਰਾਜਗੁਰੂ ਬੋਲਿਆ।

ਸਾਰੇ ਦੀਵਾਨ ਦੀਆਂ ਨਜ਼ਰਾਂ ਰਾਜਗੁਰੂ ਤੇ ਲੱਗੀਆਂ ਹੋਈਆਂ ਸਨ। ਰਾਜਗੁਰੂ ਨੇ ਕੰਨਿਆਂ ਦਾਨ ਕਰਵਾ ਦਿੱਤਾ। ਮਗਰੇ ਮਗਰ ਗੰਢ ਚਤਰਾਵਾ ਵੀ ਹੋ ਗਿਆ ਤੇ ਪੰਡਤ ਨੇ ਪਹਿਲੀ ਲਾਂ ਦਾ ਮਹੂਰਤ ਕੀਤਾ।

ਮੰਤਰ ਪੜ੍ਹੇ ਲਾਵਾਂ ਲੈਣ ਵਾਸਤੇ। ਰੇਡੀ ਤੇ ਈਰਾਵਤੀ ਖੜ੍ਹੇ ਹੋਏ ਤੇ ਯਕਦਮ ਦੀਵਾਨ ਵਿਚੋਂ ਇਕ ਆਦਮੀ ਖੜਾ ਹੋ ਕੇ ਬੋਲਿਆ ਜਿਸ ਦੇ ਬੋਲ ਹਿੱਕ ਵਿਚ ਬਰਛੇ ਵਾਂਗ ਖੁਭ ਗਏ।

—'ਕੌਣ—ਈਰਾਵਤੀ—ਇਹ ਸ਼ਾਦੀ ਰੇਡੀ ਨਾਲ ਨਹੀਂ ਹੋ ਸਕਦੀ। ਅਸੀਂ ਮੁਸਲਮਾਨਾਂ ਦੇ ਘਰ ਰਹਿਣ ਵਾਲੀ ਔਰਤ ਨੂੰ ਘਰ ਦੀ ਲਖਸ਼ਮੀ ਦੀ ਪਦਵੀ ਨਹੀਂ ਦੇ ਸਕਦੇ। ਅਸੀਂ ਨੱਕ ਨਹੀਂ ਵਢਵਾ ਲੈਣਾ ਬਰਾਦਰੀ ਵਿਚ ਰੇਡੀ ਤੇ ਮੂਰਖ ਹੋ ਗਿਆ ਏ। ਮੈਂ ਇਹ ਸ਼ਾਦੀ ਨਹੀਂ ਹੋਣ ਦੇਵਾਂਗਾ। ਨੀਚ ਕੰਨਿਆ ਨੂੰ ਗ੍ਰਹਿਣ ਕਰਨਾ ਜਾਣ ਬੁੱਝ ਕੇ ਮੌਹਰਾ ਖਾਣ ਵਾਲੀ ਗੱਲ ਏ। ਅਸੀਂ ਉੱਚੀ ਕੁਲ ਦੇ ਆਦਮੀ ਹਾਂ। ਕਿਸ ਤਰ੍ਹਾਂ ਚਰਿੱਤਰਹੀਨ ਨੂੰ ਘਰ ਦੀ ਅਰਧੰਗਣੀ ਬਣਾ ਲਵਾਂ।' ਇਕ ਹੈਦਰਾਬਾਦੀ ਬੋਲਿਆ, ਜਿਹੜਾ ਰੇਡੀ ਦਾ ਕੋਈ ਅੰਗ ਸਾਕ ਸੀ।

— ਲਗਨ ਮੰਡਪ ਡੋਲਿਆ। ਹਵਨ ਦੀ ਲਾਟ ਨੂੰ ਕੰਬਣੀ ਛਿੜ ਪਈ। ਦੀਵਾਨ ਚੁੱਪ ਸੀ ਤੇ ਸੂਰਮੇ ਇਕ ਦੂਜੇ ਦਾ ਮੂੰਹ ਵੇਖ ਰਹੇ ਸਨ।

ਝਟ ਦਇਆ ਸਿੰਘ ਬੋਲਿਆ, 'ਮੈਂ ਇਹ ਗੱਲ ਬਰਦਾਸ਼ਤ ਨਹੀਂ ਕਰ ਸਕਦਾ ਕਿ ਇਕ ਆਦਮੀ ਸਾਡੇ ਲਗਨ ਮੰਡਪ ਵਿਚ ਅਪਦਰਵ ਮਚਾ ਦੇਵੇ ਤੇ ਅਸੀਂ ਚੁੱਪ ਬਿਟ ਬਿਟ ਮੂੰਹ ਤੱਕਦੇ ਰਹੀਏ। ਅੰਮ੍ਰਿਤ ਛੱਕਣ ਤੋਂ ਬਾਅਦ ਆਦਮੀ ਸ਼ੁੱਧ ਹੋ ਜਾਂਦਾ ਹੈ ਤੇ ਉਹਦੇ ਤੇ ਕੋਈ ਪਾਨ ਨਹੀਂ ਚੜ੍ਹ ਸਕਦੀ।'

—'ਭਗਵਾਨ ਰਾਮ ਨੇ ਸੀਤਾ ਦੀ ਅਗਨੀ ਪ੍ਰੀਖਸ਼ਾ ਲਈ ਪਰ ਧਰਮ ਨੇ ਉਹਨੂੰ ਕਬੂਲ ਨਾ ਕੀਤਾ। ਅਹਿਲਿਆ ਨੂੰ ਕਿੱਡਾ ਵੱਡਾ ਦੰਡ ਮਿਲਿਆ। ਜ਼ਰਾ ਜਿਨੀ ਅੱਖ ਮਚੋਲੀ ਖੇਡਣ ਦੇ ਕਾਰਨ। ਪੱਥਰ ਦੀ ਸਿਲ ਬਣ ਗਈ।' ਬੁੱਢੇ ਬ੍ਰਾਹਮਣ ਨੇ ਆਪਣੀ ਚੋਟੀ ਨੂੰ ਛੇੜਦਿਆ ਆਖਿਆ।

—'ਸਤੀ ਦਮਿਅੰਤੀ ਨੇ ਨਲ ਨੂੰ ਸ਼ਾਮ ਰੰਗ ਵਿਚ ਪਹਿਚਾਣ ਲਿਆ। ਦਰੋਪਤੀ ਦਾ ਸੱਤ ਭਰੀ ਸਭਾ ਵਿਚ ਵੀ ਨਾ ਲੁਟਿਆ ਗਿਆ।' ਇਹ ਕੋਈ ਕਾਰਨ ਨਹੀਂ ਕਿ ਈਰਾਵਤੀ ਦਾ ਲਗਨ ਰੋਕ ਲਿਆ ਜਾਵੇ। ਉਸ ਸਿੱਖ ਰਾਜ ਦੀਆਂ ਨੀਹਾਂ ਰੱਖੀਆਂ ਹਨ। ਬਲੀਦਾਨ ਦਿੱਤਾ ਹੈ। ਧਰਮ ਸ਼ੁੱਧੀ ਨੂੰ ਕਬੂਲ ਕਰਦਾ ਏ।' ਭਾਈ ਦਇਆ ਸਿੰਘ ਦੇ ਬੋਲਾਂ ਵਿਚ ਕੁੜੱਤਣ ਦੀ ਚਾਸ਼ਨੀ ਸੀ। 'ਪਰ ਮੈਂ ਇਸ ਨੂੰ ਆਪਣੀ ਬਹੂ ਨਹੀਂ ਬਣਾਵਾਂਗਾ। ਓਮ ਸ਼ਿਵਮ, ਸ਼ੰਕਰਮ।' ਬੁੱਢੇ ਬ੍ਰਾਹਮਣ ਦੇ ਬੋਲ ਫਿਰ ਗੂੰਜ ਉਠੇ। 'ਕੌਣ ਏ ਜਿਹੜਾ ਇਸ ਲਗਨ ਨੂੰ ਰੋਕ ਸਕਦਾ ਏ, ਬਾਜ਼ ਸਿੰਘ ਨੇ ਮਿਆਨ ਚੋਂ ਤਲਵਾਰ ਖਿਚਦਿਆਂ ਆਖਿਆ।

—'ਮੈਂ ਹਾਂ ਇਸ ਲਗਨ ਵਿਚ ਵਿਘਨ ਪਾਉਣ ਵਾਲਾ' ਬੁੱਢੇ ਦੇ ਮੱਥੇ ਤੇ ਤਿਉੜੀਆਂ ਨੱਚ ਪਈਆਂ।

ਰਾਜਗੁਰੂ ਚੁੱਪ ਸੀ ਤੇ ਈਰਾਵਤੀ ਦੇ ਬੁਲ੍ਹ ਸੀਤੇ ਹੋਏ ਸਨ। ਰੌੜੀ ਦੇ ਮੂੰਹ ਨੂੰ ਜੰਦਰਾ ਵਜਾ ਹੋਇਆ ਸੀ। ਬੰਦੇ ਬਹਾਦਰ ਦੇ ਅੰਦਰ ਗੁੱਸਾ ਕਰਵਟ ਲੈ ਰਿਹਾ ਸੀ।

—'ਸੰਧੂਰ ਦੀ ਮਾਂਗ ਵਿਚ ਕਿਤੇ ਲਹੂ ਦੇ ਛਿੱਟੇ ਨਾ ਪੈ ਜਾਣ।' ਈਰਾਵਤੀ ਨੇ ਮਨ ਹੀ ਮਨ ਵਿਚ ਸੋਚਿਆ।

—'ਇਸ ਤਲਵਾਰ ਨਾਲ ਦੁਸ਼ਮਣ ਤੇ ਨਿਵਾਇਆ ਜਾ ਸਕਦਾ ਏ ਫਿਰ ਧਰਮ ਦੇ ਮਸਤਕ ਤੇ ਕਦੀ ਤਰੇਲੀ ਨਹੀਂ ਆਉਣ ਲੱਗੀ। ਬਾਜ ਸਿੰਘ ਸ਼ਾਇਦ ਤੈਨੂੰ ਕਿਸੇ ਬ੍ਰਾਹਮਣ ਨਾਲ ਵਾਸਤਾ ਨਹੀਂ ਪਿਆ। ਚਮਿਆਰਾਂ ਦੀ ਸਭਾ ਦਾ ਪੈਂਚ ਹੀ ਰਿਹਾ ਏਂ? ਤ੍ਰੀਆ ਹਠ, ਬਾਲ-ਹਠ ਤੇ ਰਾਜ-ਹਠ ਜਿਸ ਤਰ੍ਹਾਂ ਇਹ ਤਿੰਨ ਬੱਜਰ ਵਾਂਗੂ ਅਟੱਲ ਹਨ ਇਸੇ ਤਰ੍ਹਾਂ ਬ੍ਰਾਹਮਣ ਹਠ ਵੀ ਕਦੀ ਕਿਸੇ ਅੱਗੇ ਨਹੀਂ ਝੁਕਿਆ। ਇਸ ਤਲਵਾਰ ਦਾ ਡਰ ਮੁਗਲ ਨੂੰ ਤੇ ਹੋ ਸਕਦਾ ਏ ਪਰ ਬੁੱਢੇ ਬ੍ਰਾਹਮਣ ਨੂੰ ਨਹੀਂ।'

—'ਬ੍ਰਹਮਾ ਦਾ ਆਸਣ ਕੰਬ ਜਾਂਦਾ ਏ ਜੇ ਕਿਤੇ ਬ੍ਰਾਹਮਣ ਚੋਟੀ ਖੋਲ੍ਹ ਦੇਵੇ। ਬੰਦਾ-ਕੁ-ਬੰਦਾ ਵੇਖ ਕੇ ਤਲਵਾਰ ਦੀ ਲਿਸ਼ਕ ਵਿਖਾਇਆ ਕਰ। ਬਾਜ਼ ਸਿੰਘ ਧਰਮ ਉਸੇ ਤਰ੍ਹਾਂ ਅਟੱਲ ਏ ਜਿਸ ਤਰ੍ਹਾਂ ਅਹਿਲਿਆ ਦਾ ਬੱਜਰ ਸਰੀਰ।' ਬ੍ਰਾਹਮਣ ਦੀ ਕਰੋਧ ਦੀ ਜਵਾਲਾ ਵਿਚ ਚਤੁਰਤ ਦਾ ਪ੍ਰਕਾਸ਼ ਸੀ।

—'ਇਸ ਧਰਮ ਨੇ ਹਿੰਦੁਸਤਾਨ ਦੇ ਪੈਰਾਂ ਵਿਚ ਸਦੀਆਂ ਤੋਂ ਬੇੜੀਆਂ ਪਾ ਰੱਖੀਆਂ ਹਨ। ਅਜੇ ਕਲ੍ਹ ਤੱਕ ਗਜ਼ਨੀ ਵਿਚ ਤੁਹਾਡਾ ਧਰਮ ਨੀਲਾਮ ਹੁੰਦਾ ਫਿਰਦਾ ਸੀ। ਕੰਨਿਆਂ ਕੁਮਾਰੀ ਤੋਂ ਬਦਰੀ ਨਾਥ ਤੱਕ ਤੇ ਦਵਾਰਕਾ ਤੋਂ ਪੁਰੀ ਦੇ ਮੰਦਰਾਂ ਤੱਕ ਇਸ ਧਰਮ ਨੇ ਵੰਨ ਸੁਵੰਨੀਆਂ ਵੰਡੀਆਂ ਪਾਈਆਂ। ਸੁਹਾਗਣਾਂ ਲੌਂਡੀਆਂ ਬਣ ਗਈਆਂ, ਮੰਦਰਾਂ ਨੇ ਮਸਜਦਾਂ ਦੇ ਬੁਰਕੇ ਪਾ ਲਏ ਤਾਂ ਤੁਹਾਡੇ ਧਰਮ ਦੇ ਛੇਕੇ ਹੋਏ ਹਜ਼ਾਰਾਂ ਆਦਮੀ ਇਸਲਾਮ ਕਬੂਲ ਕਰਨ ਤੇ ਮਜਬੂਰ ਹੋ ਗਏ। ਮੈਂ ਤੈਨੂੰ ਇਸ ਧਰਮ ਦਾ ਵਾਸਤਾ ਦੇ ਕੇ ਆਖਦਾ ਹਾਂ, 'ਧਰਮ ਨੂੰ ਨੰਗਾ ਹੋਣ ਤੋਂ ਬਚਾ ਲੈ ਜੇ ਹੁਣ ਵੀ ਬ੍ਰਾਹਮਣ ਦੇਵਤੇ ਦੇ ਦਿਲ ਵਿਚ ਦਇਆ ਨਾ ਆਈ ਤਾਂ ਮਜਬੂਰਨ...'' ਦਇਆ ਸਿੰਘ ਦੀ ਜ਼ਬਾਨ ਰੁੱਕ ਗਈ।

ਬੰਦਾ ਬਹਾਦਰ ਸੋਚ ਵਿਚ ਗਲਤਾਨ ਸੀ, ਆਖਰਕਾਰ ਬੋਲਿਆ, 'ਅੰਜਾਮ ਨੂੰ ਸੋਚ ਕੇ ਕੋਈ ਕਦਮ ਚੁਕਣਾ।' ਰੌੜੀ ਵੇਦੀ ਤੇ ਸਹਿਮਿਆ ਖੜਾ ਸੀ, ਵਿਜਈ ਸਿੱਖ ਰਾਜ ਦਾ, ਤੇ ਈਰਾਵਤੀ ਸਹਿਮੀ ਹੋਈ ਸੀ, ਲਾਜਵੰਤੀ ਦੇ ਫੁੱਲ ਵਾਂਗੂ, ਰੱਬ ਦੇ ਰੰਗ ਵੇਖ ਰਹੀ ਸੀ। ਆਖਰਕਾਰ ਬ੍ਰਾਹਮਣ ਨੂੰ ਤੈਸ਼ ਆ ਗਿਆ, ਗੁੱਸਾ ਚੰਡਾਲ ਹੁੰਦਾ ਏ, ਦੋਹਾਂ ਦੀਆਂ ਤਲਵਾਰਾਂ ਖੜਕ ਪਈਆਂ ਭਰੀ ਸਭਾ ਵਿਚ। ਹੋ ਸਕਦਾ ਸੀ ਕਿ ਬਾਜ਼ ਸਿੰਘ ਇਕੋ ਝਟਕੇ ਵਿਚ ਬ੍ਰਾਹਮਣ ਨੂੰ ਝਟਕਾ ਦੇਂਦਾ ਜੇ ਰਾਜਗੁਰੂ

ਵਿਚ ਨਾ ਪੈਂਦਾ ਤੇ ਖਵਰੇ ਕੀ ਚੰਦ ਚੜ੍ਹ ਪੈਂਦਾ ।

—"ਬਾਜ਼ ਸਿੰਘ ਤਲਵਾਰ ਦਾ ਵਾਰ ਰੋਕ, ਤੂੰ ਨਹੀਂ ਜਾਣਦਾ ਕਿਹਦੇ ਤੇ ਵਾਰ ਕਰਨ ਲੱਗਾ ਏਂ, ਕੁੜਮ ਤੋਂ ਰਾਜਗੁਰੂ ਦੀਆਂ ਅੱਖਾਂ ਵਿਚ ਮੋਟੇ ਮੋਟੇ ਗਲੇਡੂ ਆ ਗਏ ।

ਰਾਜਗੁਰੂ ਝੁੱਕ ਗਿਆ, ਇਕ ਮਾਮੂਲੀ ਜਿਹੇ ਬ੍ਰਾਹਮਣ ਅੱਗੇ, ਬਾਜ ਸਿੰਘ ਦੀ ਤਲਵਾਰ ਆਪਣੇ ਪੈਰਾਂ ਤੇ ਠੰਢੀ ਹੋ ਗਈ ।

—"ਮੈਂ ਤੇ ਓਸੇ ਦਿਨ ਝੁੱਕ ਗਿਆਂ ਸਾਂ ਜਦੋਂ ਪਿਆਰ ਭਰਿਆ ਹੱਥ ਦੀਰਾਵਤੀ ਦੇ ਸਿਰ ਤੇ ਫੇਰ ਦਿੱਤਾ ਸੀ,' ਮੂੰਹ ਬੋਲੀ ਧੀ ਅੱਜ ਡੋਲੀ ਵਿਚ ਪੈ ਜਾਂਦੀ ਤੇ ਮੇਰੇ ਦਿਲ ਨੂੰ ਕਿੰਨੀ ਸ਼ਾਂਤੀ ਮਿਲਦੀ, ਇਹ ਕੋਈ ਨਹੀਂ ਜਾਣਦਾ, ਮੇਰੇ ਸਿਰ ਤੋਂ ਇਕ ਜ਼ੁਮੇਵਾਰੀ ਦਾ ਭਾਰ-ਹੌਲਾ ਹੋ ਜਾਂਦਾ ।' ਰਾਜਗੁਰੂ, ਈਰਾਵਤੀ ਤੇ ਮਜ਼ਬੂਰ ਰੋਡੀ ਲਿਲਕੜੀਆਂ ਲੈ ਰਿਹਾ ਸੀ ।

ਬ੍ਰਾਹਮਣ ਨੇ ਨੰਗੀ ਤਲਵਾਰ ਨਾਲ ਰੋਡੀ ਤੇ ਈਰਾਵਤੀ ਦੇ ਗੰਢ ਚਤਰਾਵੇ ਦੇ ਦੋ ਟੋਟੇ ਕਰ ਦਿੱਤੇ । ਈਰਾਵਤੀ ਗੰਢ ਚਤਰਾਵੇ ਤੇ ਸ਼ਗਨਾਂ ਵਾਲੀ ਪੋਟਲੀ ਲਪੇਟ ਕੇ ਭਰੀ ਸਭਾ ਵਿਚੋਂ ਇਸ ਤਰ੍ਹਾਂ ਸਹਿਮੀ ਹੋਈ ਜਾ ਰਹੀ ਸੀ, ਜਿਸ ਤਰ੍ਹਾਂ ਕਬੂਤਰੀ ਜੰਗਲੀ ਬਿਲੇ ਦੇ ਡਰ ਨਾਲ ।

ਰੋਡੀ ਦੀਆਂ ਅੱਖਾਂ ਵਿਚ ਅਥਰੂ ਡਲ੍ਹਕ ਪਏ । ਦੋਵੇਂ ਇਕ ਦੂਜੇ ਨੂੰ ਪਿਆਸੀਆਂ ਨਜ਼ਰਾਂ ਤੇ ਕਵਾਰੇ ਚਾਵਾਂ ਨਾਲ ਗਲਵਕੜੀਆਂ ਪਾਉਣਾ ਚਾਹੁੰਦੇ ਸਨ । ਪਰ ਧਲਮ ਨੇ ਉਨ੍ਹਾਂ ਦੇ ਰਾਹ ਬੰਦ ਕਰ ਦਿੱਤੇ, ਸਾਰੇ ਦੀਵਾਨ ਤੇ ਚੁੱਪ ਵਰਤੀ ਹੋਈ ਸੀ ।

—ਸ਼ਾਇਦ ਇਹ ਕਿਸੇ ਜੁੱਗ ਵਿਚ ਪਿਆਸੀਆਂ ਆਤਮਾਵਾਂ ਤੇ ਤਿਹਾਏ ਨੈਣ ਕੰਵਾਰੇ ਚਾਅ ਕਦੀ ਮਿਲ ਸਕਣਗੇ ?' ਈਰਾਵਤੀ ਨੇ ਇਸ ਤਰ੍ਹਾਂ ਸੋਚਿਆ ।

ਮਜਬੂਰਨ ਕਿਸੇ ਦੀ ਆਵਾਜ਼ ਨਾ ਨਿਕਲੀ ਤੇ ਕਿਸੇ ਨੇ ਉੱਠ ਕੇ ਉਹਦੇ ਸਿਰ ਤੇ ਪਿਆਰ ਨਾ ਦਿੱਤਾ । ਰਾਜਗੁਰੂ ਦੇ ਗਲ ਲੱਗ ਭੁੱਬਾਂ ਮਾਰ ਕੇ ਰੋਈ ਦੀਰਾਵਤੀ ਤੇ ਉਸ ਇਕ ਵਾਰ ਬ੍ਰਾਹਮਣ ਵੱਲ ਮਸਤਕ ਨਿਵਾਇਆ । ਰੋਡੀ ਅਜੇ ਵੀ ਘੂਰ ਕੇ ਵੇਖ ਰਿਹਾ ਸੀ ।

———

੨੨

ਪ੍ਰਤਿੱਗਿਆ

ਭਾਵੇਂ ਵਜ਼ੀਰ ਖਾਂ ਦੇ ਪੁੱਤ ਨੇ ਦਿੱਲੀ ਆ ਕੇ ਬਥੇਰਾ ਰੌਲਾ ਰੱਪਾ ਪਾਇਆ ਪਰ ਕਿਸੇ ਨੇ ਕੰਨ ਨਾ ਧਰੇ, ਜਿੱਥੇ ਬਹਿੰਦਾ ਆਪਣੀ ਰਾਮ ਕਹਾਣੀ ਛੇੜ ਲੈਂਦਾ, ਪਰ ਉਹਦੀ ਭੈਣ ਦੇ ਪੁਜਦਿਆਂ ਹੀ ਉਸ ਬਲਦੀ ਤੇ ਤੇਲ ਦਾ ਕੰਮ ਕੀਤਾ। ਹੋਰ ਕਈ ਰਈਸ ਜਾਗੀਰਦਾਰ ਅਤੇ ਅਮੀਰਾਂ ਨੇ ਨਜ਼ਾਮੁਲਮੁਲਕ ਦੇ ਹਜ਼ੂਰ ਵਿਚ ਅਰਜ਼ ਗੁਜ਼ਾਰੀ, ਇਕ ਵਾਰ ਭਾਂਬੜ ਮਚਿਆ ਤੇ ਉਹਦੀਆਂ ਲਾਟਾਂ ਰਾਜਪੁਤਾਨੇ ਤੱਕ ਬਾਦਸ਼ਾਹ ਤੱਕ ਪੁੱਜ ਗਈਆਂ। ਹਰਕਾਰੇ ਚਿੱਠੀਆਂ ਲੈ ਕੇ ਹਾਜ਼ਰ ਹੁੰਦੇ, ਉਨ੍ਹਾਂ ਨੇ ਬਾਦਸ਼ਾਹ ਦਾ ਸੌਣਾ ਵੀ ਹਰਾਮ ਕਰ ਦਿੱਤਾ ਸੀ। ਭਾਵੇਂ ਰਾਜਪੂਤਾਂ ਨੇ ਏਨਾ ਨੱਕ ਵਿਚ ਦਮ ਨਹੀਂ ਕੀਤਾ, ਜਿੰਨੀ ਸਿੱਖਾਂ ਨੇ ਮੁਗਲਾਂ ਦੇ ਨੱਕ ਵਿਚ ਨਕੇਲ ਪਾਈ। ਉਹ ਮੰਜ਼ਲਾਂ ਮਾਰਦਾ ਅਜਮੇਰ ਸਰੀਫ ਪੁੱਜ ਗਿਆ, ਖ਼੍ਵਾਜਾ ਦੀ ਦਰਗਾਹ ਵਿਚ ਸਜਦਾ ਕੀਤਾ, ਤਲਵਾਰ ਫ਼ੁਰਮਾਈ ਤੇ ਦੁਆ ਮੰਗੀ, ਓਸ ਸਾਰੇ ਰਾਜਪੁਤਾਨੇ ਨੂੰ ਨੱਥਣ ਵਾਸਤੇ ਸਾਰੇ ਜਰਨੈਲਾਂ ਨੂੰ ਇਕੱਠਾ ਕਰਨ ਲਈ ਸੱਦੇ ਭੇਜ ਦਿੱਤੇ।

ਲੁੱਟ ਮਾਰਨ ਵਾਲੇ ਸਿੱਖ ਘਰੋ ਘਰੀ ਚਲੇ ਗਏ ਅਨਾੜੀ ਸਿੱਖ ਰਾਜ ਸੰਭਾਲਣ ਦੇ ਕਾਬਲ ਨਹੀਂ ਸਨ।

ਜਦ ਤੀਕ ਰਾਜਗੁਰੂ ਤੇ ਬੰਦੇ ਦੀ ਨਜ਼ਰ ਰਹਿੰਦੀ, ਰਾਜ ਕਾਜ ਬੜੇ ਮਜ਼ੇ ਨਾਲ ਚਲਦਾ ਤੇ ਜਦੋਂ ਬੰਦਾ ਬਹਾਦਰ ਕਦੇ ਪੂਜਾ ਪਾਠ ਤੇ ਬਹਿ ਜਾਂਦਾ ਜਾਂ ਸਿਮਰਨ ਤੇ ਉਹਦੀਆਂ ਉਂਗਲਾਂ ਰੀਝ ਪੈਂਦੀਆਂ ਤਾਂ ਕੋਈ ਨਾ ਕੋਈ ਬਾਗੀ ਸਿਰ ਕੱਢ ਲੈਂਦਾ। ਜਦ ਸਿੱਖਾਂ ਦਾ ਜ਼ੋਰ ਪੈਂਦਾ ਤਾਂ ਉਹ ਝਟਕਾ ਦੇਂਦੇ, ਸਤਲੁਜ ਤੋਂ ਲੈ ਕੇ ਜਮਨਾ ਤੀਕ ਦੇ ਇਲਾਕੇ ਵਿਚ ਬੰਦੇ ਦੇ ਨਾਂ ਦਾ ਸਿੱਕਾ ਚਲਦਾ ਸੀ। ਖਾਲੀ ਘੋੜੇ ਦਾ ਏਨਾ ਦਬਦਬਾ ਸੀ ਕਿ ਲੋਕ ਮਾਮਲਾ ਲੋਹਗੜ੍ਹ ਆਪ ਪਹੁੰਚਾਉਣ ਆਉਂਦੇ।

ਬੰਦੇ ਦੀ ਧਾਕ ਨੇ ਕਈ ਆਕੜ ਖਾਨਾਂ ਦੀ ਧੌਣ ਦੇ ਮਣਕੇ ਤੋੜ ਦਿੱਤੇ। ਬੰਦੇ ਦੀ ਸਭ ਤੋਂ ਵੱਡੀ ਗਲਤੀ ਜਿਹੜੀ ਸਿੱਖ ਰਾਜ ਦੀਆਂ ਨੀਹਾਂ ਖੋਖਲੀਆਂ ਕਰਨ ਵਾਲੀ ਸੀ ਉਹ ਸੀ ਤਿਆਗ। ਕਰਨਾਲ, ਪਾਣੀਪਤ ਦਾ ਜਿਤਿਆ ਇਲਾਕਾ ਬਿਨੋਦ ਸਿੰਘ ਦੇ ਹੁਕਮਾਂ ਹੇਠ ਆ ਗਿਆ। ਬਾਜ ਸਿੰਘ ਅੱਗੇ ਹੀ ਸਰਹੰਦ ਦਾ ਸੂਬੇਦਾਰ ਸੀ। ਗੱਲ ਕੀ ਸਾਰੀ ਹਕੂਮਤ ਦੀ ਵਾਗ ਡੋਰ ਬਵੰਡ

ਵੰਡਾ ਕੇ ਬੰਦਾ ਇਕਲਵਾਂਝੇ ਹੋ ਬੈਠਾਂ ਸੀ। ਭਾਵੇਂ ਡੋਰਾਂ ਦੀਆਂ ਰੀਢਾਂ ਰਾਜਗੁਰੂ ਦੇ ਹੱਥ ਵਿਚ ਸਨ, ਪਰ ਕਦੀ ਕਦੀ ਰੀਢਾਂ ਸਰਕਣ ਲੱਗ ਪੈਂਦੀਆਂ ਤਦੋਂ ਮੰਨ ਆਈਆਂ ਕਰਦੇ ਹਾਕਮ ਨੂੰ ਤੁਣਕਾ ਵਜਦਾ। ਪਰ ਬੰਦਾ ਪੰਜਾਬ ਛੱਡ ਕੇ ਮੰਡੀ ਜਾ ਵੜਿਆ ਤੇ ਉੱਥੇ ਜਾ ਕੇ ਇਕ ਅਲ੍ਹੜ ਮੁਟਿਆਰ ਨਾਲ ਲਾਵਾਂ ਲੈ ਲਈਆਂ। ਮੁਗਲਾਂ ਦੀ ਹਿੱਕ ਤੇ ਸੱਪ ਲੇਟ ਰਹੇ ਸਨ। ਚੰਗੀ ਨਹੀਂ ਸੀ ਲਗਦੀ ਪਰ ਬੰਦੇ ਦਾ ਏਨਾ ਭੈ ਸੀ ਕਿ ਕੋਈ ਮੁਗਲ ਹਿੱਕ ਤਾਣ ਕੇ ਮੁਕਾਬਲੇ ਤੇ ਨਾ ਡੱਟਦਾ। ਬਹੁਤੇ ਤਾਂ ਇਹ ਆਖਦੇ ਸਨ ਕਿ ਬੰਦੇ ਨੇ ਬੀਰਾਂ ਨੂੰ ਵਸ ਵਿਚ ਕੀਤਾ ਹੋਇਆ ਹੈ। ਉਹ ਰੂਹ ਕਬਜ਼ ਕਰ ਲੈਂਦੇ ਹਨ ਬਹਾਦਰਾਂ ਦੀ, ਮਲਕੁਲ ਮੌਤ ਦਾ ਨਾਂ ਲੈ ਕੇ ਯਾਦ ਕਰਦੇ ਬੰਦੇ ਨੂੰ। ਬੰਦੇ ਦੀ ਚੁੱਪ ਸਾਧ ਲੈਣੀ ਪੰਜਾਬ ਵਾਸਤੇ ਆਫ਼ਤ ਬਣ ਗਈ। ਰਾਜਗੁਰੂ ਦਾ ਭਾਵੇਂ ਕਾਫੀ ਦਬਦਬਾ ਸੀ ਪਰ ਧੜੇਬੰਦੀਆਂ ਨੇ ਕੋਈ ਪੇਸ਼ ਨਾ ਜਾਣ ਦਿੱਤੀ ਤੇ ਨਾਲੇ ਮੁਗਲਾਂ ਤੇ ਸਿੱਖਾਂ ਵਿਚ ਅਯਾਸ਼ੀ ਦਾ ਨਾਂ-ਮਾਤਰ ਦਾ ਹੀ ਫਰਕ ਰਹਿ ਗਿਆ। ਬੰਦੇ ਸਾਹਮਣੇ ਤਾਂ ਕਿਸੇ ਨਜ਼ਰਾਨਾ ਦੇ ਕੇ ਜਾਨ ਬਚਾ ਲਈ ਜਾਂ ਮਿੰਨਤ ਸਮਾਜਤ ਨਾਲ ਨਹੀਂ ਤੇ ਕਿਸ਼ਨ ਵਰਗਾ ਭਲਾ ਪੁਰਸ਼ ਵਿਚ ਪੈ ਗਿਆ ਤਾਂ ਉਸ ਦੇ ਭਾਵੇਂ ਦਿਨ ਕੱਟੇ ਗਏ ਹੋਣ।

ਪੰਜਾਬ ਦੀਆਂ ਚਹੁੰ ਕੂਟਾਂ ਵਿਚੋਂ ਚਿੱਠੀਆਂ ਦੇ ਢੇਰ ਲੱਗ ਜਾਂਦੇ ਬਹਾਦਰ ਸ਼ਾਹ ਕੋਲ। ਚਿੱਠੀਆਂ ਪੜ੍ਹ ਪੜ੍ਹ ਕੇ ਤਲਮਿਲਾ ਰਿਹਾ ਸੀ ਬਹਾਦਰ ਸ਼ਾਹ। ਉਸ ਕਿਸੇ ਨਾਲ ਚੰਗੇ ਦਿਨ ਗੁਜ਼ਾਰੇ ਸਨ, ਪਰ ਅਹਿਸਾਨ ਸੀ ਸਿੱਖਾਂ ਦਾ ਬਹਾਦਰ ਸ਼ਾਹ ਤੇ। ਬੀਤੇ ਦਿਨਾਂ ਦਾ ਚੇਤਾ ਆਉਂਦਾ ਤਾਂ ਅੱਖਾਂ ਵਿਚ ਗਲੇਡੂ ਆ ਜਾਂਦੇ। ਜਾਨ ਸ਼ਕੰਜੇ ਵਿਚ ਆਈ ਹੋਈ ਸੀ, ਜੇ ਸੂਬੇਦਾਰਾਂ ਦੀ ਨਾ ਮੰਨੇ ਤਾਂ ਹਨੇ ਹਨੇ ਰਾਜ ਹੋਣ ਦਾ ਡਰ ਸੀ। ਬਗਾਵਤਾਂ ਸਿਰ ਕੱਢਣ ਨੂੰ ਕਾਹਲੀਆਂ ਸਨ, ਜੇ ਸਿੱਖਾਂ ਦੇ ਫਰਜ਼ ਪੂਰੇ ਕਰੇ ਤੇ ਪੰਜਾਬ ਹੱਥੋਂ ਜਾਂਦਾ ਸੀ। ਮੁਗਲ ਖਸਾਰੇ ਵੰਦਾ ਸੌਦਾ ਕਰਨ ਨਹੀਂ ਗਿਝੇ ਪਰ ਬਹਾਦਰ ਸ਼ਾਹ ਕਦੇ ਇਹ ਵੀ ਸੋਚਦਾ ਕਿ ਸਿੱਖਾਂ ਕਿਹੜੀ ਬੇ-ਇਨਸਾਫ਼ੀ ਕੀਤੀ ਏ। ਉਨ੍ਹਾਂ ਦੀ ਤੇ ਮੈਂ ਇਕ ਮੰਗ ਵੀ ਪੂਰੀ ਨਹੀਂ ਕੀਤੀ ਲਾਰੇ ਲਪਿਆਂ ਵਿਚ ਹੀ ਹਕੂਮਤ ਸੰਭਾਲ ਲਈ ਏ। ਭਲਾ ਹੋਵੇ ਉਸ ਸਵਰਗ ਵਿਚ ਬੈਠੇ ਗੁਰੂ ਦਾ ਜਿਨ ਮੈਨੂੰ ਹਕੂਮਤ ਦਾ ਵਾਰਸ ਬਣਾ ਦਿੱਤਾ, ਮੈਨੂੰ ਵੀ ਹੱਥੀਂ ਦੇਣ ਦਾ ਹੌਸਲਾ ਨਹੀਂ ਪਿਆ। ਉਨ੍ਹਾਂ ਤਲਵਾਰਾਂ ਦੇ ਜ਼ੋਰ ਨਾਲ ਆਪਣੇ ਹੱਕ ਲੈ ਲਏ ਨੇ ਖਵਾਜਾ ਅਜਮੇਰ ਵਾਲੇ ਤੂੰ ਹੀ ਦਸ ਦੁਨੀਆਂ ਵਿਚ ਇਨਸਾਫ ਵੀ ਕੋਈ ਚੀਜ਼ ਏ, ਉੱਤੋਂ ਤਾਂ ਇਨਸਾਫ ਦਾ ਬੜਾ ਰੌਲਾ ਪਾਈਦਾ ਏ, ਪਰ ਵਿਚੋਂ ਤਾਂ ਇਨਸਾਫ ਦਾ ਪੱਖ ਵੀ ਨਹੀਂ ਪੂਰਿਆ। ਤਾਕਤ ਵਾਲੇ ਦਾ ਜ਼ੁਲਮ ਵਿਚ ਇਨਸਾਫ ਏ, ਇਨਸਾਫ ਦੇ ਹੱਕ ਵਿਚ ਗਰੀਬ ਕੁਝ ਕਹੇ ਤਾਂ ਉਹਨੂੰ ਅਪਰਾਧੀ ਆਖਿਆ ਜਾਂਦਾ ਹੈ। ਕਿੰਨਾਂ ਪਾਖੰਡ ਏ ਦੁਨੀਆਂ ਵਿਚ, ਅਜਮੇਰ ਵਾਲੇ ਤੂੰ ਹੀ ਕੋਈ ਰਾਹ ਦਸ, ਮੈਂ ਸਿੱਖਾਂ ਦੇ ਅਹਿਸਾਨ ਹੇਠਾਂ ਕਿਤਨਾਂ ਦਬ ਗਿਆ ਹਾਂ। ਮੇਰੀ ਜ਼ਬਾਨ ਸੜਨ ਲੱਗ ਪੈਂਦੀ ਹੈ, ਜਦੋਂ ਮੈਂ ਕੋਈ ਲਫ਼ਜ਼ ਖਿਲਾਫ ਕਹਿਣ ਦੀ ਜੁਰਅੱਤ ਕਰਦਾ ਹਾਂ।

ਮੁਗਲ ਹਕੂਮਤ ਉੱਨਾ ਚਿਰ ਤੀਕ ਆਪਣੇ ਪੈਰਾਂ ਤੇ ਖੜ੍ਹੀ ਨਹੀਂ ਰਹਿ ਸਕਦੀ, ਜਦ ਤੀਕ

ਇਸ ਦੇ ਨਿਗਾਹਬਾਨ ਰਾਜਪੂਤ ਤੇ ਸਿੱਖ ਨਾ ਹੋਣ, ਅੱਬਾ ਹਜ਼ੂਰ ਨੇ ਦਾਰਾ ਸ਼ਕੋਹ ਨੂੰ ਕਤਲ ਕਰਕੇ ਮੁਗਲ ਹਕੂਮਤ ਦਾ ਲੱਕ ਤੋੜ ਦਿੱਤਾ, ਮੁਗਲ ਹਿੰਦੁਸਤਾਨ ਨੂੰ ਆਪਣਾ ਮੁਲਕ ਸਮਝਦੇ ਹਨ। ਉਨ੍ਹਾਂ ਇਥੇ ਹੀ ਰਹਿਣਾ ਏ, ਮੁੜ ਵਤਨ ਨਹੀਂ ਜਾਣਾ।

ਸਿੱਖ ਰਾਜ਼ੀ ਹੋ ਸਕਦੇ ਹਨ। ਜੇ ਉਨ੍ਹਾਂ ਨਾਲ ਇਨਸਾਫ਼ ਵਾਲੀ ਨਜ਼ਰ ਮਾਰੀ ਜਾਏ। ਬੜੇ ਸੁਖੀ ਹਨ। ਜੇ ਉਨ੍ਹਾਂ ਨੂੰ ਪਿਆਰ ਤੇ ਦਲਾਸੇ ਨਾਲ ਸਮਝਾਇਆ ਜਾਵੇ ਤਾਂ ਮੁਗਲ ਹਕੂਮਤ ਲਈ ਥੰਮ੍ਹ ਬਣ ਸਕਦੇ ਹਨ। ਜੇ ਇਕ ਸੂਬੇ ਦੇ ਇਹ ਮਾਲਕ ਰਹਿਣ ਵੀ ਤਾਂ ਕੀ ਹਰਜ ਹੈ। ਇਨ੍ਹਾਂ ਨੂੰ ਸਰਦਾਰੀਆਂ ਦੇ ਦਿਓ। ਖਤਾਬ ਬਖਸ਼ੋ ਤੇ ਪੰਜਾਬ ਦੇ ਰੌਲੇ ਰੱਪੇ ਦੀ ਜੜ੍ਹ ਖਤਮ ਹੋ ਜਾਂਦੀ ਹੈ। ਮੁਗਲਾਂ ਦਾ ਕੋਈ ਬਹੁਤਾ ਜੀ ਨਹੀਂ ਕਰਦਾ ਰਾਜ ਕਰਨ ਨੂੰ। ਇਨ੍ਹਾਂ ਕੋਈ ਮੋਤੀ ਦਾਨ ਨਹੀਂ ਕੀਤੇ, ਖੁਦਾ ਦੇ ਦਰਬਾਰ ਵਿਚ ਜੋ ਦੂਜੇ ਕੋਲੋਂ ਵੰਡਦੇ ਰਹੇ ਹਨ। ਕਿੰਨੀ ਪੀੜ ਹੁੰਦੀ ਏ। ਆਪਣੇ ਪਿੰਡੇ ਤੇ ਚੂੰਢੀ ਵਢਦਿਆਂ ਜਦੋਂ ਉਨ੍ਹਾਂ ਦੇ ਕਲੇਜੇ ਨੂੰ ਹੱਥ ਪਾਇਆ ਤਾਂ ਇਕ ਵਾਰ ਤੇ ਉਨ੍ਹਾਂ ਵੱਲ ਝੂਠੀ ਸੱਚੀ ਝਾਤੀ ਵੀ ਨਹੀਂ ਮਾਰੀ ਉਨ੍ਹਾਂ ਦੀਆਂ ਮਾਂਵਾਂ ਦੇ ਅਥਰੂ ਪੂੰਝਣ ਲਈ। ਕੀ ਹੋਇਆ ਸਰਹੰਦ ਲੁੱਟ ਲਈ। ਸਮਾਣਾ ਮਾਰਿਆ ਗਿਆ। ਕਪੂਰੀ ਦਾ ਫੱਕਾ ਵਜ ਗਿਆ। ਜਿਸ ਦੇ ਸਾਹਮਣੇ ਉਸ ਦੇ ਘਰ ਨੂੰ ਅੱਗ ਲਾ ਦੇਈਏ। ਉਹਦੇ ਬੁਲ੍ਹ ਸੀਤੇ ਰਹਿਣ, ਕਿੰਨੇ ਕੁ ਮਹਾਨ ਹਨ ਉਹ। ਹਨੇਰ ਕਿਉਂ ਚੁੱਕ ਲਿਆ ਜੇ, ਜੇ ਤੁਹਾਡੀ ਕਣਕ ਦੀ ਭਰੀ ਫੂਕ ਦਿੱਤੀ ਏ। ਕੁਝ ਰੱਬ ਦਾ ਖੌਫ਼ ਕਰੋ। ਖੁਦਾ ਦੇ ਬੰਦਿਓ ਕਿਹੜਾ ਮੂੰਹ ਲੈ ਕੇ ਜਾਉਗੇ ਕਿਆਮਤ ਵਾਲੇ ਦਿਨ। ਕੁਝ ਤੇ ਸਬਾਬ ਬੰਨ ਕੇ ਲੈ ਜਾਉ। ਪਾਪ ਦੀਆਂ ਗੱਠੜੀਆਂ ਨ ਬੰਨੋ। ਯਾ ਅੱਲਾ ਰਹੀਮ!' ਬਹਾਦਰ ਸ਼ਾਹ ਨੇ ਕੁਰਾਨ-ਪਾਕ ਦੀ ਆਇਤ ਪੜ੍ਹੀ ਤੇ ਮਗਰੋਂ ਆਮੀਨ ਆਖ ਕੇ ਮੂੰਹ ਤੇ ਹੱਥ ਫੇਰਿਆ।

ਇਕ ਹਾਜੀ ਨੁਮਾ ਜਾਗੀਰਦਾਰ ਆਖ ਰਿਹਾ ਸੀ। 'ਆਲਮ ਪਨਾਹ ਬੰਦੇ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਏ। ਹਜ਼ਾਰਾਂ ਬੱਚੇ ਯਤੀਮ ਹੋ ਗਏ ਹਨ। ਕੁਰਲਾਂਦੀਆਂ ਪਈਆਂ ਹਨ ਭਾਗ ਭਰੀਆਂ। ਮੀਢੀਆਂ ਖੁਲ੍ਹੀਆਂ ਤੇ ਮੰਦਾ ਹਾਲ। ਜਿਨ੍ਹਾਂ ਦੇ ਪੈਰ ਮਹਿੰਦੀਆਂ ਨਾਲ ਸ਼ਿੰਗਾਰੇ ਹੋਏ ਸਨ। ਬਿਆਈਆਂ ਪਾਟ ਕੇ ਲਹੂ ਵਗ ਰਹੇ ਹਨ। ਪਰਾਂਦੇ ਕਿਲੀਆਂ ਨਾਲ ਟੰਗੇ ਰਹਿ ਗਏ ਤੇ ਸੁੰਨਮਸਾਨ ਵਰਤ ਗਈ। ਬੁਰਕੇ ਲੀਰਾਂ ਦਾ ਬੁਕ ਬਣ ਗਏ। ਇਸਲਾਮ ਗਲੀਆਂ ਤੇ ਬਾਜ਼ਾਰਾਂ ਵਿਚ ਨੀਲਾਮ ਹੋ ਗਿਆ। ਕਸਮ ਏ ਕੁਰਾਨ ਪਾਕ ਦੀ, ਕੁਰਾਨ ਦੀ ਬੇ-ਹੁਰਮਤੀ ਹੁਣ ਵੇਖੀ ਨਹੀਂ ਜਾਂਦੀ। ਮਸਜਦਾਂ ਵਿਚੋਂ ਅਜ਼ਾਨ ਦਾ ਗਲ ਘੁਟਿਆ ਗਿਆ। ਬੀ ਨਾਸ ਹੋ ਗਿਆ ਏ ਪੰਜਾਬ ਵਿਚ ਮੁਸਲਮਾਨਾਂ ਦਾ ਇਨ੍ਹਾਂ ਕਾਫਰਾਂ ਰੰਬੇ ਲੈ ਲੈ ਕੇ ਖਰੋਚ ਦਿੱਤਾ ਏ ਇਸਲਾਮ।'

—'ਮਸਜਦਾਂ ਵਿਚ ਬੁਚੜ ਖਾਨੇ ਤਾਂ ਨਹੀਂ ਖੋਹਲੇ? ਖੁਦਾ ਦਾ ਘਰ ਹੀ ਤਾਂ ਬਣਾਇਆ ਏ। ਅੱਛਾ ਨਜ਼ਰ ਸਾਨੀ ਕੀਤੀ ਜਾਵੇਗੀ।' ਬਹਾਦਰ ਸ਼ਾਹ ਨੇ ਫੁਰਮਾਇਆ।

—ਰਾਹੋਂ, ਮਲੇਰ ਕੋਟਲਾ, ਰਾਇ ਪੁਰ, ਜਗਰਾਉਂ, ਜਲੰਧਰ ਤੇ ਲੁਧਿਆਣਾ ਨੂੰ ਫੂਕ ਕੇ ਬੁਬਲ ਬਣਾ ਦਿੱਤਾ ਏ ਜਹਾਂ ਪਨਾਹ। ਖੰਡਰਾਂ ਦੀ ਗੋਦ ਵਿਚ ਸੌਂ ਗਈਆਂ ਹਨ ਬਾਰਾਂਦਰੀਆਂ ਦਾ

ਸੁੰਦਰ ਮਹਿਲ ਮਾੜੀਆਂ। ਕੋਈ ਬੰਦੇ ਸਾਹਮਣੇ ਅੱਖ ਨਹੀਂ ਚੁਕਦਾ।' ਗੁਲ ਮੁਹੰਮਦ ਖਾਂ ਆਖ ਰਿਹਾ ਸੀ।

—'ਕੀ ਤੂੰ ਨਿਆਜ਼ ਚੜ੍ਹਾਣ ਆਇਆ ਏਂ ਖ੍ਵਾਜਾ ਅਜਮੇਰ ਦੇ ਦਰਬਾਰ ਵਿਚ। ਭਗੌੜਿਆਂ ਮਰ ਕਿਉਂ ਨਾ ਗਿਉਂ ਨੱਕ ਵਢਵਾ ਕੇ ਬੋਝੇ ਵਿਚ ਪਾ ਲੈਣਾ ਸੀ। ਕੀ ਤੁਹਾਥੋਂ ਸਿੱਖ ਗਿਣਤੀ ਵਿਚ ਜ਼ਿਆਦਾ ਸਨ ਜਾਂ ਤਾਕਤ 'ਚ ਤਕੜੇ ਸਨ ਜਾਂ ਉਨ੍ਹਾਂ ਪਾਸ ਤੋਪਾਂ ਦਾ ਜ਼ਿਆਦਾ ਗੜ੍ਹ ਸੀ? ਕੀ ਉਨ੍ਹਾਂ ਮਗਰ ਖਜ਼ਾਨਿਆਂ ਨੇ ਮੂੰਹ ਖੋਲ੍ਹੇ ਹੋਏ ਸਨ ਆਖਰ ਕੀ ਗੱਲ ਏ ਉਨ੍ਹਾਂ ਵਿਚ ਜਿਹੜੀ ਤੁਹਾਡੇ ਵਿਚ ਘੱਟ ਏ, ਕੁਝ ਫੁੱਟ ਤੇ ਸਹੀ। ਮੂੰਹ ਵਿਚ ਕੀ ਘੁੰਗਣੀਆਂ ਪਾਈਆਂ ਹੋਈਆਂ ਨੀ। ਗੁਲ ਮੁਹੰਮਦ ਖਾਨ ਨੇ ਚੁੱਪ ਸਾਧ ਲਈ ਤੇ ਝੁਕਿਆ ਰਿਹਾ। ਬਹਾਦਰ ਸ਼ਾਹ ਬੋਲੀ ਜਾ ਰਿਹਾ ਸੀ। ਖਿਆਸਾ ਤੋਂ ਲੈ ਕੇ ਰਾਵੀ ਤੱਕ ਕੋਈ ਸਿੱਖ ਦਲੀਜ ਨਹੀਂ ਲੰਘ ਸਕਦਾ।' ਸਿੱਖ ਤਾਂ ਹੁਣ ਸ਼ਾਲਾਮਾਰ ਤੀਕ ਪੁੱਜ ਗਏ ਹਨ। ਪਿੰਡ ਪਿੰਡ ਵਿਚ ਉਨ੍ਹਾਂ ਡੌਂਡੀਆਂ ਪਿਟਵਾ ਦਿੱਤੀਆਂ ਹਨ। ਘੋੜੇ ਫੇਰ ਦਿੱਤੇ ਹਨ ਚਹੁੰ ਕੂਟਾਂ 'ਚ। ਹੋਕਾਂ ਦਿੰਦੇ ਫਿਰਦੇ ਹਨ ਸਿੱਖ। ਦਿੱਲੀ ਦੇ ਬਾਦਸ਼ਾਹ ਨੂੰ ਲਗਾਨ ਨਾ ਦਿਓ। ਸਿੱਖ ਰਾਜ ਕਾਇਮ ਕਰ ਦਿਓ ਬਜਵਾੜਾ, ਕਰਨਾਲ ਤੇ ਪਾਨੀਪਤ ਦੀਆਂ ਹਵੇਲੀਆਂ, ਬਾਰਾਂਦਰੀਆਂ ਢਹਿਕੇ ਸੁਹਾਗੇ ਫੇਰ ਦਿੱਤੇ ਹਨ। ਬਾਰਾਂਲੱਖ ਦੀ ਅਬਾਦੀ ਤੇ ਬੰਦੇ ਬਹਾਦਰ ਦਾ ਰਾਜ ਏ ਅੰਨ ਦਾਤਾ!' ਓਹਦੀਆਂ ਅੱਖਾਂ ਨੀਵੀਆਂ ਸਨ ਤੇ ਉਹ ਬੋਲੀ ਜਾ ਰਿਹਾ ਸੀ। ਤੂੰ ਕਿਤੇ ਸ਼ਮਸ਼ ਖਾਨ ਤੇ ਨਹੀਂ ਜਾਨ ਬਚਾ ਕੇ ਨਸ ਆਇਆ ਏਂ। ਕਾਮਯਾਬੀ ਦਾ ਸਿਹਰਾ ਉਹਦੇ ਸਿਰ ਬੱਝਦਾ ਤੇ ਜਿਸ ਵੱਲ ਕੁਦਰਤ ਦੀ ਨਜ਼ਰ ਸਵੱਲੀ ਹੋਵੇ। ਅੱਜ ਸੇਵਾ ਸਿੰਘ ਨੂੰ ਲੋਕ ਡਾਕੂ ਆਖਦੇ ਜੇ ਫਤਹਿ ਉਸ ਦੇ ਪੈਰ ਨਾ ਚੁੰਮਦੀ। ਫਤਹਿ ਅੱਗੇ ਸਿਰ ਨਵਾਣਾਂ ਹੀ ਅਕਲ ਮੰਦੀ ਏ ਜੇ ਤੂੰ ਹੈਦਰੀ ਝੰਡਾ ਚੁੱਕ ਕੇ ਮੁਲਕ ਵਿਚ ਜਹਾਦ ਖੜਾ ਕਰ ਦੇਵੇਂ ਤਾਂ ਮੈਂ ਤੈਨੂੰ ਬਹਾਦਰ ਜਾਣਦਾ। ਬੁਜ਼ਦਿਲਾਂ ਵਾਂਗ ਲੁਕਣ ਆ ਗਿਐਂ ਭਗੌੜਿਆ ਕੀ ਪਿਉ ਦਾਦੇ ਦੀ ਇੱਜ਼ਤ ਤੇ ਡੰਡੇ ਗਡਦਾ ਫਿਰਦਾ ਏਂ ਹੱਟ ਜਾਉ ਮੇਰੀਆਂ ਅਖੀਆਂ ਦੇ ਸਾਹਵਿਓਂ।' ਬਹਾਦਰ ਸ਼ਾਹ ਦੀਆਂ ਅੱਖਾਂ ਵਿਚੋਂ ਖੂਨ ਚੋਣ ਵਾਲਾ ਸੀ। ਤੀਰ ਅੰਦਾਜ਼ੀ ਵਿਚ ਬੰਦੇ ਨੂੰ ਉਹ ਕਮਾਲ ਹਾਸਲ ਏ ਕਿ ਉਹ ਇਕ ਇਕ ਤੀਰ ਵਿਚ ਤੀਹਾਂ ਤੀਹਾਂ ਗਭਰੂਆਂ ਦੀਆਂ ਹਿੱਕਾਂ ਵਿਨ੍ਹ ਦਿੰਦੇ। ਇਹ ਅਫਵਾਹ ਆਮ ਹੋ ਗਈ ਹੈ ਕਿ ਉਹ ਬੜਾ ਬਲੀ ਏ ਜਿਨ੍ਹ ਭੂਤ ਉਸ ਦੇ ਵਸ ਵਿਚ ਹਨ। ਉਹ ਆਪ ਤੇ ਨਹੀਂ ਲੜਦਾ। ਜਿਨ੍ਹ ਭੂਤ ਉਸ ਦੀ ਸਰਦਲ ਤੇ ਸਿਰ ਨਿਵਾਂਦੇ ਹਨ। ਸਾਡੇ ਤੇ ਹੌਸਲੇ ਪਸਤ ਹੋ ਗਏ। ਉਹ ਆਦਮੀ ਤੇ ਮਲੰਗ ਮੌਲਾ ਏ। ਜੋ ਕੁਝ ਜਿਤਦਾ ਏ, ਆਪਣੇ ਅਹਿਲਕਾਰਾਂ ਵਿਚ ਵੰਡ ਦਿੰਦਾ ਏ। ਹਰਮੰਦਰ ਜਾ ਕੇ ਸਿਰ ਕੀ ਨਿਵਾਇਆ ਕਿ ਉਹਦੇ ਭਾਗ ਜਾਗ ਪਏ। ਸੰਗਤਾਂ ਹੁਮ ਹੁਮਾ ਕੇ ਆਈਆਂ ਦਰਸ਼ਨਾਂ ਨੂੰ ਚੜ੍ਹਾਵੇ ਵਿਚ ਇੰਨਾ ਵੱਢਾ ਢੇਰ ਲੱਗ ਗਿਆ ਕਿ ਚੰਗੀ ਫੌਜ ਦੀ ਪਾਲਣਾ ਹੋ ਸਕਦੀ ਏ ਤੇ ਉਸ ਵੀ ਐਲਾਨ ਕਰ ਦਿੱਤਾ ਏ ਕਿ ਜਿਹੜਾ ਆਦਮੀ ਸਿੱਖ ਬਣ ਜਾਵੇਗਾ ਉਹਨੂੰ ਬੜ ਖੇਤ। ਦਾ ਮਾਮਲਾ ਮਾਫ ਕਰ ਦਿੱਤਾ ਜਾਵੇਗਾ। ਧੜਾ ਧੜ ਲੋਕ ਸਿੱਖ ਬਣ ਰਹੇ ਹਨ।

ਸਿੱਖਾਂ ਦੀ ਗਿਣਤੀ ਟਿੱਡੀ ਦਲ ਵਾਂਗ ਵੱਧ ਰਹੀ ਏ । ਹੁਣ ਕੀੜੀਆਂ ਦੇ ਭੌਣ ਤੇ ਸਿੱਖਾਂ ਵਿਚ ਕੋਈ ਫਰਕ ਨਹੀਂ । ਜੇ ਕੁਝ ਦਿਨ ਖੁਲ੍ਹ ਮਿਲੀ ਰਹੀ, ਉਹ ਮੁਗਲ ਹਕੂਮਤ ਨੂੰ ਹੜਪ ਕਰ ਜਾਣਗੇ । ਉਹ ਆਪਣੇ ਦੀਵਾਨਾਂ ਵਿਚ ਬਾਜੀ ਰਾਓ ਪੇਸ਼ਵਾ ਦੀ ਗੱਲ ਘੜੀ ਮੁੜੀ ਚੇਤੇ ਕਰਵਾਉਂਦੇ ਹਨ । ਦਰਖਤ ਦੇ ਮੁਢ ਨੂੰ ਜੜੋਂ ਪੁਟ ਦਿਉ। ਉਸ ਦੀਆਂ ਸ਼ਾਖਾਂ ਆਪਣੇ ਆਪ ਸੁੱਕ ਜਾਣਗੀਆਂ । ਤਣਾਂ ਮੁਢੋਂ ਡੋਲ ਗਿਆ ਤੇ ਸ਼ਾਖਾਂ ਕੁਮਲਾ ਗਈਆਂ ਹਨ । ਤੁਹਾਡੇ ਦੱਖਣ ਵਿਚ ਰਹਿਣ ਨਾਲ ਸਿੱਖਾਂ ਦੇ ਪੈਰ ਪਤਾਲ ਵਿਚ ਧਸ ਗਏ ਹਨ । ਉਹ ਮਾੜੀ ਮੋਟੀ ਫੌਜ ਨੂੰ ਪੱਲੇ ਹੀ ਨਹੀਂ ਬੰਨ੍ਹਦੇ ! ਇਹਦੇ ਵਿਚ ਜਨਕ ਵਾਲੀਆ ਖੂਬੀਆਂ ਹਨ ਮਹਾਰਾਜ ਕੰਵਲ ਦੇ ਫੁੱਲ ਵਾਂਗ ਪਾਣੀ ਵਿਚ ਰਹਿੰਦਾ ਏ ਪਰ ਆਪ ਸੁੱਕਾ । ਹਿੰਦੂ ਉਸ ਨੂੰ ਅਵਤਾਰ ਮੰਨਦੇ ਹਨ । ਇਹ ਪੁਰਾਣੀ ਲਕੀਰ ਏ ਬੁਤ ਪੂਜਣ ਦੀ । ਬੰਦੇ ਦਾ ਹੁਣ ਪਹਾੜੀ ਰਾਜਿਆਂ ਨਾਲ ਇੱਟ ਵੱਟੇ ਦਾ ਵੈਰ ਏ ਉਸ ਕਈ ਪੱਤਰ ਲਿਖੇ ਕਿ ਤੁਸਾਂ ਮੇਰੇ ਗੁਰੂ ਦਾ ਸਾਥ ਨਹੀਂ ਦਿੱਤਾ ਹੁਣ ਤੋਂ ਅਕਲ ਨੂੰ ਹੱਥ ਮਾਰੋ ਮੈਂ ਅੱਧ ਤੋਂ ਜ਼ਿਆਦਾ ਪੰਜਾਬ ਜਿੱਤ ਲਈ ਏ । ਮਲੇਰ ਕੋਟਲੇ ਦੇ ਰਾਜਾ ਅਜਮੇਰ ਚੰਦ ਨੂੰ ਆਪਣੀ ਮਦਦ ਲਈ ਸੱਦਾ ਭੇਜਿਆ । ਉਸ ਦਾ ਖਿਆਲ ਸੀ ਕੀ ਉਹਦਾ ਪਾਰਾ ਲੱਥ ਗਿਆ ਹੋਣਾ ਏ । ਪਰ ਉਸ ਬੜਾ ਗੁਸਤਾਖਾਨਾ ਜਵਾਬ ਦਿੱਤਾ । ਤੇਰਾ ਵੀ ਆਪਣੇ ਗੁਰੂ ਵਾਂਗ ਕੋਈ ਖੁਰਾ ਖੋਜ ਨਹੀਂ ਲੱਭਣਾ । ਕਈ ਰਾਜੇ ਜੁੱਟੇ ਅਜਮੇਰ ਚੰਦ ਦੀ ਮਦਦ ਲਈ ਪਰ ਬੰਦੇ ਨੇ ਤੋਪਾਂ ਮਾਰ ਮਾਰ ਕੇ ਕਿਲੇ ਦੀਆਂ ਦੀਵਾਰਾਂ ਵਿਚ ਸੁਰਾਖ ਪਾ ਦਿੱਤੇ ਉੱਤੋਂ ਵਾਲੀ ਦੀ ਸਲਾਹ ਤਾਂ ਕਰ ਬੈਠਾ ਅਜਮੇਰ ਚੰਦ ਪਰ ਦਿਲ ਵਿਚ ਬੜੇ ਮੋਠ ਦਲਦਾ ਏ । ਬੈਰਾਗੀ ਵਿਚ ਹੁਣ ਠਾਠ ਬਾਠ ਵੀ ਆ ਗਈ ਏ । ਕਲਗੀ ਸਿਰ ਸੋਂਹਦੀ ਏ । ਰਾਜਿਆਂ ਵਾਂਗ ਸ਼ਾਨੋਸ਼ੌਕਤ ਦਾ ਵੀ ਦਿਲਦਾਦਾ ਹੋ ਗਿਐ ।

ਇਸ ਵੇਲੇ ਪਹਾੜੀ ਰਾਜਿਆਂ ਨੂੰ ਇਕੱਠਾ ਕਰ ਕੇ ਬੰਦੇ ਦੇ ਗੱਲ ਪੁਆ ਦੇਣਾ ਕੋਈ ਵੱਡੀ ਗੱਲ ਨਹੀਂ । ਚੁਟਕੀ ਮਾਰ ਕੇ ਬੰਦੇ ਨੂੰ ਪਿੰਜਰੇ ਵਿਚ ਪਾਇਆ ਜਾ ਸਕਦੈ । ਥਾਂ ਥਾਂ ਤੇ ਉਹਦੇ ਦੁਸ਼ਮਨ ਹਨ । ਮੁਗਲ ਕਚੀਚੀਆਂ ਵੱਟ ਰਹੇ ਹਨ ਕੁਝ ਪੇਸ਼ ਨਹੀਂ ਜਾਂਦੀ । ਅਸਲਮ ਖਾਨ ਲਾਹੌਰ ਵਿਚ ਤਲੀਆਂ ਮਲ ਮਲ ਕੇ ਸਾਵਾ ਪੀਲਾ ਹੋ ਰਿਹਾ ਹੈ ।

ਨਜ਼ਾਮੁਲ ਮੁਲਕ ਵਿਚੋ ਵਿਚ ਸੜ ਬਲ ਕੇ ਆਂਦਰਾਂ ਲਹੂ ਰਿਹਾ ਏ । ਆਪੋ ਆਪਣੀ ਥਾਂ ਸਾਰੇ ਬੰਦੇ ਤੋਂ ਡਰਦੇ ਹਨ । ਸਾਰੇ ਇਕੱਠੇ ਹੋ ਕੇ ਉਸ ਦੇ ਗਲ ਪੈ ਜਾਣ ਤਾਂ ਉਹਦੀ ਫਟਕੜੀ ਫੁੱਲ ਹੋ ਸਕਦੀ ਏ । ਦੁਸ਼ਮਣ ਦੇ ਘੇਰੇ ਵਿਚ ਕਿੰਨਾ ਚਿਰ ਬਚ ਸਕਦੈ । ਆਗਰੇ ਦੇ ਦੀਵਾਨ ਹਰਦਿਆਲ ਨੇ ਇਕ ਰਾਹ ਦਸਿਆ ।

'ਪਰ ਸੱਜਣ ਕਿੰਨੇ ਹਨ ਇਹ ਵੀ ਕਦੀ ਸੋਚਿਆ ਈ ।' ਬਹਾਦਰ ਸ਼ਾਹ ਨੇ ਇਕ ਗੱਲ ਵਿਚ ਹੀ ਸਾਰਾ ਜਵਾਬ ਦੇ ਦਿੱਤਾ ।

ਲੋਕਾਂ ਦੀਆਂ ਚੀਕਾਂ ਫਰਿਆਦਾਂ ਨੇ ਬਹਾਦਰ ਸ਼ਾਹ ਦੀ ਜਾਨ ਅਜ਼ਾਬ ਵਿਚ ਪਾ ਦਿੱਤੀ ।

ਉਹ ਦੀਆਂ ਅੱਖਾਂ ਵਿਚੋਂ ਨੀਂਦਰ ਉਡ ਗਈ। ਖਾਣ ਪੀਣ ਦਾ ਕੋਈ ਸਵਾਦ ਨਾ ਰਿਹਾ, ਬੱਸ ਚਿੱਠੀਆਂ ਹੀ ਚਿੱਠੀਆਂ ਦੀ ਭਰਮਾਰ ਸੀ। ਫਰਿਆਦੀਆਂ ਦੀਆਂ ਚੀਕਾਂ ਤੋਂ ਬਗੈਰ ਹੋਰ ਕੋਈ ਗੱਲ ਸੋਚਣ ਦਾ ਵੀ ਬਹਾਦਰ ਸ਼ਾਹ ਨੂੰ ਵਿਹਲ ਨਾ ਮਿਲਦਾ। ਕਈ ਵਾਰ ਉਸ ਖੁਆਜੇ ਦੀ ਦਰਗਾਹ ਵਿਚ ਜਾਣ ਦੀ ਤਿਆਰੀ ਕੀਤੀ ਪਰ ਰਸਤੇ ਵਿਚ ਹੀ ਮੁੜਨਾ ਪਿਆ। ਉਸ ਨੂੰ ਬੰਦਾ ਬਹਾਦਰ ਹਊਆ ਜਾਪਣ ਲੱਗ ਪਿਆ। ਕਦੀ ਉਹ ਏਵੇਂ ਵੀ ਸੋਚਦਾ 'ਹੋ ਸਕਦਾ ਏ ਕਿ ਬੰਦਾ ਮੁਗਲ ਰਾਜ ਨੂੰ ਹੜੱਪ ਕਰ ਲਵੇ। ਜੰਮਦੀਆਂ ਸੂਲਾਂ ਦਾ ਮੂੰਹ ਭੰਨਣਾ ਮੁਸ਼ਕਲ ਨਹੀਂ। ਪਰ ਜਦੋਂ ਕੰਡਿਆਂ ਵਿਚ ਜਾਨ ਪੈ ਜਾਵੇ ਤਾਂ ਉਸ ਨੂੰ ਜ਼ਹਿਰ ਦੀ ਪੁੱਠ ਮਿਲ ਜਾਂਦੀ ਏ। ਫੇਰ ਹੱਥ ਲਾਣਾ ਵੀ ਜਾਨ ਨੂੰ ਰੋਗ ਲਾਣ ਵਾਲੀ ਗੱਲ ਏ। ਮੈਨੂੰ ਹੁਣ ਪੰਜਾਬ ਤੇ ਫੌਜ-ਕਸ਼ੀ ਦਾ ਹੁਕਮ ਸਾਦਰ ਕਰ ਦੇਣਾ ਚਾਹੀਦਾ ਹੈ। ਲਾਹੌਰ ਸਾਥੋਂ ਵੱਖ ਹੋ ਚੁਕੀ ਏ। ਕੋਈ ਸਾਨੂੰ ਪਤਾ ਹੀ ਨਹੀਂ ਮਿਲਦਾ। ਕੋਈ ਦੱਸ ਤੱਖ ਹੀ ਪੈਂਦੀ। ਦਿੱਲੀ ਜੇ ਮੁਗਲ ਹਕੂਮਤ ਦੀ ਸਰਤਾਜ ਏ ਤਾਂ ਪੰਜਾਬ ਵਿਚ ਲਹੌਰ ਉਹਦੀ ਸਜੀ ਬਾਂਹ। ਅੱਛਾ ਅੱਜ ਖਵਾਜੇ ਦੀ ਦਰਗਾਹ ਵਿਚ ਚਲਦੇ ਹਾਂ ਸਾਰੇ ਸਰਦਾਰਾਂ ਨੂੰ ਨਾਲ ਲੈ ਕੇ। ਸਪ ਵੀ ਮਰ ਜਾਵੇ ਤੇ ਲਾਠੀ ਵੀ ਨਾ ਟੁੱਟੇ। ਗੁੜ ਸ਼ਾਇਦ ਜ਼ਹਿਰ ਦਾ ਕੰਮ ਕਰ ਜਾਵੇ। ਕੰਡਿਆਂ ਦੀ ਵਾੜ ਵਿਚ ਦਾਮਨ ਸੰਭਾਲ ਕੇ ਲੰਘਣਾ ਬੜਾ ਮੁਸ਼ਕਲ ਏ। ਚਾਰ ਚੁਫੇਰੇ ਛਵ੍ਹੀਆਂ, ਤਲਵਾਰਾਂ ਤੇ ਨੇਜ਼ਿਆਂ ਦੀ ਪਾਲ ਬੰਨ੍ਹੀ ਖੜੇ ਹਨ ਦੁਸ਼ਮਣ। ਇਨ੍ਹਾਂ ਨੂੰ ਠੰਢੇ ਕਰਨਾ ਮੁਸ਼ਕਲ ਏ। ਪਰ ਇਨ੍ਹਾਂ ਨੂੰ ਪੁਠ ਦੇਣੀ ਮਾਮੂਲੀ ਗੱਲ ਏ। ਰਾਜਪੂਤਾਨਾ ਇਸ ਵੇਲੇ ਸਿਰ ਕਢ ਬੈਠਾ ਹੈ। ਗਾਹੇ ਬਗਾਹੇ ਬਗਾਵਤਾਂ ਸਿਰ ਕਢਦੀਆਂ ਹਨ। ਬੰਗਾਲ ਵਿਚ ਬਗਾਵਤ ਕੁਚਲੀ ਨਹੀਂ ਗਈ। ਕਈ ਸੂਬੇਦਾਰ ਆਕੀ ਹੋਣ ਦੇ ਖ਼ਾਬ ਦੇਖ ਰਹੇ ਹਨ। ਪੰਜਾਬ ਦੀ ਬਗਾਵਤ ਦੇ ਸੋਹਲੇ ਸਿਰ ਤੋਂ ਗਿਠ ਉੱਚੇ ਹੋ ਚੱਕੇ ਹਨ। ਹੁਣ ਤੇ ਸ਼ਮਲੇ ਨੂੰ ਅੱਗ ਲੱਗਣ ਵਾਲੀ ਏ।

ਬਹਾਦਰ ਸ਼ਾਹ ਨੇ ਦਰਗਾਹ ਅਗੇ ਜਾ ਕੇ ਦੋਵੇਂ ਹੱਥ ਚੁੱਕੇ ਤੇ ਦੁਆ ਪੜ੍ਹੀ। ਸਾਰੇ ਅਹਿਲਕਾਰ ਮਗਰ ਦੁਆ ਪੜ੍ਹ ਰਹੇ ਸਨ। ਆਮੀਨ ਆਮੀਨ ਦੀਆਂ ਆਵਾਜ਼ਾਂ ਨਾਲ ਸਾਰੀ ਦਰਗਾਹ ਗੂੰਜ ਉਠੀ।

ਇਕ ਤਜਵੀਜ ਦੁਆ ਦੇ ਦੌਰਾਨ ਵਿਚ ਬਹਾਦਰ ਸਾਹ ਨੂੰ ਸੁੱਝੀ ਤੇ ਉਸ ਨੂੰ ਉਹਨੇ ਚੰਗੀ ਤਰ੍ਹਾਂ ਜੋਖਿਆ। ਆਖਰਕਾਰ ਬਹਾਦਰ ਸ਼ਾਹ ਨੇ ਭਰੀ ਸਭਾ ਵਿਚ ਤਲਵਾਰ ਮਿਆਨੋਂ ਕੱਢੀ ਤੇ ਵਾਹਜ ਕਰਨ ਵਾਲੀ ਜਗ੍ਹਾ ਲਾਗੇ ਚਬੂਤਰੇ ਤੇ ਰੱਖ ਦਿੱਤੀ, ਨੰਗੀ ਤਲਵਾਰ ਖਾਜੇ ਦੀ ਦਰਗਾਹ ਵਿਚ ਸ਼ਰਮ ਨਾਲ ਦੂਹਰੀ ਹੋ ਹੋ ਪੈ ਰਹੀ ਸੀ ਤੇ ਬਹਾਦਰ ਸਾਹ ਆਖ ਰਿਹਾ ਸੀ, "ਕੋਈ ਮਰਦ ਏ ਜਿਹੜਾ ਨਿੱਤਰੇ ਭਰੇ ਦਰਬਾਰ ਵਿਚ, ਜਿਹੜਾ ਉਸ ਮੂਜ਼ੀ ਦਾ ਸਿਰ ਵੱਢੇ, ਕੋਣ ਏ ਜਿਹੜਾ ਮੌਤ ਨਾਲ ਨਕਾਹ ਕਰੇਗਾ। ਵੇਖਦੇ ਕੀ ਹੋ ਬਹਾਦਰੋ ਨਿਤਰੋ ਮੈਦਾਨ ਵਿਚ! ਇਥੇ ਮਜ਼ਹਬ ਦੇ ਹਮਾਇਤੀ ਵੀ ਹਨ ਤੇ ਇਸਲਾਮ ਦੇ ਰਾਖੇ ਵੀ। ਦੀਨ ਦੇ ਠੇਕੇਦਾਰੋ ਅੱਖਾਂ ਤੋਂ ਪੱਟੀ ਲਾਹੋ, ਅਣਖੀਲੇ ਰਾਜਪੂਤ ਸਭਾ ਦੀ ਜਿੰਦ ਜਾਨ ਹਨ ਮੁਗਲਾਂ ਤੇ ਇਨ੍ਹਾਂ ਦੇ ਇਨੇ ਅਹਿਸਾਸ ਹਨ। ਹਰ ਮੁਸ਼ਕਲ ਵਿਚ ਮੁਗਲ ਇਨ੍ਹਾਂ ਦੀ ਪਰਖ ਕਰਦੇ ਹਨ। ਬਹਾਦਰ ਜਰਨੈਲਾਂ ਨੂੰ ਮੈਂ ਅੱਜ ਵੰਗਾਰਦਾ ਹਾਂ, ਚੁੱਪ

ਕਿਉਂ ਹੋ, ਬੁਲ੍ਹ ਸੀਤੇ ਗਏ ਹਨ ਜਵਾਨਾਂ ਦੇ, ਉਂਧੀਆਂ ਕਿਉਂ ਪਾ ਲਈਆਂ ਜੇ, ਚੂੜੀਆਂ ਪਾ ਲਓ ਬਹਾਦਰੋ ਤਲਵਾਰ ਤੁਹਾਨੂੰ ਸੋਹਣੀ ਨਹੀਂ ਲੱਗਦੀ, ਢਾਲਾਂ ਦੇ ਕੁੰਡਿਆਂ ਵਿਚ ਉਂਗਲੀਆਂ ਫਬਦੀਆਂ ਨਹੀਂ ਆਰਸੀਆਂ ਪਾ ਕੇ ਵੇਖੋ। ਮੈਂ ਵੇਖਣਾ ਸੀ ਕਿ ਮੁਗਲਾਂ ਵਿਚ ਕਿੰਨੀ ਕੁ ਗੈਰਤ ਬਾਕੀ ਏ, ਜਿਸ ਇਨਸਾਨ ਦੇ ਅੰਦਰ ਗੈਰਤ ਨਹੀਂ ਉਹ ਰਾਜ ਕਰਨ ਦੇ ਕਾਬਲ ਨਹੀਂ, ਸਿਰ ਮੁਨਵਾ ਲਓ ਤੇ ਮਜੌਰ ਬਣ ਕੇ ਤਕੀਏ ਤੇ ਬੈਠ ਜਾਓ। ਬੜੇ ਬਹਾਦਰੀ ਦੇ ਦਾਹਵੇ ਬਨ੍ਹਦੇ ਸੋ, ਕਿੱਥੇ ਗਈ ਦਲੇਰੀ ? ਕੀ ਮੈਂ ਸਮਝ ਲਵਾਂ ਕਿ ਤੁਹਾਡੇ ਵਿਚ ਕੋਈ ਮਰਦ ਨਹੀਂ ਰਿਹਾ। ਹੁਣ ਪਤਾ ਲੱਗਾ ਕਿ ਅਯਾਸ਼ੀ ਨੇ ਤੁਹਾਡੇ ਅੰਦਰ ਗੈਰਤ ਦਾ ਖਾਨਾ ਖਾਲੀ ਕਰ ਦਿੱਤਾ ਏ ਤਲਵਾਰਾਂ ਲਾਹ ਕੇ ਇਹਦੇ ਨਾਲ ਸਾਂਵੀਆਂ ਰੱਖ ਦਿਉ, ਤੇ ਮੇਰੇ ਸਾਹਮਣਿਉਂ ਦੂਰ ਹੋ ਜਾਉ।' ਬਹਾਦਰ ਸ਼ਾਹ ਗੁੱਸੇ ਨਾਲ ਤਲਮਲਾ ਰਿਹਾ ਸੀ।

ਖਬੀ ਖਾਨਾਂ ਅੱਖ ਨੀਵੀਂ ਕੀਤੀ ਤੇ ਤਲਵਾਰ ਮਿਆਨ ਤੋਂ ਕਢੀ ਤੇ ਸਾਵੀਂ ਰੱਖ ਕੇ ਪਿਛਲੀ ਪੈਰੀਂ ਮੁੜ ਗਏ। ਇਸ ਤਰ੍ਹਾਂ ਤਲਵਾਰਾਂ ਦਾ ਇੰਨਾ ਢੇਰ ਲੱਗ ਗਿਆ ਕਿ ਕੋਈ ਗਿਣ ਨਹੀਂ ਸੀ ਸਕਦਾ ਤਲਵਾਰਾਂ ਦੀ ਗਿਣਤੀ। ਸ਼ੇਰ ਰਾਜਪੂਤ ਗਿੱਦੜਾਂ ਦੇ ਮਗਰ ਲੱਗ ਕੇ ਗਿੱਦੜਾਂ ਦੀ ਢਾਣੀ ਵਿਚ ਸ਼ਾਮਲ ਹੋ ਗਏ। ਭਲਾ ਉਨ੍ਹਾਂ ਨੂੰ ਕੀ ਲੋੜ ਸੀ ਬਲਦੀ ਬੁੱਥੇ ਆਉਣ ਦੀ। ਆਖਰਕਾਰ ਇਕ ਸੁਕਾ ਜਿਹਾ, ਮਲੂਕੜਾ ਸਿੱਖ ਸ਼ਾਇਦ ਠਾਕਰ ਸਿੰਘ ਸੀ ਅੱਗੇ ਆਇਆ। ਉਸ ਦੀ ਵਾਰੀ ਸੀ ਤਲਵਾਰ ਰੱਖਣ ਦੀ, ਉਸ ਇਕ ਵਾਰ ਸਾਰੀਆਂ ਤਲਵਾਰਾਂ ਨੂੰ ਆਪਣੀਆਂ ਅੱਖਾਂ ਵਿਚ ਜਾਂਚਿਆ ਤੇ ਫੇਰ ਬਾਦਸ਼ਾਹ ਨੂੰ ਸਿਰ ਤੋਂ ਲੈ ਕੇ ਪੈਰਾਂ ਤੀਕ ਵੇਖਿਆ। ਉਸ ਇਕ ਵਾਰ ਧੌਣ ਅਕੜਾਈ ਤੇ ਤਲਵਾਰ ਨੂੰ ਮਿਆਨ 'ਚੋਂ ਖਿੱਚਿਆ।

ਤਲਵਾਰ ਨੂੰ ਬੋਸਾ ਦਿੱਤਾ ਤੇ ਫੇਰ ਬੋਲਿਆ, 'ਇਨ੍ਹਾਂ ਹੀਜੜਿਆਂ ਦੀ ਸਭਾ ਵਿਚ ਇਨ੍ਹਾਂ ਦਾ ਪਰਛਾਵਾਂ ਪੈ ਕੇ ਸਾਡੇ ਅੰਦਰ ਵੀ ਹੀਜੜਿਆਂ ਦੀ ਆਦਤ ਆਉਣ ਲੱਗ ਪਈ ਏ, ਕੀ ਇਸ ਸਭਾ ਵਿਚ ਕੋਈ ਮਰਦ ਨਹੀਂ ਨਿਕਲਿਆ ? ਆਲਮ ਪਨਾਹ ! ਇਨ੍ਹਾਂ ਨੂੰ ਢੋਲਕੀਆਂ ਲੈ ਦਿਉ।' ਉਸ ਨੇ ਝੱਟ ਅੱਗੇ ਵੱਧ ਕੇ ਬਾਦਸ਼ਾਹ ਦੀ ਤਲਵਾਰ ਚੁੱਕ ਲਈ, ਤੇ ਚੁੰਮ ਕੇ ਬੋਲਿਆ, ਸਿੱਖ ਮੌਤ ਤੋਂ ਨਹੀਂ ਡਰਿਆ, ਮੈਂ ਨਮਕ ਖਾਧਾ ਏ, ਦੋਸਤੀ ਦਾ ਅੰਗ ਪਾਲਾਂਗਾ, ਲੋਹਗੜ੍ਹ ਮੈਂ ਜਿਤਾਂਗਾ, ਮੇਰੇ ਇਸ਼ਾਰੇ ਨਾਲ ਮੁਗਲ ਫੌਜ ਪਰਵੇਸ਼ ਕਰੇਗੀ। ਲੋਹਗੜ੍ਹ ਵਿਚ ਭੇਡਾਂ ਦੀ ਕਿਸੇ ਖਲ੍ਹ ਨਹੀਂ ਲਾਹੁਣੀ। ਸ਼ੇਰ ਇਕੱਲਾ ਹੀ ਜੰਗਲ ਵਿਚ ਬਾਦਸ਼ਾਹ ਹੁੰਦਾ ਏ, ਲੋਹਗੜ੍ਹ ਦਾ ਮੁੱਖ ਦਵਾਰ ਕੱਲਾ ਹੀ ਸਿੱਖ ਤੋੜੇਗਾ ਅੱਗੇ ਆਪ ਦੀ ਕਿਸਮਤ।' 'ਜ਼ਿੰਦਾਬਾਦ ਠਾਕਰ ਸਿੰਘ ਤੂੰ ਸਾਡੀ ਰੱਖ ਵਿਖਾਈ ਏ। ਲਾਜ ਰੱਖ ਲਈ ਏ ਸਾਡੀ ਦੋਸਤੀ ਦੀ, ਸਾਡੀਆਂ ਫੌਜਾਂ ਤੇਰੇ ਨਾਲ ਹੋਣਗੀਆਂ, ਅੱਜ ਮੈਂ ਤੈਨੂੰ ਦੱਸ ਹਾਜਰੀ ਦਾ ਖਿਤਾਬ ਦੇਂਦਾ ਹਾਂ। ਇਨ੍ਹਾਂ ਨੂੰ ਦੱਸ ਦੇ ਸਿੱਖ ਕੌਲ ਦੇ ਕਿੰਨੇ ਕੁ ਪੱਕੇ ਹੁੰਦੇ ਹਨ। ਲੋਹੇ ਨੂੰ ਲੋਹਾ ਹੀ ਕੱਟ ਸਕਦਾ ਏ। ਇਕ ਕੰਮ ਤੇ ਦੋ ਕਾਜ।' ਸ਼ਮਸ ਖਾਨ ਨੇ ਆਪਣੀ ਚੁੱਪ ਨੂੰ ਤੋੜਦਿਆਂ ਆਖਿਆ।

'ਲਾਹੌਰ 'ਚੋਂ ਅਸਲਮ ਖਾਨ ਚੜ੍ਹੇਗਾ, ਤੇ ਕਸੂਰ ਦੇ ਪਠਾਣਾਂ ਵਿਚੋਂ ਮਹੰਮਦ ਖਾਨ ਮੋਹਰੀ ਹੋਵੇਗਾ, ਹਾਜੀ ਅਸਮਾਈਲ ਖਾਨ ਤੇ ਅਨਾਇਤ ਉਲਾ ਖਾਨ ਤੇਰੀ ਅਰਦਲ ਵਿਚ ਰਹਿਣਗੇ। ਅਸਗਰ ਖਾਨ, ਸਮੁੰਦਰ ਖਾਨ ਅਬਦੁਲਾ ਖਾਂ ਤੇ ਨੂਰ ਖਾਂ ਦੀਆਂ ਫੌਜਾਂ ਤੇਰੀ ਕਮਾਨ ਵਿਚ ਹੋਣਗੀਆਂ। ਜਾਓ ਹਾਜੀਓ ਤੁਸੀਂ ਹੈਦਰੀ ਝੰਡਾ ਕੱਢੋ ਤੇ ਮੁਸਲਮਾਨਾਂ ਨੂੰ ਇਕੱਠਾ ਕਰ ਕੇ ਐਲੀ ਐਲੀ ਕਰ ਕੇ ਟੁੱਟ ਪਉ ਸਿੱਖਾਂ ਤੇ, ਮੈਂ ਤੁਹਾਡੇ ਪੁੱਜਣ ਤੇ ਸਰਹੰਦ ਜਾਵਾਂਗਾ। ਨਜ਼ਾਮਲ ਮੁਲਕ ਨਾਲ ਸਲਾਹ ਮਸ਼ਵਰਾ ਕਰਕੇ ਦਿੱਲੀ ਦੀ ਫੌਜ ਲੋਹਗੜ੍ਹ ਵੱਲ ਰਵਾਨਾ ਹੋ ਜਾਵੇਗੀ, ਮਹਿੰਦੀ ਲਾ ਕੇ ਗਾਜ਼ੀ ਮੈਦਾਨ ਵਿਚ ਟੁੱਟ ਪੈਣ ਤੇ ਫਤਹਿ ਸਾਡੇ ਕਦਮਾਂ ਵਿਚ ਹੋਵੇਗੀ। ਲਾਇਲਾ ਇਲਿਹਿਲਿਲਾ ਮੁਹੰਮਦ ਰਸੂਲ ਇਲਾ। ਖੁਦਾ ਹਾਫਜ਼ ਸ਼ਹੀਦੇ ਆਜ਼ਮ।' ਬਾਦਸ਼ਾਹ ਨੇ ਪਿੱਠ ਠੋਕਦਿਆਂ ਆਖਿਆ।

ਫੌਜਾਂ ਨੇ ਕੂਚ ਕਰ ਦਿਤਾ, ਬਿਗਲ ਵਜ ਰਹੇ ਸਨ, ਧੌਂਸੇ ਵਜੇ ਤੇ ਨੌਬਤ ਖੜਕੀ। ਜਵਾਨਾਂ ਦੇ ਚਿਹਰਿਆਂ ਤੇ ਗਿਠ ਗਿਠ ਲਾਲੀਆਂ ਚੜ੍ਹ ਪਈਆਂ। ਮਛੇਰੂ ਘੋੜਿਆਂ ਨੇ ਮੰਜ਼ਲਾਂ ਦਾ ਲੱਕ ਤੋੜ ਦਿੱਤਾ। ਲਾਹੌਰ ਵਿਚ ਅਸਲਮ ਖਾਂ ਨੇ ਕੂਚ ਦੇ ਨਗਾਰੇ ਵਜਾ ਦਿੱਤੇ, ਮੁਹੰਮਦ ਖਾਂ ਕਸੂਰ ਤੋਂ ਉੱਠ ਚੜ੍ਹਿਆ। ਦਿੱਲੀ ਦੀ ਫੌਜ ਵੀ ਕੂਚ ਕਰ ਚੁਕੀ ਸੀ। ਅਜਮੇਰ ਤੋਂ ਚਲੀ ਫੌਜ ਨੇ ਪਾਣੀਪਤ ਤੇ ਕਰਨਾਲ ਤੇ ਕਬਜ਼ਾ ਕਰ ਲਿਆ। ਸਿੱਖ ਲੋਹਗੜ੍ਹ ਵੱਲ ਅੱਗੇ ਲੱਗ ਕੇ ਨੱਸ ਉੱਠੇ। ਕਾਜ਼ੀਆਂ ਨ ਮੁਸਲਮਾਨਾਂ ਨੂੰ ਮਹਿੰਦੀ ਲਾ ਕੇ ਗਾਜ਼ੀਆਂ ਦਾ ਰੁਤਬਾ ਬਖਸ਼ ਕੇ ਹੈਦਰੀ ਝੰਡੇ ਥਲੇ ਜੋੜਿਆ, ਪੰਜਾਬ ਦੀ ਕਿਸਮਤ ਤੇ ਮੁੜ ਵੈਰੀਆਂ ਦੇ ਬਦਲ ਛਾ ਗਏ।

ਢਲਦਾ ਸੂਰਜ

ਮੁਗਲਾਂ ਨੇ ਕੂਚ ਦੇ ਨਗਾਰੇ ਵਜਾ ਦਿੱਤੇ। ਨੌਬਤ ਖੜਕੀ, ਨਗਾਰਿਆਂ ਨੂੰ ਚਾਅ ਚੜ੍ਹ ਪਿਆ। ਤੋਪਾਂ ਮੂੰਹ ਅੱਡੀ ਖੜੀਆਂ ਸਨ। ਕੁੰਢੀਆਂ ਮੁੱਛਾਂ ਵਾਲੇ ਪਠਾਣ ਘੋੜਿਆਂ ਨੂੰ ਥਾਪੀਆਂ ਦੇ ਰਹੇ ਸਨ। ਮੀਮਾਂ ਵਾਲੀਆਂ ਡਾਂਗਾਂ ਪੁਰ ਛਵੀਆਂ ਸ਼ਿੰਗਾਰੀਆਂ ਜਾ ਰਹੀਆਂ ਸਨ। ਢਾਲਾਂ ਦੇ ਕੁੰਡਿਆਂ ਵਿਚ ਗਭਰੂ ਉਂਗਲਾਂ ਫੇਰਦੇ। ਸਿਰਾਂ ਤੋਂ ਉੱਚੇ ਨੇਜ਼ੇ ਜਵਾਨਾਂ ਦਾ ਕਦ ਮਾਪਦੇ। ਉਨ੍ਹਾਂ ਤੇ ਜ਼ਮੂਰਖਾਨੇ ਬੀੜ ਦਿੱਤੇ ਗਏ। ਕਤਾਰਾਂ ਦੀਆਂ ਕਤਾਰਾਂ ਸ਼ੁਤਰ ਸਵਾਰਾਂ ਦੀਆਂ ਹੁਕਮ ਦੀ ਇੰਤਜ਼ਾਰ ਵਿਚ ਸਨ। ਗੱਲ ਕੀ ਮੁਗਲ ਸਿਰ ਧੜ ਦੀ ਬਾਜ਼ੀ ਲਾਕੇ ਪੰਜਾਬ ਤੇ ਟੁੱਟ ਪੈਣਾ ਚਾਹੁੰਦੇ ਸਨ। ਅਜਮੇਰ ਦੇ ਗਾਜ਼ੀਆਂ ਰਾਜਪੂਤਾਂ ਦੀ ਪਿੱਠ ਤੇ ਥਾਪੀ ਦਿੱਤੀ। ਪੁਚਕਾਰਿਆ ਭਾਵੇਂ ਉਹ ਸਿਰ ਲੱਥੇ ਆਕੀ ਸਨ ਪਰ ਫੇਰ ਵੀ ਰਾਜਪੂਤਾਂ ਨੇ ਉਨ੍ਹਾਂ ਦੀ ਹਾਂ ਵਿਚ ਹੁੰਗਾਰਾ ਭਰਿਆ। ਭਾਵੇਂ ਬਧੀ ਰੁਧੀ ਦੇ ਉਨ੍ਹਾਂ ਦੇ ਨਾਲ ਤੁਰ ਹੀ ਪਏ ਪਰ ਸਿੱਖਾਂ ਦੇ ਵਿਰੁੱਧ ਤਲਵਾਰ ਚੁੱਕਣ ਲਈ ਤਿਆਰ ਨਹੀਂ ਸਨ। ਵੇਲੇ ਦੀ ਨਾੜ ਪਛਾਨਣ ਵਾਲੇ ਅਣਖੀਲੇ ਸੂਰਮੇ ਉਸ ਵੇਲੇ ਦੀ ਉਡੀਕ ਵਿਚ ਸਨ।

ਲਾਹੌਰ ਵਿਚ ਅਸਲਮ ਖਾਨ ਸੂਬੇਦਾਰ ਸੀ ਮੌਲਵੀ ਜ਼ਾਦਿਆਂ ਵਿਚੋਂ। ਅਸਲਮ ਖਾਨ ਦਾ ਵਿਚਾਰ ਸੀ ਸਿਖ ਦਬਦਬੇ ਨਾਲ ਹੀ ਸ਼ਾਲਾਮਾਰ ਤੋਂ ਨਸ ਉਠਣਗੇ। ਉਹ ਬਾਰਾਂਦਰੀਆਂ ਵਿਚ ਹੀ ਖੜਾ ਫੁਨਕਾਰੇ ਮਾਰਦਾ ਨਾਸਾਂ ਫੁਲਾਂਦਾ ਤੇ ਨੂੰਏਂ ਕੇਰਦਾ। ਪਰ ਸਿੱਖ ਕਿਹੜੇ ਕੰਨੀਆ ਝਾੜ ਕੇ ਜਾਣ ਵਾਲੇ ਸਨ। ਅੰਬੀਆਂ ਨੂੰ ਬੂਰ ਪਿਆ ਹੋਇਆ ਸੀ ਤੇ ਬੇਰੀਆਂ ਨੂੰ ਬੇਰ ਲੱਗੇ ਹੋਏ ਸਨ। ਕਦੀ ਸਿੱਖ ਸ਼ਾਲਾਮਾਰ ਦੀ ਗੋਦ ਵਿਚ ਬੈਠ ਕੇ ਸੁਖਾ ਘੋਟਦੇ ਤੇ ਕਦੀ ਮਾਧੋ ਲਾਲ ਹੁਸੈਨ ਦੇ ਮਜ਼ੌਰ ਸ਼ਾਲਾਮਾਰ ਦੀਆਂ ਠੰਢੀਆਂ ਹਵਾਵਾਂ ਫਕਦੇ। ਫੁਹਾਰਿਆਂ ਤੇ ਜੋਬਨ ਆਇਆ ਹੋਇਆ ਸੀ ਤੇ ਬੂੰਦਾਂ ਕਿੱਕਲੀ ਪਾ ਰਹੀਆਂ ਸਨ। ਅਰਾਈਂ ਕਦੇ ਰਾਤ ਬਰਾਤੇ ਸਿੱਖਾਂ ਨੂੰ ਅੱਡੇ ਲਾ ਲੈਂਦੇ ਤੇ ਸ਼ਾਹੀ ਦਸਤੇ ਕਦੇ ਸ਼ਾਲਾਮਾਰ ਤੇ ਕਾਬਜ਼ ਹੋ ਜਾਂਦੇ। ਵਾਰੋ ਵਾਰੀ ਦੀ ਜਿੱਤ ਹਾਰ ਦੀ ਖੇਡ ਕਦੀ ਖਿੜੀ ਚਾਨਣੀ ਵਿਚ ਖੇਡੀ ਜਾਂਦੀ ਤੇ ਕਦੇ ਚਿੱਟੇ ਦੁੱਧ ਵਰਗੇ ਦਿਨ ਵਿਚ। ਇਸ ਨਸ ਭਜ ਵਿਚ ਸਿੱਖਾਂ ਨੇ ਨਾਲ ਦੀਆਂ ਬਸਤੀਆ ਵਿਚ ਉਜਾੜ ਵਾਲਾ ਹੂੰਝਾ ਫੇਰ ਦਿੱਤਾ ਸੀ। ਸੂਬੇਦਾਰ ਕਦੇ ਇਸ

ਤਰ੍ਹਾਂ ਵੀ ਸੋਚਦਾ ਕਿ ਇਹ ਬਲਾ ਖੂਨ ਖਰਾਬੇ ਤੋਂ ਬਗੈਰ ਹੀ ਟਲ ਜਾਵੇ ਤਾਂ ਚੰਗਾ ਏ ਪਰ ਸਿੱਖ ਪਤਾਸੇ ਨਹੀਂ ਸਨ ਮੂੰਹ ਵਿਚ ਖੁਰ ਜਾਂਦੇ।

ਅਮੀਰ ਮੁਸਲਮਾਨ ਛਟਾਂ ਲਦੀ ਲਾਹੌਰ ਵੱਲ ਮੂੰਹ ਚੁੱਕੀ ਆ ਰਹੇ ਸਨ। ਕਈ ਤੇ ਸੁੱਖ ਸਖਾਂ ਨਾਲ ਲਾਹੌਰ ਪੁੱਜ ਗਏ ਤੇ ਕਈ ਸਭ ਕੁਝ ਗੁਆ ਕੇ ਛਣਕਣੇ ਛਣਕਾਉਂਦੇ ਖੁਲੀਆਂ ਬਾਰਾਂ ਦਰੀਆਂ ਵਿਚ ਬੈਠੇ ਹਵਾ ਫੱਕ ਰਹੇ ਸਨ। ਮੂੰਹ ਜੋੜ ਜੋੜ ਥਾਂ ਥਾਂ ਗੱਲਾਂ ਹੁੰਦੀਆਂ। ਫਰਿਆਦਾਂ ਭੀ ਪੁਜੀਆਂ ਅਸਲਮ ਖਾਨ ਕੋਲ ਪਰ ਕੋਈ ਗੱਲ ਨਾ ਗੌਲੀ ਹਾਕਮ ਨੇ। ਮੜੇ ਮੁਲਾਣੇ ਆਪਣੀ ਡੇਢ ਇੱਟ ਦੀ ਮਸੀਤ ਨਵੇਕਲੀ ਬਣਾ ਕੇ ਬੈਠੇ ਹੋਏ ਸਨ। ਦਾਇਰਿਆਂ ਵਿਚ ਕਮਲੀਆਂ ਓੜੀ ਬੈਠੇ ਸਨ। ਅਲਮਸਤ ਮੌਲਾ।

—'ਅਮਾਮ ਬਖਸ਼ਾ! ਅੱਜ ਹੁੱਕਾ ਛਿਕ ਕੇ ਵੇਖ ਅਮਾਨ ਨਾਲ ਸਾਂਵਰੀ ਤੰਮਾਕੂ ਪਾਇਆ ਈ ਚਿਲਮ ਵਿਚ।' ਸਾਈ ਬਾਦਸ਼ਾਹ ਨੇ ਤਾਰੀਫ ਦੇ ਪੜੂਲ ਬੰਨ੍ਹਦਿਆਂ ਆਖਿਆ।

—'ਉੱਤੇ ਗੋਹਿਆਂ ਦੀ ਅੱਗ।'ਸਤੇ ਖੈਰਾਂ ਜਜਮਾਨਾ ਦੀਆਂ' ਲਾਂਗਿਓਂ ਨਬੀ ਬਖਸ਼ ਬੋਲਿਆ। ਇਕ ਕਰੇਲਾ ਦੂਜਾ ਨਿਮ ਚੜ੍ਹਿਆ, ਵਾਹ ਸਾਂਈਂ ਬਾਦਸ਼ਾਹ ਦੇ।' ਹਾਸਾ ਫੁੱਲ ਵਾਂਗੂ ਖਿੜਿਆ ਅਮਾਮ ਬਖਸ਼ ਦੇ ਬੁਲ੍ਹਾਂ ਤੇ।

ਉਸ ਆਪਣਾ ਹੁੱਕਾ ਸਾਂਈਂ ਬਾਦਸ਼ਾਹ ਵੱਲ ਘੁਮਾਂਦਿਆਂ ਤੇ ਸਾਂਈ ਬਖਸ਼ ਦੇ ਹੁੱਕੇ ਦਾ ਅਮਾਮ ਬਖਸ਼ ਨੇ ਸੂਟਾ ਮਾਰਦਿਆਂ ਹੋਇਆਂ ਆਖਿਆ, 'ਸਾਂਵਰੀ ਤਮਾਕੂ ਤਮਾਂਕੂਆਂ ਵਿਚ ਭਾਵੇਂ ਰਾਜਾ ਤੇ ਹੈ ਹੀ ਪਰ ਕਲਰ ਦੇ ਛਟੇ ਦਾ ਤਮਾਕੂ ਆਪਣਾ ਸਾਨੀ ਨਹੀਂ ਰੱਖਦਾ। ਕਿਉਂ ਸਾਂਈਂ ਬਾਦਸ਼ਾਹ ਹੁੱਕਾ ਏ ਨਾ। ਹੁੱਕੇ ਤੇ ਬੂਰੀ ਦੀਆਂ ਧਾਰਾਂ ਵਿਚ ਕੁਝ ਫਰਕ ਏ।'

—'ਜਜਮਾਨਾਂ ਦੀ ਖੈਰ। ਮੋਤੀਆਂ ਵਾਲੀ ਸਰਕਾਰ ਦੇ ਬਚੜੇ ਜੀਣ। ਅੱਲਾ ਦੀਆਂ ਰਖਾਂ। ਸਿੱਖ ਸ਼ਾਲਾਮਾਰ ਵਿਚ ਜਸ਼ਨ ਮਨਾ ਰਹੇ ਹਨ ਤੇ ਸਰਕਾਰਾਂ ਅਜੇ ਹੁੱਕੇ ਵਟਾਣ ਵਿਚ ਲੱਗੀਆਂ ਹੋਈਆਂ ਨੇ। ਜੇ ਲਾਹੌਰ ਵਾਲਿਆਂ ਵੀ ਪੱਟੀ ਬੰਨ੍ਹੀ ਰੱਖੀ ਤਾਂ ਫੇਰ ਵੀ ਖਾਨ ਵਾਲੀ ਮਸਜਦ ਦਾ ਗੁੰਬਦ ਲਾਹ ਲੈਣਗੇ। ਮਸਜਦ ਲੰਡੀ ਹੋਕੇ ਬਹਿ ਜਾਊ। ਸੋਨੇ ਨਾਲ ਮੜ੍ਹੀ ਹੋਈ ਮਸਜਦ ਕੋਈ ਰਹਿਣ ਦੇਂਦੇ।' ਨਬੀ ਬਖਸ਼ ਖੁਸ਼ਾਮਦੀ ਢੰਗ ਵਿਚ ਬੋਲਿਆ।

—'ਸਾਡੀਆਂ ਫੌਜਾਂ ਨੇ ਅੱਗੇ ਜਸ਼ਨ ਤੋਂ ਵਿਹਲ ਨਾ ਮਿਲੀ ਕੁੱਕੜ ਤੇ ਹੁਣ ਭੁਜਣੇ ਸ਼ੁਰੂ ਹੋਏ ਨੇ। ਸਿੱਖਾਂ ਦੀ ਕੀ ਮਜ਼ਾਲ ਏ ਸ਼ਾਲਾਮਾਰ ਵਿਚ ਖਰੂਦ ਮਚਾਂਦੇ ਰਹਿਣ।'

ਨਬੀ ਬਖਸ਼ ਦੀ ਖੁਸ਼ਾਮਦੀ ਆਵਾਜ਼ ਸਾਰੇ ਆਖਾਣੇ ਵਿਚ ਗੂੰਜ ਗਈ।

—ਸਾਨੂੰ ਕੀ ਲੋੜ ਪਈ ਏ ਨਬੀ ਬਖਸ਼ਾ ਆਪ ਫਿਕਰ ਕਰਨਗੇ ਲਾਹੌਰ ਦੇ ਹਾਕਮ। ਇਹ ਸਰਕਾਰ ਦਾ ਕੰਮ ਏ ਸਾਡਾ ਨਹੀਂ। ਨਾਲੇ ਸਾਨੂੰ ਹੁੱਕਾ ਤੇ ਨਵਾਂ ਚਾਹੀਦੈ। ਕੋਈ ਰਾਜਾ ਹੋਵੇ ਸਾਡੀ ਵੱਲੋਂ। 'ਸਿੱਖ ਇਨ੍ਹਾਂ ਨਾਲੋਂ ਭੈੜੇ ਨਹੀਂ ਹੋਣਗੇ। ਨਾਲ ਤਮਾਕੂਆਂ ਦੇ ਖੇਤ ਸਭ ਸਾਨੂੰ ਬਖਸ਼ੇ

ਜਾਣਗੇ। ਸਿੱਖ ਤੇ ਹੱਥ ਨਹੀਂ ਲਾਉਂਦੇ ਸੁਣਿਆ ਏ ਯਾਰ ਸਿੱਖ ਰਾਜ ਵਿਚ ਜ਼ਮੀਨ ਵਾਹੁਣ ਵਾਲਾ ਜ਼ਮੀਨ ਦਾ ਮਾਲਕ ਏ। ਉਹ ਇਥੇ ਸਾਨੂੰ ਤੇ ਵਟ ਨਹੀਂ ਟੱਪਣ ਦਿੰਦੇ।' ਸ਼ਾਹੀ ਬਾਦਸ਼ਾਹ ਨੇ ਇਕ ਵਾਰ ਹੁੱਕੇ ਨੂੰ ਸੂਟਾ ਮਾਰਿਆ ਤੇ ਸਿਰ ਤੇ ਹੱਥ ਫੇਰਦਿਆਂ ਆਖਿਆ।

ਲਾਗਿਓਂ ਚੰਡੂਖਾਨੇ ਵਿਚੋਂ ਆਵਾਜ਼ਾਂ ਆ ਰਹੀਆਂ ਸਨ। ਮੈਂ ਸਿੱਖ ਕੱਲ ਸ਼ਾਲਾਮਾਰ ਦੀਆਂ ਬੁਰਜੀਆਂ ਤੇ ਚੜ੍ਹੇ ਵੇਖੇ ਹਨ।' ਕੌਡੇ ਸ਼ਾਹ ਦੀ ਆਵਾਜ਼ ਵਿਚ ਸਰੂਰ ਸੀ।

—'ਕੌਡਿਆ ਝੂਠ ਬੋਲਣ ਲਗਾ ਅੱਗਾ ਪਿੱਛਾ ਵੇਖ ਲਿਆ ਕਰ। ਮਦਾਰੀਆ ਤੂੰ ਤਾਂ ਸਿੱਖਾਂ ਨੂੰ ਵੇਖ ਲਿਆਂ ਤੇ ਉਨ੍ਹਾਂ ਦੀ ਅੱਖਾਂ ਵਿਚ ਮੋਮ ਪਈ ਹੋਈ ਸੀ! ਤੇਰੇ ਬੁਲਾਰੇ ਦੀ ਆਵਾਜ ਸਿੱਖ ਨਹੀਂ ਸੁਣ ਸਕਦੇ? ਬਟੇਰੇ ਤੋਂ ਬਗੈਰ ਹੋਰ ਕਿਸੇ ਨੇ ਆਵਾਜ ਚੋਹਣੀ ਸੁਣਨੀ ਸੀ।' ਰਹਿਮਤਾ ਵਿਅੰਗ ਨਾਲ ਬੋਲਿਆ।

—'ਅਜ ਮੈਂ ਸੁਰਖਾ ਰਜ਼ਿਐ: ਅਮਾਨ ਨਾਲ ਪੱਠਾ ਏ ਸਿੱਖਾਂ ਵਰਗਾ। ਐਤਕੀਂ ਫਤਹਿ ਦੀ ਖੁਸ਼ੀ ਵਿਚ ਜੋੜ ਪਾਵਾਂਗੇ ਲੜਾਂਗੇ ਅਖਾੜੇ ਵਿਚ। ਉਹ ਅਸਾਂ ਕਦੋ ਝੂਠ ਬੋਲਿਆ ਏ।' ਫਜ਼ਲ ਸ਼ਾਹ ਨੇ ਬਟੇਰੇ ਨੂੰ ਹੱਥ ਦੀ ਤਲੀ ਤੇ ਨਚਾਉਂਦਿਆਂ ਆਖਿਆ।

ਪਰ ਬਟੇਰੇ ਬਾਜਾ ਸਿੱਖ ਤਾਂ ਭੰਗੜਾ ਪਾਉਂਦੇ ਫਿਰਦੇ ਹਨ। ਕੌਡੇ ਸ਼ਾਹ ਮਤਹਿਰ ਨੂੰ ਬੜੀਆ ਰੀਝਾਂ ਨਾਲ ਵੇਖ ਰਿਹਾ ਸੀ।

—'ਸਾਡੀਆਂ ਤਾਂ ਸੱਤੇ ਖੈਰਾਂ ਨੇ ਅਸੀਂ ਵੀ ਜ਼ਬਾਨ ਸਾਂਝੀ ਕਰ ਲਵਾਂਗੇ। ਸੁਣੀਦਾ ਏ ਸਿੱਖ ਭਲੇ ਲੋਕ ਹਨ। ਗਰੀਬ ਦੀ ਕੋਲ ਬਹਿ ਕੇ ਸੁਣਦੇ ਹਨ।' ਫਜ਼ਲ ਸ਼ਾਹ ਬਟੇਰੇ ਦੀ ਚੁੰਝ ਬੜੇ ਗਹੁ ਨਾਲ ਵੇਖਦਿਆਂ ਸਚਾਈ ਦਾ ਇਜ਼ਹਾਰ ਕਰ ਰਿਹਾ ਸੀ।

ਜਾਮਾ ਮਸਜਦ ਦੇ ਪ੍ਰਛਾਵਿਆਂ ਵਿਚ ਝਾਂਜਰ ਛਣਕ ਰਹੀ ਸੀ। ਨਸ਼ਈ ਆਖ ਰਹੇ ਸਨ ਸਿੱਖ ਅਜ ਫਲਾਣੀ ਥਾਂ ਤੇ ਹਨ। ਸਿੱਖ ਅਜ ਉਥੇ ਪੁਜ ਗਏ ਹਨ। ਸਿੱਖਾਂ ਅਜ ਐਨੇ ਪਿੰਡ ਲੁਟ ਲਏ ਹਨ। ਸਿੱਖਾਂ ਦੀਆਂ ਧਾੜਾਂ ਅੱਗੀ ਲਾਈ ਫਿਰਦੀਆਂ ਹਨ ਨਾਢੂ ਖਾਨਾਂ ਨੂੰ ਨਸ਼ੇ ਦੀ ਲੋ ਵਿਚ ਬੋਲੇ 'ਬੱਚ ਬੱਚ ਪਈ ਪੈਰ ਧਰੇ ਰਕਾਨਣ' ਤੇ ਫੇਰ ਹਸਣ ਲਗ ਪਏ।

ਕਿਸੇ ਦੀ ਹਿੰਮਤ ਨਹੀਂ ਸੀ ਪੈਂਦੀ ਟਾਕਰੇ ਤੇ ਖੜਾ ਹੁੰਦਾ ਬਾਦਸ਼ਾਹ ਦੀ ਖਾਨੀਓਂ ਜਾਂਦੀ। ਅਸਲਮ ਖਾਨ ਡਰਿਆ ਬੈਠਾ ਸੀ ਤੇ ਲਾਹੌਰ ਵਿਚ ਮੁਲਾਣਿਆਂ ਅੱਤ ਚੁਕੀ ਹੋਈ ਸੀ।

ਮੰਡੀ ਲਗੀ ਹੋਈ ਸੀ ਮੁਲਾਣਿਆਂ ਦੀ। ਚਹੁੰ ਪਾਸੀਂ ਹਾਜੀ ਮੱਕੇ ਦੇ ਭੁਲੇਖੇ ਸੈਦ ਲਾਹੌਰ ਦਾ ਰਸਤਾ ਭੁਲ ਗਏ ਸਨ।

ਇਕ ਦਿਨ ਜੁਮੇ ਦੀ ਨਮਾਜ਼ ਅਦਾ ਕਰਨ ਤੋਂ ਵਾਹਿਜ਼ ਕਰਦਿਆਂ ਇਕ ਮਹਿੰਦੀ ਰੰਗੀ ਦਾੜ੍ਹੀ ਵਾਲੇ ਮੁਲਾਣੇ ਨੇ ਆਖਿਆ ਸਾਨੂੰ ਜਹਾਦ ਕਰਨਾ ਚਾਹੀਦਾ ਹੈ ਹੈਦਰੀ ਝੰਡਾ ਫੇਰ ਕੇ ਸਾਰੇ ਲਾਹੌਰ ਵਿਚ, ਤੇ ਜਿਥੇ ਕਿਥੇ ਸਿੱਖਾਂ ਦਾ ਜ਼ੋਰ ਘਟ ਏ। ਹੈਦਰੀ ਝੰਡੇ ਸਦਾ ਦਿਉ, ਆਓ ਗਾਜ਼ੀਓ ਦੀਨ

ਲਈ ਸ਼ਹੀਦ ਹੋ ਕੇ ਬਹਿਸ਼ਤ ਹਾਸਲ ਕਰੋ। ਆਪਣੇ ਮੋਮਨ ਭਰਾਵਾਂ ਨੂੰ ਕਾਫਰਾਂ ਦੇ ਪੰਜੇ ਥੀਂ ਛੁਡਾਓ। ਇਸਲਾਮ ਖਤਰੇ ਵਿਚ ਏ। ਮੋਮਨ ਖਤਰੇ ਵਿਚ ਹਨ। ਮੁਕਦੀ ਗੱਲ ਧਰਮ ਨੂੰ ਮਜ਼ਹਬੀ ਪੁਠ ਦੇ ਕੇ ਮੁਲਾਣਿਆਂ ਸੁੱਤਿਆਂ ਹੋਇਆਂ ਮੁਗਲਾਂ ਤੇ ਪਠਾਣਾਂ ਨੂੰ ਮੋਢਿਉਂ ਫੜ ਫੜ ਕੇ ਹਲੂਣਿਆ। ਦਿੱਲੀ ਦਰਵਾਜ਼ਿਓਂ ਬਾਹਰ ਈਦ ਗਾਹ ਵਿਚ ਹੈਦਰੀ ਝੰਡਾ ਗੱਡਿਆ ਗਿਆ। ਹਾਜੀ ਸਈਦ ਅਸਮਾਈਲ, ਹਾਜੀ ਯਾਰ ਬੇਗ ਸ਼ਾਹ ਅਨਾਇਤ ਮੀਆਂ ਪੀਰ ਵਰਗੇ ਪਤਵੰਤੇ ਆਗੂ ਸ਼ਹੀਦੀ ਗਾਨੇ ਬੰਨ੍ਹ ਇਕ ਸਫ ਵਿਚ ਆਣ ਖਲੋਤੇ। ਕਈਆਂ ਤੇ ਘਰ ਕੁਲੇ ਵੇਚ ਕੇ ਜੰਗ ਦੀ ਖਰਚੀ ਪੱਲੇ ਬੰਨ੍ਹ ਲਈ ਜੇ ਜਿਤ ਗਏ ਤਾਂ ਮੱਕੇ ਦਾ ਹਜ ਕਰ ਆਵਾਂਗੇ ਨਹੀਂ ਤਾਂ ਕਿਸੇ ਭਰਾ ਨੂੰ ਕਫਨ ਪਾਉਣ ਦੀ ਤਕਲੀਫ ਨਾ ਹੋਵੇ, ਟੋਡਰ ਮਲ ਦੇ ਪੁਤ ਪਹਾੜਾ ਮਲ ਨੇ ਵਧ ਚੜ੍ਹਕੇ ਮਾਇਆ ਦੇ ਗੱਫੇ ਦਿੱਤੇ। ਜੇ ਕਿਧਰੇ ਭੁੱਲੇ ਚੁੱਕੇ ਸਿੱਖ ਮੰਗਣ ਆ ਜਾਂਦੇ ਤੇ ਭਾਵੇਂ ਫੁੱਟੀ ਕੌਡੀ ਵੀ ਝੋਲੀ ਨਾ ਪਾਉਂਦਾ। ਘਸੁਨ ਅੱਗੇ ਕੋਈ ਝੁਕ ਝੁਕ ਕੇ ਸਲਾਮਾਂ ਕਰਦਾ ਸੀ। ਸੂਬੇਦਾਰ ਨੇ ਅਨਾਇਤ ਉਲਾ ਖਾਂ ਪੂਰਬੀ ਤੇ ਮੁਹਬਤ ਖਾਂ ਨੂੰ ਪੰਜ ਸੌ ਸਵਾਰ ਤੇ ਇਕ ਹਜ਼ਾਰ ਪੈਦਲ ਸਿਪਾਹੀ ਦੇ ਗਾਜ਼ੀਆਂ ਹੌਸਲੇ ਪੱਕੇ ਕਰ ਦਿੱਤੇ। ਹਰੀਆਂ ਪੁਸ਼ਾਕਾਂ ਪਾਈ, ਮਹਿੰਦੀ ਲਾਈ ਗਾਨੇ ਬੰਨ੍ਹੀ ਲਾਹੌਰ ਤੋਂ ਟੋਲਾ ਟੁਰ ਪਿਆ ਗਾਜ਼ੀਆਂ ਦਾ। ਪਰ ਵਿਚ ਵਿਚ ਜੰਗ ਦੇ ਨਾਂ ਤੋਂ ਸਿਪਾਹੀ ਬੜੇ ਤ੍ਰਿਹਿਕਦੇ ਸਨ; ਜੰਗ ਉਨ੍ਹਾਂ ਲਈ ਇਕ ਹਊਆ ਬਣ ਗਈ ਸੀ. ਜੰਗ ਦੀ ਭੱਠੀ ਝੋਕਣਾ ਉਹ ਆਪਣੇ ਆਪ ਤੇ ਕਚੀਚੀਆਂ ਵਟਦੇ। ਜੰਗ ਤੇ ਇਕ ਲਾਅਨਤ ਹੈ। ਉਹ ਬੱਚਿਆਂ ਤੇ ਆਪਣੀਆਂ ਜੀਵਨ ਸਾਥਣਾਂ ਦੇ ਮੂੰਹ ਨੂੰ ਵੇਖਣ ਨੂੰ ਤਰਸਦੇ ਸਨ, ਖਬਰੇ ਜੰਗ ਦਾ ਅਜ਼ਰਾਈਲ ਕਦੀ ਸੁਖ ਦੀ ਨੀਂਦਰੇ ਵੀ ਸੌਣ ਦੇਵੇਗਾ ਕਿ ਨਹੀਂ। ਪਰ ਗਾਜ਼ੀ ਇਸ ਤਰ੍ਹਾਂ ਵਧ ਰਹੇ ਹਨ, ਜਿਵੇਂ ਹਾਜ਼ੀ ਬਦੂਆਂ ਦੇ ਮਗਰ ਲੱਗੇ ਹੁੰਦੇ ਹਨ। ਰਾਵੀਉਂ ਪਾਰ ਸਿੱਖਾਂ ਤੇ ਹਾਜੀਆਂ ਦੀ ਟੱਕਰ ਹੋ ਗਈ ਚੰਗੀ ਤਲਵਾਰ ਖੜਕੀ, ਗੁਬਾਰ ਕੱਢੇ ਹਾਜੀਆਂ ਤੇ ਸਿੱਖਾਂ ਨੇ ਤਲਵਾਰਾਂ ਦੀ ਚੰਗੀ ਸਵਾਰਹੀ ਹੋ ਕੇ ਉੱਲੀ ਲੱਥੀ, ਕੱਚੀਆਂ ਕੰਧਾਂ ਦੇ ਮੋਰਚੇ ਨਾਲ ਇਕ ਸਾਂਵੀ ਲੋਥਾਂ ਦੀ ਦੀਵਾਰ ਹੋਰ ਖੜੀ ਹੋ ਗਈ। ਅੰਤ ਸਿੱਖ ਅੱਗੇ ਲਗ ਕੇ ਭਜ ਉਠੇ। ਬਗੈਰ ਜਰਨੈਲੋਂ ਫੌਜ ਦਾ ਇਹੋ ਹਸ਼ਰ ਹੁੰਦਾ ਹੈ ਲੜੇ ਫੌਜ ਤੇ ਨਾਂ ਜਰਨੈਲ ਦਾ। ਬਾਜ਼ੀਆਂ ਜਿੱਤੀਆਂ ਹਾਰ ਜਾਂਦੀਆਂ ਨੇ ਫੌਜਾਂ ਬਗੈਰ ਜਰਨੈਲੋਂ। ਜਰਨੈਲ ਦਾ ਜਾਹੋ ਜਲਾਲ ਹੀ ਫੌਜ ਦਾ ਤੇਜ ਹੁੰਦਾ ਏ, ਪੰਜ ਸਤ ਮੱਲਾਂ ਮਾਰ ਕੇ ਸਿੱਖ ਫੌਜਾਂ ਜਿਨ੍ਹਾਂ ਵਿਚ ਬਹੁਤ ਸਿਪਾਹੀ ਲੁਟੇਰੇ ਤੇ ਜੋਤਰਿਆਂ ਤੋਂ ਨੱਸੇ ਹੋਏ ਜਟ ਸਨ ਉਹ ਤਲਵਾਰ ਫੜ ਲੈਣ ਨੂੰ ਹੀ ਬਹਾਦਰੀ ਸਮਝਦੇ ਸਨ, ਜਾਂ ਬਹੁਤ ਸਾਰੇ ਜੱਥੇ ਫਤਹਿ ਦਾ ਡੰਕਾ ਵਜਾ ਕੇ ਇੰਜ ਮਹਿਸੂਸ ਕਰਦੇ ਜਿਵੇਂ ਉਨ੍ਹਾਂ ਪੰਜਾਬ ਲੁਟ ਲਈ ਏ। ਇਹ ਸਾਰੀਆਂ ਗੱਲਾਂ ਝੂਠੀਆਂ ਸਨ, ਜਿਨ੍ਹਾਂ ਦਾ ਤਜਰਬਾ ਉਨ੍ਹਾਂ ਨੂੰ ਗਾਜ਼ੀਆਂ ਤੇ ਟਾਕਰੇ ਨੇ ਦਸ ਦਿੱਤਾ।

ਹੁਕਮ ਦੇ ਬਝੇ ਜੰਗ ਦੀਆਂ ਚਾਲਾਂ ਤੋਂ ਜਾਣੂ ਮੁੱਠੀ ਭਰ ਸਿਪਾਹੀਆਂ ਨੇ ਮਾਂਗਵੀਂ ਧਾੜ ਦੇ ਹਜ਼ਾਰਾਂ ਆਦਮੀਆਂ ਦੀ ਜਾਨ ਕੰਦਲ ਵਿਚ ਲਿਆ ਦਿੱਤੀ। ਬੰਦੇ ਦੀਆਂ ਉਂਗਲਾਂ ਸਿਮਰਨੇ ਤੇ ਕੀ ਰੀਝੀਆਂ ਇਉਂ ਆਖ ਦਿਉ ਤਾਂ ਕੋਈ ਝੂਠ ਨਹੀਂ ਕਿ ਪੰਜਾਬ ਰੰਡੀ ਹੋ ਗਈ। ਬੰਦਾ ਕਸ਼ਮੀਰ,

ਅਮਰ ਨਾਥ ਤੇ ਨੇਪਾਲ ਦੀ ਯਾਤਰਾ ਨਾਲ ਸ਼ਾਂਤੀ ਦੀ ਤਲਾਸ਼ ਵਲ ਭਗਤੀ ਦੀ ਮਿਸਾਲ ਹੱਥ ਵਿਚ ਲੈ ਕੇ ਡੰਡੀ ਡੰਡੀ ਤੇ ਪਹੇ ਪਹੇ ਫਿਰ ਰਿਹਾ ਸੀ, ਤੇ ਇਧਰ ਮੁਸਲਮਾਨਾਂ ਦੇ ਦਿਲ ਵਧ ਗਏ ਤੇ ਉਨ੍ਹਾਂ ਨੇ ਭੇਡਾਂ ਦੇ ਇੱਜੜ ਵਾਂਗੂ ਅੱਗੇ ਲਾ ਲਿਆ। ਅਸਮਾਨ ਚੁਕੀ ਫਿਰਦੀ ਸ਼ਾਹੀ ਫੌਜ ਮਾਰੋ ਮਾਰ ਕਰਦੀ ਪੰਜਾਬ ਵੱਲ ਵਧ ਰਹੀ ਸੀ।

ਭੌਂ ਭਾਂ ਕੇ ਖੋਤੀ ਬੋਹੜ ਹੇਠਾਂ, ਜਿਤ ਦੀਆਂ ਖੁਸ਼ੀਆਂ ਵਿਚ ਬਗਲਾਂ ਵਜਾਉਂਦੇ ਉਹ ਮੁੜ ਲਾਹੌਰ ਮੁੜੇ, ਰਾਹ ਵਿਚ ਮਨ ਭਾਉਂਦਾ ਜ਼ੁਲਮ ਕਰਦੇ ਆਏ, ਝੰਡਾ ਫਿਰ ਈਦਗਾਹ ਵਿਚ ਗੱਡਿਆ ਗਿਆ। ਹੁਣ ਗਾਜ਼ੀ ਆਪਣੇ ਆਪ ਨੂੰ ਰਾਣੀ ਖਾਂ ਦੇ ਸਾਲੇ ਤੋਂ ਘਟ ਨਹੀਂ ਸਨ ਸਮਝਦੇ ਤੇ ਜਣੇ ਖਣੇ ਨੂੰ ਅੱਖਾਂ ਕਢ ਵਿਖਾਉਂਦੇ, ਸਾਰੇ ਮੁਸਲਮਾਨ ਉਨ੍ਹਾਂ ਦੀਆਂ ਅੱਖਾਂ ਵਿਚ ਕਾਇਰ ਤੇ ਡਰਾਕਲ ਸਨ। ਕਾਇਰ ਮੋਮਨ ਨਾਲ ਤੇ ਫਿਰ ਵੀ ਉਹ ਦੁਆ ਸਲਾਮ ਲੈ ਲੈਂਦੇ ਪਰ ਹਿੰਦੂ ਜਿਹੜੇ ਖੁਦਾ-ਤਆਲਾ ਨੇ ਕਾਫਰ ਹੀ ਪੈਦਾ ਕੀਤੇ ਸਨ ਉਨ੍ਹਾਂ ਤੇ ਰਿਆਇਤ ਦਾ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ। ਜ਼ਰਾ ਜਿੰਨਾ ਸ਼ੱਕ ਪੈਂਦਾ ਕਿ ਇਹ ਹਿੰਦੂ ਸਿੱਖਾਂ ਦਾ ਮੇਲੀ ਏ ਤਾਂ ਜ਼ੁਲਮ ਦੇ ਸਾਰੇ ਹਥਿਆਰ ਵਰਤੇ ਜਾਂਦੇ।

ਸਰਕਾਰੀ ਅਫਸਰਾਂ ਦੀਆਂ ਤਾਂ ਉਹ ਪਗਾਂ ਲਾਹੁਣੋਂ ਵੀ ਨਹੀਂ ਮੁੜਦੇ। ਗੱਲ ਕੀ ਗਾਜ਼ੀ ਲਾਹੌਰ ਵਿਚ ਪੁਜ ਕੇ ਆਪਣੇ ਆਪ ਨੂੰ ਲਾਹੌਰ ਦੇ ਵਾਰਸ ਸਮਝਦੇ ਸਨ, ਇਸ ਖਟਪਟੀ ਨੇ ਮੁਗਲਾਂ ਦੇ ਦੋ ਹਿੱਸੇ ਕਰ ਦਿੱਤੇ। ਇਕ ਗਾਜ਼ੀਆਂ ਦਾ ਤੇ ਦੂਜਾ ਕ੍ਰਮਚਾਰੀ ਅਧਿਕਾਰੀਆਂ ਤੇ ਉਨ੍ਹਾਂ ਆਦਮੀਆਂ ਦਾ ਜਿਹੜੇ ਗਾਜ਼ੀਆਂ ਦੀ ਕਤਾਰ ਵਿਚ ਖੜੇ ਨਹੀਂ ਸਨ ਹੋਏ। ਰਾਜਗੁਰੂ ਦੇ ਬੋਲ ਥਾਂ ਥਾਂ ਦੁਹਰਾਏ ਜਾਂਦੇ। ਨਸ ਕੇ ਬਣੀ ਬਣਾਈ ਧਾਂਕ ਦਾ ਲਕ ਨਾ ਤੋੜੋ। ਸਲਾਹ ਕਰੋ, ਜਾਂ ਕਿਸੇ ਦੇ ਮਗਰ ਲਗੋ ਜਾਂ ਕਿਸੇ ਨੂੰ ਮਗਰ ਲਾ ਲਉ, ਤੇ ਫਿਰ ਭਾਵੇਂ ਤੁਸੀਂ ਧੌਣ ਅਕੜਾ ਕੇ ਚਲ ਸਕਦੇ ਓ। ਪਰ ਕੌਣ ਸੁਣਦਾ ਸੀ, ਆਖਿਰਕਾਰ ਇਕ ਦਿਨ ਰਾਜਗੁਰੂ ਦੇ ਦਿਲ ਨੇ ਉਛਾਲਾ ਖਾਧਾ, ਤੇ ਉਸ ਘੋੜੇ ਦੀਆਂ ਲਗਾਮਾਂ ਨੂੰ ਥੰਮ੍ਹਿਆ, ਘੋੜੇ ਦੀ ਪਿੱਠ ਤੇ ਥਾਪੀ ਦਿੱਤੀ, ਘੋੜੇ ਨੇ ਕੰਨ ਫਰਕੇ। ਬਾਜ਼ ਸਿੰਘ, ਦਇਆ ਸਿੰਘ, ਬਿਨੋਦ ਸਿੰਘ ਨੇ ਰਾਹ ਰੋਕ ਲਿਆ, ਦੀਨਦਾਰ ਸਿੰਘ ਬੋਲ ਰਿਹਾ ਸੀ, 'ਅਸੀਂ ਮਸਤਕ ਅੱਗੇ ਸਿਰ ਨਿਵਾਇਆ ਸੀ। ਪਿੱਠ ਨਹੀਂ ਵੇਖ ਸਕਦੇ, ਕਲਗੀ ਨੂੰ ਸਲਾਮਾਂ ਹੁੰਦੀਆਂ ਸਨ, ਹੁਣ ਅਸੀਂ ਜਾਂਦੇ ਹਾਂ, ਤੇ ਉਨ੍ਹਾਂ ਕੁਤਰਿਆਂ ਜੰਝਿਆਂ ਨੂੰ ਨੱਥਦੇ ਹਾਂ, ਸਾਡੀ ਕੰਡ ਤੇ ਹੱਥ ਰਖੋ। ਅਸੀਂ ਸਾਰਿਆਂ ਨੂੰ ਕੇਸਰੀ ਨਿਸ਼ਾਨ ਥੱਲੇ ਇਕਠਾ ਕਰ ਲਈਏ, ਸਾਡੀ ਤਲਵਾਰ ਉਸ ਬਹਾਦਰ ਨੂੰ ਝਟਕਾਉਣੋਂ ਨਾ ਝਕੇ ਜਿਨ ਜ਼ਰਾ ਜਿੰਨੀ ਵੀ ਮਨ ਆਈ ਕੀਤੀ, ਇਕ ਹੁਕਮ ਸਾਰੀ ਪੰਜਾਬ ਵਿਚ ਪ੍ਰਵਾਨ ਹੋਵੇਗਾ।

'ਦੀਨਦਾਰ ਸਿੰਘ ! ਸ਼ਾਹੀ ਫੌਜਾਂ ਨੇ ਪੰਜਾਬ ਨੂੰ ਘੇਰੇ ਵਿਚ ਲੈ ਲਿਆ ਏ, ਹਿੰਦੁਸਤਾਨ ਦੇ ਨਾਮੀ ਗਰਾਮੀ ਜਰਨੈਲ ਪੰਜਾਬ ਦੀਆਂ ਹੱਦਾਂ ਤੇ ਫੌਜ ਲਈ ਖੜੇ ਹਨ। ਸਿਰਫ ਵੇਲੇ ਦੀ ਤਾੜ ਵਿਚ, ਤੇ ਇਧਰ, ਸਾਡੇ ਘਰਾਂ ਵਿਚ ਬਾਜ਼ੀਗਰਾਂ ਦਾ ਤਮਾਸ਼ਾ ਹੋ ਰਿਹਾ ਹੈ। ਆਪਣੀਆਂ ਆਪਣੀਆਂ ਬਾਜ਼ੀਆਂ ਪਾਉਣ ਨਾਲ ਇਹ ਮੁਹਿੰਮ ਸਰ ਨਹੀਂ ਹੋਣ ਲਗੀ। ਵੈਰੀ ਦੰਦ ਕਢੀ ਬੈਠੇ ਹਨ, ਜਿਹੜਾ

ਉਨ੍ਹਾਂ ਦੀਆਂ ਦਾੜ੍ਹੀਆਂ ਥੱਲੇ ਆ ਗਿਆ ਰਿਥ ਦੇਣਗੇ।' ਰਾਜਗੁਰੂ ਬੋਲਿਆ।

ਸਿੱਖਾਂ ਦੀ ਮੁਗਲਾਂ ਦੇ ਦਿਲ ਵਿਚ ਇੰਨੀ ਦਹਿਸ਼ਤ ਸੀ ਕਿ ਉਨ੍ਹਾਂ ਦਾ ਨਾਮ ਸੁਣ ਕੇ ਉਨ੍ਹਾਂ ਦਾ ਖੜਿਆਂ ਖੜੋਤਿਆਂ ਲਹੂ ਪੀਤਾ ਜਾਂਦਾ ਸੀ। ਉਨ੍ਹਾਂ ਨੂੰ ਹਰ ਵੇਲੇ ਇਸ ਗੱਲ ਦਾ ਭੈ ਰਹਿੰਦਾ ਕਿ ਸਿੱਖ ਆ ਗਏ ਤੇ ਸਿੱਖਾਂ ਨੇ ਫਲਾਣੀ ਥਾਂ ਲੁਟ ਲਈ। ਇਨ੍ਹਾਂ ਝੂਠੀਆਂ ਅਫਵਾਹਾਂ ਨਾਲ ਮੁਗਲਾਂ ਦੇ ਹੌਸਲੇ ਪਸਤ ਹੋ ਗਏ। ਫੌਜ ਫੂਕ ਫੂਕ ਕੇ ਪੈਰ ਧਰਦੀ ਥੋੜ੍ਹੀ ਜਿਹੀ ਮਲ ਮਾਰ ਕੇ ਮੁਗਲ ਸ਼ਰਾਬ ਦੇ ਅਖਾੜੇ ਲਾ ਬਹਿੰਦੇ। ਨਾਚੀਆਂ ਦੀਆ ਝਾਂਜਰਾਂ ਛਣਕ ਪੌਂਦੀਆਂ ਕਿ ਨਸ਼ੇ ਵਿਚ ਗੁਲਤਾਨ ਮੁਗਲ ਮੁੱਛਾਂ ਨੂੰ ਵਟ ਦਿੰਦੇ। ਬੰਦੇ ਬਹਾਦਰ ਦੇ ਬਾਰੇ ਉਡਦੀ ਅਫਵਾਹ ਸੀ ਕਿ ਹੁਣ ਪੰਜਾਬ ਰੰਡੀ ਏ ਕਿ ਬੰਦਾ ਪੰਜਾਬੋਂ ਬਾਹਰ ਏ। ਪਰ ਕਿਸੇ ਨੂੰ ਪੱਕਾ ਯਕੀਨ ਨਹੀਂ ਸੀ। ਆਕਤਖਾਨ ਪਠਾਣ ਆਪਣੀ ਜਿਤ ਦੇ ਖਾਬ ਹਰ ਇਕ ਮਹਿਫਲ ਵਿਚ ਵੇਖਦਾ ਤੇ ਪਿੱਛਾ ਚੇਤੇ ਕਰ ਕੇ ਆਪਣੀਆ ਮੁੱਛਾਂ ਨੂੰ ਸ਼ਰਾਬ ਵਿਚ ਲਬੇੜਦਾ। ਗੱਲ ਕੀ ਪੰਜਾਬ ਦੀਆਂ ਹੱਦਾਂ ਤੇ ਬੈਠੇ ਮੌਜਾਂ ਮਾਣ ਰਹੇ ਸਨ। ਮੁਹਿੰਮਾਂ ਦੀ ਉਡੀਕ ਕਰਕੇ ਉਹ ਪਲਾਨ ਬੰਨ੍ਹ ਕੇ ਹੱਲਾ ਕਰਨਾ ਚਾਹੁੰਦੇ ਸਨ।

· ਬਿਲਾਸ ਪੁਰ ਤੇ ਭਾਵੇਂ ਸਿੰਘਾਂ ਇਕ ਵੇਰਾਂ ਆਪਣੀ ਜਿੱਤ ਦੇ ਝੰਡੇ ਗਡ ਦਿੱਤੇ ਸਨ, ਪਰ ਵੇਲੇ ਦੀ ਤਾੜ ਨੂੰ ਭੀਮ ਚੰਦ ਚੰਗੀ ਤਰ੍ਹਾਂ ਪਰਖਦਾ ਸੀ, ਉਸ ਨੇ ਝਟ ਹੀ ਸੱਦੇ ਭੇਜੇ ਅੰਗ ਸਾਕਾਂ ਵੱਲ। ਯਾਰਾਂ ਦੋਸਤਾਂ ਵੱਲ, ਪਹਾੜੀ ਰਾਜਿਆਂ ਦਾ ਗੜ੍ਹ ਬਣ ਗਿਆ ਬਿਲਾਸ ਪੁਰ। ਚੁਪ ਚਪਾਤਿਆਂ ਪੰਜਾਹ ਹਾਥੀਆਂ ਨੂੰ ਸ਼ਰਾਬ ਪਿਆ ਕੇ ਇੰਨਾ ਮਸਤ ਕਰ ਦਿੱਤਾ ਕਿ ਉਹ ਸੰਗਲਾਂ ਤੁੜਵਾ ਰਹੇ ਸਨ, ਸਿਰਫ ਹਲਕਾਰੇ ਦੀ ਉਡੀਕ ਸੀ, ਹਾਥੀਆਂ ਨੂੰ ਸੰਗਲਾਂ ਵਿਚ ਜਕੜਿਆ ਹੋਇਆ ਸੀ।

ਬਹਾਦਰ ਸ਼ਾਹ ਦਿੱਲੀ ਤਾਂ ਨਾ ਪੁੱਜਾ! ਰਾਹ ਵਿਚੋਂ ਹੀ ਉਸ ਨੇ ਮੁਹਾਰਾਂ ਮੋੜ ਲਈਆਂ ਤ ਉਹ ਦੇ ਨਾਲ ਖਾਨ ਦਾਉਦ ਖਾਂ ਸੂਬੇਦਾਰ ਅਵਧ ਤੇ ਮੁਹੰਮਦ ਅਮੀਨ ਖਾਂ, ਦੀਨ ਬਹਾਦਰ, ਫੌਜਦਾਰ ਮੁਰਾਦਾਬਾਦ ਤੇ ਖਾਨ ਜਹਾਨ ਨਾਜਿਮ, ਸੱਯਦ ਅਬਦੁਲਾ ਖਾਨ ਨੂੰ ਨਾਲ ਲੈ ਤੁਰਿਆ। ਲਾਹੌਰੋਂ ਅਸਲਮ ਖਾਂ ਨੇ ਕੂਚ ਕਰ ਦਿੱਤੀ। ਮਹਿੰਦੀ ਰੰਗੀਆਂ ਦਾੜ੍ਹੀਆਂ ਲਈ ਨਾਲ ਉਹ ਦੇ ਸ਼ਾਹੀ ਦਸਤੇ ਵੀ ਸਨ। ਕਸੂਰ ਵਿਚੋਂ ਮੁਹੰਮਦ ਖਾਂ ਕੂਚ ਦੇ ਨਗਾਰੇ-ਵਜਾਉਂਦਾ ਸਰਹੰਦ ਦੇ ਨੇੜੇ ਆ ਗਿਆ। ਭੀਮ ਚੰਦ ਦੇ ਭੂਤਰੇ ਹਾਥੀ ਸਰਹੰਦ ਦੀਆਂ ਜੂਹਾਂ ਵਿਚ ਆਣ ਅਪੜੇ ਅਮੀਨ ਗੜ੍ਹ ਦੇ ਲਾਗੇ ਸ਼ਾਹੀ ਫੌਜ ਭਾਵੇਂ ਬਿਨੋਦ ਸਿੰਘ ਤੇ ਰਾਮ ਸਿੰਘ ਨੇ ਖਾਨ ਖਾਨਾਂ ਦੇ ਪੁਤ ਮੁਹੱਬਤ ਖਾਂ ਦੇ ਪੈਰ ਉਖੇੜ ਦਿੱਤੇ ਤੇ ਕਾਫੀ ਜੰਗੀ ਸਮਾਨ ਹਥ ਲੱਗਾ, ਪਰ ਫਿਰੋਜ਼ ਖਾਂ ਨੇ ਜੰਗ ਦੀ ਅਜਿਹੀ ਕਾਇਆ ਪਲਟੀ ਕਿ ਸਿੰਘਾਂ ਦੇ ਪੈਰ ਉਖੜ ਗਏ, ਉਨ੍ਹਾਂ ਸਰਹੰਦ ਆਣ ਕੇ ਸਾਹ ਲਿਆ, ਸਰਹੰਦ ਦੇ ਫਾਟਕ ਬੰਦ ਕਰ ਦਿੱਤੇ ਗਏ, ਮੁਗਲਾਂ ਦਾ ਗੜ੍ਹ ਸਰਹੰਦ ਦੇ ਚੌਗਿਰਦੇ ਵਿਚ ਸੀ। ਸਮਾਣੇ ਵਾਲੇ ਸਿੱਖ ਸਮਾਣੇ ਵਿਚ ਡਕੇ ਪਏ ਸਨ, ਅਤੇ ਲੋਹਗੜ੍ਹ ਵਾਲੇ ਲੋਹਗੜ੍ਹ ਵਿਚ। ਸ਼ਾਹੀ ਫੌਜ ਭੂਤਰਿਆਂ ਵਹਿੜਕਿਆਂ ਵਾਂਗੂ ਭਉਂ ਰਹੀ ਸੀ, ਗਲ ਕੀ ਆਪਣੀ ਆਪਣੀ ਥਾਂ ਸਿੱਖ ਘੇਰੇ ਵਿਚ ਆ ਗਏ, ਰਾਜਗੁਰੂ ਦੀ ਇਕ ਨਾ ਚਲ ਸਕੀ, ਸਢੌਰੇ ਵਿਚ ਬਹਾਦਰ ਸ਼ਾਹ ਨੇ ਵੇਂਹਦਿਆਂ ਵੇਂਹਦਿਆਂ ਆਲਮਗੀਰੀ ਝੰਡਾ

ਕਿਲੇ ਦੀਆਂ ਬੁਰਜੀਆਂ ਉਤੇ ਗੱਡ ਦਿੱਤਾ, ਹਾਥੀਆਂ ਨੇ ਟਕਰਾਂ ਮਾਰ ਮਾਰ ਕੇ ਸਰਹੰਦ ਦੀ ਗੜ੍ਹੀ ਤੋੜ ਦਿੱਤੀ, ਤੇ ਹੁਣ ਸਰਹੰਦ ਮੁਗਲਾਂ ਦੇ ਅਧੀਨ ਸੀ ।

ਸਰਹੰਦ, ਸਮਾਣਾ ਤੇ ਚੁਫੇਰੇ ਦੇ ਨਸੇ ਹੋਏ ਸਿਖ ਲੋਹਗੜ੍ਹ ਵਿਚ ਇਕੱਠੇ ਹੋ ਰਹੇ ਸਨ, ਲੋਹਗੜ੍ਹ ਦੇ ਮੁਹਾਸਰੇ ਵਾਸਤੇ ਸਢੌਰੇ ਵਿਚ ਗੋਂਦਾਂ ਗੁੰਦੀਆਂ ਜਾ ਰਹੀਆਂ ਸਨ । ਇਧਰ ਸਿੱਖਾਂ ਨੇ ਲੋਹਗੜ੍ਹ ਦੀਆਂ ਬੁਰਜੀਆਂ ਤੇ ਤੋਪਾਂ ਚੜ੍ਹਾ ਦਿੱਤੀਆਂ । ਮੋਰਚੇ ਥੰਨ੍ਹ ਲਏ, ਲੰਗਰ ਦੀ ਰਸਦ ਦਾ ਚੰਗਾ ਇੰਤਜਾਮ ਕਰ ਲਿਆ, ਪੰਜ ਪੰਜ ਕੋਹ ਦੀ ਵਾਟ ਵਿਚ ਅਜੇ ਤੀਕ ਤਾਂ ਕੋਈ ਮੁਗਲ ਵਿਖਾਈ ਨਹੀਂ ਸੀ ਦੇਂਦਾ । ਅਜੇ ਮੁਗਲ ਦਾਅਵਤਾਂ ਤੇ ਸ਼ਰਾਬ ਤੋਂ ਵਿਹਲੇ ਨਹੀਂ ਸਨ ਹੋਏ, ਤੇ ਸਿੱਖ ਆਪਣੇ ਮੋਰਚੇ ਮਜ਼ਬੂਤ ਕਰਨ ਵਿਚ ਤਨ ਮਨ ਧਨ ਨਾਲ ਜੁੜੇ ਹੋਏ ਸਨ, ਸ਼ਾਹੀ ਫੌਜ ਸੋਚਾਂ ਵਿਚ ਸੀ, ਉਡੀਕਾਂ ਹੋ ਰਹੀਆਂ ਸਨ ਬੰਦੇ ਬਹਾਦਰ ਦੀਆਂ ਲੋਹਗੜ੍ਹ ਵਿਚ, ਜਰਨੈਲ ਔਂਸੀਆਂ ਪਾ ਰਹੇ ਸਨ ।

ਇਕ ਰਾਤ ਜਦੋਂ ਕਾਲੀ ਬੋਲੀ ਰਾਤ ਦਾ ਚਹੁੰ ਕੂੰਟਾਂ ਵਿਚ ਰਾਜ ਸੀ ਮੁਗਲਾਂ ਦੀਆਂ ਢਾਣੀਆਂ ਦੀਆਂ ਢਾਣੀਆਂ ਕੁਕੜ ਭੁੰਨਣ ਵਿਚ ਰੁਝੀਆਂ ਹੋਈਆਂ ਸਨ, ਬੰਦੇ ਬਹਾਦਰ ਨੂੰ ਸੂਹਿਆਂ ਆਣ ਕੇ ਦਸਿਆ ਕਿ ਮੁਗਲ ਫੌਜਾਂ ਜਿਤ ਦੀ ਖੁਸ਼ੀ ਵਿਚ ਸ਼ਾਮਿਆਨੇ ਵਜਾ ਰਹੀਆਂ ਹਨ ਤਦ ਬੰਦੇ ਨੇ ਆਪਣੇ ਸਾਥੀਆਂ ਨੂੰ ਕਮਰ ਕਸੇ ਕਰਨ ਦਾ ਹੁਕਮ ਦਿੱਤਾ । ਸਾਰੀ ਰਾਤ ਉਨ੍ਹਾਂ ਦੀਆਂ ਉਡੀਕਾਂ ਵਿਚ ਲੰਘ ਗਈ ਕਿ ਕਦ ਮੁਗਲਾਂ ਦੀ ਅਖ ਲਗਦੀ ਏ ਤੇ ਕਦ ਉਨ੍ਹਾਂ ਦਾ ਗੜ੍ਹ ਤੋੜਿਆ ਜਾ ਸਕਦਾ ਹੈ ਲੋਕ ਬਲਦੀ ਅੱਗ ਤੋਂ ਪਿਛਾਂਹ ਹਟਦੇ ਹਨ, ਪਰ ਬੰਦਾ ਮਚਦੇ ਭਾਂਵੜ ਵਿਚ ਛਾਲ ਮਾਰ ਰਿਹਾ ਸੀ । ਸਾਥੀ ਥੋੜੇ ਤੇ ਰਸਤਾ ਦੁਸ਼ਵਾਰ ਸੀ, ਥਾਂ ਪੁਰ ਥਾਂ ਚੌਂਕੀਆਂ ਸਨ ਤੇ ਚੱਪੇ ਚੱਪੇ ਤੇ ਫੌਜਾਂ ਦੇ ਦਸਤੇ ਬੈਠੇ ਹੋਏ ਸਨ, ਤੇ ਉਤੋਂ ਰਾਤ ਵੀ ਇਕ ਦੂਜੇ ਦਾ ਮੂੰਹ ਨਹੀਂ ਸੀ ਵੇਖਣ ਦੇਂਦੀ । ਮਸ਼ਾਲਾਂ ਈ ਮਸ਼ਾਲਾਂ ਬਲਦੀਆਂ ਜਾਪਦੀਆਂ ਸਨ, ਤੋਪਾਂ ਤੇ ਮੁਗਲ ਹਕੂਮਤ ਦੇ ਝੰਡੇ ਝੂਲ ਰਹੇ ਸਨ, ਖਿੜਦੇ ਹਾਸੇ ਘੁੰਗਰੂਆਂ ਦੀ ਛਣਕਾਰ ਵਿਚੋਂ ਗੂੰਜ ਉਠੇ ।

ਇਕ ਦਮ ਹੱਲਾ ਹੋਇਆ ਮੁਗਲ ਅਜੇ ਤਲਵਾਰਾਂ ਹੀ ਲਭ ਰਹੇ ਸਨ ਬੰਦਾ ਉਹਨਾਂ ਦੇ ਫੌਜੀ ਦਸਤਿਆਂ ਵਿਚ ਆਣ ਵੜਿਆ, ਸਿਖ ਆ ਗਏ ਸਿੱਖਾਂ ਹਮਲਾ ਕਰ ਦਿੱਤਾ । ਔਹ ਗਏ ਔਹ ਗਏ ਸਿੱਖ, ਬੰਦਾ ਪੈ ਗਿਆ, ਬੰਦੇ ਨੇ ਲੁਟ ਮਚਾ ਦਿੱਤੀ, ਚਹੁੰ ਪਾਸੀਂ ਆਵਾਜ਼ਾਂ ਆ ਰਹੀਆਂ ਸਨ ਹੱਥ ਪੈਰ ਪੈ ਗਏ ਮੁਗਲਾਂ ਨੂੰ, ਬੰਦਾ ਵਢਦਾ ਟੁਕਦਾ ਅੱਗੇ ਵਧ ਗਿਆ, ਅਜੇ ਬੰਦੇ ਦਾ ਰੌਲਾ ਰੱਪਾ ਹੀ ਪੈ ਰਿਹਾ ਸੀ, ਝਟ ਹੀ ਮਿਰਜ਼ਾ ਬੇਗ ਦੇ ਪੁਤ ਨਵਾਬ ਬੇਗ ਨੇ ਘੋੜਿਆਂ ਦੀਆਂ ਰਕਾਬਾਂ ਉਤੇ ਪੈਰ ਧਰ ਦਿੱਤਾ, ਬੰਦੇ ਦੇ ਸਾਥੀਆਂ ਤੇ ਫੌਜ ਟੁਟ ਪਈ ਭਾਵੇਂ ਚੰਗੀ ਤਲਵਾਰ ਖੜਕੀ ਪਰ ਅਧ ਪਚੱਧੇ ਸ਼ਹੀਦ ਵੀ ਹੋ ਗਏ । ਬੰਦੇ ਦੇ ਘੋੜੇ ਨੇ ਦੋਵੇਂ ਪਬ ਚੁਕ ਲਏ ਤੇ ਬੇ-ਤਹਾਸ਼ਾ ਹੋ ਕੇ ਨਸ ਉਠਿਆ । ਬੰਦੇ ਦੇ ਨਾਂ ਨੇ ਮੁਗਲ ਫੌਜ ਵਿਚ ਦਹਿਸ਼ਤ ਪਾ ਦਿੱਤੀ, ਉਸ ਦੇ ਮਗਰ ਨਵਾਬ ਬੇਗ ਨੇ ਆਪਣਾ ਘੋੜਾ ਲਾ ਦਿੱਤਾ, ਚੰਗੀ ਦੂਰ ਤਕ ਘੋੜਿਆਂ ਦੀ ਦੌੜ ਹੋਈ ਪਰ 'ਡਾਹ ਨਾ ਦਿੱਤੀ ਬੰਦੇ

ਨੇ ਨਵਾਬ ਬੇਗ ਵੀ ਆਪਣੇ ਪਿਓ ਦਾ ਪੁਤ ਘੋੜੇ ਦਾ ਖੁਰਾ ਨੱਪੀ ਗਿਆ, ਕਈ ਔਕੜਾਂ ਤੋਂ ਬੰਦੇ ਨੂੰ ਘੋੜੇ ਨੇ ਆਪਣੀ ਜਾਨ ਤੇ ਖੇਲ੍ਹ ਕੇ ਬਚਾਇਆ। ਛੜੱਪੇ ਮਾਰ ਮਾਰ ਕੇ ਖਾਲ ਟਪ ਗਿਆ ਤੇ ਛਾਲਾਂ ਮਾਰ ਕੇ ਖਾਈਆਂ। ਸਾਹਮਣੇ ਬੜਾ ਵਡਾ ਬਾਗ ਸੀ, ਨਵਾਬ ਬੇਗ ਤੇ ਉਸ ਦੇ ਸਾਥੀ ਪਿੱਛਾ ਕਰੀ ਆ ਰਹੇ ਸਨ ਜੇ ਬੰਦਾ ਘੋੜੇ ਨੂੰ ਬਾਗ ਦੇ ਬਾਹਰੋਂ ਬਾਹਰ ਪਾ ਲੈਂਦਾ ਤਾਂ ਸ਼ਾਇਦ ਨਵਾਬ ਬੰਦੇ ਨੂੰ ਕੈਦ ਕਰਨ ਵਿਚ ਕਾਮਯਾਬ ਹੋ ਜਾਂਦਾ। ਗੁਰਦੇ ਵਾਲਾ ਘੋੜੇ ਨੂੰ ਅੱਡੀ ਲਾਈ ਆ ਰਿਹਾ ਸੀ, ਪਰ ਇਧਰ ਬੰਦਾ ਵੀ ਕਈ ਪਤਣ ਤਰਿਆ ਹੋਇਆ ਸੀ, ਉਸ ਝਟ ਘੋੜੇ ਤੋਂ ਛਾਲ ਮਾਰੀ ਤੇ ਬਾਗ ਵਿਚ ਜਾ ਵੜਿਆ, ਘੋੜੇ ਨੂੰ ਉਸ ਆਵਾਰਾ ਕਰ ਦਿੱਤਾ। ਘੋੜਾ ਮਾਲਕ ਦਾ ਬੜਾ ਰਾਖਾ ਸੀ ਉਹ ਬਾਗ ਦੀਆਂ ਪਰਕਰਮਾਂ ਕਰਕੇ ਦੂਜੇ ਪਾਸੇ ਆਣ ਖਲੋਤਾ ਫੌਜ ਦੀ ਅਖ ਬਚਾ ਕੇ ਦਰਖਤਾਂ ਦੀ ਆੜ ਵਿਚ। ਕਈ ਵਾਰ ਨਵਾਬ ਬੇਗ ਦੇ ਸਾਥੀ ਲੰਘੇ ਤੇ ਕਈ ਵਾਰੀ ਨਵਾਬ ਆਪ। ਸਾਰਾ ਬਾਗ ਲੰਘ ਕੇ ਬੰਦੇ ਨੇ ਸੋਚਿਆ ਕਿ ਰਾਤ ਬਾਗ ਵਿਚ ਕੱਟੀ ਜਾਵੇ ਪਰ ਫਿਰ ਵਿਚਾਰ ਕੀਤੀ ਕਿ ਖਤਰੇ ਤੋਂ ਖਾਲੀ ਨਹੀ, ਦਿਨ ਦੀ ਟਿੱਕੀ ਪੁੰਗਰਦੇ ਹੀ ਮੁਗਲ ਘੇਰਾ ਘਤ ਕੇ ਕੈਦ ਕਰ ਲੈਣਗੇ। ਇਨ੍ਹਾਂ ਦਲੀਲਾਂ ਵਿਚ ਹੀ ਸੀ ਬੰਦਾ ਕਿ ਘੋੜੇ ਦੀ ਬਿੜਕ ਹੋਈ, ਇਕ ਝੁੱਗੀ ਵਿਚ ਮਾਲੀ ਤੇ ਉਸ ਦੀ ਤੀਵੀਂ ਬੈਠ ਕੇ ਅੱਗ ਸੇਕ ਰਹੇ ਸੀ। ਜਦ ਬੰਦਾ ਉਥੇ ਪੁਜਾ ਤਾਂ ਮਾਲੀ ਨੇ ਰੌਲਾ ਪਾਉਣ ਦੀ ਕੋਸ਼ਿਸ਼ ਕੀਤੀ, ਪਰ ਬੰਦੇ ਨੇ ਮਾਲੀ ਦੇ ਮੂੰਹ ਅੱਗੇ ਹਥ ਰਖ ਕੇ ਸਾਹ ਰੋਕ ਲਿਆ ਤੇ ਤੀਵੀਂ ਵਲ ਖੰਜਰ ਦੀ ਨੋਕ ਕਰ ਦਿੱਤੀ। ਪਰ ਜਦੋਂ ਉਨ੍ਹਾਂ ਨੂੰ ਪਤਾ ਲਗਾ ਕਿ ਬੰਦਾ ਬਹਾਦਰ ਉਨ੍ਹਾਂ ਦੇ ਬਾਗ ਵਿਚ ਏ ਤਾਂ ਉਹ ਬੜੇ ਖੁਸ਼ ਹੋਏ। ਲਾਗੇ ਕਾਨਿਆਂ ਦਾ ਮੂਸਲ ਬੱਝਾ ਹੋਇਆ ਸੀ, ਬੰਦਾ ਉਸ ਵਿਚ ਜਾ ਲੁਕਿਆ, ਅਜੇ ਬੰਦੇ ਨੇ ਕਾਨੇ ਸਵਾਰੇ ਹੀ ਸਨ ਕਿ ਨਵਾਬ ਬੇਗ ਤੇ ਉਸ ਦੇ ਸਾਥੀ ਪੁਜ ਗਏ ਮਾਲੀ ਨੂੰ ਧਮਕਾਇਆ, ਪਰ ਉਸ ਬੁਲ੍ਹਾਂ ਤੋਂ ਬੁਲ੍ਹ ਨਾ ਚੁਕੇ ਮਗਰੋਂ ਇਕ ਪਠਾਣ ਨੇ ਜ਼ਨਾਨੀ ਦੀ ਗੁਤ ਫੜ ਕੇ ਜ਼ਮੀਨ ਤੇ ਘਸੀਟਿਆ ਤਾਂ ਉਹ ਬਕ ਪਈ। 'ਉਸ ਮੂਸਲ ਵਿਚ', ਮੂਸਲ ਦਾ ਪੱਟਾ ਪੱਟਾ ਨੇਜ਼ੇ ਮਾਰ ਕੇ ਵਿੰਨ੍ਹ ਦਿੱਤਾ ਪਰ ਨਾ ਬੰਦਾ ਹੀ ਲਭਾ ਨਾ ਬੰਦੇ ਦਾ ਪਰਛਾਵਾਂ। ਨਵਾਬ ਬੜਾ ਹੱਕਾ ਬੱਕਾ ਹੋਇਆ, ਬੰਦਾ ਧਰਤੀ ਨਾਲ ਸੀਨਾ ਮੇਲ ਕੇ ਮੂਸਲ ਵਿਚ ਲੁਕਿਆ ਰਿਹਾ। ਕੁਝ ਸਾਥੀ ਅੱਗੇ ਲਗ ਗਏ ਪਰ ਨਵਾਬ ਬੇਗ ਨੇ ਇਕ ਸਾਥੀ ਨੂੰ ਅੱਗ ਲਾਉਣ ਲਈ ਆਖਿਆ ਤੇ ਉਹ ਮਾਲੀ ਦੀ ਕੁੱਲੀ ਵਿਚੋਂ ਅੱਗ ਲੈਣ ਗਿਆ, ਐਨੇ ਚਿਰ ਵਿਚ ਬੰਦਾ ਉਥੋਂ ਨਿਕਲ ਗਿਆ ਤੇ ਝਟ ਇਕ ਖੂਹ ਵਿਚ ਉਤਰ ਗਿਆ ਤੇ ਮਾਲ੍ਹ ਦੇ ਖੜਾਕ ਤੋਂ ਬਚਣ ਵਾਸਤੇ ਉਹ ਕਮਾਨ ਪਾ ਕੇ ਉਸ ਦੇ ਸਹਾਰੇ ਲਮਕ ਗਿਆ, ਨਾ ਉਹ ਤਿੜਕੀ ਤੇ ਨਾ ਬੰਦੇ ਦੇ ਹੱਥ ਥਕੇ। ਜਦ ਬਾਗ ਦਾ ਖੂੰਜਾ ਖੂੰਜਾ ਨਵਾਬ ਬੇਗ ਤੇ ਉਸਦੇ ਸਾਥੀਆਂ ਛਾਣ ਲਿਆ ਤਾਂ ਉਹ ਖਿੜਕ ਵਿਚ ਬੈਠ ਗਏ ਮਾਲੀ ਤੇ ਉਸ ਦੀ ਤੀਵੀਂ ਦੋਵੇਂ ਬਾਹਰ ਨਿਕਲੇ, ਮਾਲ੍ਹ ਕੱਚੀ ਸੀ ਤੇ ਬੰਦੇ ਦੇ ਭਾਰ ਨਾਲ ਟੁਟ ਗਈ ਅਤੇ ਬੰਦਾ ਖੂਹ ਵਿਚ ਡਿਗ ਪਿਆ, ਦਿਨ ਦਾ ਤਾਰਾ ਚੜ੍ਹਨ ਵਾਲਾ ਸੀ ਤੇ ਬੰਦੇ ਦਾ ਖੂਹ ਵਿਚੋਂ ਨਿਕਲਣਾ ਬੜਾ ਮੁਸ਼ਕਲ ਜਾਪਦਾ ਸੀ ਮਾਲੀ ਨੂੰ ਦਿਲੋਂ ਬੜੀ ਹਮਦਰਦੀ ਸੀ ਪਰ ਕੁਝ ਨਹੀਂ ਸੀ ਕਰ ਸਕਦਾ। ਇਤਨੇ ਚਿਰ ਨੂੰ ਖਿੜਕਾਂ ਲੈਂਦਾ ਘੋੜਾ ਵੀ ਉਥੇ ਆ ਗਿਆ। ਪਹਿਲਾਂ ਤਾਂ ਉਹ ਡਰ ਗਏ ਪਰ

ਜਦੋਂ ਘੋੜਾ ਹਿਰਕਿਆ ਖੂਹ ਦੇ ਕੰਢੇ ਤੇ ਜਾ ਕੇ ਤਦ ਉਸ ਦੀ ਜਾਨ ਵਿਚ ਜਾਨ ਆਈ। ਮਾਲੀ ਨੂੰ ਤਰਕੀਬ ਸੁਝੀ, ਉਸ ਨੇ ਦਾਤਰੀ ਲੈ ਕੇ ਸਰਕੜਾ ਵੱਢਿਆ, ਫਿਰ ਛੇਤੀ ਛੇਤੀ ਬੇੜ ਵਟੀ, ਘੋੜੇ ਦੀਆਂ ਲਗਾਮਾਂ ਨੂੰ ਬੰਨ੍ਹ ਕੇ ਖੂਹ ਵਿਚ ਲਮਕਾ ਦਿੱਤੀ। ਬੰਦੇ ਨੇ ਜਦ ਦੋਵੇਂ ਹੱਥ ਪੈ ਗਏ ਤੇ ਘੋੜੇ ਦੀਆਂ ਲਗਾਮਾਂ ਵਿਚੋਂ ਖਿਚ ਪੁੱਜੀ ਤਾਂ ਘੋੜਾ ਜ਼ੋਰ ਲਾ ਕੇ ਖਿੱਚੀ ਗਿਆ ਤਾਂ ਬੰਦਾ ਕਿਸ ਤਰ੍ਹਾਂ ਖੂਹ ਵਿਚੋਂ ਨਿਕਲ ਆਇਆ। ਮਾਲੀ ਤੇ ਖੁਸ਼ ਹੋ ਕੇ ਬੰਦੇ ਨੇ ਦਸ ਮੋਹਰਾਂ ਮਾਲੀ ਨੂੰ ਤੇ ਇਕ ਮੋਤੀਆਂ ਦੀ ਮਾਲਾ ਉਸ ਦੀ ਜੀਵਨ ਸਾਥਣ ਨੂੰ ਭੇਟਾ ਕੀਤੀ। ਦਿਨ ਦੀ ਲੋਅ ਲਗਣ ਤੋਂ ਪਹਿਲਾਂ ਬੰਦਾ ਲੋਹਗੜ੍ਹ ਪੁਜ ਗਿਆ ਸੀ।

ਲੋਹਗੜ੍ਹ ਵਿਚ ਭਾਵੇਂ ਸਿੱਖਾਂ ਦਾ ਬੜਾ ਗੜ੍ਹ ਇਕਠ ਹੋ ਗਿਆ ਸੀ ਪਰ ਫਿਰ ਵੀ ਸਿੱਖਾਂ ਦੀਆਂ ਸਾਰੀਆਂ ਸੰਗਤਾਂ ਥਾਂ ਥਾਂ ਡਕੀਆਂ ਹੋਈਆਂ ਸਨ ਤੇ ਉਹ ਲੁਕੇ ਛਿਪੇ ਧਕੇ ਦੇ ਜ਼ੋਰ ਨਾਲ ਮਾਝੇ ਵਲ ਚਲੇ ਗਏ ਤੇ ਕਈ ਇਸ ਇੰਤਜ਼ਾਰ ਵਿਚ ਸਨ ਕਿ ਸ਼ਾਇਦ ਬੰਦਾ ਪਹਾੜਾਂ ਵਿਚੋਂ ਮੁੜ ਆਵੇ ਤਾਂ ਜਿਤ ਸਿੱਖਾਂ ਦੇ ਪੈਰ ਚੁੰਮੇ। ਮੁਗਲ ਨਠਦੇ ਨਜ਼ਰ ਆਉਣ ਤੇ ਸਾਰੀ ਸਰਦਲ ਤੇ ਮੁਗਲਾਂ ਨੂੰ ਸਿਰ ਝੁਕਾਉਣਾ ਪਵੇ। ਇਨ੍ਹਾਂ ਉਡੀਕਾਂ ਵਿਚ ਉਹ ਹਰ ਤਰ੍ਹਾਂ ਦੇ ਜ਼ੁਲਮ ਸਹਿ ਰਹੇ ਸਨ। ਕਈ ਥਾਵਾਂ ਤੇ ਸਿੱਖਾਂ ਦੇ ਲੰਗਰ ਮਸਤਾਨੇ ਭੀ ਹੋ ਗਏ ਸੀ। ਪਰ ਉਨ੍ਹਾਂ ਦਿਲ ਨਾ ਛਡਿਆ। ਜਾਂ ਉਨ੍ਹਾਂ ਦਾ ਔਂਸੀਆਂ ਤੇ ਜ਼ੋਰ ਸੀ ਜਾਂ ਸਿਮਰਨੇ ਤੇ। ਮੁਗਲਾਂ ਨੇ ਉਨ੍ਹਾਂ ਨੂੰ ਨਿਹੱਥੇ ਕਰਕੇ ਘਿਠਾ ਦਿੱਤਾ। ਜਿਹੜੇ ਉਨ੍ਹਾਂ ਦੇ ਅੱਡੇ ਚੜ੍ਹ ਗਏ ਸੀ ਉਹ ਆਪਣੇ ਦਿਨ ਪਰਤਣ ਦੀ ਆਸ ਲਾਈ ਬੈਠੇ ਸਨ।

ਗੱਲ ਕੀ ਸਿੱਖ ਸੰਗਠਨ ਦਾ ਸ਼ੀਰਾਜ਼ਾ ਬਿਖਰ ਗਿਆ। ਤਾਕਤਾਂ ਵੰਡੀਆਂ ਗਈਆਂ। ਲੋਹਗੜ੍ਹ ਤੋਂ ਬਾਹਰ ਸਿੱਖ ਮੋਰਚੇ ਬੰਨ੍ਹੀ ਬੈਠੇ ਸਨ। ਬੰਦੇ ਦੇ ਆਉਣ ਨਾਲ ਸਿੱਖਾਂ ਵਿਚ ਫਿਰ ਜਾਗਰਤੀ ਤੇ ਆ ਗਈ ਪਰ ਇਸਨੇ ਕੁਝ ਖੋਹਣ ਨਾ ਖੋਹੀ। ਬੰਦਾ ਬਹੁਤ ਦੇਰ ਕਰਕੇ ਪੁਜਾ ਸੀ। ਚਾਰੇ ਪਾਸੇ ਮੁਗਲ ਫੌਜਾਂ ਘੇਰਾ ਘੱਤੀ ਬੈਠੀਆਂ ਸਨ। ਜੇ ਬਰਸਾਤ ਤੇ ਝੜੀਆਂ ਨੇ ਹੱਦ ਨਾ ਕੀਤੀ ਹੁੰਦੀ ਤਾਂ ਕਦੋਂ ਦਾ ਫੱਕਾ ਵਜ ਗਿਆ ਹੁੰਦਾ। ਮੀਂਹ ਪਰਨਾਲੇ ਭਰਵਾਂ ਫੌਜਾਂ ਦੇ ਛਿੜ ਵਸਦਾ। ਪਠਾਣ ਤੇ ਪੰਜਾਬ ਦੇ ਵਸਨੀਕ ਇਸ ਮੀਂਹ ਦੀ ਪਰਵਾਹ ਨਹੀਂ ਸਨ ਕਰਦੇ। ਪਰ ਦੱਖਣੀ ਬਹਾਦਰਾਂ ਦੀ ਫੁਟਕੜੀ ਫੁੱਲ ਹੋ ਗਈ। ਕਈ ਠੰਢ ਵਿਚ ਅੱਲਾ ਨੂੰ ਪਿਆਰੇ ਹੋ ਗਏ ਤੇ ਜਾਣ ਦੀਆਂ ਤਿਆਰੀਆਂ ਕਰ ਰਹੇ ਸਨ। ਸੁਕ ਤਰੂਹੇ ਵਿਚ ਉਨ੍ਹਾਂ ਦੀ ਬਹਾਦਰੀ ਝੱਲੀ ਨਾ ਜਾਂਦੀ। ਪਰ ਜਦੋਂ ਪੰਜਾਬ ਦੀਆਂ ਪਹਾੜੀਆਂ ਵਿਚ ਠੰਡੀ ਹਵਾ ਦਾ ਠਕਾ ਵਜਦਾ ਤਾਂ ਉਥੇ ਪੰਜਾਬੀ ਹੀ ਕਾਢ ਕਰਦਾ। ਪਾਲੇ ਤੋਂ ਡਰਦੇ ਜਰਨੈਲ ਤੰਬੂਆਂ ਤੋਂ ਮੂੰਹ ਬਾਹਰ ਨਹੀਂ ਸੀ ਕੱਢਦੇ। ਪਾਲਾ ਤਾਂ ਹੱਡਾਂ ਵਿਚ ਵੜਦਾ ਜਾ ਰਿਹਾ ਸੀ। ਚੜ੍ਹਾਈ ਕਰਨ ਦੀ ਕਿਸ ਨੂੰ ਸੁਝਦੀ ਸੀ। ਘੋੜੇ, ਖੱਚਰਾਂ ਤੇ ਊਠ ਕਈ ਪਾਲੇ ਵਿਚ ਆਕੜ ਗਏ। ਪਾਲੇ ਨੇ ਮੁਗਲਾਂ ਨੂੰ ਹੱਥ ਪੈਰ ਪਾ ਦਿੱਤੇ। ਪਰ ਝੜੀ ਵੀ ਜ਼ਿਦ ਲਾ ਕੇ ਲਗੀ ਹੋਈ ਸੀ। ਲੋਹਗੜ੍ਹ ਵਾਲੇ ਥਾਓਂ ਥਾਈਂ ਬੈਠੇ ਸਨ। ਪਰ ਬਾਹਰ ਵਾਲਿਆਂ ਪਾਸ ਵੀ ਆਪਣੇ ਬਚਾ ਦੇ ਚੰਗੇ ਸਮਾਨ ਸੀ।

ਇਕ ਦਿਨ ਮੀਂਹ ਨੇ ਹੱਦ ਹੀ ਕਰ ਦਿੱਤੀ ਤੇ ਬਹਾਦਰ ਸ਼ਾਹ ਨੇ ਵਰ੍ਹਦੇ ਮੀਂਹ ਵਿਚ ਸਾਰਿਆਂ ਹੀ ਜਰਨੈਲਾਂ ਨੂੰ ਸੱਦੇ ਭੇਜੇ ਤੇ ਉਹ ਸਾਰੇ ਭਿਜਦੇ ਹੀ ਬਹਾਦਰ ਸ਼ਾਹ ਦੀ ਅਰਾਮ ਗਾਹ ਵਿਚ ਹਾਜ਼ਰ ਹੋਏ।

ਬਹਾਦਰ ਸ਼ਾਹ ਬੋਲਿਆ, "ਮੈਂ ਜਾਣਦਾ ਹਾਂ ਕਿ ਆਪ ਨੂੰ ਇਸ ਵਰ੍ਹਦੇ ਮੀਂਹ ਵਿਚ ਆਉਣ ਦੀ ਬੜੀ ਤਕਲੀਫ ਹੋਈ ਏ। ਪਰ ਮੈਂ ਸਮਝਦਾ ਹਾਂ ਕਿ ਆਪ ਨੂੰ ਇਸ ਗੱਲ ਤੋਂ ਅਗਾਹ ਕਰ ਦੇਵਾਂ ਕਿ ਕੋਈ ਇਸ ਵੇਲੇ ਗਲਤੀ ਨਾ ਕਰ ਬੈਠੇ। ਸਿੱਖ ਮੀਂਹ ਵਿਚ ਧੂਣੀਆਂ ਨਹੀਂ ਸੇਕਦੇ। ਉਨ੍ਹਾਂ ਤੇ ਤਾਂ ਗਰਮੀ ਸਰਦੀ ਦਾ ਕੋਈ ਅਸਰ ਨਹੀਂ ਹੁੰਦਾ। ਇਹ ਮੇਰੇ ਤਜਰਬੇ ਦੀ ਗੱਲ ਏ। ਜਿਥੇ ਮੁਗਲ ਮੂੰਹ ਮੋੜ ਲੈਂਦੇ ਹਨ ਉਥੇ ਸਿੱਖ ਡਟ ਜਾਂਦੇ ਸੀ।"

"ਮੈਂ ਵਗਦੀ ਨਦੀ ਵਿਚ ਵਰ੍ਹਦੇ ਮੀਂਹ ਦੀ ਬੁਛਾੜ ਦੇ ਟਾਕਰੇ ਵਿਚ ਭੁਖਿਆਂ ਨੂੰ ਸੱਤ ਸੱਤ ਦਿਨ ਲੜਦਿਆਂ ਵੇਖਿਆ ਹੈ। ਇਸ ਲਈ ਕੋਈ ਜਰਨੈਲ ਹੱਲਾ ਨਾ ਕਰੇ। ਮਤਾਂ ਘੀ ਦੇ ਮੁੱਲ ਜਵਾਈ ਪੈ ਜਾਵੇ। ਮੁਗਲਾਂ ਦੇ ਹੱਡਾਂ ਵਿਚ ਪਾਣੀ ਪੈ ਗਿਆ ਹੈ ਤੇ ਉਹ ਆਰਾਮ ਤਲਬ ਹੋ ਗਏ ਹਨ। ਜਿੰਨੀ ਮੀਂਹ ਨੇ ਸਾਡੀ ਜੜ੍ਹ ਮਾਰੀ ਏ ਸ਼ਾਇਦ ਇਤਨਾ ਨੁਕਸਾਨ ਸਾਡਾ ਲੜਾਈ ਵਿਚ ਵੀ ਨਾ ਹੁੰਦਾ। ਅਸੀਂ ਚੁਪ ਕਰਕੇ ਬੈਠੇ ਰਹੀਏ ਤਾਂ ਸਿੱਖ ਸਮਝ ਲੈਣਗੇ ਅਸੀਂ ਕਮਜ਼ੋਰ ਹਾਂ, ਹਾਰ ਗਏ ਹਾਂ, ਸ਼ਾਇਦ ਸਿੱਖ ਸ਼ੇਖੀ ਵਿਚ ਹੀ ਆ ਜਾਣ ਤੇ ਟਾਕਰਾ ਮੈਦਾਨ ਵਿਚ ਹੀ ਹੋ ਜਾਵੇ। ਰਾਤ ਬਰਾਤੇ ਸਿੱਖ ਤੁਹਾਡੇ ਮੋਰਚੇ ਲੁਟ ਲੈ ਜਾਂਦੇ ਹਨ ਤੇ ਤੁਹਾਡੇ ਪਾਸੋਂ ਕੁਝ ਨਹੀਂ ਬਣਦਾ। ਤੁਸੀਂ ਜਾਣਦੇ ਹੋ ਉਨ੍ਹਾਂ ਕਿੰਨਾ ਨੁਕਸਾਨ ਕੀਤਾ ਏ, ਲੁਟੇਰੀ ਜੰਗ ਨਾਲ ਸਾਡੀਆਂ ਫੌਜਾਂ ਪਾਣੀ ਦੇ ਘੇਰੇ ਵਿਚ ਹਨ ਤੇ ਪਾਣੀ ਵੀ ਵਧੀ ਜਾ ਰਿਹਾ ਹੈ। ਕਈ ਖਚਰਾਂ ਨਾਲਿਆਂ ਦੇ ਹੜ੍ਹ ਵਿਚ ਗਰਕ ਹੋ ਗਈਆਂ, ਕਈ ਘੋੜੇ ਭੁਖ ਦੇ ਹੱਥੋਂ ਮਰ ਗਏ ਤੇ ਕਈ ਸੂਰਮੇ ਸਰਦੀ ਦੇ ਕਹਿਰ ਤੋਂ। ਅਜੇ ਕਲ੍ਹ ਇਕ ਮੌਲਵੀ ਆਖ ਰਿਹਾ ਸੀ, ਬੰਦੇ ਨੇ ਆਪਣੀ ਗੈਬੀ ਤਾਕਤ ਦਾ ਇਸਤੇਮਾਲ ਕਰਨਾ ਸ਼ੁਰੂ ਕੀਤਾ ਏ। ਮੈਂ ਭਾਵੇਂ ਇਸ ਨੂੰ ਕੋਈ ਦਰਜਾ ਨਹੀਂ ਦਿੰਦਾ ਪਰ ਲੋਕਾਂ ਦੀ ਜ਼ਬਾਨ ਕੌਣ ਫੜੇਗਾ। ਲੋਕ ਬੰਦੇ ਨੂੰ ਜਾਦੂਗਰ ਸਮਝਦੇ ਹਨ। ਇਸ ਲਈ ਸੋਚ ਸਮਝ ਕੇ ਪੈਰ ਚੁਕਿਓ। ਕੋਈ ਇਸ ਤਰ੍ਹਾਂ ਦੀ ਗਲਤੀ ਨਾ ਕਰ ਬੈਠਿਓ ਜੋ ਮਗਰੋਂ ਪਛਤਾਣਾ ਪਵੇ। ਮੇਰਾ ਤਾਂ ਖਿਆਲ ਏ ਜਦ ਤਕ ਬਾਰਸ਼ ਖਤਮ ਨਹੀਂ ਹੁੰਦੀ ਕੋਈ ਹੱਲਾ ਨਾ ਕੀਤਾ ਜਾਵੇ। ਇੰਨੇ ਚਿਰ ਨੂੰ ਬੰਦੇ ਦੇ ਦਾਣੇ ਮੁਕ ਜਾਣਗੇ ਤੇ ਤੁਹਾਡੇ ਮੁਹਾਸਰੇ ਦਾ ਮੁੱਲ ਪੈ ਜਾਵੇਗਾ। ਮੈਨੂੰ ਤੇ ਇਥੋਂ ਤਕ ਯਕੀਨ ਏ ਕਿ ਅਸੀਂ ਬਿਨਾ ਲੜਿਆਂ ਹੀ ਬੰਦੇ ਨੂੰ ਕਾਬੂ ਕਰ ਲਵਾਂਗੇ। ਭੁਖ ਮਜਬੂਰ ਕਰ ਦਿੰਦੀ ਹੈ। ਇਸ ਲਈ ਤੁਸੀਂ ਅੱਲਾ ਦੀਆਂ ਰਹਿਮਤਾਂ ਦਾ ਇੰਤਜ਼ਾਰ ਕਰੋ।"

ਫ਼ਿਰੋਜ਼ ਖਾਨ ਖਾਨਾਂ ਬੋਲਿਆ, "ਇਸ ਲੜਾਈ ਦੀ ਜਿਤ ਦਾ ਸਿਹਰਾ ਸ਼ਹਿਜ਼ਾਦਾ ਰਫੀਉਲ ਸ਼ਾਹ ਦੇ ਸਿਰ ਬਝੇਗਾ। ਮੈਂ ਇਹ ਚਾਹੁੰਦਾ ਹਾਂ ਕਿ ਅਸੀਂ ਬਰਸਾਤ ਵਿਚ ਹੀ ਲੋਹਗੜ੍ਹ ਦੀ ਸਾਰੀ ਜਾਂਚ ਕਰ ਲਈਏ ਕਿ ਕਿਸ ਪਾਸੇ ਤੋਂ ਹਮਲਾ ਕੀਤਾ ਜਾਵੇ ਤੇ ਕਿਧਰੋਂ ਸਾਡਾ ਹਮਲਾ

ਕਾਮਯਾਬ ਰਹੇਗਾ। ਅਸੀਂ ਪੰਜ ਸੱਤ ਆਦਮੀ ਮਿਲਕੇ ਇਕ ਟੋਲੀ ਬਣਾ ਲੈਂਦੇ ਹਾਂ ਤੇ ਉਨ੍ਹਾਂ ਦੇ ਸਲਾਹ ਮਸ਼ਵਰੇ ਨਾਲ ਇਸ ਹੁਕਮ ਤੇ ਸਾਰੇ ਜਾਨ ਦੇਵਾਂਗੇ।"

—"ਮੇਰੀ ਮਰਜ਼ੀ ਖਾਨ ਖਾਨਾਂ ਦੇ ਨਾਲ ਹੈ। ਅਸੀਂ ਤੇਰੇ ਮਗਰ ਹਾਂ। ਪਰ ਸ਼ਹਿਜ਼ਾਦਾ ਅਜੇ ਅਨਾੜੀ ਏ ਕਿਸੇ ਚੁੰਗਲ 'ਚ ਨਾ ਫਸ ਜਾਇਓ। ਰਾਜਗੁਰੂ ਬੜਾ ਪੁਰਾਣਾ ਖਿਡਾਰੀ ਏ। ਪੰਜਾਬ ਦਾ ਦਿਲ ਬੈਠਾ ਹੋਇਆ ਏ ਲੋਹਗੜ੍ਹ ਵਿਚ। ਕਿਤੇ ਹਰੀ ਘਾਹ ਵੇਖ ਕੇ ਖੂਹ ਵਿਚ ਨਾ ਡਿਗ ਪੈਣਾ ਜਾਓ ਆਪਣਾ ਕੰਮ ਵੇਖੋ। ਖੁਦਾ ਹਾਫਜ਼!" ਬਹਾਦਰ ਸ਼ਾਹ ਬੋਲਿਆ।

ਬੁਢਾਪੇ ਵਿਚ ਉਹ ਅਕਲਮੰਦ ਏ ਜਿਹੜਾ ਆਪਣੀ ਸਲਾਹ ਦੇ ਕੇ ਪਿਛੇ ਹੋ ਬੈਠੇ। ਜੇ ਤਾਜ਼ਾ ਖੂਨ ਉਸ ਸਲਾਹ ਨੂੰ ਮੰਨ ਲਵੇ ਤਾਂ ਉਸ ਦੀ ਮਰਜ਼ੀ। ਜ਼ਿਦ ਕਰਨਾ ਬਦਨਾਮੀ ਹੋਣ ਦਾ ਡਰ ਏ। ਜਵਾਨੀ ਹਰ ਵੇਲੇ ਧੱਕਾ ਕਰਦੀ ਏ ਤੇ ਬੁਢਾਪੇ ਨੂੰ ਉਸ ਧੱਕੇ ਤੋਂ ਪਿੱਛੇ ਹਟ ਜਾਣਾ ਚਾਹੀਦਾ ਹੈ। ਭਾਵੇਂ ਮੈਂ ਇਸ ਵੇਲੇ ਦਾ ਹਾਕਮ ਹਾਂ ਪਰ ਮੇਰੇ ਪੁਤ ਮੇਰੇ ਬਰਾਬਰ ਹੋ ਗਏ ਹਨ। ਹਕੂਮਤ ਉਨ੍ਹਾਂ ਹੀ ਕਰਨੀ ਏ। ਉਹ ਆਪਣੇ ਤਜਰਬੇ ਦੀ ਪਰਖ ਜੀਉਂਦਿਆਂ ਜੀ ਕਰ ਲੈਣ, ਤਾਂ ਜੋ ਮੈਂ ਆਰਾਮ ਕਰਨ ਨਾਲ ਮਰ ਸਕਾਂ। ਮੈਂ ਭਾਵੇਂ ਮੁਗਲ ਹਾਂ ਤੇ ਕੋਈ ਮੁਗਲ ਆਪਣੇ ਜੀਉਂਦੇ ਜੀ ਹਕੂਮਤ ਦੇਣਾ ਨਹੀਂ ਚਾਹੁੰਦਾ ਪਰ ਮੈਨੂੰ ਰੱਬ ਦੇ ਪਿਆਰਿਆਂ ਪਾਸ ਬੈਠ ਕੇ ਸਿਦਕ ਜਿਹਾ ਆ ਗਿਆ ਏ। ਹਕੂਮਤ ਦੇ ਵਾਰਸ ਸ਼ਹਿਜ਼ਾਦੇ ਹਨ। ਮੈਂ ਨਹੀਂ ਚਾਹੁੰਦਾ ਕਿ ਮੇਰੇ ਮਰਨ ਤੋਂ ਪਿਛੋਂ ਭਰਾ ਭਰਾ ਦੇ ਵੈਰੀ ਬਣ ਜਾਣ। ਇਸ ਲਈ ਮੈਂ ਉਨ੍ਹਾਂ ਨੂੰ ਹਰ ਮੁਹਿੰਮ ਵਿਚ ਨਾਲ ਹੀ ਰਖਾਂਗਾ। ਮੈਂ ਤਖਤ ਦੇ ਬਦਲੇ ਸਿਰਾਂ ਦੇ ਸੌਦੇ ਨਹੀਂ ਹੋਣ ਦੇਣੇ। ਜੇ ਰਫੀਉਲ ਸ਼ਾਹ ਦੀ ਮਰਜ਼ੀ ਏ ਕਿ ਉਹ ਲੋਹਗੜ੍ਹ ਨੂੰ ਜਿੱਤੇ ਤਾਂ ਇਸ ਵਿਚ ਮੈਨੂੰ ਬੜੀ ਖੁਸ਼ੀ ਏ। ਮੈਂ ਸਢੌਰੇ ਵਿਚ ਉਸ ਦਿਨ ਦਾ ਇੰਤਜ਼ਾਰ ਕਰਾਂਗਾ ਜਦ ਬੰਦੇ ਨੂੰ ਕੈਦ ਕਰ ਕੇ ਰਫੀਉਲ ਸ਼ਾਹ ਤੇ ਖਾਨ ਖਾਨਾਂ ਦੋਵੇਂ ਹੀ ਮੇਰੇ ਹਜ਼ੂਰ ਵਿਚ ਪੇਸ਼ ਕਰਨਗੇ। ਮੈਂ ਬਾਦਸ਼ਾਹ ਦੀ ਹੈਸੀਅਤ ਵਿਚ ਸਾਰੇ ਹਕ ਰਫੀਉਲ ਸ਼ਾਹ ਨੂੰ ਬਖਸ਼ਦਾ ਹਾਂ ਤੇ ਅਜ ਤੋਂ ਇਹ ਮੁਗਲ ਫੌਜਾਂ ਦਾ ਜਰਨੈਲ ਹੋਵੇਗਾ ਤੇ ਇਸ ਦੇ ਹੁਕਮ ਤੇ ਲੋਹਗੜ੍ਹ ਦੀ ਜੰਗ ਲੜੀ ਜਾਵੇਗੀ।" ਬਹਾਦਰ ਸ਼ਾਹ ਨੇ ਰਫੀਉਲ ਸ਼ਾਹ ਨਾਲ ਦਸਤ ਪੰਜਾ ਮਲਾਇਆ ਤੇ ਕਿਹਾ ਖੁਦਾ ਹਾਫਜ਼!

—"ਖੁਦਾ ਹਾਫਜ਼ ਅੱਬਾ ਜਾਨ," ਰਫੀਉਲ ਸ਼ਾਹ ਦੀ ਅਵਾਜ਼ ਗੂੰਜੀ।

ਦੂਜੇ ਦਿਨ ਜਮਾਉਲ ਮੁਲਕ ਮੁਨੀਮ ਖਾਂ ਨੇ ਖਾਨ ਖਾਨਾਂ ਨੂੰ ਆਪਣੇ ਤੰਬੂ ਵਿਚ ਸਦਿਆ ਤੇ ਰਫੀਉਲ ਸ਼ਾਹ ਨੇ ਆਪਣੇ ਸਾਥੀਆਂ ਬਾਰੇ ਮਸ਼ਵਰਾ ਕੀਤਾ।

ਖਾਨ ਖਾਨਾਂ ਬੋਲਿਆ, "ਮੇਰਾ ਖਿਆਲ ਏ ਮੁਹੱਬਤ ਖਾਂ ਤੇ ਖਾਂ ਜ਼ਮਾਨ ਨੂੰ ਤੇ ਉਸ ਨਾਲ ਫੀਰੋਜ਼ ਖਾਂ ਮੇਵਾਤੀ ਤੇ ਰੁਸਤਮ ਦਿਲ ਖਾਂ ਤੇ ਹਮੀਉਲ ਦੀਨ ਖਾਂ ਬਹਾਦਰ ਤੇ ਰਾਜਾ ਛੱਤਰ ਸਾਲ ਤੇ ਰਾਜਾ ਉਧੇ ਸਿੰਘ, ਅਸਲਾਮ ਖਾਂ, ਮੀਰ ਆਤਸ਼, ਬਖਸ਼ੀ ਅਫਜ਼ਲ ਖਾਂ ਨੂੰ ਆਪਣੀ ਅਰਦਲ ਵਿਚ ਲੈ ਲਈਏ ਇਕ ਤਾਂ ਆਦਮੀ ਆਪਣੀ ਮਰਜ਼ੀ ਦੇ ਹਨ ਤੇ ਨਾਲ ਛੱਤਰ ਸਾਲ, ਊਦੇ ਸਿੰਘ ਤੇ ਚੂੜ ਮਲ ਨੂੰ ਅੱਗੇ ਕਰ ਕੇ ਲੋਹੇ ਨਾਲ ਲੋਹਾ ਕੱਟਿਆ ਜਾਵੇ। ਇਕ ਤਲਵਾਰ ਨਾਲ ਦੋ ਨਿਸ਼ਾਨੇ ਹੋਣਗੇ

ਜੇ ਜਿੱਤ ਗਏ ਤਾਂ ਸਿਹਰਾ ਸਾਡੇ ਸਿਰ ਬਝੇਗਾ। ਜੇ ਹਾਰ ਗਏ ਤਾਂ ਰਾਹ ਦੀ ਅੜਿੱਚਣ ਦੂਰ ਹੋ ਜਾਵੇਗੀ ਮਗਰ ਸਾਡੀ ਆਪਣੀ ਤਾਕਤ ਏ। ਬੰਦਾ ਕੋਈ ਹਊਆ ਨਹੀਂ, ਜਿਹੜਾ ਖਾ ਲੈਣ ਲਗੈ—ਸ਼ਹਿਨ-ਸ਼ਾਹ-ਏ-ਆਜ਼ਮ ਹਰ ਗੱਲ ਵਿਚ ਸਿੱਖਾਂ ਨਾਲ ਰਿਆਇਤ ਵਰਤਣਾ ਚਾਹੁੰਦੇ ਹਨ ਰਬ ਜਾਣੇ ਕਿਉਂ ?

"ਉਨ੍ਹਾਂ ਨੂੰ ਸਿੱਖਾਂ ਨਾਲ ਪਿਆਰ ਜ਼ਰੂਰ ਹੈ, ਪਰ ਜੇ ਉਨ੍ਹਾਂ ਰਿਆਇਤ ਹੀ ਕਰਨੀ ਸੀ ਤਾਂ ਉਹ ਅਜਮੇਰ ਤੋਂ ਸਿਧੇ ਪੰਜਾਬ ਵਲ ਨਾ ਹੀ ਆਉਂਦੇ। ਉਨ੍ਹਾਂ ਦੇ ਦਿਲ ਵਿਚ ਸਿੱਖਾਂ ਦੇ ਖਿਲਾਫ ਅੱਗ ਜ਼ਰੂਰ ਏ। ਕਦੀ ਭਬਾਕਾ ਮਾਰਦੀ ਏ ਤੇ ਕਦੀ ਠੰਡੀ ਹੋ ਜਾਂਦੀ ਏ। ਇਸ ਲਈ ਔਖਾ ਜਾਨ ਦੇ ਬਾਰੇ ਕੋਈ ਪੱਕਾ ਫੈਸਲਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦਾ ਖਿਆਲ ਏ ਕਿ ਜੰਗ ਹਿਕਮਤ ਅਮਲੀ ਨਾਲ ਜਿੱਤੀ ਜਾਵੇ। ਖੂਨ ਖਰਾਬੇ ਤਕ ਨੌਬਤ ਹੀ ਨਾ ਆਵੇ। ਆਪਣਾ ਆਪਣਾ ਖਿਆਲ ਏ ਪਰ ਲੜਾਈ ਬਾਰੇ ਉਨ੍ਹਾਂ ਸਾਨੂੰ ਪੂਰੀ ਖੁਲ੍ਹ ਦਿੱਤੀ ਏ।" ਇਸ ਤੇ ਸੋਚ ਵਿਚਾਰ ਕਰਨੀ ਸਾਡਾ ਕੰਮ ਏ। ਰਫੀਉਲ ਸ਼ਾਹ ਨੇ ਆਪਣੀ ਰਾਏ ਦਿੱਤੀ।

—"ਲਓ ਬਾਕੀ ਜਣੇ ਵੀ ਆ ਗਏ ਹਨ, ਇਨ੍ਹਾਂ ਤੋਂ ਵੀ ਸਲਾਹ ਲੈ ਲਉ, ਕੀ ਆਖਦੇ ਹਨ, ਜਿਹੜਾ ਫੈਸਲਾ ਅਸੀਂ ਕਰਾਂਗੇ ਉਸ ਤੇ ਅਮਲ ਕੀਤਾ ਜਾਵੇਗਾ", ਖਾਨ ਖਾਨਾਂ ਬੋਲ ਰਿਹਾ ਸੀ।

ਜਦ ਸਭਾ ਬੈਠ ਗਈ ਤਾਂ ਸਭ ਤੋਂ ਪਹਿਲਾਂ ਛੱਤਰ ਸਾਲ ਬੋਲਿਆ, ਬੜਾ ਸਿਆਣਾ ਤੇ ਚਤੁਰ ਸੀ, ਉਸ ਰਸਮੀ ਸਲਾਮ ਕਰਦਿਆਂ ਅਰਜ਼ ਕੀਤੀ, "ਹਜ਼ੂਰ ਏ ਅਨਵਰ ਗੁਸਤਾਖੀ ਮੁਆਫ, ਮੈਨੂੰ ਹੁਣੇ ਹੁਣੇ ਹਰਕਾਰਿਆਂ ਨੇ ਖਬਰ ਦਿੱਤੀ ਏ ਕਿ ਮੇਰੇ ਖਾਨਦਾਨ ਤੇ ਬੜੀ ਕਰੋਪੀ ਆ ਗਈ ਏ। ਆਪਸ ਵਿਚ ਭਰਾ ਭਰਾ ਨਾਲ ਖਹਿਬੜ ਪਏ ਹਨ। ਲਹੂ, ਲਹੂ ਦਾ ਤਿਹਾਇਆ ਹੋ ਚੁਕਿਆ ਏ। ਮੈਂ ਨਹੀਂ ਚਾਹੁੰਦਾ ਕਿ ਭਰਾ ਆਪਸ ਵਿਚ ਤਲਵਾਰਾਂ ਚਲਾ ਕੇ ਖਾਨਦਾਨ ਦਾ ਨਾਸ਼ ਕਰ ਲੈਣ, ਇਸ ਵਕਤ ਰਾਜਪੂਤਾਨੇ ਵਿਚ ਪੁਜਣਾ ਬਹੁਤ ਜ਼ਰੂਰੀ ਏ, ਇਸ ਲਈ ਮੈਂ ਤੁਹਾਡੇ ਨਾਲ ਸ਼ਾਮਲ ਨਹੀਂ ਹੋ ਸਕਦਾ। ਮੇਰੀ ਤਕਲੀਫ ਨੂੰ ਮਦੇ ਨਜ਼ਰ ਰਖ ਕੇ ਸ਼ਾਇਦ ਖਾਨ ਖਾਨਾਂ ਮੇਰੀ ਵਲੋਂ ਸਫਾਰਸ਼ ਕਰਨਗੇ, ਮੈਂ ਬੜਾ ਹੀ ਮਸ਼ਕੂਰ ਹਾਂ ਉਨ੍ਹਾਂ ਦਾ।"

ਖਾਨ ਖਾਨਾਂ ਅੱਗ ਬਗੋਲਾ ਹੋ ਗਿਆ, "ਇਸ ਦਾ ਅਰਥ ਇਹ ਕਿ ਤੂੰ ਸਿੱਖਾਂ ਨਾਲ ਲੜਨਾ ਨਹੀਂ ਚਾਹੁੰਦਾ, ਜਾਂ ਸਿੱਖਾਂ ਪਾਸੋਂ ਡਰਦਾ ਏਂ। ਜਾਂ ਉਨ੍ਹਾਂ ਦੇ ਖਿਲਾਫ ਤਲਵਾਰ ਚੁਕਣੀ ਆਪਣਾ ਧਰਮ ਨਹੀਂ ਸਮਝਦਾ, ਹਰ ਹਾਲਤ ਇਸ ਵਿਚ ਕੋਈ ਰਾਜ਼ ਜ਼ਰੂਰ ਏ।

—"ਨਹੀਂ", ਇਹ ਗੱਲ ਨਹੀਂ ਖਾਨ ਖਾਨਾਂ, ਅਸੀਂ ਰਾਜਪੂਤ ਕਰਾਰ ਦੇ ਪੱਕੇ ਹਾਂ ਅਸਾਂ ਤੁਹਾਡੇ ਨਾਲ ਤਲਵਾਰ ਚੁੱਕੀ ਏ, ਅਸਾਂ ਇਹ ਕਦੇ ਨਹੀਂ ਸੀ ਸੋਚਿਆ ਕਿ ਤੁਹਾਡੇ ਸਾਹਮਣੇ ਸ਼ਿਵਾ ਜੀ ਆਇਆ ਏ ਜਾਂ ਰਾਜ ਸਿੰਘ। ਮੁਗਲ ਹਕੂਮਤ ਦਾ ਦੁਸ਼ਮਣ ਸਾਡਾ ਵੀ ਦੁਸ਼ਮਣ ਏ

ਪਰ ਮੈਂ ਮਜਬੂਰ ਹਾਂ ਖਾਨ ਖਾਨਾਂ, ਮੇਰੇ ਘਰ ਵਿਚ ਜਵਾਲਾ ਭੜਕ ਉਠੀ ਏ, ਅਸਾਂ ਮੁਗਲ ਹਕੂਮਤ ਦੀਆਂ ਨੀਹਾਂ ਪੱਕੀਆਂ ਕਰਨ ਵਿਚ ਆਪਣੀਆਂ ਹੱਡੀਆਂ ਦੀ ਰੋੜੀ ਪਾਈ ਏ। ਤੂੰ ਚੂਨੇ ਵਿਚ ਸਾਡੇ ਖੂਨ ਦੀ ਅਮੇਜ਼ਸ਼ ਵੇਖ ਸਕਦਾ ਏਂ ਪਰ ਰਾਜਪੂਤਾਂ ਤੇ ਮੁਗਲਾਂ ਨੂੰ ਸ਼ਕੀ ਨਜ਼ਰ ਨਹੀਂ ਵੇਖਣਾ ਚਾਹੀਦਾ, ਇਹ ਤੁਹਾਡੀ ਸ਼ਾਨ ਦੇ ਸ਼ਾਇਆ ਨਹੀਂ, ਮੈਂ ਆਸ ਕਰਦਾ ਹਾਂ ਮੇਰੀ ਮਜਬੂਰੀ ਤੇ ਮੈਨੂੰ ਮਾਫ ਕੀਤਾ ਜਾਵੇਗਾ'', ਛੱਤਰ ਸਾਲ ਨੇ ਅਰਜ਼ ਕਰਦਿਆਂ ਝੁਕ ਕੇ ਆਖਿਆ।

—''ਅਸੀਂ ਕੌਣ ਹਾਂ, ਛਤਰ ਸਾਲ, ਜਿਹਾ ਤੂੰ ਨੌਕਰ ਉਸੇ ਤਰ੍ਹਾਂ ਦੇ ਅਸੀਂ ਸ਼ਹਿਨ-ਸ਼ਾਹ-ਏ-ਆਲਮ ਦੇ ਹੁਕਮ ਨਾਲ ਤੂੰ ਵਾਪਸ ਜਾ ਸਕਦਾ ਏਂ, ਪਰ ਸਾਡੀ ਮਰਜ਼ੀ ਤੇ ਇਹ ਸੀ ਕਿ ਛਤਰ ਸਾਲ ਤੇ ਉਦੇ ਸਿੰਘ ਲੋਹਗੜ੍ਹ ਦੇ ਵਿਜਈ ਬਣਦੇ।'' ਖਾਨ ਖਾਨਾਂ ਨਾਂਹ ਨੁਕਰ ਦੇ ਲਹਿਜੇ ਵਿਚ, ਦਬੀ ਜ਼ਬਾਨ ਵਿਚ ਬੋਲਿਆ। ਉਦੇ ਸਿੰਘ ਦੀ ਲਾਂਗਉਂ ਜ਼ਬਾਨ ਹਿਲੀ, ''ਛਤਰ ਸਾਲ ਦੀ ਮਜਬੂਰੀ ਤੇ ਸ਼ਹਿਜ਼ਾਦਾ-ਏ-ਆਲਮ ਗੌਰ ਫਰਮਾਉਣ।''

—''ਹਾਂ, ਹਾਂ, ਛਤਰਸਾਲ ਦਾ ਰਾਜਪੂਤਾਨੇ ਵਿਚ ਜਾਣਾ ਜ਼ਰੂਰੀ ਹੈ, ਮੁਹੱਬਤ ਖਾਂ ਨੇ ਛਤਰ ਸਾਲ ਦੀ ਪਿਠ ਪੂਰਦਿਆਂ ਆਖਿਆ।

—''ਤੁਹਾਡੀ ਰਜ਼ਾ ਜੇ ਇਸੇ ਗੱਲ ਵਿਚ ਈ ਏ ਤਾਂ ਮੈਂ ਕੌਣ ਹਾਂ ਛਤਰ ਸਾਲ ਨੂੰ ਰੋਕਣ ਵਾਲਾ, ਲੰਗੋਟੀਆਂ ਦਾ ਜੁਟ ਇਕੱਠਾ ਰਲ ਬੈਠਾ ਏ ਸ਼ਾਇਦ। ਹੁਣ ਗੱਲ ਮੰਨ ਲੈਣੀ ਹੀ ਅਕਲਮੰਦੀ ਏ, ਛਤਰ ਸਾਲ ਤੂੰ ਜਾ ਸਕਦਾ ਏ, ਸ਼ਹਿਜ਼ਾਦੇ ਤੇ ਮੇਰੀਆਂ ਦੁਆਵਾਂ ਤੇਰੇ ਨਾਲ ਹਨ'', ਖਾਨ ਖਾਨਾਂ ਨੇ ਮਜਬੂਰਨ ਆਖਿਆ।

ਫਰਸ਼ੀ ਸਲਾਮ ਕੀਤਾ ਛਤਰ ਸਾਲ ਨੇ, ਤੇ ਪਿਛਲੀ ਪੈਰੀਂ ਰਾਜਪੂਤਾਨੇ ਵਲ ਮੁੜ ਗਿਆ।

ਖਾਨ ਖਾਨਾਂ ਮੁੜ ਬੋਲਿਆ, ''ਤੁਹਾਨੂੰ ਇਥੇ ਸਦਣ ਦਾ ਕਾਰਨ ਇਹ ਹੈ ਕਿ ਅਸਾਂ ਸਿੱਖਾਂ ਤੇ ਬਰਸਾਤ ਵਿਚ ਹੀ ਹੱਲਾ ਕਰਨਾ ਏਂ। ਮੈਂ ਚਾਹੁੰਦਾ ਹਾਂ ਕਿ ਸਿੱਖ ਜਿਹੜੇ ਲੋਹਗੜ੍ਹ ਤੋਂ ਬਾਹਰ ਡੇਰੇ ਲਾ ਕੇ ਬੈਠੇ ਹਨ, ਉਨ੍ਹਾਂ ਦੇ ਮੋਰਚੇ ਬਰਸਾਤ ਨੇ ਕਈ ਥਾਵਾਂ ਤੋਂ ਤੋੜ ਕੇ ਖੁਰਦ ਬੁਰਦ ਕਰ ਦਿੱਤੇ ਹਨ। ਅਸੀਂ ਬਰਸਾਤ ਦੇ ਹੁੰਦੇ ਸਿੱਖਾਂ ਦੇ ਗਲ ਪੈ ਜਾਈਏ। ਜਾਂ ਕਤਲ ਕਰ ਦੇਈਏ, ਜਾਂ ਉਹ ਭਜਕੇ ਜਾਨ ਬਚਾਉਣ। ਸਾਹਮਣਿਉਂ ਪਾਸਾ ਰੋਕਿਆ ਜਾਵੇ ਤੇ ਉਹ ਕਿਲੇ ਦੇ ਅੰਦਰ ਜਾ ਵੜਨ। ਇਸ ਤੋਂ ਮੇਰਾ ਮਤਲਬ ਇਹ ਹੈ ਕਿ ਅਸੀਂ ਉਹ ਥਾਂ ਜਿਥੇ ਹੁਣ ਸਿੱਖ ਡੇਰੇ ਜਮਾ ਕੇ ਬੈਠੇ ਹੋਏ ਹਨ, ਕਾਬਜ਼ ਹੋ ਜਾਵਾਂਗੇ, ਤੇ ਜਿਹੜੇ ਸਿੱਖ ਬਾਹਰੋਂ ਅੰਦਰ ਜਾਣਗੇ, ਤਾਂ ਰਾਸ਼ਨ ਪਾਣੀ ਜਿਹੜਾ ਇਕੱਠਾ ਕੀਤਾ ਹੋਇਆ ਏ, ਛੇਤੀ ਖਤਮ ਹੋ ਜਾਵੇਗਾ ਤੇ ਸਾਡੇ ਮੁਹਾਸਰੇ ਦੀਆਂ ਕਾਮਯਾਬ ਹੋਣ ਦੀਆਂ ਉਮੀਦਾਂ ਨਜ਼ਰ ਆਉਣਗੀਆਂ। ਜੇ ਇਹ ਨਾ ਹੋ ਸਕਿਆ ਤਾਂ ਸਿੱਖਾਂ ਤੇ ਫਤਿਹ ਪਾਣੀ ਬੜੀ ਮੁਸ਼ਕਲ ਏ, ਕਿਲੇ ਵਿਚ ਜਦ ਤਕ ਰਾਸ਼ਨ ਏ, ਮੁਗਲ ਕਿਲੇ ਦਾ ਪਰਛਾਵਾਂ ਵੀ ਨਹੀਂ ਲੰਘ ਸਕਦੇ, ਇਸ ਲਈ ਅਸੀਂ ਬਰਸਾਤ ਦੇ ਝਖੜ ਵਿਚ ਹਮਲਾ ਕਰ ਕੇ ਸਿੱਖਾਂ ਨੂੰ ਕਿਲੇ ਦੇ ਅੰਦਰ ਵਾੜ ਦਈਏ, ਇਸ ਵਿਚ ਤੁਹਾਡੀ ਕੀ ਸਲਾਹ ਏ।''

ਰੁਸਤਮ ਦਿਲ ਖਾਂ ਨੇ ਉੱਤਰ ਦਿੱਤਾ, "ਇਸ ਤੋਂ ਚੰਗੀ ਹੋਰ ਸਲਾਹ ਕੀ ਹੋ ਸਕਦੀ ਹੈ। ਪਰ ਜੇ ਸਿੱਖ ਡੱਟ ਗਏ ਤਾਂ ਸਾਰੀ ਫੌਜ ਦਾ ਫੱਕਾ ਮਾਰ ਦੇਣਗੇ। ਸਿੱਖਾ ਦੀ ਖਲੜੀ ਵਿਚ ਡਰ ਨਹੀਂ ਤੇ ਨਾ ਹੀ ਉਹ ਮੀਂਹ ਤੇ ਝੱਖੜ ਤੋਂ ਡਰਨ ਵਾਲੇ ਹਨ, ਸ਼ਾਇਦ ਆਦਮੀਆਂ ਦੀ ਗਿਣਤੀ ਵੇਖ ਕੇ ਤ੍ਰਬਕ ਜਾਣ, ਮੇਰਾ ਖਿਆਲ ਇਹ ਹੈ ਕਿ ਬਦਲਾਂ ਦੇ ਉਡਣ ਦਾ ਇੰਤਜ਼ਾਰ ਕੀਤਾ ਜਾਵੇ", ਅੱਗੇ ਹਜ਼ੂਰ ਦੀ ਮਰਜ਼ੀ।

ਫਿਰੋਜ਼ ਖਾਨ ਨੇ ਇਕ ਨਵਾਂ ਰਸਤਾ ਕਢਿਆ, "ਮੇਰਾ ਖਿਆਲ ਏ ਕਿ ਸਾਡੇ ਸੂਹੀਏ ਪਹਿਲਾਂ ਖਬਰਾਂ ਲਿਆਉਣ ਕਿ ਸਿੱਖ ਕਿਸ ਹਾਲਤ ਵਿਚ ਹਨ ਤੇ ਉਨ੍ਹਾਂ ਦਾ ਕਿਹੜਾ ਪਾਸਾ ਕਮਜ਼ੋਰ ਏ। ਅਸੀਂ ਉਸ ਪਾਸੇ ਤੋਂ ਹਮਲਾ ਕਰਕੇ ਹੀ ਜਿੱਤ ਸਕਦੇ ਹਾਂ ਤੇ ਉਹ ਸਭ ਰਸਤਿਆਂ ਦੀ ਅਸੀਂ ਆਪ ਜਾਂਚ ਕਰ ਲਈਏ ਦਿਨੇ ਦਿਨੇ, ਤੇ ਫੇਰ ਸ਼ਬਖੂਨ ਮਾਰਿਆ ਜਾਵੇ।"

—"ਫਿਰੋਜ਼ ਖਾਂ ਦੀ ਗੱਲ ਕੁਝ ਪਾਇਦਾਰ ਤੇ ਮਜ਼ਬੂਤ ਜਾਪਦੀ ਏ, ਮੇਰਾ ਖਿਆਲ ਏ ਕਿ ਇਸ ਤੇ ਹੀ ਪੂਰਨਾ ਪਾਇਆ ਜਾਵੇ", ਖਾਨ ਖਾਨਾਂ ਆਖ ਰਹੇ ਸਨ।

—"ਅਲਾ ਹਜ਼ਰਤ ਨੇ ਜੋ ਫਰਮਾਇਆ ਹੈ, ਸੋਲਾਂ ਆਨੇ ਸੱਚ ਏ" ਮਗਰ ਸਾਰਿਆਂ ਦੀਆਂ ਅਵਾਜ਼ਾਂ ਆਈਆਂ।

ਤਿਆਰੀਆਂ ਵਿਚ ਰੁਝ ਗਏ ਸਾਰੇ ਮੁਗਲ। ਇਧਰ ਲੋਹਗੜ੍ਹ ਵਿਚ ਮਤੇ ਪਕਾਏ ਜਾ ਰਹੇ ਸਨ।

—"ਮੈਨੂੰ ਜਾਪਦਾ ਏ ਕਿ ਮੁਗਲ ਇਹ ਮੀਂਹ ਦੇ ਰੌਲੇ ਰੱਪੇ 'ਚ ਹਮਲਾ ਕਰਨਗੇ। ਜੇ ਇਸ ਤਰ੍ਹਾਂ ਨਹੀਂ ਤੇ ਚੁਪ ਹੋ ਕੇ ਬੈਠੇ ਰਹਿਣ ਤੇ ਉਨ੍ਹਾਂ ਦਾ ਮਤਲਬ ਇਹ ਹੈ ਕਿ ਸਿੱਖ ਖੁਲ੍ਹੇ ਮੈਦਾਨ ਵਿਚ ਆ ਜਾਣਗੇ। ਮੁਗਲ ਸੈਨਾ ਗਿਣਤੀ ਵਿਚ ਬੜੀ ਏ, ਇਸ ਲਈ ਮੁਗਲਾਂ ਦੇ ਘੇਰੇ ਵਿਚੋਂ ਸਿੱਖਾਂ ਦਾ ਨਿਕਲਣਾ ਮੁਸ਼ਕਲ ਹੋ ਜਾਵੇਗਾ। ਸਾਡਾ ਇਸ ਵੇਲੇ ਖੁਲ੍ਹੇ ਮੈਦਾਨ ਵਿਚ ਲੜਨਾ ਖਤਰੇ ਤੋਂ ਖਾਲੀ ਨਹੀਂ। ਕਿਲੇ ਦੀ ਆੜ ਲੈਕੇ ਅਸੀਂ ਮੁਗਲਾਂ ਦੇ ਪਾਸੇ ਤੋੜ ਸਕਦੇ ਹਾਂ। ਮੇਰੇ ਜਿਊਂਦੇ ਜੀ ਮੁਗਲ ਲੋਹਗੜ੍ਹ ਵਿਚ ਪੈਰ ਨਹੀਂ ਧਰ ਸਕਦੇ ਪਰ ਜੇ ਕਿਤੇ ਬਾਹਰ ਵਾਲੇ ਸਿੱਖਾਂ ਨੂੰ ਮੁਗਲਾਂ ਨੇ ਸ਼ਬਖੂਨ ਮਾਰ ਦਿੱਤਾ ਤਾਂ ਜ਼ਰੂਰੀ ਏ ਕਿ ਸਿੱਖ ਕਿਲੇ ਵਲ ਮੂੰਹ ਕਰ ਲੈਣ। ਦਿਨ ਵੇਲੇ ਸਿੱਖ ਡਟ ਕੇ ਮੁਕਾਬਲਾ ਤਾਂ ਕਰਨਗੇ ਪਰ ਰਾਤ ਨੂੰ ਉਨ੍ਹਾਂ ਨੂੰ ਇਸ ਤੋਂ ਬਿਨਾ ਹੋਰ ਕੋਈ ਰਸਤਾ ਨਹੀਂ ਸੁਝਦਾ। ਇਹ ਹਾਰ ਦੀ ਸਾਡੀ ਪਹਿਲੀ ਨਿਸ਼ਾਨੀ ਏ। ਮੈਂ ਚਾਹੁੰਦਾ ਹਾਂ ਕਿ ਬਾਹਰ ਵਾਲੀ ਫੌਜ ਦੇ ਹੱਥ ਮਜ਼ਬੂਤ ਹੋ ਜਾਣ ਤਾਂ ਫਿਰ ਕਦੇ ਵੀ ਸ਼ਾਹੀ ਫੌਜ ਕਿਲੇ ਦਾ ਰੁਖ ਨਾ ਕਰੇ ਜੇ ਕਿਤੇ ਦੂਜੇ ਜੱਥੇ, ਮਾਝੇ, ਮਲੋਟ ਤੇ ਕਰਨਾਲ ਵਾਲੇ, ਸਰਹੰਦ, ਸਮਾਣਾ ਤੇ ਸੁਢੌਰੇ ਵਾਲੇ ਸਿੱਖ ਇਕੱਠੇ ਹੋ ਗਏ ਤੇ ਫਿਰ ਮੁਗਲ ਇੱਥੇ ਸ਼ਾਇਦ ਹੀ ਆਉਣ ਤੇ ਇੱਥੋਂ ਸ਼ਾਇਦ ਉਨ੍ਹਾਂ ਦਾ ਪਰਛਾਵਾਂ ਵੀ ਨਾ ਜਾਵੇ। ਸਿਰਫ ਕਿਲੇ ਵਿਚ ਗਿਣਤੀ ਦੇ ਸਰਦਾਰ ਹੀ ਰਹਿਣ, ਬਾਕੀ ਸਾਰੇ ਬਾਹਰ ਜਾ ਕੇ ਲੜਨ ਤੇ ਮੁਗਲਾਂ ਦੇ ਦੰਦ ਖੱਟੇ ਕਰਨ।" ਰਾਜਗੁਰੂ ਨੇ ਭਰੀ ਸਭਾ ਵਿਚ ਐਲਾਨ ਕਰਦਿਆਂ ਆਖਿਆ।

—"ਮੈਂ ਵੀ ਬਾਹਰ ਚਲਾਂਗਾ, ਇਨ੍ਹਾਂ ਬਹਾਦਰਾਂ ਦੇ ਨਾਲ" ਬੰਦਾ ਬਹਾਦਰ ਬੋਲਿਆ।

—"ਸਾਡੀਆਂ ਲਾਸ਼ਾਂ ਲਿਤਾੜ ਕੇ ਮੁਗਲ ਭਾਵੇਂ ਕਿਲੇ ਅੰਦਰ ਆ ਵੜਨ ਪਰ ਸਾਡੇ ਜੀਉਂਦਿਆਂ ਜੀ ਕਿਲੇ ਵਲ ਅੱਖ ਨਹੀਂ ਕਰ ਸਕਦੇ। ਬੰਦਾ ਬਹਾਦਰ ਕਿਲੇ ਦੀ ਹਿਫਾਜ਼ਤ ਕਰੇਗਾ ਤੇ ਅਸੀਂ ਬਾਹਰ ਮੁਕਾਬਲਾ ਕਰਾਂਗੇ।" ਬਾਜ ਸਿੰਘ ਤੇ ਦਇਆ ਸਿੰਘ ਦੀਆਂ ਅਵਾਜ਼ਾਂ ਸਨ।

ਇਸ ਗੱਲ ਤੇ ਪੂਰਨਾ ਪੈ ਗਿਆ। ਜੈਕਾਰਾ ਗੂੰਜਿਆ ਤੇ ਸਾਰੇ ਸਿੱਖ ਜਰਨੈਲ ਕਿਲੇ ਤੋਂ ਬਾਹਰ ਚਲੇ ਆਏ ਤੇ ਉਨ੍ਹਾਂ ਬਾਹਰ ਵਾਲੀਆਂ ਫੌਜਾਂ ਨੂੰ ਨਵੇਂ ਸਿਰਿਓਂ ਪੈਰਾਂ ਤੇ ਪੱਕੇ ਕਰ ਦਿੱਤਾ। ਤਿਆਰ ਬਰ ਤਿਆਰ ਖਾਲਸਾ ਜੈਕਾਰੇ ਮਾਰਦਾ ਮੋਰਚਿਆਂ ਤੇ ਬੈਠ ਗਿਆ।

ਮੁਗਲਾਂ ਨੂੰ ਇਕ ਵਾਰ ਮੁੜ ਸੋਚ ਕਰਨ ਦੀ ਲੋੜ ਪੈ ਗਈ। ਚੁਪ ਚਪੀਤੇ ਮੁਗਲ ਵਰ੍ਹਦੇ ਮੀਂਹ ਵਿਚ ਅੱਗੇ ਵਧੇ। ਰੁਸਤਮ ਦਿਲ ਖਾਂ ਇਨ੍ਹਾਂ ਦਾ ਮੋਹਰੀ ਸੀ। ਖਾਨ ਖਾਨਾਂ ਆਪਣਾ ਪੂਰਾ ਜ਼ੋਰ ਲਾ ਕੇ ਹਮਲਾਵਰਾਂ ਦੀ ਪਿੱਠ ਠੋਕ ਰਿਹਾ ਸੀ।

ਰਾਤ ਦੇ ਹਨੇਰੇ ਵਿਚ ਇਕ ਦਮ ਹਜ਼ਾਰਾਂ ਮਸਾਲਾਂ ਨੇ ਇਸ ਤਰ੍ਹਾਂ ਸਿਰ ਕੱਢ ਲਿਆ ਜਿਸ ਤਰ੍ਹਾਂ ਦੀਪ ਮਾਲਾ ਦੇ ਥਾਲ ਲਈ ਦੇਵਦਾਸੀਆਂ ਮੰਦਰਾਂ ਨੂੰ ਜਾ ਰਹੀਆਂ ਹੋਣ ਪਰ ਸਿੱਖ ਹੈਰਾਨ ਨਹੀਂ ਹੋਏ ਤੇ ਨਾ ਹੀ ਉਨ੍ਹਾਂ ਵਿਚ ਭਾਜੜ ਪਈ। ਦੋਹੀਂ ਪਾਸੀਂ ਸੂਰਮੇ ਜਾਨ ਦੇ ਸੌਦੇ ਕਰਨ ਲਈ ਕਾਹਲੇ ਸਨ। ਸਦਾਹਰੇ ਹੋ ਕੇ ਲੜੇ। ਚੰਗੀ ਤਲਵਾਰ ਖੜਕੀ ਤੇ ਇਧਰ ਖਾਨ ਖਾਨਾਂ ਨੇ ਇਕ ਪਹਾੜੀ ਟਿੱਬੇ ਤੇ ਤੋਪਾਂ ਬੀੜ ਕੇ ਇਤਨੀਆਂ ਦਾਗੀਆਂ ਕੇ ਖੁਦਾ ਪਨਾਹ। ਉਨ੍ਹਾਂ ਲੋਹਗੜ੍ਹ ਦਾ ਇਕ ਬੰਨਾ ਢਾਹ ਦਿੱਤਾ। ਪਰ ਇਧਰ ਸਿੱਖਾਂ ਵੀ ਆਪਣੇ ਦਿਲ ਦੀ ਰੀਝ ਪੂਰੀ ਕਰ ਲਈ। ਉਨ੍ਹਾਂ ਵੀ ਇਤਨੇ ਮੁਗਲ ਝਟਕਾਏ ਜਿੰਨਾਂ ਝੂਠ ਬੋਲਿਆ ਜਾਏ। ਪਰ ਖਾਨ ਖਾਨਾਂ ਵਿਚੋਂ ਵਿਚ ਖੁਸ਼ ਸੀ ਕਿ ਮੈਂ ਕਿਲੇ ਦਾ ਇਕ ਬੰਨਾ ਢਾਹ ਦਿੱਤਾ ਏ। ਸੂਰਮੇਂ ਲੜਦੇ ਰਹੇ ਤੇ ਸਿੱਖਾਂ ਇਸ ਲੜਾਈ ਦੇ ਵਿਚਕਾਰ ਹੀ ਰਾਤੋ ਰਾਤ ਉਸ ਬੰਨੇ ਦੀ ਉਸਾਰੀ ਕਰ ਲਈ। ਦਿਨ ਚੜ੍ਹਦੇ ਤਕ ਹਮਲਾ ਜ਼ੋਰਾਂ ਤੇ ਸੀ। ਆਖਰਕਾਰ ਮੁਗਲਾਂ ਦਾ ਪਲੜਾ ਭਾਰੀ ਰਿਹਾ। ਸਿੱਖ ਕਿਲੇ ਵਿਚ ਜਾ ਵੜੇ ਤੇ ਭਾਰੀ ਵਢ ਟੁਕ ਕਰਦੇ ਕਰਦੇ, ਸ਼ਾਹੀ ਫੌਜ ਨੂੰ ਚੀਰਦੇ ਪੰਜਾਬ ਵਲ ਨੂੰ ਨਠ ਉਠੇ। ਪਰ ਮੁਗਲਾਂ ਦੀ ਹਿੰਮਤ ਨਾ ਪਈ, ਪਿੱਛਾ ਕਰਨ ਦੀ। ਜਦ ਇਹ ਖਬਰ ਬਾਦਸ਼ਾਹ ਬਹਾਦਰ ਸ਼ਾਹ ਪਾਸ ਪੁਜੀ ਤਾਂ ਪਹਿਲਾਂ ਬੜਾ ਨਰਾਜ਼ ਹੋਇਆ। ਪਰ ਕਿਲੇ ਵਿਚੋਂ ਸਿੱਖਾਂ ਦੇ ਚਲੇ ਜਾਣਾ ਸੁਣ ਕੇ ਉਸ ਰੁਸਤਮ ਦਿਲ ਖਾਨ ਨੂੰ ਗਾਜ਼ੀ ਖਾਨ ਰੁਸਤਮੇ ਜੰਗ ਦਾ ਖਿਤਾਬ ਬਖਸ਼ਿਆ। ਚਾਰ ਹਜ਼ਾਰ ਪੈਦਲ ਤੇ ਤਿੰਨ ਹਜ਼ਾਰ ਸਵਾਰ ਉਸ ਦੀ ਅਰਦਲ ਵਿਚ ਦਿੱਤੇ। ਹੁਣ ਬੜੇ ਖੁਸ਼ ਸਨ ਮੁਗਲ। ਦਿਨ ਚੜ੍ਹਦਿਆਂ ਹੀ ਲੋਹਗੜ੍ਹ ਵਿਚ ਸਫੇ ਮਾਤਮ ਵਿਛ ਗਈ।

ਲੋਹਗੜ੍ਹ ਦੇ ਚੁਗਿਰਦੇ ਵਿਚ ਮੁਗਲਾਂ ਦੀਆਂ ਫੌਜਾਂ ਦੇ ਖੇਮੇ ਲੱਗੇ ਹੋਏ ਸਨ ਤੇ ਤੋਪਾਂ ਮੂੰਹ ਅੱਡੀ ਖੜੀਆਂ ਸਨ। ਕਿਲੇ ਦੇ ਅੰਦਰ ਗਿਣਤੀ ਮਿਣਤੀ ਦੇ ਸਿੱਖ ਸਨ। ਭਾਵੇਂ ਰਾਜਗੁਰੂ ਤੇ ਬੰਦਾ

ਬਹਾਦਰ ਵੀ ਕਿਲ੍ਹੇ ਦੇ ਅੰਦਰ ਹੀ ਸਨ ਅਤੇ ਮੁਸਲਮਾਨ ਜਰਨੈਲਾਂ ਤੇ ਵਿਚਰ ਮੁਹਾਸਰੇ ਨੇ ਆਪਣੇ ਪੈਰ ਪੱਕੇ ਕਰ ਲਏ ਸਨ। ਅੰਦਰ ਦੇ ਰਾਸ਼ਨ ਦਾ ਭੌਗ ਪੈਣਾ ਸ਼ੁਰੂ ਹੋ ਗਿਆ ਤੇ ਬਾਹਰੋਂ ਕੁਮਕ ਆਉਣ ਦੀ ਕੋਈ ਉਮੀਦ ਨਾ ਰਹੀ। ਇਸ ਵਿਚ ਸਿੱਖ ਘਬਰਾ ਗਏ ਤੇ ਕਈ ਬੰਦੇ ਨੂੰ ਬੁਰਾ ਭਲਾ ਕਹਿਣੋਂ ਵੀ ਨਾ ਮੁੜੇ।

—'ਕਿਥੇ ਗਈ ਤੇਰੀ ਬਹਾਦਰੀ। ਕਿਥੇ ਗਏ ਉਹ ਤੇਰੇ ਖੂਨੀ ਤੀਰ। ਤੇਰਾ ਜਤ ਸਤ ਕਿਧਰ ਭਜ ਗਿਆ। ਗੈਬੀ ਤਾਕਤਾਂ ਨੂੰ ਹੁਣ ਸਦਾ ਦੇ। ਹੁਣ ਤੇ ਸਾਡੀਆਂ ਆਂਦਰਾਂ ਵੀ ਨਕੀ ਪੂਰ ਖੇਡਣ ਲਗ ਪਈਆਂ ਹਨ। ਅਨਾਜ ਦਾਣਿਆਂ ਨੂੰ ਵੇਖਿਆਂ ਚਾਰ ਦਿਨ ਹੋ ਗਏ ਹਨ। ਘੋੜੇ ਖਾ ਖਾ ਕੇ ਝਟ ਨਹੀਂ ਲੰਘਣ ਲੱਗਾ। ਜੇ ਤੇਰੇ ਵਿਚ ਹਿੰਮਤ ਨਹੀਂ ਤਾਂ ਅਸੀਂ ਈਨ ਮੰਨ ਲਈਏ। ਸੁਲ੍ਹਾ ਦੇ ਝੰਡੇ ਖੜੇ ਕਰ ਕੇ ਆਪਣੀ ਜਾਨ ਬਚਾ ਲਈਏ।'' ਇਕ ਬਹਾਦਰ ਸਿੱਖ ਆਖ ਰਿਹਾ ਸੀ।

—''ਈਨ ਮਨ ਕੇ ਤੁਸੀਂ ਜਾਨ ਬਚਾ ਲਵੋਗੇ, ਘੜੀ ਜਾਂ ਦੋ ਘੜੀ। ਕੀ ਮੁਗਲ ਤੁਹਾਨੂੰ ਇਸ ਲਈ ਜ਼ਿੰਦਾ ਰਹਿਣ ਦੇਣਗੇ ਕਿ ਤੁਸੀਂ ਜਰਾ ਕੁ ਜ਼ੋਰ ਫੜ ਕੇ ਮੁੜ ਉਨ੍ਹਾਂ ਦੀ ਗਰਦਨ ਤੋੜੋ। ਕਦੀ ਨਹੀਂ। ਤੁਸੀਂ ਜਾਨ ਦੇ ਖੌਫ ਤੋਂ ਡਰਦੇ ਆਪਣੀ ਮਰਿਆਦਾ ਦਾ ਲੱਕ ਤੋੜ ਦਿਉਗੇ। ਇਹ ਸ਼ਰੀਰ ਨਾਸ਼ਵਾਨ ਏ। ਇਸ ਇਕ ਦਿਨ ਨਾਸ਼ ਹੋਣਾ ਏ ਇਸ ਮਿੱਟੀ ਦੇ ਪੁਤਲੇ ਤੋਂ ਜਿੰਨਾ ਕੰਮ ਲੈ ਲਵੋ ਉਤਨਾ ਹੀ ਥੋੜਾ ਹੈ। ਮੌਤ ਦੋਵੇਂ ਪਾਸੇ ਹੀ ਏ ਇੱਜ਼ਤ ਦੀ ਮੌਤ। ਬੁਜ਼ਦਿਲਾਂ ਦੀ ਮੌਤ ਮਰਨਾ ਬਹਾਦਰਾਂ ਨੂੰ ਸ਼ੋਭਾ ਨਹੀਂ ਦੇਂਦਾ। ਮੋਰਚਿਆਂ ਤੇ ਆਦਮੀ ਪੂਰੇ ਨਹੀਂ ਅਉਂਦੇ ਕੋਈ ਪਰਵਾਹ ਨਹੀਂ। ਜਿੰਨੇ ਆਦਮੀ ਹੋ ਕਦੀ ਸਾਹਮਣੇ ਪਾਸੇ ਤੋਂ ਗੋਲੀਆਂ ਚਲਾਉ ਤੇ ਕਦੀ ਪਿਛਵਾੜੇ ਤੋਂ। ਕਦੀ ਉੱਤਰ ਵਲੋਂ ਗੋਲੀਆਂ ਦੀ ਬੁਛਾੜ ਹੋਵੇ ਤੇ ਕਦੀ ਦੱਖਣ ਵਲੋਂ ਗੋਲਿਆਂ ਦਾ ਮੀਂਹ ਵਰ੍ਹੇ। ਜਦ ਤਕ ਤੁਹਾਡਾ ਗੋਲਿਆਂ ਦਾ ਮੀਂਹ ਵਰ੍ਹਦਾ ਰਹੇਗਾ ਤਦ ਤਕ ਮੁਗਲ ਤੁਹਾਡੇ ਕੋਲ ਨਹੀਂ ਆਉਣ ਲੱਗੇ। ਹਿੰਮਤ ਤੋਂ ਕੰਮ ਲਵੋ, ਸ਼ਾਇਦ ਕੁਮਕ ਪੁਜ ਜਾਵੇ। ਜੇ ਚਾਰ ਚੁਫੇਰਿਓਂ ਸਾਡੇ ਪਾਸੋਂ ਕੁਝ ਨਾ ਹੋਇਆ ਤਾਂ ਅਸੀਂ ਚਮਕੌਰ ਵਾਲੀ ਜੰਗ ਲੜਾਂਗੇ ਤੇ ਰਾਤ ਨੂੰ ਮਾਰੋ ਮਾਰ ਕਰਦਿਆਂ ਕਿਲ੍ਹੇ ਤਿਆਗ ਦੇਵਾਂਗੇ।'' ਰਾਜਗੁਰੂ ਦੇ ਸ਼ਬਦਾਂ ਵਿਚ ਜਵਾਲਾ ਦਾ ਪ੍ਰਵੇਸ਼ ਸੀ।

ਖਾਨ ਖਾਨਾਂ ਨੇ ਸ਼ਾਹੀ ਹੁਕਮ ਦੀ ਪਰਵਾਹ ਨਾ ਕੀਤੀ ਤੇ ਉਸ ਨੂੰ ਬਹੁਤੀ ਖੁਸ਼ੀ ਇਸ ਕਰਕੇ ਸੀ ਕਿ ਬੰਦੇ ਨੂੰ ਕੈਦ ਕਰਕੇ ਬਹਾਦਰ ਸ਼ਾਹ ਦੇ ਹਜ਼ੂਰ ਲੈ ਜਾਵੇਗਾ ਤਾਂ ਸਾਰੀਆਂ ਨਰਾਜ਼ਗੀਆਂ ਦੂਰ ਹੋ ਜਾਣਗੀਆਂ ਇਸ ਲਈ ਖਾਨ ਖਾਨਾਂ ਨੇ ਹਮਲਾ ਕਰਨ ਦਾ ਹੁਕਮ ਫੌਜ ਨੂੰ ਦੇ ਦਿੱਤਾ ਤੇ ਫੌਜਾਂ ਕਿਲੇ ਤੇ ਗੋਲਾ ਬਾਰੀ ਕਰਨ ਵਿਚ ਰੁਝ ਗਈਆਂ। ਕੁਦਰਤ ਨੇ ਲੋਹਗੜ੍ਹ ਨੂੰ ਖਾਈ ਦੀ ਦਾਤ ਬਖਸ਼ੀ ਹੋਈ ਸੀ। ਇਸ ਲਈ ਮੁਗਲ ਖਾਈ ਪਾਰ ਨਾ ਕਰ ਸਕੇ। ਪੌੜੀਆਂ ਲਾ ਕੇ ਤਖਤੇ ਸੁਟ ਕੇ ਖਾਈ ਭਰਨ ਦੀ ਕੋਸ਼ਿਸ਼ ਕੀਤੀ। ਇਤਨੀ ਜੰਗ ਹੋਈ ਕਿ ਮੁਰਦਿਆਂ ਨਾਲ ਖਾਈ ਪੂਰੀ ਜਾਣ ਲੱਗ ਪਈ। ਮੁਗਲ ਪੌੜੀਆਂ ਲਾ ਕੇ ਕਿਲ੍ਹੇ ਤੇ ਚੜ੍ਹੇ। ਸਿੱਖਾਂ ਨੇ ਉਤੋਂ ਤਲਵਾਰਾਂ ਨਾਲ ਝਟਕਾਇਆ ਸਾਰਾ

ਦਿਨ ਸਿੱਖ ਮੁਕਾਬਲਾ ਕਰਦੇ ਰਹੇ। ਕਈ ਹਜ਼ਾਰਾਂ ਦੀ ਗਿਣਤੀ ਵਿਚ ਮੁਗਲ ਮਰ ਗਏ ਤੇ ਇਧਰ ਸਿੱਖਾਂ ਵੀ ਆਪਣੇ ਚੋਲੇ ਛੱਡੇ। ਮਜਬੂਰਨ ਖਾਨ ਖਾਨਾਂ ਨੇ ਲੜਾਈ ਬੰਦ ਕਰਨ ਦਾ ਹੁਕਮ ਦੇ ਦਿੱਤਾ। ਪਰ ਸਾਰੀ ਰਾਤ ਫੌਜੀ ਜ਼ਰਾਂ ਬਖਤਰ ਬੰਨ ਕੇ ਸੁੱਤੇ ਤੇ ਸਾਰੀ ਰਾਤ ਕਿਲੇ ਵਿਚ ਠੂਹ ਠਾਹ ਹੋਈ। ਅੱਧੀ ਰਾਤ ਵੇਲੇ ਬਖਸ਼ੀ ਗੁਲਾਬ ਸਿੰਘ ਤੇ ਹੋਰ ਸਰਦਾਰ ਬੰਦੇ ਨਾਲ ਗੱਲਾਂ ਕਰ ਰਹੇ ਸਨ ਅਚਾਨਕ ਰਾਜਗੁਰੂ ਲਹੂ ਲਿਬੜੀ ਤਲਵਾਰ ਲੈ ਕੇ ਆਇਆ ਜੋ ਲੱਕ ਵਿਚੋਂ ਟੁੱਟੀ ਹੋਈ ਸੀ ਤੇ ਕਪੜੇ ਖੂਨ ਨਾਲ ਗੜੁਚ ਸਨ। ਘਬਰਾਈ ਹੋਈ ਅਵਾਜ਼ ਵਿਚ ਉਹ ਬੋਲਿਆ।

—"ਬੰਦੇ ਬਹਾਦਰ ਨਿਕਲ ਜਾ। ਇਸ ਵਕਤ ਤੇਰਾ ਨਿਕਲ ਜਾਣਾ ਈ ਠੀਕ ਏ। ਸਵੇਰੇ ਮੈਂ ਨਹੀਂ ਚਾਹੁੰਦਾ ਕਿ ਮੇਰੀਆਂ ਅੱਖਾਂ ਸਾਹਮਣੇ ਜ਼ੰਜੀਰਾਂ ਤੈਨੂੰ ਜਕੜਨ ਤੇ ਸਾਡੀਆਂ ਸਾਰੀਆਂ ਉਮੀਦਾਂ ਤੇ ਪਾਣੀ ਫਿਰ ਜਾਵੇ। ਮੈਨੂੰ ਸੂਹੀਆਂ ਨੇ ਹੁਣੇ ਹੀ ਖਬਰ ਦਿੱਤੀ ਏ ਕਿ ਸਿੱਖ ਫੌਜਾਂ ਕੀਰਤਪੁਰ ਵਿਚ ਤੇਰਾ ਇੰਤਜ਼ਾਰ ਕਰ ਰਹੀਆਂ ਹਨ। ਜਾਹ ਜਲਦੀ ਚਲਾ ਜਾ। ਮੈਂ ਕਿਲੇ ਦੀ ਰਖਸ਼ਾ ਆਪ ਕਰਾਂਗਾ। ਮੈਂ ਇਸ ਸਿੰਘਾਸਨ ਦੀ ਹਿਫਾਜ਼ਤ ਕਰਾਂਗਾ। ਮੈਨੂੰ ਜਾਨ ਤੋਂ ਵੀ ਪਿਆਰਾ ਏ ਇਹ ਸਿੰਘਾਸਨ। ਜਾਹ ਸਿੱਖਾਂ ਨੂੰ ਜਰਨੈਲ ਦੀ ਲੋੜ ਏ।" ਰਾਜਗੁਰੂ ਬੋਲ ਰਿਹਾ ਸੀ।

—"ਰਾਜਗੁਰੂ ਤੇਰੀ ਟੁੱਟੀ ਹੋਈ ਤਲਵਾਰ ਤੇ ਤੇਰੇ ਮਸਤਕ ਤੇ ਤਰੇਲੀਆਂ ਦੇ ਤੂਫਾਨ ਤੋਂ ਮੈਨੂੰ ਹਾਰ ਦਾ ਰੂਪ ਨਜ਼ਰ ਆਉਂਦਾ ਏ। ਮੈਂ ਲੋਹਗੜ੍ਹ ਬਦਲੇ ਇਤਨੀ ਵੱਡੀ ਕੁਰਬਾਨੀ ਦੇਣ ਨੂੰ ਤਿਆਰ ਨਹੀਂ। ਲੋਹਗੜ੍ਹ ਤੇ ਫਿਰ ਵੀ ਬਣ ਸਕਦਾ ਹੈ। ਪਰ ਰਾਜਗੁਰੂ ਜੇ ਜਿਉਂਦਾ ਰਿਹਾ ਤਾਂ ਬੰਦਾ ਹੋਰ ਵੀ ਬਣਾ ਲਵੇਗਾ। ਪਰ ਜੇ ਸੌ ਬੰਦੇ ਬਹਾਦਰ ਇਕੱਠੇ ਹੋ ਕੇ ਇਹ ਫੈਸਲਾ ਕਰ ਲੈਣ ਕਿ ਅਸੀਂ ਰਾਜਗੁਰੂ ਪੈਦਾ ਕਰ ਲਵਾਂਗੇ ਤਾਂ ਇਹ ਅਸੰਭਵ ਏ। ਜੇ ਅਸਾਂ ਕਿਲਾ ਛਡਣਾ ਏ ਤਾਂ ਰਾਜਗੁਰੂ ਸਾਡੇ ਨਾਲ ਜਾਵੇਗਾ। ਪਰ ਤੁਹਾਡੀ ਤਲਵਾਰ ਉਤੇ ਤਾਜ਼ਾ ਲਹੂ ਤੇ ਇਸ ਦੇ ਟੁੱਟਣ ਦਾ ਕਾਰਨ ਦਾ ਮੈਨੂੰ ਪਤਾ ਨਹੀਂ ਲਗਾ।" ਬੰਦੇ ਬਹਾਦਰ ਨੇ ਅਰਜ਼ ਕੀਤੀ।

—"ਢਹੇ ਬੰਨੇ ਵਲੋਂ ਮੁਗਲਾਂ ਹਮਲਾ ਕਰ ਦਿੱਤਾ ਏ। ਉਹ ਸਮਝਦੇ ਸਨ ਕੇ ਬੰਨਾ ਢਠ ਗਿਆ ਏ ਤੇ ਸਿੱਖਾਂ ਦੇ ਹੌਸਲੇ ਵੀ ਟੁਟ ਗਏ ਹੋਣਗੇ। ਮੇਰੀ ਨਜ਼ਰ ਉਥੇ ਪੈ ਗਈ ਮੈਂ ਉਥੇ ਚਲਾ ਗਿਆ। ਮੇਰੀ ਇਸ ਤਲਵਾਰ ਨੇ ਕਈਆਂ ਮੁਗਲਾਂ ਨੂੰ ਜਹਨਮ ਰਸੀਦ ਕੀਤਾ। ਲੜਦਿਆਂ ਤਲਵਾਰ ਦੇ ਦੋ ਟੋਟੇ ਹੋ ਗਏ। ਦੋ ਵਾਰ ਮੁਗਲਾਂ ਨੇ ਹਮਲਾ ਕੀਤਾ ਤੇ ਇਕ ਵਾਰ ਝੰਡਾ ਵੀ ਗਡਿਆ ਪਰ ਮੈਂ ਝੰਡਾ ਲੀਰ ਲੀਰ ਕਰ ਦਿੱਤਾ। ਤੇ ਹੁਣ ਮੁਗਲ ਨਸ ਚੁਕੇ ਹਨ। ਮੈਂ ਤੈਨੂੰ ਉਸ ਦਾਤੇ ਦੇ ਹਵਾਲੇ ਕਰਦਾ ਹਾਂ। ਜਾਹ ਤੇ ਸਿੱਖਾਂ ਦੀ ਤਾਕਤ ਨੂੰ ਜਥੇਬੰਦ ਕਰ। ਸਿੱਖ ਰਾਜ ਦੀਆਂ ਨੀਹਾਂ ਫੇਰ ਬਣਨ। ਇਸ ਵੇਲੇ ਸਿੰਘਾਸਨ ਦੀ ਪੂਜਾ ਮੈਂ ਕਰਾਂਗਾ ਤੇ ਤੂੰ ਸਿੱਖਾਂ ਵਿਚ ਪੂਜ। ਮੁਗਲ ਮੇਰੀ ਲਾਸ਼ ਤੇ ਭਾਵੇਂ ਝੰਡਾ ਗੱਡ ਲੈਣ ਮੇਰੇ ਜੀਊਂਦਿਆਂ ਜੀ ਮੁਗਲਾਂ ਦਾ ਝੰਡਾ ਲੋਹਗੜ੍ਹ ਤੇ ਨਹੀਂ ਚੜ੍ਹ ਸਕਦਾ। ਛੇਤੀ ਕਰ ਦੇਰ ਨਾ ਕਰੀਂ ਰਾਤ ਅੱਧ ਤੋਂ ਟਪ ਚੁਕੀ ਏ। ਖਿਤੀਆਂ ਚੜ੍ਹਨ ਤੋਂ ਪਹਿਲਾਂ ਤੈਨੂੰ ਕੂਚ ਕਰ ਦੇਣਾ ਚਾਹੀਦਾ ਏ। ਰਾਜਗੁਰੂ ਬੋਲੀ ਜਾ ਰਿਹਾ ਸੀ ਤੇ ਤਰੇਲੀਆਂ ਦਾ ਪਾਣੀ ਓਸਦੀ

ਤਲਵਾਰ ਤੇ ਤੁਪਕੇ ਬਣ ਕੇ ਟਪਕਿਆ । ਪਰ ਬੰਦਾ ਅਜੇ ਵੀ ਚੁਪ ਸੀ । ਉਸ ਦੇ ਬੁਲ੍ਹ ਮਜ਼ਬੂਰੀ ਨੇ ਸੀਂ ਦਿੱਤੇ ਹੋਏ ਸਨ ।

—"ਬਖਸ਼ੀ ਗੁਲਾਬ ਸਿੰਘ ਅੱਗੇ ਹੋ ਕੇ ਪੁਸ਼ਾਕ ਨੂੰ ਸਵੀਕਾਰ ਕਰ ਮੈਂ ਤੈਨੂੰ ਤਖਤ ਤੇ ਬੈਠਾ ਕੇ ਪੂਜਾ ਕਰ ਲਵਾਂ ਤੇ ਬੰਦੇ ਨੂੰ ਛੇਤੀ ਇਥੋਂ ਕਢਿਆ ਜਾਵੇ । ਬਾਕੀ ਸਾਰੇ ਸਿੱਖ ਲੜਨ ਮਰਨ ਨੂੰ ਤਿਆਰ ਹੋ ਜਾਣ ।" ਰਾਜਗੁਰੂ ਦੇ ਬੋਲਾਂ ਵਿਚ ਗੁੱਸੇ ਦੀ ਜਵਾਲਾ ਦਾ ਤੇਜ ਸੀ ।

ਸਿੰਘਾਸਨ ਤੇ ਬਖਸ਼ੀ ਗੁਲਾਬ ਸਿੰਘ ਨੂੰ ਬੈਠਾਇਆ ਗਿਆ । ਪੂਜਾ ਤੋਂ ਪਿਛੋਂ ਸਾਰਿਆਂ ਝੁਕਕੇ ਸਲਾਮੀ ਦਿੱਤੀ । ਬੰਦੇ ਬਹਾਦਰ ਨੇ ਤਿੰਨ ਵਾਰੀ ਝੁਕਕੇ ਸਲਾਮ ਕੀਤੀ ਬਖਸ਼ੀ ਗੁਲਾਬ ਸਿੰਘ ਨੂੰ । ਅਰਦਾਸਾ ਸੋਧਿਆ, ਗੁਰੂ ਰਾਖਾ ਆਖਿਆ ਤੇ ਬੰਦੇ ਨੂੰ ਕੂਚ ਦਾ ਹੁਕਮ ਦੇ ਦਿੱਤਾ । ਮਾਰੋ ਮਾਰ ਕਰਦੇ ਸਿੱਖ ਸ਼ਾਹੀ ਮੁਗਲਾਂ ਤੇ ਜਾ ਪਏ । ਜਦ ਮੁਗਲਾਂ ਅੱਖ ਉਘੇੜੀ ਤਾਂ ਕਿਲੇ ਦਾ ਮੁਖ-ਦਵਾਰ ਬੰਦ ਹੋ ਚੁਕਾ ਸੀ । ਸਿੱਖ ਤਲਵਾਰ ਵਾਹੁੰਦੇ ਸ਼ਾਹੀ ਫੌਜ ਨੂੰ ਪਾਰ ਕਰ ਗਏ । ਖਾਨ ਖਾਨਾਂ ਤਲੀਆਂ ਮਲਦਾ ਰਹਿ ਗਿਆ ।

ਦਿਨ ਚੜ੍ਹਿਆ ਲੋਹਗੜ੍ਹ ਵਿਚ ਬਾਰਾਂ ਸਿੱਖ ਸਨ ਤੇ ਉਨ੍ਹਾਂ ਬਾਰਾਂ ਤੋਪਾਂ ਦੀ ਉਸ ਨੂੰ ਸਲਾਮੀ ਦਿੱਤੀ । ਬਾਰਾਂ ਵਿਚ ਰਾਜਗੁਰੂ ਵੀ ਸ਼ਾਮਲ ਸੀ । ਰਾਜਗੁਰੂ ਨੇ ਆਪ ਵੀ ਤੋਪ ਦਾਗੀ ਤੇ ਬਖਸ਼ੀ ਗੁਲਾਬ ਸਿੰਘ ਨੇ ਵੀ ।

ਆਖਰ ਬਖਸ਼ੀ ਗੁਲਾਬ ਸਿੰਘ ਕਿਲੇ ਦੀ ਬੁਰਜੀ ਤੇ ਆਇਆ । ਮੁਗਲ ਫੌਜਾਂ ਵਿਚ ਇਕ ਵਾਰ ਫੇਰ ਖਿਲ ਜੁਲ ਪੈ ਗਈ । ਸਾਹ ਸੂਕ ਗਿਆ ਪਰ ਖਾਨ ਖਾਨਾਂ ਦੇ ਦਿਲ ਵਿਚ ਇਕ ਵਾਰ ਫਿਰ ਉਛਾਲਾ ਆਇਆ । ਖੁਸ਼ੀ ਵਿਚ ਖਿੜ ਖਿੜਾ ਕੇ ਬੋਲਿਆ, "ਬੰਦੇ ਨੂੰ ਮੈਂ ਆਪਣੇ ਹੱਥਾਂ ਨਾਲ ਕੈਦ ਕਰ ਕੇ ਸ਼ਹਿਨਸ਼ਾਹ ਦੇ ਹਜ਼ੂਰ ਵਿਚ ਹਾਜ਼ਰ ਕਰਾਂਗਾ । ਮੈਂ ਵੇਖਾਂਗਾ ਕੌਣ ਏ ਜਿਹੜਾ ਮੇਰੇ ਹੱਥਾਂ ਵਿਚੋਂ ਬੰਦੇ ਨੂੰ ਛੁਡਾ ਸਕਦੈ । ਇਹ ਮਾਰਿਆ ਮੈਦਾਨ ਹੁਣ ਯਾ ਅਲੀ ਮਦਦ ।" ਐਲੀ ਐਲੀ ਕਰ ਕੇ ਮੁਗਲ ਕਿਲੇ ਤੇ ਟੁਟ ਪਏ । ਸਿੱਖ ਸਾਰੇ ਕਿਲੇ ਵਿਚ ਨਸ ਰਹੇ ਸਨ । ਉਨ੍ਹਾਂ ਚਹੁੰ ਪਾਸੀਂ ਗੋਲੀਆਂ ਦਾਗੀਆਂ । ਦੁਸ਼ਮਣਾਂ ਨੂੰ ਸਹੀ ਅੰਦਾਜ਼ਾ ਨਾ ਹੋਇਆ ਤੇ ਨਾ ਹੀ ਹਿੰਮਤ ਪਈ ਮੁਗਲਾਂ ਨੂੰ ਅੱਗੇ ਵਧਣ ਦੀ । ਖਾਨ ਖਾਨਾਂ ਮੁਹਬਤ ਖਾਨ ਤੇ ਰੁਸਤਮ ਦਿਲ ਖਾਨ ਨੇ ਜੀਅ ਖੋਹਲ ਕੇ ਤੋਪਾਂ ਦੇ ਫਾਇਰ ਕੀਤੇ । ਦੋ ਬੁਰਜੀਆਂ ਰਹਿ ਗਈਆਂ । ਪਰ ਕਈ ਜਗਾ ਤੇ ਕੰਧਾਂ ਵਿਚ ਸੁਰਾਖ ਹੋ ਗਏ । ਸਾਰੀ ਦਿਹਾੜੀ ਹਾਥੀ ਟਕਰਾਂ ਮਾਰਦੇ ਰਹੇ ਮੁਖ ਦਵਾਰ ਨੂੰ ਪਰ ਦਰਵਾਜ਼ਾ ਨਾ ਟੁੱਟਿਆ । ਆਖਰਕਾਰ ਦਿਨ ਢਲਿਆ ਤੇ ਰਾਜਗੁਰੂ 'ਸਿੰਘਾਸਨ' ਦੀ ਪੂਜਾ ਤੇ ਬੈਠ ਗਿਆ ਤੇ ਗੁਲਾਬ ਸਿੰਘ ਆਪਣੀ ਥਾਂ ਤੇ ਰਿਹਾ । ਮੁਗਲਾਂ ਦੇ ਹੌਸਲੇ ਆਖ਼ਰਕਾਰ ਟੁਟ ਗਏ । ਜਦ ਸੂਰਜ ਢਲਣ ਲਗਾ ਇਕ ਦਮ ਮੁਖ ਦਵਾਰ ਖੁਲ੍ਹਿਆ ਤੇ ਉਹਦੇ ਵਿਚ ਠਾਕਰ ਸਿੰਘ ਤਲਵਾਰ ਲਈ ਖੜਾ ਸੀ । ਇਸ਼ਾਰਾ ਕਰ ਕੇ ਸਦ ਰਿਹਾ ਸੀ ਮੁਗਲ ਦੋਸਤਾਂ ਨੂੰ ਪਰ ਖੁਲ੍ਹੇ ਫਾਟਕ ਵਿਚ ਵੀ ਮੁਗਲ ਦਾਖਲ ਨਾ ਹੋਏ । ਜਦ ਰਾਜਗੁਰੂ ਨੇ ਮੁਖ ਦਵਾਰ ਖੁਲ੍ਹਾ ਵੇਖਿਆ ਤਦ ਉਸ ਨੇ ਜਿਹੜਾ ਬਰੂਦ ਆਪਣੇ ਤੇ ਰਾਜ ਸਿੰਘਾਸਨ ਦੇ

ਚੁਗਿਰਦੇ ਵਿਚ ਖਲੋਤਿਆ ਹੋਇਆ ਸੀ ਉਸ ਦੇ ਤੋੜੇ ਨੂੰ ਅਗ ਲਾਉਣ ਤੋਂ ਪਹਿਲਾਂ ਇਕ ਵਾਰੀ ਬਖਸ਼ੀ ਗੁਲਾਬ ਸਿੰਘ ਨੂੰ ਆਖਿਆ, "ਚੰਗਾ ਫੇਰ ਮਿਲਾਂਗੇ, ਸਤ ਗੁਰੂ ਰਾਖਾ" ਤੇ ਇੰਨੇ ਚਿਰ ਨੂੰ ਤੋੜੇ ਨੂੰ ਅਗ ਲਾ ਦਿੱਤੀ। ਸਾਰੇ ਬਰੂਦ ਵਿਚ ਅਗ ਫੈਲ ਗਈ ਤੇ ਬਰੂਦ ਨੇ ਰਾਜ ਸਿੰਘਾਸਨ ਤੇ ਰਾਜਗੁਰੂ ਤੇ ਕਿਲੇ ਦੀ ਉਸ ਬੁਰਜੀ ਦਾ ਫੀਤਾ ਫੀਤਾ ਉਡਾ ਦਿੱਤਾ ਜਿਸ ਤੇ ਸਿੱਖ ਰਾਜ ਦਾ ਝੰਡਾ ਲਹਿਰਾਂ ਮਾਰ ਰਿਹਾ ਸੀ।

ਜਦ ਮੁਗਲ ਕਿਲੇ ਵਿਚ ਪੁਜੇ ਤਦ ਉਨ੍ਹਾਂ ਪਹਿਲਾਂ ਬਖਸ਼ੀ ਗੁਲਾਬ ਸਿੰਘ ਨੂੰ ਕੈਦ ਕਰ ਕੇ ਪਿੰਜਰੇ ਵਿਚ ਪਾ ਲਿਆ।

ਉਧਰ ਸੂਰਜ ਗਰੂਬ ਹੋ ਰਿਹਾ ਸੀ। ਇਧਰ ਕਿਲੇ ਤੇ ਮੁਗਲਾਂ ਦਾ ਝੰਡਾ ਚੜ੍ਹ ਰਿਹਾ ਸੀ। ਮੁਗਲਾਂ ਦੇ ਝੰਡੇ ਦਾ ਪਰਛਾਵਾਂ ਵੀ ਨਾ ਪਿਆ ਰਾਜਗੁਰੂ ਦੀ ਲਾਸ਼ ਤੇ। ਖਾਨ ਖਾਨਾਂ ਨੇ ਕੇਸਰੀ ਨਿਸ਼ਾਨ ਲਾਹ ਕੇ ਰਾਜਗੁਰੂ ਦੀਆਂ ਉਡੀਆਂ ਬੋਟੀਆਂ ਨੂੰ ਇਕੱਠਾ ਕੀਤਾ ਤੇ ਉਹਦੇ ਹੇ ਝੰਡੇ ਦਾ ਕਫਨ ਪਾ ਦਿੱਤਾ। ਸੈਨਾ ਨੇ ਵੀਹਾਂ ਤੋਪਾਂ ਦੀ ਸਲਾਮੀ ਦਿੱਤੀ।

—"ਧੰਨ ਏ ਗੁਰੂ, ਮੈਂ ਤੈਨੂੰ ਝੁਕ ਕੇ ਸਿਜਦਾ ਕਰਦਾ ਹਾਂ।" ਉਸ ਝੁਕ ਕੇ ਤਿੰਨ ਵਾਰ ਫਰਸ਼ੀ ਸਲਾਮ ਕੀਤਾ। ਰਫੀਉਲ ਸ਼ਾਹ ਵੀ ਬੜੀ ਇਜ਼ਤ ਨਾਲ ਝੁਕਿਆ ਤੇ ਦੋਹਾਂ ਦੇ ਬੁਲ੍ਹਾਂ ਵਿਚੋਂ ਇਹ ਜ਼ਬਰਦਸਤੀ ਨਿਕਲ ਗਿਆ, "ਧੰਨ ਸੀ ਉਹ ਕੁਰਬਾਨੀ ਦਾ ਫਰਿਸ਼ਤਾ। ਰਾਜਗੁਰੂ ਬੜਾ ਮਹਾਨ ਸੀ।"

ਜਦ ਬਖਸ਼ੀ ਗੁਲਾਬ ਸਿੰਘ ਨੂੰ ਪਿੰਜਰੇ ਵਿਚ ਪਾਕੇ ਖਾਨ ਖਾਨਾਂ ਤੁਰਨ ਲਗਾ ਤੇ ਬੜੀਆਂ ਡੀਂਗਾਂ ਮਾਰ ਰਿਹਾ ਸੀ ਤੇ ਰਫੀਉਲ ਸ਼ਾਹ ਆ ਗਏ। ਸ਼ਹਿਨਸ਼ਾਹ-ਏ-ਆਲਮ ਮੈਨੂੰ ਜਿੱਤਿਆ ਇਲਾਕਾ ਬਖਸ਼ ਦੇਣਗੇ। ਬੰਦਾ ਮੇਰੇ ਤੋਂ ਬਗੈਰ ਹੋਰ ਕੋਈ ਕੈਦ ਨਹੀਂ ਸੀ ਕਰ ਸਕਦਾ।"

ਠਾਕਰ ਸਿੰਘ ਖਿੜ ਖਿੜਾ ਕੇ ਹਸ ਕੇ ਬੋਲਿਆ, "ਬਾਜ ਉਡ ਗਿਆ ਆਲੀ ਜਾਹ। ਰੈਗਿਆ ਤੋਤਾ ਏ ਪਿੰਜਰੇ ਵਿਚ।"

—"ਸ਼ੈਤਾਨ ਨਸ ਗਿਆ ਦੂਜੇ ਨੂੰ ਪਿੰਜਰੇ 'ਚ ਪਾ ਕੇ" ਖਾਨ ਖਾਨਾਂ ਤਲੀਆਂ ਮਲ ਰਿਹਾ ਸੀ। ਉਸ ਇਕ ਵਾਰ ਬਖਸ਼ੀ ਗੁਲਾਬ ਸਿੰਘ ਨੂੰ ਵੇਖਿਆ ਤੇ ਉਹਦੇ ਹੱਥਾਂ ਦੇ ਤੋਤੇ ਉਡ ਗਏ।

—ਸਮਾਪਤ—



ਭਾਸ਼ਾ ਵਿਭਾਗ

੪੪੧੭-ਪੰ.ਪੈ.--੪੨੭